੧ ਓ ਵਾਹਿਗੁਰੂ ਜੀ ਕੀ ਫਤਹਿ

ਸੰਖੇਪ ਤਵਾਰੀਖ

# ਬਬਰ ਅਕਾਲੀ

(ਅਰਥਾਤ ਦੇਸ਼ ਦੁਆਬੇ ਦੇ ਨੌਜਵਾਨਾਂ ਦੀਆਂ ੧੯੨੧ ਤੋਂ ੧੯੨੫ ਤਕ
ਦੇਸ਼ ਦੀ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਹਾਲ।)



ਕ੍ਰਿਤ ਕਵੀ :-

ਜਥੇਦਾਰ ਲਾਭ ਸਿੰਘ ਬਬਰ ਅਕਾਲੀ

ਪਿੰਡ ਤੇ ਡਾਕਖਾਨਾ ਜਸੋਵਾਲ, ਠਾਣਾ ਤੇ ਤਹਿਸੀਲ ਗੜ੍ਹਸ਼ੰਕਰ
ਜ਼ਿਲਾ ਹੁਸ਼ਿਆਰਪੁਰ

ਪਹਿਲੀ ਵਾਰ ੧੦੦੦

ਮੁਲ: ਰੁ. ੭੫

Printed by :-Amar Kishore Press Railway Road Phagwara.

ਨੋਟ:- ਤਤਕਰੇ ਵਿੱਚ ਦਿੱਤੇ ਹੋਏ ਸਫ਼ਾ ਨੰਬਰਾਂ ਨਾਲ, **PDF** ਵਿੱਚੋਂ ਪੜ੍ਹਨ ਸਮੇ **8** ਅੰਕ ਹੋਰ ਜੋੜਨ ਨਾਲ ਸਹੀ ਸਫ਼ਾ ਨਿਕਲੇਗਾ। (ਗਿ: ਸਰੂਪ ਸਿੰਘ ਕੜਿਆਣਾ +919815003075 ਪੰਥਕ ਢਾਡੀ)

# ਤਤਕਰਾ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)


1. ਨਮਸਕਾਰ ਅਕਾਲ ਪੁਰਖ ਨੂੰ (ਤਿੰਨ ਬੈਂਤ) = 1
2. ਗੁਰੂ ਨਾਨਕ ਸਾਹਿਬ ਜੀ ਨੂੰ ਬੇਨਤੀ (ਦੋ ਬੈਂਤ) = 2
3. ਦਸਮੇਸ਼ ਗੁਰੂ ਜੀ ਅੱਗੇ ਬੇਨਤੀ (ਤਿੰਨ ਬੈਂਤ) = 2
4. ਦੁਆਬੇ ਪ੍ਰਤੀ ਦਾਸ ਦੀ ਬੇਨਤੀ = 4
5. ਸਿੱਖਾ ਦੇ ਰਾਜ ਸਬੰਧੀ = 4
6. ਮੁਸਲਿਮ ਬਾਦਸ਼ਾਹਾਂ ਸਮੇਂ ਦੀਆਂ ਘਟਨਾਵਾਂ (ਵਾਰਤਕ) = 5
7. ਬਾਬਾ ਬੰਦਾ ਸਿੰਘ ਬਹਾਦਰ (ਦੋ ਬੈਂਤ) = 7
8. ਗਦਾਰਾਂ ਦੇ ਕੰਮ = 8
9. ਬੱਬਰ ਲਹਿਰ ਦਾ ਤਿਆਰ ਹੋਣਾ (ਵਾਰਤਕ) = 9
10. ਰਤਨ ਬੇਕੀਮਤੀ ਦਾ ਕੌਡੀ ਮੁੱਲ (ਕੋਰੜਾ) = 13
11. ਅੰਗਰੇਜਾਂ ਦੀ ਹਕੂਮਤ= 14
12. ਨੌਜੁਆਨਾਂ ਲਈ ਬੱਬਰਾਂ ਦਾ ਲੈਕਚਰ = 14
13. ਉਪਦੇਸ਼ ਨੌਜੁਆਨਾਂ ਨੂੰ ਬੱਬਰਾਂ ਦਾ (ਤਿੰਨ ਬੈਂਤ) = 15
14. ਬੱਬਰ ਕਰਮ ਸਿੰਘ ਦੌਲਤ ਪੁਰ ਦਾ ਤਾਹਨਾ = 16
15. ਝੋਲੀ ਚੁੱਕਾਂ ਦਾ ਹਾਲ (ਗੱਡੀ) = 18
16. ਬੱਬਰਾਂ ਦਾ ਲੋਕਾਂ ਦੇ ਨਾਮ ਸੁਨੇਹਾ (ਤਿੰਨ ਬੈਂਤ) = 19
17. ਬੱਬਰ ਅਕਾਲੀ ਸੱਚੇ ਤੇ ਸੁੱਚੇ ਯੋਧੇ (ਤਿੰਨ ਬੈਂਤ) = 21
18. ਦੁਆਬੇ ਦੇ ਨੌਜੁਆਨਾਂ ਵਾਸਤੇ ਉਪਦੇਸ਼ = 22
19. ਬੱਬਰ ਅਰਜਨ ਸਿੰਘ ਖੜੌਂਦੀ ਦੇ ਲਿਖੇ ਬੈਂਤ = 23
20. ਮੈਦਾਨ ਵਿੱਚ ਨਿਤਰਨਾ = 25
21. ਤਿਆਰ ਹੋ ਜਾਣਾ ਬੱਬਰਾਂ ਦਾ = 26
22. ਵੀਚਾਰ ਕੇ ਦੇਖੋ = 27
23. ਜਥਾ ਤਿਆਰ ਕਰਨਾ = 28
24. ਕਵੀ ਸਰਮੁਖ ਸਿੰਘ ਮੋਮੀਓਂ ਦੇ ਲਿਖੇ ਦੋ ਬੈਂਤ = 31
25. ਸ਼੍ਰੋਮਣੀ ਕਮੇਟੀ ਦੇ 33 ਮੈਂਬਰਾਂ ਤੇ ਕੇਸ (ਵਾਰਤਕ) = 33
26. ਬੱਬਰਾਂ ਦੀ ਕਵਿਤਾ ਤੇ ਦਲੀਲਾਂ = 34
27. ਬੱਬਰਾਂ ਦੇ 5 ਜੱਜ / ਤੇਜਾ ਸਿੰਘ ਚੁੱਚਰ ਦੀ ਕਮਜੋਰੀ = 35
28. ਮਾਝੇ ਤੇ ਮਾਲਵੇ ਨੂੰ ਬੱਬਰਾਂ ਦਾ ਸੁਨੇਹਾ = 36
29. ਰੇਲ ਗੱਡੀ ਦੀ ਟਿਕਟ ਬੰਦ ਕਰਵਾਉਣੀ = 37
30. ਕਾਕੇ ਲੰਬੜਦਾਰ ਬਾਛੌੜੀ ਤੋਂ ਮਾਮਲਾ ਖੋਹਣਾ = 38
31. ਸਾਧਾਂ ਅਤੇ ਰੰਡੀਆਂ ਤੇ 1-1 ਬੈਂਤ = 39
32. ਛਿੰਜ ਮੇਲਾ ਮੌਜਾ ਮੰਜਰੀ (ਨਵੰਬਰ 1922) = 41

33. ਵਾਕ ਕਰਮ ਸਿੰਘ ਜਥੇਦਾਰ ਦਾ = 42
34. ਵੀਚਾਰ ਕੇ ਦੇਖੋ - ਵਾਕ ਕਵੀ = 45
35. ਮਹਾਂ ਭਾਰਤ = 46
36. ਮੁਸਲਮਾਨਾਂ ਬਾਰੇ = 46
37. ਅੰਗਰੇਜਾਂ ਦੀ ਕਰਤੂਤ = 48
38. ਸ਼੍ਰੋਮਣੀ ਕਮੇਟੀ ਦੀ ਚੁੱਪ = 48
39. ਬਿਸ਼ਨ ਸਿਉਂ ਜੈਲਦਾਰ ਰਾਣੀ ਪੁਰੀਆ = 49
40. ਬਿਸ਼ਨ ਸਿਉਂ ਜੈਲਦਾਰ ਦਾ ਯਾਰ ਦੁਰਗਾ ਦਾਸ = 55
41. ਪਾਪੀ ਬੂਟਾ ਸਿਉਂ ਨੰਗਲ ਸ਼ਾਮਾਂ (10,11-3-1923) = 57
42. ਗਦਾਰ ਲਾਭ ਸਿਉਂ ਗੜ੍ਹ ਸ਼ੰਕਰੀਏ ਨੂੰ ਸੋਧਾ (19.3.1923) = 59
43. ਛਿੰਜ ਮੇਲਾ ਡਾਨਸੀਵਾਲ ਦਾ = 62
44. ਦੁਆਬੇ ਦੀਆਂ ਦੇਵੀਆਂ ਪ੍ਰਤੀ = 65
45. ਹਜ਼ਾਰਾ ਸਿਉਂ ਲੰਬੜਦਾਰ ਬਹਿਬਲ ਪੁਰੀਆ = 67
46. ਮਾਝੇ ਮਾਲਵੇ ਨਾਲ ਤਾਲਮੇਲ = 68
47. ਮਾਝੇ ਦਾ ਹਵਾਲ = 70
48. ਕੌਮ ਦੇ ਮੁਰਦਾ ਆਗੂ = 71
49. ਸੂਬੇਦਾਰ ਗੇਂਦਾ ਸਿਉਂ ਘੜਿਆਲ ਦਾ ਅੰਤ (12-4-1923) = 72
50. ਰਲਾ ਤੇ ਦਿੱਤੂ ਕੌਲ ਗੜ੍ਹੀਏ ਗਦਾਰਾਂ ਦਾ ਅੰਤ = 75
51. ਪਟਵਾਰੀ ਅੱਤਾ ਮਹੁੰਮਦ ਨੰਦਾ ਚੌਰੀਏ ਦਾ ਅੰਤ (6.6.1923) = 78
52. ਬੱਬਰ ਬੰਤਾ ਸਿੰਘ ਧਾਮੀਆਂ ਦਾ ਯਾਰ ਪੂਰਨ ਰਾਜਪੂਤ (6.6.1923) = 81
53. ਬਾਬੂ ਸੰਤਾ ਸਿੰਘ ਦੀ ਗ੍ਰਿਫਤਾਰੀ = 91
54. ਜਵਾਲਾ ਸਿਉਂ ਕੋਟਲੀ ਬਾਵਾ ਦਾਸ ਦਾ ਅੰਤ = 93
55. ਸ਼ਹੀਦੀ ਸਾਕਾ ਪਿੰਡ ਬਬੇਲੀ (1.9.1923) = 94
56. ਬੱਬਰ ਧੰਨਾ ਸਿੰਘ ਬਹਿਬਲ ਪੁਰ ਦੀ ਸ਼ਹੀਦੀ (25.5.1923) = 101
57. ਬੱਬਰ ਛੱਜਾ ਸਿੰਘ ਫੌਜੀ ਪਿੰਡ ਚਾਣਥੂ = 104
58. ਸਰਦਾਰ ਪਿਆਰਾ ਸਿੰਘ ਲੰਗੇਰੀ = 107
59. ਬੱਬਰ ਦਲੀਪ ਸਿੰਘ ਧਾਮੀਆਂ ਦੀ ਗ੍ਰਿਫਤਾਰੀ = 110
60. ਬੰਤਾ ਸਿੰਘ, ਜੁਆਲਾ ਸਿੰਘ ਤੇ ਵਰਿਆਮ ਸਿੰਘ ਧੁੱਗਾ = 111
61. ਬੱਬਰ ਸਰਦਾਰ ਰਤਨ ਸਿੰਘ ਰੱਕੜ (24.7.1932) = 115
62. ਗਦਾਰ ਅਨੂਪ ਸਿਉਂ ਮਾਣਕੋ ਦਾ ਅੰਤ = 118
63. ਵਲਾਇਤੀ ਫੈਸ਼ਨਾਂ ਤੇ ਕੋਰੜਾ 119
64. ਬੱਬਰ ਜਮਾਓ ਬੀਬੀ ਦੇਵੋ ਲੋਰੀਆਂ (ਕੋਰੜਾ) = 120
65. ਬੀਬੀ ਊਧਮ ਕੌਰ ਮੂਗੋਵਾਲ ਦੀ ਲਿਖੀ ਗੱਡੀ = 120
66. ਗਦਾਰ ਬੇਲਾ ਸਿਉਂ ਜਿਆਣ = 121
67. ਕਰਮ ਸਿੰਘ ਮਲਾ ਵਾਲਾ (ਜਮਾਂਦਾਰ ਗੁਰਦਿੱਤ ਸਿਉਂ ਬਾੜੀਆਂ) = 123
68. ਗਦਾਰ ਕਰਮ ਸਿਉਂ ਮੰਨਣਹਾਣਾ ਦਾ ਅੰਤ (26.4.1940) = 126
69. ਗਦਾਰ ਮੂਲਾ ਸਿਉਂ ਪਲਾਹੀ = 129
70. ਸੀਬੋ ਪੰਡੋਰੀ ਗੰਗਾ ਸਿੰਘ ਵਾਲੀ ਦਾ ਆਪਣੇ ਪਤੀ ਨਾਲ ਧ੍ਰੋ = 130
71. ਸੀਬੋ ਦਾ ਅੰਤ (ਬੱਬਰ ਅਜੈਬ ਸਿੰਘ ਰਾਹੀਂ) = 131

72. ਅੱਜ ਕੱਲ ਦੇ ਸਿੱਖਾਂ ਦੇ ਮੁੰਡੇ ਕੁੜੀਆਂ = 132
73. ਗਦਾਰ ਤਾਰਾ ਸਿਉਂ ਸੰਧਵਾਂ = 132
74. ਬੱਬਰ ਊਧਮ ਸਿੰਘ ਤੇ ਦੁਮਣ ਸਿੰਘ ਸੰਧਵਾਂ ਵਾਲੇ = 135
75. ਬੱਬਰ ਸਾਧੂ ਸਿੰਘ ਸਾਂਦਰ ਵਾਲੇ =137
76. ਜੱਗੂ ਕਿਆਣੇ ਦਾ ਜਵਾਬ = 139
77. ਸਾਧੂ ਸਿੰਘ ਮੁਕੱਦਮੇਂ ਤੋਂ ਬਰੀ = 140
78. ਗਦਾਰ ਜੁਆਲਾ ਸਿਉਂ ਦਾ ਕਤਲ = 141
79. ਸੁੱਚਾ ਸਿੰਘ ਸੰਧਰਾਂ = 142
80. ਪਾਪੀ ਲਾਭ ਸਿਉਂ ਤੇ ਭਾਨ ਸਿਉਂ ਦਾ ਬੱਬਰ ਸਾਧੂ ਸਿੰਘ ਦੇ ਨਾਲ ਫਾਂਸੀ ਲੱਗਣਾ = 144
81. ਵਾਰਤਕ ਲੇਖ - ਸ਼੍ਰੋਮਣੀ ਕਮੇਟੀ ਬਾਰੇ = 146
82. ਬੱਬਰਾਂ ਦੀਆਂ ਜੀਵਨੀਆਂ ਬਾਰੇ ਸੰਖੇਪ ਲੇਖ (ਵਾਰਤਕ) = 146
83. ਬੀਰ ਰਸੀ ਕਬਿੱਤ = 157
84. ਵਰਿਆਮ ਸਿੰਘ ਧੈਨੋਂਵਾਲੀ = 159
85. ਬੱਬਰ ਦਲੀਪ ਸਿੰਘ ਮੌਜਾਂ ਧਾਮੀਆਂ ਨੂੰ ਫਾਂਸੀ (27.2.1926) = 159
86. ਜ਼ਮਾਨੇ ਦੀ ਚਾਲ (ਬੈਂਤ) = 162
87. ਜ਼ਮਾਨਾ ਹੋਰ ਹੋ ਗਿਆ (ਕੋਰੜਾ) = 163
88. ਅੱਜ-ਕੱਲ ਦੇ ਨੌਜੁਆਨ = 164
89. ਪੰਜਾਬ ਦੀਆਂ ਕੁੜੀਆਂ = 164
90. ਦੁਨੀਆਂ ਮਕਾਨ ਫਨਾਹ ਦਾ = 168
91. ਲਿਖਾਰੀ ਦਾ ਆਪਣੇ ਬਾਰੇ ਕਬਿੱਤ = 169

ੴ ਵਾਹਿਗੁਰੂ ਜੀ ਕੀ ਫਤਹਿ

ਸੰਖੇਪ ਤਵਾਰੀਖ

# ਬਬਰ ਅਕਾਲੀ

(ਅਰਥਾਤ ਦੇਸ਼ ਦੁਆਬੇ ਦੇ ਨੌਜਵਾਨਾਂ ਦੀਆਂ ੧੯੨੧ ਤੋਂ ੧੯੨੫ ਤਕ
ਦੇਸ਼ ਦੀ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਹਾਲ।)



ਕ੍ਰਿਤ ਕਵੀ :–

ਜਥੇਦਾਰ ਲਾਭ ਸਿੰਘ ਬਬਰ ਅਕਾਲੀ
ਪਿੰਡ ਤੇ ਡਾਕਖਾਨਾ ਜਸੋਵਾਲ, ਠਾਣਾ ਤੇ ਤਹਿਸੀਲ ਗੜ੍ਹਸ਼ੰਕਰ
ਜ਼ਿਲਾ ਹੁਸ਼ਿਆਰਪੁਰ

ਪਹਿਲੀ ਵਾਰ ੧੦੦੦

ਮੁਲ: ੩.੭੫

ਅਮਰ ਕਿਸ਼ੋਰ ਪ੍ਰੈਸ ਰੇਲਵੇ ਰੋਡ ਫਗਵਾੜਾ

# ਦੋ ਸ਼ਬਦ

## ਬਬਰ ਅਕਾਲੀ ਲਹਿਰ ਦਾ ਪਛੋਕੜ :–

ਸਿੱਖਾਂ ਤੇ ਅੰਗ੍ਰੇਜ਼ਾਂ ਦੀ ਦੂਜੀ ਜੰਗ ੧੮੪੯ ਵਿਚ ਖਤਮ ਹੋਈ, ਜਿਸ ਵਿਚ ਸਿਖ ਫੌਜਾਂ ਹਾਰ ਗਈਆਂ, ਅਤੇ ਪੰਜਾਬ ਉਤੇ ਅੰਗ੍ਰੇਜ਼ ਦਾ ਕਬਜ਼ਾ ਹੋ ਗਿਆ। ਇਸ ਦੇ ਨਾਲ ਸਾਰਾ ਭਾਰਤ ਬਦੇਸ਼ੀ ਰਾਜਦੀ ਲਪੇਟ ਵਿਚ ਆ ਗਿਆ ਅਤੇ ਉਹ ਪੱਕੀ ਪੈਰੀਂ ਖਲੋਗਿਆ। ਪਰ ਛੇਤੀ ਹੀ ਜਨਤਾ ਨੂੰ ਇਸ ਦੀ ਅਸਲੀਅਤ ਮਲੂਮ ਹੋ ਗਈ। ਉਨ੍ਹਾਂ ਨੇ ਜਾਣ ਲਿਆ ਕਿ ਬਦੇਸ਼ੀ ਸਰਕਾਰ ਇਕ ਐਸੀ ਮਾਰਨ ਵਾਲੀ ਗਊ ਹੈ, ਜੋ ਪੱਠਾ ਪੜ੍ਹਾ ਭਾਰਤ ਵਿਚ ਖਾਂਦੀ ਹੈ ਪਰ ਦੁਧ ਵਲਾਇਤ ਵਿਚ ਦੇਂਦੀ ਹੈ। ਆਪਣੇ ਰਾਜ ਦੀਆਂ ਨੀਹਾਂ ਹੋਰ ਪਕੀਆਂ ਕਰਨ ਵਾਸਤੇ ਅੰਗ੍ਰੇਜ਼ਾਂ ਨੇ ਨਾਜਾਇਜ਼ ਤੇ ਸਖ਼ਤ ਕਾਨੂੰਨ ਬਣਾਏ। ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝਾ ਰਖਣ ਦਾ ਜਤਨ ਕੀਤਾ। ਇਸ ਕਾਰਨ ਦੇਸ਼ਵਿਚ ਅਸੰਤੁਸ਼ਟਤਾ ਦੀ ਲਹਿਰ ਦੌੜ ਗਈ। ੧੮੫੭ ਵਿਚ ਬਦੇਸ਼ੀਆਂ ਦੇ ਵਿਰੁਧ ਆਜ਼ਾਦੀ ਦੀ ਪਹਿਲੀ ਜੰਗ (ਅਰਥਾਤ ਗ਼ਦਰ) ਹੋਈ, ਪਰ ਇਸ ਵਿਚ ਮਨੋਰਥ ਸਿਧ ਨਾਂ ਹੋਇਆ ਤੇ ਅੰਗ੍ਰੇਜ਼ ਅਗੇ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਹੋ ਗਏ।

ਫਿਰ ਵੀ ਲੋਕਾਂ ਨੇ ਦਿਲ ਨਾਂ ਛਡਿਆ। ਆਪਣੀ ਹੋਂਦ ਕਾਇਮ ਰਖਣ ਵਾਸਤੇ ਕਈ ਤਰ੍ਹਾਂ ਦੇ ਧਾਰਮਿਕ, ਸਮਾਜਿਕ ਤੇ ਸਭਿਆਚਾਰਕ ਅੰਦੋਲਨ ਚਲਾਏ। ਬ੍ਰਹਮੋ ਸਮਾਜ, ਆਰੀਆ ਸਮਾਜ, ਕੂਕ ਲਹਿਰ, ਸਿੰਘ ਸਭਾ ਲਹਿਰ; ਤੇ ਅੰਜਮਨੇ ਇਸਲਾਮੀਆਂ ਵਰਗੀਆਂ ਸੰਸਥਾਵਾਂ ਨੇ ਜਨਮ ਲਿਆ ਤੇ ਆਪਣੇ ਆਪਣੇ ਖੇਤਰ ਵਿਚ ਸੁਚਜਾ ਕੰਮ ਕਰਕੇ ਜੰਤਾ ਤੇ ਦੇਸ਼ ਵਿਚ ਜਾਗਰਤੀ ਪੈਦਾ ਕਰ ਦਿਤੀ।

ਪਰ ਇਹ ਇਕ ਮੰਨੀ ਹੋਈ ਗੱਲ ਹੈ, ਕਿ ਨਿਰੇ ਗੱਲਾਂ ਤੇ ਗਿਆਨ ਨਾਲ ਹੀ ਕਾਰਜ ਨਹੀਂ ਸਰਦਾ। ਉਸ ਨੂੰ ਅਸਲੀ ਰੂਪ ਦੇਣ ਵਾਸਤੇ ਹੱਥ ਹਲੌਣੇ ਪੈਂਦੇ ਹਨ। ਜਿਉਂ ਹੀ ਲੋਕਾਂ ਨੇ ਹੱਥ ਪੈਰ ਮਾਰਨੇ ਆਰੰਭ ਕੀਤੇ, ਤਿਉਂ ਹੀ ਸਰਕਾਰ ਨੇ ਉਨ੍ਹਾਂ ਨੂੰ ਦਬਾਣ ਦਾ ਪੱਕਾ ਨਿਸ਼ਚਾ ਕਰ ਲਿਆ। ਸਰਕਾਰ ਤੇ ਜਨਤਾ ਵਿਚ ਸਿਧੀਆਂ ਟਕਰਾਂ ਹੋਈਆਂ। ਕਈ ਸਾਜ਼ਸ਼ਾਂ ਹੋਈਆਂ, ਅੰਦੋਲਨ ਚਲੇ, ਪਾਰਟੀਆਂ ਬਣੀਆਂ, ਤੇ ਮਾਰ ਧਾੜ ਦੀਆਂ ਘਟਨਾਵਾਂ ਵਾਪਰੀਆ। ਅਗਲੀ ਲਹਿਰ ਵੀ ਇਹਨਾਂ ਵਿਚੋਂ ਹੀ ਇਕ ਸੀ। ਬਹਾਦਰ ਸਿਖਾਂ ਤੇ ਬੜੇ ਜ਼ੁਲਮ ਹੋਏ, ਅਨੁਚਿਤ ਕਾਨੂੰਨ ਲਾਗੂ ਕੀਤੇ ਗਏ। ਗੁਰੂ ਕੇ ਬਾਗ ਮੋਰਚਾ ਲਗਾ, ਅਤੇ ਪੰਜਾ ਸਾਹਿਬ ਰੇਲ ਗੱਡੀ ਦੇ ਮੂਹਰੇ ਲੇਟ ਕੇ ਸ਼ਹੀਦੀ ਦਿਤੀ। ਜਲਿਆਂ ਵਾਲੇ ਬਾਗ ਦੀ ਘਟਨਾ ਵੀ ਉਨ੍ਹਾਂ ਦਿਨਾਂ ਦੀ ਹੀ ਹੈ।

ਇਸ ਤਰ੍ਹਾਂ ਦੀਆਂ ਘਟਨਾਵਾਂ ਨੇ 'ਬਬਰ ਅਕਾਲੀ' ਲਹਿਰ ਨੂੰ ਜਨਮ ਦਿਤਾ। ਲੋਕਾਂ ਨੂੰ ਵਿਸ਼ਵਾਸ ਹੋ ਗਿਆ, ਕਿ ਸ਼ਾਂਤਮਈ ਦੇ ਪ੍ਰਚਾਰ ਨਾਲ ਕੁੱਝ ਨਹੀਂ ਬਣਨਾ। ਅੰਗ੍ਰੇਜ਼ ਨੂੰ ਦੇਸ਼ ਵਿਚੋਂ ਕੱਢਣ ਵਾਸਤੇ ਉਨ੍ਹਾਂ ਦੇ ਦੇਸੀ ਪਿੱਠੂਆਂ ਨੂੰ ਮਾਰ ਮੁਕਾਉਣਾ ਪਏਗਾ।

ਓਧਰ ਪ੍ਰਦੇਸ਼ ਗਏ ਪੰਜਾਬੀ ਸੂਰਬੀਰਾਂ ਦੇ ਦਿਲ ਵਿਚ ਰੋਹ ਉਪਜਿਆ। ਸੰਸਾਰ ਦੇ ਤਾਹਨਿਆਂ ਨੂੰ ਉਹ ਹੋਰ ਚਿਰ ਸਹਾਰ ਨਾ ਸਕੇ। ਦਸਿਆ ਜਾਂਦਾ ਹੈ, ਕਿ ਇਕ ਅਮ੍ਰੀਕਨ ਲੇਡੀ ੧੯੦੭-੮ ਦੇ ਲੱਗਪੱਗ ਲਾਹੌਰ ਰਹਿੰਦੀ ਸੀ। ਜਦ ਅੱਠ ਦਸ ਸਾਲ ਪਿਛੋਂ ਉਹ ਵਾਪਸ ਆਪਣੇ ਦੇਸ਼ ਚਲੀ ਗਈ ਤਾਂ ਹਿੰਦੁਸਤਾਨੀਆਂ ਨੂੰ ਆਪਣੇ ਘਰ ਚਾਹ ਤੇ ਸਦ ਕੇ ਉਨ੍ਹਾਂ ਕੋਲੋਂ ਪੰਜਾਬ ਦੇ ਲੋਕਾਂ ਦਾ ਹਾਲ ਚਾਲ ਪੁਛਦੀ ਤੇ ਕਹਾਣੀਆਂ ਸੁਣਦੀ। ਜਦ ਭਾਰਤੀਆਂ ਦੀ ਗਿਣਤੀ ਵਧ ਗਈ, ਤਾਂ ਆਪਣੇ ਆਪ ਉਸਦੇ ਘਰ ਜਾਣ ਲਗ ਪਏ, ਜਿਸ ਨਾਲ ਮੇਲ ਜੋਲ ਵਧ ਗਿਆ।ਇਕ ਦਿਨ ਉਸ ਨੇ ਸਾਰੇ ਪੰਜਾਬੀਆਂ ਨੂੰ ਚਾਹ ਤੇ ਬੁਲਾਇਆ ਚੰਗੀ ਸੇਵਾ ਕੀਤੀ। ਅੰਮ੍ਰੀਕਨ ਸੁਤੰਤ੍ਰਤਾ ਦੀ ਜੰਗ ਵਿਚ ਮਾਰੇ ਗਏ ਤੇ ਨਾਕਾਰੇ ਹੋਏ ਅਮ੍ਰੀਕਨਾਂ ਤੇ ਆਪਣੇ ਰਿਸ਼ਤੇਦਾਰਾਂ ਦੀਆਂ ਬਹੁਤ ਸਾਰੀਆਂ ਤਸਵੀਰਾਂ ਉਨ੍ਹਾਂ ਨੂੰ ਦਿਖਾਈਆਂ ਤੇ ਕਿਹਾ ਕਿ "ਤੁਸੀਂ ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਮ০ ਰਣਜੀਤ ਸਿੰਘ ਤੇ ਹਰੀ ਸਿੰਘ ਨਲਵੇ ਦੀ ਸੰਤਾਨ ਹੋ। ਸ਼ਰੀਰਕ ਤੌਰ ਤੇ ਕਿਸੇ ਨਾਲੋਂ ਘਟ ਨਹੀਂ ਫਿਰ ਏਥੇ 'ਕੁਲੀ' ਬਣ ਕੇ ਆਪਣੇ ਪੂਰਵਜਾਂ ਦੇ ਨਾਂ ਨੂੰ ਕਿਉਂ ਲਾਜ ਲਾਂਦੇ ਹੋ ਲੱਕ ਬੰਨੋ ਤੇ ਆਪਣੇ ਦੇਸ਼ ਨੂੰ ਆਜ਼ਾਦ ਕਰਾਓ"।ਇਸ ਤਰ੍ਹਾਂ ਦੀਆਂ ਦਿਲ ਚੀਰਨ ਵਾਲੀਆਂ ਬੋਲੀਆਂ ਸੁਣਕੇ ਬਹਾਦਰ ਤੇ ਅਣਖੀਂ ਪੰਜਾਬੀ ਲਖਾਂ ਰੁਪਏ ਦੀ ਜਾਇਦਾਦ ਤੇ ਕਾਰੋਬਾਰ ਨੂੰ ਲੱਤ ਮਾਰ ਕੇ ਆਪਣੇ ਦੇਸ਼ ਪਰਤ ਆਏ। ਇਥੇ ਵਾਤਾਵਰਨ ਅੱਗੇ ਹੀ ਅਨਕੂਲ ਸੀ, ਸਭ ਨੇ ਇਕੱਠੇ ਹੋ ਕੇ ਅਗਸਤ ੧੯੨੨ ਵਿਚ "ਬਬਰ ਅਕਾਲੀ" ਲਹਿਰ ਸ਼ੁਰੂ ਕੀਤੀ। ਝੋਲੀ ਚੁਕਾਂ ਦਾ ਸਫਾਇਆ ਕੀਤਾ ਤੇ ਆਜ਼ਾਦੀ ਦੀ ਜੰਗ ਵਿਚ ਆਪਣਾ ਹਿਸਾ ਵਧ ਚੜ੍ਹ ਕੇ ਪਾਇਆ। ਉਨ੍ਹਾਂ ਨੇ ਆਪਣਾ ਇਕ ਅਖਬਾਰ "ਬਬਰ ਅਕਾਲੀ" ਵੀ ਕੱਢਿਆ, ਜਿਸ ਰਾਹੀਂ ਆਪਣੇ ਪ੍ਰੋਗਰਾਮ ਦਾ ਪ੍ਰਚਾਰ ਇਸ ਤਰ੍ਹਾਂ ਕੀਤਾ :-

"ਥਾਓਂ ਥਾਈਂ ਬਣਾ ਕੇ ਜਥਿਆਂ ਨੂੰ, ਵੀਰੋ ਜ਼ਾਲਮਾਂ ਤਾਈਂ ਖਪਾਨ ਲਗ ਪਓ।
ਬੇੜਾ ਕੌਮ ਦਾ ਜਿਨ੍ਹਾਂ ਨੇ ਗਰਕ ਕੀਤਾ,ਸਿਰੀਂ ਜ਼ਾਲਮਾਂ ਦੇ ਖਾਕ ਪਾਣ ਲਗ ਪਓ।

ਅਖੀਂ ਵੇਖ ਬੇਅਦਬੀਆਂ ਚੁਪ ਬੈਠਾ, ਕਾਇਰ ਹੋ ਕੇ ਝੱਟ ਟਪਾਇਆ ਕਿਉਂ ?
ਮੂਹਰੇ ਬਾਂਦਰਾਂ ਦੇ ਕਰੇਂ ਹਜ਼ੂਰ ਵਾਲੀ, ਸਿੰਘ ਨਾਮ ਤੂੰ ਅੱਜ ਸਦਾਇਆ ਕਿਉਂ ?"

੧੯੨੨ ਤੋਂ ੧੯੨੬ ਤਕ ਚਲੀ ਬਬਰ ਅਕਾਲੀ ਲਹਿਰ ਦੇਸ ਦੀ ਆਜ਼ਾਦੀ ਦੀ ਲਹਿਰ ਦਾ ਹੀ ਇਕ ਹਿਸਾ ਸੀ। ਇਹ ਏਕਤਾ ਤੇ ਨਿਰਭਰ ਸੀ ਤੇ ਕੇਵਲ ਸਰਕਾਰ ਦੇ ਝੋਲੀ ਚੁਕਾਂ ਤੇ ਟੋਡੀਆਂ ਦੇ ਵਿਰੁਧ ਹੀ ਪ੍ਰਚਾਰ ਕਰਦੀ ਤੇ ਐਕਸ਼ਨ ਲੈਂਦੀ ਸੀ, ਕਿਉਂਕਿ ਇਹੋ ਲੋਕ ਸਰੇ ਦੇਸ਼ ਭਗਤਾਂ ਨੂੰ ਫਾਂਸੀਆਂ ਤੇ ਚੜ੍ਹਾ ਰਹੇ ਸਨ, ਇਸ ਲਹਿਰ ਦੇ ਆਗੂਆਂ ਵਿਚ ਉਹ ਸਿਰ ਲੱਥ ਪੁਰਸ਼ ਸਨ, ਜਿਨ੍ਹਾਂ ਵਿਚ ਅੰਗ੍ਰੇਜ਼ ਹਾਕਮਾਂ ਦੇ ਫੌਜਾਂ ਵਿਚ ਭੈੜੇ ਸਲੂਕ,ਜਨਤਾ ਤੇ ਜ਼ੁਲਮ ਤੇ ਨਾਜਾਇਜ਼ ਕਾਨੂੰਨਾਂ ਵਿਰੁਧ ਆਜ਼ਾਦੀ ਦਾ ਜਜ਼ਬਾ ਜਾਗਿਆ ਸੀ। ਸ੍ਰ০ ਕਰਮ ਸਿੰਘ ਝਿੰਗੜ (ਜਲੰਧਰ) ਜਿਹੜੇ ਜੇਲ ਵਿਚ ਹੀ ਸ਼ਹੀਦ ਹੋ ਗਏ, ਕੈਨੇਡਾ ਤੋਂ ਆਏ ਹੋਏ ਸਨ। ਸ੍ਰ০ ਕਰਮ ਸਿੰਘ ਦੌਲਤ ਪੁਰੀ (ਜਲੰਧਰ) ਵੀ ਕੈਨੇਡਾ ਦੀ ਇਨ-

ਕਲਾਬੀ ਪਾਰਟੀ ਦੇ ਮੈਂਬਰ ਸੀ। ਸ੍ਰ੦ ਕਿਸ਼ਨ ਸਿੰਘ ਗੜਗੱਜ ਫੌਜ ਵਿਚੋਂ ਆਏ ਸਨ।

ਹਾਲਾਤ ਨੇ ਮਜਬੂਤ ਕਰ ਦਿਤਾ, ਤੇ ਉਨ੍ਹਾਂ ਨੂੰ ਪੂਰੀ ਤਿਆਰੀ ਕਰਨ ਤੋਂ ਪਹਿਲਾਂ ਹੀ ਆਪਣਾ ਪ੍ਰੋਗਰਾਮ ਸ਼ੁਰੂ ਕਰਨਾ ਪਿਆ। ਗੁਰਦੁਵਾਰਾ ਪ੍ਰਬੰਧਕ ਕਮੇਟੀ ਸਾਂਤੀ ਦੀ ਪ੍ਰਚਾਰਕ ਸੀ, ਇਸ ਵਾਸਤੇ ਇਨ੍ਹਾਂ ਦੇ ਮਨੋਰਥ ਨਾਲ ਹਮਦਰਦੀ ਰਖਦੀ ਹੋਈ ਵੀ ਇਨ੍ਹਾਂ ਦੇ ਕੰਮ ਦੇ ਵਿਰੁਧ ਸੀ। ਆਖਰ ਬਬਰ ਅੰਗ੍ਰੇਜ਼ ਹਕੂਮਤ ਦੇ ਖਿਲਾਫ ਬਹਾਦਰੀ ਤੇ ਨਿਰਭੈਤਾ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ੨੭ ਫਰਵਰੀ ੧੯੨੬ ਨੂੰ ਦੁਆਬੇ ਦੇ ਸ਼ੇਰ ੬ ਬਬਰ ਅਕਾਲੀ ਸ੍ਰ੦ ਕ੍ਰਿਸ਼ਨ ਸਿੰਘ ਗੜਗੱਜ ਵਿੜਿੰਗ, ਸ੍ਰ੦ ਦਲੀਪਸਿੰਘ ਧਾਮੀਆਂ, ਬਾਬੂ ਸੰਤਾ ਸਿੰਘ, ਸ੍ਰ੦ ਧਰਮ ਸਿੰਘ ਹਿਆਤ ਪੁਰ, ਸ੍ਰ੦ ਕਰਮ ਸਿੰਘ ਮਾਨਕੋ ਅਤੇ ਸ੍ਰ੦ ਨੰਦ ਸਿੰਘ ਘੜਿਆਲ ਲਾਹੌਰ ਸੰਟਰਲ ਜੇਲ ਵਿਚ ਹੱਸਦੇ ਹੱਸਦੇ ਫਾਂਸੀ ਤੇ ਚੜ੍ਹ ਗਏ। ਉਹ ਦੇਸ਼ ਦੀ ਆਜ਼ਾਦੀ ਤੇ ਖੁਸ਼ਹਾਲੀ ਲਈ ਸ਼ਹੀਦੀਆਂ ਪਾ ਗਏ, ਜਿਵੇਂ ਅੰਤ ਵੇਲੇ ਉਨ੍ਹਾਂ ਦੇ ਮਨ ਦੀ ਇਹ ਇੱਛਾ ਸੀ ਕਿ ਸਾਡੀ ਜਾਨ ਦੀ ਸਾਨੂੰ ਕੋਈ ਪਰਵਾਹ ਨਹੀਂ, ਦੇਸ਼ ਆਜ਼ਾਦ ਹੋਵੇ।

ਪਰ ਦੁਖ ਦੀ ਗਲ ਹੈ, ਕਿ ਅਜ ਤਕ ਇਨ੍ਹਾਂ ਬਬਰ ਅਕਾਲੀ ਸ਼ਹੀਦਾਂ ਦੀ ਕੋਈ ਯੋਗ ਯਾਦਗਾਰ ਨਹੀਂ। ਇਸ ਘਾਟ ਨੂੰ ਪੂਰਾ ਕਰਨ ਵਾਸਤੇ ਆਪਣੇ ਸੱਜਣਾਂ ਮਿਤਰਾਂ ਦੀ ਪ੍ਰੇਰਨਾਂ ਤੇ ਬਬਰ ਅਕਾਲੀ ਲਹਿਰ ਦਾ ਇਹ ਸੰਖੇਪ ਜਿਹਾ ਇਤਿਹਾਸ ਪੇਸ਼ ਕਰਨ ਦਾ ਜਤਨ ਕੀਤਾ ਹੈ। ਆਸ ਹੈ, ਕਿ ਪ੍ਰੇਮੀ ਜਨਤਾ ਇਸ ਭੇਟਾ ਨੂੰ ਪ੍ਰਵਾਨ ਕਰੇਗੀ।

**ਧੰਨਵਾਦ** ਇਥੇ ਮੈਂ ਸ੍ਰ: ਪਿਆਰਾ ਸਿੰਘ ਅਜੀਤ ਐਮ. ਏ. ਪ੍ਰੋਫੈਸਰ ਰਾਮਗੜ੍ਹੀਆ ਕਾਲੇਜ ਫਗਵਾੜਾ, ਦਾ ਦਿਲੋਂ ਧੰਨਵਾਦ ਕਰਨਾ ਆਪਣਾ ਇਖਲਾਕੀ ਫਰਜ ਸਮਝਦਾ ਹਾਂ, ਜਿਨ੍ਹਾਂ ਨੇ ਇਸ ਪੁਸਤਕ ਦੀ ਸੁਧਾਈ ਤੇ ਛਪਵਾਈ ਦਾ ਕੰਮ ਮਿਹਨਤ ਤੇ ਗੌਹ ਨਾਲ ਨੇਪਰੇ ਚਾੜ੍ਹਿਆ ਹੈ। ਜੇ ਉਹ ਮੇਰੀ ਸਹਾਇਤਾ ਨਾ ਕਰਦੇ, ਤਾਂ ਸ਼ਾਇਦ ਮੈਂ ਇਸ ਕਿੱਸੇ ਨੂੰ ਹੋਰ ਕਿੰਨਾ ਚਿਰ ਪ੍ਰਕਾਸ਼ਤ ਕਰਨ ਵਿਚ ਅਸਮਰਥ ਰਹਿੰਦਾ।

ਲਾਭ ਸਿੰਘ

੧੦-੧੧-੬੨

## ਦੋਹਰਾ

ਘਰ ਵਰ ਦਰ ਨਰ ਸਰ ਭਰ ਜਰ ਹਰ ਡਰ ਪਰ ਖੋਇ।
ਨਰ ਮਰ ਦਰ ਪਰ ਹਰ ਕਰ ਨਰ ਸਰ ਛਰ ਤਰ ਤੋਇ॥

**ਅਰਥਾਤ** ਪਰਮੇਸ਼ਵਰ ਦੇ ਦਰ ਬਿਨਾਂ ਕੋਈ ਠਿਕਾਣਾ ਨਹੀਂ, ਉਹ ਹੀ ਰਿਧੀਆਂ ਸਿਧੀਆਂ ਦਾ ਦਾਤਾ ਹੈ। ਓਥੇ ਹੀ ਸਭ ਭੈ ਦੂਰ ਹੁੰਦੇ ਹਨ, ਤੇ ਕਸ਼ਟਾਂ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ। ਹੇ ਪੁਰਸ਼! ਤੂੰ ਓਸੇ ਹੀ ਸ਼ਾਂਤ ਸਾਗਰ ਵਿਚ ਤਰ ਤੇ ਓਸੇ ਦੇ ਹੀ ਦਰ ਤੇ ਮਰ॥

# ਨਿਮਸ਼ਕਾਰ ਅਕਾਲ ਪੁਰਖ ਨੂੰ

## ਬੈਂਤ

ਪਹਿਲੇ ਸਿਮਰੀਏ ਨਾਮ ਪ੍ਰਮਾਤਮਾ ਦਾ ਬਾਦਸ਼ਾਹਾਂ ਦਾ ਸ਼ਾਹ ਸਦਾਏ ਓਹੀ।
ਹੇਠ ਧਰਤ ਤੇ ਭਰਤ ਅਕਾਸ਼ ਉਤੇ ਤੰਬੂ ਕੁਦਰਤੋਂ ਤਾਣ ਰਖਾਏ ਓਹੀ।
ਸੂਰਜ ਚੰਦ ਤੇ ਤੇਜ ਬਲੰਦ ਕੋਸਾਂ ਤਾਰੇ ਮੋਤੀਆਂ ਜੜਤ ਜੜਾਏ ਓਹੀ।
ਕਰਾਮਾਤ ਉਸ ਦਿਨ ਤੇ ਰਾਤ ਕੀਤੇ ਸੁੰਦਰ ਮਾਇਆ ਦੇ ਖੇਲ ਦਖਾਏ ਓਹੀ।
ਜਲਾਂ ਥਲਾਂ ਅੰਦਰ ਘੜੀ ਪਲਾਂ ਅੰਦਰ ਪ੍ਰਬਤ ਸਾਗਰਾਂ ਵਿਚ ਟਕਾਏ ਓਹੀ।
ਕਿਤੇ ਦੇਵ ਦਾਨਵ ਕਿਤੇ ਹੁਸਨ ਬਾਨੇ ਸੋਹਣੇ ਹਾਰ ਸ਼ੰਗਾਰ ਲਗਾਏ ਓਹੀ।
ਕਿਤੇ ਛਤਰ ਧਾਰੀ ਕਿਤੇ ਤੇਗ ਮਾਰੀ ਕਿਤੇ ਘਾਣਾਂ ਦੇ ਘਾਣ ਲੁਹਾਏ ਓਹੀ।
ਕਿਤੇ ਸੋਗ ਗੁਜਰੇ ਕਿਤੇ ਨਾਚ ਮੁਜਰੇ ਕਿਤੇ ਰੋਣ ਤੇ ਕਿਤੇ ਹਸਾਏ ਓਹੀ।
ਕਿਤੇ ਬਲੀ ਯੋਧਾ ਗਲੀ ਗਲੀ ਉਹਦਾ ਕਿਸਮਤ ਭਲੀ ਸੋਹਣਾ ਜਸ ਗਾਏ ਓਹੀ।
ਕਿਤੇ ਮਾਰ ਗੇੜੇ ਦੇਵੀਂ ਤਾਰ ਬੇੜੇ ਸਰਨ ਲੈਣ ਜਿਹੜੇ ਰਖਣ ਆਏ ਓਹੀ।
ਧਰੋ ਗਿਆਨ ਦੀਵਾ ਮਨ ਬਣੇ ਖੀਵਾ ਭਾਰੀ ਤਾਕਤਾਂ ਵਿਚ ਬਣਾਏ ਓਹੀ।
ਲਵਾਂ ਸਰਣ ਤੇ ਕਰਨਗੇ ਆਪ ਦਇਆ ਬੇੜੇ ਸਾਗਰੋਂ ਪਾਰ ਲਗਾਏ ਓਹੀ।
ਬੂਹਾ ਉਸਦਾ ਮੱਲੀਏ ਲਾਭ ਸਿੰਘਾ ਜਨਮ ਜਨਮ ਦੀ ਭੁਖ ਮਟਾਏ ਓਹੀ।

## ਤਥਾ ਬੈਂਤ

ਸ਼ਰਨ ਲੈ ਕੇ ਚਰਣਾਂ ਤੇਰਿਆਂ ਦੀ ਪਾਪੀ ਜਨਮ ਤੇ ਕਰਮ ਦੇ ਤਰ ਗਏ ਜੀ।
ਸਾਧ ਸੰਤ ਮਹੰਤ ਤੇ ਦੰਤ ਵਡੇ ਵਿਚ ਇਕਾਂਤ ਲਾਂ ਤਾੜੀਆਂ ਸੜ ਗਏ ਜੀ।
ਖੰਡਾ ਫੜਕੇ ਸੂਰਮੇ ਵਿਚ ਫੌਜਾਂ ਤੇਗਾਂ ਮਾਰਦੇ ਦਲਾਂ ਵਿਚ ਵੜ ਗਏ ਜੀ।
ਸੂਮ ਚੰਦਰੇ ਜੰਦਰੇ ਮਾਰ ਕੇ ਤੇ ਮਾਇਆ ਵਿਚ ਜਮੀਨ ਦੇ ਧਰ ਗਏ ਜੀ।
ਲਵੇ ਓਟ ਜੋ ਮੂਲ ਨਾ ਚੋਟ ਲਗੇ ਕਾਜ ਓਸਦੇ ਸਾਰੇ ਹੀ ਸਰ ਗਏ ਜੀ।
ਜਿਨ੍ਹਾਂ ਆਸ ਰਖੀ ਉਹਦੀ ਫਾਸ ਕਟੀ ਸਿੱਧੇ ਚਲੇ ਉਹ ਆਪਣੇ ਘਰ ਗਏ ਜੀ।
ਮਰ ਗਏ ਉਹ ਚੰਦਰੇ ਲਾਭ ਸਿੰਘਾ ਜਿਹੜੇ ਚੰਦਰੀ ਮੌਤ ਤੋਂ ਡਰ ਗਏ ਜੀ।

## ਤਥਾ ਬੈਂਤ

ਹੇ ਪੁਰਖ ਅਕਾਲ ਤੂੰ ਕਰੀਂ ਦਇਆ ਬੇੜਾ ਭਵ ਜਲੋਂ ਪਾਰ ਲੰਘਾਉਣਾ ਜੀ।
ਬਖਸ਼ ਬਲ ਤੇ ਕਲ੍ਹ ਨਾ ਪੈਣ ਦੇਣਾ ਏਸ ਕੰਮ ਨੂੰ ਸਿਰੇ ਚੜ੍ਹਾਉਣਾ ਜੀ।
ਤਾਕਤ ਬਖਸ਼ ਤੇ ਨਕਸ਼ ਉਤਾਰ ਦੇਵਾਂ ਹਾਰ ਨੌ ਲਖਾ ਜੜਤ ਜੜਾਉਣਾ ਜੀ।
ਸਧਨਾ ਜਿਸ ਤਰ੍ਹਾਂ ਕਿਲੇ ਤੋਂ ਰਖਿਆ ਸੀ ਵਾਂਗ ਧੰਨੇ ਦੇ ਸੱਦਿਆਂ ਆਉਣਾ ਜੀ।
ਸੈਨ ਨਾਈ ਦੇ ਰੂਪ ਨੂੰ ਧਾਰ ਕੇ ਤੇ ਕੋੜ੍ਹ ਰਾਜੇ ਦਾ ਜਾ ਹਟਾਉਣਾ ਜੀ।
ਜਿਵੇਂ ਭਗਤ ਕਬੀਰ ਦਾ ਜਗ ਕੀਤਾ ਜਸ ਜਗ ਤੇ ਓਹਦਾ ਵਧਾਉਣਾ ਜੀ।
ਅੱਗੇ ਹਾਥੀ ਦੇ ਸੁਟਿਆ ਬੰਨ੍ਹ ਨਾਮਾ ਸੁੰਡ ਨਾਲ ਪ੍ਰਨਾਮ ਕਰਾਉਣਾ ਜੀ।
ਲਾਜ ਭਗਤ ਰਵਿਦਾਸ ਦੀ ਰਖ ਦਿਤੀ ਗੰਗਾ ਸਿਲਾ ਦੇ ਹੇਠ ਵਗਾਉਣਾ ਜੀ।
ਵਿਚ ਸਭਾ ਦੇ ਨਗਣ ਨਾ ਹੋਣ ਦੇਣਾ ਵਾਂਗ ਦਰੋਪਤਾਂ ਮਾਣ ਵਧਾਉਣਾ ਜੀ।
ਕਵਿਤਾ ਲਿਖਣੀ ਜੋ ਬੜੀ ਦੂਰ ਦਿਸੇ ਅਖਰ ਅਖਰ ਤੇ ਖੂਨ ਚਵਾਉਣਾ ਜੀ।

ਮਦਦ ਕਰੋ ਤੇ ਭਰੋ ਖਜਾਨਿਆਂ ਨੂੰ ਤੇਰੇ ਚਰਣਾਂ ਤੇ ਸੀਸ ਟਕਾਉਣਾ ਜੀ।
ਫੋਟੂ ਖਿਚਣਾ ਬਬਰਾਂ ਦਾ ਲਾਬ ਸਿੰਘਾ ਨੌ ਜਵਾਨਾਂ ਦੇ ਤਾਈਂ ਦਖਾਉਣਾ ਜੀ।

## ਗੁਰੂ ਨਾਨਕ ਦੇਵ ਜੀ ਨੂੰ

(ਬੈਂਤ)

ਲਖਾਂ ਵਾਰ ਹੈ ਬੰਦਨਾਂ ਗੁਰੂ ਨਾਨਕ ਦਇਆ ਕਰੋ ਤੇ ਹਰੋ ਕਲੇਸ ਬਾਬਾ।
ਕਟੋ ਫੰਧ ਤੇ ਦਿਲ ਅਨੰਦ ਹੋਵੇ ਪੱਟੀ ਛਡੋ ਅੰਗਰੇਜ਼ ਦੀ ਮੇਸ ਬਾਬਾ।
ਸਪਤ ਦੀਪ ਨੌ ਖੰਡ ਬ੍ਰਹਮੰਡ ਸਾਰੇ ਤਾਰ ਛਡਿਆ ਦੇਸ਼ ਪ੍ਰਦੇਸ਼ ਬਾਬਾ।
ਸਾਧੂ ਸੰਤ ਮਹੰਤ ਤੇ ਦੰਤ ਤਾਰੇ ਜੀਵ ਜੰਤ ਵਿਚ ਤੇਰਾ ਪ੍ਰਵੇਸ਼ ਬਾਬਾ।
ਹੋਰ ਲੱਖ ਪਾਖੰਡ ਸਭ ਦੂਰ ਕੀਤੇ ਸੱਚੇ ਰਬ ਨੂੰ ਕਰੇ ਆਦੇਸ਼ ਬਾਬਾ।
ਰਾਜੇ ਰਾਣਿਆਂ ਹੋਰ ਜਰਵਾਣਿਆਂ ਨੇ ਅਗੇ ਆਪਦੇ ਕੀਤਾ ਆਦੇਸ਼ ਬਾਬਾ।
ਸਖ ਛੱਡਕੇ ਦੁਖਾਂ ਦੇ ਵਿਚ ਪੈਣਾ ਪੌਣ ਦੁਖਾਂ ਦੀ ਪਈ ਦਰੇਸ਼ ਬਾਬਾ।
ਮੱਲ ਕਟ ਤੇ ਸਹਿਲ ਹੋ ਜਾਏ ਲਿਖਣਾ ਪਾਪ ਚਿੰਬੜੇ ਵਾਂਗ ਸਰੇਸ਼ ਬਾਬਾ।
ਗੁਣ ਗਾਵਾਂਗਾ ਤਾੜੀਆਂ ਲਾ ਤੇਰੇ ਗੌਂਦਾ ਜਿਵੇਂ ਹੋਏ ਨਾਗ ਸ਼ੇਸ਼ ਬਾਬਾ।
ਮਾਰੇ ਪਏ ਗੁਲਾਮੀ ਦੇ ਲਾਭ ਸਿੰਘਾ ਸਾਡੀ ਕੋਈ ਨਾ ਚਲਦੀ ਪੇਸ਼ ਬਾਬਾ।

## ਤਥਾ ਬੈਂਤ

ਪਾਪੀ ਤਾਰੇ ਤੂੰ ਭੂਮੀਏ ਠਗ ਵਰਗੇ ਕਾਰੂੰ ਸੂਮ ਵਰਗੇ ਬਾਦਸ਼ਾਹ ਤਾਰੇ।
ਸਾਗਰ ਪ੍ਰਬਤਾਂ ਨੇ ਮੰਨੀ ਈਨ ਤੇਰੀ ਧੌਣ ਜ਼ੁਲਮ ਦੀ ਭੰਨ ਲੁਫਾ ਤਾਰੇ।
ਓਧਰ ਅਰਬ ਈਰਾਨ ਬਗਦਾਦ ਤਾਰੇ ਰੂਮ ਸ਼ਾਮ ਸਿਆਮ ਸੁਫਾ ਤਾਰੇ।
ਤਿਬਤ ਹੋਰ ਭੂਟਾਨ ਨਿਪਾਲ ਤਾਰੇ ਕੁੱਲੂ ਕਾਂਗੜਾ ਭਾਗਸੂ ਜਾ ਤਾਰੇ।
ਸਣੇ ਸੰਗਲਾ ਦੀਪ ਹਿਮਾਲਿਆ ਨੂੰ ਸਚੇ ਨਾਮ ਦੀ ਪਾਣ ਚੜ੍ਹਾ ਤਾਰੇ।
ਰਖਿਆ ਹੱਥ ਇਨਸਾਨ ਹੈਵਾਨ ਉਤੇ ਵਾਹਿਗੁਰੂ ਦਾ ਭੇਦ ਸਮਝਾ ਤਾਰੇ।
ਸਿੰਧ ਹੈਦਰਾ ਬਾਦ ਪੁਆਦ ਤਾਰੇ ਸੱਜਨ ਠਗ ਵਰਗੇ ਬੇ ਬਹਾ ਤਾਰੇ।
ਭਾਰਤ ਵਰਸ਼ ਨੂੰ ਖਾਕੇ ਤਰਸ ਸਾਈਂ ਚਪੂ ਡੁਬਦੇ ਬੇੜੇ ਨੂੰ ਲਾ ਤਾਰੇ।
ਹੋਵੇ ਸਿਫਤ ਨਾ ਬਿਪਤ ਦੇ ਵਿਚ ਬੌੜ੍ਹੇ ਤੁਰਕ ਪੁਛਦੇ ਖੂਨ ਦਾ ਭਾ ਤਾਰੇ।
ਰੁੜ੍ਹੇ ਜਾਂਦਿਆਂ ਅਤੇ ਨਬਾਂਦਿਆਂ ਤੇ ਬਾਦਸ਼ਾਹੀ ਦਾ ਛਤਰ ਝੁਲਾ ਤਾਰੇ।
ਤੂਹੀਂ ਦੀਨ ਦਿਆਲ ਹੈਂ ਲਾਭ ਸਿੰਘਾ ਟਿਲੇ ਉਚੇ ਜੋ ਚੜ੍ਹਕੇ ਆ ਤਾਰੇ।

## ਦਸਮੇਸ਼ ਗੁਰੂ ਅੱਗੇ ਬੇਨਤੀ

(ਬੈਂਤ)

ਦਸਮੇਂ ਪਾਤਸ਼ਾਹ ਸ਼ਾਹਾਂ ਦੇ ਸ਼ਾਹ ਸੱਚੇ ਦੂਣੀ ਕਰ ਦਿਓ ਅਕਲ ਵਧਾ ਕੇ ਜੀ।
ਹਿੰਦ ਰੱਖ ਵਖਾਲੀ ਤੂੰ ਜ਼ਾਲਮਾਂ ਤੋਂ ਖੰਡਾ ਦਲਾਂ ਦੇ ਵਿਚ ਖੜਕਾ ਕੇ ਜੀ।
ਸਿਰ ਤੇ ਛਤਰ ਝੁਲਾਇਆ ਤੂੰ ਰੁਲਦਿਆਂ ਦੇ ਪਾਪੀ ਜ਼ਾਲਮਾਂ ਤਾਂਈ ਖਪਾ ਕੇ ਜੀ।
ਮਥਾ ਜੋੜਕੇ ਦਿਲੀ ਦੇ ਬਾਦਸ਼ਾਹ ਨੂੰ ਮੁਖ ਛਡਿਆ ਘਾਓ ਚਰਾ ਕੇ ਜੀ।
ਬੇੜਾ ਸ਼ੌਹ ਦਰਿਆ ਦੇ ਵਿਚ ਰੁੜ੍ਹਦਾ ਦਿਤਾ ਪਾਰ ਲਾ ਤੁਧ ਉਠਾਕੇ ਜੀ।
ਤੇਗ ਧਰਕੇ ਹਿੰਦ ਦੀ ਧੌਣ ਉਤੇ ਮਾਰੇ ਤੁਰਕਾਂ ਨੇ ਅੜ ਅੜਾ ਕੇ ਜੀ।

ਲਖਾਂ ਕਤਲ ਬ੍ਰਹਮਾ ਦੇ ਪੁਤ ਕੀਤੇ ਫੂਕੇ ਵਿਚ ਤੰਦੂਰਾਂ ਦੇ ਪਾਕੇ ਜੀ।
ਫੜਦੇ ਬਾਂਹ ਨਾ ਕਰ ਫਨ੍ਹਾ ਦਿੰਦੇ ਛਡਦੇ ਨਾਮ ਨਿਸ਼ਾਨ ਮਟਾ ਕੇ ਜੀ।
ਮੰਦਰ ਢਾਕੇ ਕਰ ਸੁਫਾ ਦਿਤੇ ਸੁਟੇ ਖੂਹਾਂ ਦੇ ਵਿਚ ਚੁਕਾ ਕੇ ਜੀ।
ਘਰੋਂ ਕਢ ਮਿਸ਼ਰਾਣੀਆਂ ਸੋਹਣੀਆਂ ਦੇ ਤੋੜੇ ਨੰਗ ਨਮੂਜ ਬਣਾ ਕੇ ਜੀ।
ਦੋ ਦੋ ਪੈਸਿਆਂ ਵਿਚ ਬਗਦਾਦ ਵੇਚੇ ਭੇਡ ਬਕਰੀ ਵਾਂਗ ਲੈਜਾ ਕੇ ਜੀ।
ਬ੍ਰਾਹਮਣ ਚੰਮੜਿਆਂ ਵਿਚ ਮੜ੍ਹਾ ਮਾਰੇ ਉਤੇ ਗਊ ਦੀ ਖਲ ਚੜ੍ਹਾ ਕੇ ਜੀ।
ਕਿਸੇ ਮਰਦ ਨਾ ਦੇਸ਼ ਦੀ ਬਾਂਹ ਪਕੜੀ ਚੰਮ ਦਿਤੇ ਪਾ ਸੁਕਣੇ ਲਾਹ ਕੇ ਜੀ।
ਤੇਰੇ ਬਾਝ ਨਾ ਕੋਈ ਮੈਦਾਨ ਖੜਿਆ ਮਥਾ ਜੋੜਿਆ ਬਜ ਬਜਾ ਕੇ ਜੀ।
ਨੌ ਨੌ ਧਨੁਖ ਦੇ ਬਾਣ ਚਲਾ ਦਿਤੇ ਅਰਜਨ ਭੀਮ ਤਾਂਈ ਮਾਤ ਪਾ ਕੇ ਜੀ।
ਸੂਬੇ ਰੋਲ ਮੈਦਾਨ ਦੇ ਵਿਚ ਮਾਰੇ ਸੁਟੇ ਕੇਲਿਆਂ ਵਾਂਗ ਕਟਾ ਕੇ ਜੀ।
ਲਵਾਂ ਸ਼ਰਣ ਤੇ ਹਰਨਗੇ ਦੁਖ ਮੇਰੇ ਉਤੇ ਮੇਹਰ ਦੀ ਨਿਗ੍ਹਾ ਟਕਾ ਕੇ ਜੀ।
ਜੋਗਾ ਸਿੰਘ ਦੀ ਜਿਸ ਤਰ੍ਹਾਂ ਲਾਜ ਰਖੀ ਖੜੇ ਸੰਤਰੀ ਰੂਪ ਵਟਾ ਕੇ ਜੀ।
ਚਰਣ ਓਸ ਦੇ ਫੜ ਲੈ ਲਾਭ ਸਿੰਘਾ ਪੱਲਾ ਨਿਮ੍ਰਤਾ ਦਾ ਗਲ ਪਾ ਕੇ ਜੀ।

## ਵਾਕ ਕਵੀ (ਬੈਂਤ)

ਗੱਲਾਂ ਕਰਨੀਆਂ ਜਗ ਤੇ ਸੌਖੀਆਂ ਨੇ ਔਖੇ ਪਾਲ ਕੇ ਦਸਣੇ ਬੋਲ ਭਾਈ।
ਵਿਚ ਭੋਰਿਆਂ ਬੈਠ ਕੇ ਮਸਤ ਰਹਿੰਦੇ ਬੱਜਣ ਵਿਚ ਜਹਾਨ ਦੇ ਢੋਲ ਭਾਈ।
ਯਾਰ ਦੁਖਾਂ ਦੇ ਵਿਚ ਹੀ ਜਾਣ ਪਰਖੇ ਮੌਕਾ ਪਏ ਤਾ ਜਾਂਵਦੇ ਡੋਲ ਭਾਈ।
ਮਾੜੇ ਦਿਲਾਂ ਤੋਂ ਕਿਸ ਤਰਾਂ ਹੋਏ ਜਿਗਰਾ ਕਾਂਜੀ ਦੁੱਧ ਅੰਦਰ ਦੇਂਦੇ ਘੋਲ ਭਾਈ।
ਗੰਦੀ ਛਪੜੀ ਵਿਚ ਨਾ ਹੋਣ ਮੋਤੀ ਰਹੇ ਮਾਰਕੇ ਟਕਰਾਂ ਟੋਲ ਭਾਈ।
ਜਾਣ ਨਰਕ ਨੂੰ ਲੈਣ ਤੇ ਦੇਣ ਵਾਲੇ ਸੌਦੇ ਕੂੜ ਅਪਰਾਧ ਦੇ ਤੋਲ ਭਾਈ।
ਸੱਟਾਂ ਖਾਣੀਆਂ ਵਿਚ ਮੈਦਾਨ ਮੁਸ਼ਕਲ ਸੌਖੇ ਬੈਠਕਾਂ ਵਿਚ ਕਲੋਲ ਭਾਈ।
ਧਰਕੇ ਆਪਣੇ ਸੀਸ ਨੂੰ ਤਲੀ ਉਤੇ ਵਹੁਟੀ ਮੌਤ ਨੂੰ ਸਦਣਾ ਕੋਲ ਭਾਈ।
ਉਤੋਂ ਮਹਾਂਰਾਜੇ ਵਿਚੋਂ ਮਹਾਂ ਪਾਪੀ ਪੋਲੇ ਅੰਦਰੋ ਢੋਲਦੇ ਖੋਲ ਭਾਈ।
ਬੰਦੇ ਅਸੀਂ ਜਹਾਨ ਤੇ ਲਖ ਦੇਖੇ ਰਾਸ ਸਚਦੀ ਹੈ ਨਹੀਂ ਕੋਲ ਭਾਈ।
ਮਰਦਾਂ ਲਈ ਮੈਦਾਨ ਹੈ ਲਾਭ ਸਿੰਘਾ ਬਣੇ ਵੇਸ਼ਿਆ ਲਈ ਕਲੋਲ ਭਾਈ।

## ਤਥਾ ਬੈਂਤ

ਮਾਤ ਲੋਕ ਦੇ ਵਿਚ ਬੈਕੁੰਠ ਭੋਗੇ ਸੁੰਦਰ ਸੋਹਣੇ ਜਿਨਾਂ ਦੇ ਯਾਰ ਜਾਨੀ।
ਖੁਸ਼ੀਆਂ ਆਉਂਦੀਆਂ ਵੇਖ ਕੇ ਮੁਖੜੇ ਨੂੰ ਮਥੇ ਸੋਹਣਾ ਰੂਪ ਅਪਾਰ ਜਾਨੀ।
ਲਖਾਂ ਤੀਰਥਾਂ ਵਿਚ ਇਸ਼ਨਾਨ ਹੋਇਆ ਦੇਣ ਯਾਰ ਨੂੰ ਯਾਰ ਦੀਦਾਰ ਜਾਨੀ।
ਨੈਣ ਦੇਖ ਕੇ ਨੈਣਾਂ ਦੇ ਰੂਪ ਤਾਈਂ ਬੰਦੇ ਬੰਦਿਆਂ ਦੇ ਬਲਿ-ਹਾਰ ਜਾਨੀ।
ਸੀਨੇ ਤਪਣ ਜੁਦਾਈ ਦੇ ਭਠ ਜਿਹੜੇ ਹੁੰਦੇ ਦੇਖਣੇ ਤੋਂ ਠੰਡੇ ਠਾਰ ਜਾਨੀ।
ਵੇਖਣ ਵਾਸਤੇ ਦੋ ਵਜੂਦ ਦਿਸਦੇ ਅੰਦਰ ਇਕ ਹੈ ਦੋਹਾਂ ਦੀ ਤਾਰ ਜਾਨੀ।
ਯਾਰ ਯਾਰਾਂ ਦਾ ਦੁਖ ਨਾ ਝੱਲ ਸਕਣ ਮਨਜ਼ੂਰ ਕਰਦੇ ਸੂਲੀ ਦੀ ਸਾਰ ਜਾਨੀ।
ਹਥ ਜੋੜ ਮਜੂਰਾਂ ਦੇ ਵਾਂਗ ਅਗੇ ਯਾਰ ਯਾਰਾਂ ਦੇ ਤਾਬਿਆਦਾਰ ਜਾਨੀ।
ਯਾਰ ਯਾਰਾਂ ਨੂੰ ਕਦੇ ਨਾ ਕਰਨ ਗੁੱਸੇ ਧੌਣ ਦੇਣਗੇ ਹੇਠ ਤਲਵਾਰ ਜਾਨੀ।

ਜਿਹੜੇ ਦਿਲਾਂ ਨੇ ਦਿਲਾਂ ਨੂੰ ਖਿਚ ਲਿਆ ਦੇਖੇ ਬਾਝਨਾਂ ਆਵੇ ਆਧਾਰ ਜਾਨੀ।
ਪੀੜ ਯਾਰ ਦੀ ਦੇਖ ਕੇ ਸੂਈ ਜਿਨੀ ਯਾਰ ਮਰਨ ਦੇ ਲਈ ਤਿਆਰ ਜਾਨੀ।
ਲਖ ਲਾਣਤਾਂ ਯਾਰ ਦੇ ਬਾਝ ਜੀਉਣਾ ਫਿਰਨਾ ਛਾਣਦੇ ਜਗ ਤੇ ਛਾਰ ਜਾਨੀ।
ਹੱਥ ਜੋੜਕੇ ਪੈਰਾਂ ਪੁਰ ਸੀਸ ਧਰੀਏ ਬਖਸ਼ ਦੇਣਗੇ ਗੁਰੂ ਭੰਡਾਰ ਜਾਨੀ।
ਆਸ ਛਡਕੇ ਸਭ ਦੀ ਲਾਭ ਸਿੰਘਾ ਯਾਰ ਰਖੀਏ ਇਕ ਕਰਤਾਰ ਜਾਨੀ।

## ਦੁਆਬੇ ਪ੍ਰਤਿ ਦਾਸ ਦੀ ਬੇਨਤੀ

### ਬੈਂਤ

ਧੂਪ ਦੀਪ ਦੇਕੇ ਮਥਾ ਟੇਕ ਦੇਵਾਂ ਸੁੰਦਰ ਦੇਸ ਦੁਆਬੇ ਦੇ ਸੋਹਣੇ ਨੂੰ।
ਚਲੇ ਤੋਪ ਬੰਦੂਕ ਤੇ ਬੰਬ ਅਗੇ ਛਾਤੀ ਡਾਹ ਕੇ ਮੂਰੇ ਖਲੋਣੇ ਨੂੰ।
ਵਾਂਗ ਹਰਨ ਦੇ ਚੌਂਕੜੀ ਭੁਲ ਗਿਆ ਕੀਤੀ ਕਤਰੀ ਆਪਣੀ ਖੋਹਣੇ ਨੂੰ।
ਬੇੜਾ ਰੋੜ੍ਹ ਕੇ ਆਪਣਾ ਸ਼ੌਹ ਅੰਦਰ ਹਥ ਮਾਰਕੇ ਮਥੇ ਪੁਰ ਰੋਣੇ ਨੂੰ।
ਬੁਰਕਾ ਲਾਹ ਕੇ ਸ਼ੇਰ ਦਾ ਰਖ ਦਿਤਾ ਲਦੇ ਟਟੂਆਂ ਦੇ ਵਾਂਗ ਢੋਣੇ ਨੂੰ।
ਲੜੀ ਤੋੜਕੇ ਆਪਣੀ ਏਕਤਾ ਦੀ ਹਥ ਮਾਰਦਾ ਮਥੇ ਤੇ ਰੋਣੇ ਨੂੰ।
ਬਬਰ ਬਣ ਮੈਦਾਨ ਸ਼ਹੀਦ ਹੋ ਜਾਊ ਲਗੇ ਦਾਗ ਕਲੰਕ ਦੇ ਧੋਣੇ ਨੂੰ।
ਸੁੰਦਰ ਛੈਲ ਤੇ ਬੈਲ ਦਾ ਰੂਪ ਬਣਿਆ ਕੁੱਲੀ ਕੁੱਲੀ ਜਹਾਨ ਕਹ ਹੋਣੇ ਨੂੰ।
ਕਿਸੇ ਚੰਦਰੀ ਡੈਣ ਦਾ ਪਿਆ ਛਾਇਆ ਮੁਰਦੇ ਵਾਂਗ ਨਾ ਅੰਗ ਹਲੌਣੇ ਨੂੰ।
ਵਗ ਛਡਕੇ ਮੱਝਾਂ ਲੁਵੇਰੀਆਂ ਦਾ ਦੁੱਧ ਝੋਟਿਆਂ ਦੇ ਹੇਠੋਂ ਚੋਣੇ ਨੂੰ।
ਮਾਸ ਖਾ ਲਿਆ ਪਿੰਜਰਾ ਰਿਹਾ ਖਾਲੀ ਜੂਨ ਭੋਗਦਾ ਹਡ ਖੜਕੌਣੇ ਨੂੰ।
ਵਿਚ ਆਪਣੈ ਘਰ ਦੇ ਲਾਭ ਸਿੰਘਾ ਡੈਣ ਰਖ ਲਈ ਮੁੰਡਾ ਖਡੌਣੇ ਨੂੰ।

## ਵਾਕ ਕਵੀ (ਸਿੱਖਾਂ ਦੇ ਰਾਜ ਸੰਬੰਧੀ)

### ਬੈਂਤ

ਅੰਤ ਛਡਣੀ ਪਵੇਗੀ ਇਹ ਦੁਨੀਆਂ ਦੇਣੇ ਸਭ ਪ੍ਰਵਾਰ ਵਿਛੋੜ ਭਾਈ।
ਜਦੋਂ ਡੋਰ ਆਈ ਹੱਥ ਬ੍ਰਾਹਮਣਾਂ ਦੇ ਉਹਨਾਂ ਛਡਿਆ ਬੇੜੇ ਨੂੰ ਰੋੜ੍ਹ ਭਾਈ।
ਦੇਸ਼ ਸੁਟਿਆ ਵਿਚ ਸਮੁੰਦਰਾਂ ਦੇ ਰਖੀ ਆਪਣੇ ਪੇਟ ਦੀ ਲੋੜ ਭਾਈ।
ਸਾਰੇ ਮੁਲਖ ਦਾ ਝੂਠ ਤੁਫਾਨ ਲੈ ਕੇ ਦਿਤਾ ਵਿਚ ਗ੍ਰੰਥਾਂ ਘਸੋੜ ਭਾਈ।
ਫੁਟ ਪਾਕੇ ਮਾਰਿਆ ਦੇਸ਼ ਹੀਰਾ ਲੜੀ ਏਕਤਾ ਦੀ ਛਡੀ ਤੋੜ ਭਾਈ।
ਠੇਕਾ ਕੂੜ ਤੁਫਾਨ ਦਾ ਚੁਕ ਲਿਆ ਮੁਖ ਭਜਨ ਭਗਵਾਨ ਤੋਂ ਮੋੜ ਭਾਈ।
ਡੋਲੇ ਧੀਆਂ ਦੇ ਭੇਜਦੇ ਹਾਕਮਾਂ ਨੂੰ ਮੁਰਦਾ ਪੈ ਗਏ ਛਤੀ ਕਰੋੜ ਭਾਈ।
ਤੁਰਕਾਂ ਆਣਕੇ ਮਾਰ ਮੈਦਾਨ ਲਿਆ ਖਲਾਂ ਬਕਰੇ ਵਾਂਗ ਨਚੋੜ ਭਾਈ।
ਹਿੰਦ ਧਰਕੇ ਬੇਲਣੇ ਪੀੜ ਸੁਟੀ ਰਤ ਗੰਨਿਆਂ ਵਾਂਗ ਨਚੋੜ ਭਾਈ।
ਮੁਰਦਾ ਦੇਸ਼ ਬਣਾਈਆ ਇਹ ਲਾਭ ਸਿੰਘਾ ਲਿਆ ਹਡਾਂ ਤੋਂ ਮਾਸ ਘਰੋੜ ਭਾਈ।

**ਨੋਟ :—ਗੱਲ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਤਿਹਾਸਿਕ ਪਛੋਕੜ ਅਤੇ ਮੁਸਲਮਾਨ ਬਾਦਸ਼ਾਹਾਂ ਤੇ ਉਹਨਾਂ ਦੇ ਰਾਜ ਵਿਚ ਵਾਪਰੀਆਂ ਘਟਨਾਵਾਂ ਦਾ ਗਿਆਨ ਅਤੀ ਲੋੜੀਂਦਾ ਹੈ। ਜੋ ਪਾਠਕਾਂ ਦੀ ਜਾਨਕਾਰੀ ਲਈ ਹੇਠ ਦਿਤਾ ਜਾਂਦਾ ਹੈ।**

ਤਾਰੀਖ ਤਾਜਲ ਮੁਆਸਰ ਵਿਚ ਲਿਖਿਆ ਹੈ ਕਿ ਸੰਮਤ ੧੨੬੩ ਬਿਕਰਮੀ ਨੂੰ ਜਦੋਂ ਕੁਤਬਦੀਨ ਐਬਕ ਨੇ ਰਾਜੇ ਬੰਸ ਪਾਲ ਤੋਂ ਮੇਰਠ ਸ਼ਹਿਰ ਛੁਡਾਇਆ ਤਾਂ ੭੦੦ ਸ਼ਿਵਾਲੇ ਤੋੜ ਕੇ ਮਸੀਤਾਂ ਬਣਵਾਈਆਂ। ਤਿੰਨ ਹਜਾਰ ਰਾਜ ਕੁਟੰਬ ਦੇ ਤੇ ਹੋਰ ਬੇਅੰਤ ਹਿੰਦੂ ਕਤਲ ਕਰਵਾਏ, ਮੂਰਤਾਂ ਉਹਨਾਂ ਦੇ ਲਹੂ ਨਾਲ ਨੁਵ੍ਹਾਈਆਂ ਤੇ ਚੂਨਾ ਬਣਵਾਕੇ ਮਸੀਤਾਂ ਨੂੰ ਲੁਵਾਇਆ। ਫੇਰ ੧੨੬੮ ਬਿਕਰਮੀ ਨੂੰ ਏਸ ਬਾਦਸ਼ਾਹ ਨੇ ਕੋਲ ਸ਼ਹਿਰ ਰਾਣੀ ਜਗਦੇਈ ਤੋਂ ਛੁਡਾਇਆ। ਉਸਦੀ ਪਰਜਾ ਦੇ ਬੇਅੰਤ ਹਿੰਦੂ ਕਤਲ ਕਰਵਾਏ, ਮੰਦਰ ਤੋੜ ਕੇ ਤੇਤੀ ਮਸੀਤਾਂ ਬਣਵਾਈਆਂ, ਸ਼ਹਿਰ ਕਲੰਜਰ ਦੇ ੧੧੩ ਮੰਦਰ ਤੋੜਕੇ ਮਸੀਤਾਂ ਬਣਵਾਈਆਂ, ੩੩੦੦੦ ਹਿੰਦੂ ਕਤਲ ਕਰਵਾਏ ਤੇ ੫੦੦੦੦ ਢਗੇ ਬਣਾ ਕੇ ਬਗਦਾਦ ਭੇਜੇ ਗਏ, ਜੋ ਸਵਾ ਸਵਾ ਰੁਪਏ ਨੂੰ ਵੇਚੇ ਗਏ। ਤਾਰੀਖ ਇਲਾਹੀ ਵਿਚ ਅਮੀਰ ਖੁਸਰੋ ਆਪ ਲਿਖਦਾ ਹੈ ਕਿ ਸੰਮਤ ੧੩੪੬ ਵਿਚ ਫ਼ਰੋਜ਼ ਸ਼ਾਹ ਨੇ ਰਾਜੇ ਵੀਰ ਸੈਨ ਨੂੰ ਫ਼ਤਹਿ ਕੀਤਾ। ਐਸਾ ਫੌਜ ਤੋਂ ਲੁਟਵਾਇਆ ਕਿ ਅੰਨ ਕਪੜੇ ਦਾ ਕਾਲ ਪੈ ਗਿਆ। ਭਲਸਾ ਸ਼ਹਿਰ ਜੋ ਰਾਜੇ ਦੀ ਰਾਜਧਾਨੀ ਸੀ ਸਾਰੇ ਮੰਦਰ ਤੋੜਕੇ ਮਸੀਤਾਂ ਬਣਵਾਈਆਂ ਤੇ ਕਿਲੇ ਦੇ ਮੂਹਰੇ ਮੂਰਤਾਂ ਦਾ ਫਰਸ਼ ਬਣਾ ਕੇ ਇਕ ਹਜਾਰ ਹਿੰਦੂ ਰੋਜ਼ਾਨਾ ਮਹੀਨਾ ਭਰ ਕਤਲ ਕਰਾਉਂਦਾ ਰਿਹਾ। ਅਲਾਓਦੀਨ ਖਿਲਜੀ ਦਾ ਹਵਾਲ ਮੀਰ ਅਬਦੁਲਾ ਲਿਖਦਾ ਹੈ ਕਿ ਇਹ ਬਾਦਸ਼ਾਹ ਆਪਣੇ ਦੀਨ ਦੀ ਖਾਤਰ ਦੂਸਰਾ ਖਲੀਫਾ ਸੀ। ਸ਼ਹਿਰ ਖੰਭਾਤ ਤੇ ਹੋਰ ਦੇਸ਼ ਦੇ ਮੰਦਰ ਤੋੜ ਕੇ ਮਸੀਤਾਂ ਬਣਵਾਈਆਂ, ਬੇਅੰਤ ਹਿੰਦੂ ਕਤਲ ਕਰਵਾਏ। ਏਸ ਦੀ ਦੋ ਲਖ ਫੌਜ ਨੇ ਇਤਨਾਂ ਹੀਰਾ ਮੋਤੀ ਚੁਣਿਆਂ,ਪੁਖਰਾਜ ਚਾਂਦੀ ਸੋਨਾ ਇਤਨਾ ਲਭਾ ਜੋ ਫੌਜੀ ਬਾਦਸ਼ਾਹ ਦੀ ਨੌਕਰੀ ਛਡ ਕੇ ਮੁੰਡੇ ਕੁੜੀਆਂ ਲੈ ਕੇ ਘਰਾਂ ਨੂੰ ਚਲੇ ਗਏ, ਬਾਦਸ਼ਾਹ ਨੂੰ ਹੋਰ ਫੌਜ ਰਖਣੀ ਪਈ। ਉਮਰ ਦੀਆਂ ਰੋਟੀਆਂ ਲੈ ਕੇ ਨੌਕਰੀ ਛਡ ਗਏ। ਚੌਥੇ ਤਾਰੀਖ ਇਲਾਹੀ ਵਿਚ ਲਿਖਿਆ ਹੈਕਿ ਇਕ ਵਾਰ ਅਲਾਓਦੀਨ ਖਿਲਜੀ ਨੇ ਕਾਜੀ ਤੋਂ ਪੁਛਿਆ ਕਿ ਹਿੰਦੂ ਕਾਫਰਾਂ ਵਾਸਤੇ ਸ਼ਰਾ ਦਾ ਕੀ ਹੁਕਮ ਹੈ। ਕਾਜੀ ਨੇ ਆਖਿਆ ਕਿ ਹਿੰਦੂ ਕਮਾਦ ਹੈ ਜਿਤਨਾਂ ਪੀੜੋ ਉਤਨਾਂ ਰਸ ਦੇਂਦੇ ਹਨ। ਪੈਗੰਬਰ ਦਾ ਹੁਕਮ ਹੈ ਹਿੰਦੂ ਮੋਮਨਾਂ ਦੀ ਸੇਵਾ ਵਾਸਤੇ ਪੈਦਾ ਕੀਤੇ ਹਨ। ਜੇ ਮੋਮਨ ਥੁਕੇ ਤਾਂ ਹਿੰਦੂ ਆਪਣੇ ਮੂੰਹ ਵਿਚ ਖੁਸ਼ੀ ਖੁਸ਼ੀ ਪੁਆ ਲਵੇ। ਕਲਮਾ ਪੜ੍ਹੌਣ ਵਾਸਤੇ ਜਿਤਨੀ ਤਕਲੀਫ ਮੋਮਨ ਹਿੰਦੂਆਂ ਨੂੰ ਦੇਣਗੇ ਉਤਨਾਂ ਸਵਾਬ ਖ਼ੁਦਾ ਬਹਿਸ਼ਤ ਵਿਚ ਦੇਵੇਗਾ। ਹਿੰਦੂਆਂ ਦਾ ਮਾਲ ਮੋਮਨਾਂ ਵਾਸਤੇ ਮਾਂ ਦਾ ਦੁਧ ਹੈ। ਬਾਦਸ਼ਾਹ ਨੇ ਹੱਸ ਆਖਿਆ, ਮੀਆਂ ਜੀ ਸ਼ਰਾ ਪੁਰ ਚਲਣਾ ਤਾਂ ਮੁਸ਼ਕਲ ਹੈ। ਪਰ ਮੈਂ ਆਪਣੀ ਦੋ ਲਖ ਫੌਜ ਲੁਟ ਵਾਸਤੇ ਛਡੀ ਹੋਈ ਹੈ ਕਿ ਕੋਈ ਹਿੰਦੂ ਕਣਕ, ਖਰਬੂਜਾ, ਅੰਬ ਆਦਿਕ ਚੰਗੀ ਚੀਜ ਕੋਈ ਨਾ ਖਾਵੇ, ਸੋਹਣਾ ਲੜਕਾ ਲੜਕੀ ਫੜ ਲਿਆਓ। ਤਾਰੀਖ ਫਰਿਸ਼ਤਾ ਵਿਚ ਲਿਖਿਆ ਹੈ, ਕਿ ਏਸ ਬਾਦਸ਼ਾਹ ਦੇ ਵੇਲੇ ਹਿੰਦੂ ਇਤਨੇ ਕਮਜ਼ੋਰ ਹੋ ਗਏ ਸੀ ਕਿ ਚੰਗੇ ਚੰਗੇ ਘਰਾਂ ਦੀਆਂ ਹਿੰਦੂਆਂ ਦੀਆਂ ਤੀਵੀਆਂ ਮੁਸਲਮਾਨਾਂ ਦੀ ਘਰੀਂ ਮਜਦੂਰੀ ਕਰਦੀਆਂ ਸਨ ਤਾਂ ਰੋਟੀ ਮਿਲਦੀ ਸੀ। ਤਮੂਰ ਸ਼ਾਹ ਆਪਣੀ ਤਾਰੀਖ ਵਿਚ ਆਪ ਹੀ ਲਿਖਦਾ ਹੈ ਕਿ ਮੇਰੇ ਹੁਕਮ ਨਾਲ ਇਲਾਕਾ ਦੀਪਾਲ ਪੁਰ ਵਿਚ

ਪੰਜ ਹਜ਼ਾਰ, ਅਜੁਧਿਆ ਵਿਚ ਚੌਦਾਂ ਹਜ਼ਾਰ, ਬਨਾਰਸ ਵਿਚ ਤੇਤੀ ਹਜ਼ਾਰ ਹਿੰਦੂ ਕਤਲ ਹੋਏ ਤੇ ਉਹਨਾਂ ਦੇ ਮੁੰਡੇ ਕੁੜੀਆਂ ਗੋਲੇ ਗੋਲੀਆਂ ਬਣਾਏ ਗਏ। ਭਟਨੇਰ ਵਿਚ ੨੯੦੦ ਕੋਠਿਆਂ ਵਿਚ ਬੰਦ ਕਰਕੇ ਸਾੜੇ ਗਏ। ਡੇਡ ਲੱਖ ਸਿਪਾਹੀ ਏਸ ਵਾਸਤੇ ਛੱਡਿਆ ਹੋਇਆ ਹੈ। ਬਾਬਰ ਬਾਦਸ਼ਾਹ ਤੌਜ਼ਕੇਬਾਬਰੀ ਵਿਚ ਲਿਖਦਾ ਹੈ ਕਿ ਮੈਂ ਆਪਣੀ ਫਤਹਿ ਦੀ ਖੁਸ਼ੀ ਵਿਚ ਹਿੰਦੂਆਂ ਦੇ ਪਿੰਡ ਨੂੰ ਅੱਗ ਲੁਵਾ ਕੇ ਖੁਸ਼ ਹੁੰਦਾ ਹਾਂ। ਜਿਹੜੇ ਹਿੰਦੂ ਫੜੇ ਆਉਂਦੇ ਹਨ ਉਹਨਾਂ ਨੂੰ ਆਪਣੇ ਤੰਬੂ ਦੇ ਮੂਹਰੇ ਕਤਲ ਕਰਾਉਂਦਾ ਹਾਂ। ਇਕ ਦਿਨ ਇਤਨੇ ਕਾਫਰ ਕਤਲ ਹੋਏ ਜੋ ਮੈਨੂੰ ਤਿੰਨ ਵਾਰ ਤੰਬੂ ਬਦਲੌਣਾ ਪਿਆ। ਤਾਰੀਖ ਹਜ਼ ਵਿਚ ਲਿਖਿਆ ਹੈ ਕਿ ਮੁਹੰਮਦ ਕਾਸਮ ਨੇ ਜਦੋਂ ਸਿੰਧ ਵਿਚ ਅਰਾਉਂਦਾ ਕਿਲਾ ਫਤਹਿ ਕੀਤਾ, ੧੧੦੦੦ ਮੁੰਡੇ ਕੁੜੀਆਂ ਗੋਲੇ ਗੋਲੀਆਂ ਬਣਾਏ ਗਏ ਤੇ ਬਗਦਾਦ ਭੇਜੇ ਗਏ। ਤਾਰੀਖ ਸਿੰਧ ਵਿਚ ਲਿਖਿਆ ਹੈ ਕਿ ਏਸ ਬਾਦਸਾਹ ਨੇ ਬਾਂਮਣਾਂ ਬਾਦ ਨੂੰ ਉਜਾੜ ਕੇ ਸੋਲਾਂ ਹਜ਼ਾਰ ਹਿੰਦੂ ਕਤਲ ਕਰਵਾਏ ਤੇ ੨੦੦੦੦ ਬੰਨ ਕੇ ਬਗਦਾਦ ਭੇਜੇ ਗਏ। ਸੰਮਤ ੧੨੬੬ ਬਿਕਰਮੀ ਨੂੰ ਭਲਤਾ ਦਾ ਮੰਦਰ ਤੋੜਨ ਸਮੇਂ ੭੨ ਕਰੋੜ ਦਾ ਹੀਰਾ ਮੋਤੀ ਲਭਾ। ਇਹ ਮੰਦਰ ਇਕ ਸੌ ਪੰਦਰਾਂ ਗਜ਼ ਉਚਾ ਤੇ ਅੱਧਾ ਕੋਹ ਲੰਬਾ ਤੇ ਚੌੜਾ ਸੀ। ਇਹ ਉਹਨਾਂ ਬਾਦਸ਼ਾਹਾਂ ਦਾ ਹਵਾਲ ਹੈ ਜਿਨ੍ਹਾਂ ਨੂੰ ਲੋਕਾਂ ਨੇ ਚੰਗੇ ਤੇ ਨਿਆਂਕਾਰੀ ਲਿਖਿਆ ਹੈ। ਬਾਕੀ ਸਕੰਦਰ ਲੋਧੀ,ਮਹਿਮੂਦ ਗਜ਼ਨੀ, ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ ਤੇ ਔਰੰਗ ਜੇਬ ਵਰਗੇ ਜ਼ਾਲਮਾਂ ਦਾ ਹਵਾਲ ਨਹੀਂ ਲਿਖਿਆ। ਸਭ ਦੁਨੀਆਂ ਇਹਨਾਂ ਦੇ ਜ਼ੁਲਮ ਜਾਣਦੀ ਹੈ। ਇਹ ਮੁਸਲ ਮਾਨ ਬਾਦਸ਼ਾਹ ਹਿੰਦੂਆਂ ਦੇ ਇਨੇ ਕੁ ਦੋਸਤ ਸੀ।

## ਬੈਂਤ

ਲੋਕੋ ਦਿਓ ਸੀਸਾਂ ਦਸਮੇਸ਼ ਜੀ ਨੂੰ ਜਿਨ੍ਹਾਂ ਧਰਮ ਤੇ ਫੜੀ ਤਲਵਾਰ ਸੀ ਜੀ।
ਲੱਖਾਂ ਵੱਡ ਕੇ ਕਬਰ ਨੂੰ ਤੋਰ ਦਿਤੇ ਧੂੜ ਵਿਚ ਮੈਦਾਨ ਓਭਾਰ ਸੀ ਜੀ।
ਤਾਕਤ ਮੇਲ ਕੇ ਤੇ ਮੇਟੀ ਬਾਦਸ਼ਾਹੀ ਦੇਸ਼ ਕਰ ਦਿਤਾ ਹੁਸ਼ਿਆਰ ਸੀ ਜੀ।
ਸਣੇ ਦਿਲੀ ਲਾਹੌਰ ਦਾ ਸਾਹ ਸੁਕਾ ਤੁਰਕ ਆਂਵਦੇ ਮੁਛਾਂ ਖਲਾਰ ਸੀ ਜੀ।
ਦੋਵੇਂ ਪਾਸਿਉਂ ਤਕੜੀ ਤੁਲੀ ਹੋਈ ਸੀ ਸੌਦਾ ਹੋਂਵਦਾ ਵਿਚ ਬਾਜ਼ਾਰ ਸੀ ਜੀ।
ਭਾਰਤ ਵਰਸ਼ ਦਾ ਇਕ ਜਹਾਜ ਭਰਿਆ ਜਾਣਾ ਲੰਘ ਸਮੁੰਦਰੋਂ ਪਾਰ ਸੀ ਜੀ।
ਮਗਰ ਮਛ ਸੀ ਓਸਦੇ ਮਗਰ ਲਗੇ ਵਡੇ ਹੋ ਕੇ ਪੱਬਾਂ ਦੇ ਭਾਰ ਸੀ ਜੀ।
ਭਾਵੇਂ ਰੌਲ਼ੀ ਕਪਤਾਨ ਨੇ ਬਹੁਤ ਪਾਈ ਪਰ ਕਿਸੇ ਨਾ ਸੁਣੀ ਪੁਕਾਰ ਸੀ ਜੀ।
ਓਸ ਵਕਤ ਮਝੈਲਾਂ ਨੇ ਜ਼ੁਲਮ ਕੀਤਾ ਬਾਜ਼ੀ ਜਿਤ ਕੇ ਤੇ ਛਡੀ ਹਾਰ ਸੀ ਜੀ।
ਦਿਤਾ ਸਿਖੀ ਤੋਂ ਲਿਖ ਬਦਾਵਿਆਂ ਨੂੰ ਮੋੜੀ ਘਰਾਂ ਦੇ ਵਲ ਮੁਹਾਰ ਸੀ ਜੀ।
ਪਤਾ ਇਸ ਦਾ ਵੈਰੀ ਨੂੰ ਲੱਗ ਗਿਆ ਹੋਇਆ ਉਹ ਤਾਂ ਫੂਲ ਕੇ ਚਾਰ ਸੀ ਜੀ।
ਕਿਲਾ ਛਡਣਾ ਪੈ ਗਿਆ ਗੁਰੂ ਜੀ ਨੂੰ ਸਾਰੀ ਗੱਲ ਤੋਂ ਹੋ ਲਾਚਾਰ ਸੀ ਜੀ।
ਬਾਹਰ ਨਿਕਲੇ ਵੈਰੀ ਨੇ ਤੁੰਬ ਲਏ ਛਡੇ ਤੇਗ ਦੀ ਧਾਰ ਓਤਾਰ ਸੀ ਜੀ।
ਚਾਲੀ ਸਿੰਘ ਹਜ਼ਾਰਾਂ ਤੋਂ ਬਚੇ ਸਾਰੇ ਬਾਕੀ ਮੌਤ ਦਾ ਬਣੇ ਸ਼ਿਕਾਰ ਸੀ ਜੀ।
ਭਾਰਤ ਵਰਸ਼ ਦਾ ਹੜ੍ਹ ਗਿਆ ਸ਼ੌਹ ਬੇੜਾ ਡੰਕੇ ਵਜ ਗਏ ਵਿਚ ਸੰਸਾਰ ਸੀ ਜੀ।
ਬਸ ਤਖਤ ਤੋਂ ਹੋ ਗਿਆ ਅਜ ਤਖਤਾ ਭਾਰਤ ਵਰਸ਼ ਦੀ ਉਡ ਗਈ ਛਾਰ ਸੀ ਜੀ।
ਨਾਸ ਹੋ ਗਿਆ ਦੇਸ਼ ਦਾ ਲਾਭ ਸਿੰਘਾ ਲਟਕੇ ਧੌਣ ਤੇ ਖੂਨੀ ਤਲਵਾਰ ਸੀ ਜੀ।

# ਗੁਰੂ ਜੀ ਤੋਂ ਮਗਰੋਂ ਬਾਬਾ ਬੰਦਾ ਬਹਾਦਰ ਮਹਾਂ ਬਲੀ ਸੂਰਵੀਰ ਪੰਥ ਦਾ ਜੰਗੀ ਜਰਨੈਲ

(ਬੈਂਤ)

ਹੱਥੋਂ ਵਕਤ ਬੇਕੀਮਤੀ ਚਲਾ ਗਿਆ ਕੀਤਾ ਹੌਸਲਾ ਗੁਰੂ ਨੇ ਫੇਰ ਜਾਕੇ।
ਦੂਖ ਰੰਡੀ ਪੰਜਾਬ ਦਾ ਵੰਡਣੇ ਨੂੰ ਬੰਦਾ ਚਾੜ੍ਹਿਆ ਦੱਖਣੋਂ ਸ਼ੇਰ ਜਾਕੇ।
ਕੇਰੀ ਸ਼ੇਰ ਬੰਦਾ ਜਦੋਂ ਚੜ੍ਹ ਪਿਆ ਦਿਤੀ ਸਿਖਿਆ ਗੁਰਾਂ ਬਧੇਰ ਜਾਕੇ।
ਕੰਬੀ ਬਾਦਸ਼ਾਹੀ ਤੁਰਕ ਹਾਕਮਾਂ ਦੀ ਥਾਂ ਥਾਂ ਤੇ ਪਿਆ ਅਨ੍ਹੇਰ ਜਾਕੇ।
ਥਾਪੀ ਲਾਕੇ ਗੁਰੂ ਜੀ ਤੋਰ ਦਿਤਾ ਫੜੀ ਵਿਚ ਪੰਜਾਬ ਸ਼ਮਸ਼ੇਰ ਜਾਕੇ।
ਆਕੜ ਖਾਨਾਂ ਨੂੰ ਗੰਨਿਆਂ ਵਾਂਗ ਪੀੜੀਂ ਰਸਾ ਕਡ ਦੇ ਐਨ ਇਕ ਵੇਰ ਜਾਕੇ।
ਮਾਰ ਮਾਰ ਕੇ ਖੇਤ ਬਛਾ ਸੱਥਰ ਹੁਣ ਉਡੀਕ ਨਾਂ ਸੰਝ ਸਵੇਰ ਜਾਕੇ।
ਮਾਰ ਸ਼ਹਿਰ ਤੇ ਪਿੰਡ ਉਡਾ ਸਿੱਟੀਂ ਘੇਰਾ ਪਾ ਕੇ ਤੁਰਕ ਨੂੰ ਘੇਰ ਜਾਕੇ।
ਅਜ ਕਲ ਤੇ ਘਤ ਥਰਥਲ ਦੇਵੀਂ ਭੇਡਾਂ ਪਾੜਦਾ ਜਿਸ ਤਰ੍ਹਾਂ ਕੇਰ ਜਾਕੇ।
ਜ਼ਾਲਮ ਮਾਰ ਪੰਜਾਬ ਦੇ ਗਰਕ ਕਰਦੇ ਲਾਵੀਂ ਵਡਕੇ ਮੁਰਦਿਆਂ ਢੇਰ ਜਾਕੇ।
ਇਕ ਪਾਸਿਓਂ ਤੇਗ ਨੂੰ ਸ਼ੁਰੂ ਕਰਦੇ ਤਰਫ ਦੂਸਰੀ ਲਾ ਦਿਓ ਪਾਰ ਜਾਕੇ।
ਮੱਥਾ ਜੋੜ ਕੇ ਤੁਰਕ ਨਾਲ ਲਾਭ ਸਿੰਘਾ ਖੱਲਾਂ ਟੰਗ ਦਿਓ ਪੁਠੇ ਭਾਰ ਜਾਕੇ।

## ਤਥਾ ਬੈਂਤ

ਬੰਦਾ ਦੇ ਕੇ ਥਾਪਨਾ ਤੋਰ ਦਿਤਾ ਦੱਖਣ ਦੇਸ਼ ਤੋਂ ਪਿਆ ਜਾ ਚਲ ਓਹਵੀ।
ਉਸ ਆਉਂਦਿਆਂ ਤੇਗ ਨੂੰ ਸ਼ੁਰੂ ਕੀਤਾ ਰਿਹਾ ਮਾਰ ਕੇ ਕਬਰ ਨੂੰ ਘਲ ਓਹਵੀ।
ਸੂਬੇ ਬੰਨ ਮਾਰੇ ਮਗਰ ਘੋੜਿਆਂ ਦੇ ਤੁਰਕ ਪਾਉਂਦੇ ਕੀਤੀ ਦਾ ਫਲ ਓਹਵੀ।
ਚੌਦਾਂ ਸਾਲ ਪੰਜਾਬ ਦੇ ਦੇਸ਼ ਅੰਦਰ ਰਾਜ ਭੋਗਦਾ ਸ਼ੇਰ ਅਟੱਲ ਓਹਵੀ।
ਝੰਡਾ ਸਿੰਘਾਂ ਦੇ ਰਾਜ ਦਾ ਖੜਾ ਕੀਤਾ ਵਾਹੇ ਸਤਰਾਂ ਦੇ ਵਿਚ ਹਲ ਓਹਵੀ।
ਉਸ ਵਕਤ ਗ਼ਦਾਰਾਂ ਨੇ ਜ਼ੁਲਮ ਕੀਤਾ ਪੁਠੀ ਜਿਤਕੇ ਮਾਰੀ ਨੇ ਗਲ ਓਹਵੀ।
ਚੁਕ ਗੰਦ ਦੀ ਟੋਕਰੀ ਬਣੇ ਨੌਕਰ ਨੇਕੀ ਰੋੜ੍ਹ ਛਡੀ ਵਿਚ ਪਲ ਓਹਵੀ।
ਹੱਥੀਂ ਆਪਣੀ ਮਾਰਿਆ ਘੇਰ ਬੰਦਾ ਲਾਹੀ ਨਾਲ਼ ਜੰਬੂਰਾਂ ਦੇ ਖੱਲ ਓਹਵੀ।
ਕੰਢੇ ਲੱਗੇ ਜ਼ਹਾਜ ਨੂੰ ਡੋਬ ਦਿਤਾ ਪਾਇਆ ਸੱਠ ਬਰਸਾਂ ਜਿਸਦਾ ਫਲ ਓਹਵੀ।
ਮੀਰੀ ਸਿੰਘ ਤੇ ਕਾਨ ਸਿੰਘ ਬਾਵਿਆਂ ਨੂੰ ਪਚੀ ਮੂਲ ਨਾ ਦੋਸਤੋ ਭਲ ਓਹਵੀ।
ਫੁਟ ਪਾਕੇ ਪੰਥ ਨੂੰ ਗਰਕ ਕੀਤਾ ਮਿੱਟੀ ਵਿਚ ਮਲਾ ਦਿਤੇ ਦਲ ਓਹਵੀ।
ਗੰਦੇ ਆਪਣੇ ਪੇਟ ਨੂੰ ਪਾਲਦੇ ਸਨ ਹੈ ਮਸਾਲ ਮੂਹਰੇ ਅਜ ਕਲ ਓਹਵੀ।
ਲੱਖਾਂ ਸੀਸ ਆਜ਼ਾਦੀ ਨੂੰ ਭੇਟ ਚਾੜ੍ਹੇ ਗਏ ਖਾਕ ਮਿੱਟੀ ਵਿਚ ਰਲ ਓਹਵੀ।
ਕੋਈ ਦਿਸੇ ਨਾਂ ਮਲ੍ਹਮਾਂ ਲਾਉਣ ਵਾਲਾ ਵਜੇ ਵਿਚ ਕਲੇਜੇ ਦੇ ਸਲ ਓਹਵੀ।
ਸਾਗਰ ਉਛਲੇ ਕਿਸ ਨੇ ਰੋਕ ਲੈਣੇ ਪੈਂਦੀ ਵਾਂਗ ਪਹਾੜ ਦੇ ਝਲ ਓਹਵੀ।
ਘੁੰਡ ਕਢਕੇ ਬਹੁਟੀਏ ਲੁਕ ਲੈ ਤੂੰ ਲਾੜਾ ਬੈਹ ਗਿਆ ਡਿਓੜੀ ਨੂੰ ਮਲ ਓਹਵੀ।
ਲੁਕ ਲੁਕ ਕੇ ਝਾਤੀਆਂ ਪਾਉਂਦੀ ਸੀ ਸਿਰ ਆਪਣੇ ਬਣੀ ਨੂੰ ਝਲ ਓਹਵੀ।
ਸਿਰ ਤੇਰੇ ਤੇ ਟਮਣਾ ਬਜ ਗਿਆ ਲਾ ਲੈ ਆਪਣਾ ਲਗਦਾ ਬਲ ਓਹਵੀ।
ਘੁਗੀ ਵਾਂਗ ਮਰੋੜਨੀ ਲਾਭ ਸਿੰਘਾ ਹੋ ਗਏ ਤੇਰੇ ਮਾਲੂਮ ਜੋ ਛਲ ਓਹਵੀ।

## ਗ਼ਦਾਰਾਂ ਦੇ ਕੰਮ

(ਬੈਂਤ)

ਧੜੇ ਦੋ ਬਣਾ ਕੇ ਖਾਲਸੇ ਦੇ ਪੁਟ ਛਡੀਆਂ ਗੰਦੀਆਂ ਮੋਹੜੀਆਂ ਨੇ।
ਪਤਾ ਪਾਠਕਾਂ ਨੂੰ ਲਗ ਗਿਆ ਹੋਣਾ ਜਿਵੇਂ ਸਾਗਰੀ ਬੇੜੀਆਂ ਰੋੜ੍ਹੀਆਂ ਨੇ।
ਦੇਸ਼ ਮੋੜ ਕੇ ਸੁਟਿਆ ਜੇਲ ਖਾਨੇ ਪੈਰੀਂ ਬੇੜੀਆਂ ਹੱਥ ਹਥੋੜੀਆਂ ਨੇ।
ਪਿਛੋਂ ਸੱਠ ਬਰਸਾਂ ਸਿਰ ਪਏ ਦੇਣੇ ਹੋਈਆਂ ਨਹੀਂ ਕੁਰਬਾਨੀਆਂ ਥੋੜੀਆਂ ਨੇ।
ਮੁਲ ਪਾ ਕੇ ਸਿੰਘਾਂ ਦੇ ਸਿਰ ਵੇਚੇ ਖੱਲਾਂ ਚਰਖੜੀ ਚਾੜ੍ਹ ਨਚੋੜੀਆਂ ਨੇ।
ਬਬਰਾਂ ਵਾਂਗ ਗਦਾਰਾਂ ਨੂੰ ਪੁਛ ਲਈਏ ਗੱਲਾਂ ਕੀਤੀਆਂ ਜਿਨ੍ਹਾਂ ਨੇ ਕੌੜੀਆਂ ਨੇ।
ਖੂਨ ਪੀ ਕੇ ਦੇਸ਼ ਦੇ ਭਗਤਾਂ ਦਾ ਨਾਲ ਖੁਸ਼ੀ ਦੇ ਗਾਉਂਦੇ ਘੋੜੀਆਂ ਨੇ।
ਕੋਈ ਨਿਤਰੇ ਸੂਰਮਾਂ ਲਾਭ ਸਿੰਘਾ ਧੌਣਾਂ ਜਿਸ ਤਰ੍ਹਾਂ ਬਬਰ ਨੇ ਤੋੜੀਆਂ ਨੇ।

## ਵਾਕ ਕਵੀ (ਬੈਂਤ)

ਜਿਨ੍ਹਾਂ ਗੱਲਾਂ ਤੋਂ ਪੰਥ ਦੇ ਪੈਰ ਥਿੜਕੇ ਹਾਲ ਨੁਕਤੇ ਵਿਚ ਮੁਕਾਇਆ ਮੈਂ।
ਦਸ਼ਮੇ ਪਾਤਸ਼ਾਹ ਤੇ ਬਾਬੇ ਬੰਦੇ ਜੀ ਦਾ ਵਖੋ ਵਖਰਾ ਹਾਲ ਸੁਣਾਇਆ ਮੈਂ।
ਜਿਨੀ ਵਾਹ ਲਗੀ ਓਨੀ ਕਰੀ ਛੋਟੀ ਕੋਈ ਨਹੀਂ ਵਧਾਓ ਵਧਾਇਆ ਮੈਂ
ਖਤ ਪਾ ਕੇ ਦਾਸ ਨੂੰ ਦਸ ਦੇਣਾ ਜਿਥੇ ਕੁਝ ਵੀ ਕੋਲ ਤੋਂ ਪਾਇਆ ਮੈਂ।
ਭੁਲ ਜਾਣਾ ਇਨਸਾਨ ਦਾ ਕੰਮ ਵੀਰੋ ਭੁਲਣ ਹਾਰ ਇਨਸਾਨ ਸਦਾਇਆ ਮੈਂ।
ਵਾਹ ਲਗਦੀ ਸਾਫ ਹੀ ਬੈਂਤ ਲਿਖਦਾ ਭਨ ਘੜ ਨਾ ਵਿਚ ਧਸਾਇਆ ਮੈਂ।
ਗੱਲਾਂ ਵਿਚ ਨਾਂ ਹੋਰ ਫਜ਼ੂਲ ਇਸਦੇ ਸਿੱਧਾ ਸੋਹਣਾ ਰਾਹ ਚਲਾਇਆ ਮੈਂ।
ਇਕ ਪਾਸੇ ਨੂੰ ਥਾਪਨਾ ਦੇ ਕੇ ਤੇ ਪਾਸਾ ਦੂਸਰਾ ਮੂਲ ਨਾਂ ਢਾਇਆ ਮੈਂ।
ਅਠਾਰਾਂ ਸਾਲ ਕਟੀ ਜੇਲ ਲਾਭ ਸਿੰਘਾ ਮੱਥਾ ਸਿੱਧਾ ਗਦਾਰਾਂ ਨੂੰ ਡ੍ਹਾਇਆ ਮੈਂ।

**ਨੋਟ :—ਕਾਨ੍ਹ ਸਿੰਘ ਤੇ ਮੀਰੀ ਸਿੰਘ ਪਿਓ ਪੁਤਰ ਗੋਂਦਿਆਲ ਦੇ ਬਾਵੇ ਸੀ ਜਿਨ੍ਹਾਂ ਪੰਥ ਦੇ ਦੋ ਧੜੇ ਬਣਾ ਕੇ ਪੰਥ ਪਾੜ ਕੇ ਮਰਵਾ ਸੁਟਿਆ।**

**(ਕੋਰੜਾ ਛੰਦ)**

ਤੁਰਕਾਂ ਨੇ ਹਿੰਦ ਤਾਈਂ ਲਿਆ ਨੂੜ ਸੀ, ਮਾਰ ਮਾਰ ਦੋਸਤੋ ਉਡਾਈ ਧੂੜ ਜੀ,
ਬ੍ਰਾਹਮਣਾਂ ਨੇ ਕੀਤੀਆਂ ਦਾ ਪਾਇਆ ਫਲ ਜੀ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ।
ਵਡ ਵਡ ਲੱਖਾਂ ਬ੍ਰਾਹਮਣ ਖਪਾਏ ਸੀ, ਲੁਟਣੇ ਨੂੰ ਜਾਲ ਕੂੜ ਦੇ ਫੈਲਾਏ ਜੀ,
ਰਾਜੇ ਰਾਜਪੂਤ ਵਧ ਗਏ ਖਲ ਜੀ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ।
ਬੇਲਣੇ 'ਚ ਪੀੜਪੀੜ ਕੱਢੀ ਰਤ ਜੀ, ਫੜ ਮਿਸਰਾਣੀਆਂ ਦੇ ਤੋੜੇ ਸਤ ਜੀ,
ਪੁਤਰ ਬਰੰਮਾਂ ਦੇ ਵਖਾਉਂਦੇ ਬਲ ਜੀ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ।
ਵਡ ਵਡ ਤੁਰਕਾਂ ਲਗਾਈਆਂ ਕੋੜੀਆਂ, ਪਾ ਕੇ ਤੰਦੂਰਾਂ ਵਿਚ ਛਡੇ ਤਲ ਜੀ,
ਲੱਖਾਂ ਦੀ ਤਦਾਦ ਗਿਣਤੀ ਨਾਂ ਥੋੜੀਆਂ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ।
ਕਲਮਾਂ ਕਤਲਕਰੀ ਜਾਵੇ ਸਾਫ ਜੀ, ਲੱਖਾਂ ਤੇ ਹਜਾਰਾਂ ਖਾਕ ਗਏ ਰਲ ਜੀ,
ਮੁਰਦੇ ਬ੍ਰਾਹਮਣਾਂ ਦੇ ਸੁਕੇ ਸਾਸ ਜੀ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ।
ਕੋਠਿਆਂ 'ਚ ਜੀਓਦਿਆਂਨੂੰ ਲਾਉਣ ਅੱਗ ਜੀ, ਮਾਰ ਕੇ ਮਸਾਣਾਂ ਤਾਈਂ ਦੇਣ ਘੱਲ ਜੀ,
ਬਾਲ ਸੁਟੀ ਮਿੱਟੀ ਤੁਰਕਾਂ ਨੇ ਜਗ ਦੀ, ਹਿੰਦੂਆਂ ਦੀ ਧੌਣਪੁਰ ਤੇਗ ਚਲਦੀ।

ਬਕਰੇ ਕਸਾਈ ਵਾਂਗ ਖੱਲਾਂ ਤਾਰੀਆਂ ,ਤੋੜ ਦਿਤੇ ਸਤ ਫੜ ਫੜ ਨਾਰੀਆਂ,
ਆਰ ਪਾਰ ਛਾਤੀ ਵਿਚੋਂ ਪਾਉਣ ਸਲ ਜੀ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ।
ਪੀੜ ਦੇਣ ਬੇਲਣੇ 'ਚ ਧੌਣਾਂ ਮੋਟੀਆਂ, ਪਾ ਕੇ ਜੰਬੂਰ ਖਿਚ ਲੈਣ ਬੋਟੀਆਂ,
ਜ਼ਰਾ ਤਾਂ ਵਿਖਾਉਂਦੇ ਇਕ ਤਾੜ ਝਲ ਜੀ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ ।
ਘਰੋਂ ਮਿਸਰਾਣੀਆਂ ਨੂੰ ਕਢੀ ਆਂਵਦੇ, ਸਵਾ ਮਣ ਰੋਜ ਦੇ ਜਨੇਊ ਲਾਂਹਵਦੇ,
ਭਾਰਾ ਜੋ ਖਰਾਸਦਾਣੇ ਦੇਵੇ ਦਲ ਜੀ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ।
ਗੰਗਾ ਤੇ ਪਰਾਗ ਮਥਰਾ ਜੋ ਕਾਸੀਆਂ, ਮਾਰ ਦਿਤੇ ਬ੍ਰਾਹਮਣ ਚਾੜ੍ਹ ਚਾੜ੍ਹ ਫਾਸੀਆਂ,
ਸ਼ੇਰ ਮੋਹਰੇ ਬੱਕਰੀ ਨਾਸਕੇ ਹਲ ਜੀ, ਹਿੰਦੂਆਂ ਦੀ ਧੌਣ ਪੁਰ ਤੇਗ ਚਲਦੀ।

**ਨੋਟ :—ਏਸ ਭਾਰਤ ਵਰਸ਼ ਵਿਚ ਵੱਡੇ ਵੱਡੇ ਸੂਰਮੇ,ਬਹਾਦਰ,ਵਲੀ, ਯੋਧੇ,ਰਾਜੇ, ਮਹਾਂਰਾਜੇ, ਚਕਰ ਵਰਤੀ ਹੋ ਗੁਜਰੇ ਹਨ। ਜਿਨ੍ਹਾਂ ਨੇ ਸ਼ੇਰੇ ਪਜਾਬ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਗਰਕ ਕਰਨ ਵਾਲੇ ਗਦਾਰਾਂ ਦੇ ਮਗਰੋਂ ਬਦੇਸ਼ੀ ਅੰਗਰੇਜ ਨੂੰ ਪੰਜਾਬ ਦੇਸ਼ ਸੌ ਸਾਲ ਗ਼ੁਲਾਮੀ ਦੇ ਪਿੰਜਰੇ ਪਾ ਕੇ ਫੜਾ ਦਿਤਾ । ਅਤੇ ਸਦੀਆਂ ਪਿਛੋਂ ਆਜ਼ਾਦੀ ਵਾਸਤੇ ਲਹਿਰਾਂ ਚਲਦੀਆਂ ਰਹਿਆਂ । ਬਬਰ ਲਹਿਰ ਤੇ ਗਦਾਰਾਂ ਦਾ ਅੱਗੇ ਹਵਾਲ ਪੜ੍ਹੋ ਤੇ ਵਿਚਾਰੋ ਤੇ ਆਪਣੇ ਦੇਸ ਦੀ ਆਨਸ਼ਾਨ ਰਖਣ ਵਾਸਤੇ ਬਬਰਾਂ ਵਾਂਗ ਮੈਦਾਨ ਵਿਚ ਉਤਰੋ । ਇਹ ਨੌ ਜਵਾਨਾਂ ਦਾ ਫਰਜ ਹੈ ।**

## ਤਿਆਰ ਹੋਣਾ ਬਬਰ ਲਹਿਰ ਦਾ

ਜਦੋਂ ਕੌਮੀ ਗਦਾਰਾਂ ਨੇ ਸਿਖਾਂ ਦਾ ਰਾਜ ਗਰਕ ਕਰ ਦਿਤਾ ਤਾਂ ਅੰਗਰੇਜ ਨੇ ਪੰਜਾਬ ਸਾਂਭ ਦੇ ਸਾਰ ਸਿਖ ਕੌਮ ਦਾ ਐਸਾ ਮਲੀਆ ਮੇਟ ਕੀਤਾ ਜੋ ਆਪਣੀ ਵਲੋਂ ਸਿਖਾਂ ਨੂੰ ਖਤਮ ਕਰ ਦਿਤਾ । ਸਨ ੧੮੭੨ ਵਿਚ ਜਦੋਂ ਕੂਕਿਆਂ ਦੀ ਲਹਿਰ ਜਾਗੀ ਤਾਂ ਸਿਖਾਂ ਦੀ ਗਿਣਤੀ ਇਕ ਟਰੈਕਟ ਵਿਚ ਮੈਂ ਕੁਲ ਛੇ ਹਜਾਰ ਪੜ੍ਹੀ ਹੈ । ਸੰਮਤ ਬਿਕਰਮੀ ੧੯੨੩ ਵਿਚ ਪਹਿਲੇ ਬਬਰ ਬਾਬਾ ਰਾਮ ਸਿੰਘ ਕੂਕਾ ਜਿਸ ਨੇ ਭੈਣੀ ਸਾਹਿਬ ਦੀਵਾਨ ਲਾ ਕੇ ਬਾਈ ਜਥੇਦਾਰ ਚੁਣੇ। ਹੁਕਮ ਦਿਤਾ ਕਿ ਤੁਸਾਂ ਇਕ ਇਕ 2000 ਬੰਦਾ ਆਪਣੇ ਖਿਆਲਾਂ ਦਾ ਪੈਦਾ ਕਰੋ। ਜਦੋਂ 22000 ਜਵਾਨ ਤੁਸੀਂ ਕਰ ਲਵੋਂਗੇ ਤਾਂ ਮੇਰੇ ਪਾਸ ਆਉ ਮੈਂ ਤੁਸਾਂਨੂੰ ਕੋਈ ਹੁਕਮ ਦੇਵਾਂਗਾ । ਕਿਸੇ ਨੇ ੧੦ਬੰਦੇ ਪੈਦਾ ਕੀਤੇ ਕਿਸੇ ਪੰਦਰਾਂ ਕਿਸੇ ਅਠਾਰਾਂ ਜੋ ਬੀਹਾਂ ਦੇ ਹੇਠ ਹੇਠ ਤਿੰਨ ਚਾਰ ਸੌ ਨੇ ਕਠਾ ਹੋਕੇ ਮਲੇਰ ਕੋਟਲੇ ਬੁਚੜ ਖਾਨੇ ਤੇ ਹਲਾ ਬੋਲ ਦਿਤਾ ਤੇ ਡਿਪਟੀ ਕਮਿਸ਼ਨਰ ਵੀ ਮਾਰ ਸੁਟਿਆ ਤੇ ਲਹੌਰ ਬੁਚੜ ਖਾਨੇ ਤੇ ਹਲਾ ਕੀਤਾ। ਚਾਰ ਕੁ ਬੁਚੜ ਮਾਰ ਸੁਟੇ । ਮਲੋਦ ਵਾਲੇ ਸਰਦਾਰ ਤੇ ਹਲਾ ਬੋਲ ਦਿਤਾ ਜੋ ਰਾਣੀਆਂ ਤਾਂ ਨਠ ਗਈਆਂ। ਉਸਦੇ ਹਥਿਆਰ ਤੇ ਛੋਟੀ ਤੋਪ ਵੀ ਖੋਹ ਲਏ ਗਏ । ਜਦੋਂ ਏਸ ਬਗ਼ਾਵਤ ਦਾ ਪਤਾ ਬਾਬੇ ਰਾਮ ਸਿੰਘ ਨੂੰ ਲਗਾ ਤਾਂ ਸਖਤ ਨਰਾਜ ਹੋਇਆ ਕਿ ਮੇਰਾ ਮਨਸੂਬਾ ਜੋ ਬਾਈ ਹਜਾਰ ਨੇ ਹਲਾ ਕਰਨਾ ਸੀ ਬਰਾਨ ਕਰ ਦਿਤਾ। ਉਧਰ ਅੰਗਰੇਜ਼ ਨੂੰ ਪਤਾ ਲਗਾ ਕਿ ਪੰਜ਼ਾਬ ਮੈਂ ਤਾਂ ਸੌ ਸਾਲ ਤਕ ਮਾਰ ਸੁਟੀ ਸੀ; ਇਹ ਕੀ ਹੋਇਆ। ਲੰਡਨ ਵਿਚ ਸੋਗ ਪੈ ਗਿਆ । ਹੁਕਮ ਦਿਤਾ ਬਿਨਾਂ ਤਫਤੀਸ਼, ਬਿਨਾਂ ਮੁਕਦਮਾ ਫੜਕੇ ਕੂਕੇ ਤੋਪ ਮੋਹਰੇ ਉਡਾਏ ਜਾਣ। ਸੋ ਇਦਾਂ ਹੀ ਹੋਈ । ਬਾਬੇ ਰਾਮ ਸਿੰਘ ਨੇ ਭੈਣੀ ਸਾਹਿਬ ਦੀਵਾਨ ਲਾਕੇ ਆਖਿਆ ਜਿਨ੍ਹਾਂ ਜਿਨ੍ਹਾਂ ਨੇ ਏਸ ਸਾਜ਼ਸ਼ ਵਿਚ ਹਿਸਾ ਲਿਆ ਸੋ ਆਪਣੇ ਆਪ ਗਿਰਫਤਾਰ ਹੋ ਜਾਉ। ਸੋ ੬੫ ਆਦਮੀ

ਗਿਰਫਤਾਰ ਹੋਏ ਜੋ ਮਲੇਰ ਕੋਟਲੇ ਤੋਪ ਮੋਹਰੇ ਉਡਾਏ ਗਏ। ਅੰਗਰੇਜ਼ ਨੇ ਮੋਢੀ ਰਾਮ ਸਿੰਘ ਨੂੰ ਗਿਰਫਤਾਰ ਕਰਕੇ ਬਰਮਾਂ ਮੋਰਮਈ ਜੇਲ੍ਹ ਵਿਚ ਭੇਜ ਦਿਤਾ। ਬਾਕੀ ਕੂਕੇ ਫੜਨ ਦਾ ਐਲਾਨ ਹੋ ਗਿਆ ਜਿਸਨੂੰ ਫੜਿਆ ਪੁਛਿਆ, "ਤੂੰ ਕੌਣ ਹੈਂ?" "ਜੀ ਮੈਂ ਨਾਮਧਾਰੀਆ ਨਾਮ ਦੇ ਜਪਣ ਵਾਲਾ।" ਕੂਕੇ ਤੁਅਲਕ ਛਡਕੇ ਨਾਮਧਾਰੀਏ ਬਣ ਗਏ। ਕਿਰਪਾਨ ਲਾਹਕੇ ਕਿਲੀ ਟੰਗ ਦਿਤੀ। ਉਨ ਦੀ ਅਠੋਤਰੀ ਮਾਲਾ ਫੜ ਲਈ। ਫੇਰ ਜਦੋਂ ਜਰਮਨ ਦਾ ਸਨ ਚੌਦਾਂ ਵਾਲਾ ਜੰਗ ਲਗਾ ਤਾਂ ਪੰਜਾਬ ਨੇ ਬਹੁਤ ਬਹਾਦਰੀ ਕੀਤੀ। ਓਸ ਬਹਾਦਰੀ ਦੇ ਇਨਾਮ ਵਜੋਂ ਅੰਗਰੇਜ਼ ਨੇ ਪ੨ ਰੂਲ ਕਢ ਮਾਰੇ, ਜਿਨਾਂ ਦੀ ਬਾਬਤ ੧੯੧੯ ਨੂੰ ਜਲਿਆਂ ਵਾਲੇ ਬਾਗ ਜਲਸਾ ਕੀਤਾ ਜਿਥੇ ਅੰਗਰੇਜ ਜਨਰਲ ਡੈਰਤੋ ਓਡ ਬਰਨੇ ਮਸੀਣ ਜੋੜਕੇ ਹਜਾਰਾਂ ਨੂੰ ਭੁੰਨ ਸੁਟਿਆ। ਏਸ ਜੁਲਮ ਦੀ ਅਗ ਦੇ ਭਾਂਬੜ ਸਾਰੀ ਦੁਨੀਆਂ ਪਰ ਮਚ ਗਏ। ਸਰਦਾਰ ਅਜੀਤ ਸਿੰਘ ਸਰਦਾਰ ਭਗਤ ਸਿੰਘ ਦੇ ਚਾਚਾ ਜੀਦੇ ਲੈਕਚਰ ਕਰਕੇ ਸਾਰੇ ਦੇਸ਼ ਪਰ ਰੂਲ ਤਾਂ ਬੰਦ ਹੋਗਏ,ਪਰਉਸਨੂੰ ਸਾਰੀ ਉਮਰ ਪ੍ਰਦੇਸਾਂ ਵਿਚ ਰੁਲਨਾਂ ਪਿਆ।ਹੁਣ ਗੁਰਦਵਾਰਾ ਸੁਧਾਰ ਲਹਿਰ ਚਲੀ।ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣੀ। ਏਸਨੇ ਬਣਦੀ ਸਾਰ ਇਕ ਸ਼ਾਂਤ ਮਈ ਦਾ ਪਕਾ ਠੋਸ ਲੋਹੇਦਾ ਫਾਲਾ ਤਿਆਰ ਕਰਕੇ ਆਪ ਅੰਦਰ ਬੜਕੇ,ਖਲਾਂ ਵਿਚ ਮੂੰਹ ਲਕੋਕੇ ਐਸਾ ਬੂਹਾ ਬੰਦ ਕਰਕੇ ਫਾਲਾ ਠੋਕਿਆ ਹੈ, ਕਿ ਕੌਮਾਂ ਭੁਲ ਗਈਆਂ,ਦੇਸ ਬਦਲ ਗਏ, ਅਜਾਦ ਗੁਲਾਮ ਤੇ ਗੁਲਾਮ ਅਜਾਦ। ਹਵਾ ਬਦਲ ਗਈ,ਜਮਾਨਾ ਬਦਲ ਗਿਆ। ਏਸ ਕਮੇਟੀ ਦੇ ਸਾਮ੍ਹਣੇ ਗੁਰੂ ਕੇ ਬਾਗ ਸਿੰਘਾਂ ਦੇ ਕੇਸ ਪੁਟੇ ਗਏ, ਘੜੀਸ ਘੜੀਸ ਕੇ ਖਤਾਨਾਂ ਵਿਚ ਸੁਟੇ ਗਏ, ਗੁਪਤ ਥਾਵਾਂ ਤੇ ਸਟਾਂ ਮਾਰੀਆਂ ਗਈਆਂ, ਮਾਰ ਮਾਰ ਕੇ ਹਲਾਲ ਕਰ ਸੁਟੇ, ਤੀਵੀਆਂ ਦੇ ਨੰਗ ਨਮੂਜ ਉਤਾਰੇ ਗਏ। ਇਨੀ ਬੇਅਦਬੀ ਕੀਤੀ, ਕਿ ਕੋਈ ਜ਼ੁਲਮ ਬਾਕੀ ਨਹੀਂ ਰਿਹਾ ਜਿਹੜਾ ਸਿਖਾਂ ਤੇ ਨਾ ਹੋਇਆ ਹੋਵੇ। ਮਗਰ ਬੂਹਾ ਬੰਦ ਕਰਕੇ ਸ਼ਾਂਤ ਮਈ ਦਾ ਫਾਲਾ ਐਸਾ ਠੋਕਿਆ ਜੋ ਅਜੇ ਤਕ ਅਟਲ ਹੈ। ਗੁਰਦਵਾਰੇ ਪਾਕਿਸਤਾਨ ਦੇ ਤਾਂ ਗਏ ਸੀ ਪੰਜਾਬ ਹਿੰਦੁਸਤਾਨ ਦੇ ਵੀ ਗਏ। ਕਦੇ ਊਧਮ ਸਿੰਘ ਨਾਗੋਕੀ, ਕਦੇ ਈਸਰ ਸਿੰਘ ਮਝੈਲ, ਕਦੇ ਦਰਬਾਰ ਸਾਹਿਬ ਵਿਚ ਸਿਗਰਟਾਂ ਦੇ ਡਬੇ ਸੁਟੇ ਗਏ, ਗੁਰਦੁਆਰਿਆਂ ਨੂੰ ਅਗਾਂ ਲਾਈਆਂ ਗਈਆਂ। ਹੁਣ ਐਲਾਨ ਨਿਕਲਦੇ ਹਨ ਕਿ ਗਿਆਨੀ ਕਰਤਾਰ ਸਿੰਘ ਨੇ ਪੰਥ ਦੀ ਪਿਠ ਵਿਚ ਛੁਰਾ ਖੋਭ ਦਿਤਾ ਹੈ। ਜਦ ਤੁਸੀਂ ਸ਼ਾਂਤ ਮਈਦਾ ਫਾਲਾ ਠੋਕਕੇ ਅੰਦਰ ਬੜੇ ਹੋਏ ਹੋ,ਗਿਆਨੀ ਜੋ ਮਰਜੀ ਕਰੇ ਤੁਸੀਂ ਅੰਦਰ ਬੜੇ ਰਹੋ। ਏਸ ਬੇਅਦਬੀ ਦਾ ਕੀ ਇਲਾਜ ਹੋ ਸਕਦਾ ਹੈ।ਤੁਸੀਂ ਓਸ ਬਹਾਦਰ ਸੂਰਮੇ ਪੰਥਦੀ ਨੁਮਾਇੰਦਾ ਜਮਾਤ ਹੋ,ਜਿਸਦੀ ਖਾਤਰ ਗੁਰੂਆਂ ਨੇ ਆਪਣੇ ਸੀਸ ਵਾਰ ਦਿਤੇ,ਸਰਬੰਸ ਕੁਰਬਾਨ ਕਰਵਾ ਦਿਤੇ। ਆਪ ੨੦ ਸਾਲ ਤਲਵਾਰ ਚਲਾਈ।ਮੈਦਾਨ ਵਿਚ ਖ਼ੂਨ ਬਹਾਇਆ। ਬਾਬੇ ਬੰਦੇ ਵਰਗੇ ਮਹਾਂ ਬਲੀ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ, ਬਾਬਾ ਫੂਲਾ ਸਿੰਘ, ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ ਤੇ ਹੋਰ ਲਖਾਂ ਸਿੰਘਾਂ ਨੇ ਉਹ ਕੁਰਬਾਨੀਆਂ ਦਿਤੀਆਂ ਜਿਨ੍ਹਾਂ ਦੀ ਦੁਨੀਆਂ ਤੇ ਮਿਸਾਲ ਨਹੀਂ ਮਿਲਦੀ। ਪੰਥ ਵਰਗੀ ਨਾਂ ਕੁਰਬਾਨੀ ਤੇ ਨਾਂ ਏਸ ਵਰਗੀ ਤੇਗ, ਜਿਸਦੀ ਧਰਤੀ ਦੇ ਤਖਤੇ ਤੇ ਧਾਂਕ ਪਈ ਹੋਈ ਸੀ, ਗੈਰ ਮੁਲਕਾਂ ਦੇ ਬਾਦਸ਼ਾਹਾਂ ਤੋਂ ਤੋਫੇ ਆਉਂਦੇ ਸੀ, ਸਭ ਮਿਟੀ ਮਿਲਾਕੇ ਪੰਥ ਦੀ ਦੁਰ ਦਸਾ ਕੀਤੀ ਤੇ ਆਟੇ ਦਾ ਦੀਵਾ ਬਣ ਗਈ। ਅੰਦਰ ਚੂਹੇ ਖਾਂਦੇ ਤੇ ਬਾਹਰ ਕਾਂ ਖਾਂਦੇ। ਤੁਹਾਡੇ ਕਾਰੋਬਾਰ ਦੇਖਕੇ ਹਜਾਰਾਂ ਲੋਕ ਦੂਜੀਆਂ ਪਾਰਟੀਆਂ ਵਿਚ ਚਲੇ ਗਏ ਤੇ ਜਾ ਰਹੇ ਹਨ। ਜਦੋਂ ਸਨ ੧੯੨੧-੨੨ ਵਿਚ ਸਾਵਣ ਦੀਆਂ ਘੱਟਾਂ ਵਾਂਗ ਚਾਰ ਚੁਫੇਰੇ

ਅਕਾਲ ਅਕਾਲ ਦੇ ਨਾਰੇ ਗੂੰਜਦੇ ਸੀ। ਉਹ ਵਕਤ ਕੁਛ ਬਣਾਉਣ ਦਾ ਸੀ। ਸੋ ਕੁਛ ਨਾਂ ਬਣਿਆ, ਏਹ ਤੁਸੀਂ ਆਪਣੇ ਅੰਦਰ ਝਾਤੀ ਮਾਰੋ। ਅਖੰਡ ਪਾਠ ਵੀ ਕਰਦੇ, ਖੁਲੇ ਪਾਠ ਵੀ ਪੜ੍ਹਦੇ, ਤੁਸੀਂ ਗੁਣੀ ਗਿਆਨੀ ਬੜੇ ਬੜੇ ਪੰਡਤ ਹੋ, ਨੁਮੈਂਦਾ ਪੰਥ ਦੀ ਜਮਾਤ ਹੋ, ਪਰ "ਭੇਖ ਦਿਖਾਉ ਜਗਤ ਕੋ ਲੋਗਨ ਕੋ ਵਸ ਕੀਨ, ਅੰਤ ਕਾਲ ਕੀਤੀ ਕਟਓ ਵਾਸ ਨਰਕ ਮੇਂ ਲੀਨ।" "ਅਵਰ ਉਪਦੇਸੇ ਆਪ ਨਾਂ ਕਰੇ, ਆਵਤ ਜਾਵਤ ਜਨਮੈ ਮਰੈ।" ਓਸ ਸਚੇ ਵਾਹਿਗੁਰੂ ਦੀ ਅਦਾਲਤ ਵਿਚ ਏਹ ਸ਼ੈਤਾਨੀ ਨਹੀਂ ਚਲਣੀ।'ਉਥੈ ਸਚੋ ਹੀ ਸਚਿ ਨਿਬੜੈ,ਚੁਣਿ ਵਖਿ ਕਢੇ ਜਜ ਮਾਲਿਆਂ।" ਤੁਸੀਂ ਬਿਜਲੀ ਦੇ ਪਖੇ ਤੇ ਬਿਜਲੀ ਦੇ ਆਂਡੇ ਤੇ ਤਾਰਾਂ ਵਾਲੇ ਮੰਜੇ ਪਲੰਗਾਂ ਪਰ ਮੌਜ ਮਾਣਦਿਆਂ, ਨੇ ਅਖਾਂ ਦੇ ਸਾਮ੍ਹਨੇ ਬਬਰ ਮਰਾ ਸੁਟੇਤੇਜਦੋਂ ੨੮/੨/੨੫ ਨੂੰ ਬਬਰਾਂ ਨੂੰ ਸਜਾ ਹੋ ਗਈ ਤਾਂ ਥੋੜੇ ਦਿਨ ਬਾਦ ਅਕਾਲੀ 'ਪ੍ਰਦੇਸੀ' ਅਖਬਾਰ ਵਿਚ ਨਿਕਲਿਆ ਕਿ ੫੪ ਅਪਰਾਧੀਆਂ ਨੂੰ ਸਜਾ ਹੋ ਗਈ,ਹੋਰ ਬਰੀ। ਬਬਰ ਅਪਰਾਧੀਆਂ ਵਿਚ ਦੇਸ ਦਾ ਸਤਿਆਨਾਸ ਕਰਨ ਵਾਲੇ ਦੇਸ ਭਗਤ।" ਏਹੋ ਤੇਰੇ ਸਾਮ੍ਹਣੇ ਨਿਆਂਉਂ ਹੈ। ਬਬਰ ਬਹਾਦਰ ਪਾਰਟੀ ਨੇ ਜਿਸ ਵਕਤ ਕੰਮ ਸ਼ੁਰੂ ਕੀਤਾ ਪਹਿਲੇ ਗੌਰਮਿੰਟ ਨੂੰ ਐਲਾਨ ਦਿਤਾ ਜੋ ਬਾਦਸ਼ਾਹ ਨੂੰ ਬਾਦਸ਼ਾਹਦੇਂਦਾ ਹੈ ਕਿ ਮੈਂ ਤੇਰੇ ਨਾਲ ਲੜਨਾ ਹੈ। ਇਹ ਬਹਾਦਰੀ ਬਬਰਾਂ ਨੇ ਕੀਤੀ ਅਗੇ ਪ੍ਰਸੰਗ ਉਨ੍ਹਾਂ ਬਬਰ ਬਹਾਦਰਾਂ ਦਾ ਪੜ੍ਹੋ ਤੇ ਸੋਚੋ।

**ਅਜ ਤੋਂ ਪਹਿਲੋ ਜਿਨੀਆਂ ਵੀ ਕਮੇਟੀਆਂ ਬਣੀਆਂ, ਗੁਲਾਮੀ ਮਾਰੇ ਇਸ ਦੇਸ ਦੇ ਬੰਦਿਆਂ ਆਪਣਾ ਫਰਜ ਪੂਰਾ ਨਹੀਂ ਕੀਤਾ।ਪਹਿਲੇ ਪਹਿਲ ਚੀਫ ਖਾਲਸਾ ਦੀਵਾਨ ਬਣਿਆ ਤੇ ਕਮੇਟੀ ਬਣੀ।ਏਸ ਦੀਵਾਨ ਦੇ ਮਿੰਬਰ ਚੂੜੀ ਦਾਰ ਪਜਾਮਾ, ਚਿਟਾ ਕੜਤਾ, ਚਿਟੀ ਪਗ, ਡਿਪਟੀ ਵਾਲੇ ਬੰਗਲੇ ਤੋਂ ਵੀ ਚਿਟਾ ਇਨਾਂ ਦਾ ਰੌਲ ਪਿੰਡੀ ਵਡਾ ਦਫਤਰ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਲੜਕਾ ਮਹਾਰਾਜਾ ਦਲੀਪ ਸਿੰਘ ਜੋ ਅੰਗਰੇਜ਼ ਨੇ ਕੈਦ ਕਰਕੇ ਵਲੈਤ ਭੇਜ ਦਿਤਾ ਸੀ, ਆਪਣਾ ਦੇਸ਼ ਦੇਖਣ ਖਾਤਰ ਕਦੇ ਫਰਾਂਸ ਕਦੇ ਰੂਸ ਆਦਿਕ ਮੁਲਕ ਵਿਚ ਰਲਦਾ ਫਿਰਿਆ। ਰੂਸ ਦੇ ਵਜ਼ੀਰ ਨੇ ਭਰੋਸਾ ਦਿਤਾ ਕਿ ਜੇ ਤੇਰਾ ਮਲਕ ਤੈਨੂੰ ਚਾਹੁੰਦਾ ਹੋਵੇ ਤਾਂ ਅਸੀਂ ਤੇਰੀ ਸਹਾਇਤਾ ਕਰਕੇ ਤੈਨੂੰ ਲਾਹੌਰ ਦਾ ਤਖਤ ਲੈ ਦਿਆਂਗੇ। ਮਹਾਰਾਜਾ ਦਲੀਪ ਸਿੰਘ ਨੇ ਸੰ: ੧੯੮੯ ਵਿਚ ਚੀਫ ਖਾਲਸਾ ਦੀਵਾਨ ਦੀ ਕਮੇਟੀ ਨੂੰ ਚਿਠੀ ਲਿਖੀ ਕਿ ਜੇ ਹਰਇਕ ਆਦਮੀ ਮੇਰੇ ਵਾਸਤੇ ਇਕ ੨ ਆਨਾ ਚੰਦਾ ਕਠਾ ਕਰਕੇ ਮੈਨੂੰ ਭੇਜੇ ਤਾਂ ਮੈਂ ਲਾਹੌਰ ਦਾ ਬਾਦਸ਼ਾਹ ਬਣ ਸਕਦਾ ਹਾਂ।ਇਹਨਾਂ ਚਿਟੇ ਬੰਗਲੇ ਵਾਲੇ ਅੰਗਰੇਜ ਦੇ ਚਾਟੜੇ _ਲਾਮੀ ਦੇ ਮਾਰੇ ਹੋਇਆਂ ਨੇ ਦੋ ਸਾਲ ਮਗਰੋਂ ੧੯੯੧ ਵਿਚ ਉਸਦਾ ਜਵਾਬ ਇਹ ਲਿਖਿਆ ਕਿ ਤੂੰ ਤਾਂ ਚੰਦਾ ਕਹਿਦਾ, ਅਸਾਂ ਤੇਰਾ ਮੂੰਹ ਨਹੀਂ ਦੇਖਣਾ ਮੰਗਦੇ। ਏਹ ਚਿਠੀ ਪੜ੍ਹਕੇ ਮਹਾਰਾਜਾ ਦਲੀਪ ਸਿੰਘ ਦਾ ਲਕ ਟਟ ਗਿਆ (ਦੇਖੋ ਜੀਵਨ ਬਰਤਾਂਤ ਮਹਾਰਾਜਾ ਦਲੀਪ ਸਿੰਘ ਕਰਤਾ ਠਾਕਰ ਦਾਸ)। ਸੰਨ ੧੯੧੩ ਨੂੰ ਜਦੋਂ ਬਾਬਾ _ਰਦਿਤ ਸਿੰਘ ਕਾਂਮਾ ਗਾਟਾ ਮਾਰੂ ਜਹਾਜ਼ ਲੈ ਕੇ ਕਨੇਡਾ ਨੂੰ ਗਏ ਤਾਂ ਕਨੇਡਾ ਵਾਲਿਆਂ ਨੇ ਬਹਤ ਮਦਦ ਕੀਤੀ। ਰਾਸ਼ਣ ਰੁਪਏ ਦਿਤੇ,ਮਗਰ ਪੇਸ਼ ਨਾ ਗਈ। ਪੰਜਾਬ ਨੂੰ ਇਨਾਂ ਦੀ ਬਾਬਤ ਲਿਖਿਆ ਗਿਆ ਜਵਾਬ ਮਿਲਿਆ ਇਨਾਂ ਦਾ ਸਾਨੂੰ ਕੋਈ ਪਤਾ ਨਹੀਂ,ਏਹ ਕੌਣ ਹੈ। ਬਸ ਜਹਾਜ਼ ਮੋੜਕੇ ਕਲਕਤੇ ਪੁਜਾ ਦੋ ਘਾਟ ਤੇ ਗੋਲੀਆਂ ਨਾਲ ਭੁੰਨ ਸਟੇ। ਜੇ ਕੋਈ ਬਚਿਆ**

**ਸੋ ਜੇਲਾਂ ਵਿਚ ਸਟ ਦਿਤਾ। ਏਹ ਲਿਖਿਆ ਕਿ ਇਹ ਸਿਖ ਨਹੀਂ। ਮਗਰ ਤੂੰ ਤਾਂ ਸ਼੍ਰੋਮਣੀ ਨੁਮੈਂਦਾ ਜਮਾਤ ਬਣੀ। ਤੇਰੇ ਸਾਹਮਣੇ ਬਬਰਾਂ ਬਾਬਤ ਇਸ਼ਤਿਹਾਰ ਨਿਕਲਿਆ ਜਿਸਦੇ ਵਿਚ ਬਬਰਾਂ ਦੇ ਇਨਾਮ ਛਪੇਸੀ। ਉਸਦੇ ਵਿਚ ਲਿਖਿਆ ਸੀ ਕਿ ਬਬਰਾਂ ਨੂੰ ਆਪਣੇ ਖੂਹਾਂ ਤੇ ਪਾਣੀ ਨਾ ਪੀਣ ਦਿਉ, ਰੋਟੀ ਨਾ ਦਿਉ, ਆਪਣੇ ਘਰਾਂ ਵਿਚ ਤੇ ਪਿੰਡਾਂ ਵਿਚ ਨਾਂ ਵੜਨ ਦਿਉ, ਇਨਾਂ ਦਾ ਉਪਦੇਸ਼ ਪੰਥ ਵਾਸਤੇ ਜ਼ੈਹਰ ਹੈ। ਅਸੀਂ ਸਾਰੇ ਬਬਰ ਪੰਥ ਦੇ ਨਾਲ ਨਨਕਾਣਾ ਸਾਹਬ, ਗੁਰੂ ਕੇ ਬਾਗ ਬਰੋਬਰ ਸਟਾਂ ਖਾਂਦੇ ਰਹੇ ਹਾਂ ਤੇ ਆਪ ਵਲੋਂ ਸਾਡੀ ਬਾਬਤ ਮਕਦਮੇ ਵਿਚ ਕੋਈ ਰਪੋਰਟਰ, ਕੋਈ ਜਥੇਦਾਰ ਨਹੀਂ ਪਜਾ, ਏਹ ਆਪਦੀ ਮੇਹਰਬਾਨੀ ਹੈ।**

ਦੇਸ਼ ਭਗਤ ਅਮਰੀਕਾ ਤੇ ਕਨੇਡਾ ਵਾਲਿਆਂ ਨੇ ਜਦੋਂ ਅਜ਼ਾਦ ਮੁਲਕਾਂ ਦੇ ਲੋਕਾਂ ਤੋਂ ਆਪ ਨੂੰ ਲਾਣਤਾਂ ਪੈਂਦੀਆਂ ਦੇਖੀਆਂ ਤਾਂ ਲਖ ਲਖ ਰੁਪਏ ਦੇ ਕਾਰੋਵਾਰ ਛਡਕੇ ਫਾਂਸੀ ਤੇ ਚੜ੍ਹ ਗਏ। ਗੋਲੀਆਂ ਖਾਧੀਆਂ, ਜੇਲ੍ਹਾਂ ਵਿਚ ਵੜ ਗਏ। ਅੰਗਰੇਜ਼ ਨੂੰ ਕਢਣ ਵਾਸਤੇ ਬਬਰ ਬਹਾਦਰਾਂ ਨੇ ਆਪਣੀ ਜਿੰਦ ਨੂੰ ਤਲੀ ਪੁਰ ਧਰਕੇ ਸਚੀ ਤੇ ਸੂਚੀ ਲਾਇਨ ਪੁਰ ਚਲਕੇ ਦੁਨੀਆਂ ਨੂੰ ਦਸ ਦਿਤਾ। ਸ਼ਹੀਦ ਬਾਬਾ ਦੀਪ ਸਿੰਘ ਤੇ ਬਾਬਾ ਬੰਦਾ ਬਹਾਦਰ ਤੇ ਦਸਵੇਂ ਪਾਤਸ਼ਾਹ ਦੀ ਸ਼ਹੀਦੀ ਮਿਸਲ ਵਿਚ ਆਪਣਾ ਨਾਮ ਲਿਖਵਾ ਦਿਤਾ। ਇਹ ਬਬਰ ਬਹਾਦਰਾਂ ਦੀ ਪਾਰਟੀ ਦੇ ਜਥੇਦਾਰ ਕਰਮ ਸਿੰਘ ਦੌਲਤ ਪੁਰ ਠਾਣਾ ਰਾਹੋਂ ਤਸੀਲ ਨਵਾਂ ਸ਼ਹਿਰ ਜ਼ਿਲਾ ਜਲੰਧਰ ਦੇ ਸਨ। ਏਸ ਬਬਰ ਪਾਰਟੀ ਨੂੰ ਬਨਾਣ ਵਾਲੇ ਅਥਵਾ ਪੈਦਾ ਕਰਨ ਵਾਲੇ ਮਾਸਟਰ ਮੋਤਾ ਸਿੰਘ ਜੀ ਮੌਜਾ ਪਤਾਰੇ ਜਿਲਾ ਜਲੰਧਰ ਦੇ ਹਨ। ਏਸ ਪਾਰਟੀ ਦੇ ਮੋਢੀ ਪਹਿਲੇ ਸਰਦਾਰ ਕਿਸ਼ਨ ਸਿੰਘ ਜੀ ਬਿੜੰਗ, ਮਾਸਟਰ ਦਲੀਪ ਸਿੰਘ ਗੋਸਾਲ, ਕਰਮ ਸਿੰਘ ਪਿੰਡ ਝਿੰਗੜਿ ਜ਼ਿਲਾ ਜਲੰਧਰ ਦੇ ਹਨ। ਏਸ ਬਬਰ ਲਹਿਰ ਦੀ ਹਵਾ ਤਾਂ ਸਾਰੇ ਦੇਸ ਦੁਆਬੇ ਨੂੰ ਲਗ ਚੁਕੀ ਸੀ ਮਗਰ ਸੰ:੧੯੨੨ ਵਿਚ ਦੋ ਹਜਾਰ ਆਦਮੀ ਗਿਰਫਤਾਰ ਹੋਇਆ ਸੀ। ਇਕਸੌ ਪੈਂਤੀ ਸ਼ਿਸ਼ਨ ਲਗ ਗਏ ਸੀ। ਕਰਮ ਸਿੰਘ ਜਥੇਦਾਰ ਦੇ ਰੋਜ ਨਾਮਚੇ ਵਿਚ ਬਬਰਾਂ ਦੀ ਗਿਣਤੀ ੫੫੦੦੦ ਹੈ। ਜਿਹੜੇ ਬਬਰ ਸ਼ਿਸ਼ਨ ਲਗੇ ਉਨ੍ਹਾਂ ਦੇ ਨਾਮ ਇਹ ਹਨ:—

ਕਰਮ ਸਿੰਘ, ਠਾਕਰਸਿੰਘ, ਬੰਤਾ ਸਿੰਘ, ਵਰਿਆਮ ਸਿੰਘ, ਹਰੀ ਸਿੰਘ ਦੌਲਤ ਪੁਰ ਦੇ, ਵਰਿਆਮ ਸਿੰਘ, ਰਾਮ ਸਿੰਘ, ਕਰਤਾਰ ਸਿੰਘ ਮੰਜਾਰਾ ਕਾਮਾਂ ਦੇ, ਦਲੀਪ ਸਿੰਘ, ਗੁਰਬਚਨ ਸਿੰਘ, ਧੰਨਾ ਸਿੰਘ, ਨਰੰਜਣ ਸਿੰਘ, ਪ੍ਰਕਾਸ਼ ਸਿੰਘ ਸਦੜਆਂ ਦੇ, ਧਰਮ ਸਿੰਘ, ਸੁੰਦਰ ਸਿੰਘ, ਸੁਰਜਣ ਸਿੰਘ ਹੋਆਤ ਪੁਰ ਦੇ, ਰੁੜਕੀ ਦੇ ਰਤਨ ਸਿੰਘ, ਭੋਗ ਪੁਰ ਦਾ ਧੰਨਾ ਸਿੰਘ, ਬੰਤਾ ਸਿੰਘ ਬੈਬਲ ਪੁਰ ਦਾ, ਊਧੇ ਸਿੰਘ ਰਾਮ ਗੜ੍ਹ ਝੁੰਗੀਆਂ; ਮਾਸਟਰ ਦਲੀਪ ਸਿੰਘ ਗੋਸਲ, ਕਰਮ ਸਿੰਘ ਝਿੰਗੜ, ਮਾਸਟਰ ਮੋਤਾ ਸਿੰਘ ਪਤਾਰਾ, ਰਤਨ ਸਿੰਘ ਰੁਕੜ, ਬੰਤਾ ਸਿੰਘ, ਭੋਲਾ ਸਿੰਘ, ਪਿਆਰਾ ਸਿੰਘ, ਦਲੀਪ ਸਿੰਘ ਮਾਸਟਰ ਤੇ ਭੁਜੰਗੀ ਧਾਮੀਆਂ ਦੇ, ਲਾਭ ਸਿੰਘ, ਕਰਮ ਸਿੰਘ, ਹਰੀ ਸਿੰਘ, ਹਰਬਖਸ਼ ਸਿੰਘ, ਸੰਸਾਰ ਸਿੰਘ, ਚਰਨ ਸਿੰਘ, ਤੇਜਾ ਸਿੰਘ, ਜੈਲਾ ਸਿੰਘ, ਛਜਾ ਸਿੰਘ ਜਸੋਆਲ ਦੇ, ਨੰਦ ਸਿੰਘ ਤੇ ਕਰਮ ਸਿੰਘ ਤੇ ਵੀਰ ਸਿੰਘ ਮਾਣਕੋਂ ਦੇ, ਬਾਬੂ ਸੰਤਾ ਸਿੰਘ ਜ਼ਿਲਾ ਲੁਧਿਆਣਾ, ਵਿਸ਼ਨ ਸਿੰਘ ਮਾਂਗਟ, ਦਲੀਪ ਸਿੰਘ ਮਾਣਕ ਰਿਆਸਤ ਕਪੂਰਥਲਾ, ਦਰਬਾਰਾ ਸਿੰਘ, ਚੰਦਾ ਸਿੰਘ, ਧਰਮ ਸਿੰਘ, ਜਗਤ ਸਿੰਘ ਪਲਾਹੀ; ਕਪੂਰਥਲਾ, ਚੈਂਚਲ ਸਿੰਘ ਸੰਗਤ ਪੁਰਾ, ਹਜਾਰਾ ਸਿੰਘ ਮੰਡੇਰ, ਰਤਨ ਸਿੰਘ ਸੀਗੜੀ ਵਾਲਾ, ਵਰਿਆਮ ਸਿੰਘ ਪੁਗਾ,

ਸੁੰਦਰ ਸਿੰਘ ਮਖਸੂਸ ਪੁਰ, ਜੁਆਲਾ ਸਿੰਘ, ਭਗਵਾਨ ਸਿੰਘ ਕੋਠੀ, ਬੰਤਾ ਸਿੰਘ, ਪਰੇਮ ਸਿੰਘ ਪਰਾਗ ਪੁਰ, ਜਸਬੰਤ ਸਿੰਘ, ਆਤਮਾ ਸਿੰਘ ਖੁਸਰਾ ਪੁਰ, ਮੁਣਸ਼ਾ ਸਿੰਘ ਜੋਲ, ਬੂਟਾ ਸਿੰਘ, ਠਾਕਰ ਸਿੰਘ, ਊਧਮ ਸਿੰਘ, ਮਿਲਖਾ ਸਿੰਘ, ਮੈਂਹਗਾ ਸਿੰਘ, ਬਖਸ਼ੀਸ਼ ਸਿੰਘ, ਕਰਤਾਰ ਸਿੰਘ, ਹੁਕਮ ਸਿੰਘ ਪੰਡੋਰੀ, ਨਿਰਵੈਰ ਸਿੰਘ ਪੰਡੋਰੀ ਨਿਜਰਾ, ਉਜਾਗਰ ਸਿੰਘ, ਬਸਰਾਂਮ ਪੁਰ, ਜਗਜੀਤ ਸਿੰਘ ਕੁਠਾਰ, ਸ਼ਿਵ ਸਿੰਘ ਹਰੀ ਪੁਰ, ਅਰਜਣ ਸਿੰਘ, ਹਰੀ ਸਿੰਘ ਸੂੰਡਦੇ, ਭਾਨ ਸਿੰਘ ਮਾਂਗਟ, ਛਜਾ ਸਿੰਘ ਮਸਾਨੀਆਂ, ਛਜਾ ਸਿੰਘ ਚਾਣਥੂ, ਠਾਕਰ ਸਿੰਘ, ਵਤਨ ਸਿੰਘ ਭਾਰਟਾ, ਕਰਤਾਰ ਸਿੰਘ ਗੋਂਦ ਪੁਰ, ਅਮਰ ਸਿੰਘ ਰਾਜੋਆਲ, ਸ਼ਿਆਮ ਸਿੰਘ ਰੈਸੀਆਲ, ਹਰੀ ਸਿੰਘ ਖੰਡਾ ਚੇਲਾ, ਬਾਵਾ ਸਿੰਘ, ਭੁਲਾ ਸਿੰਘ, ਵਰਿਆਮ ਸਿੰਘ, ਸੁੰਦਰ ਬਰੈਹਮਣ ਕੋਟ ਫਤੂਹੀ ਤੇ ਲਖਾ ਸਿੰਘ ਤਲੰਗਾ,ਦਲੇਲ ਸਿੰਘ ਮਨਣ ਹਾਨਾ, ਸਰਦੂਲ ਸਿੰਘ, ਕਰਤਾਰ ਸਿੰਘ ਬੂੜੋਵਾੜੀ, ਮਿਲਖਾ ਸਿੰਘ ਮੋਰਾਂ ਵਾਲੀਆ, ਨਰੈਣ ਸਿੰਘ ਚਾਟੀ ਪਿੰਡ, ਅੰਮ੍ਰਿਤ ਸਿੰਘ, ਬੰਤਾ ਸਿੰਘ, ਨਿਕਾ ਸਿੰਘ, ਤੇਜਾ ਸਿੰਘ, ਗੁਰਦਿਤ ਸਿੰਘ ਹਲੋਕੇ ਅੰਮ੍ਰਿਤਸਰ, ਨੈਕ ਗੰਗਾ ਸਿੰਘ ਜ: ਗੁਰਦਾਸ ਪੁਰ, ਸੂਬੇਦਾਰ ਅਮਰ ਸਿੰਘ ਧਾਲੀਵਾਲ,ਮਾਨ ਸਿੰਘ ਗੁਜਰਾਂ ਵਾਲਾ,ਪ੍ਰਤਾਪ ਸਿੰਘ ਸਿਆਲ ਕੋਟ, ਹਰਨਾਮ ਸਿੰਘ ਗੜ੍ਹੀ ਕਾਨੂੰਗੋਆਂ ਦੀ, ਬਾਵਾ ਸਿੰਘ, ਊਧਮ ਸਿੰਘ ਕੋਲ ਗੜ ਦੇ, ਸੰਤ ਠਾਕਰ ਸਿੰਘ ਮਿੰਡਆਲ, ਦੁਮਣ ਸਿੰਘ ਮੋਗੋਆਲ ਗੰਜਿਆਂ ਦਾ, ਗੋਕਲ ਸਿੰਘ ਸਿਬਲੀ, ਊਧਮ ਸਿੰਘ ਬਾਮਣ, ਆਤਮਾ ਸਿੰਘ ਬੀਕਾ । ਏਹ ਸੌ ਬਬਰ ਇਕ ਮੁਕਦਮਾ, ਪੈਂਤੀ ਦੂਸਰਾ ਮੁਕਦਮਾ। ਏਨਾਂ ਪੁਰ ਬਾਈ ਵਹਿਦਾ ਮੁਆਫ ਤੇ ਪੌਣੇ ਪੰਜ ਸੌ ਗਵਾਹ ਸੀ ।

**ਕੁਝ ਵਹਿਦਾ ਮੁਆਫ ਗਦਾਰਾਂ ਦੇ ਨਾਮ ਇਹ ਹਨ:–**

**ਕਰਤਾਰ ਸਿੰਘ, ਤੇਲੀ ਤਫੈਲ ਮਹਮਦ, ਮਤਾਬ ਸਿੰਘ ਭਘੜਦੀ, ਅਨੂਪਾ ਮਾਣਕੋ, ਮਲੂਕ ਸਿੰਘ ਪਲਾਹੀ, ਕਰਤਾਰ ਸਿੰਘ ਬੂੜੇਬਾੜੀ, ਬੇਲਾ ਸਿੰਘ, ਸਾਧੂ ਸਿੰਘ ਪਿਉ ਪੁਤਰ ਪਰਾਗ ਪੁਰ, ਰਾਮ ਸਿੰਘ ਮੰਜਾਰਾ ਕਾਮਾਂ, ਰਾਮ ਸਿੰਘ ਹੇਆਤ ਪਰ ਰੁੜਕੀ, ਜਾਵੰਤ ਸਿੰਘ ਜੌਲ, ਬੇਲਾ ਸਿਘ, ਤਾ ਸਿੰਘ ਚਮਾਰ, ਕਿਰਪਾਲ ਸਿੰਘ, ਬੰਤਾਸਿੰਘ, ਬੇਪਾਰਾਓ, ਧੰਨਾ ਸਿੰਘ ਕੋਟਲੀ ਆਦਿ ਏਹ ਬਾਈ ਵਹਿਦ। ਮਆਫ ਸਨ । ਜਦੋਂ ਦੇਸ਼ ਤੇ ਜ਼ੁਲਮ ਦੀ ਹਦ ਹੋ ਗਈ ਸਾਰੇ ਖੋਜਕੇ ਦੇਖੇ ਤਾਂ ਸਵਾਏ ਪੇਟ ਪਾਲਣ ਤੋਂ ਹੋਰ ਕਛ ਵੀ ਨਾਂ ਦਿਸਿਆ । ਹਣ ਮਾਰਕੇ ਡੋਲਿਆਂ ਤੇ ਥਾਪੀ ਬਬਰ ਮੈਦਾਨ ਵਿਚ ਨਿਤਰੇ । ਜਿਨ੍ਹਾਂਦੀ ਬਾਬਤ ਸਚੀ ਤੇ ਸਚੀ ਕਰਬਾਨੀ ਦੀ ਮਿਸਾਲ ਨਹੀਂ ਮਿਲੇਗੀ।**

**( ਕੋਰੜਾ ਛੰਦ )**

ਝਖੜ ਜੁਲਮ ਦਾ ਸੀ ਆਣ ਛੁਟਿਆ, ਦੁਖਾਂ ਨਾਲ ਲਾਇਆ ਬਾਗ ਗਿਆ ਪੁਟਿਆ,
ਗੁਰੂ ਜੀ ਦੇ ਵਾਕ ਅਸਾਂ ਗਏ ਭੁਲ ਜੀ, ਰਤਨ ਬੇਕੀਮਤੀ ਦਾ ਕੋਡੀ ਮੁਲ ਜੀ ।
ਭੇਜ ਰਬਾ ਮੌਤ ਨੂੰ ਬਥੇਰਾ ਜੀ ਲਿਆ, ਦੇਕੇ ਸ਼ਕੰਜੇ ਵਿਚ ਲਹੂ ਪੀ ਲਿਆ,
ਰੂੜੀਆਂ ਤੇ ਰੁਲਦੇ ਗੁਲਾਬੀ ਫੁਲ ਜੀ, ਰਤਨ ਬੇਕੀਮਤੀ ਦਾ ਕੌਡੀ ਮੁਲ ਜੀ ।
ਲਖਾਂ ਸੀਸ ਦੇ ਕੇ ਬਚਾਇਆ ਦੇਸ ਜੀ, ਆਈ ਗੋਰੀ ਡੈਣ ਪਟੀ ਛਡੀ ਮੇਸ ਜੀ,
ਅਧੇ ਸਿਰ ਵਾਂਗ ਵਿਚ ਪਵੇ ਹੁਲ ਜੀ, ਰਤਨ ਬੇਕੀਮਤੀ ਦਾ ਕੌਡੀ ਮੁਲ ਜੀ ।
ਜਦੋਂ ਕੁਰਬਾਨੀਆਂ ਨੂੰ ਲਗਾ ਭਾਗ ਸੀ, ਲੜ ਗਈ ਨਾਗਣੀ ਏਹ ਗੋਰੇ ਨਾਗ ਦੀ,
ਬਲਦੇ ਚਰਾਗ ਸਾਡੇ ਹੋਏ ਗੁਲ ਜੀ, ਰਤਨ ਬੇਕੀਮਤੀ ਦਾ ਕੌਡੀ ਮੁਲ ਜੀ ।
ਕਟ ਖਾਦਾ ਮਾਸ ਨਾਲੇ ਪੀਵੇ ਖੂਨ ਜੀ, ਸਾਧਣੀ ਦਾ ਰੂਪ ਤੇ ਬੀਮਾਰੀ ਤੂਨ ਦੀ,

ਬਕਰੇ ਕਸਾਈ ਵਾਂਗ ਰੋਜ਼ ਘੁਲ ਦੀ ਰਤਨ ਬੇਕੀਮਤੀ ਦਾ ਕੌਡੀ ਮੁਲ ਜੀ ।
ਮਾਪਿਆਂ ਨੇ ਪਾਲੇ ਪੁਤ ਸੋਹਣੇ ਰੰਗ ਦੇ, ਮਾਰੇ ਗਏ ਜੁਆਨ ਵੀਰੋ ਭਾੜੇ ਭੰਗ ਦੇ,
ਚੁਕ ਸੁਟੋ ਘੁੰਡ ਲਾਜ ਰਖੋ ਕੁਲ ਦੀ, ਰਤਨ ਬੇਕੀਮਤੀ ਦਾ ਕੌਡੀ ਮੁਲ ਜੀ ।
ਲੂਣ ਤੇ ਬਸਾਰ ਨਹੀਂ ਦਾਣੇ ਡੰਗਦੇ, ਗਲੀਂ ਸਾਡੇ ਝੋਲੀਆਂ ਫਿਰਨ ਮੰਗਦੇ,
ਲਖ ਤੇ ਕਰੋੜ ਨਾਂ ਜਿਨ੍ਹਾਂ ਦਾ ਮੁਲ ਜੀ, ਜੀਵਣਾ ਗੁਲਾਮ ਦਾ ਰੰਡੀ ਦੇ ਤੁਲ ਜੀ ।
ਕਖ ਦੇ ਨਾ ਛਡੇ ਜਿਹੇ ਬੰਦੇ ਲਖਦੇ, ਮੁੰਡੇ ਦੀ ਖਡਾਵੀ ਕਾਹਨੂੰ ਡੈਣ ਰਖਦੇ,
ਦੁਧ ਦੇ ਗਲਾਸਾਂ ਵਿਚ ਜ਼ਹਿਰ ਘੁਲਦੀ, ਜੀਵਣਾ ਗੁਲਾਮ ਦਾ ਰੰਡੀ ਦੇ ਤੁਲ ਜੀ ।
ਸੁਤਿਆਂ ਪਿਆਂ ਦੇ ਸੀਨੇ ਬਜੇ ਸਟ, ਜੀ ਉਤੋਂ ਭੇਖ ਸਾਧਣੀ ਦਾ ਵਿਚੋਂ ਕਟਦੀ,
ਜ਼ੁਲਮ ਹਨੇਰੀ ਰੋਜ ਸੀਸ ਝੁਲਦੀ, ਜੀਵਣਾ ਗੁਲਾਮ ਦਾ ਰੰਡੀ ਦੇ ਤੁਲ ਜੀ ।

## ਅੰਗਰੇਜ਼ਾਂ ਦੀ ਹਕੂਮਤ

( ਕੋਰੜਾ ਛੰਦ )

ਹਿੰਦ ਦਾ ਨਸੀਬ ਕਰਮਾਂ ਨੂੰ ਰੋ ਗਿਆ, ਰੋਜ ਦੇਸ ਲੁਟੀਦਾ ਕੰਗਾਲ ਹੋ ਗਿਆ,
ਚਾੜ੍ਹ ਦਾ ਸਕੰਜੇ ਸੱਟਾਂ ਪੈਣ ਦੋਹਰੀਆਂ, ਲੂਣਾਂ ਮਤਰੇਈ ਵਾਂਗ ਦੇਵੇ ਲੋਰੀਆਂ ।
ਮਾਰੋ ਖਾਂ ਮੈਦਾਨ ਵਿਚ ਗੜ੍ਹੇ ਗਡਕੇ, ਪੁਟ ਦਿਤਾ ਦੇਸ ਵਿਚ ਚੂਹੇ ਛਡਕੇ,
ਲੁਟ ਗਏ ਡਾਕੂ ਦੰਮਾਂ ਦੀਆਂ ਬੋਰੀਆਂ, ਲੂਣਾਂ ਮਤਰੇਈ ਵਾਂਗ ਦੇਵੇ ਲੋਰੀਆਂ ।
ਦੇਖੋ ਉਪਕਾਰ ਇਸ ਡੈਣ ਮਾਈਦਾ, ਪੀੜ ਦਿਤਾ ਦੇਸ ਜਿਵੇਂ ਦਥਾ ਲਾਈਦਾ.
ਢਿਡਾਂ ਭਾਰ ਕੁੜੀਆਂ ਪੰਜਾਬ ਤੋਰੀਆਂ, ਲੂਣਾਂ ਮਤਰੇਈ ਵਾਂਗ ਦੇਵੇ ਲੋਰੀਆਂ ।
ਬਕਰੇ ਕਸਾਈ ਵਾਂਗ ਖਲਾਂ ਤਾਰਦੀ, ਉਪਰੋਂ ਸਫਾਈ ਵਿਚੋਂ ਛੁਰੀ ਮਾਰਦੀ,
ਜ਼ੁਲਮੀ ਬਦਲ ਸਿਰ ਘਟਾਂ ਘੇਰੀਆਂ, ਲੂਣਾਂ ਮਤਰੇਈ ਵਾਂਗ ਦੇਵੇ ਲੋਰੀਆਂ ।
ਅਸਾਂ ਦੁਖੀ ਰੋਜ ਰੋਂਵਦੇ ਨਾਂ ਹੱਸੀਏ, ਪਾੜਕੇ ਕਲੇਜਾ ਕਿਹਨੂੰ ਹਾਲ ਦਸੀਏ,
ਮੁਰਦੇ ਦੇ ਵਾਂਗ ਚਿਖਾ ਜਾਣ ਠੇਰੀਆਂ, ਲੂਣਾਂ ਮਤਰੇਈ ਵਾਂਗ ਦੇਣ ਲੋਰੀਆਂ ।
ਲੱਖਾਂ ਤੇ ਹਜਾਰਾਂ ਸਾਡੇ ਮਾਰੇ ਵੀਰ ਜੀ, ਸਾਰ ਪਾਰ ਛਾਤੀ ਵਿਚੋਂ ਕੱਡੇ ਤੀਰ ਜੀ,
ਪਾੜੀ ਗਈ ਛਾਤੀ ਵਿਚ ਦੇਖੋ ਮੋਰੀਆਂ, ਲੂਣਾਂ ਮਤਰੇਈ ਵਾਂਗ ਦੇਵੇ ਲੋਰੀਆਂ ।
ਡੁਬ ਗਿਆ ਦੇਸ਼ ਯਾਰੋ ਧੋਖਾ ਖਾ ਗਿਆ, ਕੋਹੜ ਦੀ ਬੀਮਾਰੀ ਪਾਪੀ ਪੰਮਾ ਲਾ ਗਿਆ,
ਗਲੀਆਂ 'ਚ ਰੁਲਦੇ ਹੈ ਛੋਰ ਛੋਰੀਆਂ, ਲੂਣਾਂ ਮਤਰੇਈ ਵਾਂਗ ਦੇਵੇ ਲੋਰੀਆਂ ।
ਮਾਰੀਦਾ ਪੰਜਾਬ ਦੇਸ਼ ਗਿਆ ਮਰ ਜੀ, ਮੰਗਦੇ ਫਿਰਨ ਲੋਕ ਦਰ ਦਰ ਜੀ,
ਭੁਖੇ ਦੇਸ਼ ਵਾਸਤੇ ਕਰਨ ਚੋਰੀਆਂ, ਲੂਣਾਂ ਮਤਰੇਈ ਵਾਂਗ ਦੇਵੇ ਲੋਰੀਆਂ ।

## ਉਸ ਵਕਤ ਬਬਰਾਂ ਦਾ ਲੈਕਚਰ ਨੌ ਜੁਵਾਨਾਂ ਵਾਸਤੇ ਦੇਸ਼ ਕੌਮ ਦੀ ਖਾਤਰ

(ਕੋਰੜਾ ਛੰਦ)

ਮਰਦ ਮੈਦਾਨ ਵਿਚ ਜਦੋਂ ਵੜਦਾ, ਅੱਗੋਂ ਸੱਟਾਂ ਪੈਣ ਜੋਸ਼ ਜਾਵੇ ਚੜ੍ਹਦਾ,
ਪੀੜ੍ਹੀਆਂ ਤੇ ਬੈਠ ਵਹੁਟੀਆਂ ਸਦਾਵੀਏ, ਸਿਰੋਂ ਲਾਹਕੇ ਸਾਫੇ ਸਿਰ ਚੰਦ ਪਾਵੀਏ ।
ਮਰਦ ਸਦਾਵੋ ਸੱਟਾਂ ਪੈਣ ਖਾਣੀਆਂ, ਪਹਿਨ ਲਵੋ ਚੂੜੇ ਲੋਕ ਕਹਿਣ ਰਾਣੀਆਂ,
ਮੰਜਿਆਂ ਤੇ ਬੈਠ ਆਵੀਏ ਨਾਂ ਜਾਵੀਏ, ਸਿਰੋਂ ਲਾਹਕੇ ਸਾਫੇ ਸਿਰ ਚੰਦ ਪਾਵੀਏ ।
ਪੀਹੋ ਤੇ ਪਕਾਵੋ ਨਹੀਂ ਲਾਵੋ ਜੋਰ ਨੂੰ, ਪਹਿਨੋਂ ਫੁਲਕਾਰੀਆਂ ਲੁਵਾ ਕੇ ਕੋਰ ਨੂੰ,

ਮਖ ਮਲ ਨੈਣੂਨ ਰੇਛਮੀ ਹੰਡਾਵੀਏ, ਸਿਰੋਂ ਲਾਹਕੇ ਸਾਫੇ ਸਿਰ ਚੰਦ ਪਾਵੀਏ।
ਮਿਸੇ ਚੂੜੇ ਨਾਲ ਪਰੀ ਬੰਦ ਛਣਕੇ, ਹੋਣਗੇ ਸਫਲ ਮਾਪੇ ਪੁਤ ਜਣਕੇ,
ਅਤਰ ਫਲੇਲ ਨਾਲ ਬੈਠ ਨਾਹਵੀਏ, ਸਿਰੋਂ ਲਾਹਕੇ ਸਾਫੇ ਸਿਰ ਚੰਦ ਪਾਵੀਏ।
ਮੰਜੇ ਪੀੜ੍ਹੀ ਤੋਂ ਨਾਂ ਭੁੰਜੇ ਪੈਰ ਲਾਵਣਾ, ਕੰਗੀ ਪੱਟੀ ਸਾਜਕੇ ਸ਼ਿੰਗਾਰ ਲਾਵਣਾ,
ਤ੍ਰਿੰਞਣਾਂ 'ਚ ਬੈਠ ਮਿੱਠੇ ਗੀਤ ਗਾਵੀਏ, ਸਿਰੋ ਲਾਹਕੇ ਸਾਫੇ ਸਿਰ ਚੰਦ ਪਾਵੀਏ।
ਪਵੇ ਨਾ ਮੈਦਾਨ ਵਿਚੋਂ ਵੀਰੋਂ ਨੱਠਣਾਂ, ਬੈਠ ਕੇ ਤ੍ਰਿੰਞਣਾਂ 'ਚ ਗਾਉਣਾ ਕੱਤਣਾ,
ਘਗਰੀ ਨੂੰ ਲੋਣ ਲਾਕੇ ਉਡਾਵੀਏ, ਸਿਰੋਂ ਲਾਹਕੇ ਸਾਫੇ ਸਿਰ ਚੰਦ ਪਾਵੀਏ।
ਜਾਵੋ ਨਾ ਬਾਹਰ ਸੁੰਨਾਂ ਘਰ ਛਡਕੇ, ਬੈਠ ਰਹਿਣਾ ਪੀੜ੍ਹੀ ਉਤੇ ਘੁੰਡ ਕਡਕੇ,
ਸਿਖ ਲਓ ਕਸੀਦਾ ਬੂਟੀਆਂ ਵੀ ਖਾਵੀਏ, ਸਿਰੋਂ ਲਾਹਕੇ ਸਾਫੇ ਸਿਰ ਚੰਦ ਪਾਵੀਏ।
ਚਾੜ੍ਹਦੇ ਮੁਛੇਰੇ ਕਾਹਨੂੰ ਹੱਥ ਫੜਕੇ, ਮਰ ਜਾਵੋ ਗੰਦਿਓ ਅੰਦਰ ਬੜਕੇ,
ਖਸਮਾਂ ਦੇ ਨਾਲ ਮੁਕਲਾਵੇ ਜਾਵੀਏ, ਸਿਰੋਂ ਲਾਹਕੇ ਸਾਫੇ ਸਿਰ ਚੰਦ ਪਾਵੀਏ।

## ਉਪਦੇਸ਼ ਦੇਣਾ ਬਬਰ ਦਾ ਦੀਵਾਨ ਲਾਕੇ ਨੌ ਜਵਾਨਾਂ ਨੂੰ

(ਬੈਂਤ)

ਨਾਂ ਘਾਸਦੇ ਹੋਣ ਦੀ ਆਸ ਕੋਈ ਜੀਮੀਂ ਲਾਵੇ ਗੁਲਾਬ ਹੁਣ ਮੈਰ ਕਿਹੜੀ।
ਕੂਲੀ ਕੁਲੀ ਪੁਕਾਰ ਦੇ ਲੋਗ ਸਾਨੂੰ ਡੌਂਡੀ ਪਿਟ ਹੁੰਦੀ ਪਿੰਡ ਸ਼ਹਿਰ ਕਿਹੜੀ।
ਨਾਲ ਜ਼ਹਿਰ ਦੇ ਫਿਟ ਸਰੀਰ ਗਿਆ ਉਤੇ ਲੜ ਗਈ ਨਾਗਣੀ ਪੈਰ ਕਿਹੜੀ।
ਜਿਸਦੇ ਦਾਦੇ ਪੜਦਾਦੇ ਨਾ ਭਲਾ ਕੀਤਾ ਪੋਤੀ ਕਰਨ ਲਗੀ ਓਹਦੀ ਖੈਰ ਕਿਹੜੀ।
ਹਿੰਦੁਸਤਾਨ ਪੰਜਾਬ ਨੂੰ ਫੂਕ ਦਿਤਾ ਤੋਪ ਚੰਦਰੀ ਦੀ ਕਰੇ ਫੈਰ ਕਿਹੜੀ।
ਨਾਲ ਦੇਸ਼ ਪੰਜਾਬ ਵੀ ਹੜ੍ਹ ਗਿਆ ਟੁਟ ਪਈ ਸਮੁੰਦਰੋਂ 'ਨਹਿਰ ਕਿਹੜੀ।
ਜਿਸ ਮਲੀਆ ਮੇਟ ਸਮੇਟ ਕੀਤਾ ਪੈਂਦੀ ਵਿਚ ਕਲੇਜੇ ਦੇ ਲਹਿਰ ਕਿਹੜੀ।
ਲਾਟ ਓਡਬਰ ਭੁਨ ਪੰਜਾਬ ਸੁਟੀ ਤੇ ਫਿਰ ਕਸਰ ਛੱਡੀ ਜਰਨਲ ਡਾਇਰ ਕਿਹੜੀ।
ਭੁਨਣ ਲਈ ਆਜ਼ਾਦੀ ਦੇ ਬੂਟਿਆਂ ਨੂੰ ਹਾੜ ਜੇਠ ਦੀ ਕੜਕੇ ਦੁਪੈਹਰ ਕਿਹੜੀ।
ਗੋਰੀ ਡੈਣ ਹਲਕੀ ਦੇਸ਼ ਖਾਵਣੇ ਨੂੰ ਬਿਨਾਂ ਤੇਗ ਤੋਂ ਜਾਵੇਗੀ ਠਹਿਰ ਕਿਹੜੀ।
ਸਿੰਘੋਂ ਪੀ ਪੰਜਾਬ ਦੇ ਖੂਨ ਤਾਈਂ ਕਰੇ ਵਿਚ ਲਾਹੌਰ ਦੇ ਸੈਰ ਕਿਹੜੀ।
ਸੱਤਰ ਸਾਲ ਦੀ ਦੋਸਤੀ ਪਾਲਦੀ ਹੈ ਖਾ ਗਈ ਖੇਤੀਆਂ ਵਡਕੇ ਟੈਰ ਕਿਹੜੀ।
ਜਿਸਦਾ ਫੈਸਲਾ ਬੈਠ ਉਡੀਕਦੇ ਹੋ ਅਰਜੀ ਵਿਚ ਅਦਾਲਤਾਂ 'ਦੇਰ ਕਿਹੜੀ।
ਬਬਰ ਸਿੰਘਾਂ ਦੇ ਦੇਸ਼ ਪੰਜਾਬ ਅੰਦਰ ਬਣ ਗਈ ਧਰਧਾਨ ਏ 'ਗੈਰ ਕਿਹੜੀ।
ਮੱਥਾ ਸਾਹਮਣਾ ਜੋੜ ਦੇ ਲਾਭ ਸਿੰਘਾ ਵੇਖੀ ਜਾਵੇਗੀ ਸੂਰਮੀ ਕੈਰ ਕਿਹੜੀ।

## (ਬੈਂਤ)

ਦੁਸ਼ਮਣ ਦੇਖ ਕੇ ਤਾਪ ਕਿਉਂ ਚੜ੍ਹੇ ਤੇਈਆ ਮੁਛਾਂ ਤਾਣ ਡਰਾਉਂਦੇ ਮਾੜਿਆਂ ਨੂੰ।
ਲੱਖਾਂ ਆਉਣ ਜਰਾਹ ਨਾ ਸੀਉਣ ਲਗੇ ਏਸ ਰੰਨ ਦੇ ਕਾਲਜੇ ਪਾੜਿਆਂ ਨੂੰ।
ਤੇਰੇ ਸੀਸ ਵਿਚ ਮਿੱਟੀ ਦਾ ਛੱਜ ਬੀਬਾ ਸੁਣ ਲੈ ਰਾਗ ਲਵਾ ਕੇ ਅਖਾੜਿਆਂ ਨੂੰ।
ਫੇਰ ਤੀਵੀਆਂ ਬਨਣ ਤੋਂ ਫਰਕ ਕੇਹੜਾ ਜੇ ਕਰ ਸ਼ਰਮ ਨਾਂ ਲੰਬੀਆਂ ਦਾੜੀਆਂ ਨੂੰ।
ਗੈਰਤ ਗਈ ਬੇਗੈਰਤੀ ਵਿਚ ਸਾਡੇ ਸੁਟੋ ਫੂਕ ਮੁਛੇਰਿਆਂ ਚਾੜਿਆਂ ਨੂੰ।
ਬੈਠੀ ਪੀ ਗਈ ਖੂਨ ਵਲੈਤ ਅੰਦਰ ਸਾਡੀ ਧੁੰਨੀ ਵਿਚ ਲਾ ਕੇ ਨਾੜੀਆਂ ਨੂੰ।

ਲੱਖਾਂ ਪੋਦਿਆਂ ਕੁਝ ਨਾਂ ਕਰੇ ਪਾਣੀ ਬੂਟੇ ਇਸਦੀ ਭੜਾਸ ਦੇ ਸਾੜਿਆਂ ਨੂੰ।
ਰੁਲਦੇ ਫਿਰਦਿਆਂ ਪੁਛਦਾ ਬਾਤ ਕੋਈ ਨਹੀਂ ਅੰਦਰ ਕੁਕੜਾਂ ਦੇ ਖੁਡੇ ਤਾੜਿਆਂ ਨੂੰ।
ਮਾਸੀ ਮੌਤ ਨੂੰ ਆਖਦੇ ਖਾਲਸਾ ਜੀ ਸਾਰੇ ਜਗ ਦੇ ਪੇਟ ਪੁਆੜਿਆਂ ਨੂੰ।
ਗੋਡਾ ਲਾਕੇ ਬੈਠ ਜਾ ਮੋਰਚੇ ਤੇ ਮਾਰ ਖਿਚਕੇ ਮਥੇ ਦੁਗਾੜਿਆਂ ਨੂੰ।
ਚਲੋ ਨਾਲ ਆਜ਼ਾਦੀ ਦੇ ਕਰੋ ਸ਼ਾਦੀ ਸੇਹਰੇ ਲਾਉਣ ਜਿਉਂ ਜੰਜ ਦੇ ਲਾੜਿਆਂ ਨੂੰ।
ਮਾਲ ਰੰਡੀ ਪੰਜਾਬ ਦਾ ਲੁਟ ਲੈ ਗਏ ਵੇਖੋ ਦਿਨੇ ਦੀਵੀਂ ਡਾਕੇ ਧਾੜਿਆਂ ਨੂੰ।
ਤੇਰੀ ਧੌਣ ਪੁਰ ਦਿਨੋ ਦਿਨ ਧਰੀ ਜਾਂਦੀ ਡੈਣ ਕਰ ਕੇ ਤੇਜ਼ ਕੁਹਾੜਿਆਂ ਨੂੰ।
ਚਲੋ ਛਕੀਏ ਸਿੰਘੋ ਮੈਦਾਨ ਅੰਦਰ ਫੁਲਕੇ ਏਸ ਆਜ਼ਾਦੀ ਦੇ ਰਾੜ੍ਹਿਆਂ ਨੂੰ।
ਅਸੀਂ ਰੱਜ ਗਏ ਨੇਕੀਆਂ ਇਹਦੀਆਂ ਤੋਂ ਸਾਰੀ ਉਮਰ ਹੀ ਵਾਹੁੰਦੇ ਭਾੜਿਆਂ ਨੂੰ।
ਪੈਣ ਚੀਰ ਸਰੀਰ ਦੇ ਵਿਚ ਇਹਦੇ ਆਰਾ ਜਿਸ ਤਰ੍ਹਾਂ ਚੀਰਦਾ ਫਾੜਿਆਂ ਨੂੰ।
ਸੀਸ ਤਲੀ ਪੁਰ ਧਰੇ ਬਿਨ ਖਾਲਸਾ ਜੀ ਔਖਾ ਸੋਧਣਾ ਕੰਮਾਂ ਵਗਾੜਿਆਂ ਨੂੰ।
ਮਾਰੂ ਜੰਗ ਦਾ ਵਜਿਆ ਲਾਭ ਸਿੰਘਾ ਸੁਤਾ ਪਿਆ ਨਾਂ ਮਾਰ ਘੁਰਾੜਿਆਂ ਨੂੰ।

## ਤਥਾ ਬੈਂਤ

ਸੁਤੇ ਪਏ ਨੂੰ ਸਦੀਆਂ ਲੰਘ ਗਈਆਂ ਪਾਸਾ ਮਾਰ ਕੇ ਖਾਲਸਾ ਜਾਗ ਛੇਤੀ।
ਤੇਰੇ ਗਿਰਦ ਸਰੀਰ ਦੇ ਘਤ ਘੇਰਾ ਗੋਰੇ ਰੰਗ ਦਾ ਬੈਹ ਗਿਆ ਨਾਗ ਛੇਤੀ।
ਡੋਰ ਹੱਥ ਫੜਾ ਕੇ ਬ੍ਰਾਹਮਣਾਂ ਦੇ ਪਿਆ ਰੋਂਦਾ ਪੰਜਾਬ ਦਾ ਭਾਗ ਛੇਤੀ।
ਆਨ ਸ਼ਾਨ ਤੇਰੀ ਸਾਰੀ ਫੂਕ ਸੁਟੀ ਮੱਥੇ ਲਾਇਆ ਕਲੰਕ ਦਾ ਦਾਗ ਛੇਤੀ।
ਲੋਕੀ ਖਾਂਵਦੇ ਛੱਤੀ ਪਦਾਰਥਾਂ ਨੂੰ ਸਾਡੇ ਵਿਚ ਨਸੀਬ ਨਾਂ ਸਾਗ ਛੇਤੀ।
ਸੀੜ੍ਹੀ ਤੋਰੇ ਪੰਜਾਬ ਦੀ ਸਿਵਿਆਂ ਨੂੰ ਇਹ ਤਾਂ ਤੂਨ ਬੀਮਾਰੀ ਦੀ ਲਾਗ ਛੇਤੀ।
ਇਹ ਖੂਨ ਪੰਜਾਬ ਦਾ ਪੀ ਕੇ ਤੇ ਨਾਲ ਮੌਜ ਦੇ ਗਾਉਂਦੀ ਰਾਗ ਛੇਤੀ।
ਹੰਸ ਉਡ ਗਏ ਮਾਨ ਸਰੋਵਰਾਂ ਦੇ ਇਹ ਤਾਂ ਗੰਦ ਫਰੋਲਦੇ ਕਾਗ ਛੇਤੀ।
ਇਸ ਚੁੜੇਲ ਗੁਲਾਮੀ ਦੀ ਚੰਦਰੀ ਨੇ ਸਾੜ ਛੱਡਿਆ ਸਾਡਾ ਦਿਮਾਗ ਛੇਤੀ।
ਜਾਨ ਬਚ ਜਾਏ ਡੈਣ ਤੋਂ ਲਾਭ ਸਿੰਘਾ ਵਸ ਨਾ ਕਰ ਲਏ ਗੰਗਾ ਪਰਾਗ ਛੇਤੀ।

**ਨੋਟ :—ਜੋਸ਼ ਵਿਚ ਆ ਕੇ ਜਥੇਦਾਰ ਕਰਮ ਸਿੰਘ ਦੌਲਤ ਪੁਰੀ ਨੇ ਆਪਣੇ ਜੁਵਾਨਾਂ ਨੂੰ ਤਾਨਾ ਮਾਰਿਆ।**

## (ਬੈਂਤ)

ਸੜਦੀ ਵੇਖ ਪੰਜਾਬ ਨੂੰ ਚੁਪ ਬੈਠਾ ਤੇਰੇ ਵਿਚ ਦਿਮਾਗ ਗਿਆਨ ਹੈ ਨਹੀਂ।
ਧੌਣ ਭੇਡ ਦੇ ਵਾਂਗ ਲੁਫਾ ਬੈਠਾ ਜਾਨ ਹੁੰਦਿਆਂ ਜਿਸਮ ਵਿਚ ਜਾਨ ਹੈ ਨਹੀਂ।
ਜਾਂ ਤੇ ਆਪ ਵਿਚ ਭਠ ਦੇ ਸੜ ਮਰੀਏ ਜਾਂ ਫਿਰ ਸਮਝ ਅਗੋਂ ਬੇਈਮਾਨ ਹੈ ਨਹੀਂ।
ਲਖ ਲਾਣ੍ਹਤਾਂ ਸਿੰਘ ਸਦੌਣੇ ਨੂੰ ਕਰਨ ਜੋਗੇ ਜੇ ਸੀਸ ਦਾ ਦਾਨ ਹੈ ਨਹੀਂ।
ਕੀਲੀ ਲਾਹਕੇ ਟੰਗ ਕਿਰਪਾਨ ਛੱਡੀ ਜੰਗ ਵੇਖਕੇ ਚੁਪਿਆ ਪਾਨ ਹੈ ਨਹੀਂ।
ਅਖਾਂ ਮੀਟਕੇ ਅੰਦਰੀਂ ਲੁਕ ਜਾਵੇਂ ਚੜ੍ਹਿਆ ਉਲੂਆਂ ਦੇ ਭਾ ਦਾ ਭਾਨ ਹੈ ਨਹੀਂ।
ਪਥਰ ਦਿਲ ਦੇ ਵਿਚ ਛੇਕ ਪਾਉਣੇ ਨੂੰ ਵਜਾ ਕੋਈ ਮਰਦਊ ਦਾ ਬਾਨ ਹੈ ਨਹੀਂ।
ਆਸ ਛਡ ਦਿਉ ਇਨ੍ਹਾਂ ਕਮੇਟੀਆਂ ਦੀ ਇਹਨਾਂ ਮੁਰਦਿਆਂ ਦੇ ਵਿਚ ਜਾਨ ਹੈ ਨਹੀਂ।
ਗੰਗਾ ਜਲੀ ਮਖੌਲ ਹੈ ਹਿੰਦੂਆਂ ਦੀ ਮੁਸਲਮਾਨਾਂ ਦੇ ਲਈ ਕੁਰਾਨ ਹੈ ਨਹੀਂ।
ਸ਼ਾਂਤਮਈ ਕੀ ਕਰੇਗੀ ਬਕਰੇ ਦੀ ਕਤਨੀ ਛੁਰੀ ਕਸਾਈ ਮਿਆਨ ਹੈ ਨਹੀਂ।

ਛਾਤੀ ਸਾੜ ਗੁਲਾਮੀ ਨ ਫੂਕ ਸੁਟੀ ਸਾਨੂੰ ਸੁਫਨੇ ਵਿਚ ਅਰਮਾਨ ਹੈ ਨਹੀਂ ।
ਇਟ ਚੁਕਦੇ ਨੂੰ ਪਥਰ ਚੁਕੀਏ ਨਾ ਤਾਂ ਫਿਰ ਗੁਰੂ ਕੇ ਸਿੰਘ ਦੀ ਸ਼ਾਨ ਹੈ ਨਹੀਂ ।
ਬਾਬੇ ਬੰਦੇ ਦੀ ਲੈ ਕੇ ਸਿਖਿਆ ਨੂੰ ਲਾਹੇ ਸੂਬਿਆਂ ਦੇ ਕਦੇ ਘਾਨ ਹੈ ਨਹੀਂ ।
ਤੋਪ ਬੀੜ ਕੇ ਭੰਗੀਆਂ ਵਾਲੜੀ ਨੂੰ ਤੋੜ ਸੁਟਦੇ ਕਿਲਾ ਮੁਲਤਾਨ ਹੈ ਨਹੀਂ ।
ਜਦੋਂ ਖਾਲਸਾ ਤੇਗ ਨੂੰ ਧੂ ਪਿਆ ਅੜਨੇ ਤੁਰਕਸਤਾਨ ਯੂਨਾਨ ਹੈ ਨਹੀਂ ।
ਮਾਰੋ ਬਭਕ ਪਹਾੜ ਦੀ ਕੰਧਰਾ ਤੋਂ ਸਾਨੀ ਤੁਸਾਂ ਦਾ ਹੋਰ ਜਹਾਨ ਹੈ ਨਹੀਂ ।
ਬਿਜਲੀ ਵਾਂਗ ਲਸ਼ਕਾਈਏ ਖ਼ੇਤ ਅੰਦਰ ਆਇਆ ਸਿੰਘ ਦਾ ਹੁਣ ਤੂਫਾਨ ਹੈ ਨਹੀਂ ।
ਗਲਾਂ ਹੋਰ ਤਾਂ ਦੇਖੀਆਂ ਲਾਭ ਸਿੰਘਾ ਬਲਦੇ ਵੈਰੀ ਦੇ ਦੇਖੇ ਮਸਾਨ ਹੈ ਨਹੀਂ ।

**ਨੋਟ:—ਏਹ ਉਪਦੇਸ਼ ਸੁਣਕੇ ਬਬਰਾਂ ਦੇ ਅੰਗ ਫਰਕੇ ਤੇ ਜੋਸ਼ ਆ ਗਿਆ । ਏਸੇ ਤਰਾਂ ਹੋਰ ਉਪਦੇਸ਼ ਕੀਤਾ ਗਿਆ, ਜਿਸਦਾ ਵੇਰਵਾ ਇਹ ਹੈ ।**

**( ਬੈਂਤ )**

ਧਰ ਲੈ ਧਿਆਨ ਗੁਰਦੇਵ ਦਾ ਖਾਲਸਾ ਜੀ ਪਹਿਲੇ ਆਦ ਅਕਾਲ ਮਨਾਉਣੇ ਨੂੰ ।
ਇਹ ਤਾਂ ਜਗ ਸਰਾਂ ਮੁਸਾਫਰਾਂ ਦੀ ਬਣੀ ਹੋਈ ਹੈ ਰੈਣ ਲੰਘਾਉਣੇ ਨੂੰ ।
ਏਸ ਜਗ ਜਹਾਨ ਤੇ ਮਰ ਗਿਆਂ ਲਈ ਰਸਤਾ ਕੋਈ ਨਾ ਪਰਤ ਕੇ ਆਉਣੇ ਨੂੰ ।
ਯਾਰ ਪੜ੍ਹਨਗੇ ਮਜਲਸਾਂ ਵਿਚ ਬੈਹਕੇ ਵਾਰ ਛਡ ਚਲੋ ਕੋਈ ਗਾਉਣੇ ਨੂੰ ।
ਕੋਈ ਰੋਜ ਜਹਾਨ ਤੇ ਮੌਜ ਮੇਲਾ ਖੜਾ ਕਾਲ ਸਿਰ ਟੰਮਣਾ ਲਾਉਣੇ ਨੂੰ ।
ਹਿਰਸ ਵਾਂਗ ਮਰਦਾਨੇ ਦੇ ਖਿਚ ਲੈਂਦੀ ਬਾਲ ਬਚਿਆਂ ਤਾਂਈਂ ਮਲਾਉਣੇ ਨੂੰ ।
ਕੌਡੇ ਵਾਂਗ ਵਿੱਚ ਲਤਾਂ ਦੇ ਜੂੜ ਪਾਇਆ ਚੁਕ ਵਿਚ ਕੜਾਹੇ ਸਟਾਉਣੇ ਨੂੰ ।
ਸਿਰ ਤੇ ਘੁੰਮਦੇ ਝੁੰਡ ਕਲਜੋਗਣਾਂ ਦੇ ਵੱਡੇ ਤੇਰੇ ਸਰੀਰ ਦੇ ਪਾਉਣੇ ਨੂੰ ।
ਦੱਥੇ ਰੋਜਦੀ ਰੋਜ ਹੀ ਬੰਨ ਹੁੰਦੇ ਸਖਤ ਬੇਲਣੇ ਵਿਚ ਲੰਘਾਉਣੇ ਨੂੰ ।
ਪੁਟ ਛਡੇ ਆਜ਼ਾਦੀ ਦੇ ਬਾਗ ਤੇਰੇ ਬੂਟੇ ਜ਼ਹਿਰ ਦੇ ਛਾਤੀ ਤੇ ਲਾਉਣੇ ਨੂੰ ।
ਜਾਗ ਨੀਂਦ ਤੋਂ ਖੜਾ ਮੈਦਾਨ ਹੋਜਾ ਵਕਤ ਮਰ ਗਿਆ ਤੇ ਬੜਾ ਸਾਉਣੇ ਨੂੰ ।
ਲੱਡੂ ਸੈਂਖੀਏ ਦੇ ਉਤੋਂ ਖੰਡ ਲਗੀ ਆਈ ਮਾਂ ਮਤਰੇਈ ਖਵਾਉਣੇ ਨੂੰ ।
ਛੁਰੀ ਬੁਕਲ ਦੇ ਵਿਚ ਤਿਆਰ ਇਸਦੇ ਮੁੰਡਾ ਚੁਕਦੀ ਗੋਦ ਖਡਾਉਣੇ ਨੂੰ ।
ਇਹਦੇ ਹੱਥ ਦੇ ਵਿਚ ਹੈ ਤੇਜ਼ ਖੰਜਰ ਤੇਰੇ ਪੇਟ ਦੇ ਵਿਚ ਧਸਾਉਣੇ ਨੂੰ ।
ਸਾਡੇ ਵਾਸਤੇ ਝੋਲੀਆਂ ਸਿਉਂਦੀ ਏ ਦਰ ਦਰ ਦੇ ਟੁਕ ਮੰਗਾਉਣੇ ਨੂੰ ।
ਕੁੱਤੀ ਹਲਕੀ ਹੋਈ ਦੇ ਵਾਂਗ ਲਾਭ ਸਿੰਘਾ ਭਾਲੇ ਸੱਜਰਾ ਖੂਨ ਚਟਾਉਣੇ ਨੂੰ ।

## ਵਾਕ ਕਵੀ (ਬੈਂਤ)

ਵਰ੍ਹੇ ਸੈਂਕੜੇ ਸੁਖਾਂ ਦੇ ਲੰਘ ਜਾਂਦੇ ਦਿਨ ਲੰਗਦੇ ਦੁਖਾਂ ਦੇ ਚਾਰ ਔਖੇ ।
ਮਾਈ ਬਾਪ ਭਰਾਵਾਂ ਨੂੰ ਛੱਡ ਕੇ ਤੇ ਦਿਨ ਰਾਤ ਫਿਰ ਕਟਦੀ ਨਾਰ ਔਖੇ ।
ਧੰਦੇ ਆਪਣੇ ਕੌਣ ਮਾਲੂਮ ਕਰਦਾ ਸਿਰ ਦੇਸ਼ ਦੇ ਚੁਕਣੇ ਭਾਰ ਔਖੇ ।
ਜੋ ਕੋਈ ਬਣੀ ਤੋਂ ਮੁਖੜਾ ਮੋੜ ਜਾਂਦਾ ਤੋੜ ਚਾੜ੍ਹਨੇ ਪਾ ਪਿਆਰ ਔਖੇ ।
ਗੱਲਾਂ ਨਾਲ ਜਬਾਨ ਦੇ ਸੌਖੀਆਂ ਨੇ ਬਿਗੜੇ ਦੇਸ਼ਾਂ ਦੇ ਕਰਨ ਸੁਧਾਰ ਔਖੇ ।
ਪਰ ਨਾਰੀ ਪੁਰ ਡੋਲਣਾ ਚਿਤ ਮਾੜਾ ਕਰਕੇ ਹਾਰਨੇ ਕੌਲ ਇਕਰਾਰ ਔਖੇ ।
ਦੇਸ਼, ਕੌਮ ਤੇ ਸੀਸ ਨੂੰ ਜੇ ਲਾਉਣਾ ਤਾਰ ਖਿਚਣੇ ਵਾਂਗ ਸੁਨਿਆਰ ਔਖੇ ।

ਖਾਤਰ ਦੇਸ਼ ਦੀ ਟੁਕੜੇ ਹੋਣ ਵਾਲੇ ਬਬਰ ਲਭਣੇ ਮਰਦ ਬਾਜ਼ਾਰ ਔਖੇ।
ਜਿੱਧੇ ਭੇਜ ਦੇਣੇ ਗੌਰਮਿੰਟ ਵੰਨੀ ਕੱਡ ਆਪਣੇ ਨਾਂ ਇਸ਼ਤਿਹਾਰ ਔਖੇ।
ਮੋਏ ਹੋਏ ਦੀ ਲੋਥ ਵਿਚ ਜਾਨ ਪਾਕੇ ਕਰਨੇ ਵੈਰੀਆਂ ਦੇ ਉਤੇ ਵਾਰ ਔਖੇ।
ਤੁਸਾਂ ਓਨ੍ਹਾਂਦੇ ਖੂਨ ਕਿਉਂ ਨ੍ਹਾਉਂਦੇ ਹੋ ਖਰੜੇ ਜਿਨ੍ਹਾਂ ਨੇ ਕੀਤੇ ਤਿਆਰ ਔਖੇ।
ਰਾਤਾਂ ਲੰਘੀਆਂ ਜੰਗਲਾਂ ਵਿਚ ਬਹਿ ਬਹਿ ਝੱਲੇ ਭੁਖਦੇ ਦੁਖ ਹਜ਼ਾਰ ਔਖੇ।
ਪੱਤਾ ਪੱਤਾ ਜਹਾਨ ਦੇ ਵਿਚ ਵੈਰੀ ਝੋਲੀ ਚੁਕ ਫਿਰਦੇ ਖੂਨਖਾਰ ਔਖੇ।
ਮੁੰਡੇ ਲੋਕਾਂ ਦੇ ਬੰਨ੍ਹ ਕੇ ਜੇਲ ਸੁਟੇ ਫੇਰਨ ਕੋਲੂ ਖ਼ਰਾਸ ਦੇ ਭਾਰ ਔਖੇ।
ਜੀਉਂਦੇ ਪਾ ਦੇਣੇ ਵਸ ਕਸਾਈਆਂ ਦੇ ਚਮ ਮਲ੍ਹ ਭਾਉਂਦੇ ਲੈਣ ਤਾਰ ਔਖੇ।
ਪਾਪੀ ਚੰਦਰਾ ਬੇੜੇ ਨੂੰ ਡੋਬ ਦੇਂਦਾ ਐਪਰ ਤਾਰ ਕੇ ਲਾਵਣੇ ਪਾਰ ਔਖੇ।
ਘੋਟਾ ਸੌਖਾ ਹੈ ਫੇਰਨਾ ਪੱਟੀਆਂ ਤੇ ਸਿਰ ਘਤਣੇ ਦੇਸ਼ ਤੋਂ ਛਾਰ ਔਖੇ।
ਖੂਨ ਪੀ ਲਿਆ ਦੇਸ਼ ਦਾ ਪਾਪੀਆਂ ਨੇ ਫਿਰਦੇ ਆਕੜੇ ਆਉਣ ਡਕਾਰ ਔਖੇ।
ਸਿਰ ਤੇ ਬੰਨ ਕੇ ਠਾਰਾਂ ਗਜ ਟਸਰੀ ਨੂੰ ਦੇਣ ਡੈਰੀਆਂ ਵਿਚ ਸਰਕਾਰ ਔਖੇ।
ਬਬਰ ਬਾਜ ਨੂੰ ਸਿਰ ਤੇ ਪੈਣ ਦੇ ਤੂੰ ਬਗਲੇ ਉਡਣਗੇ ਖੰਭ ਖਲਾਰ ਔਖੇ।
ਕੰਮ ਸੌਰਨੇ ਨਾਲ ਬਡਾਂਗਿਆਂ ਦੇ ਫੇਰੋ ਧੌਣ ਦੇ ਉਤੇ ਤਲਵਾਰ ਔਖੇ।
ਫੜ ਫੜ ਕੇ ਇਨ੍ਹਾਂ ਦੇ ਲਾਭ ਸਿੰਘਾ ਟੁਕੜੇ ਕਰੋ ਧਰਕੇ ਚਾਰ ਚਾਰ ਔਖੇ।

## ਇਹ ਤਾਂ ਬਬਰਾਂ ਦੀਆਂ ਦਲੀਲਾਂ ਹਨ, ਅਗੇ ਝੋਲੀ ਚੁਕਾਂ ਦਾ ਹਾਲ ਪੜ੍ਹੋ ਤੇ ਵਿਚਾਰੋ ।

(ਤਰਜ ਗੱਡੀ)

ਰਹਿੰਦੀ ਦੁਨੀਆਂ ਤਕ ਨਹੀਂ ਹਿਲਣਾ, ਰਾਜ ਫਰੰਗੀਆਂ ਦਾ।
ਜਿਸ ਤੋਂ ਹਾਰ ਗਏ ਜਰਮਨੀ ਵਰਗੇ, ਹਿੰਦੀਆਂ ਨੂੰ ਖੌਫ ਪਿਆ।
ਇਹ ਦੀ ਪਿਠ ਤੇ ਖੜਾ ਅਮਰੀਕਾ, ਮਦਦਾਂ ਪਚਾਉਣੇ ਨੂੰ।
ਤਿੰਨ ਪੁਸ਼ਤਾਂ ਜਾਗੀਰ ਲੱਖਾਂ ਲਈ, ਮੀਹਾਂ ਸਿੰਘ ਜਸੋਵਾਲ ਦੇ।
ਭਾਰੀ ਪਾਕੇ ਖਿਤਾਬ ਕਲ ਤੋਰਿਆ, ਬਾਵਾ ਸਿਘ ਲਿਤਰਾਂ ਦਾ।
ਰੇੜ੍ਹੀ ਰੋਜ ਹੀ ਜ਼ਿਲੇ ਨੂੰ ਜਾਵੇ ਗੋਗੋਂ ਦੇ ਮਤਾਬ ਸਿੰਘ ਦੀ।
ਚਿਠੀ ਮਿਲ ਗਈ ਲਾਟ ਦੀ ਛਪੀ ਹੋਈ, ਬੇਲਾ ਸਿੰਘ ਜਾਣੀਏ ਨੂੰ।
ਨੰਗਲ ਸ਼ਾਮਾ ਦਾ ਚੌਧਰੀ ਬੂਟਾ, ਧਰ ਧਰ ਦੇਵੇ ਡੈਰੀਆਂ।
ਮੈਨੂੰ ਮਿਲਣਗੇ ਮੁਰੱਬੇ ਗੰਜੀ ਬਾਰਦੇ, ਪੰਜ ਸਤ ਦੇਵਾਂ ਡੈਰੀਆਂ।
ਘੋੜੀ ਲਵਾਂਗਾ ਕਾਠੀਆਂ ਬਾਦ ਤੋਂ, ਕਾਠੀ ਜਗਰਾਵਾਂ ਦੀ।
ਪੈਰੀਂ ਪਾ ਦਿਆਂ ਉਸਦੇ ਝਾਂਜਰਾਂ, ਮੇਲੇ ਵਿਚ ਨੱਚਦੀ ਫਿਰੂ।
ਲੋਗ ਕਹਿਣ ਗੇ ਚੌਧਰੀ ਆਂਉਦਾ, ਮਾਲਕ ਮੁਰੱਬਿਆਂ ਦਾ।
ਐਵੇਂ ਪਾ ਕੇ ਗਲਾਂ ਵਿਚ ਛੁਰੀਆਂ, ਅਕਾਲੀਆਂ ਨੇ ਰੌਲਾ ਘਤਿਆ।
ਮੈਨੂੰ ਖਤ ਮੁਣਸ਼ੀ ਦਾ ਆਇਆ, ਥਾਣੇ ਵਿਚ ਮਿਲ ਆਣ ਕੇ।
ਕੰਡੇ ਕੱਢ ਦਿਓ ਸ਼ਰੀਕਾਂ ਵਾਲੇ, ਮਲਾਇਆ ਹੱਥ ਥਾਣੇਦਾਰ ਨੇ।
ਕਲ ਡਿਪਟੀ ਚੜ੍ਹ ਗਿਆ ਦੌਰੇ, ਲਿਖਣੇ ਵਰੰਟ ਰਹੇ।
ਬੜਾ ਸਖਤ ਐਲਾਨ ਕਢਾਇਆ, ਡਿਪਟੀ ਕਮਿਸ਼ਨਰ ਨੇ।

ਅੱਖਾਂ ਖੋਲ ਕੇ ਨਿਗ੍ਹਾ ਜਦ ਮਾਰੀ, ਮੋਹਰੇ ਸ਼ੇਰ ਰੂਸ ਖੜਾ।
ਜਦੋਂ ਵੱਜੀਆਂ ਮੱਥੇ ਤੇ ਗੋਲੀਆਂ, ਭਜਦੇ ਨੂੰ ਰਾਹ ਨਾ ਮਿਲੇ।
ਜਿਵੇਂ ਕੱਡੀਏ ਖੇਤ ਚੋਂ ਖੋਤੇ, ਮਾਰ ਮਾਰ ਟੋਬਿਆਂ ਨੂੰ।
ਜਿਸ ਦੇ ਦਿਨ ਨਹੀਂ ਰਾਜ ਵਿਚ ਡੁਬਦਾ, ਉਡ ਅੰਗਰੇਜ ਗਿਆ।
ਕਿਹੜੇ ਦੀ ਬਾਗ ਝੋਲੀ ਚੁਕ ਮੂਲੀ, ਛਿਪ ਜਾਣ ਵਾਂਗ ਸੁਪਨੇ।
ਲੀਹਾਂ ਲਗੀਆਂ ਵੜ ਗਏ ਅੰਦਰੀਂ, ਖੌਫ ਦਾ ਬੁਖਾਰ ਚੜ੍ਹਿਆ।
ਹੁਣ ਹੋਣਗੇ ਮੈਦਾਨ ਵਿਚ ਟਾਕਰੇ, ਝੋਲੀ ਚੁਕ ਬਬਰਾਂ ਦੇ।
ਹਾਲ ਅਗਲਾ ਸੁਣਾ ਦੇ ਲਾਭ ਸਿੰਘ ਜੀ, ਸੰਗਤਾਂ ਉਤਾਵਲੀਆਂ।

**ਨੋਟ :—ਜਿਸ ਵੇਲੇ ਬਬਰ ਪਾਰਟੀ ਤਿਆਰ ਹੋ ਗਈ ਤਾਂ ਲੋਕਾਂ ਦਾ ਖਿਆਲ, ਝੋਲੀ ਚੁਕਾਂ ਅਤੇ ਇਨ੍ਹਾਂ ਦੀ ਬਾਬਤ ਕੌਂਸਲਾਂ ਵਿਚ ਗਲਾਂ ਹੋਣ ਲਗ ਪਈਆਂ। ਰੋਪੜੋਂ ਲੈ ਕੇ ਮਕੇਰੀਆਂ ਤਕ ਨੱਬੇ ਮੀਲ ਲੰਬੀ ਸੜਕ ਦੇ ਅਬ ਵਿਕਣੋ ਰੋਕ ਦਿਤੇ। ਤੇ ਜਿਹੜੀ ਰੇਲ ਗਡੀ ਫਗਵਾੜੇ ਤੋਂ ਜੇਜੋਂ ਨੂੰ ਜਾਂਦੀ ਹੈ ਉਸਦੇ ਟਿਕਟ ਬੰਦ, ਓਸ ਹਵਾਲ ਨੂੰ ਪੜ੍ਹੋ।**

## ਆਖਣਾਂ ਬਬਰ ਦਾ

## ( ਬੈਂਤ )

ਨਾਮ ਲੈ ਕੇ ਗੁਰੂ ਦਾ ਤੇਗ ਚੁਕੋ ਤੁਸਾਂ ਕਾਸਨੂੰ ਹਿੰਮਤਾਂ ਹਾਰੀਆਂ ਨੇ।
ਖੂਨ ਆਪਣਾ ਬੀਜ ਕੇ ਖੇਤ ਅੰਦਰ ਦੂਰ ਕੀਜੀਏ ਕੋੜ੍ਹ ਬੀਮਾਰੀਆਂ ਨੇ।
ਝੋਲੀ ਚੁਕਾਂ ਦਾ ਖਾਤਮਾ ਕਰੋ ਧਰਕੇ ਭਜ ਜਾਵਣਾ ਇਥੋਂ ਬਪਾਰੀਆਂ ਨੇ।
ਡਕਾ ਖਾਲਸੇ ਦਾ ਵਜੇ ਦੇਸ਼ ਅੰਦਰ ਜਦੋਂ ਉਠਾਲੀਏ ਧੂੜ ਗੁਬਾਰੀਆਂ ਨੇ।
ਥਾਲੀ ਵਾਂਗ ਪੰਜਾਬ ਦਾ ਦੇਸ਼ ਕੰਬੇ ਹਲੇ ਦੇ ਵਲੈਤ ਹੋਲਾਰੀਆਂ ਨੇ।
ਸਣੇ ਵਾਈਸਰਾ ਲਾਟ ਨੇ ਖ਼ੌਫ ਖਾਧਾ ਤਾਰਾਂ ਲੰਡਨ ਦੀ ਤਰਫ ਨੰਵਾਰੀਆਂ ਨੇ।
ਬਬਰ ਮਾਰਕੇ ਫੈਸਲਾ ਕਰਨ ਲਗੇ ਗਲਾਂ ਪਾਰਲੀਮੈਂਟ ਉਚਾਰੀਆਂ ਨੇ।
ਸੁਣ ਸੁਣ ਨਾਮ ਜੁਆਨਾਂ ਦੇ ਪਰਚਿਆਂ ਤੋਂ ਕੰਬਣ ਬੰਗਲੇ ਨਾਲ ਅਟਾਰੀਆਂ ਨੇ।
ਤੇਗ ਬਬਰ ਨੇ ਫੜੀ ਮੁਕਾਬਲੇ ਤੇ ਗਿਧੇ ਭੁਲ ਗਏ ਪੈਣ ਖੁਮਾਰੀਆਂ ਨੇ।
ਸੀਨੇ ਪਈ ਬਰਛੀ ਮੇਮਾਂ ਗੋਰੀਆਂ ਦੇ ਕੰਬਣ ਸੁਤੀਆਂ ਪਈਆਂ ਕਵਾਰੀਆਂ ਨੇ।
ਕਿਸੇ ਸਿਖ ਰਿਆਸਤ ਨੂੰ ਦਿਓ ਲਕਾ ਗਲਾਂ ਪਾਰਲੀਮੈਂਟ ਉਚਾਰੀਆਂ ਨੇ।
ਭਾਰੀ ਦੇ ਕੇ ਜੋਰ ਰਸਾਲਿਆਂ ਦਾ ਨਾਲੇ ਪਲਟਣਾਂ ਆਣ ਉਤਾਰੀਆਂ ਨੇ।
ਫਿਰਨ ਵਿਚ ਅਸਮਾਨ ਜ਼ਹਾਜ਼ ਘੁੰਮਦੇ ਦੇਣ ਲੋਕਾਂ ਨੂੰ ਧੀਰਜਾਂ ਭਾਰੀਆਂ ਨੇ।
ਉਧਰ ਬਬਰ ਵੀ ਕੰਮ ਨੂੰ ਸ਼ੁਰੂ ਕੀਤਾ ਵਲ ਸਿਵੇ ਦੇ ਜਾਂਦੀਆਂ ਲਾਰੀਆਂ ਨੇ।
ਵਢ ਵਢ ਕੇ ਜੋੜ ਉਖੇੜ ਮਾਰੇ ਖੂਨ ਕਢਤੇ ਫੇਰ ਕਟਾਰੀਆਂ ਨੇ।
ਇਧਰ ਪੁਤ ਮਰ ਗਏ ਦੇਸ ਘਾਤੀਆਂ ਦੇ ਜੜ੍ਹਾਂ ਕਢ ਐਲਾਨ ਨੂੰ ਗਾਰੀਆਂ ਨੇ।
ਵੜ ਕੇ ਖਲਾਂ ਵਿਚ ਮੂੰਹ ਲਕੋ ਲਿਆ ਵਾਂਗ ਮੁਰਦਿਆਂ ਹਿੰਮਤਾਂ ਹਾਰੀਆਂ ਨੇ।
ਸ਼ਾਂਤ ਮਈ ਦਾ ਠੋਕਕੇ ਫ਼ਾਲਾ ਮੋਹਰੇ ਅੰਦਰ ਪੈ ਗਏ ਲੈ ਫੁਲਕਾਰੀਆਂ ਨੇ।
ਘੁੰਡ ਕਢਕੇ ਬੈਠ ਗਏ ਪੀੜ੍ਹੀਆਂ ਤੇ ਅਖੀਂ ਬੰਨ੍ਹਕੇ ਸੁਰਮੇ ਦੀਆਂ ਧਾਰੀਆਂ ਨੇ।
ਕੰਢੇ ਲਗੇ ਜਹਾਜ਼ ਨੂੰ ਡੋਬ ਦਿਤਾ ਲੱਭ ਦੇ ਕੇ ਗੋਰੇ ਬਪਾਰੀਆਂ ਨੇ।
ਸਾਡੇ ਕਾਲਜੇ ਇਨ੍ਹਾਂ ਨੇ ਚੀਰ ਸੁਟੇ ਬਸ ਰਲ ਜੁਆਲੀ ਕਰਤਾਰੀਆਂ ਨੇ।

ਖ਼ਬਰ ਖਾ ਕਟਾਰੀਆਂ ਖੇਤ ਮਰ ਗਏ ਇਨ੍ਹਾਂ ਪਾ ਲਈਆਂ ਸਰਦਾਰੀਆਂ ਨੇ ।
ਸੜਕ ਰੋਪੜੋਂ ਲੈ ਮਕੇਰੀਆਂ ਤਕ ਤੋੜੇ ਸੜਕ ਦ ਅੰਬ ਚੁਮਿਆਰੀਆਂ ਨੇ ।
ਕੋਈ ਚੜ੍ਹੇ ਕੋਈ ਭਾਂਵੇਂ ਜਾਏ ਉਤਰ ਰੇਲਾਂ ਬਬਰਾਂ ਦੀਆਂ ਉਚਾਰੀਆਂ ਨੇ ।
ਸੂਰਜ ਸਿੰਘਾਂ ਦੇ ਰਾਜ ਦਾ ਚੜ੍ਹ ਪਿਆ ਸੀ ਲੋਕ ਉਡ ਪਏ ਮਾਰ ਉਡਾਰੀਆਂ ਨੇ ।
ਗੰਠੀਆ ਦੇਸ ਪੰਜ਼ਾਬ ਨੂੰ ਹੋ ਗਿਆ ਸ਼ਾਂਤ ਮਈ ਨੇ ਆਂਦਰਾ ਠਾਰੀਆਂ ਨੇ ।
ਘੋੜੇ ਸਿਖ ਬਣਾ ਕੇ ਲਾਭ ਸਿੰਘਾ ਗੋਰੇ ਕਰਦੇ ਉਤੇ ਅਸਵਾਰੀਆਂ ਨੇ ।

## ਵਾਕ ਕਵੀ (ਬੈਂਤ)

ਆਈ ਰੁਤ ਬਸੰਤ ਦੀ ਬੜੀ ਸੋਹਣੀ ਬੂਟੇ ਟਹਿਕ ਪਏ ਲਾਏ ਜੋ ਮਾਲੀਆਂ ਨੇ ।
ਮੌਸਮ ਬਦਲਿਆ ਪੁੰਗਰੇ ਵੇਲ ਬੂਟੇ ਰੰਗ ਬਦਲਿਆ ਪਤਿਆਂ ਡਾਲੀਆਂ ਨੇ ।
ਖਾਧਾ ਬਬਰ ਦੀ ਪਾਰਟੀ ਜੋਸ਼ ਭਾਰਾ ਭਖੀਆਂ ਚਿਹਰਿਆਂ ਦੇ ਉਤੇ ਲਾਲੀਆਂ ਨੇ ।
ਮਰਦਾਂ ਵਾਂਗ ਲਲਕਾਰਿਆ ਦੁਸ਼ਮਣਾਂ ਨੂੰ ਪੈਣ ਜਿਸ ਤਰਾਂ ਸਾਗਰੋਂ ਛਾਲੀਆਂ ਨੇ ।
ਅਗੇ ਓਸਨੂੰ ਸੁਣੋਂ ਧਿਆਨ ਲਾ ਕੇ ਜੀਜਾ ਜਿਸ ਤਰਾਂ ਮਾਰਿਆ ਸਾਲੀਆਂ ਨੇ ।
ਸਿਖ ਪੰਥ ਦਾ ਸਤਿਆ ਨਾਸ ਕੀਤਾ ਖੋਲ ਢੋਲ ਦੇ ਪੋਲ ਪਾਲਾਲੀਆਂ ਨੇ ।
ਦੇਸੰ ਪਾ ਕੇ ਪਿੰਜਰੇ ਲੁਟ ਸੁਟਿਆ ਇਨ੍ਹਾਂ ਸੋਹਣੀਆਂ ਨਖਰੇ ਵਾਲੀਆਂ ਨੇ ।
ਸ਼ਾਂਤ ਮਈ ਦਾ ਕੋੜ੍ਹ ਲਾ ਪੰਥ ਤਾਂਈਂ ਜੜ੍ਹਾਂ ਪਾ ਕੇ ਤੇਲ ਨੂੰ ਗਾਲੀਆਂ ਨੇ ।
ਪਾਣੀ ਸਭ ਕੁਰਬਾਨੀ ਪੁਰ ਫੇਰ ਦਿਤਾ ਨਾਲ ਦੁਖਾਂ ਦੇ ਘਾਲਣਾਂ ਘਾਲੀਆਂ ਨੇ ।
ਵਿਚ ਜੜ੍ਹਾਂ ਦੇ ਆਰੀਆਂ ਫੇਰ ਦਿਤੀਆਂ ਚਨਣ ਬਣਨ ਜਾਂ ਲਗੀਆਂ ਟਾਲ੍ਹੀਆਂ ਨੇ ।
ਕਲੇ ਕਲੇ ਜਵਾਨ ਦਾ ਲਹੂ ਪੀਤਾ ਤਾਏ ਵਾਂਗ ਸੁਨਿਆਰ ਕੁਠਾਲੀਆਂ ਨੇ ।
ਬੇੜਾ ਰੋੜ੍ਹਕੇ ਦੇਸ ਦਾ ਵਿਚ ਸਾਗਰ ਕੰਢੇ ਖੜਕੇ ਮਾਰਦੇ ਤਾਲੀਆਂ ਨੇ ।
ਨਕਸ਼ਾ ਦੇਸ ਦਾ ਬਦਲਿਆ ਲਾਭ ਸਿੰਘਾ ਤੇਗਾਂ ਮਾਰਕੇ ਬਬਰ ਅਕਾਲੀਆਂ ਨੇ ।

## ਵਾਕ ਕਵੀ (ਬੈਂਤ)

ਮਰ ਗਏ ਜਿਨ੍ਹਾਂ ਦੇ ਪੁਤਰ ਜਵਾਨ ਸੁੰਦਰ ਮਾਪੇ ਕਿਸ ਤਰ੍ਹਾਂ ਕਰਨਗੇ ਸਬਰ ਦਸੋ ।
ਪੇਟ ਪੁਤਰਾਂ ਦਾ ਮਾਂ ਨੇ ਚੀਰ ਖਾਦਾ ਸੁਫਨੇ ਵਿਚ ਸੀ ਕਿਸ ਨੂੰ ਖਬਰ ਦਸੋ ।
ਓਦਾ ਫੇਰ ਤਰਕੀ ਦਾ ਰਾਹ ਕਿਹੜਾ ਆਪੇ ਪੁਟਦੇ ਪੁਤਰ ਦੀ ਕਬਰ ਦਸੋ ।
ਕੰਨਘੁਸਰੀਆਂ ਮੇਲ ਕੇ ਲਾਭ ਸਿੰਘਾ ਹੱਥੀਂ ਆਪਣੀ ਮਾਰ ਲਏ ਬਬਰ ਦਸੋ ।
ਜਦੋਂ ਸਿੰਘਾਂ ਦਾ ਰਾਜ ਸੀ ਨਸ਼ਟ ਹੋਇਆ ਆਗੂ ਬਣੇ ਜਾ ਕੌਮ ਗ਼ਦਾਰ ਦਸੋ ।
ਡੋਰ ਹੱਥ ਆਈ ਜਦੋਂ ਗੰਦਿਆਂ ਦੇ ਦੇਸ਼ ਮਾਰਿਆ ਮੂੰਹ ਦੇ ਭਾਰ ਦਸੋ ।
ਗੋਰੀ ਡੈਣ ਨੇ ਘਤ ਲਏ ਗਿਰਦ ਕੁੰਡਲ ਹੱਥ ਲੈ ਕੇ ਤੇਜ ਕਟਾਰ ਦਸੋ ।
ਇਧਰ ਜ਼ੁਲਮ ਕੀਤਾ ਇਨ੍ਹਾਂ ਗੰਦਿਆਂ ਨੇ ਫੇਰੀ ਧੌਣਦੇ ਉਤੇ ਤਲਵਾਰ ਦਸੋ ।
ਖਾਣ ਪੈ ਗਏ ਬਬਰ ਅਕਾਲੀਆਂ ਨੂੰ ਮੂੰਹ ਡੈਣ ਦੇ ਵਾਂਗ ਖਲਾਰ ਦਸੋ ।
ਲਹੂ ਪੀਣੇ ਇਹ ਦੇਸ਼ ਦੇ ਸੂਰਿਆਂ ਦਾ ਉਵੇਂ ਮੁਲਕ ਦਾ ਕਰਨ ਸੁਧਾਰ ਦਸੋ ।
ਕੰਢੇ ਲੱਗੇ ਜਹਾਜ ਨੂੰ ਡੋਬ ਦਿਤਾ ਧਕਾ ਮਾਰਕੇ ਸ਼ੌਹ ਵਿਚਕਾਰ ਦਸੋ ।
ਅੰਦਰ ਛੁਰੀ ਕਸਾਈ ਦੇ ਵਾਂਗ ਪਕੜੀ ਬਣੇ ਉਪਰੋਂ ਰਾਜਕੁਮਾਰ ਦਸੋ ।
ਖਾਤਰ ਪੇਟ ਦੀ ਪਜ ਬਣਾ ਕੇ ਤੇ ਗੰਦੇ ਕਰਦੇ ਇਹ ਗੰਦਾ ਵਿਹਾਰ ਦਸੋ ।
ਲਹੂ ਪੀ ਕੇ ਪੁਤਾਂ ਬਗਾਨਿਆਂ ਦਾ ਰਜ ਪੁਜ ਕੇ ਰਹੇ ਡਕਾਰ ਦਸੋ ।

ਬਰਛੀ ਜੀਭ ਦੀ ਮਾਰ ਕੇ ਲਾਭ ਸਿੰਘਾ ਇਨ੍ਹਾਂ ਕੱਢਣੀ ਛਾਤੀ ਤੋਂ ਪਾਰ ਦਸੋ।

## ਬਬਰ ਅਕਾਲੀ ਸੱਚੇ ਤੇ ਸੁੱਚੇ ਯੋਧੇ

(ਬੈਂਤ)

ਧਰਕੇ ਆਪਣੀ ਜਾਨ ਨੂੰ ਤਲੀ ਉਤੇ ਬਬਰ ਗਏ ਮੈਦਾਨ ਖਲੋ ਵੀਰੋ।
ਵਿਚ ਛਾਤੀ ਦੇ ਗੋਲੀਆਂ ਖਾ ਕੇ ਤੇ ਟਿਕੇ ਛੱਡੇ ਕਲੰਕ ਦੇ ਧੋ ਵੀਰੋ।
ਗੋਰੀ ਡੈਣ ਹਲਕੀ ਜਦੋਂ ਖਾਵਣੇ ਨੂੰ ਮੂਹਰੇ ਭਜ ਕੇ ਤੇ ਗਏ ਹੋ ਵੀਰੋ।
ਬੂਟਾ ਏਸ ਆਜ਼ਾਦੀ ਦਾ ਲਾ ਕੇ ਤੇ ਪਾਇਆ ਖ਼ੂਨ ਉਹਦੇ ਮੁੱਢ ਚੋ ਵੀਰੋ।
ਫਿਰ ਫਿਰ ਵਿਚ ਜੰਗਲਾਂ ਅਤੇ ਝਾੜੀਆਂ ਦੇ ਰਾਤੀਂ ਝਾਗੀਆਂ ਮਾਘ ਤੇ ਪੋਹ ਵੀਰੋ।
ਅਮਰ ਹੋ ਗਏ ਮਾਰੀ ਹੋਈ ਧਾਂਤ ਵਾਂਗੂੰ ਝੂਠੇ ਏਸ ਜਹਾਨ ਤੇ ਮੋਹ ਵੀਰੋ।
ਇਨ੍ਹਾਂ ਬਰਛੀ ਜਵਾਨ ਦੇ ਜਦੋਂ ਮਾਰੀ ਮਰ ਗਏ ਏਸ ਦੀ ਜਾਨ ਨੂੰ ਰੋ ਵੀਰੋ।
ਸ਼ੀਸ ਮਹਿਲਾਂ ਵਿਚ ਵੜ ਗਈ ਮਾਰ ਮਾਰਾਂ ਝੁਗੇ ਹੋਰ ਜਹਾਨ ਦੇ ਖੋਹ ਵੀਰੋ।
ਸੂਰਜ ਸਿੰਘਾਂ ਦੇ ਰਾਜ ਦਾ ਡੋਬ ਦਿਤਾ ਹੱਥ ਰਹਿ ਗਈ ਦੀਵੇ ਦੀ ਲੋ ਵੀਰੋ।
ਬਬਰ ਮਾਰ ਲਏ ਸੂਰਮੇ ਲਾਭ ਸਿੰਘਾ ਡੈਣਾਂ ਕੱਠੀਆਂ ਹੋ ਕੇ ਦੋ ਵੀਰੋ।

## ਵਾਕ ਕਵੀ (ਬੈਂਤ)

ਪੀਂਦੇ ਖ਼ੂਨ ਇਹ ਦੇਸ਼ ਦੇ ਯੋਧਿਆਂ ਦਾ ਲਾਭ ਹੈ ਦਸੋ ਕੀ ਕਮੇਟੀਆਂ ਦਾ।
ਲਾਲ ਛਡ ਕੇ ਕੱਚ ਵਿਹਾਜ ਦੇ ਨੇ ਗੁੰਦਾ ਪਾ ਕੇ ਸਫਾਂ ਵਲੇਟੀਆਂ ਦਾ।
ਕਿਸੇ ਵੈਦ ਹਕੀਮ ਨੂੰ ਪੁਛ ਕੇ ਤੇ ਕੋਈ ਇਲਾਜ ਸੋਚੋ ਮੁਰਦਾ ਲੇਟੀਆਂ ਦਾ।
ਕੰਘੀ ਪੱਟੀ ਪੁਰ ਜ਼ੋਰ ਹੈ ਲਾਭ ਸਿੰਘਾ ਅੰਦਰ ਬੈਠੀਆਂ ਰਾਜੇ ਦੀਆਂ ਬੇਟੀਆਂ ਦਾ।

## ਤਬਾ ਬੈਂਤ

ਸੱਚੇ ਦਿਲ ਤੋਂ ਦੇਸ਼ ਦੀ ਕਰੋ ਸੇਵਾ ਜਿਹੜਾ ਕੰਮ ਹੈ ਮਰਦ ਇਨਸਾਨ ਦਾ ਈ।
ਕਿਸੇ ਰੋਜ ਨੂੰ ਮਾਰੂ ਸਿਰ ਤਾੜ ਦੇ ਕੇ ਖੜਾ ਕਾਲ ਗੁਲੇਲ ਨੂੰ ਤਾਣਦਾ ਈ।
ਛੁਰੇ ਲੈ ਕੇ ਮੌਤ ਤਿਆਰ ਬੈਠੀ ਟੋਲੇ ਰੋਜ਼ ਸਮਿਆਨ ਬਬਾਨ ਦਾ ਈ।
ਆਖਰਕਾਰ ਜਵਾਨੀ ਨੇ ਢਲ ਜਾਣਾ ਤੇਜ਼ ਸਿਖਰ ਦੁਪੈਹਰ ਤੋਂ ਭਾਨ ਦਾ ਈ।
ਵਜਣ ਕੂਚ ਦੇ ਬਿਗਲ ਸੁਵੇਰ ਨੂੰ ਈ ਦਾਹਵਾ ਸੋਹਰੇ ਘਰ ਕੂੜ ਮਾਨ ਦਾ ਈ।
ਅੱਗੇ ਤੋਰਨਾ ਕੈਦੀਆਂ ਵਾਂਗ ਫੜਕੇ ਵਡਾ ਚੌਧਰੀ ਚੀਨ ਜਾਪਾਨ ਦਾ ਈ।
ਕਰਨ ਆਕੜਾਂ ਭੰਨ ਕੇ ਤੀਰ ਸਿੱਧਾ ਅਜ ਅੰਗ ਨਾ ਲਿਫੇ ਜਵਾਨ ਦਾ ਈ।
ਧਰ ਧਰ ਟੋਪੀਆਂ ਨੂੰ ਯੂਰਪੀਣ ਬਣਦਾ ਬੰਦਾ ਹੋ ਕੇ ਹਿੰਦੁਸਤਾਨ ਦਾ ਈ।
ਮਾਈ ਪੁਤ ਜੰਮੇ ਦਾਤਾ ਸੂਰਮਾ ਜੋ ਤੀਜਾ ਹੋਵੇ ਜੇ ਭਗਤ ਭਗਵਾਨ ਦਾ ਈ।
ਚੌਥਾ ਗੰਦ ਦੀ ਪੋਟਲੀ ਨਾ ਜੰਮੇ ਵੈਰੀ ਹੋਵੇ ਜੋ ਅੰਨ ਗੁਆਣ ਦਾ ਈ।
ਗੰਗੂ ਚੰਦੂ ਵਾਂਗੂ ਡੋਬੇ ਦੇਸ਼ ਤਾਂਈ ਛੁਰਾ ਮਾਰ ਕੇ ਤੇਜ ਜ਼ੁਬਾਨ ਦਾ ਈ।
ਘਰ ਵਿਚ ਪਾਲਦਾ ਤਿਤਰ ਬਟੇਰਿਆਂ ਨੂੰ ਮੁੰਡਾ ਬਹੁਤ ਸ਼ੌਕੀਨ ਹੈ ਪਾਨ ਦਾ ਈ।
ਵੀਰ ਰਸ ਦਿਮਾਗ ਤੋਂ ਨਸ਼ਟ ਹੋਇਆ ਝਲ ਪੈ ਗਿਆ ਖੇਹ ਦੇ ਖਾਣ ਦਾ ਈ।
ਛਿਤਰ ਖਾਵੇ ਜੁਲਾਹੀਆਂ ਤੇ ਤੇਲਣਾਂ ਤੋਂ ਉਵੇਂ ਸੀ ਮੁੰਡਾ ਖਾਨਦਾਨ ਦਾ ਈ।
ਉਠ ਹੋਵੇ ਨਾ ਫਿਟੇ ਮੂੰਹ ਗੋਡਿਆਂ ਦਾ ਦਾਵਾ ਬੰਨਦੀ ਜੀਮੀਂ ਅਸਮਾਨ ਦਾ ਈ।
ਬਿਨਾਂ ਸੀਸ ਦੀ ਭੇਟ ਤੋਂ ਲਾਭ ਸਿੰਘਾ ਮਾਲਕ ਕੌਣ ਹੋਵੇ ਹਿੰਦਸਤਾਨ ਦਾ ਈ।

# ਬਬਰ ਦਾ ਖਾਸ ਦੁਆਬੇ ਦੇ ਨੌ ਜਵਾਨਾਂ ਵਾਸਤੇ ਉਪਦੇਸ਼

(ਬੈਂਤ)

ਸੋਚ ਦੇਸ਼ ਦੁਆਬਿਆ ਅਕਲਮੰਦਾ ਧੋਖਾ ਕਿਸੇ ਗ਼ਦਾਰ ਦਾ ਖਾ ਨਾਹੀਂ ।
ਨਿਗ੍ਹਾ ਮਾਰਕੇ ਦੇਖ ਲੈ ਚਾਰ ਪਾਸੇ ਤੈਨੂੰ ਕਿਸੇ ਤੋਂ ਫਤਹਿ ਦੀ ਭਾ ਨਾਹੀਂ ।
ਪਾ ਪਾ ਜੱਫੀਆਂ ਦੂਜੇ ਦੇ ਗਲਾਂ ਨੂੰ ਵੀ ਲਥਾ ਅਜੇ ਵੀ ਤੁਸਾਂ ਦਾ ਚਾ ਨਾਹੀਂ ।
ਤੇਰੇ ਵਾਸਤੇ ਚੜ੍ਹਦੀਆਂ ਸਾਨ ਛੁਰੀਆਂ ਮਿਟੇ ਅਜੇ ਕਲੇਜਿਓਂ ਘਾ ਨਾਹੀਂ ।
ਪੂਰਨ ਵਾਂਗ ਤੂੰ ਬਚਣ ਦਾ ਕਰ ਹੀਲਾ ਜਾਣਾਂ ਬਦਲ ਏ ਡੈਣ ਸੁਭਾ ਨਾਹੀਂ ।
ਛੁਰੀ ਦੇਖ ਕੇ ਸੋਨੇ ਦੀ ਮੁਠ ਵਾਲੀ ਪੇਟ ਆਪਣੇ ਵਿਚ ਧਸਾ ਨਾਹੀਂ ।
ਗੱਲਾਂ ਮਾਰਦੇ ਰੰਨਾਂ ਦੇ ਕੋਲ ਬਹਿ ਬਹਿ ਖੇਤ ਸਕਦੇ ਮਰਦ ਸਦਾ ਨਾਹੀਂ ।
ਜੋਰੋ ਜੋਰਦੀ ਏਸ ਦਰੋਪਤਾਂ ਨਾਲ ਮੱਛੀ ਵਿਨੀ ਬਿਨ ਹੋਣਾ ਵਿਆਹ ਨਾਹੀਂ ।
ਵਡਾ ਚਾਓ ਹੈ ਸੀਤਾ ਵਿਆਹੁਣੇ ਦਾ ਐਪਰ ਸਕਦੇ ਧਣੁਖ ਉਠਾ ਨਾਹੀਂ ।
ਦਿਲ ਚਾਂਹਵਦਾ ਮੁਗਦਰ ਚੁਕਣੇ ਨੂੰ ਹਿੰਮਤ ਆਖਦੀ ਗੋਡੇ ਭਨਾ ਨਾਹੀਂ ।
ਪਹਿਲਾਂ ਖੂਨ ਦੀ ਨਦੀ ਵਿਚ ਨ੍ਹਾਤਿਆਂ ਬਿਨ ਹੋਣਾ ਨਾਲ ਅਜਾਦੀ ਵਿਆਹ ਨਾਹੀਂ ।
ਬਬਰਾਂ ਵਾਂਗ ਮੈਦਾਨ ਦੇ ਵਿਚ ਖੜਕੇ ਹੁੰਦਾ ਦੋਸਤੋ ਸੀਸ ਵਢਾ ਨਾਹੀਂ ।
ਜਣ ਕੇ ਦਰਜਣਾਂ ਸੁਟੀਆਂ ਬਹੁਤੀਆਂ ਨੇ ਕੁਖ ਸਕੀਆਂ ਸਫਲ ਬਣਾ ਨਾਹੀਂ ।
ਖਾਤਰ ਦੇਸ ਤੇ ਕੌਮ ਦੀ ਖਾਲਸਾ ਜੀ ਲਈਆਂ ਆਂਦਰਾਂ ਕਿਸੇ ਕਢਾ ਨਾਹੀਂ ।
ਟੋਟੇ ਟੋਟੇ ਜਮੀਨ ਤੇ ਹੋ ਜਾਣਾ ਪਿਛੇ ਭਜਣਾਂ ਪੈਰ ਹਟਾ ਨਾਹੀਂ ।
ਬੜੇ ਬੜੇ ਕੁਰਬਾਨੀਆਂ ਵਾਲਿਆਂ ਤੋਂ ਹੋਏ ਮੌਤ ਨੂੰ ਪੁਤ ਰੁੜਾ ਨਾਹੀਂ ।
ਬਿਨਾਂ ਸੀਨੇ ਵਿਚ ਬਰਛੀਆਂ ਵਜੀਆਂ ਤੋਂ ਪੈਂਦੇ ਵਿਚ ਕਲੇਜੇ ਦੇ ਘਾ ਨਾਹੀਂ ।
ਦੇਦੇ ਲੋਰੀਆਂ ਹਥਾਂ ਦੇ ਪਾਲਿਆਂ ਨੂੰ ਅਖਾਂ ਸਾਹਮਣੇ ਹੁੰਦਾ ਮਰਵਾ ਨਾਹੀਂ ।
ਅੰਦਰ ਭੀੜਕੇ ਤਾਕੀਆਂ ਸਬਰ ਦੀਆਂ ਹੁੰਦੇ ਖੇਤ ਵਿਚ ਪੁਤ ਚਰਵਾ ਨਾਹੀਂ ।
ਓਹਲੇ ਹੁੰਦਿਆਂ ਮਾਂ ਦੀ ਜਾਨ ਜਾਂਦੀ ਜਿਉਂਦੀ ਸਕਦੀ ਕਬਰ ਪੁਟਾ ਨਾਹੀਂ ।
ਹੋ ਕੇ ਦੇਸ ਦੁਆਬੇ ਦਾ ਖੂਨ ਪਾਣੀ ਰਖੇ ਮਾਵਾਂ ਨੇ ਪੁਤ ਲੁਕਾ ਨਾਹੀਂ ।
ਦੇ ਦੇ ਥਾਪੀਆਂ ਬਾਪ ਨੇ ਤੋਰ ਦਿਤੇ ਜਾਹ ਪੁਤਰਾ ਜਾਨ ਬਚਾ ਨਾਹੀਂ ।
ਚੜ੍ਹ ਗਏ ਫਾਂਸੀਆਂ ਤੇ ਮਾਰ ਮਾਰ ਛਾਲਾਂ ਆਖੀ ਕਿਸੇ ਵੀ ਹਾਏ ਸੁਣਾ ਨਾਹੀਂ ।
ਫੁਲ ਚਾੜ੍ਹੀਏ ਬਬਰ ਦੀ ਸਮਾਧ ਉਤੇ ਸਾਨੀ ਜਿਸ ਦਾ ਵਿਚ ਜਹਾਂ ਨਾਹੀਂ ।
ਅਖਾਂ ਸਾਹਮਣੇ ਬਬਰ ਸ਼ਹੀਦ ਹੋਏ ਮਾਰੀ ਕਿਸੇ ਨੇ ਸਬਰ ਦੀ ਢਾ ਨਾਹੀਂ ।
ਗੋਲੇ ਖਾ ਖਾ ਅਫੀਮਦੇ ਲੇਟ ਰਹੇ ਖੇਤ ਦਿਤਾ ਮਛੇਰਿਆਂ ਤਾ ਨਾਹੀਂ ।
ਲੋਕ ਕਹਿਣ ਮਝੈਲ ਗੁਸੈਲ ਭਾਰੇ ਲਇਆ ਭੁਲ ਕੇ ਜੰਗ ਦਾ ਨਾਂ ਨਾਹੀਂ ।
ਮਥਾ ਜੋੜ ਪਹਾੜ ਨੂੰ ਲਾਭ ਸਿੰਘਾ ਹੁੰਦਾ ਆਪਣਾ ਫੇਰ ਬਚਾ ਨਾਹੀਂ ।

## ਵਾਕ ਕਵੀ (ਬੈਂਤ)

ਮਰਦ ਸੂਰਮੇ ਪੰਥ ਦੇ ਵਿਚ ਯੋਧੇ ਸਾਨੀ ਜਿਨ੍ਹਾਂ ਦਾ ਨਹੀਂ ਜਹਾਨ ਕੋਈ ।
ਦਾਤੇ ਭਗਤ ਤੇ ਤੇਗ ਦੇ ਧਨੀ ਭਾਰੇ ਤੇ ਸ਼ਕੀਨ ਜਿਵੇਂ ਹੋਣ ਮਹਿਮਾਨ ਕੋਈ ।
ਅਕਲਮੰਦ ਤੇ ਚੌਧਵੀਂ ਚੰਨ ਤਾਰੇ ਪਰੀਆਂ ਜਿਨ੍ਹਾਂ ਨੂੰ ਦੇਖ ਸ਼ਰਮਾਨ ਕੋਈ ।

ਚਿਹਰਾ ਦੇਖਿਆਂ ਠੰਡ ਪੈ ਜਾਏ ਸੀਨੇ ਘੜੀ ਆਪ ਤਸਵੀਰ ਭਗਵਾਨ ਕੋਈ ।
ਚਿਤ ਚੌਂਹਦਾ ਕਾਲਜੇ ਲਾ ਲਈਏ ਲੰਬੀ ਆਪਣੀ ਭੁਜਾਂ ਨੂੰ ਤਾਣ ਕੋਈ ।
ਬੋਤਲ ਵਾਂਗ ਕਲਬੂਤ ਦੀ ਬਣਤ ਸੋਹਣੀ ਸੁੰਦਰ ਸਰੂ ਦੇ ਵਾਂਗ ਜਵਾਨ ਕੋਈ ।
ਜਿਹੜੇ ਰਾਹ ਤੋਂ ਜਾਂਵਦੇ ਲੰਘ ਸੋਹਣੇ ਮਗਰੋਂ ਦੇਖ ਦੇ ਲੋਕ ਨਿਸ਼ਾਨ ਕੋਈ ।
ਝੜ ਦੇ ਫੂਲ ਜਾਂ ਮੁਖ ਤੋਂ ਗਲ ਕਰਦੇ ਬੁਲ ਕੌਲ ਦੇ ਨਾਲ ਮਲਾਣ ਕੋਈ ।
ਮਥਾ ਸੋਹਣਾ ਚੌਧਵੀਂ ਚੰਨ ਵਰਗਾ ਦੰਦ ਮੋਤੀਆਂ ਜੜਤ ਜੜਾਨ ਕੋਈ ।
ਬੋਤਲ ਵਾਂਗ ਸਰੀਰ ਦਾ ਰੰਗ ਚਮਕੇ ਬਿਜਲੀ ਚਮਕਦੀ ਜਿਵੇਂ ਅਸਮਾਨ ਕੋਈ ।
ਪਹਿਨਣ ਵਾਸਤੇ ਰੇਸ਼ਮੀ ਮਖਮਲਾਂ ਨੇ ਅਤੇ ਜ਼ਬਰਨ ਦੇ ਪਲੰਗ ਡਹਾਨ ਕੋਈ ।
ਸੀਸ਼ ਮਹਿਲ ਨਵਾਸ ਦੇ ਲਈ ਬਣਿਓ ਪੈਰ ਭੁੰਜੇ ਨਾ ਕੁਰਸੀਓਂ ਪਾਣ ਕੋਈ ।
ਨਫਰ ਖੜੇ ਨੇ ਮੋਹਰੇ ਦਵਾਰਿਆਂ ਦੇ ਹੁਕਮ ਹੁੰਦਿਆਂ ਝਟ ਬਜਾਨ ਕੋਈ ।
ਅਗੇ ਸ਼ੀਸ਼ੀਆਂ ਅਤਰ ਫੁਲੇਲ ਦੀਆਂ ਮਲ ਮਲ ਹੇਠ ਫੁਹਾਰਿਆਂ ਨਾਨ੍ਹ ਕੋਈ ।
ਲਾਲੀ ਮਥੇ ਦੀ ਲਾਲ ਜਿਉਂ ਬਦਖਸ਼ਾਂ ਦਾ ਧਰਿਆ ਅਰਸ਼ ਤੋਂ ਕਿਸੇ ਨੇ ਆਨ ਕੋਈ ।
ਵਚਨ ਪਥਰ ਦੀ ਲੀਕ ਤੋਂ ਵਧ ਪਕੇ ਮੂਹੋਂ ਕਢਕੇ ਤੋੜ ਚੜ੍ਹਾਨ ਕੋਈ ।
ਸੂਰਜ ਚੰਦ ਤਾਰੇ ਧਰਤੀ ਫਿਰੇ ਭਾਵੇਂ ਮਰਦ ਵਾਕ ਅਟੱਲ ਰਖਾਨ ਕੋਈ ।
ਜਾਵੇ ਵਾਰਿਆ ਭਾਵੇਂ ਪ੍ਰਵਾਰ ਸਾਰਾ ਤਾਂ ਵੀ ਸਿੰਘ ਨਾ ਬੋਲ ਭੁਵਾਨ ਕੋਈ ।
ਬਾਣੀ ਪੜ੍ਹਨ ਤੇ ਖੜ੍ਹਨ ਮੈਦਾਨ ਅੰਦਰ ਕਟੇ ਜਾਣ ਨਾ ਪੈਰ ਹਟਾਣ ਕੋਈ ।
ਸ਼ਾਂਤ ਮਈ ਦੇ ਕੋੜ੍ਹ ਨੇ ਗਾਲ ਸੁਟੇ ਗਈ ਦੇਸ਼ ਤੇ ਫੈਲ ਸੜ੍ਹਿਆਨ ਕੋਈ ।
ਵਡੇ ਸੂਰਮੇ ਪੁੰਜ ਕੁਰਬਾਨੀਆਂ ਦੇ ਸਖੀ ਹਥ ਦੇ ਗੁਣਾਂ ਦੀ ਖਾਨ ਕੋਈ ।
ਭੈੜੇ ਬਣ ਗਏ ਭੈੜਿਆਂ ਗਿਦੜਾਂ ਤੋਂ ਸਿੰਘ ਛਡਕੇ ਸਿੰਘਾਂ ਦੀ ਬਾਨ ਕੋਈ ।
ਸਾਂਤ ਮਈ ਅਸੂਲ ਫੜ ਮੁਰਦਿਆਂ ਦਾ ਮੁਰਦਾ ਕਰ ਲਈ ਆਨ ਤੇ ਸ਼ਾਨ ਕੋਈ ।
ਮੁਰਦਾ ਮੁਰਦਾ ਜਹਾਨ ਤੇ ਬਜ ਗਏ ਮੁਰਦਾ ਆਖ ਕੇ ਲੋਕ ਬੁਲਾਨ ਕੋਈ ।
ਪੈ ਗਏ ਵੜਕੇ ਅੰਦਰੀਂ ਲਾਭ ਸਿੰਘਾ ਗੁਡੀ ਵੈਰੀ ਦੀ ਚੜ੍ਹੀ ਅਸਮਾਨ ਕੋਈ ।

**ਨੋਟ:—ਜਦੋਂ ਆਗੂਆਂ ਨੇ ਸ਼ਾਂਤਮਈ ਦਾ ਢਾਲਾ ਠੋਕ ਕੇ ਪੰਥ ਨੂੰ ਉਹ ਬਦਨਾਮੀ ਦਿਤੀ ਜੋ ਪਿਛੇ ਲਿਖੀ ਜਾ ਚੁਕੀ ਹੈ । ਤੇ ਏਸ ਕਮਜ਼ੋਰੀ ਨੂੰ ਵੇਖਕੇ ਬਬਰ ਜਵਾਨਾਂ ਨੇ ਆਖਿਆ ਕਿ ਇਸਦੇ ਨਾਲੋਂ ਸ਼ਹੀਦ ਹੋ ਜਾਣਾ ਚੰਗਾ ਹੈ । ਪਰ ਪੰਥ ਨੂੰ ਲਾਜ ਨਹੀਂ ਲਗਣ ਦੇਣੀ । ਹੁਣ ਸਿਧੇ ਮਥੇ ਸ਼ਹੀਦ ਹੋ ਜਾਉ । ਏਸ ਪਰ ਸ੍ਰੀ ਮਾਨ ਅਰਜਣ ਸਿੰਘ ਸਚੁ ਖੜੌਦੀ ਵਾਲੇ ਦੀ ਬਣਾਈ ਹੋਈ ਕਵਿਤਾ ਠੀਕ ਨੇਲ੍ਹੇ ਪਰ ਦੋਲ੍ਹਾ ਵਜਦਾ ਹੈ । ਅਰਜਣ ਸਿੰਘ ਆਪ ਬਬਰ ਤੇ ਪਕਾ ਬਬਰਾਂ ਦਾ ਖੈਰ ਖਾਹ ਤੇ ਹਮਦਰਦੀ ਵਾਲਾ ਸੂਰਮਾਂ ਮਰਦ ਹੈ । ਇਹ ਬੈਂਤ ਇਸਦੇ ਬਣਾਏ ਹੋਏ ਹਨ । ਲਉ ਪੜ੍ਹੋ ।**

## (ਬੈਂਤ)

ਦੇਸ ਕੌਮ ਰੂਪੀ ਸ਼ਮਾਂਦਾਨ ਅੰਦਰ ਆਵੋ ਖੂਨ ਨਚੋੜੀਏ ਤੇਲ ਦੀ ਥਾਂ ।
ਸਭੇ ਸਿੰਘ ਹਿੰਦੂ ਮੁਸਲਮਾਨ ਕਠੇ ਆਵੋ ਖੋਜੀਏ ਏਕਤਾ ਮੇਲ ਦੀ ਥਾਂ ।
ਸ਼ਾਹੀ ਚਿੰਬੜੀ ਆਣ ਚੜੇਲ ਕਿਥੋਂ ਏਹਨੂੰ ਕਢੀਏ ਏਸੇ ਚੜੇਲ ਦੀ ਥਾਂ ।

ਜੇਕਰ ਜੀਵੀਏ ਜੀਵੀਏ ਮਰਦ ਬਣਕੇ ਚੰਗਾ ਮਰਨ ਬੈਹ ਰਹਿਣ ਦੁਖੇਲ ਦੀ ਥਾਂ।
ਸਚ ਭਖੀਏ ਹਵਾ ਆਜ਼ਾਦੀਆਂ ਦੀ ਜਾਂ ਫਿਰ ਮਲੀਏ ਸਿਵੇ ਕਸੇਲ ਦੀ ਥਾਂ।
ਹਿੰਦ ਬ ਗ ਨੂੰ ਏਕਤਾ ਨੀਰ ਪਾ ਕੇ ਆਉ ਸਿੰਜੀਏ ਕਮਲ ਗੁਮੇਲ ਦੀ ਥਾਂ।
ਦੂਈ ਈਰਖਾ ਹਿਰਸ ਹੰਕਾਰ ਤਜਕੇ ਹੁਨਰ ਸਿਖੀਏ ਬੇਲ ਝਗੜੇਲ ਦੀ ਥਾਂ।
ਗੰਧਕ ਗੈਰਦੀ ਜ਼ਹਿਰ ਸਭ ਬੋ ਛਡੋ ਆਉ ਲਭੀਏ ਮੁਸ਼ਕ ਰਬੇਲ ਦੀ ਥਾਂ।
ਸਚ ਮੁਚ ਬਰਨਾ ਸ਼ਾਹੀ ਤਿਆਰ ਸਾਡੇ ਨੱਥ ਪੌਣ ਦੇ ਲਈ ਨਕੇਲ ਦੀ ਥਾਂ।
ਆਓ ਏਕਤਾ ਬਿਰਛ ਤਿਆਰ ਕਰੀਏ ਗੈਰ ਫੂਟ ਰੂਪੀ ਭੈੜੀ ਬੇਲ ਦੀ ਥਾਂ।
ਜਾਂ ਆਜ਼ਾਦ ਹੋ ਪਹਿਨੀਏ ਜਰੀ ਜੇਵਰ ਜਾਂ ਗਲ ਘਤੀਏ ਫਾਂਸ ਰੁਬੇਲ ਦੀ ਥਾਂ।
ਆਓ ਪੁਟੀਏ ਸਾਰੇ ਹੀ ਤਾਨ ਲਾ ਕੇ ਨਿੰਮ ਜੰਮ ਪਈ ਭੈੜੀ ਨਰੇਲ ਦੀ ਥਾਂ।
ਜਾਂ ਤਾਂ ਹਿੰਦ ਨੂੰ ਸਚ ਆਜ਼ਾਦ ਕਰੀਏ ਜਾਂ ਫਿਰ ਮਲੀਏ ਮੌਤ ਜਬਰੇਲ ਦੀ ਥਾਂ।
ਆਓ ਧਰਮ ਤੇ ਸਿਦਕ ਦਾ ਬੀਜ ਬੋਈਏ ਕਹਿਰ ਜਬਰ ਤੇ ਜੋਰ ਗੁਲੇਲ ਦੀ ਥਾਂ।
ਆਪਸ ਵ੍ਵਿਚ ਕਿਉਂ ਮਰਨ ਤੇ ਲਕ ਬਧਾ ਮਰੀਏ ਆਓ ਉਪਕਾਰ ਤੇ ਖੇਲ ਦੀ ਥਾਂ।
ਜਨਮ ਸਫਲਾ ਤੇ ਨਾਲੇ ਦੇਸ਼ ਸੇਵਾ ਦੋਨੋਂ ਹਥ ਲਡੂ ਵਿਚ ਤਕੇਲ ਦੀ ਥਾਂ।
ਜੇ ਕਰ ਮਰ ਜਾਣਾ ਮਰੀਏ ਦੇਸ਼ ਖਾਤਰ ਸਿਦਕ ਧਰਮ ਤੇ ਮੌਤ ਸਖੇਲ ਦੀ ਥਾਂ।
ਜਾਂ ਫਿਰ ਵੀਰ ਤੜਫਣ ਲਖਾਂ ਜੇਲ੍ਹ ਅੰਦਰ ਆਉ ਲਭੀਏ ਰਾਹ ਛਡੇਲ ਦੀ ਥਾਂ।
ਜਿਚਰ ਵੀਰ ਨਾਂ ਅਸਾਂ ਦੇ ਬਾਹਰ ਆਵਣ ਆਉ ਮਲੀਏ ਅਸਾਂ ਵੀ ਜੇਲ੍ਹ ਦੀ ਥਾਂ।
ਸਚ ਝਗੜ ਏਆਣਿਆਂ ਵਾਂਗ ਕਾਹਨੂੰ ਮਰਦ ਹੋਵੀਏ ਗੈਰ ਦੁਸਟੇਲ ਦੀ ਥਾਂ।
ਜਾਂ ਤਾਂ ਝੁਲਦਾ ਦਿਸੇ ਨਿਸ਼ਾਨ ਸਾਡਾ ਜਾਂ ਫਿਰ ਮਲੀਏ ਸਿਰ ਫਲੇਲ ਦੀ ਥਾਂ।
ਹੋਈਏ ਤਖਤ ਤਾਜ ਸ਼ਿਵ ਰਾਜ ਵਾਲੇ ਪਾਈਏ ਕਫਨੀ ਜਾਂ ਮਖਮੇਲ ਦੀ ਥਾਂ।
ਸਚ ਏਸ ਗੁਲਾਮੀ ਤੋਂ ਮਰਨ ਚੰਗਾ ਚੰਗੀ ਜ਼ਹਿਰ ਨਾ ਸ਼ਾਹੀ ਗੰਧੇਲ ਦੀ ਥਾਂ।
ਦੇਸ਼ ਕੌਮ ਰੂਪੀ ਸ਼ਮਾਂਦਾਨ ਅੰਦਰ ਆਉ ਖੂਨ ਨਚੋੜੀਏ ਤੇਲ ਦੀ ਥਾਂ।

---

ਲਾੜੀ ਮੌਤ ਨੂੰ ਤੁਰੇ ਪਰਨੌਣ ਦੇਖੋ ਸਿਹਰੇ ਲਟਕਦੇ ਬਬਰ ਅਕਾਲੀਆਂ ਦੇ।
ਉਕਤ ਮਜਲ ਭਾਵੇਂ ਰਟਨ ਕਠਨ ਲੇਕਨ ਕਰ ਸ਼ੌਂਕੀ ਪਰੇਮ ਪਿਆਲੀਆਂ ਦੇ।
ਸੀਸ ਤਲੀ ਧਰ ਬਲੀ ਦੀ ਗਲੀ ਜਾਂਦੇ ਖਿੜੇ ਮੁਖੜੇ ਬਬਰ ਅਕਾਲੀਆਂ ਦੇ।
ਸ਼ਕ ਨਹੀਂ ਕਿ ਇਸ਼ਕ ਦੀ ਲਿਸ਼ਕ ਪਿਛੇ ਢਲੇ ਦੁਖੀ ਹੋ ਵਿਚ ਕੁਠਾਲੀਆਂ ਦੇ।
ਐਪਰ ਫੇਰ ਵੀ ਮੇਰੀ ਵਿਚਾਰ ਦੇ ਵਿਚ ਗਿਣੋ ਤੁਲਨਾ ਬਬਰ ਅਕਾਲੀਆਂ ਦੇ।
ਧੀਰ ਨੀਰ ਸਮ ਬੀਰ ਗੰਭੀਰ ਹੋ ਕੇ ਕਈ ਸਹਿ ਗਏ ਫਟ ਦੁਨਾਲੀਆਂ ਦੇ।
ਬਰਮਾ, ਬਿਸ਼ਨ, ਮਹੇਸ਼ ਤੇ ਸਨਕਾਦਕ ਭਰ ਕੇ ਫੁਲ ਆਏ ਵਿਚ ਥਾਲੀਆਂ ਦੇ।
ਸਚ ਕਰਨ ਵਰਖਾ ਨਾਲੇ ਤਕਦੇ ਨੇ ਵਡੇ ਹੌਂਸਲੇ ਬਬਰ ਅਕਾਲੀਆਂ ਦੇ।
ਲਾੜੀ ਮੌਤ ਨੂੰ ਤੁਰੇ ਪਰਨੌਣ ਦੇਖੋ ਸੇਹਰੇ ਲਟਕਦੇ ਬਬਰ ਅਕਾਲੀਆਂ ਦੇ।

---

ਇਸ਼ਕ ਇਸ਼ਕ ਹਰਇਕ ਹੀ ਪਿਆ ਕਰਦਾ ਐਪਰ ਇਸ਼ਕ ਦਾ ਖਰਾ ਕਮੌਣ ਔਖਾ।
ਕਿਉਂ ਕਰ ਇਕ ਪਰੇਮ ਦੇ ਰਾਹ ਉਤੇ ਬੇਪਰਵਾਹ ਹੋ ਜਿਗਰ ਜਲੌਣ ਔਖਾ।
ਔਖਾ ਕੁਲ ਸੰਸਾਰ ਘਰਬਾਰ ਤਜਣਾ ਫਕਰ ਹੋ ਸਿਰ ਤਲੀ ਟਿਕੌਣ ਔਖਾ।

ਭਾਵੇਂ ਫਿਕਰ ਬਿਨ ਅਗਨ ਵਿਚ ਜਿਗਰ ਸੜਦੇ ਉਤੇ ਸ਼ਮ੍ਹਾਂ ਦੇ ਅਸਲ ਪਤੰਗ ਡਿਠੇ।
ਅਮਲ ਕਮਲ ਉਤੇ ਰਮਲ ਛਮਲ ਭੌਰੇ ਆਪਾ ਵਾਰਦੇ ਸਹਿਤ ਉਮੰਗ ਡਿਠੇ।
ਮ੍ਰਿਗ ਮੀਨ ਦੋਨੋਂ ਨਾਦ ਸਾਦ ਪਿਛੇ ਹੁੰਦੇ ਆਪ ਕੁਰਬਾਨ ਨਿਸੰਗ ਡਿਠੇ।
ਗੀਤ ਪ੍ਰੀਤ ਅਸਨੀਤ ਦੀ ਨੀਤ ਧਰਕੇ ਸਚ ਜਾਨ ਦਿੰਦੇ ਹੋ ਅਨੰਦ ਡਿਠੇ।

---

ਆਨਲਹਕ ਪੁਕਾਰ ਮਨਸੂਰ ਸੂਲੀ ਚੜ੍ਹਿਆ ਖੁਸ਼ੀ ਹੋ ਇਸ਼ਕ ਦੀ ਬਲੀ ਉਤੇ।
ਪੁਠੀ ਖਲ ਲੁਹਾਈ ਤਵਰੇਜ਼ ਨੇ ਤਾਂ ਭਾਉਂਦਾ ਫੇਰ ਦਿਲਦਾਰ ਦੀ ਗਲੀ ਉਤੇ।
ਜੁਲਮ ਹਦ ਬੇਸਦ ਸਰਮਦ ਕੀਤਾ ਆਪ ਰਖਿਆ ਸੀਸ ਜਾ ਤਲੀ ਉਤੇ।
ਤਿਵੇਂ ਚੜ੍ਹੇ ਫਾਸੀ ਕਾਸੀ ਜਾਣ ਹਾਸੀ ਕਰਦੇ ਭੌਰ ਜਿਓਂ ਚੰਬੇ ਦੀ ਕਲੀ ਉਤੇ।

---

ਜ਼ਹਿਰ ਖਾਦੜੀ ਏਸ ਆਜਾਦੜੀ ਦਾ ਧਰਕੇ ਸੀਸ ਭੇਟਾ ਕਰਨ ਖੋਜ ਤੁਰ ਗਏ।
ਦੇਸ਼ ਕੌਮ ਬਦਲੇ ਆਨ ਸ਼ਾਨ ਬਦਲੇ ਸੁਟ ਜਾਲਮੀ ਚੋਟੀ ਦਾ ਬੋਹਜ ਤੁਰ ਗਏ।
ਬਰ ਤਗੀਦ ਰਸੀਦ ਸ਼ਹੀਦ ਲੈ ਕੇ ਦੇਖਣ ਸਤਿਗੁਰਾਂ ਦੇ ਅਖੀਂ ਚੋਜ ਤੁਰ ਗਏ।
ਸਚ ਗਲੇ ਰਸੇ ਕਸੇ ਖੂਬ ਹਸੇ ਵਸੇ ਵਿਚ ਦਰਗਾਹ ਦੇ ਮੌਜ ਤੁਰ ਗਏ।

**ਨੋਟ:—ਬਬਰ ਅਕਾਲੀਆਂ ਨੇ ਇਨ੍ਹਾਂ ਪੇਟ ਪਾਲੂ ਨਕੰਮਿਆਂ ਦੀਆਂ ਚਾਲਾਂ ਦੇਖਕੇ ਮੈਦਾਨ ਵਿਚ ਕੁਰਬਾਨ ਹੋਣ ਵਾਸਤੇ ਨਿਤਰ ਪੈਣਾ।**

## ( ਬੈਂਤ )

ਚਾਲ ਦੇਖ ਗੰਦੀ ਇਨ੍ਹਾਂ ਗੰਦਿਆਂ ਦੀ ਬਬਰ ਨਿਤਰੇ ਸ਼ੇਰ ਮੈਦਾਨ ਅੰਦਰ।
ਕੇਰੀ ਸ਼ੇਰ ਜਿਉਂ ਆਉਂਦੇ ਕੰਧਰਾਂ ਤੋਂ ਝੋਲੀ ਚੁਕਾਂ ਨੂੰ ਦੇਖ ਝਟ ਘਾਣ ਅੰਦਰ।
ਖੜਕੀ ਤਾਰ ਪੁਰ ਤਾਰ ਵਲੈਤ ਵੰਨੀ ਵੈਰੀ ਲਗ ਪਏ ਥਰ ਥਰਾਨ ਅੰਦਰ।
ਸਿਖ ਰਾਜ ਦੇ ਸੁਪਨੇ ਆਉਣ ਲਗੇ ਦਿਸਣ ਝੁਲਦੇ ਸਾਫ ਨਿਸ਼ਾਨ ਅੰਦਰ।
ਟਿਕਟ ਰੇਲ ਤੇ ਸੜਕ ਦੀ ਰੋਕ ਲਕੜ ਬਾਬੂ ਪੈਣ ਪੈਰੀਂ ਰੋਜ ਆਣ ਅੰਦਰ।
ਗਿਧੇ ਬੰਦ ਤੇ ਜਾਨ ਦਾ ਫਿਕਰ ਪਿਆ ਦਸਤ ਮੰਜਿਆਂ ਦੇ ਉਤੇ ਆਨ ਅੰਦਰ।
ਕਾਂਬਾ ਪੈ ਗਿਆ ਕੌਮ ਦੇ ਘਾਤੀਆਂ ਨੂੰ ਲਗੇ ਭਜਕੇ ਜਿੰਦਾਂ ਛਪਾਨ ਅੰਦਰ।
ਸਾਸ ਖਿਚਵੇਂ ਆਉਣ ਵਜੂਦ ਵਿਚੋਂ ਪਾਪ ਵੱਢ ਕਲੇਜੇ ਨੂੰ ਖਾਨ ਅੰਦਰ।
ਸੁਣ ਕੇ ਗਸ਼ੀਆਂ ਪੈਣ ਕਮੇਟੀਆਂ ਨੂੰ ਲਗੇ ਮਿਲਕੇ ਐਲਾਨ ਕਢਾਨ ਅੰਦਰ।
ਸਾਥ ਦੇਵੋ ਨਾ ਬਬਰ ਅਕਾਲੀਆਂ ਦਾ ਸੰਗ ਇਨ੍ਹਾਂ ਦਾ ਜਹਿਰ ਸਮਾਨ ਅੰਦਰ।
ਸ਼ਾਂਤ ਮਈ ਦੇ ਕੋੜ੍ਹ ਵਿਚ ਮਰੋ ਪੈ ਕੇ ਲਗੇ ਲੋਕਾਂ ਦੇ ਤਾਂਈਂ ਸੁਨਾਣ ਅੰਦਰ।
ਗਵਰਨਮਿੰਟ ਹੁਸ਼ਿਆਰ ਹੋ ਗਈ ਸੁਣਕੇ ਪਈ ਮੁਰਦਿਆਂ ਦੇ ਜਿਸਮ ਜਾਨ ਅੰਦਰ।
ਇਧਰ ਕੌਮ ਗਦਾਰ ਅੰਗਰੇਜ਼ ਉਧਰ ਦੋਵੇਂ ਰਲਕੇ ਮਤਾ ਪਕਾਨ ਅੰਦਰ।
ਸੁਣੋ ਉਸ ਹਵਾਲ ਨੂੰ ਲਾਭ ਸਿੰਘਾ ਜਿਵੇਂ ਮਚਦਾ ਦੇਸ਼ ਘਮਸਾਨ ਅੰਦਰ।

**ਨੋਟ:—ਬਬਰਾਂ ਨੇ ਆਖਿਆ ਕਿ ਸਾਰੇ ਪਰੋਗਰਾਮ ਛਡਕੇ ਆਪਣਾ ਫਰਜ਼ ਨਿਭਾਉ। ਹੁਣ ਦੇਰ ਨਾ ਕਰੋ।**

## ( ਬੈਂਤ )

ਸਿੰਘ ਬਣਕੇ ਗੁਰੂ ਦਸਮੇਸ਼ ਜੀ ਦੇ ਸਿੰਘ ਪੁਣੇ ਦੇ ਫਰਜ਼ ਉਤਾਰ ਛਡੋ।

ਮਾਲਾ ਤੋੜ ਮਾਰੋ ਪਤੇ ਧਾਗਿਆਂ ਦੀ ਪਹਿਣ ਲਕ ਦੇ ਨਾਲ ਤਲਵਾਰ ਛਡੋ ।
ਕਰੋ ਡਕਰੇ ਬੱਕਰੇ ਵਾਂਗ ਧਰਕੇ ਖੂਨ ਰਗਾਂ ਦਾ ਕਢ ਨਤਾਰ ਛਡੋ ।
ਸਜਾ ਹਥ ਤਲਵਾਰ ਤੇ ਧਰ ਕਬਜੇ ਸਿਰ ਕੌਮ ਗਦਾਰਾਂ ਦੇ ਮਾਰ ਛਡੋ ।
ਸੇਵਾ ਕਰੋ ਤਲਵਾਰ ਦੇ ਮਾਂਜਣੇ ਦੀ ਦੇਵੀ ਜਾਣਕੇ ਕਰ ਦੀਦਾਰ ਛਡੋ ।
ਗਹਿਣਾ ਇਹੋ ਬਹਾਦਰਾਂ ਸੂਰਿਆਂ ਦਾ ਹੋਰ ਗਾਨੀਆਂ ਫੂਲ ਉਤਾਰ ਛਡੋ ।
ਜਿਵੇਂ ਕੌਮ ਗਦਾਰ ਹੋ ਗਏ ਭੂਹੇ ਲੋਥ ਇਨਾਂ ਦੀ ਵਢ ਖਲਾਰ ਛਡੋ ।
ਖਟ੍ਹਾਂ ਵਿਚ ਵੀ ਮੌਤ ਨੇ ਮਾਰ ਲੈਣੇ ਖੇਤ ਮਰਨ ਦਾ ਕਰ ਇਕਰਾਰ ਛਡੋ ।
ਗੰਦੀ ਜੂਨ ਗੁਲਾਮੀ ਦੀ ਭੋਗਣੇ ਤੋਂ ਦਿਨ ਜੀ ਮਰਦਾਂ ਵਾਲੇ ਚਾਰ ਛਡੋ ।
ਮਰਦ ਆਉਣਗੇ ਮਰਦਾਂ ਦੀ ਲਾਇਨ ਉਤੇ ਘਤ ਦੇਸ਼ ਦੇ ਵਿਚ ਘਮਘਾਰ ਛਡੋ ।
ਪਾਕੇ ਜੰਦੀ ਵਿਚ ਨੰਦੀਦੇ ਚੰਦ ਚੂੜੇ ਤਾਰ ਖਿਚਕੇ ਵਾਂਗ ਸੁਨਿਆਰ ਛਡੋ ।
ਮਰਦ ਨਾਮ ਮਰਦਊਦੇ ਰਖਣੇ ਦਾ ਜੀਊਣਾ ਜਗ ਪੁਰ ਬਣਕੇ ਨਾਰ ਛਡੋ ।
ਦੇ ਕੇ ਆਪ ਕੁਰਬਾਨੀਆਂ ਲਾਭ ਸਿੰਘਾ ਸੌਂਪ ਗੁਰੂ ਜੀ ਨੂੰ ਜਿਤ ਹਾਰ ਛਡੋ ।

## ਛਿਆਰ ਹੋ ਜਾਣਾ ਬਬਰਾਂ ਦਾ (ਬੈਂਤ)

ਪਗਾਂ ਸਿਧੀਆਂ ਤੇ ਲੰਬੇ ਛਡ ਦਾਹੜੇ ਰਹੇ ਸਿੰਘਾ ਦਾ ਰੂਪ ਵਿਖਾਲ ਸਾਰੇ ।
ਸ਼ਕਲ ਭਾਸਦੀ ਉਪਰੋਂ ਸੂਰਿਆਂ ਦੀ ਮੁਰਦਾ ਪੁਣੇ ਦੇ ਵਿਚ ਖਿਆਲ ਸਾਰੇ ।
ਜਥੇਦਾਰ ਬਣ ਬਣ ਵਾਗ ਹਥ ਫੜ ਫੜ ਰਹੇ ਖਾਲਸਾ ਪੰਥ ਨੂੰ ਗਾਲ ਸਾਰੇ ।
ਪੀਣ ਖੂਨ ਇਹ ਕੌਮ ਦਾ ਡੀਕ ਲਾ ਕੇ ਰੁਲਕੇ ਮਰ ਗਏ ਬੁਢੜੇ ਬਾਲ ਸਾਰੇ ।
ਪੇਟ ਪਾਲਕੇ ਆਪ ਉਹ ਬੀਰ ਬਣ ਗਏ ਹੋ ਗਏ ਦੇਸ਼ ਦੇ ਲੋਕ ਕੰਗਾਲ ਸਾਰੇ ।
ਕਢ ਕਢ ਖੂਨ ਬਗਾਨਿਆਂ ਪੁਤਰਾਂ ਦਾ ਦਸ ਦਸ ਕੌਲੀਆਂ ਧਰਨ ਵਿਚ ਥਾਲ ਸਾਰੇ ।
ਖਾਣ ਬਕਰੇ ਪੀਣ ਸ਼ਰਾਬ ਬਹਿ ਬਹਿ ਲੋਕਾਂ ਵਾਸਤੇ ਲਭੇ ਨਾ ਦਾਲ ਸਾਰੇ ।
ਬੂਟੇ ਲਾਏ ਆਜ਼ਾਦੀ ਦੇ ਨਾਲ ਦੁਖਾਂ ਜੜ੍ਹਾਂ ਜਾਣ ਕਟੀ ਨਾਲੋ ਨਾਲ ਸਾਰੇ ।
ਸੂਹਣਾ ਬਾਗ ਆਜ਼ਾਦੀ ਦਾ ਟਹਿਕਿਆ ਸੀ ਤਤਾ ਤੇਲ ਦਿਤਾ ਜੜੀਂ ਡਾਲ ਸਾਰੇ ।
ਚੰਨਣ ਦੇਸ਼ ਪੰਜਾਬ ਦਾ ਦੇਸ਼ ਹੁੰਦਾ ਕਰਦੀ ਵਾਸ਼ਨਾ ਪਤਰਾਂ ਡਾਲ ਸਾਰੇ ।
ਟਿਕੇ ਮਥੇ ਲਾ ਦਿਤੇ ਬਦਨਾਮੀਆਂ ਦੇ ਕਿਸੇ ਖੂਹ ਖਾਤੇ ਮਾਰੋ ਛਾਲ ਸਾਰੇ ।
ਪਿਠ ਗੋਰੇ ਅੰਗਰੇਜ਼ ਦੀ ਪੂਰਦੇ ਹੋ ਮਾਰੋ ਦੇਸ਼ ਨੂੰ ਰੜੇ ਬਿਠਾਲ ਸਾਰੇ ।
ਪਾਣੀ ਫੇਰਿਆ ਤੁਸਾਂ ਕੁਰਬਾਨੀਆਂ ਤੇ ਮਰ ਗਏ ਸੂਰਮੇ ਘਾਲਣਾ ਘਾਲ ਸਾਰੇ ।
ਖਾਣ ਗੋਲੀਆਂ ਵਿਚ ਮੈਦਾਨ ਖੜਕੇ ਬਬਰ ਖੇਤ ਅਮੁਲੜੇ ਲਾਲ ਸਾਰੇ ।
ਪੀੜ ਦੇਣਗੇ ਬੇਲਣੇ ਲਾਕੇ ਤੇ ਖਾਧੇ ਲੈਣਗੇ ਰਸ ਨਕਾਲ ਸਾਰੇ ।
ਰਹਿੰਦੀ ਤਕ ਦੁਨੀਆ ਪੈਣ ਲਾਨ੍ਹਤਾਂ ਈ ਗੰਦੇ ਹੋ ਗਏ ਜਰਮ ਜ਼ੰਜ਼ਾਲ ਸਾਰੇ ।
ਤੁਸਾਂ ਗੰਦਿਆਂ ਜੜ੍ਹਾਂ ਤੋਂ ਪੁਟ ਛਡੇ ਬੂਟੇ ਗਏ ਸ਼ਹੀਦ ਜੋ ਪਾਲ ਸਾਰੇ ।
ਤੁਸਾਂ ਦੇਸ਼ ਪੰਜਾਬ ਦਾ ਗਰਕ ਕੀਤਾ ਬੈਠ ਗੀਤ ਗਾ ਗਾ ਮਾਰ ਤਾਲ ਸਾਰੇ ।
ਲਾਭ ਸਿੰਘ ਜਹਾਨ ਦਿਨ ਚਾਰ ਮੌਜਾਂ ਮਾਰ ਲੈਣੇ ਨੇ ਅੰਤ ਨੂੰ ਕਾਲ ਸਾਰੇ ।

## ਵਾਕ ਕਵੀ (ਬੈਂਤ)

ਹਿਰਖ ਆਉਂਦਾ ਇਨ੍ਹਾਂ ਦੇ ਲਛਣਾਂ ਤੇ ਹੋਰ ਮਰਨ ਦਾ ਕੋਈ ਅਫਸੋਸ ਨਾਹੀਂ ।
ਮਰਨਾ ਮਾਰਨਾ ਜੰਗਦੇ ਵਿਚ ਹੁੰਦਾ ਕੋਈ ਵੈਰੀਆਂ ਤੇ ਰੰਜ ਰੋਸ ਨਾਹੀਂ ।

ਮਣ ਮਣ ਭਰ ਲਈ ਗੰਦਗੀ ਪੇਟ ਅੰਦਰ ਹੋਰ ਸਿੰਘਾਂ ਬਾਲਾਂ ਵਿਚ ਜ਼ੋਰ ਨਾਹੀਂ ।
ਬੇਈਮਾਨੀ ਨੇ ਸਤਿਅਨਾਸ ਕੀਤਾ ਹੋਰ ਮਾਈ ਤੇ ਬਾਪ ਨੂੰ ਦੋਸ਼ ਨਾਹੀਂ ।
ਫਰਜ ਸਮਝਿਆ ਪੇਟ ਦੇ ਪਾਲਣੇ ਦਾ ਰੁੜ੍ਹੇ ਜਾਂਵਦੇ ਦੇਸ ਦੀ ਹੋਸ਼ ਨਾਹੀਂ ।
ਲੱਡੂ ਸੈਂਖੀਏ ਦੇ ਇਹ ਤਾਂ ਲਾਭ ਸਿੰਘਾ ਪਾਕੇ ਥਾਲੀਆਂ ਵਿਚ ਪਰੋਸ ਨਾਹੀਂ ।

## ਸਾਰੇ ਸੱਜਨ ਵਿਚਾਰ ਕੇ ਵੇਖੋ

(ਬੈਂਤ)

ਹੁਦਾ ਇਹੋ ਹੀ ਫਰਜ ਕਮੇਟੀਆਂ ਦਾ ਪੇਟ ਪਾਲੂਓ ਤੁਸਾਂ ਨਿਭਾਇਆ ਈ ।
ਖਾਣ ਆਪਣੇ ਵੀਰਾਂ ਨੂੰ ਪਏ ਕਾਹਨੂੰ ਪੈਂਦਾ ਜਿਸ ਤਰਾਂ ਕੋਈ ਹਲਕਾਇਆ ਈ ।
ਇਕ ਪਾਸੇ ਸੀ ਦੁਸ਼ਮਣਾਂ ਨਾਲ ਰੁਜਾ ਦੂਜਾ ਤੁਸਾਂ ਕੀ ਰੱਥ ਉਠਾਇਆ ਈ ।
ਹਲਕ ਉਠਿਆ ਘਰਾਂ ਵਿਚ ਬੈਠਿਆਂ ਨੂੰ ਬਰਖਲਾਫ ਐਲਾਨ ਕਢਾਇਆ ਈ ।
ਭਰਿਆ ਜ਼ਹਿਰ ਦਾ ਬੰਬ ਤਿਆਰ ਕਰਕੇ ਆਪ ਬਬਰਾਂ ਵਲ ਚਲਾਇਆ ਈ ।
ਨਾਮ ਜੰਗ ਦਾ ਸੁਣ ਕੇ ਗਏ ਸੌਂਤੇ ਕਾਹਦੇ ਵਾਸਤੇ ਪਾਜ ਬਣਾਇਆ ਈ ।
ਮੱਥਾ ਜੋੜ ਕੇ ਦੇਸ਼ ਦੇ ਵੈਰੀਆਂ ਨੂੰ ਇਕ ਪੈਰ ਨਾ ਪਿਛੇ ਹਟਾਇਆ ਈ ।
ਗਿਧੇ ਬੰਦ ਹੋ ਗਏ ਵਿਚ ਬੰਗਲਿਆਂ ਦੇ ਖੌਫ ਆਣ ਕੇ ਜਾਨ ਦਾ ਛਾਇਆ ਈ ।
ਰੋਜ ਆਉਣ ਸੁਨੇਹੜੇ ਮਰਗਿਆਂ ਦੇ ਵਖਤ ਕੌਮ ਗ਼ਦਾਰਾਂ ਨੇ ਪਾਇਆ ਈ ।
ਗੋਰੀ ਡੈਣ ਵੀ ਸੁਣ ਕੇ ਕੰਬ ਗਈ ਬੁਰਾ ਕਾਲ ਅੰਗਰੇਜ਼ ਦਾ ਆਇਆ ਈ ।
ਨਿੱਕੇ ਨਿੱਕੇ ਆਜ਼ਾਦੀ ਦੇ ਬੂਟਿਆਂ ਨੇ ਅਜੇ ਟੈਹਕਣਾ ਮਹਿਕ ਖਿੰਡਾਇਆ ਈ ।
ਲੋਕੀਂ ਲੱਖ ਜਹਾਨ ਤੇ ਹੋ ਗੁਜਰੇ ਬਬਰਾਂ ਵਾਂਗ ਨਾਂ ਸੀਸ ਵਢਾਇਆ ਈ ।
ਗਹਿਣਾ ਸੋਨੇ ਦਾ ਰੇਸ਼ਮੀ ਲਾਹ ਲੀੜੇ ਲੀਰਾਂ ਗੰਦ ਨੂੰ ਅੰਗ ਪਹਿਨਾਇਆ ਈ ।
ਮੂਨ ਦਾੜ੍ਹੀਆਂ ਨੱਕ ਵੀ ਵੱਡ ਲਿਆ ਗਲ ਛਿਤਰਾਂ ਹਾਰ ਲਟਕਾਇਆ ਈ ।
ਭੀਖ ਦਰਾਂ ਬਦਰਾਂ ਦੀ ਮੰਗਣੇ ਨੂੰ ਠੂਠਾ ਦੇਸ਼ ਦੇ ਹਥ ਫੜਾਇਆ ਈ ।
ਬਬਰਾਂ ਖਾ ਕੇ ਗੋਲੀਆਂ ਵਿਚ ਸੀਨੇ ਤੇਰਾ ਸ਼ੁਕਰ ਹੀ ਸ਼ੁਕਰ ਮਨਾਇਆ ਈ ।
ਤੇਰੇ ਓਸ ਐਲਾਨ ਦਾ ਲਾਭ ਸਿੰਘਾ ਅਜੇ ਅਸਾਂ ਨਾਂ ਮੋੜ ਸੁਣਾਇਆ ਈ ।

## ਵਾਕ ਕਵੀ (ਬੈਂਤ)

ਬਬਰਾਂ ਧੂ ਤਲਵਾਰ ਨੂੰ ਚੁਕ ਲਿਆ ਜੰਗ ਨਾਲ ਅੰਗਰੇਜ ਮਚਾਉਣੇ ਨੂੰ ।
ਕੱਲਾ ਤੰਦ ਨਾ ਕੁਝ ਵੀ ਕਰ ਸਕੇ ਰੱਸਾ ਮੇਲੀਏ ਤਾਕਤ ਵਧਾਉਣੇ ਨੂੰ ।
ਅਸਾਂ ਮਰਕੇ ਦੇਸ਼ ਅਜਾਦ ਕਰੀਏ ਟਿੱਕੇ ਕੋੜ੍ਹ ਗੁਲਾਮੀ ਦੇ ਲਾਹੁਣੇ ਨੂੰ ।
ਭੇਟ ਆਪਣੇ ਸੀਸ ਦੀ ਚਾੜ੍ਹ ਦੇਣੀ ਦੇਸ਼ ਜ਼ਾਲਮਾਂ ਕੋਲੋਂ ਛਡਾਉਣੇ ਨੂੰ ।
ਬੂਟਾ ਦੇਸ਼ ਆਜਾਦੀ ਦਾ ਲਗ ਜਾਵੇ ਖੂਨ ਚੋ ਕੇ ਤੇ ਮੁੱਢ ਪਾਉਣੇ ਨੂੰ ।
ਵਡ ਅੰਗ ਸਰੀਰ ਏ ਕਰੋ ਢੀਗਰ ਗਿਰਦੇ ਉਹਦੇ ਹੀ ਵਾੜ ਗਡਾਉਣੇ ਨੂੰ ।
ਦੁਸ਼ਮਣ ਆਉਂਦਾ ਹਲਕੇ ਹੋਏ ਊਠ ਵਾਂਗੂ ਵਡ ਉਹਦੀਆਂ ਕੂੰਬਲਾਂ ਖਾਉਣੇ ਨੂੰ ।
ਜਾਨ ਵਾਰ ਕੇ ਬੂਟਾ ਤਿਆਰ ਕਰਨਾ ਫਲ ਦੇਸ਼ ਦੇ ਤਾਈਂ ਖਲਾਉਣੇ ਨੂੰ ।
ਮਾਈ ਵਾਂਗ ਤਕਲੀਫ ਸਿਰ ਲੱਖ ਆਵੇ ਪੁਤ ਪੁਤ ਕਰ ਲਾਡ ਲਡਾਉਣੇ ਨੂੰ ।
ਪੈਰ ਰਖੀਏ ਲਾਈਨ ਬਹਾਦਰਾਂ ਦੀ ਸੁੱਚੇ ਦਫਤਰੀ ਨਾਮ ਲਖਾਉਣੇ ਨੂੰ ।
ਮਰੀਏ ਖੇਤ ਵਿਚ ਗੋਲੀਆਂ ਖਾ ਸੀਨੇ ਮੱਥੇ ਸੇਹਰੇ ਫਤਹਿ ਦੇ ਲਾਉਣੇ ਨੂੰ ।

ਜਿਨ੍ਹਾਂ ਦੇਸ਼ ਤੇ ਕੌਮ ਦਾ ਘਾਤ ਕੀਤਾ ਲੱਖ ਲਾਣਤਾਂ ਪੁਤ ਜਮਾਉਣੇ ਨੂੰ।
ਕਾਲਾ ਮੂੰਹ ਨੀਲੇ ਪੈਰ ਪਾਪੀਆਂ ਦੇ ਗਲ ਛਿਤਰਾਂ ਹਾਰ ਲਟਕਾਉਣੇ ਨੂੰ।
ਸੱਜਾ ਹੱਥ ਤਲਵਾਰ ਦੇ ਧਰੋ ਕਬਜੇ ਸ਼ਾਹੀ ਚਕ ਦੇ ਵਾਂਗ ਘੁਮਾਉਣੇ ਨੂੰ।
ਲਾੜਾ ਬਣੋ ਕੋਟੀ ਮੱਥੇ ਲਾ ਸੇਹਰਾ ਇਸ ਆਜਾਦੀ ਨੂੰ ਖੇਤ ਵਿਆਹੁਣੇ ਨੂੰ।
ਦੇਸ਼ ਭੁਜ ਕੇ ਮਰ ਗਿਆ ਪਾਪਣੇ ਨੀ ਤੇਰੇ ਪੇਟਦੀ ਅੱਗ ਬਝਾਉਣੇ ਨੂੰ।
ਅਸਾਂ ਆਪਣੀ ਲਾਹ ਕੇ ਖਲ ਉਤੋਂ ਪੈਰਾਂ ਤੇਰਿਆਂ ਹੇਠ ਵਛਾਉਣੇ ਨੂੰ।
ਛੁਰੀ ਪਕੜੀ ਕਾਹਨੂੰ ਲਾਭ ਸਿੰਘਾ ਸਾਡੀ ਧੌਣ ਦੇ ਉਤੇ ਧਰਾਉਣੇ ਨੂੰ।

## ਤਿਆਰ ਕਰਨਾ ਬਬਰ ਨੇ ਆਪਣੇ ਜੱਥੇ ਨੂੰ

(ਕੋਰੜਾ ਛੰਦ)

ਛੱਡੋ ਸ਼ਾਂਤ ਮਈ ਬੰਦਲਾਵੇ ਚਾਲਵੀ, ਗੱਲ ਬੜੀ ਭਾਰੀ ਰਖਣਾ ਖਿਆਲ ਜੀ।
ਰਖ ਕੇ ਤੇ ਓਟ ਮਨਾਂ ਕਰ ਤਾਰ ਦੀ, ਆਪਣਾ ਫਰਜ ਸਿਰੋਂ ਛੱਡੋ ਤਾਰ ਜੀ।
ਹੋਵੀਏ ਅਮਰ ਦੇਸ਼ ਉਤੋਂ ਮਰ ਕੇ, ਹੋਰ ਕੀ ਬਨਾਉਣਾ ਅੰਨ ਗੰਦਾ ਕਰਕੇ,
ਟੁਟਦੀ ਨਬਜ ਸਖਤ ਬੀਮਾਰ ਦੀ, ਆਪਣਾ ਫਰਜ ਸਿਰੋਂ ਛਡੋ ਤਾਰ ਜੀ।
ਕੁੱਤੇ ਤੋਂ ਖਰਾਬ ਏ ਗੁਲਾਮੀ ਜੂਨ ਜੀ, ਲਗ ਗਈ ਬੀਮਾਰੀ ਸਾਨੂੰ ਭੈੜੀ ਤੂਨ ਦੀ,
ਸਿੰਘ ਬਣ ਗਿਦੜਾਂ ਤੋਂ ਖਾਵੋ ਮਾਰ ਜੀ, ਆਪਣਾ ਫਰਜ ਸਿਰੋਂ ਛਡੋ ਤਾਰ ਜੀ।
ਗਿਦੜਾਂ ਦੇ ਸ਼ੇਰ ਨਾਂ ਗੁਲਾਮ ਸਜਦੇ, ਲੋਕਾਂ ਦਿਆਂ ਤਾਨਿਆਂ ਦੇ ਤੀਰ ਵੱਜਦੇ,
ਵਿੰਨ੍ਹ ਕੇ ਕਲੇਜਾ ਗੋਲੀ ਜਾਂਦੀ ਪਾਰ ਜੀ, ਆਪਣਾ ਫਰਜ ਸਿਰੋਂ ਛਡੋ ਤਾਰ ਜੀ।
ਜੁਤੀਆਂ ਨੂੰ ਮਾਰ ਖੋਪਰੂ ਬੁਲਾਉਣ ਜੀ, ਭੇਡ ਵਾਂਗ ਤੁਸਾਂ ਨੇ ਲਵਾਈ ਧੌਣ ਜੀ,
ਬਾਜ਼ਾਂ ਦੇ ਮੁਕਾਬਲੇ ਇਹ ਕੂੰਜ ਡਾਰਦੀ, ਆਪਣਾ ਫਰਜ ਸਿਰੋਂ ਛਡੋ ਤਾਰ ਜੀ।
ਮਰਨਾ ਅਖੀਰ ਕੇਹੜੀ ਗੱਲੋਂ ਝਕਣਾ ਖੱਲਾਂ ਵਿਚ ਲੁਕ ਕੇ ਵੀ ਨਹੀਂ ਬਚਣਾ,
ਕੱਢ ਲਿਆ ਖੂਨ ਏਸ ਨੇ ਨਤਾਰ ਜੀ, ਆਪਣਾ ਫਰਜ ਸਿਰੋਂ ਛਡੋ ਤਾਰ ਜੀ।
ਪੁਟ ਸਿਟੋ ਛਾਤੀ ਜੇਹੜਾ ਤੀਰ ਗਡਿਆ, ਰੰਡੀਆਂ ਦਾ ਰੂਪ ਕਾਹਨੂੰ ਧਾਰ ਛਡਿਆ,
ਸੁਫਨਾ ਜਹਾਨ ਮੌਜ ਦਿਨ ਚਾਰਦੀ, ਆਪਣਾ ਫਰਜ ਸਿਰੋਂ ਛਡੋ ਤਾਰ ਜੀ।
ਮਰਦ ਕਹਾਉਣ ਦਾ ਕੀ ਹੱਕ ਰਖਦੇ, ਝੱਲਣੇ ਉਲਾਮੇ ਸਾਨੂੰ ਪੈਣ ਲੱਖ ਦੇ,
ਲਾਭ ਸਿੰਘਾ ਬੇੜਾ ਰੱਬ ਲਾਊ ਪਾਰ ਜੀ, ਆਪਣਾ ਫਰਜ ਸਿਰੋਂ ਛਡੋ ਤਾਰ ਜੀ।

**ਨੋਟ :—ਕਿਥੇ ਹੈ ਉਹ ਅੰਗਰੇਜ ਜਿਸ ਦੇ ਮੁਕਾਬਲੇ ਵਿਚ ਬਬਰਾਂ ਨੇ ਮੈਦਾਨ ਵਿਚ ਸ਼ਹੀਦੀਆਂ ਪਾਈਆਂ।**

## (ਕੋਰੜਾ ਛੰਦ)

ਚੁਕ ਦੇਣੇ ਪੈਰ ਮੜਕ ਮਰੋੜਦੇ, ਮਾਰ ਮਾਰ ਅੱਡੀਆਂ ਜਮੀਨ ਤੋੜਦੇ,
ਘੱਟੇ ਵਿਚ ਦੇਖੋ ਉਹਦੇ ਹੱਡ ਰੁਲਦੇ, ਜੇਹੜਿਆਂ ਸਿਰਾਂ ਦੇ ਉਤੇ ਚੌਰ ਝੁਲਦੇ।
ਪੀਣਸਾਂ ਤੇ ਪਾਲਕੀ ਸੁਨੈਹਰੀ ਬੱਘੀਆਂ, ਲਥ ਗਏ ਲਾੜੇ ਉਹ ਫਿਰਨ ਲੱਗੀਆਂ,
ਨਹੀਂ ਸੀ ਕਦੇ ਰਜਦੇ ਭੋ ਰੋਜ਼ ਖੁਲਦੇ, ਜੇਹੜਿਆਂ ਸਿਰਾਂ ਦੇ ਉਤੇ ਚੌਰ ਝੁਲਦੇ।
ਬੜੇ ਬੜੇ ਖਾਨ ਚੌਧਰੀ ਅਮੀਰ ਜੀ, ਗੁਟ ਪਰ ਘੜੀ ਸੋਨੇ ਦੀ ਜੰਜੀਰ ਜੀ,
ਥੋੜਿਆਂ ਦਿਨਾਂ ਨੂੰ ਦੇਖੋ ਨਾਮ ਭੁਲਦੇ, ਜਿਹੜਿਆਂ ਸਿਰਾਂ ਦੇ ਉਤੇ ਚੌਰ ਝੁਲਦੇ।
ਸੋਨੇ ਦੇ ਕਲਸ ਉਚੀਆਂ ਅਟਾਰੀਆਂ, ਮਾਇਆ ਦੇ ਖਜਾਨੇ ਤਾਕਤਾਂ ਵੀ ਭਾਰੀਆਂ,

ਲਾਉਂਦੇ ਸੀ ਸ਼ਿੰਗਾਰ ਭਾਂਤ ਭਾਂਤ ਫੁਲਦੇ, ਜਿਹੜਿਆਂ ਸਿਰਾਂ ਦੇ ਉਤੇ ਚੌਰ ਝੁਲਦੇ।
ਜਰਕ ੨ ਅਡੀ ਬਜੇ ਬੂਟਦੀ, ਕਾਟ ਨਾ ਪਸਿੰਦ ਆਵੇ ਸੋਹਣੇ ਸੂਟਦੀ,
ਜ਼ਾਲਮਾਂ ਦੇ ਪਲੜੇ 'ਚ ਪੂਰੇ ਤੁਲਦੇ, ਜਿਹੜਿਆਂ ਸਿਰਾਂ ਦੇ ਉਤੇ ਚੌਰ ਝੁਲਦੇ ।
ਏਹੀ ਬੇਈਮਾਨ ਦੇਸ਼ ਤਾਂਈਂ ਗਾਲਦੇ, ਨੌਂ ਨੌਂ ਵਿਚ ਕੌਲੀਆਂ ਧਰਨ ਥਾਲਦੇ,
ਸਿੰਬਲ ਵਾਂਗ ਸਖਣੇ ਗੁਲਾਬ ਫੁਲਦੇ, ਜਿਹੜਿਆਂ ਸਿਰਾਂ ਦੇ ਉਤੇ ਚੌਰ ਝੁਲਦੇ।
ਅਧੀ ਧਰਤੀ ਤੇ ਸੀ ਹੁਕਮ ਚਲਦੇ, ਗਏ ਅੰਗਰੇਜ਼ ਉਹ ਪੰਜਾਬ ਮਲਦੇ,
ਮਟਕੀ ਦੇ ਛੇਕ ਵਾਂਗੂੰ ਖ਼ੂਨ ਡੁਲ੍ਹਦੇ, ਜਿਹੜਿਆਂ ਸਿਰਾਂ ਦੇ ਉਤੇ ਚੌਰ ਝੁਲਦੇ।
ਦੇਖੋ ਝੋਲੀ ਚੁਕੋ ਨੀਂਦ ਵਿਚੋਂ ਜਾਗਜੀ, ਸੋਚੋ ਅੰਗਰੇਜ਼ ਮੂਲੀ ਕਿਹੜੇ ਬਾਗਦੀ,
ਅੰਦਰੋਂ ਸੀ ਕਾਲੇ ਉਤੋਂ ਮਿਠੇ ਬੁਲ੍ਹਦੇ, ਜਿਹੜਿਆਂ ਸਿਰਾਂ ਦੇ ਉਤੇ ਚੌਰ ਝੁਲਦੇ।

**ਨੋਟ :—ਬਬਰਾਂ ਨੇ ਆਪਣੇ ਜੱਥੇ ਨੂੰ ਲਲਕਾਰੇ ਨਾਲ ਆਖਿਆ ਕਿ ਅੰਗਰੇਜ ਦੀ ਗੁਲਾਮੀ ਦਾ ਸੰਗਲ ਕਟ ਦੇਣਾ ਹੈ।ਜਿੰਨਾ ਚਿਰ ਜੀਉਣਾ ਆਜਾਦ ਹੋ ਕੇ ਜਿਉਣਾ ਹੈ।**

## (ਬੈਂਤ)

ਛੁਰੀ ਧਰੀ ਕਸਾਈ ਨੇ ਧੌਣ ਉਤੇ ਭਾਵੇ ਬੱਕਰੇ ਦੀ ਹਾਲ ਹਾਲ ਕੇਹਨੂੰ ।
ਦਿਤਾ ਚੀਰ ਕਲੇਜੇ ਨੂੰ ਚੀਰ ਪਾ ਕੇ ਪੇਟ ਪਾੜ ਕੇ ਦੱਸੀਏ ਹਾਲ ਕੇਹਨੂੰ ।
ਨਾੜ ਨਾੜ ਦਾ ਪੀ ਲਿਆ ਖ਼ੂਨ ਸਾਡਾ ਦੁਖ ਦੱਸੀਏ ਕੋਲ ਬਹਾਲ ਕੇਹਨੂੰ ।
ਭੇਖ ਧਾਰਕੇ ਪਾਲਦੇ ਪੇਟ ਲੋਕੀਂ ਦੇਸ਼ ਕੌਮ ਦਾ ਦਸੋ ਖਿਆਲ ਕੇਹਨੂੰ ।
ਮਜਾ ਆਉਂਦਾ ਛੱਤੀ ਪਦਾਰਥਾਂ ਦਾ ਭਾਵੇ ਚੰਦਰੀ ਜੇਲ ਦੀ ਦਾਲ ਕੇਹਨੂੰ ।
ਵਾਂਡੇ ਜਾਣ ਤੇ ਘਰਾਂ ਨੂੰ ਪਰਤ ਆਉਂਦੇ ਬੀਹ ਬੀਹ ਮੁਕਦੇ ਦੋਸਤੋ ਸਾਲ ਕੇਹਨੂੰ ।
ਖੋਟ ਰਖਕੇ ਭੇਖ ਬਣਾ ਲਿਆ ਲੋਭ ਕਰੇ ਨਾਂ ਫੇਰ ਪਾਮਾਲ ਕੇਹਨੂੰ ।
ਤੇਲ ਪਾ ਕੇ ਅੱਗ ਭੜਕਾ ਦਿਤੀ ਇਹ ਨਾਂ ਸੋਚਿਆ ਸੁਟੇਗੀ ਜਾਲ ਕੇਹਨੂੰ ।
ਲੋਕੀ ਭਰੀ ਹੋਈ ਬੇਈਮਾਨੀਆਂ ਦੀ ਲਵਾਂ ਇਕ ਕਠਾਲੀ ਵਿਚ ਢਾਲ ਕੇਹਨੂੰ ।
ਭਾਲੇ ਗੰਦਗੀ ਕੁੱਤੇ ਦੇ ਵਾਂਗ ਲੋਕੀ ਦੇਈਏ ਭਰ ਮਿਠਆਈ ਦੇ ਥਾਲ ਕੇਹਨੂੰ ।
ਲੋਕ ਸਾਡਿਆਂ ਸਿਰਾਂ ਦੇ ਫਿਰਨ ਵੈਰੀ ਖੜਾ ਹੋਵਾਂ ਹੁਣ ਲੈ ਕੇ ਨਾਲ ਕੇਹਨੂੰ ।
ਬੂਟੇ ਜਹਿਰ ਦੇ ਪਾਲਦੀ ਹੈ ਲੋਕੀ ਛਾਇਆ ਕਰਨਗੇ ਪੱਤਰ ਤੇ ਡਾਲ ਕੇਹਨੂੰ ।
ਜੇ ਕੋਈ ਦੇਖਦਾ ਪਟੀਆਂ ਲਿਸ਼ਕਦੀਆਂ ਜ਼ੁਟਾਂ ਖੁਲੀਆਂ ਭੋਣ ਗੁਪਾਲ ਕੇਹਨੂੰ ।
ਕੋਈ ਆਸ ਨਾ ਦੋਸਤੋ ਮੁਰਦਿਆਂ ਤੋਂ ਸੌਂਪ ਛਡੀਏ ਢਾਕਾ ਬੰਗਾਲ ਕੇਹਨੂੰ ।
ਮੁਝਰੇਟਾਂ ਦੇ ਮੋਰਾਂ ਤੇ ਚੜ੍ਹਨ ਬਹੁਤੇ ਚੰਗੇ ਲਗਦੇ ਲੋਗ ਕੰਗਾਲ ਕੇਹਨੂੰ ।
ਕਰ ਲੱਖ ਸ਼ੈਤਾਨੀਆਂ ਲਾਭ ਸਿੰਘਾ ਅੰਤ ਛੱਡਗਾ ਸੂਰਮਾ ਕਾਲ ਕੇਹਨੂੰ ।

**ਨੋਟ :—ਬਬਰਾਂ ਨੇ ਆਖਿਆ ਕਿ ਏਸ ਅੰਗਰੇਜ ਨੇ ਮਿੱਤਰ ਬਣ ਕੇ ਸਾਡੇ ਰਾਜ ਦਾ ਖਾਤਮਾ ਕਰ ਦਿਤਾ ਤੇ ਸਾਡਾ ਕੀ ਕਦਰ ਪਾਉਣਾ ਸੀ।**

## (ਬੈਂਤ)

ਚੜ੍ਹੀ ਆਉਂਦੀ ਦੇਸ਼ਾਂ ਦੇ ਦੇਸ਼ ਖਾਂਦੀ ਨਿਓ ਤਕੜਿਆਂ ਨਾਲ ਲਗਾ ਬੈਠੇ ।
ਡੰਗ ਮਾਰਕੇ ਫੂਕ ਪੰਜਾਬ ਸੁਟੀ ਦੁੱਧ ਨਾਗਨੀ ਤਾਈਂ ਪਲਾ ਬੈਠੇ ।
ਪਤਾ ਲੱਗਾ ਜਾਂ ਕਾਲਜਾ ਕੱਢ ਲਿਆ ਮੁੰਡਾ ਡੈਣ ਦੇ ਹੱਥ ਫੜਾ ਬੈਠੇ ।

ਗਲ ਝੋਲੀਆਂ ਮੰਗਦੇ ਭੀਖ ਆਪਾਂ, ਰਾਜ ਭਾਗ ਤੇ ਤਖਤ ਖੁਹਾ ਬੈਠੇ ।
ਲਡੂ ਸੈਂਖੀਏ ਦੇ ਉਤੇ ਖੰਡ ਲਗੀ ਗੋਰੀ ਡੈਣ ਦੇ ਦਿਤੇ ਹੋਏ ਖਾ ਬੈਠੇ ।
ਬਿਲਾ ਲਾ ਕੇ ਘਾਤ ਨੂੰ ਸੀ ਬੈਠਾ ਅਸਾਂ ਮੁਰਗੀਆਂ ਨੂੰ ਚੋਗਾ ਪਾ ਬੈਠੇ ।
ਗੋਰੀ ਮਾਰ ਪਲਾਕ ਨੂੰ ਚੜ੍ਹੀ ਉਤੇ ਭੋਜ ਵਾਂਗ ਲਗਾਮ ਦੁਆ ਬੈਠੇ ।
ਇਸਦੀ ਮਿਠੀ ਜ਼ਬਾਨ ਪੁਰ ਮੋਹਤ ਹੋ ਕੇ ਸਿਰ ਆਪਣੇ ਪਾ ਸੁਆਹ ਬੈਠੇ ।
ਅਜੇ ਏਸਦੇ ਚੰਦ ਨਾ ਬਣੇ ਲੋਕੋ ਘਰਬਾਰ ਸਰਵੰਸ ਮਰਵਾ ਬੈਠੇ ।
ਛੁਰੀ ਸੋਨੇ ਦੀ ਮੁਠ ਨੂੰ ਜੜੇ ਮੋਤੀ ਧੌਣ ਆਪਣੀ ਉਤੇ ਧਰਾ ਬੈਠੇ ।
ਗੋਰੇ ਬਗਲੇ ਦੇ ਰੰਗ ਪੁਰ ਨਾ ਭੁਲੋ ਡਡਾਂ ਖਾਣ ਨੂੰ ਤਾਕ ਲਗਾ ਬੈਠੇ ।
ਦਬੇ ਬੰਨ੍ਹਕੇ ਪੀੜਦਾ ਬੰਦਿਆਂ ਦੇ ਦੇਸ਼ ਘਾਣਾਂ ਦੇ ਘਾਣ ਲੰਘਾ ਬੈਠੇ ।
ਬੇੜਾ ਰੰਡੀ ਪੰਜਾਬ ਦਾ ਰੋੜ੍ਹ ਕੇ ਤੇ ਉਤੇ ਆਪ ਕਿਨਾਰੇ ਦੇ ਜਾ ਬੈਠੇ ।
ਜੜ੍ਹਾਂ ਪੁਟਕੇ ਲੁਟਕੇ ਘਾਟ ਕੂਲੇ ਦੁਧੋਂ ਧੋਤੜੇ ਆਪ ਸਦਾ ਬੈਠੇ ।
ਮਹੀਂਵਾਲ ਤੇ ਸੋਹਣੀ ਦੇ ਮਾਰਨੇ ਨੂੰ ਘੜਾ ਵਾਂਗ ਨਣਾਨ ਵਟਾ ਬੈਠੇ ।
ਛੁਰਾ ਫੇਰਨਾ ਗਲਦੇ ਵਿਚ ਬਾਕੀ ਓਵੇਂ ਵਾਂਗ ਕਸਾਈ ਦੇ ਢਾ ਬੈਠੇ ।
ਦੇਰ ਕਬਰ ਵਿਚ ਪੌਣ ਦੀ ਲਾਭ ਸਿੰਘਾ ਸਿੜੀ ਮੁਰਦੇ ਦੀ ਕੋਲ ਲਿਆ ਬੈਠੇ ।

**ਨੋਟ:—ਬਬਰਾਂ ਨੇ ਅੰਗਰੇਜ਼ ਨੂੰ ਆਖਿਆ ਕਿ ਅਸੀਂ ਤੇਰੀ ਖੈਰ ਖਾਹੀ ਕੀਤੀ, ਤੂੰ ਸਾਡਾ ਲਹੂ ਪੀ ਲਿਆ ।**

**( ਕੋਰੜਾ ਛੰਦ )**

ਤੇਰੇ ਪਿਛੇ ਲਖ ਕਸ਼ਟ ਨੂੰ ਸਹਾਰਿਆ, ਤੂੰ ਕਢਕੇ ਕਲੇਜੇ ਵਿਚ ਛੁਰਾ ਮਾਰਿਆ,
ਭੁਲ ਤੇਰੇ ਨਾਲ ਅੰਗ ਨੂੰ ਛੁਆ ਲਿਆ, ਫੁਲਾਂ ਦੇ ਵਿਛੌਣੇ ਪੁਰ ਸੌਣ ਵਾਲਿਆ ।
ਖੂਨ ਨਾਲ ਸੁਟੀ ਸੀ ਜ਼ਮੀਨ ਰੰਗ ਕੇ, ਤੋਪਾਂ ਦਿਆਂ ਗੋਲਿਆਂ ਨੇ ਤੋੜੇ ਪਿੰਜਰੇ,
ਤੂੰ ਵੀ ਸਾਡੇ ਖ਼ੂਨ ਨਾਲ ਕਾਹਨੂੰ ਨ੍ਹਾ ਲਿਆ, ਫੁਲਾਂ ਦੇ ਵਿਛੌਣੇ ਪੁਰ ਸੌਣ ਵਾਲਿਆ ।
ਹੋ ਗਿਆ ਕੰਗਾਲ ਸਾਡਾ ਦੇਸ਼ ਲੁਟੀਦਾ, ਜਿਵੇਂ ਗੰਨਾ ਬੇਲਣੇ 'ਚ ਪੀੜ ਸੁਟੀਦਾ,
ਨਾੜ ੨ ਵਿਚੋਂ ਖੂਨ ਨੂੰ ਚੁਵਾ ਲਿਆ, ਫੁਲਾਂ ਦੇ ਵਿਛੌਣੇ ਉਤੇ ਸੌਣ ਵਾਲਿਆ ।
ਜਿਥੇ ਕਿਥੇ ਅਗ ਬਲਦੀ ਤੂੰ ਤੁੰਨਦਾ, ਸੀਖ ਦੇ ਕੁਬਾਬ ਵਾਂਗ ਸਾਨੂੰ ਭੁੰਨਦਾ,
ਕਢਕੇ ਕਲੇਜਾ ਸਾਡਾ ਪੋਟਾ ਖਾ ਲਿਆ, ਫੁਲਾਂ ਦੇ ਵਿਛੌਣੇ ਉਤੇ ਸੌਣ ਵਾਲਿਆ ।
ਸਾਡੇ ਸਿਰ ਭੁਖਿਆਂ ਦੇ ਮੌਤ ਗਜਦੀ, ਤੇਰੇ ਵਿਚ ਬੰਗਲੇ ਦੇ ਤਾੜੀ ਵਜਦੀ,
ਨਰਕ ਵਿਚ ਦੇਸ਼ ਤੂੰ ਪੰਜਾਬ ਡਾਲਿਆ, ਫੁਲਾਂ ਦੇ ਵਿਛੌਣੇ ਉਤੇ ਸੌਣ ਵਾਲਿਆ ।
ਡੀਕ ਲਾ ਕੇ ਅਸਾਂ ਦਾ ਤੂੰ ਪੀਵੇਂ ਖੂਨ ਜੀ, ਦੇਖਣੇ ਨੂੰ ਗੋਰੀ ਤੂੰ ਬੀਮਾਰੀ ਤੂਨਦੀ,
ਬਾਦਸ਼ਾਹ ਦਾ ਪੁਤ ਰੂੜੀ ਤੇ ਬਿਠਾਲਿਆ, ਫੁਲਾਂ ਦੇ ਵਿਛੌਣੇ ਉਤੇ ਸੌਣ ਵਾਲਿਆ ।
ਮਾਰ ਦੇਸ਼ ਦੂਸਰੇ ਮੰਗਾਵੇਂ ਭਿਖਿਆ, ਰਤ ਪੀਵੇਂ ਲੋਕਾਂ ਦੀ ਕਾਨੂੰਨ ਸਿਖਿਆ,
ਫੂਕੇ ਤੈਨੂੰ ਰਬ ਜਿਵੇਂ ਸਾਨੂੰ ਜਾਲਿਆ, ਫੁਲਾਂ ਦੇ ਵਿਛੌਣੇ ਉਤੇ ਸੌਣ ਵਾਲਿਆ ।
ਕਲਮ ਛੁਰੀ ਦੇ ਨਾਲ ਲਾਹੇ ਚੰਮਨੂੰ, ਸੋਢੇ ਤੋਂ ਬਗੈਰ ਨਾ ਤੂੰ ਪੀਵੇਂ ਰਮਨੂੰ,
ਲਭੇਗਾ ਨਾ ਤੇਰਾ ਖੁਰਾ ਖੋਜ ਭਾਲਿਆ, ਫੁਲਾਂ ਦੇ ਵਿਛੌਣੇ ਉਤੇ ਸੌਣ ਵਾਲਿਆ ।

## ਵਾਕ ਕਵੀ (ਬੈਂਤ)

ਨਾਲ ਧੋਖੇ ਦੇ ਮਾਰ ਤਬਾਹ ਕੀਤੀ ਤਾਕਤ ਵਿਚ ਪੰਜਾਬ ਦੇ ਬੜੀ ਸੀ ਜੀ ।

ਨਾੜ ਨਾੜ ਸਰੀਰ ਦੀ ਫੂਕ ਸੁਟੀ ਗੋਰੇ ਰੰਗ ਦੀ ਨਾਗਣੀ ਲੜੀ ਸੀ ਜੀ ।
ਮਾਰੀ ਲਾਹ ਜਮੀਨ ਦੇ ਹੇਠ ਥਲੇ ਗੁਡੀ ਵਿਚ ਅਸਮਾਨ ਦੇ ਚੜ੍ਹੀ ਸੀ ਜੀ ।
ਲਛਮਣ ਵਾਂਗ ਨਹੀਂ ਹੀਲਾ ਬਚਣੇ ਦਾ ਜਿਹਨਾਂ ਲਭੀ ਸਿੰਜੀਵਣੀ ਜੜੀ ਸੀ ਜੀ ।

## ਤਥਾ ਬੈਂਤ

ਛੁਰੀ ਮਾਰ ਕਲੇਜੇ ਦੇ ਕਢਣੇ ਨੂੰ ਡੈਣ ਕੂਕਦੀ ਸੀਸ ਤੇ ਖੜੀ ਲੋਕੋ ।
ਬਬਰ ਸੂਰਮੇ ਜਾਨ ਤੇ ਖੇਡ ਗਏ ਔਖੀ ਕੌੜ ਗੁਲਾਮੀ ਦੀ ਘੜੀ ਲੋਕੋ ।
ਰਾਜਾ ਸਿੰਘਾਂ ਦਾ ਦੇਖੋ ਫਕੀਰ ਹੋਇਆ ਰੇਖ ਚੰਦਰੀ ਮਥੇ ਦੀ ਸੜੀ ਲੋਕੋ ।
ਕਾਰੂੰ ਵਾਂਗ ਨਾ ਮਾਇਆ ਦੇ ਗੰਜ ਜਾਣੇ ਜਾਣੀ ਜਿੰਦ ਦਰਗਾਹ ਵਿਚ ਛੜੀ ਲੋਕੋ ।
ਮਸਾਂ ਦੇਸ ਪੰਜਾਬ ਆਜ਼ਾਦ ਕੀਤਾ ਹਥ ਲਾ ਲਈ ਅੰਗਰੇਜ਼ ਨੇ ਕੜੀ ਲੋਕੋ ।
ਅਸਾਂ ਮੋਏ ਨਾ ਜੀਊਂਦਿਆਂ ਵਿਚ ਰਹੇ ਜਿੰਦ ਕੌੜ ਗੁਲਾਮੀ ਨੇ ਫੜੀ ਲੋਕੋ ।
ਸਦੀ ਹੋ ਗਈ ਜੁਤੀਆਂ ਖਾਂਦਿਆਂ ਨੂੰ ਸਾਡੀ ਬਣਦੀ ਜਿਵੇ ਵਿਚ ਮੜੀ ਲੋਕੋ ।
ਖਸਮ ਮਾਿਿਆ ਗਿਆ ਅਣਭੋਲ ਜਿਹਾ ਰੰਨ ਤੇਜ ਹੈ ਫਾਰਸੀ ਪੜ੍ਹੀ ਲੋਕੋ ।
ਉਚੀ ਅੱਡੀ ਦੀ ਪਾਉਂਦੀ ਗੁਰਕਾਬੀਆਂ ਇਹ ਅਤੇ ਰਖਦੀ ਗੁਟ ਪੁਰ ਘੜੀ ਲੋਕੋ ।
ਸ਼ੀਸ਼ ਮਹਿਲ ਗੁਲਾਮੀ ਦੇ ਬੁਰੇ ਲਗਦੇ ਸੋਹਣੀ ਲਗੇ ਸ਼ਹੀਦਾਂ ਦੀ ਮੜੀ ਲੋਕੋ ।
ਜਾਨ ਤਲੀ ਪੁਰ ਧਰੀ ਬਿਨ ਲਾਭ ਸਿੰਘਾ ਔਖੀ ਟੁਟਣੀ ਏਸਦੀ ਗੜ੍ਹੀ ਲੋਕੋ ।

**ਨੋਟ:—ਇਕ ਮੇਰੇ ਪਰਮ ਪਿਆਰੇ ਮਿਤਰ ਸ਼ਰਮੁਖ ਸਿੰਘ ਮੇਮੀਓ ਵਾਲੇ ਦਾ ਲਿਖਿਆ ਹੋਇਆ ਬੈਂਤ ਲਿਖਣ ਯੋਗ ਹੈ ।**

( ਬੈਂਤ )

ਪਿਆਰੀ ਖਾਲਸਾ ਕੌਮ ਬੇਦਾਰ ਹੋ ਜਾ ਸਮਾਂ ਤੁਧ ਨੂੰ ਪਿਆ ਲਲਕਾਰਦਾ ਹੈ ।
ਓਹੁ ਪੰਜਾਬ ਜਿਹਦੀ ਪਾਕ ਧਰਤ ਉਤੇ ਸੋਮਾਂ ਫੁਟਿਆ ਇਕ ਓਂਕਾਰਦਾ ਹੈ ।
ਓਹੁ ਪੰਜਾਬ ਜਿਥੇ ਤੇਰਾ ਗੁਰੂ ਨਾਨਕ ਥਾਂ ਥਾਂ ਫਿਰਕੇ ਰਿਹਾ ਤਾਰਦਾ ਹੈ ।
ਜਿਥੇ ਪੁੰਜ ਕੁਰਬਾਨੀਆਂ ਗੁਰੂ ਅਰਜਣ ਕੜਛੇ ਰੇਤ ਦੇ ਸੀਸ ਸਹਾਰਦਾ ਹੈ ।
ਓਹੁ ਪੰਜਾਬ ਜਿਥੇ ਤੇਰਾ ਖੜਗ ਧਾਰੀ ਰਿਹਾ ਵੈਰੀਆਂ ਤਾਂਈਂ ਸੰਘਾਰਦਾ ਹੈ ।
ਓਹੁ ਪੰਜਾਬ ਅਕਾਲ ਹੈ ਤਖਤ ਜਿਥੇ ਹੁਕਮ ਨਿਕਲੇ ਜੋ ਜਥੇਦਾਰ ਦਾ ਹੈ ।
ਓਹੁ ਪੰਜਾਬ ਜਿਥੇ ਤੇਰਾ ਹਰੀ ਮੰਦਰ ਲਿਸ਼ਕ ਬਿਜਲੀ ਵਾਂਗ ਚਮਕਾਰਦਾ ਹੈ ।
ਓਹੁ ਪੰਜਾਬ ਜਿਥੇ ਉਚਦਾ ਪੀਰ ਤੇਰਾ ਤੀਰ ਮਾਰਕੇ ਦੁਸ਼ਟ ਸੰਘਾਰਦਾ ਹੈ ।
ਜਿਹੜਾ ਇਕ ਆਜ਼ਾਦੀ ਦੇ ਨਾਮ ਉਤੇ ਦੇਖੋ ਸਾਰੇ ਪ੍ਰਵਾਰ ਨੂੰ ਵਾਰਦਾ ਹੈ ।
ਓਹੁ ਪੰਜਾਬ ਜਿਸਦੇ ਬੰਧਨ ਕਟਣੇ ਨੂੰ ਡੁਲ੍ਹਾ ਖੂਨ ਅਜੀਤ ਜੁਝਾਰ ਦਾ ਹੈ ।
ਜਿਥੇ ਕੰਧ ਸਰਹੰਦ ਦੀ ਚੰਦ ਖਾਦੇ ਚ ਪਾਹੀ ਹਾਏ ਪੁਕਾਰਦਾ ਹੈ ।
ਜਿਥੇ ਲਖਾਂ ਸ਼ਹੀਦਾਂ ਦਾ ਖੂਨ ਡੁਲ੍ਹਾ ਕੀ ਅੰਤ ਇਸ ਬੇਸ਼ੁਮਾਰ ਦਾ ਹੈ ।
ਓਹੁ ਪੰਜਾਬ ਜਿਸਦੀ ਗਿਠ ਗਿਠ ਬਦਲੇ ਲਛਕਰ ਰਿਹਾ ਸਾਂਝਾ ਜਫਰ ਜਾਰਦਾ ਹੈ ।
ਜਿਥੇ ਫਿਰਦੀ ਸੀ ਕਦੇ ਅਕਾਲ ਰਜਮੇਂਟ ਫੂਲਾ ਸਿੰਘ ਵੀ ਰਿਹਾ ਭਬਕਾਰਦਾ ਹੈ ।
ਅਜੁ ਓਸ ਪਿਆਰੇ ਦੇ ਦੇਸ਼ ਉਤੇ ਗੈਰ ਆ ਕੋਈ ਛਾਪਾ ਮਾਰਦਾ ਹੈ ।
ਤੈਨੂੰ ਸਦਾ ਲਈ ਕਰਨ ਗੁਲਾਮ ਲਗਾ ਕੋਈ ਹੱਥ ਸਮੁੰਦਰੋਂ ਪਾਰਦਾ ਹੈ ।
ਖਾਤਰ ਜਿਸਦੀ ਜੰਗਾਂ ਵਿਚ ਰਿਹਾ ਮਰਦਾ ਕਾਰਾ ਓਸਹੀ ਜਾਣ ਬਦਕਾਰਦਾ ਹੈ ।

ਸਾਂਝੇ ਰਾਜ ਪੰਜਾਬ ਨੂੰ ਯਾਦ ਕਰਕੇ ਹਰਇਕ ਦੇਸ਼ ਵਾਸੀ ਭੁਬ੍ਹਾਂ ਮਾਰਦਾ ਹੈ ।
ਬੈਠ ਸ਼ੇਰੇ ਪੰਜਾਬ ਦੀ ਮੜ੍ਹੀ ਉਤੇ ਕੀਤਾ ਫੈਸਲਾ ਇਹ ਆਖਰਕਾਰ ਦਾ ਹੈ ।
ਜੀਊਂਦੇ ਫਿਰਕੂ ਫੈਸਲਾ ਮੰਨਣਾ ਨਾ ਕਹਿਣਾ ਇਹੋ ਹੀ ਸਭ ਸਰਦਾਰ ਦਾ ਹੈ ।
ਗੈਬੋਂ ਕਹਿੰਦੀ ਸੀ ਰੂਹ ਰਣਜੀਤ ਸਿੰਘ ਦੀ ਤੁਹਾਨੂੰ ਵਾਸਤਾ ਸੱਚੀ ਸਰਕਾਰ ਦਾ ਹੈ ।
ਕੌਮੀ ਅਣਖ ਬਹਾਦਰੋ ਛਡਿਓ ਨਾ ਜੀਉਣ ਜਗ ਉਤੇ ਦਿਨ ਚਾਰਦਾ ਹੈ ।
ਅਣਖ ਛਡ ਕੇ ਜੀਵਣਾ ਕੰਮ ਕਿਹੜੇ ਕਾਇਰ ਜਗ ਤੇ ਕੀ ਸਵਾਰਦਾ ਹੈ ।
ਦੇਸ਼ ਸਫਲਤਾ ਹਥ ਦਸ਼ਮੇਸ਼ ਜੀਦੇ ਮਰਨਾ ਕੰਮ ਸਾਡੇ ਅਖਤਿਆਰ ਦਾ ਹੈ ।
ਭੈ ਦੇਵਣਾ ਤੇ ਭੈ ਰਖਣਾ ਨਾ ਸਾਨੂੰ ਹੁਕਮ ਨੌਵੇਂ ਅਵਤਾਰ ਦਾ ਹੈ ।
ਸਾਡਾ ਵੈਰ ਨਾ ਕਿਸੇ ਦੇ ਨਾਲ ਕੋਈ ਸਿੰਘ ਸਭਦਾ ਭਲਾ ਵਿਚਾਰਦਾ ਹੈ ।
ਇਹਨੂੰ ਸਖਤ ਗੁਲਾਮੀ ਤੋਂ ਹੈ ਨਫਰਤ ਉਹਦੇ ਨਾਮ ਨੂੰ ਵੀ ਫਿਟਕਾਰਦਾ ਹੈ ।
ਪਿਆਰੇ ਪੰਥ ਦੇ ਆਗੂਓ ਗਲ ਸੁਣ ਲਉ ਕਰਨੀ ਵਿਲ ਹੁਣ ਕੰਮ ਗਦਾਰ ਦਾ ਹੈ ।
ਜਿਸ ਹੁਣ ਨਾ ਪੰਥ ਦਾ ਸਾਥ ਦਿਤਾ ਲੈਣਾ ਨਾਮ ਕੀ ਓਸ ਬੁਰਿਆਰ ਦਾ ਹੈ ।
ਖਾਧੀ ਸੌਂਹ ਕੀ ਲੋੜ ਕਹਾਣੀਆਂ ਦੀ ਬਸ ਇਕ ਹੀ ਹਰਫ ਉਚਾਰਦਾ ਹੈ ।
ਨਹੀਂ ਰਾਜ ਫਰੰਗੀ ਦਾ ਰਹਿਣ ਦੇਣਾ ਜਿਹੜਾ ਦੇਸ਼ ਵਿਚ ਗੰਦ ਖਲਾਰਦਾ ਹੈ ।

## ਵਲੋਂ ਸ਼ਰਮੁਖ ਸਿੰਘ ਮੋਮੀਓਂ

( ਬੈਂਤ )

ਅਗੇ ਹਾਲ ਸੁਣ ਲਵੋ ਕੁਝ ਲੀਡਰਾਂ ਦਾ ਜਿਹੜਾ ਇਨ੍ਹਾਂ ਨੇ ਚੰਦ ਚੜ੍ਹਾਇਆ ਈ ।
ਭੇਖ ਧਾਰਕੇ ਮਰਦ ਅਕਾਲੀਆਂ ਦਾ ਥਾਂ ਥਾਂ ਤੇ ਗੰਦ ਖਿੰਡਾਇਆ ਈ ।
ਓਸ ਪੰਥ ਦਾ ਸਤਿਆਨਾਸ ਕੀਤਾ ਜਥੇਦਾਰ ਜੋ ਮੂਹਰੀ ਬਣਾਇਆ ਈ ।
ਬੈਠੇ ਖਾਵੀਏ ਕੰਮ ਨਾ ਪਏ ਕਰਨਾ ਸ਼ਾਂਤ ਮਤੇ ਦਾ ਕੋੜ੍ਹ ਲਗਾਇਆ ਈ ।
ਜਿਹੜਾ ਨਿਤਰੇ ਸ਼ੇਰ ਮੈਦਾਨ ਅੰਦਰ ਹਥੀਂ ਇਨ੍ਹਾਂ ਨੇ ਮਾਰ ਮੁਕਾਇਆ ਈ ।
ਇਕ ਸਿੰਘ ਦੇ ਸੀਸ ਦਾ ਮੁਲ ਕੀ ਹੈ ਦੋ ਸੌ ਵਿਚ ਨਨਕਾਣੇ ਵਢਾਇਆ ਈ ।
ਲੋਕੋ ਭੋਲਿਓ ਵਾਂਗ ਸ਼ਕਾਰੀਆਂ ਦੇ ਫਾਹੁਣ ਵਾਸਤੇ ਜਾਲ ਤਣਾਇਆ ਈ ।
ਸ਼ਕਲ ਮੋਮਨਾਂ ਤੇ ਕੰਮ ਕਾਫਰਾਂ ਦੇ ਇਹਨਾਂ ਲੀਡਰਾਂ ਕਸਬ ਠਹਿਰਾਇਆ ਈ
ਵਿਚ ਮਾਲਵੇ ਦੇਖੋ ਭਸੌੜੀਆਂ ਨੇ ਫੁਟ ਪਾ ਪਾ ਪੰਥ ਲੜਾਇਆ ਈ ।
ਤੇਜਾ ਸਿੰਘ ਭੁਚਰ ਜਥੇਦਾਰ ਵਡਾ ਸੈਂਟਰ ਮਾਝਾ ਗੜਗਜ ਬਣਾਇਆ ਈ ।
ਐਪਰ ਦੇਖਿਆ ਢੋਲ ਦਾ ਪੋਲ ਖਾਲੀ ਜਦੋਂ ਪਰਖ ਘਸੌਟੀ ਤੇ ਲਾਇਆ ਈ ।
ਖੇਤ ਵਿਚ ਡਰਾਉਣਾ ਜਿਉਂ ਹਰਨੀਆਂ ਤੇ ਉਤੇ ਢੀਂਗਰਾਂ ਦੇ ਕਪੜਾ ਪਾਇਆ ਈ ।
ਉਸਨੂੰ ਦੂਰ ਤੋਂ ਦੇਖਿਆਂ ਖੌਫ ਆਵੇ ਵਿਚੋਂ ਲੀਰਾਂ ਦਾ ਬੋਕ ਬਣਾਇਆ ਈ ।
ਜਥੇਦਾਰ ਕਰਤਾਰ ਸਿੰਘ ਨਾਮ ਝਬਰ ਗੰਦ ਕੀ ਨਨਕਾਣੇ ਖਿੰਡਾਇਆ ਈ ।
ਹੋਈ ਕੈਦ ਤਾਂ ਮੰਗ ਲਈ ਝਟ ਮਾਫੀ ਮੱਥੇ ਟਿਕਾ ਕਲੰਕ ਦਾ ਲਾਇਆ ਈ ।
ਖੜਗ ਸਿੰਘ ਜੋ ਪੰਥ ਦਾ ਚੋਣਵਾਂ ਸ਼ੀ ਬਿਨਾਂ ਤਾਜ ਤੋਂ ਸ਼ਾਹ ਸਦਾਇਆ ਈ ।
ਮਤਾਬ ਸਿੰਘ ਸੀ ਪੰਥ ਦਾ ਕੁਝ ਲਗਦਾ ਮਾਫੀ ਮੰਗ ਉਹ ਜੇਹਲ ਤੋਂ ਆਇਆ ਈ ।
ਪਹਿਲੇ ਹਥ ਕਨੇਡੀਆਂ ਯੋਧਿਆਂ ਨੂੰ ਫਾਂਸੀ ਏਸ ਨੂੰ ਚੁਕ ਚੜ੍ਹਾਇਆ ਈ ।

ਫੇਰ ਸੂਰਮੇ ਪੰਥ ਦਾ ਬਣ ਆਗੂ ਬੇੜਾ ਸ਼ੋਹ ਦੇ ਵਿਚ ਹੜਾਇਆ ਈ ।
ਏਸ ਗੰਦੇ ਦੇ ਗੁਡੇ ਨੂੰ ਗਡਣਾ ਸੀ ਬੁਰੀ ਮਾਰਨੀ ਪੰਥ ਮਰਵਾਇਆ ਈ ।
ਖੜਗ ਸਿੰਘ ਨੇ ਛਡਕੇ ਪੰਥ ਤਾਂਈਂ ਗਲ ਗੰਦੇ ਮਤਾਬ ਨੂੰ ਲਾਇਆ ਈ ।
ਨਾਲ' ਲਗ ਕੇ ਆਪਵੀ ਡੁਬ ਗਿਆ ਗੰਦੇ ਨਾਲ ਜਾਂ ਅੰਗ ਛੁਆਇਆ ਈ ।
ਦਸੋ ਕੰਮ ਕਰਦਾ ਜਥੇਦਾਰ ਕਿਹੜਾ ਪੇਟ ਪਾਲਣਾ ਮੁਖ ਰਖਾਇਆ ਈ ।
ਜਦੋਂ ਦੇਖਿਆ ਸਾਰਿਆਂ ਗੰਦ ਕੀਤਾ ਗੁਸਾ ਬਬਰ ਜਵਾਨਾਂ ਨੂੰ ਆਇਆ ਈ ।
ਖੂਨ ਡੋਲ੍ਹਕੇ ਬਬਰਾਂ ਨੇ ਲਾਭ ਸਿੰਘਾ ਬੂਟਾ ਦੇਸ਼ ਆਜ਼ਾਦੀ ਦਾ ਲਾਇਆ ਈ ।

**ਨੋਟ:**—੨੮/੨/੨੫ ਨੂੰ ਜਦੋਂ ਸ਼ਿਸ਼ਨ ਜਜ ਸਾਹਿਬ ਨੇ ਬਬਰਾਂ ਨੂੰ ਹੁਕਮ ਸੁਣਾ ਦਿਤਾ ਤਾਂ ਓਸ ਵਖਤ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ੩੩ ਮੈਂਬਰ ਵੀ ਹਵਾਲਾਟੀ ਸਨ । ਸੁਣਿਆਂ ਹੈ ਕਿ ਇਨ੍ਹਾਂ ਨੂੰ ਖੁਰਾਕ ਵੀ ਮਿਲਦੀ ਸੀ । ਪਰ ਇਨ੍ਹਾਂ ਪਰ ਦਫਾ ਇਕ ਸੌ ਇਕੀ ਸੀ ਜੋ ਬਿਨਾਂ ਮੁਕਦਮਾ ਬਿਨਾਂ ਤਫਤੀਸ਼ ਗੌਰਮਿੰਟ ਸਜ਼ਾ ਦੇ ਸਕਦੀ ਹੈ। ਸਾਰੇ ਬਬਰਾਂ ਪਰ ੧੨੦ ਦਫਾ ਸੀ । ਇਹਨਾਂ ਤੇ ਮੁਕਦਮਾ ਚਲਾ ਲੈਣ ਦੇ ਲਾਟ ਸਾਹਿਬ ਨੂੰ ਅਧਿਕਾਰ ਸਨ । ਉਨ੍ਹਾਂ ਨੇ ਆਖਿਆ ਕਿ ਅਕਾਲੀ ਬਹੁਤ ਭੜਕੇ ਹੋਏ ਹਨ । ਇਨ੍ਹਾਂ ਨੂੰ ਕੁਝ ਦੇਕੇ ਠਢੇ ਕਰਦੇਓ । ਲਾਟ ਨੇ ਆਖਿਆ ਕਿ ਇਕ ਦਰੇੜ ਦੇ ਕੇ ਦੇਖਣੀ ਹੈ। ਜੇ ਤਾਂ ਝਲ ਗਏ ਤਾਂ ਕੁਝ ਦੇਣਾ ਪਵੇਗਾ । ਜੇ ਮੈਂ ਸਿਟ ਲਏ ਤਾਂ ਬੇਲਣੇ ਪੀੜ ਸਟਾਂਗਾ । ਲਾਟ ਨੇ ਲਾਹੌਰ ਦੇ ਸੇਠ ਸਦ ਲਏ, ਹਾਈਕੋਰਟ ਦੇ ਜਜ ਸਦ ਲਏ। ਉਨ੍ਹਾਂ ਨਾਲ ਮਸ਼ਵਰਾ ਕਰਕੇ ਇਹਨਾਂ ੩੩ ਮਿੰਬਰਾਂ ਕੋਲ ਭੇਜ ਦਿਤੇ । ਇਹ ੩੩ ਸੈਂਟ੍ਰਲ ਜ਼ੇਲ੍ਹ ਲਾਹੌਰ ਪੁਰਾਣੀ ਪੰਜ ਨੰਬਰ ਬਾਰਕ ਵਿਚ ਸੀ।ਪੁਛਿਆ ਇਹ ਕੌਣ ਹੈ ਸਰਦਾਰ ਬਹਾਦਰ ਮਤਾਬ ਸਿਘ, ਇਹ ਕੌਣ ਹੈ ਪਿਆਰਾ ਸਿੰਘ ਲੰਗੇਰੀ,ਇਹ ਕੌਣ ਹੈ ਹਰੀ ਸਿੰਘ ਜਲੰਧਰੀ। ਉਹ ਏਹ ਤਾਂ ਦੇਸ਼ ਨੂੰ ਓਠੌਣ ਵਾਲੇ ਵਡੇ ਲੀਡਰ ਹਨ।ਇਨ੍ਹਾਂ ਨੇ ਦੇਸ਼ ਨੂੰ ਉਠਾ ਲਿਆ ਹੈ । ਇਹਨਾਂ ੩੩ ਵਾਸਤੇ ਕਲ ਪਾਰਲੀ ਮਿੰਟ ਦੀ ਤਾਰ ਆ ਗਈ ਹੈ ਕਿ ਫਾਸੀ ਲਾਏ ਜਾਣ । ਉਹ ਇਹ ਤਾਂ ਜ਼ੁਲਮ ਹੋਇਆ ਕਿਸੇ ਤਰ੍ਹਾਂ ਬਚਾਉ । ਲਾਟ ਨੂੰ ਸਾਡੇ ਨਾਲ ਵੀ ਕੰਮ ਪੈਂਦਾ ਹੈ। ਉਹ ਸਾਡਾ ਆਖਾ ਜ਼ਰੂਰ ਮਨ ਜਾਵੇਗਾ। ਕੁਝ ਸਰਦਾਰ ਹੋਰੀਂ ਵੀ ਨਰਮ ਹੋਣ ਤੇ ਲਿਖ ਦੇਣ ਕਿ ਉਹ ਕਿਸੇ ਪੁਲੀਟੀਕਲ ਕੰਮ ਵਿਚ ਹਿਸਾ ਨਹੀਂ ਲੈਂਦੇ। ਇਹ ਕੀ ਗਲ ਹੈ। ਇਥੋਂ ਨਿਕਲ ਜਾਣ ਫੇਰ ਬਾਹਰ ਜਾ ਕੇ ਉਸ ਤਰ੍ਹਾਂ ਹੀ ਲੈਕਚਰ ਦੇਣ ਜਥੇ ਬੰਨ੍ਹ ਲੈਣ, ਇਥੇ ਕੌਣ ਦੇਖਦਾ ਹੈ। ਇਹ ਕਾਗਜ਼ ਵੀ ਸਾਡੇ ਕੋਲ ਰਹਿਣਾਹੈ। ਸਰਦਾਰ ਜੀ ਇਥੋਂ ਨਿਕਲੋ। ਏਸ ਪਾਲਸੀ ਵਿਚ ੧੯ ਗਿਰ ਗਏ। ਲਿਖ ਦਿਤਾ, "ਅਸੀਂ ਕਿਸੇ ਪੁਲੀਟੀਕਲ ਕੰਮ ਵਿਚ ਹਿਸਾ ਨਹੀਂ ਲਵਾਂਗੇ।" ਜਿਨ੍ਹਾਂ ਵਿਚ ਮਤਾਬ ਸਿੰਘ ਤੇ ਲੰਗੇਰੀ ਵਾਲਾ ਪਿਆਰਾ ਸਿੰਘ ਸ਼ਾਮਲ ਹਨ । ੧੪ ਬਾਕੀ ਰਹਿ ਗਏ । ਉਨ੍ਹਾਂ ਨੂੰ ਬਹੁਤ ਭਰਮਾਇਆ ਗਿਆ ਪਰ ਉਹ ਨਾ ਮੰਨੇ । ਉਹਨਾਂ ਚੌਦਾਂ ਨੂੰ ਇਕ ਦਿਨ ਮਲੋ ਮਲੀ ਜ਼ੇਲ੍ਹ ਤੋਂ ਬਾਹਰ ਕਢ ਦਿਤਾ। ਬੂਹੇ ਬੰਦ ਕਰ ਲਏ । ਏਸ ਪਾਲਸੀ ਦਾ ਪਤਾ ਸਰਦਾਰ ਕਿਸ਼ਨ ਸਿੰਘ ਬਬਰ ਨੂੰ ਫਾਂਸੀ ਵਾਲੀ ਕੋਠੜੀ ਵਿਚ ਲਗ ਗਿਆ । ਉਸਨੇ ਸਾਨੂੰ ਆਖਿਆ ਕਿ ਉਨ੍ਹਾਂ ਨੂੰ ਖਬਰ ਦਿਉ, ਲਾਟ ਦੀ ਪਟੀ ਵਿਚ ਨਾ ਆ ਜਾਣ । ਮੇਰੀ ਡੀਊਟੀ ਲਗ ਗਈ। ਮੁਲਾਜ਼ਮ ਨੇ ਪੰਜ ਰੁਪਏ ਲੈ ਕੇ ਮੈਨੂੰ ਇਕ ਮਿੰਟ ਲਈ

ਬੈਰਕ ਵਿਚ ਵਾੜ ਦਿਤਾ। ਜੋ ਬਾਹੀਣ ਰਾਹੀਂ ਗਲ ਹੋ ਸਕਦੀ ਸੀ। ਮੈਂ ਬਾਹੀਣ ਰਾਹੀਂ ਅਵਾਜ਼ ਮਾਰੀ ਤੇ ਜਥੇਦਾਰ ਹਰੀ ਸਿੰਘ ਜਲੰਧਰੀ ਬੋਲਿਆ। ਮੈਂ ਕਿਸ਼ਨ ਸਿੰਘ ਦਾ ਸੁਨੇਹਾ ਸੁਣਾਇਆ। ਹਰੀ ਸਿੰਘ ਨੇ ਆਖਿਆ ਪਿਆਰਾ ਸਿੰਘ ਤੇ ਅਠਾਰਾਂ ਹੋਰ ਕਲ ਮਾਫੀ ਮੰਗਕੇ ਚਲੇ ਗਏ। ਮੈਂ ਆਖਿਆ ਆਪ। ਉਸਨੇ ਜਵਾਬ ਦਿਤਾ,'' ਮੈਨੂੰ ਜਦੋਂ ਮਰਜੀ ਫਾਸੀ ਲਾ ਦੇਣ ਮੈਂ ਕਦੇ ਵੀ ਮਾਫੀ ਨਹੀਂ ਮੰਗਾਂਗਾ। ਕਿਸ਼ਨ ਸਿੰਘ ਨੂੰ ਦਸ ਦੇਣਾ ਤੇ ਮੇਰੀ ਫਤਿਹ ਬਲਾਉਣੀ।'' ਬਬਰਾਂ ਦੀਆਂ ਸਜਾਵਾਂ ਵਧਾ ਦਿਤੀਆਂ ਗਈਆਂ। ਚਾਰ ਤੋਂ ਚੌਦਾਂ, ਚੌਦਾਂ ਤੋਂ ਵੀਹ ਤੇ ਵੀਹ ਤੋਂ ਫਾਂਸੀਗੌਰਮਿੰਟ ਸਭ ਕੁਝ ਜਾਣਦੀ ਹੈ।੧੯੩੦ਵਿਚ ਜਦੋਂ ਸਰਦਾਰ ਭਗਤ ਸਿੰਘ ਫਾਂਸੀ ਵਾਲੀ ੋਠੜੀ ਵਿਚ ਬੰਦ ਸੀ ਤਾਂ ਤਾਰ ਆਈ ਕਿ ਭਗਤ ਸਿੰਘ ਦੀ ਫਾਂਸੀ ਤਬਦੀਲ ਹੋ ਗਈ। ਫੇਰ ਤਾਰ ਆ ਗਈ ਕਿ ਫਾਂਸੀ ਲਾਇਆ ਜਾਵੇਗਾ। ਤਾਂ ਇਕ ਮਹੀਨੇ ਵਿਚ ਇਕ ਲਖ ਸਤਾਰਾਂ ਹਜਾਰ ਤਾਰ ਲਾਟ ਨੂੰ ਆਈ ਕਿ ਭਗਤ ਸਿੰਘ ਨੂੰ ਫਾਂਸੀ ਨਾ ਲਾਇਆ ਜਾਵੇ। ਗੌਰਮਿੰਟ ਨੇ ਦੇਖਿਆ ਕਿ ਐਵੇਂ ਲੋਕਾਂ ਦੀ ਕਾਂਵਾਂ ਰੌਲੀ ਹੈ। ਕੋਈ ਪਰਵਾਹ ਨਾ ਕੀਤੀ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਝਟ ਫਾਂਸੀ ਲਾ ਦਿਤੇ। ਤਾਰਾਂ ਪੁਰ ਕੋਈ ਅਮਲ ਨਾ ਹੋਇਆ। ਇਸ ਤੋਂ ਬਾਦ ਬਬਰਾਂ ਨੇ ਪਤਾਰਾ ਤਹਿਸੀਲ ਕੋਟ ਫਤੂਹੀ ਜ਼ਿਲਾ ਤੇ ਜਸੋਆਲ ਹਾਈ ਕੋਰਟ ਬਣਾ ਲਿਆ। ਇਸ ਜਸੋਆਲ ਦਾ ਪਛੋਕਾ ਸਿਰੀ ਸ਼ੰਕਰ ਮੰਜਕੀ ਹੈ। ਇਸ ਦੀ ਕਥਾ ਇਹ ਹੈ ਕਿ ਮੌਜਾ ਦਿਆਲ ਦੀ ਲੜਕੀ ਸ਼ੰਕਰ ਵਿਆਹੀ ਹੋਈ ਸੀ। ਲੜਕੀ ਦੇ ਬਾਪ ਨੇ ਸੁਨੇਹਾ ਘਲਿਆ ਕਿ ਬੀਬੀ ਮੈਨੂੰ ਮਿਲ ਜਾਵੇ। ਉਸਦੀ ਸਸ ਨੇ ਬੋਲੀ ਮਾਰੀ ਕਿ ੌਧਰੀ ਬੀਬੀ ਨਾਲ ਬੜਾ ਪਿਆਰ ਕਰਦਾ ਹੈ। ਕਿਤਾ ਜਮੀਨ ਦਾ ਰਕਬਾ ਬਖਸ਼ ਦੇਣਾ ਹੈ। ਲੜਕੀ ਨੂੰ ਹਿਰਖ ਲਗਾ ਤੇ ਰੁਸਕੇ ਤੁਰ ਪਈ। ਇਹ ਜਸੋਆਲ ਦੀ ਜਮੀਨ ਚੋਧਰੀ ਦੇ ਪਸੂ ਚਰਨ ਦੀ ਡਬਰੀ ਸੀ। ਇਥੇ ਛਪੜ ਸੀ। ਓਥੇ ਬੈਠਕੇ ਬਾਪ ਨੂੰ ਕਥਾ ਸੁਣਾ ਦਿਤੀ। ਬਾਪ ਨੇ ਲੜਕੀ ਘੋੜੇ ਤੇ ਚਾੜ੍ਹ ਕੇ ਆਖਿਆ,''ਜਿਨੀ ਜਮੀਨ ਤੈਨੂੰ ਚਾਹੀਦੀ ਹੈ ਘੋੜਾ ਫ਼ੇਰ ਲੈ।'' ਉਸਨੇ ਫੇਰ ਲਿਆ। ਮਗਰੋਂ ਉਹਦਾ ਆਦਮੀ ਵੀ ਆ ਗਿਆ। ਇਸ ਦੇ ਦੋ ਲੜਕੇ ਹੋਏ ਚੰਦ ਤੇ ਮੈਹਗਾ। ਜਸੋ ਦੇ ਨਾਮ ਤੋਂ ਜਸੋਆਲ ਹੋ ਗਿਆ। ਬਬਰਾਂ ਨੇ ਇਸ ਜਸੋਆਲ ਸੋਂਚੀ ਪਕੀ, ਖੇਲਾਂ ਕੀਤੀਆਂ,ਸ਼ਕਾਰ ਖੇਲੇ, ਤਿੰਨ ਸਾਲ ਲਖਾਂ ਤਕਲੀਫਾਂ ਝਲੀਆਂ। ਨਾ ਕੋਈ ਵਹਿਦਾ ਮੁਆਫ ਨਾ ਕੋਈ ਏਥੋਂ ਦਾ ਝੋਲੀ ਚੁਕ ਹੈ। ਸਾਰਾ ਪਿੰਡ ਸਿੰਘਾਂ ਦਾ ਹੈ ਜੇ ਕੋਈ ਗਲ ਜਾਂ ਗੜਬੜ ਹੋਵੇ ਤਾਂ ਸਾਰਾ ਪਿੰਡ ਇਕ ਰਸਤੇ ਲੰਘ ਜਾਂਦਾ ਹੈ।

## ਹੁਣ ਅਗੇ ਬਬਰਾਂ ਦੀ ਕਵਿਤਾ ਤੇ ਦਲੀਲਾਂ

(ਬੈਂਤ)

ਝਲ ਲਈਂ ਮੁਸੀਬਤਾਂ ਖਾਲਸਾ ਜੀ ਦਿਨ ਬਦਲ ਕੇ ਆਵਣੇ ਹੋਰ ਕੋਈ।
ਦੇਸ਼ਾ ਭੋਲਿਆ ਖੋਲ ਕੇ ਦੇਖ ਅੱਖਾਂ ਚਲ ਪਈ ਆਜ਼ਾਦੀ ਦੀ ਲੋਰ ਕੋਈ।
ਗੁੱਡੀ ਡਿਗੀ ਕਿ ਡਿਗੀ ਜਮੀਨ ਉਤੇ ਟੁਟ ਜਾਵਣੀ ਜੁਲਮ ਦੀ ਡੋਰ ਕੋਈ।
ਸੋਮਾ ਆਉਂਦਾ ਤੇਰੀ ਵਲ ਮਾਲਵੇ ਤੋਂ ਤਾਕਤ ਰਿਹੀ ਉਹਨੂੰ ਪਿਛੋਂ ਤੋਰ ਕੋਈ।
ਅੱਖਾਂ ਗਡ ਦੁਆਬੇ ਦਾ ਦੇਸ਼ ਵੇਖੇ ਬਦਲ ਵਾਂਗ ਰਿਹਾ ਜਿਹੜਾ ਘੋਰ ਕੋਈ।
ਮੋਢਾ ਡਾਹਕੇ ਮਾਝਿਆ ਖੜਾ ਹੋਜਾ ਨਹੀਂ ਤੇਰੇ ਵਰਗਾ ਮਾਰਖੋਰ ਕੋਈ।
ਘਤੋ ਲਾਟ ਅੰਗਰੇਜ ਨੂੰ ਵਿਚ ਓਹਦੇ ਇਹਨੂੰ ਉਡੀਕਦੀ ਸਿਵੇ ਤੇ ਗੋਰ ਕੋਈ।

ਸੁਟੇ ਵਡ ਅੰਗਰੇਜ ਦੇ ਪਾ ਮੋਛੇ ਪਾਵੇ ਵਿਚ ਪੰਜਾਬ ਦੇ ਸ਼ੋਰ ਕੋਈ ।
ਮੁਰਦੇ ਸਿਵੇ ਵਿਚ ਫੂਕੀਏ ਲਾਭ ਸਿੰਘਾ ਮਾਰ ਮਾਰ ਕੇ ਟਮਣੇ ਠੋਰ ਕੋਈ ।

**ਨੋਟ :—** ਇਸ ਹਾਈ ਕੋਰਟ ਦੇ ਪੰਜ ਜਜ ਚੁਣੇ ਗਏ । ਜੱਥੇਦਾਰ ਲਾਭ ਸਿੰਘ, ਕਰਮ ਸਿੰਘ, ਹਰਬਕਸ਼ ਸਿੰਘ, ਹਰਦਿਤ ਸਿੰਘ, ਹਰੀ ਸਿੰਘ । ਇਹ ਪੰਜ ਜਜ ਪਰੇਮ ਪਟਾਰੀ ਅਖਬਾਰ ਵਿਚ ਸਨ । ਹਾਈ ਕੋਰਟ ਬਣਾ ਕੇ ਬਬਰਾਂ ਨੇ ਮਾਝੇ ਤੇ ਮਾਲਵੇ ਨੂੰ ਚਿੱਠੀਆਂ ਪਾ ਦਿਤੀਆਂ ।

## (ਬੈਂਤ)

ਹਾਈ ਕੋਟ ਬਣਾ ਕੇ ਬਬਰਾਂ ਨੇ ਸਾਰੇ ਜੱਥੇ ਨੂੰ ਕਿਹਾ ਹੁਸ਼ਿਆਰ ਹੋਜਾ ।
ਤੇਜਾ ਸਿੰਘ ਜੋ ਮਾਝੇ ਦਾ ਸੂਰਮਾ ਸੀ ਇਹਨੂੰ ਆਖਿਆ ਤੂੰ ਖਬਰਦਾਰ ਹੋਜਾ ।
ਜਿਹੜੇ ਵਕਤ ਨੂੰ ਤੁਸੀਂ ਉਡੀਕਦੇ ਸੀ ਪੁਜਾ ਆਣ ਹੁਣ ਤੂੰ ਤਿਆਰ ਹੋਜਾ ।
ਹੁਣ ਵਕਤ ਨਾਂ ਘੁੰਡ ਦੇ ਕਢਣੇ ਦਾ ਤੇਗ ਫੜਕੇ ਵਿਚ ਬਾਜ਼ਾਰ ਹੋਜਾ ।
ਪਹਿਲੇ ਪਿਠੂ ਅੰਗਰੇਜ ਦੇ ਸੋਧ ਲਈਏ ਫੇਰ ਵਲ ਅੰਗਰੇਜ ਨੂੰ ਮਾਰ ਹੋਜਾ ।
ਲੰਡਨ ਮੋੜ ਕੇ ਵਾੜੋ ਫਰੰਗੀਆਂ ਨੂੰ ਇਹਦੇ ਕੱਟਣੇ ਨੂੰ ਤੇਜ ਧਾਰ ਹੋਜਾ ।
ਅਸੀਂ ਆਪਨੂੰ ਪਏ ਉਡੀਕਦੇ ਸਾਂ ਜੱਥਾ ਲੈ ਕੇ ਧੂੜ ਉਭਾਰ ਹੋਜਾ ।
ਸਿਧੇ ਸਾਫ ਅੰਗਰੇਜ ਨੂੰ ਆਖ ਦੇਈਏ ਹੁਣ ਭਜ ਸਮੁੰਦਰੋਂ ਪਾਰ ਹੋਜਾ ।
ਝੋਲੀ ਚੁਕ ਨਾਂ ਦੇਸ਼ ਦੇ ਰਹਿਣ ਦੇਣੇ ਮੂੰਹੋ ਹੋ ਕਰਦਾ ਮਾਰੋ ਮਾਰ ਹੋਜਾ ।
ਬਦਲੇ ਲਓ ਅੰਗਰੇਜ ਤੋਂ ਲਾਭ ਸਿੰਘਾ ਤਾਰ ਖਿਚਣੇ ਲਈ ਹੁਸ਼ਿਆਰ ਹੋਜਾ ।

## ਤੇਜਾ ਸਿੰਘ ਭੁਚਰ ਦੀ ਕਮਜ਼ੋਰੀ

### (ਬੈਂਤ)

ਬਬਰ ਸ਼ੇਰ ਮੈਦਾਨ ਦੇ ਵਿਚ ਆਏ ਲਗੀ ਜਾਕੇ ਖਬਰ ਤੇ ਸਾਰ ਇਹਨੂੰ ।
ਸੁਣਦੇ ਸਾਰ ਹੀ ਚੰਦਰਾ ਗਿਆ ਗੋਤੇ ਵਗੀ ਆਣਕੇ ਕਰਮਾਂ ਦੀ ਮਾਰ ਇਹਨੂੰ ।
ਸਾਸ ਆਉਣ ਹਟਕੋਰਿਆਂ ਨਾਲ ਲਗੇ ਚੜ੍ਹ ਗਮ ਦਾ ਗਿਆ ਬੁਖਾਰ ਇਹਨੂੰ ।
ਮੈਂਹੇ ਵਾਂਗ ਇਹ ਧਰਤ ਨੂੰ ਪੁਟਦਾ ਸੀ ਗਸ਼ੀ ਪੈਣ ਲਗੀ ਹਾਰ ਹਾਰ ਇਹਨੂੰ ।
ਖੜ੍ਹਾ ਦੇਖਦਾ ਲਗੀ ਤਸਵੀਰ ਵਾਂਗੂੰ ਦਿੰਦੀ ਸਾਹਮਣੇ ਮੌਤ ਦਿਦਾਰ ਇਹਨੂੰ ।
ਤੇਰੇ ਦੱਸ ਕੀ ਹੋ ਗਿਆ ਕਾਲਜੇ ਨੂੰ ਆਕੇ ਪੁਛਦੇ ਜੁੰਡੀ ਦੇ ਯਾਰ ਇਹਨੂੰ ।
ਦਿਲ ਅੰਦਰੋਂ ਦੋਸਤੋ ਫੇਲ ਹੋਇਆ ਮਾਨੋ ਆ ਗਈ ਮੌਤ ਦੀ ਤਾਰ ਇਹਨੂੰ ।
ਸੋਨਾ ਲਗ ਘਸੌਟੀ ਤੇ ਪਰਖ ਹੁੰਦਾ ਜਦੋਂ ਮਾਰਦਾ ਘਸੇ ਸੁਨਿਆਰ ਇਹਨੂੰ ।
ਦਿਲ ਵਾਂਗ ਬੀਮਾਰ ਦੇ ਢਠ ਗਿਆ ਬਬਰਾਂ ਆਖਿਆ ਜਦੋਂ ਲਲਕਾਰ ਇਹਨੂੰ ।
ਵਿਚ ਖੱਡ ਦੇ ਵੜਕੇ ਲੁਕ ਗਿਆ ਫਿਟਕਾਂ ਪਾਉਂਦੇ ਬਬਰ ਹਜ਼ਾਰ ਇਹਨੂੰ ।
ਘੁੰਡ ਕਢ ਕੇ ਪੀੜੀ ਤੇ ਬੈਠ ਗਿਆ ਹੁਣ ਸਮਝ ਲਓ ਸੋਹਣੀ ਜਿਹੀ ਨਾਰ ਇਹਨੂੰ ।
ਇਹਦੀ ਵਲੋਂ ਜੁਵਾਬ ਹੈ ਲਾਭ ਸਿੰਘਾ ਬਹੁਤਾ ਆਖਣਾ ਕੀ ਵਾਰ ਵਾਰ ਇਹਨੂੰ ।

**ਨੋਟ :—** ਜਦੋਂ ਬਬਰ ਮੈਦਾਨ ਵਿਚ ਉਤਰੇ ਮਾਝੇ ਤੇ ਮਾਲਵੇ ਨੂੰ ਖਬਰ ਦੇ ਕੇ ਲਲਕਾਰਿਆ, ਤਾਂ ਰਾਲ ਬੜਨ ਦੀ ਬਜਾਏ ਉਲਟਾ ਬਬਰਾਂ ਨੂੰ ਨੁਕਸਾਨ ਪਚਾਉਣ ਦੀਆਂ ਤਜਵੀਜਾਂ ਸੋਚਣ ਲਗੇ ਕਿ ਦੁਆਬਾ ਅਗੇ ਨਾਂ ਲੰਘ ਜਾਏ । ਸੋ ਅੱਗੇ ਪ੍ਰਸੰਗ ਨਾਲ ਨਾਲ ਪੜ੍ਹੀ ਜਾਓ ।

# ਮਾਝੇ ਤੇ ਮਾਲਵੇ ਨੂੰ ਬਬਰਾਂ ਦੇ ਸੁਨੇਹੇ

(ਕੋਰੜਾ ਛੰਦ)

ਆਓ ਅੰਗਰੇਜ਼ ਤਾਈਂ ਦੇਸ਼ੋਂ ਕੱਢੀਏ, ਕੋਹੜ ਦੀ ਬੀਮਾਰੀ ਵਾਲਾ ਫਾਹਾ ਵੱਡੀਏ,
ਪੀਵੇ ਸਾਡਾ ਖੂਨ ਪੁਤਰ ਸ਼ੈਤਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਰਾਣੀ ਜਿੰਦ ਕੌਰ ਤਾਈਂ ਕੈਦ ਕਰਿਆ, ਉਹਦੇ ਹਾਵੇ ਓਸਦਾ ਪੁਤਰ ਮਰਿਆ,
ਇਹ ਕੀ ਦਸੋ ਲਗਦਾ ਹਿੰਦੁਸਤਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਲੱਖਾਂ ਸਾਡੇ ਵੀਰ ਜੇਲ੍ਹਾਂ ਵਿਚ ਸਾੜਕੇ, ਮਾਰੇ ਨੇ ਜਵਾਨ ਫਾਂਸੀਆਂ ਤੇ ਚਾੜ੍ਹ ਕੇ,
ਬਣ ਬੈਠਾ ਚੌਧਰੀ ਪੁਤਰ ਖਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਪਾਇਆ ਐਵੇਂ ਗਊ ਸੂਰ ਦਾ ਫਸਾਦ ਜੀ, ਆਪ ਦੋਵੇਂ ਖਾਵੇ ਲਾ ਕੇ ਸੁਆਦ ਜੀ,
ਧੌਣ ਨਾ ਲਫਾਵੇ ਲੱਦਿਆ ਗੁਮਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਸਿੰਘਾਂ ਦੇ ਪੁਤਰ ਸਿੰਘਾਂ ਵਾਂਗ ਗਜੀਏ, ਮਾਰ ਏਹਦੇ ਖੌਂਸੜੇ ਨਿਕਾਲ ਛਡੀਏ,
ਕਰ ਦੇਵੋ ਹਾਲ ਜਿਵੇਂ ਚਿਥੇ ਪਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਪਾੜ ਪਾੜ ਦੇਸ਼ ਤਾਈਂ ਲਿਆ ਮਾਰ ਜੀ, ਮਿਠੀ ਇਹਦੀ ਜੀਭ ਹੈ ਕਿ ਛੁਰੀਸਾਰ ਜੀ,
ਆਇਆ ਵਕਤ ਬੇਲਣੇ 'ਚ ਲੰਘਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਜਿਹਦਾ ਯਾਰ ਬਣੇ ਉਹਦਾ ਜੂੰਡਾ ਪੁਟਦਾ, ਲੱਤਾਂ ਵਿਚ ਜੂੜ ਪਾ ਕੇ ਦੱਰੇ ਜੁਟਦਾ,
ਅੰਬਰ ਬੇਲ ਵਾਂਗ ਬੂਰੇ ਜਾਲ ਤਾਣਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਜਿਲੇ ਤੇ ਤਹਿਸੀਲਾਂ ਦੇ ਖਜਾਨੇ ਲੁਟੀਏ, ਅੱਗ ਲਾ ਕੇ ਬੰਗਲੇ ਵੀ ਫੂਕ ਸੁਟੀਏ,
ਕਰ ਦੇਵੋ ਹਾਲ ਜਿਵੇਂ ਚਿਥੇ ਪਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਬੁਲ੍ਹਾਂ ਦੀ ਮਿਠਾਸ ਗਲ੍ਹਾਂ ਵੀ ਪਿਆਰੀਆਂ, ਅੰਦਰੋਂ ਕਲੇਜੇ ਛੁਰੀਆਂ ਨੇ ਮਾਰੀਆਂ,
ਲੁਚਿਆਂ ਦਾ ਲੁਚਾ ਹਾਫਜ਼ ਕੁਰਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।
ਕੋਲ੍ਹੂ ਵਿਚ ਪੀੜ ਏਹਦੇ ਕਢੋ ਤੇਲਨੂੰ, ਵਢੋ ਨਕ ਕੰਨ ਰੋਂਵਦੀ ਹੋਬੇਲ ਨੂੰ,
ਪਕਾ ਹੈ ਗਦਾਰ ਗੰਦਾ ਵੀ ਜ਼ਬਾਨ ਦਾ, ਉਪਰੋਂ ਸਫਾਈ ਦਿਲ ਬੇਈਮਾਨ ਦਾ।

**ਨੋਟ:—** ਬਬਰਾਂ ਨੇ ਦੁਆਬੇ ਵਿਚ ਆਖ ਦਿਤਾ, ਜਿਸਨੇ ਕੋਠੇ ਛਤਨੇ ਹੋਣ ਤਾਂ ਲਕੜ ਸੜਕ ਤੋਂ ਵਢੇ, ਅੜੇ ਅੰਗਰਜ ਦਾ ਕਈ ਡਰ ਨਹੀਂ।

## (ਕੋਰੜਾ ਛੰਦ)

ਸੰਗੋ ਨਾ ਭਰਾਵੋ ਕਿਸੇ ਕੋਲੋਂ ਡਰਕੇ, ਵਢ ਲਉ ਸੜਕ ਦੀ ਲਕੜ ਧਰਕੇ,
ਫੇਰ ਕਰੋ ਪੂਰੀ ਆਪਣੀ ਵੀ ਲੋੜ ਨੂੰ, ਪਹਿਲਾਂ ਦੇਸੋਂ ਕਢੀਏ ਗੁਲਾਮੀ ਕੋੜ੍ਹ ਨੂੰ।
ਮਾਰੋ ਅੰਗਰੇਜ਼ ਜਿੰਨੀ ਵਾਹ ਲਗਦੀ, ਸੂਤ ਲਈਏ ਰਤ ਇਹਦੀ ਸ਼ਾਹ ਰਗਦੀ,
ਕਟੀ ਜਾਂਦਾ ਚੂਹਾ ਛਾਂ ਵਾਲੀ ਬੋੜ੍ਹ ਨੂੰ, ਪਹਿਲਾਂ ਦੇਸੋਂ ਕਢੀਏ ਗੁਲਾਮੀ ਕੋੜ੍ਹ ਨੂੰ।
ਭੁਖੀ ਡੈਣ ਗੋਰੀ ਇਹ ਅਸਾਂ ਦੇ ਖੂਨ ਦੀ, ਵਧ ਗਈ ਬੀਮਾਰੀ ਚੰਦਰੀ ਇਹ ਭੂਨਦੀ,
ਭੰਨ ਸੁਟੋ ਧੌਣ ਤੋੜ ਜੋੜ ਜੋੜ ਨੂੰ, ਪਹਿਲਾਂ ਦੇਸੋਂ ਕਢੀਏ ਗੁਲਾਮੀ ਕੋੜ੍ਹ ਨੂੰ।
ਪਾਵੇ ਸਾਨੂੰ ਪਿੰਜਰੇ 'ਚ ਜੂੜ ਜੂੜ ਜੀ, ਤਖਤ ਲਾਹੌਰ ਦੇ ਦੀ ਉਡੀ ਧੂੜ ਜੀ,
ਹੜ੍ਹੀ ਜਾਂਦਾ ਦੇਸ਼ ਬੰਦ ਕਰੋ ਰੋੜ੍ਹ ਨੂੰ, ਪਹਿਲਾਂ ਦੇਸੋਂ ਕਢੀਏ ਗੁਲਾਮੀ ਕੋੜ੍ਹ ਨੂੰ।

**ਨੋਟ:—ਜਿਹੜੀ ਸੜਕ ਰੋਪੜ ਤੋਂ ਮਕੇਰੀਆਂ ਨੂੰ ਜਾਂਦੀ ਹੈ ੯੦ ਮੀਲ ਲੰਬੀ, ਗੜ੍ਹ ਸ਼ੰਕਰ ਤੋਂ ਅਨੰਦ ਪੁਰ ਤੇ ਬਲਾਚੌਰ ਆਦਿਕ ਦੇ ਅੰਬ ਜੋ ਲਖਾਂ ਰੁਪਏ ਦੇ ਵਿਕਦੇ ਸੀ, ਰੋਕ ਦਿਤੇ,ਕਿ ਰਾਹੀ ਜਾਂਦੇ ਮੁਫਤ ਚੂਪੋ, ਤੇ ਕਚੇ ਪਕੇ ਤੋੜੋ। ਦੋ ਸਾਲ ਵਿਕਣ ਨਾ ਦਿਤੇ ਗਰੀਬ ਲੋਕ ਚੂਪਣ ਤੇ ਬਬਰਾਂ ਨੂੰ ਅਸੀਸਾਂ ਦੇਣ।**

## (ਬੈਂਤ)

ਸੰਨ ਉਨੀ ਸੌ ਤੇਈ ਦੇ ਸ਼ੁਰੂ ਅੰਦਰ ਬਬਰਾਂ ਕਢ ਮਾਰੇ ਇਸ਼ਤਿਹਾਰ ਓਹਵੀ।
ਪਤਾ ਦੇਸ਼ ਦੇ ਵਿਚ ਪਹੁੰਚਾਉਣੇ ਨੂੰ ਦਿਤੇ ਦੇਸ਼ ਦੇ ਵਿਚ ਖਲਾਰ ਓਹਵੀ।
ਜਿਹੜਾ ਲਏਗਾ ਸੜਕ ਦੇ ਅੰਬ ਕੋਈ ਪੁਠਾ ਟੰਗ ਕੇ ਦਿਆਂਗੇ ਮਾਰ ਓਹਵੀ।
ਦੋ ਕੁ ਲਏ ਪੜਾਂ ਬਪਾਰੀਆਂ ਨੇ ਵਿਚ ਛਡ ਹੋ ਗਏ ਉਡਾਰ ਓਹਵੀ।
ਕਾਂਬਾ ਕੌਮ ਗਦਾਰਾਂ ਨੂੰ ਆਣ ਲਗਾ ਨਿਕਲ ਸੱਕਣ ਨਾ ਥਾਣੇ ਤੋਂ ਬਾਹਰ ਓਹਵੀ।
ਪੈਸਾ ਇਕ ਨਾ ਕਿਸੇ ਨੇ ਫੇਰ ਲਿਤਾ ਲੋਕ ਤੋੜਦੇ ਕਰਨ ਬਹਾਰ ਓਹਵੀ।
ਡਰ ਦਿਲ ਤੋਂ ਚੁਕਿਆ ਹਾਕਮਾਂ ਦਾ ਹੋਵੇ ਬਬਰਾਂ ਦੀ ਜੈ ਜੈ ਕਾਰ ਓਹਵੀ।
ਗੋਰੀ ਡੈਣ ਕੰਬੇ ਵਿਚ ਬੰਗਲੇ ਦੇ ਬਜੇ ਜ਼ਿਲੇ ਨੂੰ ਤਾਰ ਪਰ ਤਾਰ ਓਹਵੀ।
ਬੈਠ ਬੈਠ ਕਮੇਟੀਆਂ ਕਰਨ ਲਗੇ ਜਾ ਜਾ ਪਿਟਦੇ ਕੌਮ ਗਦਾਰ ਓਹਵੀ।
ਬੂਟ ਝਾੜਦੇ ਜਾ ਜਾ ਹਾਕਮਾਂ ਦੇ ਹੀਲਾ ਅਸਾਂ ਦਾ ਕਰੋ ਸਰਕਾਰ ਓਹਵੀ।
ਮਜਾ ਆਊਗਾ ਡੈਰੀਆਂ ਦਿਤੀਆਂ ਦਾ ਵਢ ਕਰਨਗੇ ਟੁਕੜੇ ਚਾਰ ਓਹਵੀ।
ਲਹੂ ਪੀ ਕੇ ਟੱਸਰੀਆਂ ਬਨ੍ਹੀਆਂ ਜੋ ਬਬਰਾਂ ਲੈਣੀਆਂ ਹੁਣ ਉਤਾਰ ਓਹਵੀ।
ਪੈਣ ਲਗ ਪਏ ਕਈਆਂ ਨੂੰ ਗਸ਼ੀ ਗੋਤੇ ਚਮਕੀ ਬਬਰਾਂ ਦੀ ਤਲਵਾਰ ਓਹਵੀ।
ਲੀਹਾਂ ਦਸਤ ਜਾਂਦੇ ਉਤੇ ਮੰਜਿਆਂ ਦੇ ਚੜ੍ਹੇ ਬਹੁਤਿਆਂ ਤਾਂਈਂ ਬੁਖ਼ਾਰ ਓਹਵੀ।
ਝਟ ਕਟਦੇ ਤੂੜੀਆਂ ਵਿਚ ਵੜ ਵੜ ਬਬਰਾਂ ਲਾਹੁਣੇ ਸੋਹਣੇ ਉਧਾਰ ਓਹਵੀ।
ਪਈਆਂ ਰਹਿਣੀਆਂ ਬੋਤਲਾਂ ਮੇਜ਼ ਉਤੇ ਬੈਠ ਪੀਣ ਸ਼ਰਾਬ ਸਰਸ਼ਾਰ ਓਹਵੀ।
ਆਕੜ ਖਾਂ ਜਿਹੜੇ ਵਡੇ ਚੌਧਰੀ ਨੇ ਲੋਕੀਂ ਆਖਦੇ ਜਿਨ੍ਹੂੰ ਸਰਦਾਰ ਓਹਵੀ।
ਕੌਮਘਾਤੀ ਨਾ ਛਡਣੇ ਲਾਭ ਸਿੰਘਾ ਪੁਤ ਰਾਜਿਆਂ ਦੇ ਸ਼ਾਹੂਕਾਰ ਓਹਵੀ।

**ਨੋਟ:—ਸਤਨੌਰ ਦੇ ਸਟੇਸ਼ਣ ਪੁਰ ਬਾਬੂ ਨੇ ਇਕ ਲੜਕੀ ਦੇ ਧੱਪਾ ਮਾਰਕੇ ਆਖਿਆ,"ਟਿਕਟ ਕਿਥੇ ਹੈ ?" ਜਾਂ ਉਸਨੇ ਨਾ ਲਿਆ ਹੋਵੇਗਾ ਜਾ ਕਿਤੇ ਡਿਗ ਪਿਆ ਹੋਵੇਗਾ। ਇਸਦੀ ਖਬਰ ਜਸੋਆਲ ਬਬਰਾਂ ਨੂੰ ਲਗੀ। ਉਨਾਂ ਆਖਿਆ ਕਿ ਅਜ ਬਾਬੂ ਸੁਧਾਰੋ। ਜੇਜੋਂ ਤੋਂ ਲਗਕੇ ਫਗਵਾੜੇ ਤਕ ਡੀਊਟੀਆਂ ਲਗ ਗਈਆਂ। ਸਾਡੀ ਪਿਕਟ ਸਤਨੌਰ ਤੇ ਲਗੀ, ਓਸ ਪ੍ਰਸੰਗ ਨੂੰ ਪੜ੍ਹੋ।**

## (ਬੈਂਤ)

ਅੰਬ ਸੜਕ ਦੇ ਰੋਕ ਕੇ ਬਬਰਾਂ ਨੇ ਟਿਕਟ ਰੇਲ ਦਾ ਬੰਦ ਕਰਵਾਇਆ ਈ।
ਬਾਬੂ ਪਕੜਿਆ ਜਾ ਸਤਨੌਰੀਏ ਨੂੰ ਫੜ ਕੰਨ ਤੋਂ ਕੋਲ ਬਠਾਇਆ ਈ।
ਸੁਣਿਆਂ ਟਿਕਟ ਤੂੰ ਮੰਗੇਂ ਮੁਸਾਫਰਾਂ ਤੋਂ ਦੋ ਕੂ ਮਾਰ ਘਸੁੰਨ ਹਲਾਇਆ ਈ।
ਹਥ ਜੋੜਕੇ ਪੈਰਾਂ ਤੇ ਡਿਗ ਪਿਆ ਨਾਲੇ ਰੋਂਵਦਾ ਅਤੇ ਘਬਰਾਇਆ ਈ।

ਕਲਾ ਪੁਤ ਹਾਂ ਮੈਂ ਘਰ ਮਾਪਿਆਂ ਦੇ ਦੀਵਾ ਜਾਵੇ ਨਾ ਸਾਡਾ ਬੁਝਾਇਆ ਈ ।
ਹਾਲ ਦੇਖਕੇ ਓਸਦੀ ਸਿੰਘਣੀ ਨੇ ਵਡਾ ਚੀਕ ਚਹਾੜਾ ਵੀ ਪਾਇਆ ਈ ।
ਮੈਂ ਵੀ ਕਲੀ ਹੀ ਕੁੜੀ ਘਰ ਮਾਪਿਆਂ ਦੇ ਉਹਨਾਂ ਬਹੁਤ ਹੀ ਲਾਡ ਲਡਾਇਆ ਈ ।
ਹੋਕੇ ਦੀਨ ਦਿਆਲ ਹੁਣ ਬਖਸ਼ ਦੇਵੋ ਅਗੇ ਵਾਸਤੇ ਪ੍ਰਣ ਠਹਿਰਾਇਆ ਈ ।
ਕ੍ਰੋਈ ਚੜ੍ਹੇ ਤੇ ਕਿਧਰੇ ਜਾਏ ਉਤਰ ਸਾਨੂੰ ਕਸਮ ਜੇ ਕਦੇ ਬੁਲਾਇਆ ਈ ।
ਸਾਸ ਬਾਬੂ ਦੇ ਆ ਗਏ ਘੰਡ ਅੰਦਰ ਇਕ ਬਬਰ ਨੇ ਜਦੋਂ ਟਕਾਇਆ ਈ ।
ਘੜੀ ਪਲਦਾ ਏਹ ਪਰਾਹੁਣਾ ਹੈ ਤਾਂ ਫਿਰ ਮਾਰੋ ਜੇ ਮਾਰਨਾ ਚਾਇਆ ਈ ।
ਡਬਾ ਟੂੰਬਾਂ ਦਾ ਓਸਦੀ ਸਿੰਘਣੀ ਨੇ ਮੋਹਰੇ ਬਬਰਾਂ ਦੇ ਆਣ ਟਿਕਾਇਆ ਈ ।
ਇਹ ਲੈ ਕੇ ਏਸਨੂੰ ਛਡ ਦੇਵੋ ਰੋ ਰੋ ਕੇ ਨੀਰ ਵਹਾਇਆ ਈ ।
ਧੰਨਾ ਸਿੰਘ ਨੇ ਡਬੇ ਦੇ ਲਤ ਮਾਰੀ ਉਹ ਛਣਕਦਾ ਪਰੇ ਸੁਟਾਇਆ ਈ ।
ਅਸਾਂ ਡਾਕੂ ਨਾ ਲੁਟਦੇ ਪੈਸਿਆਂ ਨੂੰ ਉਹਨੂੰ ਮਾਰਕੇ ਝਿੜਕ ਹਟਾਇਆ ਈ ।
ਤੇਰਾ ਖਸਮ ਨਾ ਛਡਣਾ ਮਾਰ ਦੇਣਾ ਇਹਦਾ ਬਹੁਤਾ ਕਸੂਰ ਸੁਣਾਇਆ ਈ ।
ਟਿਕਟ ਮੰਗਦਾ ਰਾਜ ਵਿਚ ਬਬਰਾਂ ਦੇ ਏਸ ਵਾਸਤੇ ਏਸ ਨੂੰ ਢਾਇਆ ਈ ।
ਉਧਰ ਜੇਜੋਂ ਦਾ ਘੂਰਿਆ ਜਾਂ ਬਾਬੂ ਹੁਤ ਹਾਤ ਕਰ ਬਹੁਤ ਧਮਕਾਇਆ ਈ ।
ਓਸ ਪੈ ਕੇ ਪੈਰਾਂ ਪੁਰ ਲਾਭ ਸਿੰਘਾ ਮਸਾਂ ਆਪਣਾ ਆਪ ਬਚਾਇਆ ਈ ।

**ਨੋਟਃ-ਜਦੋਂ ਰੇਲਵੇ ਟਿਕਟ ਬੰਦ ਕੀਤੇ ਤਾਂ ਜਲੰਧਰ ਤੋਂ ਮਿਲਟਰੀ ਦੇ ਪੰਜ ਪੰਜ ਸਿਪਾਹੀ ਰੇਲ ਨੇ ਹਰਇਕ ਸਟੇਸ਼ਨ ਤੇ ਛਡੀ ਜਾਣੇ ਤੇ ਅਗਲੇ ਲਈ ਜਾਣੇ । ਦੋ ਸਾਲ ਇਹੋ ਰਹੀ । ਬਬਰਾਂ ਨੇ ਆਖਿਆ ਕਿ ਹੁਣ ਸਰਕਾਰ ਦਾ ਮਾਮਲਾ ਵੀ ਰੋਕ ਦਿਤਾ ਜਾਵੇ । ਕਾਕਾ ਨਾਮੇ ਨੰਬਰਦਾਰ ਮੌਜਾ ਬਛੌੜੀ ਦਾ ਮਾਮਲਾ ਲੈ ਕੇ ਤਹਿਸੀਲ ਨੂੰ ਤੁਰਿਆ ਜੋ ਬਬਰਾਂ ਨੇ ਰਸਤੇ ਵਿਚ ਖੋਹ ਲਿਆ ।**

## (ਬੈਂਤ)

ਨੰਬਰਦਾਰ ਬਛੌੜੀ ਦਾ ਨਾਮ ਕਾਕਾ ਤਾਰਨ ਵਾਸਤੇ ਮਾਮਲਾ ਚਲਿਆ ਸੀ ।
ਤਿੰਨ ਚਾਰ ਨੰਬਰਦਾਰ ਨਾਲ ਇਸਦੇ ਅਗੇ ਰਸਤਾ ਬਬਰਾਂ ਮਲਿਆ ਸੀ ।
ਚਾਦਰ ਲੈ ਕੇ ਮੂੰਹ ਲਕੋ ਲਿਆ ਨਾਲੇ ਅੰਦਰੋਂ ਕਾਲਜਾ ਹਲਿਆ ਸੀ ।
ਬਬਰਾਂ ਆਖਿਆ ਕਾਕੇ ਨੂੰ ਖੜਾ ਹੋ ਜਾ ਨਾਲੇ ਤਾੜ ਕੇ ਅਖਾਂ ਦਬਲਿਆ ਸੀ ।
ਸੁਣਦੇ ਸਾਰ ਹਵਾਈਆਂ ਉਡ ਗਈਆਂ ਮਾਂ ਨੂੰ ਮੌਤ ਸੁਨੇਹੜਾ ਘਲਿਆ ਸੀ ।
ਗਿਦੜ ਆ ਗਿਆ ਸ਼ੇਰਾਂ ਦੇ ਵਿਚ ਘੇਰੇ ਇਹ ਵੀ ਈਦ ਦਾ ਬਕਰਾ ਪਲਿਆ ਸੀ ।
ਥਰ ਥਰ ਕੰਬਦਾ ਚੇਲੇ ਦੇ ਵਾਂਗ ਏਹੋ ਜਾਵੇ ਤੇਜ ਨਾ ਬਬਰ ਦਾ ਝਲਿਆ ਸੀ ।
ਕਈ ਬਾਰ ਜਾਂ ਆਖਿਆ ਲਾਭ ਸਿੰਘਾ ਨਾਹੀਂ ਡੋਰੀਆਂ ਦੇਣ ਤੋਂ ਟਲਿਆ ਸੀ ।

## ਦੂਜੇ ਨੰਬਰਦਾਰ ਤੋਰ ਦਿਤੇ ਤੇ ਕਾਕੇ ਦਾ ਮਾਮਲਾ ਖੋਹ ਲਿਆ।

## (ਬੈਂਤ)

ਨੰਬਰਦਾਰਾਂ ਬਿਠਾ ਕੇ ਦੂਜਿਆਂ ਨੂੰ ਦਿਤਾ ਹਾਲ ਤੇ ਚਾਲ ਸਮਝਾ ਦੇਖੋ ।
ਮਰਜੀ ਆਪਣੀ ਬੈਠੋ ਜਾਂ ਚਲੇ ਜਾਵੋ ਨਾਲ ਮੌਜ ਦੇ ਕਦਮ ਉਠਾ ਦੇਖੋ ।
ਕਾਕਾ ਧੌਣ ਤੋਂ ਪਕੜ ਕੇ ਬਬਰਾਂ ਨੇ ਮਾਰ ਜੁਤੀਆਂ ਲਿਆ ਬਹਾ ਦੇਖੋ ।

ਮਾਰ ਮਾਰ ਕੇ ਜੁਤੀਆਂ ਵਿਚ ਖੋਪਰ ਉਸਤੋਂ ਮਾਮਲਾ ਲਿਆ ਰਖਾ ਦੇਖੋ ।
ਕੁਟ ਫਾਂਟਕੇ ਥਾਣੇ ਨੂੰ ਤੋਰ ਦਿਤਾ ਕੀਤੀ ਰਜ ਕੇ ਤੇ ਲਾਹ ਪਾਹ ਦੇਖੋ ।
ਕਾਕਾ ਪਿਟਿਆ ਥਾਣੇ ਦੇ ਵਿਚ ਜਾ ਕੇ ਰੌਲਾ ਜਾਂਦੇ ਨੇ ਦਿਤਾ ਮਚਾ ਦੇਖੋ ।
ਥਾਣੇਦਾਰ ਜਾਂ ਪੁਛਿਆ ਦੂਜਿਆਂ ਤੋਂ ਮੁਕਰ ਗਏ ਜਾ ਉਹ ਸਫਾ ਦੇਖੋ ।
ਉਹਨਾਂ ਆਖਿਆ ਬੋਲਦਾ ਝੂਠ ਇਹਤਾਂ ਆਇਆ ਮਾਮਲਾ ਘਰ ਛਪਾ ਦੇਖੋ ।
ਥਾਣੇਦਾਰ ਸਪਾਹੀਆਂ ਨੂੰ ਸਦ ਕਿਹਾ ਮਾਰੋ ਜੁਤੀਆਂ ਇਹਦੇ ਟਕਾ ਦੇਖੋ ।
ਕਲ੍ਹ ਜੇ ਤੂੰ ਮਾਮਲਾ ਤਾਰਿਆ ਨਾਂ ਹਵਾਲਾਟ ਵਿਚ ਦੇਊਂ ਸੁਟਾ ਦੇਖੋ ।
ਝਿੜਕਾਂ ਮਾਰ ਕੇ ਕਾਕੇ ਨੂੰ ਲਾਭ ਸਿੰਘਾ ਬਾਹਰ ਥਾਣੇ ਤੋਂ ਦਿੱਤਾ ਕਢਾ ਦੇਖੋ ।

**ਨੋਟ:—ਸਾਡੇ ਦੇਸ਼ ਵਿਚ ਇਤਨੀਆਂ ਅਲਾਮਤਾਂ ਹਨ ਜੋ ਬੇਸ਼ੁਮਾਰ ਹਨ । ਜੇ ਉਪਦੇਸ਼ ਵੀ ਕਰੀਏ ਤਾਂ ਇਹ ਮੰਨਦੇ ਨਹੀਂ । ਅਗੇ ਇਕ, ਬੈਂਤ ਸਾਧਾਂ ਦਾ ਤੇ ਇਕ ਰੰਡੀਆਂ ਦਾ ਪੜ੍ਹੋ ।**

## (ਬੈਂਤ)

ਖਾ ਕੇ ਦੁਧ ਮਲਾਈਆਂ ਤੇ ਗਰੀ ਪੇੜੇ ਵਿਹਲੇ ਬੈਠ ਕੇ ਦਸੋ ਕੀ ਕਰਨ ਸਾਧੂ ।
ਪਾੜ ਪਾੜ ਸਰੀਰ ਨੂੰ ਕਾਮ ਸੁਟੇ ਦੇ ਦੇ ਮੁਕੀਆਂ ਕਾਲਜੇ ਜਰਨ ਸਾਧੂ ।
ਪਿੰਡਾ ਨਰਮ ਮਲੈਮ ਹੈ ਮਖਣਾਂ ਤੋਂ ਸਪ ਵਾਂਗ ਕਰਦੇ ਫਰਨ ਫਰਨ ਸਾਧੂ ।
ਭੇਖ ਧਾਰਕੇ ਰੰਨਾਂ ਦੇ ਬਣਨ ਚੇਲੇ ਸਾਗਰ ਰੋੜ੍ਹਕੇ ਭੇਖ ਤੇ ਬਰਨ ਸਾਧੂ ।
ਬਗਲੇ ਵਾਂਗ ਸਮਾਧੀਆਂ ਲਾਉਣ ਬੈਹ ਬੈਹ ਪਥਰ ਵਾਂਗ ਨਾ ਅੰਦਰੋਂ ਖਰਨ ਸਾਧੂ ।
ਰੇਤਾਂ ਫਕੀਆਂ ਸਿਰ ਸੁਆਹ ਪਾ ਪਾ ਪਾਣੀ ਜਾ ਕੇ ਰੰਨਾਂ ਦਾ ਭਰਨ ਸਾਧੂ ।
ਲੋਕ ਪੂਜਦੇ ਇਨ੍ਹਾਂ ਬਛੇਰਿਆਂ ਨੂੰ ਕਿਸੇ ਨਾਲ ਇਹ ਘਟ ਨਾ ਕਰਨ ਸਾਧੂ ।
ਕਥਾ ਰੰਡੀਆਂ ਸੁਣਨ ਪਰੇਮ ਲਾ ਲਾ ਭਲਾ ਫੇਰ ਕਿਉਂ ਕਿਸੇ ਤੋਂ ਡਰਨ ਸਾਧੂ ।
ਇਕ ਪਲਕ ਵਿਚ ਦੇਵੀ ਪ੍ਰਤਖ ਹੋਵ ਪੂਜਣ ਰਾਤ ਜੋ ਇਨ੍ਹਾਂ ਦੇ ਚਰਨ ਸਾਧੂ ।
ਪਹਿਲਵਾਨ ਕੀ ਕੁਸ਼ਤੀਆਂ ਮਾਰ ਸਕਣ ਐਸੇ ਵਿਚ ਮੈਦਾਨ ਦੇ ਲੜਨ ਸਾਧੂ ।
ਪਲ ਵਿਚ ਗੜੇ ਪਾ ਕੇ ਲੰਡੇ ਵਾਂਗ ਬਦਲ ਬਸ ਔਹ ਗਏ ਔਹ ਗਏ ਹਰਨ ਸਾਧੂ ।
ਹੌਂ ਗਈ ਜਿਨ੍ਹਾਂ ਦੀ ਆਸ ਮੁਰਾਦ ਪੂਰੀ ਭਾਣੇ ਉਨ੍ਹਾਂ ਦੇ ਤਾਰਨੇ ਤਰਨ ਸਾਧੂ ।
ਜ਼ਿਨ੍ਹਾਂ ਸਣੇ ਮਲਾਈ ਦੇ ਦੁਧ ਪੀਣਾ ਨਵੀਆਂ ਰੋਜ਼ ਅੰਗੂਰੀਆਂ ਚਰਨ ਸਾਧੂ ।
ਕਰ ਗਏ ਨਾਸ ਪੰਜਾਬ ਦਾ ਲਾਭ ਸਿੰਘਾ ਡੋਬਣ ਵਾਸਤੇ ਕਰਦੇ ਨੇ ਪਰਣ ਸਾਧੂ ।

## ਤਥਾ ਬੈਂਤ

ਜਿਸਨੂੰ ਲਖਾਂ ਅਲਾਮਤਾਂ ਲਗੀਆਂ ਨੇ ਮਾੜੇ ਰੰਡੀ ਪੰਜਾਬ ਦੇ ਭਾਗ ਲੋਕੋ ।
ਕਦੇ ਤੀਰਥਾਂ ਨਾਲ ਨਾ ਜਾਣ ਧੋਤੇ ਲਗੇ ਸੁਚੀਆਂ ਕੁਲਾਂ ਨੂੰ ਦਾਗ ਲੋਕੋ ।
ਜਿਨ੍ਹਾਂ ਸਾਧਾਂ ਨੇ ਜਗਤ ਨੂੰ ਤਾਰਨਾ ਸੀ ਭਰੇ ਜ਼ਹਿਰ ਦੇ ਕਾਲੜੇ ਨਾਗ ਲੋਕੋ ।
ਫੜੀ ਹੋਈ ਕੁਹਾੜੀ ਬਛੇਰਿਆਂ ਨੇ ਕਟਣ ਲਈ ਆਜ਼ਾਦੀ ਦੇ ਬਾਗ ਲੋਕੋ ।
ਆਪ ਦੁਧ ਮਲਾਈਆਂ ਤੇ ਖਾਣ ਪੇੜੇ ਤੁਸਾਂ ਵਾਸਤੇ ਲਭੇ ਨਾ ਸਾਗ ਲੋਕੋ ।
ਉਤੇ ਸੋਹਣੇ ਬਗਲੇ ਹੈਨ ਚਿਟੇ ਵਿਚੋਂ ਗੰਦ ਫਰੋਲਦੇ ਕਾਗ ਲੋਕੋ ।
ਝੁੱਗੇ ਸੈਂਕੜੇ ਸਾੜ ਸੁਆਹ ਕੀਤੇ ਲਾਉਂਦੇ ਫੜ ਮੁਆਤੜੇ ਆਗ ਲੋਕੋ ।

ਦੇਸ ਗਾਲਿਆ ਇਨ੍ਹਾਂ ਬਛੇਰਿਆਂ ਨੇ ਮਰ ਗਏ ਸੂਰਮੇ ਦੁਖਾਂ ਨੂੰ ਝਾਗ ਲੋਕੋ ।
ਸੁੰਦਰ ਦੇਸ ਪੰਜਾਬ ਦੇ ਸੋਹਣੇ ਦੇ ਬਲਦੇ ਇਹ ਬਝੇਣ ਚਰਾਗ ਲੋਕੋ ।
ਲਾਭ ਸਿੰਘ ਗਲ ਜਾਣਗੇ ਸੂਰਮੇ ਵੀ ਲਗੀ ਮੁਰਦਿਆਂ ਦੀ ਜਦੋਂ ਲਾਗ ਲੋਕੋ ।

## ਤਥਾ ਬੈਂਤ

ਇਨ੍ਹਾਂ ਸਾਧਾਂ ਤੇ ਦੂਸਰੇ ਰੰਡੀਆਂ ਨੇ ਦਿਤਾ ਦੇਸ ਪੰਜਾਬ ਦਾ ਗਾਲ ਵੀਰੋ
ਮਾਈ ਵਿਚ ਗ੍ਰਿਹਸਤ ਦੇ ਰਹਿਣ ਮਾੜਾ ਦੇਣ ਸਿਖਿਆ ਕੋਲ ਬਿਠਾਲ ਵੀਰੋ ।
ਨਾਲੇ ਉਹਨਾਂ ਹੀ ਘਰਾਂ ਤੋਂ ਮੰਗ ਖਾਣਾ ਨਾਲੇ ਨਿੰਦਦੇ ਆਪ ਚੰਡਾਲ ਵੀਰੋ ।
ਮਾਈ ਮਾਈ ਦੇ ਕਰਦਿਆਂ ਮੂੰਹ ਸੁਕੇ ਲੈਣੀ ਅਖ ਬਚਾ ਨਕਾਲ ਵੀਰੋ ।
ਖਸਮ ਮਰ ਗਏ ਖੇਤਾਂ ਵਿਚ ਕੰਮ ਕਰਦੇ ਲਭੀ ਰਾਤ ਨਾ ਖਾਣ ਨੂੰ ਦਾਲ ਵੀਰੋ ।
ਇਧਰ ਖੀਰ ਕੜਾਹ ਤੇ ਦੁਧ ਪੇੜੇ ਸੰਤਾਂ ਵਾਸਤੇ ਪੂਰਕੇ ਥਾਲ ਵੀਰੋ ।
ਅਗੇ ਰਖ ਚਰਣੀਂ ਮਥਾ ਟੇਕ ਦਿਤਾ ਸਿਰ ਚੁਕਣਾ ਫੇਰ ਮਹਾਲ ਵੀਰੋ ।
ਬੀਬੀ ਦੁਖ ਕਲੇਸ਼ ਤੋਂ ਬਰੀ ਤੂੰ ਤਾਂ ਸੰਤ ਮਾਰਦੇ ਰੇਖ ਵਿਚ ਫਾਲ ਵੀਰੋ ।
ਖੁਲ੍ਹੇ ਜਾ ਬੈਕੁੰਠ ਦੇ ਲੈ ਬੂਲੇ ਥਾਂ ਪੈ ਗਈ ਤੁਸਾਂ ਦੀ ਘਾਲ ਵੀਰੋ ।
ਬੱਚੇ ਲਸੀ ਨੂੰ ਤਰਸ ਕੇ ਮਰਨ ਭਾਵੇਂ ਮਾਰ ਕੁਟਕੇ ਛਡਣੇ ਟਾਲ ਵੀਰੋ ।
ਦੇਵੋ ਕੋਈ ਉਪਦੇਸ਼ ਜੇ ਰੰਡੀਆਂ ਨੂੰ ਕਹਿਣ ਭੌਂਕਦੇ ਲੋਕ ਕੰਗਾਲ ਵੀਰੋ ।
ਜੇ ਕਰ ਆਖੀਏ ਪੰਥ ਦੀ ਕਰੋ ਸੇਵਾ ਬਸ ਕੜਕ ਪਈ ਮੌਤ ਸਿਰ ਕਾਲ ਵੀਰੋ ।
ਮੱਥੇ ਵੇਖਣਾ ਤੀਊੜੀਆਂ ਪਾ ਕੇ ਤੇ ਵਡ ਖਾਣੀ ਜਿਓਂ ਮਝ ਦਾ ਹਾਲ ਵੀਰੋ ।
ਪੱਥਰ ਵਾਂਗ ਨਾਂ ਅੰਦਰੋਂ ਭਿਜੀਆਂ ਇਹ ਜਾਂਦੇ ਖੂਬ ਬਛੇਰੇ ਸਖਾਲ ਵੀਰੋ ।
ਨਾਂ ਉਹ ਵਿਚ ਜਹਾਨ ਦੇ ਲੱਭਣੇ ਕਿਧਰੋਂ ਜਿਹੜਾ ਸੰਤਾਂ ਦੇ ਪਾਸ ਗੋਪਾਲ ਵੀਰੋ ।
ਇਨ੍ਹਾਂ ਗੱਲਾਂ ਦੇ ਮਾਰਿਓ ਮਰਦ ਬਚੇ ਮਰ ਗਏ ਮਾਰ ਕੇ ਖੂਹਾਂ ਵਿਚ ਛਾਲ ਵੀਰੋ ।
ਜਿਹੜੇ ਗੀਤ ਹੈ ਰੰਡੀਆਂ ਕੋਲ ਸੋਹਣੇ ਸੰਤਾਂ ਬਾਝ ਨਾ ਬਜਦੇ ਤਾਲ ਵੀਰੋ ।
ਕੀਤਾ ਗਰਕ ਪੰਜਾਬ ਨੂੰ ਪਾਪੀਆਂ ਨੇ ਅਕਲ ਵਾਲਿਓ ਕਰੋ ਖਿਆਲ ਵੀਰੋ ।
ਜਨਮ ਸਾੜਿਆ ਆਪਣਾ ਲਾਭ ਸਿੰਘਾ ਨਹੀਂ ਜੱਪਿਆ ਬੈਠ ਅਕਾਲ ਵੀਰੋ ।

## ਅੱਗੇ ਰੰਡੀਆਂ ਦਾ ਹਵਾਲ ਸੁਣੋ ਤੇ ਵਿਚਾਰੋ

(ਬੈਂਤ)

ਅੱਗੇ ਹਾਲ ਸੁਣ ਲਓ ਕੁਝ ਰੰਡੀਆਂ ਦਾ ਦੇਵਾਂ ਲਗ ਦੇ ਹਥ ਸੁਣਾ ਵਿਚੇ ।
ਰੰਡੀ ਭਰੀ ਜੁਵਾਨੀ ਦੇ ਵਿਚ ਹੋਈ ਪਤੀ ਤੁਰ ਗਿਆ ਕੂਚ ਬੁਲਾ ਵਿਚੇ ।
ਸੜ ਗਏ ਚੰਦਰੇ ਮੱਥੇ ਦੇ ਲੇਖ ਪਾਪੀ ਕਰ ਸੁਖਾਂ ਦੀ ਗਏ ਸੁਆਹ ਵਿਚੇ ।
ਕਈ ਪੈ ਕੇ ਚਿੰਤਾ ਦੇ ਵਿਚ ਮੋਈਆਂ ਜ਼ਹਿਰ ਬੱਚਿਆਂ ਨੇ ਲਈ ਖਾ ਵਿਚੇ ।
ਕਈ ਉਠ ਫਕੀਰਾਂ ਦੇ ਨਾਲ ਤੁਰੀਆਂ ਪਾ ਕੇ ਜਣਦਿਆਂ ਸਿਰ ਸਵਾਹ ਵਿਚੇ ।
ਕਈਆਂ ਭੌਂ ਭਾਂਡਾ ਹਥੋਂ ਵੇਚ ਦਿਤਾ ਝੋਲੀ ਮੰਗਣੇ ਲਈ ਗਲ ਪਾ ਵਿਚੇ ।
ਕਈਆਂ ਰੰਡੀਆਂ ਤੁਲਸੀ ਦੀ ਮਲ ਬੂਟੀ ਕੀਤਾ ਠਾਕਰਾਂ ਨਾਲ ਵਿਆਹ ਵਿਚੇ ।
ਜਾਇਦਾਤ ਸਭ ਲੁਟ ਲਈ ਬ੍ਰਾਹਮਣਾਂ ਨੇ ਮਾਲਾ ਸਾਧਨੀ ਹਥ ਫੜਾ ਵਿਚੇ ।
ਦੇ ਕੇ ਸਿਖਿਆ ਗੰਦਿਆਂ ਮੁਰਦਿਆਂ ਦੀ ਦਿਤੀ ਪਥਰੋਂ ਸਖਤ ਬਣਾ ਵਿਚੇ ।

ਦੇਓਰ ਜੇਠ ਦੀ ਰੋਟੀ ਪਕੌਂਦੀਆਂ ਦੇ ਲਗੇ ਉਡ ਸਰੀਰ ਦੇ ਭਾ ਵਿਚੇ ।
ਸਸ ਸੌਹਰੇ ਨੂੰ ਸਾਹਮਣੇ ਧਰੇ ਗਾਲੀ ਕੋਈ ਲਾਹਕੇ ਸ਼ਰਮ ਹਯਾ ਵਿਚੇ ।
ਗਾਲੀ ਧਰਕੇ ਸਕੇ ਭਤੀਜਿਆਂ ਤੇ ਦਾਵਾ ਠੋਕਕੇ ਦਿੰਦੀ ਚਲਾ ਵਿਚੇ ।
ਅਸਾਂ ਸੰਤਾਂ ਦੀ ਸੇਵਾ ਜਰੂਰ ਕਰਨੀ ਨਹੀਂ ਹਟਣਾ ਲਓ ਹਟਾ ਵਿਚੇ ।
ਇਕ ਤੀਵੀਆਂ ਦੂਸਰੇ ਰੰਡੀਆਂ ਸੀ ਤੀਜੇ ਤੁਸੀਂ ਬਣ ਗ਼ਏ ਖੁਦਾ ਵਿਚੇ ।
ਪੇਟ ਮੁਛ ਕੇ ਨਿਕੇ ਨਿਆਣਿਆਂ ਦਾ ਆਵੇ ਸੰਤਾਂ ਨੂੰ ਖੀਰ ਕੜ੍ਹਾ ਵਿਚੇ ।
ਲੱਤਾਂ ਤਾਣ ਕੇ ਸੰਤ ਜੀ ਬੈਠ ਜਾਂਦੇ ਗਿਰਦੇ ਰੰਡੀਆਂ ਨੇ ਜਾਣਾ ਛਾ ਵਿਚੇ ।
ਕੋਮਲ ਹਥ ਸਰੀਰ ਤੇ ਜਦੋਂ ਫਿਰਿਆ ਲਗੇ ਉਡ ਵਜੂਦ ਨੂੰ ਭਾ ਵਿਚੇ ।
ਜਦੋਂ ਦੋ ਦਰਿਆ ਚੜ੍ਹ ਪੈਣ ਕਠੇ ਵਟ ਬੰਨੇ ਹੋ ਜਾਣ ਸਫਾ ਵਿਚੇ ।
ਧੀ ਭੈਣ ਵਲ ਮਾਈ ਜੀ ਅੱਖ ਮਾੜੀ ਕਰਕੇ ਦੇਖਣਾ ਸਖਤ ਗੁਨਾਹ ਵਿਚੇ ।
ਬਾਵਾ ਸੰਤ ਜੀ ਇਹ ਗਿਆਨ ਸੋਹਣਾ ਦੇਊ ਭਵਜਲੋਂ ਪਾਰ ਲੰਘਾ ਵਿਚੇ ।
ਇਹ ਸੰਸਾਰ ਸਮੁੰਦਰੋਂ ਤਾਰਨੇ ਦਾ ਸੋਹਣਾ ਬੇੜਾ ਤੇ ਸੋਹਣੇ ਮਲ੍ਹਾ ਵਿਚੇ ।
ਅਗੇ ਲਿਖਾਂ ਨਾਂ ਆਪ ਨੇ ਸੋਚ ਲੈਣਾ ਡੂੰਘਾ ਸਰ ਹੈ ਬੇ ਅਥਾ ਵਿਚੇ ।
ਅੰਤ ਏਸ ਜਹਾਨ ਤੋਂ ਲੱਦ ਜਾਣਾ ਅਗੇ ਰਬ ਪੁਛੂ ਬਾਦਸ਼ਾਹ ਵਿਚੇ ।
ਵਿਚ ਸੜਨਗੇ ਨਰਕ ਦੇ ਲਾਭ ਸਿੰਘਾ ਮਾਰਨ ਲੋਕਾਂ ਨੂੰ ਪਾ ਕੁਰਾ ਵਿਚੇ ।

**ਨੋਟ:—** ਬਾਣਾ ਮੌਜਾ ਮੰਜਰੀ ਤਹਿਸੀਲ ਗੜ੍ਹ ਸ਼ੰਕਰ ਜਿਲਾ ਹੁਸ਼ਿਆਰ ਪੁਰ ਜੋ ਸੰਨ ੧੯੨੨ ਨੂੰ ਪਹਿਲੇ ਮੱਘਰ ਨੂੰ ਛਿੰਜ ਪੈਂਦੀ ਹੈ ਉਸਦਾ ਹਵਾਲ

## (ਬੈਂਤ)

ਜਸੋਵਾਲ ਤੋਂ ਕਰ ਸਲਾਹ ਚਲੇ ਬਬਰ ਮੇਲੇ ਨੂੰ ਹੋ ਤਿਆਰ ਭਾਈ ।
ਮੁਛ ਫੁਟਦੀ ਨੌ ਜਵਾਨ ਮੁੰਡੇ ਚਲੇ ਸ਼ੇਰਾਂ ਦੇ ਵਾਂਗ ਭਬਕਾਰ ਭਾਈ ।
ਦੋ ਸੌ ਹੋ ਗਿਆ ਆਦਮੀ ਬਬਰਾਂ ਦਾ ਆਪੋ ਆਪਦੇ ਪੈਣ ਹਥਿਆਰ ਭਾਈ ।
ਹੁੰਦੇ ਕੁਕੜਾਂ ਤੋਂ ਬੀਣੇ ਆਣ ਪੁਜੇ ਵਾਂਗ ਫੌਜ ਦੇ ਬੰਨ ਕਤਾਰ ਭਾਈ ।
ਇਕ ਮੀਲ ਛਰਾਂਹਾਂ ਤੋਂ ਉਰੇ ਰਹਿਕੇ ਕੀਤੀ ਸਾਰਿਆਂ ਸੋਚ ਵਿਚਾਰ ਭਾਈ ।
ਜਿਵੇਂ ਜਾਕੇ ਮੇਲੇ ਨੂੰ ਦੇਖਣਾ ਸੀ ਦਸੀ ਸਾਰਿਆਂ ਤਾਂਈ ਪੁਕਾਰ ਭਾਈ ।
ਸੌ ਸਾਲ ਮਗਰੋਂ ਅਜ ਦਿਨ ਆਇਆ ਦੜ੍ਹੇ ਹੌਸਲੇ ਬੇ ਸ਼ੁਮਾਰ ਭਾਈ ।
ਚਿਹਰੇ ਚਮਕਦੇ ਬਬਰ ਅਕਾਲੀਆਂ ਦੇ ਪੈਂਦਾ ਜਿਸ ਤਰ੍ਹਾਂ ਕੋਈ ਲਸ਼ਕਾਰ ਭਾਈ ।
ਕਿਸ਼ਨ ਸਿੰਘ ਗੜਗਜ ਨੇ ਆਖਿਆ ਸੀ ਦੋ ਸਿੰਘ ਹੋ ਜਾਣ ਤਿਆਰ ਭਾਈ ।
ਬੰਦੋਬਸਤ ਪੁਲੀਸ ਦਾ ਕੀ ਓਥੇ ਲਿਆਵੋ ਮੇਲੇ ਦਾ ਫੋਟੂ ਉਤਾਰ ਭਾਈ ।
ਜਲਦੀ ਆਨਕੇ ਅਸਾਂ ਨੂੰ ਖਬਰ ਦੇਵੋ ਫੇਰ ਚੜ੍ਹਾਂਗੇ ਧੌਸੇ ਨੂੰ ਮਾਰ ਭਾਈ ।
ਅਗੇ ਸੁਣੋ ਹਵਾਲ ਨੂੰ ਲਾਭ ਸਿੰਘਾ ਸੱਚਾ ਜੋ ਕਰਦਾ ਕਰਤਾਰ ਭਾਈ ।

**ਨੋਟ :—** ਜਦੋਂ ਕਿਸਨ ਸਿੰਘ ਗੜਗਜ ਨੇ ਦੋ ਆਦਮੀ ਤਿਆਰ ਕਰਕੇ ਤੋਰਨੇ ਚਾਹੇ ਕਿ ਪੁਲੀਸ ਦਾ ਬੰਦੋਬਸਤ ਦੇਖ ਕੇ ਸਾਨੂੰ ਦਸੋ ਤਾਂ ਚੜ੍ਹੀਏ, ਇਸ ਪਰ ਜਥੇਦਾਰ ਕਰਮ ਸਿੰਘ ਦੌਲਤ ਪੁਰੀ ਨੇ ਆਖਿਆ ਕਿ ਜੇ ਅਜ ਵੀ ਪੁਲੀਸ ਦਾ ਬੰਦੋਬਸਤ ਦੇਖ ਕੇ ਮੇਲਾ ਦੇਖਿਆ ਤਾਂ

ਨਿਜ ਖੱਟੀ ਖਾਦੀ। ਅਜ ਆਜ਼ਾਦ ਹੋ ਕ ਮੇਲਾ ਦੇਖਣਾ। ਜਿਸ ਤਰ੍ਹਾਂ ਅਗੋਂ ਸਲੂਕ ਹੋਵੇ ਉਸ ਤਰ੍ਹਾਂ ਇਧਰੋਂ ਜਵਾਬ ਦੇਣਾ, ਗੋਲੀ ਦਾ ਜਵਾਬ ਗੋਲੀ ਅਤੇ ਬੰਬ ਦਾ ਜਵਾਬ ਬੰਬ।

## ਵਾਕ ਕਰਮ ਸਿੰਘ ਜੱਥੇਦਾਰ ਦਾ

ਕਰਮ ਸਿੰਘ ਨੇ ਆਖਿਆ ਕਿਸ਼ਨ ਸਿੰਘਾ ਗੱਲਾਂ ਇਹ ਮਨਜ਼ੂਰ ਨਾਂ ਤੇਰੀਆਂ ਨੇ।
ਅਜ ਦੇਖਣਾ ਮੇਲਾ ਆਜ਼ਾਦ ਹੋ ਕੇ ਕੰਮਜੋਰੀ ਤੋਂ ਢਾ ਨਾ ਢੇਰੀਆਂ ਨੇ
ਸਿਧਾ ਗੋਲੀ ਦਾ ਗੋਲੀ ਜਵਾਬ ਦੇਊ ਧੂੜਾਂ ਬੰਬਾ ਨਾਲ ਜਾਣ ਖਲੇਰੀਆਂ ਨੇ।
ਬੰਦੋਬਸਤ ਪੁਲੀਸ ਦਾ ਦੇਖਣਾ ਕੀ ਲੋਥਾਂ ਦੇਖ ਲਈਂ ਖੇਤ ਬਹੁਤੇਰੀਆਂ ਨੇ।
ਅਜ ਹੋਊ ਮੁਕਾਬਲਾ ਤੋਲਵਾਂ ਏ ਬਜਣ ਸੇਰ ਦੇ ਨਾਲ ਦੁਸੇਰੀਆਂ ਨੇ।
ਮੈਨੂੰ ਅੜੇ ਅੰਗਰੇਜ ਦਾ ਖੌਫ਼ ਨਾਹੀਂ ਨਾਲ ਸ਼ੌਂਕਦੇ ਲਾਉਣੀਆਂ ਫੇਰੀਆਂ ਨੇ।
ਅਜ ਉਡਣਗੇ ਧੂਲੜੇ ਵਿਚ ਮੇਲੇ ਜਿਵੇਂ ਕਖ ਉਡਾਉਂਦੀਆਂ ਨੇਰ੍ਹੀਆਂ ਨੇ।
ਸਿਧੀ ਔਣ ਦੇ ਪੁਲਸ ਨੂੰ ਲਾਭ ਸਿੰਘਾ ਲੋਥਾਂ ਜਾਣ ਦਸੂਹੇ ਮਕੇਰੀਆਂ ਨੇ।

## ਅਗੋਂ ਮੇਲੇ ਦਾ ਹਵਾਲ

( ਖੈਂਤ )

ਬਬਰ ਸੂਰਮੇ ਸੋਧ ਅਰਦਾਸਿਆਂ ਨੂੰ ਹੋ ਮੇਲੇ ਦੇ ਵਲ ਤਿਆਰ ਚਲੇ।
ਗੂੰਜਾਂ ਵਿਚ ਅਸਮਾਨ ਦੇ ਪੈ ਗਈਆਂ ਉਚੇ ਬੋਲਦੇ ਜਦੋਂ ਜੈਕਾਰ ਚਲੇ।
ਸਫਾ ਜੰਗ ਕਿਰਪਾਨਾਂ ਧਰ ਮੋਢਿਆਂ ਤੇ ਚਕਰ ਮਾਰਦੇ ਖੂਬ ਚਮਕਾਰ ਚਲੇ।
ਰਫਲਾਂ ਪਾ ਕੇ ਗੋਲੀਆਂ ਫੜ ਲਈਆਂ ਬੰਬ ਝੋਲਿਆਂ ਵਿਚ ਸੁਆਰ ਚਲੇ।
ਜਦੋਂ ਜਾ ਕੇ ਮੇਲੇ ਵਿਚ ਪੈਰ ਪਾਇਆ ਲੋਕ ਭਜ ਉਡਾਰੀਆਂ ਮਾਰ ਚਲੇ।
ਐਵੇਂ ਮੇਲੇ ਨੂੰ ਭਾਜੜਾਂ ਪੈ ਗਈਆਂ ਟੋਲੇ ਹੋ ਕੇ ਬੇਮੁਹਾਰ ਚਲੇ
ਹਾਲ ਮੇਲੇ ਦਾ ਦੇਖ ਸਿਪਾਹੀ ਜਿਹੜੇ ਉਹ ਵੀ ਤੰਬੂ ਦੇ ਵਲਸਿਧਾਰ ਚਲੇ।
ਬਬਰਾਂ ਮਾਰਿਆ ਮੇਲੇ ਦੇ ਵਿਚ ਚਕਰ ਡਿਗਦੇ ਇਕ ਉਤੇ ਚਾਰ ਚਾਰ ਚਲੇ।
ਜਦੋਂ ਪੁਲਸ ਵਾਲੇ ਤੰਬੂ ਕੋਲ ਪੁਜੇ ਠਾਣੇਦਾਰ ਜੀ ਹੋ ਉਡਾਰ ਚਲੇ।
ਠਾਣੇਦਾਰ ਸਪਾਹੀ ਜਦ ਗੈਬ ਹੋਏ ਕਈ ਸਾਜ ਸਮਾਨ ਵਸਾਰ ਚਲੇ।
ਮੇਲਾ ਛਡਕੇ ਵੜ ਗਈ ਪੁਲਸ ਅੰਦਰ ਜਿਵੇਂ ਬਾਜ ਤੋਂ ਕੂੰਜਾਂ ਦੀ ਡਾਰ ਚਲੇ।
ਔਖਾ ਸ਼ੇਰ ਦਾ ਟਾਕਰਾ ਲਾਭ ਸਿੰਘਾ ਜੇਹੜਾ ਪਾਕੇ ਫਾੜੀਆਂ ਚਾਰ ਚਲੇ।

**ਨੋਟ:—** ਜਦੋਂ ਠਾਣੇਦਾਰ ਕਾਬਲ ਸਿੰਘ ਜੰਡੂ ਸਿੰਘੇ ਵਾਲੇ ਨੇ ਹਵਾਲ ਦੇਖਿਆ ਤਾਂ ਫਟ ਘੋੜੀ ਪਰ ਕਾਠੀ ਪਾਕੇ ਗੜ੍ਹ ਸ਼ੰਕਰ ਆਕੇ ਸੈਨ ਕੀਤੀ ਕਿ ਮੈਂ ਮੇਲੇ ਨਹੀਂ ਗਿਆ। ਫੇਰ ਰਾਤ ਹੁਸ਼ਿਆਰਪੁਰ ਕਪਤਾਨ ਦੇ ਕੋਲ ਚਲੇ ਗਿਆ ਕਿ ਮੇਰੇ ਤੇ ਕੋਈ ਨੋਟ ਨਾਂ ਆਵੇ। ਇਹ ਬਬਰਾਂ ਨੂੰ ਚੰਗੀ ਤਰਾਂ ਜਾਣਦਾ ਸੀ।

## ਮੇਲੇ ਦਾ ਹਵਾਲ

(ਬੈਂਤ)

ਠਾਣੇਦਾਰ ਨੇ ਦੇਖ ਕੇ ਬਬਰਾਂ ਨੂੰ ਘੋੜੀ ਸ਼ੰਕਰ ਦੇ ਵਲ ਦੁੜਾਈ ਸੀ ਜੀ।
ਆ ਕੇ ਲਿਖ ਦਿਤਾ ਰੋਜ਼ ਨਾਮਚੇ ਤੇ ਤੇ ਮੇਲੇ ਜਾਣ ਦੀ ਬਾਤ ਮਟਾਈ ਸੀ ਜ਼ੀ।

ਇਥੇ ਬਸ ਨਾ ਭਜ਼ਾ ਹੁਸ਼ਿਆਰਪੁਰ ਨੂੰ ਰਾਤ ਕੋਲ ਕਪਤਾਨ ਲੰਘਾਈ ਸੀ ਜੀ ।
ਆਪੋ ਆਪਣੇ ਬਚਣ ਦੀ ਸਾਰਿਆਂ ਨੂੰ ਇਹੋ ਸੋਚ ਕੇ ਬਣਤ ਬਣਾਈ ਸੀ ਜੀ ।
ਆਸਾ ਰਾਮ ਸਪਾਹੀ ਨੂੰ ਛਡ ਗਿਆ ਸਾਰੀ ਓਸ ਨੂੰ ਗਲ ਸਮਝਾਈ ਸੀ ਜੀ ।
ਮੇਲੇ ਵਿਚ ਜੇ ਅਟਕਦਾ ਲਾਭ ਸਿੰਘਾ ਅਜ ਜਾਵਣੀ ਲੋਥ ਚੁਕਾਈ ਸੀ ਜੀ ।

## ਠਾਣੇਦਾਰ ਦੇ ਜਾਣ ਪਿਛੋਂ ਦਾ ਹਵਾਲ

(ਬੈਂਤ)

ਪੁਲਸ ਮੇਲੇ ਨੂੰ ਛਡ ਕੇ ਗਈ ਕਿਧਰ ਪਿਛੋਂ ਹੋ ਗਿਆ ਸਭ ਸੁਨਸਾਨ ਇਥੇ ।
ਪਤਾ ਲਗਾ ਏਹ ਲੋਕਾਂ ਨੂੰ ਜਿਸ ਵੇਲੇ ਭਜ ਭਜ ਕੇ ਕੋਲ ਨੂੰ ਆਨ ਇਥੇ ।
ਬਬਰ ਬਬਰ ਹੋਵੇ ਮੇਲੇ ਵਿਚ ਸਾਰੇ ਕਈ ਆਕੇ ਜਫੀਆਂ ਪਾਣ ਇਥੇ ।
ਇਹ ਤਾਂ ਦੇਸ਼ ਦੇ ਸੂਰਮੇ ਮਰਦ ਗਾਜੀ ਲੋਕ ਪੈਰਾਂ ਪੁਰ ਸੀਸ ਟਕਾਨ ਇਥੇ ।
ਮੇਲਾ ਦੇਖਦੇ ਦਖਣ ਦੀ ਤਰਫ ਹੋਏ ਅਗੇ ਅਕਾਲੀਆਂ ਦਾ ਸੀ ਦੀਵਾਨ ਇਥੇ ।
ਦਲੀਪ ਸਿੰਘ ਪਰਧਾਨ ਸੀ ਦੌਲਤ ਪੁਰ ਦਾ ਅਸਾਂ ਆਖਿਆ ਓਸਨੂੰ ਆਨ ਇਥੇ ।
ਜਦੋਂ ਆਖਿਆ ਅਸਾਂ ਨੂੰ ਵਕਤ ਦੇਵੋ ਸੁਣ ਕੇ ਕੰਬ ਗਈ ਓਸਦੀ ਜਾਨ ਇਥੇ ।
ਦੇਖੇ ਨੰਗੇ ਹਥਿਆਰ ਜਾਂ ਸਾਰਿਆਂ ਦੇ ਸਿਰ ਓਹਦੇ ਵੀ ਪਏ ਮਸਾਨ ਇਥੇ ।
ਕਹਿੰਦਾ ਤੁਸਾਂ ਦੀ ਝਾਲ ਨਾਂ ਝਲ ਹੁੰਦੀ ਕਰਦਾ ਜੋੜ ਕੇ ਹੱਥ ਬਿਆਨ ਇਥੇ ।
ਬਬਰਾਂ ਆਖਿਆ ਚੁਕ ਲੈ ਲੁੰਗ ਲਾਣੇ ਅਜ ਪੈਣਗੇ ਸਖਤ ਘਮਸਾਨ ਇਥੇ ।
ਚੁਕ ਸੜੀ ਸਟੇਜ ਓਡੰਤ ਹੋ ਗਏ ਚੜ੍ਹੀ ਚਾਨਣੀ ਝਟ ਉਡਗਾਨ ਇਥੇ ।
ਦੇਖਣ ਵਾਸਤੇ ਬਬਰਾਂ ਨੂੰ ਲਾਭ ਸਿੰਘਾ ਮੇਲਾ ਆਉਂਦਾ ਵਾਂਗ ਤੂਫਾਨ ਇਥੇ ।

**ਨੋਟ ੦— ਬਬਰਾਂ ਨੇ ਮੰਜੇ ਪੁਰ ਮੰਜਾ ਰਖ ਕੇ ਸਟੇਜ ਬਣਾ ਲਈ । ਪਹਿਲੇ ਇਹ ਛੰਦ ਕਰਮ ਸਿੰਘ ਨੇ ਪੜ੍ਹਿਆ ।**

**ਆਖੇ ਬਬਰ ਵੰਗਾਰ ਖੰਡਾ ਪਕੜੋ ਵੀਰੋ, ਆਖੇ ਬਬਰ ਵੰਗਾਰ ਖੰਡਾ ਪਕੜੋ ।**

ਬਿਨ ਖੰਡੇ ਨਾਂ ਮਿਲੇ ਆਜ਼ਾਦੀ, ਦਿਨ ਦਿਨ ਹੋ ਗਈ ਬਹੁਤ ਖਰਾਬੀ ।
ਤੁਸੀਂ ਰਹਿੰਦੇ ਰੋਜ ਸ਼ਰਾਬੀ, ਹੋਸ਼ ਬਸਾਰ ਖੰਡਾ ਪਕੜੋ ਵੀਰੋ, ਆਖੇ ......................
ਆਇਆ ਬਣ ਕੇ ਸੀ ਵਪਾਰੀ, ਭੇੜ ਭੇੜ ਕੇ ਦੁਨੀਆਂ ਮਾਰੀ ।
ਰੋਂਦੀ ਪਿਟਦੀ ਖਲਕਤ ਸਾਰੀ, ਧਾਹਾਂ ਮਾਰ ਖੰਡਾ ਪਕੜੋ ਵੀਰੋ, ਆਖੇ ......................
ਚਿੱਟੀ ਚੰਮੜੀ ਅੰਦਰੋਂ ਕਾਲੀ, ਗਲ ਵਿਚ ਦਿੰਦਾ ਠੋਕ ਪੰਜਾਲੀ ।
ਬਣਦਾ ਆਪ ਉਹਨਾਂ ਦਾ ਹਾਲੀ, ਮਾਰ ਪੁੜੇ ਵਿਚ ਆਰ ਖੰਡਾ ਪਕੜੋ ਵੀਰੋ, ਆਖੇ ................
ਪੰਜਾਬ ਦੇਸ਼ ਦੀ ਮਹਾਂਰਾਣੀ, ਕੋਟ ਅਕਲ ਦੀ ਬਹੁਤ ਸਿਆਣੀ, ਦੁਨੀਆਂ ਮੋਹਰੇ ਭਰਦੀ ਪਾਣੀ,
ਉਹਨੂੰ ਦਿਤਾ ਜੇਲ ਵਿਚ ਡਾਰ ਖੰਡਾ ਪਕੜੋ ਵੀਰੋ, ਆਖੇ ..............................

## ਆਖਣਾ ਬਬਰ ਦਾ

(ਬੈਂਤ)

ਜੀਉਣਾ ਜਸ ਅਪਜਸ ਦੀ ਮੌਤ ਚੰਗੀ ਭੈੜਾ ਜੀਵਣਾ ਸੂਲੀ ਪਰ ਟੰਗ ਹੋਕੇ ।
ਤੁਸਾਂ ਰੰਗ ਨੂੰ ਦੇਖ ਕੇ ਭੁਲ ਗਏ ਮਾਰੋ ਨਾਗਣੀ ਡੰਗ ਭੁਅੰਗ ਹੋਕੇ ।
ਅਜੇ ਤਕ ਫਰਾਂਸ ਦੇ ਖੇਤ ਅੰਦਰ ਰੁਲੇ ਜੰਗਲੀਂ ਹਡ ਕੁਰੰਗ ਹੋਕੇ ।

ਪਿਆ ਮੁਲ ਜਹਾਨ ਤੇ ਕੁਲੀ ਕਾਲੇ ਲੋਕ ਬੋਲੀਆਂ ਮਾਰਦੇ ਤੰਗ ਹੋਕੇ ।
ਐਵੇਂ ਮਾਰ ਲਏ ਭਰਮ ਦੀ ਸੰਧਿਆ ਨੇ ਚੜ੍ਹ ਗਈ ਸਰੀਰ ਨੂੰ ਭੰਗ ਹੋਕੇ ।
ਪਾੜ ਪਾੜ ਕੇ ਦੇਸ਼ ਨੂੰ ਮਾਰ ਲਿਆ ਮੂਲਕ ਕੇਹੜਾ ਜਿਤਿਆ ਜੰਗ ਹੋਕੇ ।
ਵਡ ਵਡ ਫਰੰਗੀ ਦੇ ਕਰੋ ਟੋਟੇ ਚਲੇ ਖੂਨ ਜਮੀਨ ਪੁਰ ਗੰਗ ਹੋਕੇ ।
ਛੇਕ ਵਿਚ ਛਾਤੀ ਇਹਦੇ ਪਾਉਣ ਦੇ ਲਈ ਲੋਕੋ ਪੈ ਜਾਓ ਤੀਰ ਤੁਫੰਗ ਹੋਕੇ ।
ਮੇਮਾਂ ਰੰਡੀਆਂ ਹੋਣ ਤੇ ਰੋਣ ਬਹਿ ਬਹਿ ਐਸਾ ਮਾਰੀਏ ਜੰਗ ਮਲੰਗ ਹੋਕੇ ।
ਚਾਰ ਰੋਜ ਦਾ ਜੀਵਣਾ ਲਾਭ ਸਿੰਘਾ ਚਿੱਠੀ ਮੌਤ ਦੀ ਆਊ ਬਰੰਗ ਹੋਕੇ ।

## ਵਾਕ ਕਵੀ ਰਾਜਨੀਤੀ ਤੇ

(ਬੈਂਤ)

ਗਿਆ ਰਾਜ ਕੁਮੰਤਰੀ ਹੋਣ ਜਿਸਦੇ ਪੱਟੀ ਰੋਜ ਹੀ ਪੁਠੀ ਪੜ੍ਹਾ ਹੋਵੇ ।
ਗਿਆ ਦੇਸ਼ ਸੰਤੋਖ ਨਾ ਰਹੇ ਜਿਸਦਾ ਜਿਨ੍ਹੇ ਆਦਮੀ ਓਤਨੇ ਹੀ ਰਾਹ ਹੋਵੇ ।
ਗਿਆ ਪਿੰਡ ਖੜ ਪੈਂਚ ਦਾ ਜੋਰ ਜਿਥੇ ਖੂੰਡਾ ਸਰਦਲਾਂ ਵਿਚ ਠਕਰਾ ਹੋਵੇ ।
ਗਈ ਸਸ ਜੋ ਧੀ ਦੇ ਘਰ ਜਾਕੇ ਮੂਹਰੇ ਆਪਣੀ ਲਤ ਅੜਾ ਹੋਵੇ ।
ਗਈ ਨੂੰਹ ਜੋ ਪੜ੍ਹੇ ਗੁਆਂਢਣਾਂ ਤੋਂ ਦੁੱਧ ਯਾਰ ਨੂੰ ਚੋਰੀ ਪਲਾ ਹੋਵੇ ।
ਲੜਕੀ ਗਈ ਜੋ ਪਹਿਨ ਕੇ ਮਖਮਲਾਂ ਨੂੰ ਸੈਰ ਕਰਨ ਨੂੰ ਬੇਪਰਵਾਹ ਹੋਵੇ ।
ਗਿਆ ਗਭਰੂ ਕੰਜਰੀ ਬਾਜ ਜਿਹੜਾ ਮੁੰਡਾ ਗਿਆ ਨਿਆਣਾ ਵਿਆਹ ਹੋਵੇ ।
ਗਿਆ ਯਾਰ ਜੋ ਲੋਭ ਦੀ ਲਹਿਰ ਅੰਦਰ ਦਿਲੋਂ ਨਹਾਂਉਦਾ ਟੁਬੀਆਂ ਲਾ ਹੋਵੇ ।
ਬੁੱਢਾ ਗਿਆ ਜੋ ਗਿਰੀਆਂ ਛੁਆਰਿਆਂ ਨੂੰ ਦਿਲ ਵਿਚ ਮਤਬੰਨੇ ਦਾ ਚਾ ਹੋਵੇ ।
ਯਾਰੀ ਗਈ ਜੋ ਦੋ ਤੋਂ ਕੰਨ ਤੀਜੇ ਵਿਚੋਂ ਆਪਣਾ ਭੇਤ ਦੂਆ ਹੋਵੇ ।
ਫੂਟ ਜਿਸ ਘਰ ਪੈ ਗਈ ਲਾਭ ਸਿੰਘਾ ਉਹਦੀ ਸੋਨੇ ਤੋਂ ਖਾਸ ਸਵਾਹ ਹੋਵੇ ।

**ਨੋਟ :—** **ਓਧਰ ਪਹਿਲੇ ਕਰਮਸਿੰਘ ਜਥੇਦਾਰ ਦੌਲਤ ਪੁਰੀ ਤੇ ਮਾਸਟਰ ਦਲੀਪਸਿੰਘ ਗੋਸਲ ਤੇ ਫਿਰ ਸਰਦਾਰ ਕਿਸ਼ਨ ਸਿੰਘ ਦਾ ਪੰਜ ਘੰਟੇ ਲੈਕਚਰ ਹੋਇਆ । ਜਿਸ ਨੂੰ ਸੁਣ ਕੇ ਦੁਨੀਆਂ ਵਿਚ ਤਰਥਲ ਮਚ ਗਈ । ਜੇ ਕਿਤੇ ਪੁਲਸ ਮੁਕਾਬਲਾ ਹੁੰਦਾ ਤਾਂ ਨਤੀਜਾ ਇਹ ਹੋਣਾ ਸੀ ।**

## (ਬੈਂਤ)

ਹੁੰਦਾ ਪੁਲਸ ਮੁਕਾਬਲਾ ਖੇਤ ਅੰਦਰ ਹੱਥ ਦੱਸਦੇ ਨੌਜਵਾਨ ਮੁੰਡੇ ।
ਭੁਖੇ ਸ਼ੇਰ ਜਿਓਂ ਪੈਣ ਸ਼ਿਕਾਰ ਉਤੇ ਪੈਂਦੇ ਧੂ ਕੇ ਤੇਜ ਕਿਰਪਾਨ ਮੁੰਡੇ ।
ਤੇਗ ਚਲਦੀ ਸਿੰਘਾਂ ਦੇ ਪੁਤਰਾਂ ਦੀ ਸਥਰ ਕਣਕ ਦੇ ਵਾਂਗ ਵਿਛਾਣ ਮੁੰਡੇ ।
ਚੀਰ ਚੀਰ ਕੇ ਸੁਟਦੇ ਫਾੜਿਆਂ ਨੂੰ ਲੱਕੜ ਚੀਰ ਦੇ ਜਿਵੇਂ ਤਰਖਾਨ ਮੁੰਡੇ ।
ਆਉਂਦੇ ਜੇ ਸ਼ਿਪਾਹੀ ਮੁਕਾਬਲੇ ਤੇ ਲਾਹ ਸੁਟਦੇ ਪੁਲਸ ਦੇ ਘਾਨ ਮੁੰਡੇ ।
ਬਬਰ ਅੱਜ ਆਜ਼ਾਦੀ ਦੀ ਸ਼ਕਲ ਅੰਦਰ ਗੂੰਜਾਂ ਘਤਦੇ ਵਿਚ ਅਸਮਾਨ ਮੁੰਡੇ ।
ਖਾਤਰ ਦੇਸ਼ ਤੇ ਕੌਮ ਦੀ ਖਾਲਸਾ ਜੀ ਅੱਜ ਸੁਟਦੇ ਛਾਤੀਆਂ ਛਾਣ ਮੁੰਡੇ ।
ਕਸਰ ਕਡ ਲੈਂਦੇ ਕੋਤਵਾਲੀਆਂ ਦੀ ਕੁਲੇ ਰਖਕੇ ਅੱਡੀ ਖੜਕਾਣ ਮੁੰਡੇ ।
ਜੇ ਕਰ ਮਾਝਾ ਤੇ ਮਾਲਵਾ ਮਗਰ ਆਉਂਦਾ ਦੰਦੇ ਪੰਥ ਦੇ ਕਡ ਨਿਸ਼ਾਨ ਮੁੰਡੇ ।
ਪੁਲਸ ਭਜ ਗਈ ਮੇਲੇ ਤੋਂ ਲਾਭ ਸਿੰਘਾ ਮਾੜੇ ਲੋਕਾ ਨੂੰ ਸਿਖੇ ਡਰਾਨ ਮੁੰਡੇ ।

# ਵਿਚਾਰ ਕੇ ਦੇਖੋ ਵਾਕ ਕਵੀ

(ਬੈਂਤ)

ਅੱਖੀਂ ਦੇਖਿਆ ਮੇਲੇ ਦਾ ਹਾਲ ਲਿਖਿਆ ਜਿਵੇਂ ਕੀਤੀਆਂ ਬਬਰ ਕੁਰਬਾਨੀਆਂ ਨੇ ।
ਤੇਗਾਂ ਮਾਰੀਆਂ ਸਰੇ ਮੈਦਾਨ ਅੰਦਰ ਦੇਖੋ ਅਜੇ ਨਿਸ਼ਾਨ ਨਿਸ਼ਾਨੀਆਂ ਨੇ ।
ਤੁਸਾਂ ਪਾ ਸੁਰਮੇ ਅੱਖਾਂ ਰੰਗ ਲਈਆਂ ਘੁੰਡ ਕਡਕੇ ਪੀੜੀਆਂ ਡਾਣੀਆਂ ਨੇ ।
ਗੰਦ ਜੇੜਿਆਂ ਢਿੱਡਾਂ ਦੇ ਵਿਚ ਭਰਿਆ ਕੁੱਤੇ ਖਾਣ ਨਾਂ ਇਹ ਜਵਾਨੀਆਂ ਨੇ ।
ਦੇਸ਼ ਰੋੜ੍ਹਿਆ ਖਾਰਿਆਂ ਸਾਗਰਾਂ ਵਿਚ ਕਰ ਕਰ ਕੇ ਬਹੁਤ ਸ਼ੈਤਾਨੀਆਂ ਨੇ ।
ਹੱਥੀਂ ਕੁਝ ਨਾਂ ਬਣੇ ਨਕੰਮਿਆਂ ਤੋਂ ਨਾਲ ਗੱਲਾਂ ਦੇ ਸਾਰੀਆਂ ਦਾਨੀਆਂ ਨੇ ।
ਜਦੋਂ ਜੰਗ ਮੈਦਾਨ ਦਾ ਨਾਂਮ ਸੁਣਿਆ ਕੱਢ ਛਡੀਆਂ ਅੱਖਾਂ ਤੋਂ ਆਨੀਆਂ ਨੇ ।
ਨਾਂਮ ਜੰਗ ਦਾ ਸੁਣਕੇ ਕਹਿਣ ਬਹਿ ਬਹਿ ਨਾਲੇ ਦਾਨੀਆਂ ਨਾਲੇ ਪਰਧਾਨੀਆਂ ਨੇ ।
ਛਾਂਤ ਮਈ ਦੇ ਕੋੜ੍ਹ ਵਿਚ ਪੈ ਮਰਨਾ ਭਾਵੇਂ ਪੈਣ ਸਿਰ ਜੁਤੀਆਂ ਖਾਣੀਆਂ ਨੇ ।
ਮਣ ਮਣ ਪਾ ਕੇ ਗੰਦਗੀ ਪੇਟ ਦੇ ਵਿਚ ਕੱਢ ਛੱਡੀਆਂ ਲੋਕੋ ਅਲਾਨੀਆਂ ਨੇ ।
ਮਰੋ ਵੜ ਕੇ ਖੱਲਾਂ ਵਿਚ ਲਾਭ ਸਿੰਘਾ ਤੇਗਾਂ ਵਾਹੁਣੀਆਂ ਨਹੀਂ ਅਸਾਨੀਆਂ ਨੇ ।

## ਵਾਕ ਕਵੀ (ਬੈਂਤ)

ਪੈਂਦਾ ਆਖਣਾ ਅੰਤ ਮਜਬੂਰ ਹੋ ਕੇ ਧਨ ਬਬਰ ਜਵਾਨ ਦੀ ਕਾਰ ਭਾਈ ।
ਹਿੰਦੁਸਤਾਨ ਪੰਜਾਬ ਦੇ ਦੇਸ਼ ਵਾਲੇ ਬੇੜੇ ਕੁਲ ਦੇ ਸ਼ੌਹ ਵਿਚਘਾਰ ਭਾਈ ।
ਭੇਡ ਬੱਕਰੀ ਸਮਝਕੇ ਦੂਜਿਆਂ ਨੂੰ ਧਰਦੇ ਧੌਣ ਦੇ ਉਤੇ ਤਲਵਾਰ ਭਾਈ ।
ਕੀ ਹੱਜ ਸੀ ਬਹੁ ਤੇ ਬੇਟੀਆਂ ਦਾ ਲੈਣ ਨੰਗ ਨਮੂਸ ਓਤਾਰ ਭਾਈ ।
ਬਬਰ ਸੂਰਮੇ ਦੇਖ ਨਾਂ ਜਰ ਸਕੇ ਹੋਏ ਮਰਨ ਦੇ ਲਈ ਤਿਆਰ ਭਾਈ ।
ਲੋਕੀ ਪੂਜਦੀ ਉਨ੍ਹਾਂ ਦੀ ਖਾਨਗਾਹ ਨੂੰ ਤੇਗਾਂ ਧਰਮ ਉਤੇ ਗਏ ਮਾਰ ਭਾਈ ।
ਸਿਰ ਤੇ ਕਾਲ ਦਾ ਟਮਣਾ ਵਜ ਜਾਣਾ ਬੁਲੇ ਲੁਟ ਲੈ ਤੂੰ ਦਿਨ ਚਾਰ ਭਾਈ ।
ਪਾ ਲੈ ਮਖਮਲੀ ਰੇਸ਼ਮੀ ਕੋਟ ਸੁਚੇ ਲੈਣੇ ਮੌਤ ਬੁਬਾਣ ਸੁਵਾਰ ਭਾਈ ।
ਖਾ ਲੈ ਮਹਾਂ ਪ੍ਰਸ਼ਾਦ ਦੇ ਥਾਲ ਬੈਹ ਬੈਹ ਕਾਲ ਕਢਣੇ ਅਰਕ ਨਿਤਾਰ ਭਾਈ ।
ਜਿਹੜੇ ਤੀਰ ਖੁਦਾ ਨੂੰ ਮਾਰਦੇ ਸੀ ਘਤੇ ਕਾਲ ਨੇ ਕਬਰ ਵਿਦਕਾਰ ਭਾਈ ।
ਬਬਰਾਂ ਸੀਸ ਤੋਂ ਟਸਰੀਆਂ ਲਾਹ ਲਈਆਂ ਬੰਨ੍ਹੀ ਫਿਰਦੇ ਜੋ ਕੋਮ ਗਦਾਰ ਭਾਈ ।
ਦੇਵੋ ਮਾਈ ਜੀ ਲੋਰੀਆਂ ਪੁਤਰਾਂ ਨੂੰ ਦੇਣ ਛਟ ਗੁਲਾਮੀ ਦੀ ਤਾਰ ਭਾਈ ।
ਖੱਲਾਂ ਵਿਚ ਵੀ ਮਿਤਰੋ ਮਰ ਜਾਣਾ ਮਰੋ ਸਾਹਮਣੇ ਫੜ ਕਟਾਰ ਭਾਈ ।
ਸਾਡੀ ਆਨ ਤੇ ਸ਼ਾਨ ਜਿਨ ਫੂਕ ਸੁਟੀ ਉਹਦੇ ਸੁਟੀਏ ਲਾਹ ਲੰਗਾਰ ਭਾਈ ।
ਧੋਖਾ ਖਾਓ ਨਾਂ ਦੇਖ ਕੇ ਚੰਮ ਚਿੱਟਾ ਕਾਲਾ ਅੰਦਰੋਂ ਬੁਰਾ ਬੁਰਿਆਰ ਭਾਈ ।
ਤੇਗ ਸੂਰਮੇ ਸਿੰਘਾਂ ਦੀ ਲਾਭ ਸਿੰਘਾ ਸੁਕੀ ਲੰਘਦੀ ਵਢਕੇ ਪਾਰ ਭਾਈ ।

## ਤਥਾ ਬੈਂਤ

ਮਾਈ ਜੰਮ ਕੇ ਲਾਲ ਨੂੰ ਕੁਖ ਵਿਚੋਂ ਗੋਦੀ ਪਾ ਕੇ ਦੇਹ ਖਾਂ ਲੋਰੀਆਂ ਨੂੰ ।
ਆਨ ਸ਼ਾਨ ਪੰਜਾਬ ਦੀ ਗਈ ਫੂਕੀ ਅਗ ਲਾਵੋ ਨਾ ਡਾਕਿਆਂ ਚੋਰੀਆਂ ਨੂੰ ।
ਵੀਰੋ ਪੰਥ ਤੋਂ ਮੁਖ ਨਾਂ ਮੋੜ ਬੈਠੋ ਕੱਟ ਹੁੰਦੀਆਂ ਵੇਖ ਕੇ ਪੋਰੀਆਂ ਨੂੰ ।

ਭਸ ਪਾ ਸਿਰ ਜਣਦਿਆਂ ਮਾਪਿਆਂ ਦੇ ਫਿਰਦੇ ਖੋਤਦੇ ਜੰਗਲੀ ਖੋਰੀਆਂ ਨੂੰ ।
ਪੁਤਰ ਜੰਗ ਮੈਦਾਨ ਨੂੰ ਤੋਰ ਮਾਈ ਉਤੇ ਸੁਟ ਕਰਤਾਰ ਦੇ ਡੋਰੀਆਂ ਨੂੰ ।
ਬਦਲ ਸੀਸ ਤੇ ਜ਼ੁਲਮ ਦਾ ਬਰਸ ਗਿਆ ਨਹੀਂ ਛਡੇਗਾ ਕਾਲੀਆਂ ਗੋਰੀਆਂ ਨੂੰ ।
ਵੇਲਾ ਓਹੋ ਅੰਗਰੇਜ ਉਡੀਕ ਦਾ ਹੈ ਦੇਖਾਂ ਢਿੱਡਾਂ ਪਰ ਤੀਮੀਆਂ ਤੋਰੀਆਂ ਨੂੰ ।
ਸੰਗਲ ਪਏ ਗੁਲਾਮੀ ਦੇ ਤੋੜ ਮਾਰੋ ਸੱਟਾਂ ਲਾ ਨਗਾਰੇ ਪੁਰ ਦੋਹਰੀਆਂ ਨੂੰ ।
ਆਵੋ ਪੰਥ ਦੇ ਸੂਰਮੀਓਂ ਦੇਖ ਲਈਏ ਖੇਡ ਖੇਲ ਕੇ ਹੋਲਿਆਂ ਹੋਰੀਆਂ ਨੂੰ ।
ਧਾਰਾਂ ਚੋਂਦੀਆਂ ਦੇਖੀਏ ਲਾਭ ਸਿੰਘਾ ਸਾਰ ਪਾਰ ਬਣਾ ਕੇ ਮੋਰੀਆਂ ਨੂੰ ।

**ਨੋਟ :— ਜਦੋਂ ਮਹਾਂਭਾਰਤਦਾ ਜੰਗ ਹੋ ਗਿਆ ਤਾਂ ਇਹਨਾਂ ਦੇਸ਼ ਦੇ ਮੋਹਰੀ ਆਗੂਆਂ ਨੇ ਜੋ ਦੇਸ਼ ਨਾਲ ਕੀਤੀ, ਇਕ ਬੈਂਤ ਉਸਦਾ ਪੜ੍ਹੋ ।**

## (ਬੈਂਤ)

ਮਹਾਂਭਾਰਤ ਹੋਇਆ ਜਦੋਂ ਪਾਂਡਵਾਂ ਦਾ ਹਿੰਦੁਸਤਾਨ ਗਿਆ ਉਥੇ ਮਾਰਿਆ ਈ ।
ਹਾਥੀ ਭੀਮ ਨੇ ਲੱਤਾਂ ਤੋਂ ਫੜ ਮਾਰੇ ਅਰਜਨ ਵਲੀ ਨੇ ਧਣੁਖ ਸੰਭਾਰਿਆ ਈ ।
ਓਥੇ ਮਰ ਗਏ ਸੂਰਮੇ ਹਿੰਦੂਆਂ ਦੇ ਅਗੇ ਕੈਰਵਾਂ ਪੈਰ ਪਸਾਰਿਆ ਈ ।
ਡੋਰ ਹੱਥ ਆ ਗਈ ਬ੍ਰਾਂਹਮਣਾਂ ਦੇ ਇਹਨਾਂ ਕੈਹਰ ਤੇ ਕੈਹਰ ਗੁਜਾਰਿਆ ਈ ।
ਵੀਰ ਰਸ ਦਾ ਸਤਿਆ ਨਾਸ ਕਰਕੇ ਸਾਰੇ ਖਾਣ ਦਾ ਜਾਲ ਪਸਾਰਿਆ ਈ ।
ਮਾਰ ਝੂਠ ਤੇ ਗਪ ਪਹਾੜ ਜਿਡੇ ਐਵੇਂ ਧੂਏਂ ਦਾ ਬੁਰਜ ਉਸਾਰਿਆ ਈ ।
ਗੱਲਾਂ ਦਸਕੇ ਔਰਤਾਂ ਬਚਿਆਂ ਨੂੰ ਬੁਰੀ ਮਾਰਨੀ ਦੇਸ਼ ਨੂੰ ਮਾਰਿਆ ਈ ।
ਆਪ ਰੁੜ੍ਹ ਗਏ ਵਿਸ਼ੇ ਵਿਕਾਰ ਅੰਦਰ ਨੀਚ ਨੀਚ ਕਰ ਦੇਸ ਨੂੰ ਟਾਰਿਆ ਈ ।
ਮਰੇ ਆਪ ਤੇ ਦੇਸ਼ ਨੂੰ ਮਾਰ ਲਿਆ ਸਿਟਾ ਆਖਰੀ ਇਹ ਨਕਾਰਿਆ ਈ ।
ਤੁਰਕਾਂ ਘੁੱਗੀ ਮਰੋੜ ਲਈ ਆਣਕੇ ਤੇ ਮਨ ਭੌਂਦਾ ਚੰਮ ਉਤਾਰਿਆ ਈ ।
ਹਾਲ ਇਹਨਾਂ ਦਾ ਛਡ ਕੇ ਲਾਭ ਸਿੰਘਾ ਮੁਸਲਮਾਨਾਂ ਦਾ ਕੁਝ ਉਚਾਰਿਆ ਈ ।

## ਮੁਸਲਮਾਨਾਂ ਦੀ ਗੰਦਗੀ

(ਬੈਂਤ)

ਮੁਸਲਮਾਨ ਜਹਾਨ ਤੇ ਵਧ ਗਏ ਲੋਕ ਮਗਰ ਲਗੇ ਭੇਡਾ ਚਾਲ ਵਾਂਗੂੰ ।
ਘਰ ਘਰ ਵਿਚ ਦਰਜਣਾਂ ਗਿਣੋ ਜਾਕੇ ਇਕ ਇਕ ਦੇ ਪੁਤ ਕੰਗਾਲ ਵਾਂਗੂੰ ।
ਵਿਚੋਂ ਗੰਦ ਸੜਿਆਣ ਦੀ ਬੋ ਆਵੇ ਕੀੜੇ ਕਿਰਲੀਆਂ ਜਿਓਂ ਦੀ ਨਾਲ ਵਾਂਗੂੰ ।
ਹਿੰਦੁਸਤਾਨ ਦਾ ਸਤਿਆ ਨਾਸ਼ ਕੀਤਾ ਇਹਨਾਂ ਬੁਰਾ ਛਪੰਜਾ ਦੇ ਸਾਲ ਵਾਂਗੂੰ ।
ਨਾ ਕੋਈ ਨੇਮ ਨਾਂ ਧਰਮ ਨਾਂ ਕਰਮ ਕੋਈ ਪਏ ਘੁਮਦੇ ਰੰਨ ਓਧਾਲ ਵਾਂਗੂੰ ।
ਰੂੜੀ ਵਾਂਗ ਜੋ ਪਾ ਦਿਓ ਹਜਮ ਇਥੇ ਕੋੜੀ ਪੁਰਸ਼ ਦੇ ਪੂਰਿਓ ਥਾਲ ਵਾਂਗੂੰ ।
ਭੈੜੀ ਬੋ ਬਦਖੋਹ ਕੋਈ ਗੰਦ ਭਰਿਆ ਅੱਗ ਕ੍ਰਾਮ ਦੀ ਭੜਕਦੀ ਰਾਲ ਵਾਂਗੂੰ ।
ਖਾ ਬੱਕਰੇ ਡੱਕਰੇ ਮੀਟ ਵਾਲੇ ਸੌਣਾ ਜਾਣਦੇ ਮੋਟੀ ਸਰਾਲ ਵਾਂਗੂੰ ।
ਉਪਰ ਪੂਰ ਕੇ ਅੰਦਰੋਂ ਗੰਦ ਭਰਿਆ ਸੜੇ ਹੋਏ ਤਰੱਕੀ ਹੋਈ ਦਾਲ ਵਾਂਗੂੰ ।
ਅੱਗ ਲਾਉਣ ਦੀ ਦੇਰ ਹੈ ਲਾਭ ਸਿੰਘਾ ਸੜ ਜਾਣਗੇ ਭਰੇ ਅਟਾਲ ਵਾਂਗੂੰ ।

# ਇਹਨਾਂ ਦੀਆਂ ਕਿਤਾਬਾਂ ਦਾ ਹਵਾਲ

(ਤਥਾ ਬੈਂਤ)

ਖਪ ਮਾਰਦੇ ਇਹਨਾਂ ਦਾ ਰਾਜ ਹੋਣਾ ਗੱਲਾਂ ਬੈਠ ਕੇ ਕਈ ਬਣਾਉਂਦੇ ਨੇ।
ਮੁਰਦਾ ਪੁਣੇ ਦੇ ਵਿਚ ਖਿਆਲ ਸਾਰੇ ਜਿਹੜੇ ਵਿਚ ਕਿਤਾਬਾਂ ਭਰੇਂਦੇ ਨੇ।
ਅੱਵਲ ਘੋੜਾ ਤੇ ਖੂਬ ਪੁਛਾਕ ਚੰਗੀ ਨੌਕਰ ਕਰ ਤਿਆਰ ਲਿਆਉਂਦੇ ਨੇ।
ਕੋਈ ਪੁਤ ਅਮੀਰ ਦਾ ਬੜਾ ਸੋਹਣਾ ਉਹਨੂੰ ਸੈਰ ਦੇ ਲਈ ਲਿਆਉਂਦੇ ਨੇ।
ਉਹਨੂੰ ਵਿਚ ਸ਼ਿਕਾਰ ਦੇ ਦਿਓ ਮਿਲਦੇ ਪੁਟ ਮੁਛ ਦਾ ਵਾਲ ਫੜਾਉਂਦੇ ਨੇ।
ਲੋੜ ਪਈ ਤੇ ਅਸਾਂ ਨੂੰ ਯਾਦ ਕਰਨਾ ਵਾਲ ਅੱਗ ਦੇ ਮੋਹਰੇ ਧਸਾਉਂਦੇ ਨੇ।
ਅਗੇ ਕਿਸੇ ਘਰਾਣੇ ਦੀ ਇਕ ਲੜਕੀ ਉਹਦੇ ਨਹਾਕੇ ਕੇਸ ਸਕਾਉਂਦੇ ਨੇ।
ਲੜਕੀ ਦੇਖੀ ਸ਼ਹਿਜ਼ਾਦੇ ਨੇ ਜਿਸ ਵੇਲੇ ਉਹਨੂੰ ਪਾ ਕੇ ਗਸ਼ੀ ਗਰਾਉਂਦੇ ਨੇ।
ਰਹੀ ਸੁਰਤ ਸੰਭਾਲ ਨਾਂ ਮੂਲ ਉਹਨੂੰ ਨੌਕਰ ਆਣਕੇ ਉਹਦੇ ਉਠਾਉਂਦੇ ਨੇ।
ਖਾਣ ਪੀਣ ਸ਼ਹਿਜ਼ਾਦੇ ਦਾ ਛੁਟ ਗਿਆ ਉਹਨੂੰ ਤੀਲੇ ਦੇ ਵਾਂਗ ਸਕਾਉਂਦੇ ਨੇ।
ਪੁਛਣ ਲੋਕ ਸ਼ਹਿਜ਼ਾਦੇ ਨੂੰ ਕਰ ਮਿਨਤਾਂ ਦੁਖ ਦਸ ਖਾਂ ਆਪ ਬਡਾਉਂਦੇ ਨੇ।
ਸ਼ਹਿਰ ਦੂਰ ਹੈ ਸੱਤਾਂ ਸਮੁੰਦਰਾਂ ਤੋਂ ਵਿਚ ਜੰਗਲ ਪਹਾੜ ਬਤਾਉਂਦੇ ਨੇ।
ਮੁਦਾ ਗਲ ਸ਼ਹਿਜ਼ਾਦੇ ਨੂੰ ਚੁਕ ਦੇ ਕੇ ਉਹਦੀ ਭਾਲ ਦੇ ਲਈ ਚੜ੍ਹਾਉਂਦੇ ਨੇ।
ਉਸ ਪਰੀ ਸੁਵਰਗ ਦੀ ਅਪਛਰਾਂ ਦੇ ਚਿਨ੍ਹ ਚਕਰ ਵੀ ਛਾ ਬਤਾਉਂਦੇ ਨੇ।
ਸ਼ੀਸ਼ ਮਹਿਲ ਸ਼ਹਿਜ਼ਾਦੀ ਦੇ ਬਹੁਤ ਉਚੇ ਜਿਥੇ ਪੰਛੀ ਨਾ ਫਟਕਣਾ ਪਾਉਂਦੇ ਨੇ।
ਰਸਤੇ ਵਿਚ ਮੁਸੀਬਤਾਂ ਕਈ ਆਈਆਂ ਕਦੇ ਮਾਰਦੇ ਕਦੇ ਜਮਾਉਂਦੇ ਨੇ।
ਧੂਫ ਦਿਓ ਦੇ ਵਾਲ ਨੂੰ ਜਦੋਂ ਦਿਤਾ ਮਾਰੋ ਮਾਰ ਕਰਦੇ ਦਿਓ ਆਉਂਦੇ ਨੇ।
ਅਗਲੇ ਪਾਸੇ ਦੇ ਭੰਨ ਕੇ ਰੂਲ ਸਾਰੇ ਉਹਨੂੰ ਨਾਲ ਸ਼ਹਿਜ਼ਾਦੇ ਬਿਆਹਉਂਦੇ ਨੇ।
ਡਾਹਕੇ ਪਲੰਗ ਨਵਾਰ ਦੇ ਬੜੇ ਸੋਹਣੇ ਦੋਹਾਂ ਤਾਂਈਂ ਚੁਬਾਰੇ ਚੜ੍ਹਾਉਂਦੇ ਨੇ।
ਭੁੰਨ ਮਾਸ ਸ਼ਰਾਬ ਦੇ ਕੱਪ ਭਰ ਭਰ ਇਕ ਦੂਜੇ ਨੂੰ ਭਰ ਪਲਾਉਂਦੇ ਨੇ।
ਰੇਸ਼ਮੀ ਕਪੜੇ ਪਲੰਗ ਨਵਾਰ ਦੇ ਤੇ ਰਾਤ ਦੋਹਾਂ ਨੂੰ ਕਠੇ ਸਲਾਉਂਦੇ ਨੇ।
ਪੜ੍ਹਦੇ ਹੋਣ ਕਿਤਾਬ ਤਾਂ ਸੁਣੋ ਬੈਹ ਕੇ ਮਜੇ ਸਵੱਰਗ ਬਕੁੰਠ ਦੇ ਆਉਂਦੇ ਨੇ।
ਰਾਜ ਕਰਨ ਦੇ ਢੰਗ ਹੈ ਲਾਭ ਸਿੰਘਾ ਜਾ ਕੇ ਸਾਗਰੀਂ ਬੇੜੇ ਹੜ੍ਹਾਉਂਦੇ ਨੇ।

# ਛਤਾਰਾਂ ਦੀ ਛਿੰਜ ਤੋਂ ਵਾਪਸੀ

(ਬੈਂਤ)

ਮੇਲਾ ਦੇਖ ਆਜ਼ਾਦੀ ਦੀ ਸ਼ਕਲ ਅੰਦਰ ਆਪੋ ਆਪਣੇ ਪਿੰਡਾਂ ਨੂੰ ਧਾ ਚਲੇ।
ਸੁਤਾ ਪਿਆ ਇਲਾਕਾ ਇਹ ਦੇਰ ਦਾ ਸੀ ਝੂਣਾ ਮਾਰਕੇ ਸ਼ੇਰ ਜਗਾ ਚਲੇ।
ਘਰ ਗਏ ਲੁਟੇ ਤੁਸਾਂ ਸੁਤਿਆਂ ਦੇ ਖਬਰਦਾਰ ਹੋ ਜਾਓ ਬਤਾ ਚਲੇ।
ਚੰਗਾ ਭੇਦ ਫਰੰਗੀ ਦਾ ਖੋਲ ਕੇ ਤੇ ਗੱਲ ਸਾਰਿਆਂ ਦੇ ਕੰਨੀ ਪਾ ਚਲੇ।
ਲੋਗ ਦੇਣ ਮੁਬਾਰਕਾਂ ਆ ਕੇ ਤੇ ਭੁਲਿਆਂ ਹੋਇਆਂ ਨੂੰ ਰਸਤੇ ਵਿਖਾ ਚਲੇ।
ਉਠੀਂ ਮਾਰਕੇ ਦੂਣ ਲਲਕਾਰਿਆਂ ਨੂੰ ਐਸਾ ਦਿਲਾਂ ਤੋਂ ਭੈ ਉਠਾ ਚਲੇ।
ਜੋ ਫਰਜ਼ ਪੰਜਾਬ ਦੇ ਸੂਰਿਆਂ ਦਾ ਸ਼ੀਸ਼ਾ ਸਭ ਦੇ ਮੂਹਰੇ ਧਰਾ ਚਲੇ।
ਕੋਈ ਰੋਜ਼ ਨੂੰ ਫਲਣਗੇ ਲਾਭ ਸਿੰਘਾ ਜਿਹੜੇ ਬੂਟੇ ਅਜ਼ਾਦੀ ਦੇ ਲਾ ਚਲੇ।

# ਅੰਗਰੇਜ ਦੀ ਕਰਤੂਤ (ਬੈਂਤ)

ਤੋਪ ਨਾਲ ਉਡਾ ਕੇ ਕੂਕਿਆਂ ਨੂੰ ਪਰਜਾ ਪਾ ਕੇ ਡਰ ਡਰਾਈ ਇਸਨੇ ।
ਜਰਮਣ ਨਾਲ ਜਾਂ ਏਸਦਾ ਜੰਗ ਲਗਾ ਉਥੇ ਭੇਜ ਪੰਜਾਬ ਮਰਵਾਈ ਇਸਨੇ
ਹਿੰਦੁਸਤਾਨ ਨੂੰ ਮੈਂ ਅਜਾਦ ਕਰਸਾਂ ਜੰਗ ਵਿਚ ਜੇ ਫਤਹਿ ਦਵਾਈ ਇਸਨੇ ।
ਮਗਰੋਂ ਕਢ ਮਾਰੇ ਰੂਲ ਫੂਕਣੇ ਦੇ ਕੀਤੀ ਕਤਰੀ ਖੂਹ ਸੁਟਾਈ ਇਸਨੇ ।
ਪਰਜਾ ਇਕੱਠ ਕੀਤਾ ਬਾਗ ਜਲਿਆਂ ਦੇ ਓਥੇ ਬੀੜ ਮਸ਼ੀਨ ਉਡਾਈ ਇਸਨੇ ।
ਫਿਰ ਪਿਠ ਨਰੈਣੂ ਦੀ ਜਾ ਕੋਠੀ ਦੋ ਸੌ ਦੀ ਕੀਤੀ ਬਢਾਈ ਇਸਨੇ ।
ਭਾਂਬੜ ਗੁਸੇ ਦੇ ਬਲੇ ਪੰਜਾਬ ਅੰਦਰ ਤੇਲ ਪਾ ਕੇ ਅੱਗ ਭੜਕਾਈ ਇਸਨੇ ।
ਧੋਖੇ ਨਾਲ ਪੰਜਾਬ ਦੇ ਸੂਰਿਆਂ ਦੀ ਧੌਣ ਗੋਡਿਆਂ ਹੇਠ ਦਵਾਈ ਇਸਨੇ ।
ਜੜ੍ਹ ਪੁਟ ਲਾਹੌਰ ਦਰਬਾਰ ਵਾਲੀ ਖਾਰੇ ਸਾਗਰਾਂ ਵਿਚ ਸੁਟਾਈ ਇਸਨੇ ।
ਮਹਾਂਰਾਣੀ ਪੰਜਾਬ ਦੀ ਮਾਈ ਜਿੰਦਾਂ ਕੈਦ ਕਰ ਪ੍ਰਦੇਸ਼ ਘਲਾਈ ਇਸਨੇ ।
ਜਿੰਨੀ ਬਾਹ ਲਗੀ ਇਸਦੀ ਲਾਭ ਸਿੰਘਾ ਪੀੜ ਪੀੜ ਕੇ ਰਤ ਕਢਾਈ ਇਸਨੇ ।

**ਨੋਟ :—** **ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸ਼ਾਂਤਮਈ ਦੇਖ। ਇਤਨੇ ਜ਼ੁਲਮ ਦੇਸ਼ ਤੇ ਦੇਖ ਕੇ ਵੀ ਕਿਸੇ ਨੇ ਚੂੰ ਤਕ ਨਾਂ ਕੀਤੀ। ਏਸ ਵਾਸਤੇ ਕੌਮ ਗਦਾਰ ਵਧ ਗਏ। ਹਜ਼ਾਰਾਂ ਦੀ ਗਿਣਤੀ ਵਿਚ ਬਰਸਾਤ ਦੇ ਡੱਡੂਆਂ ਵਾਂਗ ਉਠ ਪਏ।**

## (ਬੈਂਤ)

ਸ਼ਾਂਤਮਈ ਨੂੰ ਦੇਖ ਕੇ ਦੇਸ਼ ਅੰਦਰ ਬੂਹੇ ਹੋ ਗਏ ਕੌਮ ਗਦਾਰ ਵੀਰੋ ।
ਉਠ ਹੋਵੇ ਨਾਂ ਜੇਹੜੀਆਂ ਮੁਰਦਿਆਂ ਤੋਂ ਡੋਰੀ ਦੇਣਨੂੰ ਓਹਵੀ ਤਿਆਰ ਵੀਰੋ ।
ਕਦੇ ਰਾਜ ਅੰਗਰੇਜ ਦਾ ਹਲਣਾ ਨਹੀਂ ਪਕਾ ਇਹਨਾਂ ਨੂੰ ਸੀ ਇਤਬਾਰ ਵੀਰੋ ।
ਲਾ ਲਾ ਲੂਤੀਆਂ ਪੁਤ ਬੇਗਾਨਿਆਂ ਦੇ ਸੁਟੇ ਜੇਲਾਂ ਦੇ ਵਿਚ ਹਜਾਰ ਵੀਰੋ ।
ਪੀਹਣ ਚੱਕੀਆਂ ਕੋਹਲੂ ਖ਼ਰਾਸ ਨਾਲੇ ਮਗਰ ਹੋਂਵਦੀ ਬੈਂਤਾਂ ਦੀ ਮਾਰ ਵੀਰੋ ।
ਇਹ ਲੈਣ ਇਨਾਮ ਮੁਰੱਬਿਆਂ ਦੇ ਬੰਨਣ ਟਸਰੀਆਂ ਖੂਭ ਸੁਆਰ ਵੀਰੋ ।
ਪੈਰ ਪਾਉਣ ਗੁਰਗਾਬੀਆਂ ਜੜਕਵੀਆਂ ਮੁਛਾਂ ਨੂੰਹੇ ਦੇ ਵਾਂਗ ਖਲ਼ਾਰ ਵੀਰੋ ।
ਟਿਚ ਸਮਝ ਦੇ ਸੀ ਲੋਕਾਂ ਦੂਜਿਆਂ ਨੂੰ ਮਦਤ ਇਹਨਾਂ ਦੀ ਜੋ ਸਰਕਾਰ ਵੀਰੋ ।
ਇਹਨਾਂ ਆਖ ਸਖਾਲ ਕੇ ਪੁਲਸ ਤਾਈਂ ਛੱਡੇ ਚੰਮ ਜਵਾਨਾਂ ਦੇ ਤਾਰ ਵੀਰੋ ।
ਓਧਰ ਪੰਥ ਬੈਠਾ ਠੰਡਾ ਸ਼ਾਂਤ ਹੋ ਕੇ ਲੱਤਾਂ ਮੁਰਦਿਆਂ ਵਾਂਗ ਪਸਾਰ ਵੀਰੋ ।
ਇਧਰ ਧੂੜ ਗਦਾਰਾਂ ਨੇ ਉਠਾਲ ਦਿਤੀ ਬੰਨ ਥਾਣਿਆਂ ਨੂੰ ਲਈ ਲਾਰ ਵੀਰੋ ।
ਬਬਰਾਂ ਬਾਜ ਕੇਹੜਾ ਖੜੇ ਲਾਭ ਸਿੰਘਾ ਮਾਰ ਸ਼ੇਰ ਦੇ ਵਾਂਗ ਭਵਕਾਰ ਵੀਰੋ ।

**ਨੋਟ :—** **ਝੋਲੀ ਚੁਕਾਂ ਨਾਲ ਮਿਲ ਕੇ ਅੰਗਰੇਜ ਨੇ ਮਾਰਚ ੧੯੨੨ ਨੂੰ ਬਬਰਾਂ ਦੇ ਅਨਾਂਮ ਛਾਪ ਦਿਤੇ, ਜਿਨ੍ਹਾਂ ਦਾ ਵੇਰਵਾ ਇਸ ਤਰਾਂ ਹੈ।**

**ਕਿਸ਼ਨ ਸਿੰਘ ਗੜਗੱਜ ਦਾ ੨੦੦੦, ਕਰਮ ਸਿੰਘ ਦੌਲਤ ਪੁਰੀ ਦਾ ੧੦੦੦, ਮਾਸਟਰ ਦਲੀਪ ਸਿੰਘ ਗੋਸਲ ਦਾ ੫੦੦, ਕਰਮ ਸਿੰਘ ਝਿੰਗੜ ਦਾ ੫੦੦, ਮਤਾਬ ਸਿੰਘ ਭਕੜੂਦੀ ਵਾਲੇ ਦਾ ੧੫੦, ਕੱਟੇ ਦਾ ਮੁਲ। ਏਸ ਇਨਾਮ ਨੂੰ ਲੈਣ ਖਾਤਰ ਹਜ਼ਾਰਾਂ ਲੋਕੀਂ**

ਬਬਰਾਂ ਦੇ ਮਗਰ ਫੜਾਉਣ ਵਾਸਤੇ ਪੈ ਗਏ। ਮਾਸਟਰ ਮੋਤਾ ਸਿੰਘ ਨੂੰ ਆਪਣੇ ਪਿੰਡ ਪਤਾਰੇ ਤੋਂ ਗਿਰਫਤਾਰ ਕਰਾ ਦਿਤਾ। ਪ੍ਰੀਤਮ ਸਿੰਘ ਪਟਿਆਲੇ ਦਾ, ਅਰਜਨ ਸਿੰਘ ਹਰੀ ਪੁਰ ਦਾ, ਇਹਨਾਂ ਨੇ ੬ ਜੂਨ ੧੯੨੨ ਨੂੰ ਫੜਾ ਦਿਤਾ, ਸੁੰਦਰ ਸਿੰਘ ਮਖਸੂਸ ਪੁਰੀ ਵੀ ਫੜਿਆ ਗਿਆ, ੨੦ ਅਗੱਸਤ ੧੯੨੨ ਨੂੰ ਇਧਰ ਬਬਰਾਂ ਡੁਪਲੀ ਕੇਟਰ ਮਸ਼ੀਨ ਤੋਂ ਪਿੰਡ ਸਾਦੜੇ ਵਿਖੇ ਪਹਿਲੀ ਅਖਬਾਰ ਛਾਪੀ। ੧੫ ਦਸੰਬਰ ੧੯੨੨ ਨੂੰ ਤੇ ਹਾਈਕੋਰਟ ਜਸੋਵਾਲ ਗੁਰਮਤਾ ਪਾਸ ਕੀਤਾ ਕੇ ਝੋਲੀ ਚੁਕਾਂ ਦੀ ਕਤਲ ਕੀਤੀ ਜਾਵੇ। ਓਧਰ ਸਾਰੇ ਟਾਪੂਆਂ ਵਿਚ ਪਲਟਣਾਂ ਵਿਚ ਅਖਬਾਰ ਭੇਜਣੀ ਸ਼ੁਰੂ ਕੀਤੀ। ਇਹ ਵੀ ੧੫ ਦਸੰਬਰ ੧੯੨੨ ਦਾ ਵਾਕਿਆ ਹੈ। ਇਸ ਤੋਂ ਪਹਿਲੇ ੨੦ ਮਈ ਨੂੰ ਹਰਨਾਮ ਸਿੰਘ ਮਹੱਦੀ ਪੁਰ ਵਾਲੇ ਦਾ ਵਾਕਿਆ ਹੋ ਚੁਕਾ ਸੀ। ਜਿਸ ਵਿਚ ਹਜਾਰਾ ਸਿੰਘ ਮੰਡੇਰ, ਛੱਜਾ ਸਿੰਘ ਮਸਾਣੀਆਂ, ਅੰਬਰ ਸਿੰਘ ਜਸੋਵਾਲ ਉਸ ਦਾ ਨੱਕ ਕਟਣ ਗਏ। ਉਸ ਨੂੰ ਪਹਿਲੇ ਖਬਰ ਹੋ ਜਾਣ ਕਰਕੇ ਬਚ ਗਿਆ। ਨੱਕ ਨਾਂ ਕਟ ਹੋਇਆ ਉਵੇਂ ਸੱਟਾਂ ਬਹੁਤ ਲਗੀਆਂ। ਇਸ ਤੋਂ ਬਾਦ ਮਾਸਟਰ ਦਲੀਪ ਸਿੰਘ ਤੇ ਕਰਮ ਸਿੰਘ ਝਿੰਗੜ ਝਿੰਗੜੀ ਮਿਲਣ ਗਏ। ਕਰਮ ਸਿੰਘ ਦੇ ਭਰਾ ਰਤਨ ਸਿੰਘ ਨੇ ਬੰਗਿਆਂ ਤੋਂ ਪੁਲਸ ਲਜਾ ਕੇ ਫੜਾ ਦਿਤੇ ਸਨ। ੨੪ ਫਰਵਰੀ ੧੯੨੨ ਨੂੰ ਕਿਸ਼ਨ ਸਿੰਘ ਗੜਗਜ ਵੀ ਗਿਰਫਤਾਰ ਹੋ ਗਿਆ। ਹੁਨ ਇਸ ਤੋਂ ਅਗਲਾ ਹਵਾਲ ਪੜ੍ਹੋ। ਬਬਰਾਂ ਦੇ ਵਡੇ ਜਥੇਦਾਰ ਕਰਮ ਸਿੰਘ ਦੌਲਤ ਪੁਰੀ, ਮੀਤ ਜਥੇਦਾਰ ਕਿਸ਼ਨ ਸਿੰਘ ਗੜਗਜ, ਕਰਮ ਸਿੰਘ ਝਿੰਗੜ, ਖਜਾਨਚੀ ਮਾਸਟਰ ਦਲੀਪ ਸਿੰਘ ਤੇ ਬਾਬੂ ਸੰਤਾ ਸਿੰਘ ਗੜੈਂਥੇ, ਧੰਨਾ ਸਿੰਘ ਬੈਬਲ ਪੁਰ, ਜੰਗੀ ਲਾਟ ਉਧੇ ਸਿੰਘ ਰਾਮ ਗੜ੍ਹ ਝੁੰਗੀਆਂ, ਜਰਨੈਲ ਹੋਰ ਮੁੰਡੇ ਕਮਾਣ ਅਫਸਰ ਲਫਟੈਣ, ਸੂਬੇਦਾਰ, ਮੇਜਰ ਸੂਬੇਦਾਰ, ਜਮਾਦਾਰ ਆਤਮਾ ਸਿੰਘ ਬੰਗਾ, ਜੈਲਾ ਸਿੰਘ ਜਸੋਵਾਲ ਚਿੱਠੀ ਰਸਾਇਣ ਆਦਿਕ ਪੂਰਾ ਪਾਤਸ਼ਾਹੀ ਠਾਠ ਬਣਾਇਆ ਗਿਆ। ਅਗੇ ਦਾ ਹਵਾਲ ਪੜ੍ਹੋ।

## ਵਾਕ ਕਵੀ (ਬੈਂਤ)

ਦਿਤੇ ਛਾਪ ਇਨਾਮ ਜਾਂ ਬਬਰਾਂ ਦੇ ਲੋਕੀ ਬਬਰਾਂ ਦੀ ਖੂਨ ਖਾਰ ਹੋ ਗਈ।
ਦੁਨੀਆਂ ਹੜ੍ਹ ਗਈ ਲੋਭ ਦੀ ਲੈਹਰ ਅੰਦਰ ਘੜੀ ਕਟਣੀ ਬੜੀ ਲਚਾਰ ਹੋ ਗਈ।
ਪਿਆ ਕੌਮ ਗਦਾਰਾਂ ਦਾ ਜੋਰ ਭਾਰਾ ਸਾਰੇ ਦੇਸ਼ ਅੰਦਰ ਮਾਰੋ ਮਾਰ ਹੋ ਗਈ।
ਵਾਂਗ ਕੁਤਿਆਂ ਭਜ ਪਏ ਠਾਣਿਆਂ ਨੂੰ ਲਗ ਜਿਲੇ ਦੇ ਵਲ ਮੋਹਾਰ ਹੋ ਗਈ।
ਚਾਰ ਪਕੜੇ ਦੇਖ ਕੇ ਬਬਰਾਂ ਨੂੰ ਭੂਹੇ ਉਲਟ ਕੇ ਮਿਰਗਾਂ ਦੀ ਡਾਰ ਹੋ ਗਈ।
ਇਹਨਾਂ ਸੋਚਿਆ ਅਸਾਂ ਇਨਾਮ ਲੈਣੇ ਮਤ ਇਹਨਾਂ ਗਦਾਰਾਂ ਦੀ ਮਾਰ ਹੋ ਗਈ।
ਜਾਂ ਤਾਂ ਇਹਨਾਂ ਨੇ ਮੋਰਚਾ ਜਿਤ ਲਿਆ ਜਾਂ ਫਿਰ ਖੇਤ ਵਿਚ ਲੋਥ ਖਲਾਰ ਹੋ ਗਈ।
ਜਾਂ ਇਹਨਾਂ ਨੇ ਬਬਰ ਦਬਾ ਲਏ ਜਾਂ ਬਰਛੀ ਕਲੇਜਿਓਂ ਪਾਰ ਹੋ ਗਈ।
ਜਾਂ ਤਾਂ ਲੁਟ ਲਏ ਖੇਤ ਚੁਮਿਆਰੀਆਂ ਨੇ ਹੱਥ ਆਈ ਤਾਂ ਧੋਣ ਦੇ ਭਾਰ ਹੋ ਗਈ।
ਜੰਗ ਦੇਖ ਖਾਂ ਦੋਹਾਂ ਦਾ ਲਾਭ ਸਿੰਘਾ ਕਿਸਨੂੰ ਜਿਤ ਤੇ ਕੇਹਨੂੰ ਹਾਰ ਹੋ ਗਈ।

**ਨੋਟ :—** ਅੱਗੇ ਪ੍ਰਸੰਗ ਬਿਸ਼ਨ ਸਿੰਘ ਜੈਲਦਾਰ ਰਿਆਸਤ ਕਪੂਰਥਲਾ, ਤਹਿਸੀਲ ਫਗਵਾੜਾ, ਪਿੰਡ ਰਾਣੂਬੂਹੇ ਦਾ ਜਿਸ ਨੇ ਵਾਇਦਾ ਕੀਤਾ ਕਿ ਮੈਂ ਰਿਆਸਤ ਵਿਚ ਕਾਲੀ ਪੱਗ ਨਹੀਂ ਰਹਿਣ ਦਿਆਂਗਾ। ਇਸ ਗਦਾਰ ਨੇ ਪੁਲੀਸ ਨੂੰ ਲੈ ਕੇ ਪਿੰਡਾਂ ਦੇ ਪਿੰਡ ਕੁਟਾ ਸੁਟੇ। ਦੁਰਗਾ ਦਾਸ ਇੰਨਸਪੈਕਟਰ ਫਗਵਾੜੇ ਦਾ ਜਾਤ ਖੱਤਰੀ, ਦੂਹਾਂ ਨੇ ਹਦ ਮੁਕਾ ਛਡੀ।

## (ਬੈਂਤ)

ਛਪ ਗਏ ਇਨਾਮ ਜਾਂ ਬਬਰਾਂ ਦੇ ਮਤ ਲੋਕਾਂ ਦਾ ਹੋਰ ਹੋ ਜਾਉਂਦਾ ਸੀ ।
ਬਿਸ਼ਨ ਸਿੰਘ ਨਾਮੇ ਜੈਲਦਾਰ ਸੀ ਏ ਰਾਵੂ ਬੂਹੇ ਦਾ ) ਜੋ ਸਦਾਦਾ ਸੀ।
ਦੁਰਗਾ ਦਾਸ ਸੀ ਖਤਰੀ ਯਾਰ ਇਸਦਾ ਫਗਵਾੜੇ ਕੁਮਾਣ ਕਰਾਉਂਦਾ ।
ਇਕ ਖਤਰੀ ਦੂਜਾ ਕੰਬੋ ਰਲਿਆ ਮਾਰ ਮਾਰ ਕੇ ਧੂੜ ਉਡਾਉਂਦਾ ਸੀ ।
ਲੈ ਕੇ ਪੁਲਸ ਨੂੰ ਪਿੰਡਾਂ ਦੇ ਵਿਚ ਫਿਰਨਾ ਪੱਗਾਂ ਕਾਲੀਆਂ ਸਿਰਾਂ ਤੋਂ ਲਾਹਉਂਦਾ ਸੀ ।
ਪਿੰਡ ਸਾਰਾ ਹੀ ਬੰਨ੍ਹ ਬਠਾਲ ਲੈਣਾ ਮਾਰ ਜੁਤੀਆਂ ਰੋਜ ਕੁਟਾਉਂਦਾ ਸੀ ।
ਹੇਠ ਲੈ ਕੇ ਬੂਟਾਂ ਦੇ ਕੇਸ ਜਾਰੋ ਇਹ ਜਵਾਨਾਂ ਦੇ ਕੇਸ ਪੁਟਾਉਂਦਾ ਸੀ ।
ਮਾਰ ਮਾਰ ਕੇ ਜੁਤੀਆਂ ਵਿਚ ਸਿਰ ਦੇ ਪਾਣੀ ਹੁਕੇ ਦਾ ਚਾ ਪਵਾਉਂਦਾ ਸੀ ।
ਕਾਲਾ ਕਪੜਾ ਦੇਖ ਕੇ ਲੜਕੀਆਂ ਦਾ ਥੱਪੜ ਮਾਰਕੇ ਉਪਰੋਂ ਲਾਹਉਂਦਾ ਸੀ ।
ਫੜ ਗੁਤਾਂ ਤੋਂ ਮਾਰਦਾ ਤੀਵੀਆਂ ਨੂੰ ਜੁਲਮ ਹਦ ਤੋਂ ਪਰੇ ਟਪਾਉਂਦਾ ਸੀ ।
ਇਹਦੇ ਜੁਲਮ ਦੀ ਪਈ ਹਾਹਾ ਸਾਰੇ ਹੇਮੂ ਬਾਣੀਏ ਵਾਂਗ ਚਲਾਉਂਦਾ ਸੀ ।
ਪਰਸ ਰਾਮ ਦਾ ਬਣ ਭਰਾਉ ਗਿਆ ਰੋਜ ਖੂਨ ਗਰੀਬਾਂ ਦੇ ਨਹਾਉਂਦਾ ਸੀ ।
ਮਾਰ ਪਿੰਡਾਂ ਦੇ ਪਿੰਡ ਹਲਾਲ ਕੀਤੇ ਧੁੰਮ ਦੇਸ਼ ਦੇ ਵਿਚ ਮਚਾਉਂਦਾ ਸੀ ।
ਬੂਟ ਸੂਟ ਸਲਵਾਰ ਸਿਰ ਬੰਨ ਟਸਰੀ ਕੁੱਕੜ ਦੇਸ਼ ਦੇ ਖਾ ਮਕਾਉਂਦਾ ਸੀ ।
ਦੁਰਗਾ ਦਾਸ ਚੰਡਾਲ ਸੀ ਯਾਰ ਇਹਦਾ ਉਹਦੇ ਨਾਲ ਰਲ ਧੂੜ ਧਮਾਉਂਦਾ ਸੀ ।
ਜਿਸਨੂੰ ਜੀ ਕਰੇ ਉਹਨੂੰ ਬੰਨ ਲੈਣਾ ਅੰਦਰ ਭੰਨ ਕੇ ਹੱਡੀਆਂ ਪਾਉਂਦਾ ਸੀ ।
ਸ਼ੀਸ਼ ਮੈਹਲ ਚਬਾਰਿਆਂ ਵਿਚ ਬੈਹ ਬੈਹ ਖਾ ਮਾਸ ਸ਼ਰਾਬ ਡਕਰਾਉਂਦਾ ਸੀ ।
ਲੱਤਾਂ ਚੁਕ ਉਤਾਂ ਨੂੰ ਲਾਭ ਸਿੰਘਾ ਅੰਬਰ ਵਾਂਗ ਟਟੀਰ ਟਕਾਉਂਦਾ ਸੀ ।

**ਨੋਟ :–** ਇਸ ਜੈਲਦਾਰ ਜਾਤ ਕੰਬੋ ਤੇ ਦੁਰਗਾ ਦਾਸ ਖਤਰੀ ਨੇ ਰਿਆਸਤ ਵਿਚ ਹਾਕਮਾਂ ਨੂੰ ਖੁਸ਼ ਕਰਨ ਵਾਸਤੇ ਉਹ ਜੁਲਮ ਕੀਤੇ ਜੋ ਲਿਖਣ ਤੋਂ ਬਾਹਰ ਹਨ । ਪਰਜਾ ਪਿਟ ਉਤਰੀ । ਪਰਜਾ ਦੀ ਕੌਣ ਸੁਣੇ ਚਾਰੋਂ ਤਰਫ ਮਾਰੋ ਮਾਰ ਹੋਵੇ । ਇਹਨਾਂ ਦਾ ਵਾਇਦਾ ਸੀ ਕਿ ਕਾਲੀ ਪੱਗ ਵਾਲਾ ਰਿਆਸਤ ਵਿਚ ਅਸਾਂ ਨਹੀਂ ਛਡਣਾ ।

## (ਬੈਂਤ)

ਲੱਕ ਇਹਨਾਂ ਨੇ ਬੰਨਿਆ ਜੁਲਮ ਉਤੇ ਪਈਆਂ ਦੇਸ਼ ਦੇ ਵਿਚ ਦੁਹਾਈਆਂ ਨੇ ।
ਮਾਰ ਪਿੰਡਾਂ ਦੇ ਪਿੰਡ ਰੁਆ ਛਡੇ ਕਰਦੇ ਰੋਜ ਹੀ ਮਾਰ ਕੁਟਾਈਆਂ ਨੇ ।
ਦੁਖੀ ਹੋ ਰਿਆਸਤੀ ਬੰਦਿਆਂ ਨੇ ਦਿਲ ਵਿਚ ਦਲੀਲਾਂ ਦੁੜਾਈਆਂ ਨੇ ।
ਹਾਈ ਕੋਰਟ ਜਸੋਵਾਲ ਬਬਰਾਂ ਦਾ ਅਰਜਾਂ ਆ ਕੇ ਇਥੇ ਸੁਣਾਈਆਂ ਨੇ ।
ਅਸਾਂ ਮਾਰ ਲਏ ਲੁਟ ਲਏ ਰੋਣ ਬਹਿ ਬਹਿ ਰੋ ਰੋ ਕੇ ਅੱਖਾਂ ਸੁਜਾਈਆਂ ਨੇ ।
ਧੀਆਂ ਭੈਣਾਂ ਵੀ ਕੁਟੀਆਂ ਘਰਾਂ ਅੰਦਰ ਫੜ ਗੁੱਤਾਂ ਤੋਂ ਧੂ ਮੰਗਵਾਈਆਂ ਨੇ ।
ਹਾਲ ਚਾਲ ਸਾਰਾ ਸੁਣ ਬਬਰਾਂ ਨੇ ਅਖਾਂ ਲਹੂ ਦੇ ਨਾਲ ਛੜਕਾਈਆਂ ਨੇ ।
ਕਠੇ ਕਰ ਜਵਾਨਾਂ ਦੀ ਮੰਡਲੀ ਨੂੰ ਮੂਹਰੇ ਧੂ ਤਲਵਾਰਾਂ ਦਖਾਈਆਂ ਨੇ ।
ਚੁਕੋ ਸੂਰਮਾ ਕਬਜੇ ਨੂੰ ਹੱਥ ਪਾ ਕੇ ਗੱਲਾਂ ਲਾ ਦੀਵਾਨ ਸੁਣਾਈਆਂ ਨੇ ।
ਮਸੇ ਵਾਂਗ ਮਾਰੋ ਇਸਦਾ ਸਿਰ ਲਾਹ ਕੇ ਘਰ ਮੋਏ ਦੀਆਂ ਮਿਲਣ ਵਧਾਈਆਂ ਨੇ ।

ਦੋਹਰੇ ਭਾ ਦੇ ਕੀਰਨੇ ਪਾਉਣ ਬਹਿ ਬਹਿ ਹੋ ਕੱਠੀਆਂ ਚਾਚੀਆਂ ਤਾਈਆਂ ਨੇ ।
ਦਾੜ ਚਾੜ ਦੁਹਥੜੀ ਪਈ ਬਜੇ ਦੇਵੇ ਬੈਠ ਕੇ ਨੈਣ ਓਲਾਈਆਂ ਨੇ ।
ਚੰਦ ਚੌਂਕ ਉਤਾਰੀਏ ਸਾਰੀਆਂ ਦੇ ਗੁਤਾਂ ਰੰਡੀਆਂ ਜਾਣ ਗੁੰਦਾਈਆਂ ਨੇ ।
ਸ਼ੀਸ਼ ਮਹਿਲਾਂ ਤੋਂ ਕਡਕੇ ਲਾਭ ਸਿੰਘਾ ਸਿੜੀਆਂ ਸਿਵੇ ਨੂੰ ਜਾਣ ਘਲਾਈਆਂ ਨੇ ।

**ਨੋਟ :—** ਇਹਨਾਂ ਰਿਆਸਤੀ ਬੰਦਿਆਂ ਦੀ ਅਰਜ ਸੁਣ ਜਥੇਦਾਰ ਕਰਮ ਸਿੰਘ ਦੌਲਤ ਪੁਰੀ ਨੇ ਸਾਰੇ ਜਵਾਨ ਕੱਠੇ ਕਰ ਲਏ। ਜਵਾਨਾਂ ਨੂੰ ਪੁਛਿਆ ਗਿਆ ਕਿਸੇ ਜਵਾਨ ਨੇ ਬਿਸ਼ਨ ਸਿੰਘ ਜ਼ੈਲਦਾਰ ਤੇ ਦੁਰਗਾ ਦਾਸ ਕਦੇ ਵੇਖੇ ਵੀ ਹਨ। ਇਹਨਾਂ ਦੀ ਸ਼ਕਲ ਦਾ ਕੋਈ ਵਾਕਫ ਹੈ। ਸਭ ਨੇ ਆਖਿਆ ਨਹੀਂ। ਫੇਰ ਕੀ ਬਣੇ ? ਇਕ ਨੰਬਰਦਾਰ ਰਾਣੂਬੂਹੇ ਦੇ ਨੇ ਆਖਿਆ ਕਿ ਮੈਂ ਦਸ ਸਕਦਾ ਹਾਂ ਕਿ ਰਾਜੇ ਦੀ ਲੜਕੀ ਦੀ ਸ਼ਾਦੀ ਹੈ ਕਪੂਰਥਲੇ। ਬਿਸ਼ਨ ਸਿੰਘ ਨੂੰ ਉਥੇ ਗਏ ਛੇ ਸੱਤ ਦਿਨ ਹੋ ਗਏ ਹਨ। ਅਜ ਕਲ ਆਉਣ ਵਾਲਾ ਹੈ। ਬਬਰਾਂ ਨੇ ਪੁਛਿਆ ਸਟੇਸ਼ਨ ਕੇਹੜਾ ਲਗਦਾ ਹੈ। ਉਹਨਾਂ ਆਖਿਆ ਚਹੇੜੂ ਤੋਂ ਰਾਣੂਬੂਹਾ ਕਿੰਨਾਂ ਹੈ। ਜੁਵਾਬ ਤਿੰਨ ਮੀਲ। ਫੈਸਲਾ ਹੋਇਆ ਕਿ ਦੋ ਜਵਾਨ ਜਾਓ ਸਟੇਸ਼ਣ ਤੋਂ ਰਾਣੂਬੂਏ ਤਕ ਰਸਤੇ ਦਾ ਨਕਸ਼ਾ ਖਿਚਕੇ ਲਿਆਓ। ਹੁਕਮ ਹੁੰਦੇ ਸਾਰ ਕਰਤਾਰ ਸਿੰਘ, ਸਰਦੂਲ ਸਿੰਘ ਬੂੜੇ ਬਾੜੀ ਦੇ ਤੇ ਬਾਬੂ ਸੰਤਾ ਸਿੰਘ ਤਿੰਨ ਜਵਾਨ ਅਰਦਾਸਾ ਸੋਧ ਕੇ ਬਬਰਾਂ ਨੂੰ ਫਤਹਿ ਬਲਾ, ਕੇ ਉਸੇ ਦਿਨ ਤੁਰ ਗਏ ਤੇ ਰਿਆਸਤ ਵਾਲਿਆ ਨੂੰ ਬਬਰਾਂ ਨੇ ਇਹ ਜਵਾਬ ਦਿਤਾ।

## (ਬੈਂਤ)

ਬਬਰਾਂ ਕਿਹਾ ਰਿਆਸਤੀ ਬੰਦਿਆਂ ਨੂੰ ਤੁਸਾਂ ਫਿਕਰ ਨਾਂ ਕੋਈ ਰਖਾਉਂਣਾ ਜੀ ।
ਪਕਾ ਦਿਲ ਦੇ ਵਿਚ ਜਕੀਨ ਬੰਨ੍ਹੋ ਅਸਾਂ ਦੰਤ ਜਲੰਧਰੀ ਢਾਉਂਣਾ ਜੀ ।
ਮੋਟਾ ਹੋ ਗਿਆ ਬੱਕਰੇ ਖਾ ਕੁੱਕੜ ਬਰਛਾ ਸੁਕੇ ਦਾ ਸੁਕਾ ਲੰਘਾਉਂਣਾ ਜੀ ।
ਜਿਵੇਂ ਲੋਕਾਂ ਦੇ ਪੁਤ ਕੁਟਾ ਸੁਟੇ ਘਰ ਇਹਦੇ ਵੀ ਪਿਟਣਾ ਪਾਉਂਣਾ ਜੀ ।
ਚੰਮ ਲਾਹਕੇ ਬੱਕਰੇ ਵਾਂਗ ਇਹਦਾ ਪੁੱਠਾ ਰੁੱਖਾਂ ਦੇ ਨਾਲ ਲਟਕਾਉਂਣਾ ਜੀ ।
ਇਥੇ ਅੜੇ ਅੰਗਰੇਜ ਨਾਂ ਰਹਿਣ ਦੇਣੇ ਚੁਕ ਛੱਡਣਾ ਸਾਂਫ ਬਛਾਉਂਣਾ ਜੀ ।
ਬੀਜ ਵਾਂਗ ਜਮੀਨ ਦੇ ਵਿਚ ਗਲਕੇ ਬੂਟਾ ਦੇਸ਼ ਅਜ਼ਾਦੀ ਦਾ ਲਾਉਂਣਾ ਜੀ ।
ਜਿਨੇ ਵਗਦੇ ਹੱਥ ਵਖਾ ਛਡੋ ਵਾਰ ਵਾਰ ਇਹ ਵਕਤ ਨਾਂ ਆਉਂਣਾ ਜੀ ।
ਦੁਰਗਾ ਦਾਸ ਚੰਡਾਲ ਵੀ ਨਾਲ ਇਸਦੇ ਲਗੀ ਬਾਹ ਤਾਂ ਮਾਰ ਮਕਾਉਂਣਾ ਜੀ ।
ਜਦੋਂ ਤਕ ਨਾਂ ਇਹਨਾਂ ਨੂੰ ਸੋਧ ਲਈਏ ਖਾਣਾ ਪੀਣਾ ਹਰਾਮ ਤੇ ਸੌਣਾਂ ਜੀ ।
ਬਬਰਾਂ ਬਾਝ ਕਿਨ ਖੇਤ ਦੇ ਵਿਚ ਆ ਕੇ ਮੱਥਾ ਨਾਲ ਗਦਾਰਾਂ ਦੇ ਡਾਉਂਣਾ ਜੀ ।
ਖਾਤਰ ਦੇਸ਼ ਤੇ ਕੌਮ ਦੀ ਲਾਭ ਸਿੰਘਾ ਅਸਾਂ ਆਪਣਾ ਖੂਨ ਬਹਾਉਂਣਾ ਜੀ ।

**ਨੋਟ :—** ਰਿਆਸਤ ਵਾਲਿਆਂ ਨੂੰ ਤੋਰ ਕੇ ਬਬਰਾਂ ਨੇ ਕਰਤਾਰ ਸਿੰਘ, ਸਰਦੂਲ ਸਿੰਘ ਮੌਜਾ ਬੂੜੇ ਬਾੜੀ ਦੇ ਤੇ ਬਾਬੂ ਸੰਤਾ ਸਿੰਘ ਤੋਰ ਦਿਤੇ ਰਸਤਾ ਦੇਖਣ ਨੂੰ। ਜਦੋਂ ਪਲਾਹੀ ਪਿੰਡ ਕੋਲ ਗਏ ਤਾਂ ਕਰਤਾਰ ਸਿੰਘ ਤੇ ਸਰਦੂਲ ਸਿੰਘ ਨੇ ਆਖਿਆ ਕਿ ਅਸਾਂ ਪਲਾਹੀ ਨੂੰ ਚਲ ਕੇ ਅੰਨ ਪਾਣੀ ਤਿਆਰ ਕਰਵਾਉਂਦੇ ਹਾਂ। ਬਾਬੂ ਜੀ ਤੂੰ ਰਸਤੇ ਦੇਖ ਆ। ਸੰਤਾ ਸਿੰਘ ਰਾਣੂਬੂਹੇ ਤੋਂ ਹੋ ਕੇ ਸਟੇਸ਼ਣ ਚਹੇੜੂ ਨੂੰ ਚਲਿਆ। ਉਸ ਹਵਾਲ ਨੂੰ ਪੜ੍ਹੋ।

## (ਬੈਂਤ)

ਬਾਬੂ ਚਲਿਆ ਰਾਹ ਦੇ ਦੇਖਣੇ ਨੂੰ ਅੱਗੋਂ ਆਉਂਦਾ ਕੌਮ ਗਦਾਰ ਭਾਈ ।
ਮੁੱਛਾਂ ਚਾੜ੍ਹੀਆਂ ਤੇ ਲੰਬੀ ਬੰਨ ਟਸਰੀ ਬੂਟ ਸੂਟ ਤੇ ਪਾ ਸਲਵਾਰ ਭਾਈ ।
ਸੋਟੀ ਕੀਮਤੀ ਹੱਥ ਦੇ ਵਿਚ ਉਸਦੇ ਘੋੜੀ ਆਉਂਦੀ ਬੰਨੀ ਰਫਤਾਰ ਭਾਈ ।
ਪੀਤੀ ਹੋਈ ਸ਼ਰਾਬ ਤੇ ਲਾਲ ਅੱਖਾਂ ਤੇਜ ਹੋਵੇ ਨਾਂ ਜਿਦ੍ਹਾ ਸਹਾਰ ਭਾਈ ।
ਇਹਦੇ ਪਾਪਦਾ ਬਣ ਕੇ ਇਕ ਮੁਸਲ ਖੜਾ ਖਾਣ ਦੇ ਲਈ ਤਿਆਰ ਭਾਈ ।
ਭਾਵੇਂ ਬਾਬੂ ਨਾਂ ਏਸ ਨੂੰ ਜਾਣਦਾ ਸੀ ਐਪਰ ਦਿਲ ਤੋਂ ਕੀਤੀ ਵਿਚਾਰ ਭਾਈ ।
ਦਿਲੋਂ ਸਮਝਿਆ ਇਹੋ ਜਰੂਰ ਹੋਣਾ ।ਬਸ਼ਨ ਸਿੰਘ ਨਾਮੇ ਜੈਲਦਾਰ ਭਾਈ ।
ਹੋਣੀ ਦਿਲ ਦੀ ਆਸ ਮੁਰਾਦ ਪੂਰੀ ਜੰਗ ਹੋਵੇਗਾ ਖੇਤ ਵਿਚਕਾਰ ਭਾਈ ।
ਐਪਰ ਜੇ ਹੋਵੇ ਕੋਈ ਹੋਰ ਬੰਦਾ ਤਾਂ ਫਿਰ ਦੇਵਾਂ ਨਾਂ ਜ਼ੁਲਮ ਗੁਜਾਰ ਭਾਈ ।
ਦਿਲ ਪੈ ਗਿਆ ਘੁੰਮਣ ਘੇਰ ਅੰਦਰ ਖੜਾ ਸੋਚ ਕਰਦਾ ਬਾਰਬਾਰ ਭਾਈ ।
ਹੁਣ ਕਰਾਂ ਤੇ ਕਰਾਂ ਮੈਂ ਕਰਾਂ ਵੀ ਕੀ ਔਖਾ ਲੱਭਣਾ ਇਹ ਸ਼ਿਕਾਰ ਭਾਈ ।
ਜੇ ਕਰ ਦਿਲ ਨੂੰ ਪਕਾ ਜਕੀਨ ਹੋਵੇ ਗੋਲੀ ਮਾਰ ਕੇ ਕਰ ਦਿਆਂ ਪਾਰ ਭਾਈ ।
ਆਇਆ ਕੋਲ ਤਾਂ ਘੋੜੀ ਦੀ ਵਾਗ ਫੜਕੇ ਮੁਖੋਂ ਬਾਬੂ ਨੇ ਕਿਹਾ ਪੁਕਾਰ ਭਾਈ ।
ਬਾਬੂ ਆਖਿਆ ਆਪ ਦਾ ਨਾਮ ਕੀ ਹੈ ਉਸ ਹੋ ਕੇ ਅੱਗੋਂ ਹੁਸ਼ਿਆਰ ਭਾਈ ।
ਜੇਹੜਾ ਘੋੜੀ ਦੀ ਬਾਗ ਨੂੰ ਹੱਥ ਪਾਇਆ ਉਤੇ ਮਾਰੀਆਂ ਸੋਟੀਆਂ ਮਾਰ ਭਾਈ ।
ਝਟ ਪਟ ਉਸ ਘੋੜੀ ਤੋਂ ਛਾਲ ਮਾਰੀ ਜੱਫਾ ਲਵਾਂਗਾ ਬਬਰ ਨੂੰ ਚਾਰ ਭਾਈ ।
ਬਿਸ਼ਨ ਸਿੰਘ ਜਾਂ ਬਾਬੂ ਨੂੰ ਫੜਨ ਪਿਆ ਬਬਰ ਗਜ ਕੇ ਸ਼ੇਰ ਲਲਕਾਰ ਭਾਈ ।
ਬਬਰ ਲਾ ਜਮੀਨ ਤੇ ਇਕ ਗੋਡਾ ਗੋਲੀ ਵਿਚ ਛਾਤੀ ਦਿਤੀ ਮਾਰ ਭਾਈ ।
ਪਹਿਲੀ ਮਾਰੀ ਤਾਂ ਗੋਡਿਆਂ ਭਾਰ ਡਿਗਿਆ ਦੂਜੀ ਗਈ ਕਲੇਜਿਓਂ ਪਾਰ ਭਾਈ ।
ਤਿੰਨ ਚਾਰ ਉਤੋਂ ਥਲੀ ਠੋਕ ਦਿਤੀਆਂ ਖੂਨ ਚਲਿਆ ਬੰਨ ਕੇ ਧਾਰ ਭਾਈ ।
ਦੜਾ ਦਾੜ ਮੱਥੇ ਵਿਚ ਮਾਰ ਦਿਤੀਆਂ ਟੁਕੜੇ ਖੋਪਰੀ ਹੋਈ ਹਜ਼ਾਰ ਭਾਈ ।
ਛਾਲ ਮਾਰ ਛਾਤੀ ਉਤੇ ਬੈਠ ਗਿਆ ਉਹਨੂੰ ਸੁਟਕੇ ਪਿਠ ਦੇ ਭਾਰ ਭਾਈ ।
ਜਦੋਂ ਵਿਚ ਕਲੇਜੇ ਦੇ ਲੱਗੀਆਂ ਨੇ ਡਿਗਾ ਹੋ ਕੇ ਧੌਣ ਦੇ ਭਾਰ ਭਾਈ ।
ਉਤੇ ਹਿਕ ਦੇ ਬਾਬੂ ਨੇ ਬੈਠ ਕੇ ਤੇ ਗੱਲਾਂ ਪੁਛੀਆਂ ਫੇਰ ਲਲਕਾਰ ਭਾਈ ।
ਲਾਭ ਸਿੰਘ ਬੁਲਾ ਖਾਂ ਮਦਤੀ ਨੂੰ ਦੁਰਗਾ ਦਾਸ ਤੇਰਾ ਜਿਹੜਾ ਯਾਰ ਭਾਈ ।

## ਤਥਾ ਬੈਂਤ

ਬਾਬੂ ਬੈਹ ਗਿਆ ਮਾਰ ਕੇ ਛਾਲ ਉਤੇ ਗੱਲਾਂ ਏਸ ਤੋਂ ਪੁਛ ਪਛਾਉਂਣੇ ਨੂੰ ।
ਜਾਂਦੀ ਵਾਰ ਦੀ ਖੁਲੀ ਜਮੀਨ ਦੇਵਾਂ ਤੇਰੇ ਹਲ ਚਲਣ ਖੇਤ ਵਾਹੁਣੇ ਨੂੰ ।
ਤੇਰੇ ਵਿਚ ਚੁਬਾਰੇ ਮਸਕੋਟ ਲਗਣ ਕੁੱਕੜ ਬੱਕਰੇ ਖਾ ਮਕਾਉਂਣੇ ਨੂੰ ।
ਪੀਵੇਂ ਬੋਤਲਾਂ ਬਿਸਕੀ ਰੰਮ ਦੀਆਂ ਫਿਟੇ ਮੈਹੇਂ ਦੇ ਵਾਂਗ ਡਕਰਾਉਂਣੇ ਨੂੰ ।
ਧਾੜ ਚਾੜ ਕੇ ਪੁਲਸ ਫਗਵਾੜੀਆਂ ਦੀ ਰੋਜ ਲੋਕਾਂ ਦੇ ਪੁਤ ਕੁਟਾਉਂਣੇ ਨੂੰ ।
ਲੰਮੇ ਡਾਹਕੇ ਪਲੰਗ ਨਵਾਰ ਦੇ ਤੂੰ ਨਫਰ ਖੜੇ ਨੇ ਛੇਜ ਬਛਾਉਂਣੇ ਨੂੰ ।
ਐਸ ਵੇਲੇ ਨੂੰ ਵੀ ਕਦੇ ਯਾਦ ਕੀਤਾ ਕਾਲ ਬਲੀ ਦੇ ਗੇੜ ਵਿਚ ਆਉਂਣੇ ਨੂੰ ।
ਤੈਨੂੰ ਪਤਾ ਨਹੀਂ ਬਬਰ ਦੇ ਬੇਲਣੇ ਦਾ ਗੱਡ ਲਿਆ ਗਦਾਰ ਲੰਘਾਉਂਣੇ ਨੂੰ ।

ਕਾਲਾ ਮੂੰਹ ਤੇਰਾ ਨੀਲੇ ਪੈਰ ਤੇਰੇ ਗਲ ਛਿੱਤਰਾਂ ਹਾਰ ਲਟਕਾਉਂਣੇ ਨੂੰ ।
ਗੰਗੂ ਚੰਦੂ ਦਾ ਜੰਮ ਭਰਾਓ ਪਿਆ ਰੋਜ ਖੂਨ ਗਰੀਬ ਦੇ ਨਹਾਉਂਣੇ ਨੂੰ ।
ਪੁਤ ਲੋਕਾਂ ਦੇ ਬੰਨ ਕੇ ਜੇਲ ਸੁਟੇ ਕੁਰਸੀ ਹਾਕਮਾਂ ਦੇ ਵਿਚ ਡਾਉਂਣੇ ਨੂੰ ।
ਦੁਰਗਾ ਦਾਸ ਨੂੰ ਸੱਦ ਲੈ ਦੇਹ ਤਾਰਾਂ ਆਵੇ ਭੱਜ ਕੇ ਤੇਰੇ ਬਚਾਉਂਣੇ ਨੂੰ ।
ਮੇਰਾ ਜੀਓ ਕਰਦਾ ਤੇਰਾ ਲਹੂ ਪੀਵਾਂ ਲਗੀ ਦਿਲ ਦੀ ਅੱਗ ਬੁਝਾਉਂਣੇ ਨੂੰ ।
ਸ਼ੀਸ਼ ਮਹਿਲਾਂ ਨੂੰ ਨੇਉਂ ਕੇ ਟੇਕ ਮੱਥਾ ਸਿੜੀ ਜਾਊਗੀ ਸਿਵੇ ਵਿਚ ਸਾਉਂਣੇ ਨੂੰ ।
ਹੋਰ ਕਈ ਤੇਰੇ ਨਾਲ ਤੋਰ ਦੇਣੇ ਠਾਣੇ ਡੈਰੀਆਂ ਰੋਜ ਪਚਾਉਂਣੇ ਨੂੰ ।
ਘਰ ਘਰ ਪੈਣਗੇ ਪਿਟਣੇ ਲਾਭ ਸਿੰਘਾ ਨੈਣ ਬੈਠੂ ਗੀ ਵਿਚ ਅਲਾਉਂਣੇ ਨੂੰ ।

## (ਕੋਰੜਾ ਛੰਦ)

ਜਦੋਂ ਪਹਿਲੀ ਮਾਰੀ ਤਾਂ ਭੜਕਾ ਉਠਿਆ, ਘੋੜੀ ਉਤੋਂ ਧੌਣ ਭਾਰ ਭੁੰਨੇ ਸੁਟਿਆ,
ਦੇ ਦਿਆਂ ਮੁਰੱਬੇ ਜੇ ਜਮੀਨਾਂ ਥੋੜੀਆਂ, ਭੇਜ ਮੁੰਡੇ ਜੇਲ ਨੂੰ ਬਣਾ ਜੋੜੀਆਂ ।
ਅਸੀਂ ਜੇਲਾਂ ਵਿਚ ਜਾ ਕੇ ਪੀਂਹਦੇ ਚੱਕੀਆਂ, ਤੁਸਾਂ ਸ਼ੀਸ਼ ਮਹਿਲ 'ਚ ਉਡਾਵੋ ਫੱਕੀਆਂ,
ਮੁਰਗੇ ਦੇ ਵਾਂਗ ਜੇ ਨਾਂ ਧੌਣਾਂ ਤੋੜੀਆਂ, ਭੇਜ ਮੁੰਡੇ ਜੇਲ ਨੂੰ ਬਣਾ ਜੋੜੀਆਂ ।
ਸਿਰੋਂ ਪੈਰੀਂ ਤੇਰੇ ਵਿਚ ਪਾਵਾਂ ਚੀਰਨੇ, ਬਜਣ ਦੁਹੱਥੜਾਂ ਤੇ ਪੈਣ ਕੀਰਨੇ,
ਤੇਰੇ ਵੀ ਕਲੇਜੇ 'ਚ ਉਠਣ ਫੋੜੀਆਂ, ਭੇਜ ਮੁੰਡੇ ਜੇਲ ਨੂੰ ਬਣਾ ਜੋੜੀਆਂ ।
ਤੀਜੀ ਗੋਲੀ ਮਾਰੀ ਖੁਲ ਗਿਆ ਫਟ ਜੀ, ਗਈ ਗੋਲੀ ਸਿੰਘ ਦੀ ਕਲੇਜਾ ਚੱਟੀਜੀ,
ਸਾਂਭ ਲੈ ਮੁਰੱਬੇ ਬੰਨੀ ਲਾ ਲੈ ਰੋੜੀਆਂ, ਭੇਜ ਮੁੰਡੇ ਜੇਲ ਨੂੰ ਬਣਾ ਜੋੜੀਆਂ ।
ਮੋਟੇ ਜਿਹੜੇ ਹੋਏ ਬੀਦ ਵਾਲੇ ਬੱਕਰੇ, ਵਡ ਵਡ ਧੌਣਾਂ ਨੂੰ ਬਨਾਉਂਣੇ ਡੱਕਰੇ,
ਖੱਲਾਂ ਉਤੋਂ ਲਾਹਕੇ ਜਾਣੀਆਂ ਨਚੋੜੀਆਂ, ਭੇਜ ਮੁੰਡੇ ਜੇਲ ਨੂੰ ਬਣਾ ਜੋੜੀਆਂ ।

**ਨੋਟ :—** ਇਸ ਪਰ ਬਾਬੂ ਦੀ ਆਪਣੀ ਬਣਾਈ ਹੋਈ ਕਵਿਤਾ ਚਾਰ ਲਾਇਨਾਂ

## (ਬੈਂਤ)

ਪਹਿਲੀ ਮਾਰੀ ਤਾਂ ਗੋਡਿਆਂ ਭਾਰ ਡਿਗਿਆ ਦੂਜੀ ਗਈ ਕਲੇਜਿਓ ਪਾਰ ਵੀਰੋ ।
ਤੀਜੀ ਮਾਰੀ ਤਾਂ ਫੁਟ ਗਈ ਧੌਣ ਸੋਹਣੀ ਮੁਰਦਾ ਪੈ ਗਿਆ ਲੱਤਾਂ ਪਸਾਰ ਵੀਰੋ ।
ਥਾਂ ਥਾਂ ਪਰ ਗੋਲੀਆਂ ਬਜੀਆਂ ਸੀ ਵਿਚੋਂ ਵਗਦੀ ਖੂਨ ਦੀ ਧਾਰ ਵੀਰੋ ।
ਜਦੋਂ ਦੇਖਿਆ ਮੋਰਚਾ ਫਤਹਿ ਹੋਇਆ ਸਿੰਘ ਗਿਆ ਦੁਲੱਤੀਆਂ ਮਾਰ ਵੀਰੋ ।

## [ਕਬਿੱਤ]

ਬੰਨ੍ਹਦਾ ਹੈ ਦਾਹਵੇ ਬੰਦਾ ਬੜੇ ਲੰਬੇ ਖਾਲਸਾ ਚੌਵੀ ਘੰਟੇ ਮੌਤ ਇਹਦੇ ਸੀਸ ਉਤੇ ਖਲੀ ਹੈ ।
ਚਲਦਾ ਖਰਾਸ ਕਾਲ ਸੂਰਮੇ ਦਾ ਦੇਸ਼ ਉਤੇ ਦਾਣਿਆ ਦੇ ਵਾਂਗ ਜਾਂਦਾ ਦੁਨੀਆਂ ਦਲੀ ਹੈ ।
ਅੱਖਾਂ ਨਾਲ ਦੇਖ ਕੇ ਤੇ ਫੇਰ ਵੀ ਪਤੀਜਦਾ ਨਾਂ ਛਡਕੇ ਪਸਾਰੇ ਲਗੀ ਹੋਈ ਚਲੋ ਚਲੀ ਹੈ ।
ਏਸ ਵੀ ਗਦਾਰ ਲਕ ਬੰਨਿਆਂ ਜੁਲਮ ਉਤੇ ਸੋਹਣੀ ਤਤੀ ਤਤੀ ਗੋਲੀ ਸੀਨੇ ਵਿਚ ਢਲੀ ਹੈ ।
ਕਾਲਾ ਮੁਖ ਨੀਲੇ ਪੈਰ ਚੰਦਰੇ ਦੇ ਜਗ ਵਿਚ ਕਾਲਖ ਕਲੰਕ ਵਾਲੀ ਮੱਥੇ ਉਤੇ ਖਲੀ ਹੈ ।
ਲੈਣ ਪਈ ਸ਼ਹੀਦਾਂ ਵਲੋਂ ਲਾਣ ਤਾਈਂ ਪੈਣ ਇਹਨੂੰ ਜਾਕੇ ਗਦਾਰਾਂ ਵਿਚ ਰੂਹ ਏਹਦੀ ਰਲੀ ਹੈ ।
ਬਬਰਾਂ ਨੇ ਤੋੜਿਆ ਚਤੌੜ ਗੜ੍ਹ ਬੜਾ ਪਕਾ ਧਰ ਲਿਆ ਜਿਨਾਂ ਸੀਸ ਆਪਣੇ ਨੂੰ ਤਲੀ ਹੈ ।

ਯਾਰ ਉਤੇ ਡੋਰੀ ਛਡ ਧੋ ਹੱਥ ਜਿੰਦਗੀ ਤੋਂ ਖੋਹਲ ਦਰਵਾਜਾ ਲੰਘੇ ਯਾਰ ਵਾਲੀ ਗਲੀ ਹੈ।
ਹਡ ਮਾਸ ਪਿੰਜਰੇ ਦਾ ਮਾਣ ਕਾਹਦਾ ਖਾਲਸਾ ਜੀ ਮੌਤ ਨਾਂ ਕਿਸੇ ਦੇ ਕੋਲੋਂ ਕਦੇ ਵੀ ਲੈ ਟਲੀ ਹੈ।
ਐਵੇਂ ਇਹ ਬਹਾਨਾ ਜਿਹਾ ਬਣ ਜਾਂਦਾ ਲਾਭਸਿੰਘਾ ਪਾਪੀਆਂ ਦੇ ਮਾਰਨੇ ਨੂੰ ਆਪ ਮਹਾਂਬਲੀ ਹੈ।

**ਨੋਟ :—** **ਜਦੋਂ ਇਹ ਗਦਾਰ ਮਾਰ ਸੁਟਿਆ ਤਾਂ ਇਸਦਾ ਪਤਰਾ ਨਿੱਕਾ ਜਿਹਾ ਖੜਾ ਰੋ ਰਿਹਾ ਸੀ। ਬਾਬੂ ਨੇ ਘੋੜੀ ਪਰ ਚਾੜ੍ਹ ਕੇ ਘੋੜੀ ਤੋਰ ਦਿਤੀ। ਜਦੋਂ ਰਾਣੂਬੂਹੇ ਸੁੰਨੀ ਘੋੜੀ ਜਾ ਕੇ ਵੜੀ, ਉਸ ਹਾਲ ਨੂੰ ਪੜ੍ਹੋ।**

## (ਬੈਂਤ)

ਵੱਜ ਪਈ ਦੁਹਥੜੀ ਦੇਖ ਦਿਆਂ ਘੋੜੀ ਵੜੀ ਸੁੰਨੀ ਜਦੋਂ ਬੇਹੜੇ ਨੀ।
ਸੁਣ ਕੇ ਆਉਂਣ ਲੋਕੀ ਬਾਹੋਦਾਹ ਨੱਠੇ ਜਿਹੜੇ ਸੀ ਕੋਈ ਨੇੜੇ ਤੇੜੇ ਨੀ।
ਹਾਏ ਹਾਏ ਦੀ ਪਈ ਹਾ ਹਾ ਓਥੇ ਹੱਥ ਲਹੂ ਦੇ ਨਾਲ ਲਬੇੜੇ ਨੀ।
ਉਹਨਾਂ ਆਣ ਕੇ ਧੌਣ ਮਰੋੜ ਸੁਟੀ ਕੱਚੇ ਭੂਤਨੇ ਜਿਹੜੇ ਛੇੜੇ ਨੀ।
ਧਰਕੇ ਦੇਖ ਹੁਣ ਸੁਟਨੇ ਪੀੜ ਸਾਰੇ ਇਹ ਗਦਾਰ ਹੈ ਜਿਹੜੇ ਜਿਹੜੇ ਨੀ।
ਅਜ ਵਿਚ ਮੈਦਾਨ ਦੇ ਕੱਢ ਲਏ ਖਾਂਦਾ ਦੁੱਧ ਮਲਾਈਆਂ ਪੇੜੇ ਨੀ।
ਕਦੇ ਦਾਦੇ ਦੀ ਤੇ ਕਦੇ ਪੋਤਰੇ ਦੀ ਘੁੰਮ ਘੁੰਮ ਕੇ ਆਉਂਦੇ ਗੇੜੇ ਨੀ।
ਇਹਨਾਂ ਕੌਮ ਗਦਾਰਾਂ ਪਾਪੀਆਂ ਦੇ ਹੁੰਦੇ ਗੋਲੀ ਦੇ ਨਾਲ ਨਬੇੜੇ ਨੀ।
ਕੀਤੇ ਬਹੁਤ ਗਰੀਬਾਂ ਤੇ ਲਾਭ ਸਿੰਘਾ ਜੁਲਮ ਲਿਖੀਏ ਕਿਹੜੇ ਕਿਹੜੇ ਨੀ।

## ਲੋਕਾਂ ਦੀ ਵਿਚਾਰ

### (ਬੈਂਤ)

ਇਥੇ ਘੜੀ ਵਿਚ ਪਿਟਣਾ ਪੈ ਗਿਆ ਕਿਉਂ ਸੁਣਕੇ ਆਂਡ ਗੁਆਂਢ ਦੇ ਆਉਂਣ ਇਸਦੇ।
ਬਾਹੋਦਾਹ ਦੁਹਥੜੀ ਬਜਦੀ ਤੋਂ ਲੱਗੀ ਬੈਠ ਕੇ ਨੈਨ ਉਲਾਉਂਣ ਇਸਦੇ।
ਖੋਹਲ ਖੋਹਲ ਕੇ ਪੱਟੀਆਂ ਲਿਸ਼ਕ ਦੀਆਂ ਲਗੇ ਗਲਾਂ ਵਿਚ ਕੇਸ ਲਟਕਾਉਂਣ ਇਸਦੇ।
ਜਿਥੇ ਲਗਦੇ ਸੀ ਵਾਜੇ ਤਵਿਆਂ ਦੇ ਰੰਨਾਂ ਰੋਣ ਦੀਆਂ ਘੋੜੀਆਂ ਗਾਉਂਣ ਇਸਦੇ।
ਮੱਥਾ ਟੇਕਕੇ ਪਲੰਗ ਨਵਾਰੀਆਂ ਨੂੰ ਸਿੜੀ ਸਿਵੇ ਦੇ ਲਈ ਬਨਾਉਂਣ ਇਸਦੇ।
ਲਾਹ ਲਾਹ ਕੇ ਰੇਸ਼ਮੀ ਸੂਟ ਸੋਹਣੇ ਕਫਣ ਮੁਰਦੇ ਦੇ ਲਈ ਸਵਾਉਂਣ ਇਸਦੇ।
ਜਿਹੜੀ ਧੌਣ ਨਹੀਂ ਸੀ ਲਿਫਦੀ ਵਾਂਗ ਮੈਹੇਂ ਫੜ ਫੜ ਕੇ ਯਾਰ ਉਠਾਉਂਣ ਇਸਦੇ।
ਨਹਾਉਂਦਾ ਹੁੰਦਾ ਸੀ ਅਤਰ ਫਲੇਲ ਲਾ ਲਾ ਕਾਂ ਬੋਟੀਆਂ ਕੱਢ ਕੇ ਖਾਉਂਣ ਇਸਦੇ।
ਸ਼ੀਸ਼ ਮਹਿਲਾਂ ਦੇ ਸੁਫਨੇ ਆਉਂਣ ਗੇ ਈ ਚੁਕ ਰਾਹ ਮਸਾਣਾਂ ਦੇ ਪਾਉਂਣ ਇਸਦੇ।
ਲੋਕ ਕਰਨ ਗੱਲਾਂ ਇਸਦੇ ਜੁਲਮ ਦੀਆਂ ਚਿਤਾ ਵਿਚ ਮਸਾਣਾਂ ਚਨਾਉਂਣ ਇਸਦੇ।
ਲੋਥ ਰਖ ਕੇ ਸਿੜੀ ਪੁਰ ਚੰਦਰੇ ਦੀ ਨਾਲੇ ਰੋਣ ਤੇ ਨਾਲੇ ਬਨਾਉਂਣ ਇਸਦੇ।
ਬਾਲਣ ਪਾ ਕੇ ਲੋਕਾਂ ਦੀਆਂ ਫਿਟਕਾਂ ਦਾ ਲਾਬੂ ਚਾਰ ਚੁਫੇਰਿਓਂ ਲਾਉਂਣ ਇਸਦੇ।
ਕੁੰਭੀ ਨਰਕ ਵਿਚ ਸੁਟਿਆ ਗਿਆ ਪਾਪੀ ਕੀੜੇ ਕੱਟਕੇ ਮਾਸ ਨੂੰ ਖਾਉਂਣ ਇਸਦੇ।
ਜੁਗਾਂ ਤੀਕ ਸੜਦਾ ਰਹੂ ਨਰਕ ਅੰਦਰ ਕੋਈ ਆਉਂਣ ਨਾਂ ਭਠ ਬੁਝਾਉਂਣ ਇਸਦੇ।
ਕਾਲਾ ਮੂੰਹ ਨੀਲੇ ਪੈਰ ਲਾਭ ਸਿੰਘਾ ਗਲ ਛਿੱਤਰਾਂ ਹਾਰ ਲਟਕਾਉਂਣ ਇਸਦੇ।

**ਨੋਟ :–** ਜਦੋਂ ਇਸ ਗਦਾਰ ਦਾ ਪਤਾ ਲਗਾ ਕਿ ਨਰਕ ਨੂੰ ਬਬਰਾਂ ਨੇ ਤੋਰ ਦਿਤਾ ਤਾਂ ਗਰੀਬਾਂ ਨੇ ਸੌ ਸੌ ਅਸੀਸ ਦਿਤੀ ਤੇ ਸ਼ੁਕਰ ਕੀਤਾ। ਇਸਦੇ ਯਾਰ ਦੁਰਗਾ ਦਾਸ ਪਰ ਤਿੰਨ ਵਾਰ ਪਿਕਟ ਲਾਈ ਪਰ ਇਹ ਹੱਥ ਨਾਂ ਆਇਆ। ਇਸਦੇ ਮਰਨ ਦੀ ਦੇਰ ਸੀ। ਇਕ ਵਾਰ ਤਰਥਲ ਮਚ ਗਈ।

## ਕੋਰੜਾ ਛੰਦ

ਸੁੰਨੀ ਘੋੜੀ ਦੇਖ ਕੇ ਬਜੀ ਦੁਹਥੜੀ, ਲਥ ਗਿਆ ਫੈਂਟਾ ਬੰਨ ਦਿਤੀ ਗੱਠੜੀ,
ਹੋਰਕੀ ਨਤੀਜਾ ਹੋਣਾ ਗੰਦੀ ਕਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਮਾਸ ਤੇ ਸ਼ਰਾਬ ਜਿਥੇ ਆਂਡੇ ਭੁੱਜਦੇ, ਪਾਉਂਣ ਰੰਨਾਂ ਕੀਰਨੇ ਤੇ ਬੂਥੇ ਸੁਜਦੇ,
ਲੈਂਦਾ ਸੀ ਇਨਾਮ ਇਹ ਤਾਂ ਸਰਕਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਕਢ ਦਿਤੀ ਮਿੱਝ ਅਜ ਓਸ ਟਿੰਡ ਦੀ, ਜਾ ਕੇ ਕੁਟਾਂਦੇ ਸੀ ਪਿੰਡਾਂ ਦੇ ਪਿੰਡ ਜੀ।
ਲਾਣਤਾਂ ਦੀ ਖੱਟੀ ਚੰਦਰੇ ਵਿਪਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਪੁਛਣ ਗੁਆਂਢਣਾਂ ਹਵਾਲ ਦਸ ਨੀ, ਬਬਰਾਂ ਦੇ ਜਾਲ ਕਿਥੋਂ ਗਿਆ ਫਸ ਨੀ,
ਬਚਦਾ ਨਾਂ ਕੋਈ ਵੀ ਜਿਨਾਂ ਦੀ ਮਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਹਾਕਮਾਂ 'ਚ ਰਹਿਣਾ ਸ਼ਤਰੰਜ ਖੇਲਣਾ, ਪਤਾ ਨਹੀਂ ਸੀ ਚਲੂ ਬਬਰਾਂ ਦਾ ਬੇਲਣਾ,
ਪੀੜ ਕੇ ਤੇ ਰਤੁ ਕਢਦੇ ਨਿਤਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਇਹ ਵੀ ਜਾਕੇ ਲੋਕਾਂ ਦੇ ਭਨਾਂਦਾ ਹੱਡ ਸੀ, ਮਾਰੀ ਗੋਲੀ ਵੱਖੀ ਵਿਚੋਂ ਪਾਰ ਕਢਦੀ,
ਭਰ ਲਓ ਗਲਾਸ ਖੂਨ ਵਾਲੀ ਧਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਜਰੜ ਜਰੜ ਭਜ ਗਈਆਂ ਹੱਡੀਆਂ, ਤਿੰਨ ਚਾਰ ਉਤੋਂ ਥਲੀ ਹੋਰ ਛਡੀਆਂ,
ਬਿਛੜ ਗਿਆ ਹੀਰਾ ਹਰਨਾਂ ਦੀ ਡਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਈ ਬਾਰ ਤੋਂ।
ਦੇਖਣੇ ਨਾਂ ਮੰਗਦਾ ਸੀ ਪੱਗ ਕਾਲੀ ਨੂੰ, ਸਦ ਖਾਂ ਪੁਲਸ ਫਗਵਾੜੇ ਵਾਲੀ ਨੂੰ,
ਮਦਤਾਂ ਮਗਾਲੈ ਦੁਰਗੇ ਤੂੰ ਯਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਨਾਲੇ ਯਾਦ ਰਖ ਲੈ ਦਿਹਾੜਾ ਅਜ ਦਾ, ਮਾਰ ਤੇਲੀ ਪੌਣ ਜੋ ਗਜੇ ਨੂੰ ਬਜਦਾ,
ਭੇਜੇ ਤੈਨੂੰ ਡਾਲੀ ਕਾਬਲ ਕੰਧਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ
ਜਿਨ੍ਹਾਂ ਦੇ ਸਿਰ ਮਾਰਦਾ ਤੂੰ ਹੁੰਦਾ ਜੁਤ ਜੀ, ਜੇਲ ਜਾਣ ਵਾਸਤੇ ਲੋਕਾਂ ਦੇ ਪੁਤ ਜੀ,
ਫੁਟਣੀ ਸੀ ਧੌਣ ਏ ਜੁਲਮ ਭਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਜੇਲ ਖਾਨੇ ਭੇਜਦਾ ਹੈ ਪੁਤ ਜਗ ਦੇ, ਤੇਰੇ ਲਈ ਚਬਾਰੇ ਮਸਕੋਟ ਲਗਦੇ.
ਜਿਵੇਂ ਲੋਹਾ ਸਿਧਾ ਹੋਂਵਦਾ ਲੁਹਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਜਿਵੇਂ ਗੰਨਾ ਬੇਲਣੇ 'ਚ ਪੀੜ ਸੁਟੀ ਦਾ, ਕਰਨ ਦਿਦਾਰ ਲੋਕ ਧੌਣ ਫੁਟੀ ਦਾ,
ਮਿਲੂਗੀ ਜਗੀਰ ਪਈ ਜਿਲੇ ਹਿਸਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਅੰਬਰ ਟਕਾਉਂਦਾ ਸੀ ਤੂੰ ਤਾਣ ਲਤ ਜੀ, ਮਿਲ ਕੇ ਪੁਲਸ ਨਾਲ ਚੁਕੀ ਅੱਤ ਜੀ,
ਤੇਰੇ ਜਿਹੇ ਗੰਦੇ ਚਲਵ ਸੰਸਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।
ਮਾਰ ਮਾਰ ਧਾਹਾਂ ਰੰਨਾਂ ਘਰ ਰੋਣ ਜੀ, ਵੰਨੋ ਵੰਨੀ ਸੰਭਥਾਂ ਸਿਆਪੇ ਹੋਣ ਜੀ,
ਝੱਲਿਆ ਨਾ ਜਾਵੇ ਭਈ ਪਿਆਰੀ ਨਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ,ਤੋਂ।
ਅਜ ਘਰ ਬਾਰ ਨਹੀਂ ਚੰਗਾ ਲਗਦਾ, ਉਠਦੇ ਓਬਾਲ ਤੇ ਕਲੇਜਾ ਭੁਜਦਾ,
ਟੁਟ ਗਈ ਪੀਂਘ ਚੜ੍ਹੀ ਵਿਚਕਾਰ ਤੋਂ, ਮਿਲ ਗਏ ਮੁਰੱਬੇ ਬਬਰਾਂ ਦੀ ਬਾਰ ਤੋਂ।

## (ਬੈਂਤ)

ਲੋਕੀ ਦੇਖਦੀ ਅੱਖਾਂ ਦੇ ਨਾਲ ਯਾਰੋ ਹੁੰਦੇ ਇਹ ਹੀ ਗਦਾਰਾਂ ਦੇ ਹਾਲ ਭਾਈ
ਜੈਸਾ ਤੈਸੇ ਨੂੰ ਕੋਈ ਜਰੂਰ ਮਿਲਦਾ ਆਉਂਦਾ ਬੰਦੇ ਨੂੰ ਫੇਰ ਖਿਆਲ ਭਾਈ ।
ਇੱਟ ਚੁਕਦੇ ਦੇ ਬੱਟਾ ਠੋਕੀਏ ਜੇ ਸੋਹਣਾ ਲਗਦਾ ਬਜਦਾ ਤਾਲ ਭਾਈ ।
ਇਥੇ ਇਸ ਗਦਾਰ ਸਿਰ ਪਾ ਮਿੱਟੀ ਲਿਖਾਂ ਅਗਲਾ ਹੁਣ ਹਵਾਲ ਭਾਈ ।
ਓਧਰ ਪਿੱਠੂ ਅੰਗਰੇਜ ਨੂੰ ਆਣ ਪਏ ਧੂੜ ਬਬਰਾਂ ਨੇ ਦਿਤੀ ਉਠਾਲ ਭਾਈ ।
ਸਾਸ ਨਾਲ ਹਟਕੋਰਿਆਂ ਆਉਂਣ ਲੱਗੇ ਬੈਠ ਬੈਠ ਕੇ ਕਰਨ ਖਿਆਲ ਭਾਈ ।
ਰਾਤ ਸੌਂਣ ਗਦਾਰ ਨਾਂ ਮੰਜਿਆਂ ਤੇ ਲੈਣ ਤੂੜੀ ਵਾਲੇ ਕੋਠੇ ਭਾਲ ਭਾਈ ।
ਦੁਖ ਦੇਂਵਦੇ ਲੋਕਾਂ ਨੂੰ ਲਾਭ ਸਿੰਘਾ ਭੂਹੇ ਹੋ ਕੇ ਇਹ ਚੰਡਾਲ ਭਾਈ ।

## ਤਥਾ ਬੈਂਤ

ਸ਼ੁਕਰ ਸ਼ੁਕਰ ਦੀ ਦੇਸ਼ ਤੋਂ ਅਵਾਜ ਆਈ ਲਿਆ ਦੰਤ ਜਲੰਧਰੀ ਮਾਰ ਲੋਕੋ ।
ਜਿਥੋਂ ਤਕ ਵੀ ਲੋਕਾਂ ਨੂੰ ਪਤਾ ਲਗਾ ਸਿਰ ਸੌ ਸੌ ਪਾਉਂਣ ਫਿਟਕਾਰ ਲੋਕੋ ।
ਆਣ ਕੌਮ ਗਦਾਰਾਂ ਨੂੰ ਪਿਆ ਕਾਂਬਾ ਦੇਖ ਬਬਰਾਂ ਦੀ ਤਲਵਾਰ ਲੋਕੋ ।
ਚੇਲੇ ਵਾਂਗ ਕੰਬਣ ਲਗੇ ਬਾਹੋਦਾਹੀ ਖੌਫ ਖਾ ਕੇ ਕੌਮ ਗਦਾਰ ਲੋਕੋ ।
ਇਕ ਦੂਸਰੇ ਦੇ ਮੂਹਰੇ ਵਾਂਗ ਭੇਡਾਂ ਲਗ ਠਾਣਿਆਂ ਨੂੰ ਪਈ ਲਾਰ ਲੋਕੋ ।
ਬੂਟ ਝਾੜਨੇ ਵਾਲੇ ਹਜੂਰ ਦੇ ਹਾਂ ਮਦਤ ਕਰੋ ਸਾਡੀ ਸਰਕਾਰ ਲੋਕੋ ।
ਕੋਈ ਥਾਂ ਦਸੋ ਸਾਡੇ ਲੁਕਣੇ ਦਾ ਚੰਮ ਬਬਰਾਂ ਨੇ ਲੈਣੇ ਉਤਾਰ ਲੋਕੋ
ਜਿਸ ਦਿਨ ਹੱਥ ਆਉਂਣਾ ਅਸੀਂ ਬਬਰਾਂ ਦੇ ਕਰਨ ਵੱਡ ਕੇ ਡੱਕਰੇ ਚਾਰ ਲੋਕੋ ।
ਪੀੜੇ ਜਾਣਗੇ ਗੰਨਿਆਂ ਵਾਂਗ ਇਥੇ ਜਿਹੜੇ ਗੂੜੇ ਅੰਗਰੇਜ ਦੇ ਯਾਰ ਲੋਕੋ ।
ਲਗੇ ਦਸਤ ਲੀਹਾਂ ਘਰ ਬਹੁਤਿਆਂ ਦੇ ਪਏ ਮੰਜਿਆਂ ਉਤੇ ਬੀਮਾਰ ਲੋਕੋ ।
ਏਹੋ ਇਲਾਜ ਗਦਾਰਾਂ ਦਾ ਲਾਭ ਸਿੰਘਾ ਧੌਣ ਵੱਡਕੇ ਕੀਜੀਏ ਪਾਰ ਲੋਕੋ ।

## ਬਾਕੀ ਦੇ ਕੌਮ ਗਦਾਰਾਂ ਦਾ ਹਵਾਲ

### (ਬੈਂਤ)

ਰਾਣੂਬੂਹੇ ਦਾ ਮਾਰਿਆ ਗਿਆ ਪਾਪੀ ਕਾਂਬਾਂ ਰਹਿੰਦਿਆਂ ਨੂੰ ਪਿਆ ਆਨ ਵੀਰੋ ।
ਪੁਤ ਗਾਜੀ ਦਾ ਉਤਮ ਸੀ ਜੀਣ ਪੁਰ ਦਾ ਕੰਬੀ ਸੁਣ ਕੇ ਉਸ ਦੀ ਜਾਨ ਵੀਰੋ ।
ਲੱਗੇ ਦਸਤ ਲੀਹਾਂ ਏਸ ਚੰਦਰੇ ਨੂੰ ਅੰਦਰ ਟੱਟੀ ਪੈਸ਼ਾਵ ਬਠਾਣ ਵੀਰੋ ।
ਸੜ ਪਚਕੇ ਅੰਤ ਨੂੰ ਮਰ ਗਿਆ ਲੋਕ ਫਿਟਕਾਂ ਏਸ ਨੂੰ ਪਾਣ ਵੀਰੋ ।
ਜੈਲਦਾਰ ਅੱਗੇ ਸੁਣੋ ਮਾਹਲ ਪੁਰੀਆ ਲਗੇ ਸੁਣਕੇ ਜਾਣ ਪ ਾਣ ਵੀਰੋ ।
ਇਕ ਰੋਜ ਇਹ ਆਉਂਦਾ ਸੀ ਬਾੜੀਆਂ ਤੋਂ ਰਾਹ ਦੇ ਵਿਚ ਡੇਰਾ ਬਬਰ ਲਾਣ ਵੀਰੋ ।
ਬੈਠੇ ਹੋਏ ਸੀ ਬੰਨ ਕੇ ਗੋਲ ਚੱਕਰ ਰਫਲਾਂ ਮੂਹਰੇ ਨੂੰ ਲੰਮੀਆਂ ਪਾਣ ਵੀਰੋ ।
ਘੋੜੀ ਆਣ ਕੇ ਇਸਦੀ ਨਜੀਕ ਪੁਜੀ ਕੀਤਾ ਬਬਰਾਂ ਵਲ ਧਿਆਨ ਵੀਰੋ ।
ਕੇਰੀ ਸ਼ੇਰਾਂ ਨੂੰ ਇਸ ਨੇ ਦੇਖਿਆ ਜਾਂ ਇਸਦੇ ਸਾਸ ਉਤੇ ਚੜ੍ਹ ਜਾਣ ਵੀਰੋ ।
ਹਾਏ ਖਾ ਲਿਆ ਖਾ ਲਿਆ ਕਰਨ ਲਗਾ ਰੌਲੀ ਪਾਗਲਾਂ ਵਾਂਗ ਮਚਾਣ ਵੀਰੋ ।
ਅੱਡੀ ਮਾਰ ਕੇ ਘੋੜੀ ਸਨਤੋੜ ਛੱਡੀ ਥਥਲੀ ਏਸ ਦੀ ਪਈ ਜ਼ੁਬਾਨ ਵੀਰੋ ।

ਰਸਤੇ ਵਿਚ ਹੀ ਚੜ੍ਹ ਬੁਖਾਰ ਗਿਆ ਘਰਦੇ ਲੈਣ ਹਕੀਮ ਨੂੰ ਜਾਣ ਵੀਰੋ ।
ਇਕ ਦੋ ਰਾਤਾਂ ਰਹਿ ਕੇ ਮਰ ਗਿਆ ਅੱਗ ਸਿਵਿਆਂ ਵਿਚ ਲਗਾਣ ਵੀਰੋ ।
ਕਾਲ ਕੌਮ ਗਦਾਰਾਂ ਦਾ ਲਾਭ ਸਿੰਘਾ ਲਗਾ ਮਾਰਕੇ ਅਲਖ ਮੁਕਾਣ ਵੀਰੋ ।

**ਨੋਟ :—** ਨੰਗਲ ਕਲਾਂ ਦਾ ਬੂਟਾ ਨੰਬਰਦਾਰ ਜੋ ਡੈਰੀਆਂਦੇਂ ਦਾ ਸੀ, ਇਸਦੇ ਸੁਧਾਰ ਵਾਸਤੇ ਅੱਠ ਜਵਾਨ ਭੇਜੇ ਗਏ। ਬਾਬੂ ਸੰਤਾ ਸਿੰਘ, ਪਿਆਰਾ ਸਿੰਘ, ਬੰਤਾ ਸਿੰਘ, ਦੋ ਦਲੀਪ ਸਿੰਘ ਭੁਝੰਗੀ ਤੇ ਕਲੱਰਕ ਧੰਨਾ ਸਿੰਘ, ਬੈਮਲ ਪੁਰ, ਸਾਧੂ ਸਿੰਘ ਪੰਡੋਰੀ ਨਿਜਰਾਂ, ਰਤਨ ਸਿੰਘ ਸੀਗੜੀ ਵਾਲੇ।

## (ਬੈਂਤ)

ਦੁਖ ਚੰਦਰੇ ਲੋਕਾਂ ਨੂੰ ਦੇਣ ਵਾਲੇ ਝੋਲੀ ਚੁਕ ਪੰਜਾਬ ਦੇ ਬੜੇ ਪਾਪੀ ।
ਪੁਤ ਲੋਕਾਂ ਦੇ ਸੁਟਦੇ ਜੇਲ ਅੰਦਰ ਗੁਸਾ ਕਿਉਂ ਨਾਂ ਸੁਣਕੇ ਚੜ੍ਹੇ ਪਾਪੀ ।
ਦੇਖੋ ਲੈਣ ਦੇ ਲਈ ਮੁਰੱਬਿਆਂ ਨੂੰ ਲੱਕ ਬੰਨ ਕੇ ਚੰਦਰੇ ਖੜੇ ਪਾਪੀ ।
ਜਾਮੇ ਪਹਿਨ ਕੇ ਮਰ ਗਏ ਲਾਣ੍ਤਾਂ ਦੇ ਅੱਗੇ ਜਾ ਕੇ ਨਰਕ ਵਿਚ ਸੜੇ ਪਾਪੀ ।
ਲਹੂ ਪੀਣ ਨੂੰ ਪੁਤਾਂ ਬਿਗਾਨਿਆਂ ਦਾ ਕਿਸੇ ਐਸੇ ਸਕੂਲ ਵਿਚ ਪੜ੍ਹੇ ਪਾਪੀ ।
ਦਿੰਦੇ ਡੈਰੀਆਂ ਜਾ ਕੇ ਰੋਜ ਠਾਣੇ ਚੜ੍ਹੇ ਹੋਏ ਅੰਗਰੇਜ ਦੇ ਧੜੇ ਪਾਪੀ ।
ਦੁਖ ਦੂਜੇ ਦਾ ਤਾਂ ਮਲੂਮ ਹੁੰਦਾ ਸੱਪ ਆਪਣੇ ਕਾਲਜੇ ਲੜੇ ਪਾਪੀ ।
ਕੀੜੇ ਪੈਣ ਸਰੀਰ ਨੂੰ ਕੋਹੜ ਹੋਵੇ ਜਾਣ ਸਣੇ ਪ੍ਰਵਾਰ ਦੇ ਹੜ੍ਹੇ ਪਾਪੀ ।
ਚੰਮ ਇਹਨਾਂ ਤੋਂ ਤਾਰ ਕੇ ਖੱਲ ਪੁਠੀ ਉਤੇ ਜਾਨ ਤੰਦੂਰ ਦੇ ਮੜ੍ਹੇ ਪਾਪੀ ।
ਤੂਤ ਜਿਸ ਤਰ੍ਹਾਂ ਛਾਂਗੀਏ ਲਾਭ ਸਿੰਘਾ ਵਾਂਗ ਲਕੜਾਂ ਦੇ ਜਾਣ ਘੜੇ ਪਾਪੀ ।

**ਨੋਟ :—** ਇਹ ਨੰਗਲ ਛਾਉਣੀ ਜਲੰਧਰ ਦੇ ਕੋਲ ਹੈ।

ਜਦੋਂ ਬਬਰ ਇਸ ਦੇ ਘਰ ਗਏ ਤਾਂ ਦੇਖਿਆ ਬੂਹਾ ਬਹੁਤ ਪਕਾ ਸੀ। ਕੰਧਾਂ ਟੱਪ ਕੇ ਜਦੋਂ ਕੁੰਡੇ ਜੰਦਰੇ ਤੋੜੇ ਤਾਂ ਇਸਨੂੰ ਵੀ ਜਾਗ ਆ ਗਈ। ਤਾਂ ਇਹ ਸਫਾਜੰਗ ਲੈ ਕੇ ਪੱਕੀ ਪਉੜੀ ਦੇ ਮੂਹਰੇ ਖੜ ਗਿਆ। ਜਦ ਬਬਰ ਚੜ੍ਹੇ ਤਾਂ ਇਸ ਨੇ ਧੰਨਾ ਸਿੰਘ ਦੇ ਮਾਰਿਆ। ਉਸ ਨੇ ਹੱਥ ਵਿਚ ਘੁਟ ਕੇ ਦੂਜਾ ਹੱਥ ਡੰਡੇ ਨੂੰ ਪਾ ਖੋਹ ਲਿਆ ਤੇ ਉਤੇ ਚੜ ਗਏ। ਬੰਤਾ ਸਿੰਘ ਨੇ ਇਸਦੇ ਮੌਰ ਤੇ ਕਿਰਪਾਨ ਮਾਰੀ। ਧੰਨਾ ਸਿੰਘ ਨੇ ਗੋਲੀ ਮਾਰੀ। ਇਹ ਕਿਤੇ ਪੁਛਵਾੜ ਜਾ ਪਿਆ। ਕੋਠੇ ਉਚੇ ਨੀਵੇਂ ਹੋਣ ਕਰਕੇ ਇਸ ਦਾ ਪਤਾ ਨਾ ਲੱਗਾ। ਟੋਲਦੇ ਰਹੇ ਤੇ ਛਾਉਣੀ ਨਜਦੀਕ ਹੋਣ ਕਰਕੇ ਅਲਾਰਮ ਹੋ ਗਿਆ, ਬਬਰਾਂ ਸਮਝਿਆ ਕਿ ਕਿਤੇ ਲੁਕ ਗਿਆ। ਬਬਰ ਅਫਸੋਸ ਕਰਦੇ ਗਏ।

## (ਬੈਂਤ)

ਹੁਕਮ ਲੈ ਕੇ ਬਬਰਾਂ ਦੀ ਪਾਰਟੀ ਤੋਂ ਜੱਥਾ ਇਸਦੇ ਸੁਧਾਰ ਨੂੰ ਚੱਲਿਆ ਈ ।
ਘਰ ਕਿਲੇ ਵਰਗਾ ਇਸਦਾ ਸੀ ਪਕਾ ਬਬਰਾਂ ਚਾਰ ਚੁਫੇਰੇ ਤੋਂ ਮਲਿਆ ਈ ।
ਮਾਰੋ ਮਾਰ ਕਰਦੇ ਸ਼ੇਰ ਆਂਣ ਪੁਜੇ ਇਹ ਵੀ ਈਦ ਦਾ ਬੱਕਰਾ ਪਲਿਆ ਈ ।
ਉਠ ਬੂਟਿਆ ਬੰਨ ਖਾਂ ਬਿਸਤਰੇ ਨੂੰ ਤੈਨੂੰ ਮੌਤ ਸੁਨੇਹੜਾ ਘੱਲਿਆ ਈ ।
ਡੈਰੀ ਦੇਣ ਦੇ ਲਈ ਤਿਆਰ ਹੋਜਾ ਬਬਰਾਂ ਆਖਿਆ ਉਠ ਕੇ ਦਲਿਆ ਈ ।

ਹੁਣ ਪੜੀ ਪੁਲੀਸ ਨਾਂ ਕੋਲ ਆਉਂਣੀ ਮਾਰ ਜੁਤੀਆਂ ਤੋਰਨਾ ਕਲਿਆ ਈ ।
ਵੇਲਾ ਆ ਗਿਆ ਤੁਸਾਂ ਦੇ ਖਾਤਮੇ ਦਾ ਸੂਰਜ ਕਾਫੀ ਦੁਪੈਹਰ ਦਾ ਢਲਿਆ ਈ ।
ਬੀਜ ਜਹਿਰ ਵਾਲਾ ਜਿਹੜਾ ਬੀਜਿਆ ਸੀ ਅਜ ਸੋਹਣਾ ਫੁਲਿਆ ਫਲਿਆ ਈ ।
ਜਿਹੜੀ ਭੱਠੀ ਵਿਚ ਲੋਕਾਂ ਨੂੰ ਝੋਕਦਾ ਸੀ ਤੂੰ ਵੀ ਜਾਂਵੇਗਾ ਉਸ ਵਿਚ ਤਲਿਆ ਈ ।
ਤੂੰ ਵੀ ਝੱਲ ਸਰੀਰ ਤੇ ਲਾਭ ਸਿੰਘਾ ਦੁਖ ਜਿਸ ਤਰ੍ਹਾਂ ਲੋਕਾਂ ਨੇ ਝੱਲਿਆ ਈ ।

## ਬਬਰ ਤੇ ਬੂਟਾ

(ਬੈਂਤ)

ਜੰਦਰੇ ਭੰਨ ਕੇ ਤੇ ਕੁੰਡੇ ਪੱਟ ਸੁਟੇ ਬੂਹਾ ਜਾਂਦਿਆਂ ਸੁਟਿਆ ਤੋੜ ਇਸਦਾ ।
ਗੁਸਾ ਚੜ੍ਹੇ ਸਰੀਰ ਨੂੰ ਜੋਸ਼ ਆਵੇ ਜਦੋਂ ਯਾਦ ਕਰਦੇ ਮੁੰਡੇ ਕੋੜ੍ਹ ਇਸਦਾ ।
ਧੌਣ ਭੰਨ ਮਰੋੜੀਏ ਚੰਦਰੇ ਦੀ ਤੋੜ ਸੁਟੀਏ ਜੋੜ ਤੇ ਜੋੜ ਇਸਦਾ ।
ਰਤ ਪੀੜੀਏ ਗੰਨਿਆਂ ਵਾਂਗ ਇਸਦੀ ਲਹੂ ਪੀਵੀਏ ਖੂਬ ਨਿਚੋੜ ਇਸਦਾ ।
ਪੁਠਾ ਟੰਗ ਲਓ ਬੱਕਰੇ ਵਾਂਗ ਇਸਨੂੰ ਮਾਸ ਹੱਡਾਂ ਤੋਂ ਲਵੋ ਘਰੋੜ ਇਸਦਾ ।
ਮਾਰ ਮਾਰ ਕੇ ਗੋਲੀਆਂ ਕਈ ਇਸਦੇ ਮੱਥਾ ਛੱਡੀਏ ਧੜ ਤੋਂ ਫੋੜ ਇਸਦਾ ।
ਸਿੜੀ ਸਿਵੇ ਨੂੰ ਤੋਰੀਏ ਚੰਦਰੇ ਦੀ ਅਜ ਸਭ ਤੋਂ ਸਾਥ ਵਿਛੋੜ ਇਸਦਾ ।
ਲਵੇ ਸੱਦ ਅੰਗਰੇਜ ਨੂੰ ਲਾਭ ਸਿੰਘਾ ਮਣਕਾ ਧੌਣ ਦਾ ਸੁਟੋ ਮਰੋੜ ਇਸਦਾ ।

## ਤਥਾ ਬੈਂਤ

ਸੁਤਾ ਪਿਆ ਚੁਬਾਰੇ ਦੇ ਵਿਚ ਬੂਟਾ ਕੋਈ ਦੁਨੀਆਂ ਦੀ ਖਬਰ ਨਾਂ ਸਾਰ ਸੀ ਜੀ ।
ਖਾਣ ਪੀਣ ਨੂੰ ਲੋਕਾਂ ਦੇ ਘਰ ਬਹੁਤੇ ਅਤੇ ਸਾਉਂਣ ਨੂੰ ਪਲੰਗ ਨਵਾਰ ਸੀ ਜੀ ।
ਤਾਲੇ ਤੋੜ ਕੇ ਕੁੰਡੇ ਜਾਂ ਪੱਟ ਮਾਰੇ ਬੂਟਾ ਉਠਕੇ ਹੋਇਆ ਹੁਸ਼ਿਆਰ ਸੀ ਜੀ ।
ਸਫਾ ਜੰਗ ਲੈ ਕੇ ਪਉੜੀ ਰੋਕ ਲਈ ਹੋਇਆ ਮਾਰਨੇ ਲਈ ਤਿਆਰ ਸੀ ਜੀ ।
ਬਬਰ ਦੇਹ ਧੱਕਾ ਪਉੜੀ ਚੜ੍ਹ ਪਏ ਸਾਰੇ ਖਤਰੇ ਖੌਫ ਉਤਾਰ ਸੀ ਜੀ ।
ਬੰਤਾ ਸਿੰਘ ਮੂਹਰੇ ਧੰਨਾ ਸਿੰਘ ਪਿਛੇ ਸ਼ੇਰ ਜਾ ਚੜ੍ਹੇ ਬੰਨ ਕੇ ਲਾਰ ਸੀ ਜੀ ।
ਸਫਾ ਜੰਗ ਸੀ ਬੂਟੇ ਨੇ ਠੋਕ ਦਿਤਾ ਬਸ ਹੋ ਕੇ ਪੱਬਾਂ ਦੇ ਭਾਰ ਸੀ ਜੀ ।
ਧੰਨਾ ਸਿੰਘ ਨੇ ਬਜਦਾ ਪਕੜ ਲਿਆ ਚਾਦਰ ਹੱਥ ਦੇ ਵਿਚ ਸੁਆਰ ਸੀ ਜੀ ।
ਝੋਸਾ ਮਾਰ ਕੇ ਬੂਟੇ ਤੋਂ ਖੋਹ ਲਿਆ ਬੜਾ ਹੌਸਲਾ ਸ਼ੇਰ ਨੇ ਧਾਰ ਸੀ ਜੀ ।
ਬੰਤਾ ਸਿੰਘ ਨੇ ਧੌਣ ਦੇ ਵਿਚ ਮਾਰੀ ਧੂ ਗਾਤਰੇ ਵਿਚੋਂ ਤਲਵਾਰ ਸੀ ਜੀ ।
ਧੰਨਾ ਸਿੰਘ ਪਸਤੌਲ ਦੀ ਮਾਰ ਗੋਲੀ ਦਿਤੀ ਕੱਢ ਕਲੇਜਿਓ ਪਾਰ ਸੀ ਜੀ ।
ਕਿਤੇ ਵਲ ਪੁਛਆੜ ਦੇ ਡਿਗ ਪਿਆ ਕੁਝ ਦਿਸੇ ਨਾਂ ਹਨੇਰ ਗੁਬਾਰ ਸੀ ਜੀ ।
ਲੋਥ ਪਈ ਰਹੀ ਓਥੇ ਚੰਦਰੇ ਦੀ ਵਿਚੋਂ ਭੌਰ ਹੋ ਗਿਆ ਉਡਾਰ ਸੀ ਜੀ ।
ਪਟਾ ਲਿਖਿਆ ਗਿਆ ਮੁਰੱਬਿਆਂ ਦਾ ਭੁੱਖਾ ਇਸਦਾ ਕੌਮ ਗਦਾਰ ਸੀ ਜੀ ।
ਇਸਦਾ ਪੋਤਰਾ ਉਠ ਕੇ ਕਹਿਣ ਲੱਗਾ ਮੈਂ ਦੱਸਾਂਗਾ ਵਿਚ ਸਰਕਾਰ ਸੀ ਜੀ ।
ਬਬਰਾਂ ਆਖਿਆ ਫੈਸਲਾ ਕਰੋ ਇਸਦਾ ਕੀਤੇ ਵੱਡ ਕੇ ਟੁਕੜੇ ਚਾਰ ਸੀ ਜੀ ।
ਅਵਾਜ ਗੋਲੀ ਦੀ ਸੁਣ ਗਈ ਵਿਚ ਛਾਉਂਣੀ ਬੱਜੇ ਬਿਗਲ ਤੇ ਭੱਜੇ ਸਰਦਾਰ ਸੀ ਜੀ ।
ਬਬਰ ਵਾਚ ਗਏ ਪਤਰਾ ਲਾਭ ਸਿੰਘਾ ਬੇੜਾ ਹੋ ਗਿਆ ਬੂਟੇ ਦਾ ਪਾਰ ਸੀ ਜੀ ।

# ਵਾਕ ਕਵੀ (ਬੈਂਤ)

ਗੋਲੀ ਬੱਜੀ ਗਦਾਰ ਦੇ ਜਿਸ ਵੇਲੇ ਡਿੱਗਾ ਵਲ ਪੁਛਆੜ ਦੇ ਹੋ ਪੁੱਠਾ।
ਪਟਾ ਦੇ ਦਿਤਾ ਉਸਨੂੰ ਮੁਰੱਬਿਆਂ ਦਾ ਗਿਆ ਏਸ ਜਹਾਨ ਤੋਂ ਮੋਹ ਪੁੱਠਾ।
ਏਥੇ ਫਿਟਕਾਂ ਨਰਕ ਤਿਆਰ ਅੱਗੇ ਹੁਣ ਬੈਠ ਕੇ ਕਰਮਾਂ ਨੂੰ ਰੋ ਪੁੱਠਾ।
ਜਾਮੇ ਪਹਿਨ ਕੇ ਲਦ ਗਿਆ ਲਾਣਤਾਂ ਦੇ ਖਾਲੀ ਹਥ ਜਹਾਨ ਤੋਂ ਧੋ ਪੁੱਠਾ।
ਟੋਰ ਲੋਕਾਂ ਦੇ ਘਰ ਉਜਾੜ ਦਾ ਸੀ ਝੁੱਗਾ ਆਪਣਾ ਵੀ ਗਿਆ ਹੋ ਪੁੱਠਾ।
ਖੂਨ ਲੋਕਾਂ ਦੇ ਜਿਵੇਂ ਨਚੋੜਦਾ ਸੀ ਅੱਜ ਇਸ ਦਾ ਵੀ ਗਿਆ ਚੋ ਪੁੱਠਾ।
ਆਕੜ ਖਾਂ ਸਦਾਉਂਦਾ ਵਿਚ ਪਿੰਡਾਂ ਸੀਨਾ ਬਬਰ ਨੇ ਲਿਆ ਪਰੋ ਪੁੱਠਾ।
ਖਾਦੇ ਰਸ ਹਰਾਮ ਦੇ ਗਏ ਨਿਕਲ ਛੁਰਾ ਦਿਤਾ ਜਾਂ ਵਿਚ ਘਬੋ ਪੁੱਠਾ।
ਬੰਦਾ ਇਸਦੇ ਪ੍ਰਵਾਰ ਦਾ ਸੀ ਜਿਹੜਾ ਧਾਹਾਂ ਮਾਰਦਾ ਕੋਲ ਖਲੋ ਪੁੱਠਾ।
ਮਹਿਲ ਬਾੜੀਆਂ ਛਡਕੇ ਲਾਭ ਸਿੰਘਾ ਵਿਚ ਸਿਵੇ ਦੇ ਜਾਕੇ ਸੌ ਪੁੱਠਾ।

# ਤਥਾ ਬੈਂਤ

ਟਾਣੂਥੂਹੇ ਦਾ ਮਾਰਕੇ ਦੰਤ ਪਹਿਲੇ ਲਗਦੇ ਹੱਥ ਹੀ ਅਲਖ ਮੁਕਾਈ ਇਸਦੀ।
ਸਣੇ ਪੋਤਰਾ ਵੱਡ ਕੇ ਪਾਰ ਕੀਤਾ ਜੜ੍ਹ ਮੁੱਢ ਤੋਂ ਗਈ ਪੁਟਾਈ ਇਸਦੀ।
ਕੱਠੇ ਹੋ ਕੇ ਪੁਤ ਭਤੀਜਿਆਂ ਨੇ ਲੋਥ ਚੁਕ ਕੇ ਸਿੜੀ ਪੁਰ ਪਾਈ ਇਸਦੀ।
ਸ਼ੀਸ਼ ਮਹਿਲ ਤੋਂ ਵਿਦਿਆ ਹੋ ਗਿਆ ਇਹ ਜਾ ਸਿਵਿਆਂ ਵਿਚ ਟਕਾਈ ਇਸਦੀ।
ਵਿਚ ਦੇ ਕੇ ਲੱਕੜਾਂ ਹੇਠ ਉਤੇ ਅੱਗ ਚਾਰ ਚੁਫੇਰਿਓਂ ਲਾਈ ਇਸਦੀ।
ਬੁਲੇ ਲੁਟਦਾ ਸੀ ਵਿਚ ਚੁਬਾਰਿਆਂ ਦੇ ਦੋ ਕੁ ਇੱਟਾਂ ਦੀ ਮੜੀ ਬਣਾਈ ਇਸਦੀ।
ਚੌਂਕੀਦਾਰ ਬੁਲਾ ਕੇ ਪਿੰਡਾਂ ਦੇ ਨੂੰ ਖਬਰ ਠਾਣੇ ਦੇ ਵਿਚ ਪੁਚਾਈ ਇਸਦੀ।
ਖੜਕੀ ਤਾਰ ਵਲੈਤ ਨੂੰ ਲਾਭ ਸਿੰਘਾ ਪਈ ਦੇਸ਼ ਦੇ ਵਿਚ ਦੁਹਾਈ ਇਸਦੀ

# (ਬੈਂਤ)

ਡੰਕਾ ਦੇਸ ਪੁਰ ਬੱਜਿਆ ਬਬਰਾਂ ਦਾ ਖਬਰ ਦੂਰ ਤੇ ਦੂਰ ਹੋ ਗਈ ਏ ਜੀ।
ਝੋਲੀ ਚੁਕ ਜੋ ਡੈਰੀਆਂ ਦੇਂਵਦੇ ਸੀ ਜਾਂਦਾ ਕਾਲ ਹੁਣ ਸਿਵੇ ਨੂੰ ਲਈ ਏ ਜੀ।
ਕਰਨ ਵਾਸਤੇ ਖਾਤਮਾ ਪਾਪੀਆਂ ਦਾ ਬਿਜਲੀ ਸੀਸ ਗਦਾਰਾਂ ਦੇ ਪਈ ਏ ਜੀ।
ਦੇਸ਼ ਉਤੇ ਗਦਾਰ ਨਾਂ ਰਹਿਣ ਦੇਣਾ ਕਰਨਾ ਖਾਤਮਾ ਮਾਰ ਕਤਈ ਏ ਜੀ।
ਦੇਵੋ ਡੈਰੀਆਂ ਪੁਤਾਂ ਬਿਗਾਨਿਆਂ ਤੇ ਲੋਥ ਰੁਲੇਗੀ ਨਈ ਤੋਂ ਨਈ ਏ ਜੀ।
ਬਬਰ ਸ਼ੇਰਾਂ ਦਾ ਟਾਕਰਾ ਲਾਭ ਸਿੰਘਾ ਕਰੇਗ ਰੁਲਣਗੇ ਜੰਗਲੀਂ ਕਈ ਏ ਜੀ।

**ਨੋਟ :—** ਇਹ ਵਾਕਿਆ ੧੦ ਤੇ ੧੧ ਦੀ ਰਾਤ ਮਾਰਚ ੧੯੨੩ ਦਾ ਹੈ। ਅੱਗੇ ਪ੍ਰਸੰਗ ਵਡੇ ਚੰਡਾਲ ਝੋਲੀ ਚੁਕ ਲਾਭ ਸਿੰਘ ਸ਼ੰਕਰ ਵਾਲੇ ਦਾ। ਇਹ ਗਦਾਰ ਭੇਸ ਬਦਲ ਕੇ ਪਿੰਡਾਂ ਵਿਚ ਫਿਰਦਾ ਸੀ। ਲੋਕਾਂ ਵਿਚ ਗੱਲ ਧੁਮਾ ਦਿਤੀ ਕਿ ਗੌਰਮਿੰਟ ਦੀ ਨੌਕਰੀ ਨਹੀਂ ਕਰਨੀ। ਮੈਂ ਛਡ ਦਿਤੀ ਹੈ। ਅਤੇ ਸੀ ਆਈ ਡੀ ਵਿਚ ਹੋ ਗਿਆ ਹਾਂ। ਪੁਲੀਸ ਦੀ ਨੌਕਰੀ ਛੱਡ ਕੇ ਦਿਨ ਵਿਚ ਕਈ ਭੇਸ ਬਦਲ ਦਾ ਸੀ। ਇਸ ਨੂੰ ਵੀ ਕੋਈ ਬਬਰ ਨਹੀਂ ਸੀ ਜਾਣਦਾ ਕਿ ਕਿਹੜਾ ਹੈ। ਇਹ ਬਹੁਤ ਜਸੋਵਾਲ ਵੀ ਡੈਰੀ ਦੇਂਦਾ ਸੀ।

ਇਸ ਦਾ ਹਵਾਲ ਢੱਡ ਸਾਰੰਗੇ ਨਾਲ ਜਾਂ ਕਿੰਗ ਨਾਲ ਲੰਿਰਿਆ ਦਿਵਾਨਾਂ ਵਿਚ ਪੜ੍ਹਿਆ ਕਰੋ, ਜੋ ਨੌਜਵਾਨਾਂ ਨੂੰ ਪਤਾ ਲਗੇ ਬਬਰਾਂ ਦਾ। ਇਹ ਗੜ੍ਹ ਸ਼ੰਕਰ ਵਾਲਾ ਲਾਭ ਸਿੰਘ ਜਾਤ ਦਾ ਤਰਖਾਣ ਸੀ।

ਸਾਡੀ ਨੁਮਾਇੰਦਾ ਜਮਾਤ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਆਖਣਾ ਕਵੀ ਜੀ ਦਾ, ਜਿਹੜੀ ਸਾਰੇ ਪੰਥ ਨੂੰ ਪਿੰਜਰੇ ਪਾ ਕੇ ਤਾਲੇ ਲਾਈ ਬੈਠੀ ਹੈ।

## ਵਾਕ ਕਵੀ (ਬੈਂਤ)

ਸ੍ਰੋਮਣੀ ਕਮੇਟੀਏ ਖੋਲ੍ਹ ਅੱਖਾਂ ਕਰਨਾ ਕੀ ਤੇ ਕਰਦੀਏਂ ਕੀ ਬੈਹ ਬੈਹ।
ਬਣਿਆ ਕੁਝ ਨਾਂ ਬਨਣ ਦੀ ਆਸ ਕੋਈ ਵਰ੍ਹੇ ਗੁਜਰ ਗਏ ਚਾਲੀ ਤੀਹ ਬੈਹ ਬੈਹ।
ਠੂਠਾ ਫੜਕੇ ਦਰ ਬਦਰ ਮੰਗੇਂ ਜੁਤੀ ਦੱਸਦੀ ਨਾਢੂ ਦੀ ਧੀ ਬੈਹ ਬੈਹ।
ਗੰਠੀਆ ਹੋ ਗਿਆ ਜੁੜ ਗਏ ਹੱਡ ਤੇਰੇ ਸ਼ਾਂਤਮਈ ਦੀ ਮਿਸਰੀ ਪੀ ਬੈਹ ਬੈਹ।
ਬਿਜਲੀ ਵਾਂਗ ਪੈਂਦੀ ਲੈਹਰ ਵਿਚ ਮੌਰਾਂ ਅਤੇ ਚੂਲੇ ਨੂੰ ਹੋ ਗਈ ਰੀਹ ਬੈਹ ਬੈਹ।
ਪੱਟੀ ਚਲ ਗਈ ਦੇਖ ਲੈ ਦੁਸ਼ਮਣਾਂ ਦੀ ਬੀਜ ਛੱਡਿਆ ਫੁਟਦਾ ਬੀ ਬੈਹ ਬੈਹ।
ਤਰੇੜਾਂ ਪੰਥ ਦੇ ਮਹਿਲ ਨੂੰ ਆ ਗਈਆਂ ਪਾਪੀ ਕੋਰਦੇ ਜਿਸਦੀ ਨੀਂਹ ਬੈਹ ਬੈਹ।
ਲਾਹਕੇ ਤੇਗ ਗੁਰ ਦਸਵੇਂ ਸੂਰਮੇ ਦੀ ਭੰਨ ਛਡੀ ਤੂੰ ਦੇਖ ਲੈ ਲੀਹ ਬੈਹ ਬੈਹ।
ਪਾ ਕੇ ਪਿੰਜਰੇ ਤੂੰ ਤਾਲੇ ਠੋਕ ਛਡੇ ਕਰ ਸਕਦੇ ਪੀਂ ਨਾਂ ਚੀਂ ਬਹ ਬੈਹ।
ਗਏ ਦੀਨ ਦੁਨੀਆਂ ਦੋਵੇਂ ਲਾਭ ਸਿੰਘਾ ਬਨਾਉਂਣਾ ਹੋਰ ਕੀ ਤੂੰ ਹੁਣ,ਜੀ ਬੈਹ ਬੈਹ।

## ਆਖਣਾਂ ਬਬਰਾਂ ਦਾ

### ਤਥਾ ਬੈਂਤ

ਮਾਰੂ ਜੰਗ ਮੈਦਾਨ ਦਾ ਵਜ ਗਿਆ ਤੂੰ ਕਮੇਟੀਏ ਭੱਜ ਕੇ ਵੜ ਅੰਦਰ।
ਸਿਰ ਮੂੰਹ ਲੁਕੋ ਕੇ ਖਲ ਲੁਕ ਜਾ ਬਾਹਰ ਨਿਕਲੀ ਨੂੰ ਲੈਣ ਫੜ ਅੰਦਰ।
ਘੁੰਡ ਕੱਡਕੇ ਬੈਠ ਖਾਂ ਪੀੜੀਆਂ ਤੇ ਗਾ ਘੋੜੀਆਂ ਤੇ ਚੀਣਾ ਛੜ ਅੰਦਰ।
ਐਵੇਂ ਮਾਰ ਕੇ ਗੱਪ ਪਹਾੜ ਜੇਡੇ ਚੁਕ ਮੌਜੋ ਮੰਜਾਰੇ ਦੀ ਨੜ ਅੰਦਰ।
ਦੂਨੀ ਚੰਦ ਮਸੰਦ ਦੇ ਵਾਂਗ ਤੇਰੇ ਖੜੱਪਾ ਨਾਗ ਜਾਵੇ ਕੋਈ ਲੜ ਅੰਦਰ।
ਨਾੜ ਨਾੜ ਸਰੀਰ ਦੀ ਫੂਕ ਸੁਟੇ ਵਿਸ ਹੇਠ ਤੇ ਉਤੇ ਨੂੰ ਚੜ ਅੰਦਰ।
ਦਬਾ ਦਬ ਇਲਾਂਨ ਦੇ ਕੱਢਣੇ ਨੂੰ ਹਿੰਦੀ ਗੁਰਮਖੀ ਫਾਰਸੀ ਪੜ੍ਹ ਅੰਦਰ
ਪੰਥ ਪਾ ਕੇ ਲੋਹੇ ਦੇ ਪਿੰਜਰੇ ਵਿਚ ਤਾਲੇ ਛੱਦੇ ਲਾਹੌਰ ਦੇ ਜੜ ਅੰਦਰ।
ਇਕ ਵਾਰ ਲਲਕਾਰੇ ਨੂੰ ਮਾਰ ਖਾਂ ਤੂੰ ਤੋੜ ਛੱਡੀਏ ਜੁਰਮ ਦੇ ਗੜ੍ਹ ਅੰਦਰ
ਤੇਰਾ ਫਰਜ ਤੂੰ ਆ ਮੈਦਾਨ ਦੇ ਵਿਚ ਵਾਂਗ ਤੂਤ ਦੇ ਛੱਡੀਏ ਘੜ ਅੰਦਰ।
ਸਾਰਾ ਤੇਰਾ ਕਸੂਰ ਹੈ ਲਾਭ ਸਿੰਘਾ ਮੱਥੇ ਹੋਰ ਨਾਂ ਕਿਸੇ ਦੇ ਮੜ੍ਹ ਅੰਦਰ।

## ਵਾਕ ਕਵੀ [ਬੈਂਤ]

ਨੰਬਰਦਾਰ ਜਾਂ ਬੂਟੇ ਨੂੰ ਪਾਰ ਕੀਤਾ ਪਿਆ ਵਿਚ ਪੰਜਾਬ ਦੇ ਸ਼ੋਰ ਭਾਈ।
ਲੀਹਾਂ ਦਸਤ ਲੱਗੇ ਬਾਕੀ ਰਹਿੰਦਿਆਂ ਨੂੰ ਦਿਤੇ ਚਾਰ ਕੁ ਸਿਵੇ ਨੂੰ ਤੋਰ ਭਾਈ।
ਤੂੜੀ ਵਾਲੇ ਕੋਠੇ ਵਿਚ ਸਾਉਂਣ ਲੱਗੇ ਦਿਤਾ ਬਬਰਾਂ ਕਤਲ ਤੇ ਜੋਰ ਭਾਈ।
ਈਦ ਵਾਲੇ ਇਹ ਬੱਕਰੇ ਸੀ ਮੋਟੇ ਘਤੇ ਜਾਣਗੇ ਚੰਦਰੇ ਗੋਰ ਭਾਈ।

ਜਾਊ ਸਿੜੀ ਪੁਰ ਸਿੜੀ ਹੁਣ ਸਿਵਿਆਂ ਨੂੰ ਮਾਰ ਟੰਮਣੇ ਛੱਡਣੇ ਠੌਰ ਭਾਈ ।
ਘਰ ਜਾ ਕੇ ਕੋਲ ਸੁਆਣੀਆਂ ਦੇ ਬੈਠ ਬੈਠ ਕੱਤੇ ਪਾਪੀ ਚੋਰ ਭਾਈ ।
ਬੈਠ ਕੁਰਸੀਆਂ ਤੇ ਮੌਜਾਂ ਮਾਣਦੇ ਸਨ ਹਵਾ ਚਲ ਪਈ ਹੋਰ ਦੀ ਹੋਰ ਭਾਈ ।
ਫੜ ਧੌਣ ਤੋਂ ਆਣ ਮਰੋੜ ਲਏ ਪੈਲਾਂ ਪਾਉਂਦੇ ਬਾਗਾਂ ਦੇ ਮੋਰ ਭਾਈ ।
ਗੜੇ ਪੈਣ ਅਜ ਗੈਬ ਦੇ ਪਾਪੀਆਂ ਤੇ ਬਦਲ ਬਬਰਾਂ ਦਾ ਆਇਆ ਘੋਰ ਭਾਈ ।
ਗੱਲਾਂ ਸਾਰੀਆਂ ਛੱਡਕੇ ਲਾਭ ਸਿੰਘਾ ਸਿੜੀਆਂ ਸਿਵੇ ਨੂੰ ਜਲਦ ਹੀ ਤੋਰ ਭਾਈ ।

**ਨੋਟ :—** ਥਾਣਾ ਬਲਾਚੌਰ, ਤਹਿਸੀਲ ਗੜ੍ਹ ਸ਼ੰਕਰ, ਜਿਲਾ ਹੁਸ਼ਿਆਰ ਪੁਰ ਵਿਚ ਪਹਾੜ ਦੇ ਕੰਢੇ ਤੇ ਮੌਜੋਆਲ ਮੰਜਾਰਾ ਇਕ ਪਿੰਡ ਹੈ। ਇਥੇ ਇਕ ਪੱਥਰ ਲੋਹੇ ਦੀ ਲਠ ਵਰਗਾ ਗੋਲ ਤੇ ਤਿੰਨ ਫੁਟ ਦੇ ਕਰੀਬ ਲੰਬਾ ਸੀ। ਇਸ ਦਾ ਭਾਰ ਜਵਾਨ ਦੱਸਦੇ ਹਨ ਕਿ ਚਾਰ ਕੁ ਮਣ ਪੱਕਾ ਹੋਵੇਗਾ। ਉਸ ਨੂੰ ਨੜ ਆਖਦੇ ਸੀ। ਕਈ ਜਵਾਨ ਚੁਕਣ ਗਏ। ਉਹ ਜਵਾਨਾਂ ਦੀ ਜੱਫੀ ਵਿਚੋਂ ਤਿਲਕ ਜਾਂਇਆ ਕਰੇ। ਪਿੰਡ ਵਾਲੇ ਬੋਲੀ ਤਾਹਨਾਂ ਕਰਨ ਲਗ ਪਏ। ਸਾਡੇ ਜਸੋਆਲ ਦੇ ਨਰਿੰਜਨ ਸਿੰਘ, ਜੈਲਾ ਸਿੰਘ ਤੇ ਸਾਡੇ ਪਿੰਡ ਦਾ ਭਾਣਜਾ ਖਾਨਖਾਨਾ ਤੋਂ ਹਜਾਰਾ ਸਿੰਘ ਇਹ ਤਿੰਨੇ ਬ੍ਰਾਦਰ ਚੁਕਦੇ ਹੁੰਦੇ ਸਨ। ਇਕ ਦਿਨ ੧੨ ਨੰਬਰ ਦੀ ਬੰਦੂਕ ਲੈ ਕੇ ਸ਼ਿਕਾਰ ਖੇਡਦੇ ਮੌਜੋਆਲ ਜਾ ਵੜੇ। ਉਹਨਾਂ ਆਖਿਆ ਪਹਿਲੇ ਤੂੰ ਚੁਕ ਕੇ ਵਿਖਾਲ। ਉਸ ਨੇ ਬੈਠ ਕੇ ਚੁਕੀ। ਹਜਾਰਾ ਸਿੰਘ ਨੇ ਉਸੇ ਤਰ੍ਹਾਂ ਬੈਠ ਕੇ ਮੋਢੇ ਤੇ ਧਰ ਕੇ ਚਾਰ ਬੈਠਕਾਂ ਕੱਡੀਆਂ ਤੇ ਖੂਹ ਵਿਚ ਸੁਟਣ ਲੱਗਾ ਤਾਂ ਜੈਲਾ ਸਿੰਘ ਨੇ ਰੋਕ ਦਿਤਾ ਤੇ ਆਖਿਆ ਇਹ ਸੁਟੀ ਗਈ ਹੈ। ਉਸ ਦਿਨ ਤੋਂ ਇਸਦਾ ਚੁਕਣਾ ਬੰਦ ਹੋ ਗਿਆ।

## (ਬੈਂਤ)

ਜਸੋਆਲ ਏ ਬਬਰਾਂ ਸੂਰਿਆਂ ਦਾ ਪਿਛੇ ਬਣ ਚੁਕਾ ਹਾਈ ਕੋਟ ਹੈ ਜੀ ।
ਪਿੰਡ ਸਿੰਘ ਦਾ ਹੋਰ ਨਾਂ ਸਮਝ ਲੈਣਾ ਦਿਲ ਵਿਚ ਨਾਂ ਕਿਸੇ ਦੇ ਖੋਟ ਹੈ ਜੀ ।
ਘੜੀ ਜੋ ਇਥੇ ਦੀ ਖਬਰ ਸਾਰੀ ਜਾਂਦੀ ਥਾਣੇ ਦੇ ਵਿਚ ਰੀਪੋਟ ਹੈ ਜੀ ।
ਚਿੱਟੇ ਕਪੜੇ ਪਾ ਕੇ ਪੁਲਸ ਫਿਰਦੀ ਮਾਰਨ ਵਾਸਤੇ ਬੋਟ ਦੀ ਚੋਟ ਹੈ ਜੀ ।
ਗੈਰ ਆਦਮੀ ਮਿਲੇ ਜੇ ਪਿੰਡ ਅੰਦਰ ਹੋਣ ਲਗ ਪੈਂਦੀ ਫੋਟ ਫੋਟ ਹੈ ਜੀ ।
ਪਿੰਡ ਵਾਲਿਆਂ ਤਲੀ ਪੁਰ ਜਾਨ ਧਰਕੇ ਤੱਕੀ ਹੋਈ ਅਕਾਲ ਦੀ ਓਟ ਹੈ ਜੀ ।

## ਤਬਾ ਬੈਂਤ

ਏਸ ਜਗ ਜਹਾਨ ਦੇ ਬਾਗ ਅੰਦਰ ਕਈ ਆਪਣਾ ਨਾਮ ਜਪਾਉਂਣ ਇਥੇ ।
ਨਿਗ੍ਹਾ ਮਾਰਕੇ ਸੋਚੀਏ ਜੇ ਲੰਬੀ ਸਦਾ ਰਿਹਾ ਜਹਾਨ ਤੇ ਕੌਣ ਇਥੇ ।
ਮਰ ਗਏ ਅੰਤ ਨੂੰ ਦੰਤ ਹਰਨਾਕਸ ਜਿਹੇ ਜਿਹੜੇ ਆਪ ਨੂੰ ਰੱਬ ਸਦਾਉਂਣ ਇਥੇ ।
ਲੰਕਾ ਸੈਨ ਨੇ ਬੰਨਿਆ ਕਾਲ ਪਾਵੇ ਮੇਘ ਨਾਥ ਨਾਂ ਲੱਭਦੇ ਰੌਣ ਇਥੇ ।
ਕੈਰੋਂ ਪਾਂਡਵਾਂ ਦਾ ਪਤਾ ਦਿਓ ਕੋਈ ਛਤਰ ਯੋਜਨਾਂ ਵਿਚ ਝਲਾਉਂਣ ਇਥੇ ।
ਭੀਮ ਸੈਨ ਅਰਜਨ ਕਿਤੇ ਛਪ ਗਏ ਜਿਹੜੇ ਹਾਥੀ ਅਸਮਾਨ ਝੜਾਉਂਣ ਇਥੇ ।
ਰਾਜੇ ਕੰਸ ਸਸਪਾਲਦਾ ਪਤਾ ਕੇਹਨੂੰ ਫੜਕੇ ਭਾਣਜੇ ਜਿਹੜੇ ਮਰਵਾਉਣ ਇਥੇ ।
ਮਾਨ ਧਾਤਾ ਪਿਰਥੂ ਜਿਹੇ ਨਹੀਂ ਦਿਸਦੇ ਸਾਰੀ ਦੁਨੀਆਂ ਤੇ ਰਾਜ ਕਮਾਉਂਣ ਇਥੇ ।

ਹਨੂੰਮਾਨ ਵਰਗੇ ਯੋਧੇ ਸੂਰਮੇ ਵੀ ਚੁਕ ਪਰਬਤਾਂ ਤਾਈਂ ਲਿਆਉਂਣ ਇਥੇ ।
ਰਾਮ ਚੰਦਰ ਤੇ ਕ੍ਰਿਸ਼ਨ ਵੀ ਤੁਰ ਗਏ ਲੋਕ ਜਿਨ੍ਹਾਂ ਨੂੰ ਰੱਬ ਬਨਾਉਂਣ ਇਥੇ ।
ਬਰੱਮਾ ਬਿਸ਼ਨੂੰ ਦੇ ਨਾਲ ਸ਼ਿਵ ਸ਼ੰਕਰ ਮਰ ਗਏ ਕਦੇ ਪਰਤ ਕੇ ਉਹ ਨਾਂਆਉਂਣ ਇਥੇ ।
ਇਹ ਤਾਂ ਜਗ ਸਰਾਂ ਮੁਸਾਫਰਾਂ ਦੀ ਦਾਹਵੇ ਜੁਗਾਂ ਦੇ ਲੋਕ ਬਨਾਉਂਣ ਇਥੇ ।
ਝੋਲੀ ਚੁਕ ਅੰਗਰੇਜ ਦੇ ਬਣ ਪਿਠੂ ਹੋ ਦੇ ਡੋਰੀਆਂ ਲੋਕ ਫੜਾਉਂਣ ਇਥੇ ।
ਪੱਕੇ ਯਾਰ ਬਣਾ ਵਿਪਾਰੀਆਂ ਨੂੰ ਜ਼ੁਲਮ ਦੇਸ਼ ਦੇ ਨਾਲ ਕਮਾਉਂਣ ਇਥੇ ।
ਸੀਨੇ ਲੱਗੀ ਏ ਅੱਗ ਮੁਰੱਬਿਆਂ ਦੀ ਖੂਨ ਆਪਣੀ ਕੌਮ ਦੇ ਨਹਾਉਂਣ ਇਥੇ ।
ਝੋਲੀ ਚੁਕ ਤਰਖਾਣ ਸੀ ਸ਼ੰਕਰ ਵਾਲਾ ਲਗਾ ਆਂਣਕੇ ਧੌਣ ਭਨਾਉਂਣ ਇਥੇ ।
ਸੁਣੋ ਉਸ ਪ੍ਰਸੰਗ ਨੂੰ ਖਾਲਸਾ ਜੀ ਲਗਾ ਵਾਹਿਗੁਰੂ ਮੇਲ ਮਲਾਉਂਣ ਇਥੇ ।
ਬਬਰ ਏਸ ਨੂੰ ਡੇਰ ਦ ਭਾਲਦੇ ਸਨ ਇਸਦੀ ਦੇਵੀ ਨੂੰ ਭੇਟ ਚੜ੍ਹਾਉਂਣ ਇਥੇ ।
ਮੇਲ ਮੇਲਦੇ ਦੋਹਾਂ ਦਾ ਲਾਭ ਸਿੰਘਾ ਇਸਦੀ ਕਿਸ ਤਰ੍ਹਾਂ ਅਲਖ ਮਕਾਉਂਣ ਇਥੇ ।

**ਨੋਟ :—** ਡਾਣਸੀ ਵਾਲ ਜਸੋਵਾਲ ਤੋਂ ਮੀਲ ਕੁ ਦੇ ਫੈਸਲੇ ਤੇ ਹੈ। ਉਥੇ ਛਿੰਜ ਪੈਣ ਲਗੀ ਤਾਂ ਬਬਰਾਂ ਦਾ ਜੱਥਾ ਜਸੋਵਾਲ ਆਇਆ ਹੋਇਆ ਸੀ। ਉਹ ਵੀ ਮੇਲੇ ਨੂੰ ਚਲੇ ਗਏ

## ਹਵਾਲ ਛਿੰਜ ਦਾ

(ਬੈਂਤ)

ਕੱਠੇ ਹੋ ਕੇ ਡਾਣਸੀ ਵਾਲਿਆਂ ਨੇ ਭਾਰੀ ਛਿੰਜ ਦਾ ਕੀਤਾ ਸਮਿਆਨ ਸੀ ਜੀ ।
ਰੋਜ ਬਜਦਾ ਢੋਲ ਦੇ ਨਾਲ ਟੱਮਕ ਸੱਦੇ ਦੂਰ ਦੇ ਮਲ ਜਵਾਨ ਸੀ ਜੀ ।
ਦੋ ਤੀਵੀਆਂ ਆਪਣੇ ਨਾਲ ਲੈ ਕੇ ਮੇਲੇ ਆ ਗਿਆ ਇਹ ਤਰਖਾਨ ਸੀ ਜੀ ।
ਓਥੇ ਛਡ ਕੇ ਦੋਹਾਂ ਸੁਆਣੀਆਂ ਨੂੰ ਮੇਲੇ ਜਾ ਵੜਿਆ ਭਲਵਾਨ ਸੀ ਜੀ ।
ਹਾਈ ਕੋਰਟ ਓਧਰ ਜਸੋਆਲ ਦੇ ਵਿਚ ਬਬਰ ਬੈਠੇ ਸ਼ੇਰ ਜਵਾਨ ਸੀ ਜੀ ।
ਬਜਦਾ ਸੁਣਕੇ ਢੋਲ ਦੇ ਨਾਲ ਟੱਮਕ ਜਾਮੇ ਵਿਚ ਨਾਂ ਸ਼ੇਰ ਜਵਾਨ ਸੀ ਜੀ ।
ਕਹਿੰਦੇ ਅਸੀਂ ਵੀ ਮੇਲੇ ਜਰੂਰ ਜਾਣਾ ਮਚ ਗਿਆ ਓਥੇ ਘਮਸਾਨ ਸੀ ਜੀ ।
ਭਲਾ ਅੱਗ ਬਰੂਦ ਦਾ ਮੇਲ ਕਾਹਦਾ ਇਹੋ ਬੋਲਦਾ ਸਭ ਜ਼ਹਾਨ ਸੀ ਜੀ ।
ਦਾਖਲ ਹੋ ਗਏ ਮੇਲੇ ਦੇ ਵਿਚ ਜਾਕੇ ਉਠਾਲਣ ਵਾਸਤੇ ਓਥੇ ਤੂਫਾਨ ਸੀ ਜੀ ।
ਲੋਕ ਦੇਖਦੇ ਮੇਲੇ ਵਿਚ ਮਲ ਘੁਲਦੇ ਬਬਰ ਹੋਰ ਸ਼ਿਕਰ ਤਕਾਨ ਸੀ ਜੀ ।
ਅਗੇ ਸੁਣੋ ਹਵਾਲ ਨੂੰ ਲਾਭ ਸਿੰਘਾ ਓਥੇ ਜੋ ਕਰਦਾ ਭਗਵਾਨ ਸੀ ਜੀ ।

**ਨੋਟ :—** ਬਬਰਾਂ ਪਹਿਲੇ ਸਾਨੂੰ ਸਾਰਿਆਂ ਨੂੰ ਦਸਿਆ ਹੋਇਆ ਸੀ ਕਿ ਘਰੋਗੀ ਕਿਸ ਦੀ ਕਿੰਨੀ ਦੁਸ਼ਮਣੀ ਹੋਵੇ, ਕੋਈ ਲੜੇ ਘੁਲੇ, ਸਾਡੇ ਪਾਸ ਉਹ ਸ਼ਕਾਇਤ ਨਾਂ ਕਰਨੀ। ਮੌਜਾ ਏਠਨਾਂ ਦਾ ਤੇ ਲਾਭ ਸਿੰਘ ਫੌਜੀ ਤਲੰਗਾ, ਇਸ ਦਾ ਘਰੋਗੀ ਇਕ ਨਾਲ ਮਕੱਦਮਾ ਚਲਦਾ ਸੀ। ਉਸਦੇ ਕੋਲ ਬਬਰ ਜਾਂਦੇ ਹੁੰਦੇ ਸਨ। ਉਸਨੇ ਇਸਦਾ ਨਾਂਮ ਲੈ ਦਿਤਾ। ਦੂਜਾ ਮੌਜਾ ਨੀਲਾ ਸੈਲਾ ਪਿੰਡ ਓਥੋਂ ਦਾ ਦੀਵਾਨ ਸਿੰਘ ਉਸਦਾ ਨਾਂਮ ਲੈ ਦਿਤਾ। ਬਬਰਾਂ ਨੇ ਆਪਣੀਆਂ ਘੜੀਆਂ ਪਰ ਇਹਨਾਂ ਦੇ ਮਾਰਨ ਦਾ ਟਾਈਮ ਮੁਕੱਰਰ ਕਰ ਲਿਆ। ਪੰਜ ਮਿੰਟ ਰਹਿੰਦਿਆਂ ਮੈਨੂੰ ਪਤਾ ਲਗ ਗਿਆ ਤਾਂ ਮਸਾ ਮਿਨਤਾਂ ਕਰਕੇ ਦੋਵੇਂ ਬਚਾਏ।

## (ਬੈਂਤ)

ਲਾਭ ਸਿੰਘ ਗਰੀਬ ਸੀ ਬਠਰਾਂ ਦਾ ਕਿਸੇ ਏਸ ਦਾ ਨਾਮ ਸੁਣਾਇਆ ਈ ।
ਬਬਰਾਂ ਇਸ ਜਵਾਨ ਦੇ ਮਾਰਨੇ ਨੂੰ ਘੇਰਾ ਚਾਰ ਚੁਫੇਰਿਓਂ ਪਾਇਆ ਈ ।
ਪੰਜ ਮਿੰਟ ਦਾ ਫਰਕ ਰਹਿ ਗਿਆ ਬਾਕੀ ਪਤਾ ਇਸ ਨੂੰ ਕਿਸੇ ਪੁਚਾਇਆ ਈ ।
ਹੱਥ ਜੋੜ ਕੇ ਦਾਸ ਨੇ ਅਰਜ ਕੀਤੀ ਪੱਲਾ ਗਲ ਦੇ ਵਿਚ ਪਸਾਇਆ ਈ ।
ਬਬਰ ਆਖਦੇ ਅੱਖਾਂ ਤੋਂ ਦੂਰ ਹੋ ਜਾ ਮੂਹਰੇ ਆਣਕੇ ਫਲਾ ਕਿਉਂ ਡਾਇਆ ਈ ।
ਮੇਰਾ ਆਖਿਆ ਸਭ ਨੇ ਮਨ ਲਿਆ ਇਸਨੂੰ ਮੌਤ ਦੇ ਮੂੰਹੋਂ ਬਚਾਇਆ ਈ ।
ਮੈਂ ਆਖਿਆ ਤੇਰੇ ਘਰ ਅੱਗ ਲਗੀ ਲਾਭ ਸਿੰਘ ਨੂੰ ਉਥੋਂ ਦੁੜਾਇਆ ਈ ।
ਕੀਤਾ ਰੱਬ ਦਾ ਸ਼ੁਕਰ ਮੈਂ ਲਾਭ ਸਿੰਘਾ ਠੰਡੇ ਸਾਰਿਆਂ ਕਰ ਬਠਾਇਆ ਈ ।

## ਤਥਾ ਬੈਂਤ

ਦੀਵਾਨ ਸਿੰਘ ਨਾਮੇਂ ਨੀਲੇ ਸੈਲੇ ਦਾ ਝੂਠਾ ਨਾਮ ਇਸਦਾ ਕਿਨੇ ਦੱਸਿਆ ਸੀ ।
ਡੋਰੀ ਦੇਂਦਾ ਏ ਬਬਰ ਅਕਾਲੀਆਂ ਤੇ ਜਾਂਦਾ ਰੋਜ਼ ਤਹਿਸੀਲ ਨੂੰ ਨੱਸਿਆ ਸੀ ।
ਹੱਥ ਜੋੜ ਕੇ ਬੇਨਤੀ ਮੈਂ ਕੀਤੀ ਐਵੇਂ ਜਾਲ ਗਰੀਬ ਇਹ ਫਸਿਆ ਸੀ ।
ਧੰਨਾ ਸਿੰਘ ਨੇ ਇਸਦੇ ਮਾਰਨੇ ਨੂੰ ਬੁਕਲ ਵਿਚ ਪਸਤੌਲ ਨੂੰ ਕੱਸਿਆ ਸੀ ।
ਦਾਸ ਆਖਿਆ ਸਭ ਫਜ਼ੂਲ ਗੱਲਾਂ ਰੱਬ ਬਬਰਾਂ ਦੇ ਦਿਲ ਵੱਸਿਆ ਸੀ ।
ਧੰਨਾ ਸਿੰਘ ਆਖੇ ਮੈਥੋਂ ਦੂਰ ਹੋਜਾ ਮੇਲੇ ਆਇਆ ਤੂੰ ਕਾਸਨੂੰ ਨੱਸਿਆ ਸੀ ।
ਇਸਨੂੰ ਮੇਰੇ ਕਹਿਣੇ ਉਹਨਾਂ ਜਾਣ ਦਿਤਾ ਰਾਹੂ ਕੇਤੂ ਨੇ ਚੰਦ ਗਰੱਸਿਆ ਸੀ ।
ਬੰਦੇ ਦੋ ਬਚਾ ਦਿਤੇ ਲਾਭ ਸਿੰਘਾ ਨਹੀਂ ਤਾਂ ਤੀਰ ਤਕਦੀਰ ਨੇ ਕੱਸਿਆ ਸੀ ।

**ਨੋਟ :—** ਪਹਿਲੇ ਲਾਭ ਸਿੰਘ ਬਚਾਇਆ ਫੇਰ ਦੀਵਾਨ। ਸਿੰਘ ਮੈਨੂੰ ਬਬਰ ਆਖਣ ਤੂੰ ਸਾਡੀਆਂ ਅੱਖਾਂ ਤੋਂ ਕਿਤੇ ਪਰੇ ਚਲੇ ਜਾ। ਤੂੰ ਦੋ ਮਾਰਾਂ ਗੁਆਈਆਂ। ਇਸ ਵੇਲੇ ਸਾਡੇ ਝਗੜਾ ਹੁੰਦਿਆਂ ਇਹ ਗੜ੍ਹ ਸ਼ੰਕਰ ਵਾਲਾ ਪੱਕਾ ਝੋਲੀ ਚੁਕ ਜਿਹੜਾ ਪੁਲੀਸ ਦੀ ਨੌਕਰੀ ਛਡ ਕੇ ਸੀ ਆਈ ਡੀ ਦਾ ਪਕਾ ਕੰਮ ਕਰਦਾ ਸੀ। ਦੋ ਤੀਵੀਆਂ ਆਪਣੇ ਨਾਲ ਲੈ ਕੇ ਮੌਜਾ ਸੈਲੇ ਖੁਰਦ ਜੋ ਢਾਣਸੀ ਵਾਲ ਤੋਂ ਇਕ ਮੀਲ ਦੇ ਫਾਸਲੇ ਪਰ ਹੈ ਆ ਗਿਆ ਓਥੇ ਦੋਵੇਂ ਤੀਵੀਆਂ ਛੱਡ ਕੇ ਆਪਣੇ ਲੜਕੇ ਨੂੰ ਨਾਲ ਲੈ ਆਇਆ ਲੜਕਾ ਛੇ ਜਾਂ ਸੱਤ ਸਾਲ ਦਾ ਸੀ। ਇਹ ਮੌਜਾ ਪਿੰਡ ਭੁੱਕੜਾਂ ਵਿਆਹਿਆ ਹੋਇਆ ਸੀ। ਉਥੋਂ ਦਾ ਦੀਵਾਨ ਸਿੰਘ ਤਲੰਗਾ ਹੱਥ ਨਾਲ ਹੱਥ ਮਿਲਾ ਕੇ ਤਿੰਨੇ ਜਣੇ ਮੇਲੇ ਇਕ ਪਾਸੇ ਤੋਂ ਪਿੜ ਹਟਾ ਕੇ ਜਾ ਖੜੇ। ਵਿਚਕਾਰ ਖੜ ਕੇ ਘੋਲ ਵੇਖਣ ਲੱਗੇ, ਤਾਂ ਇਕ ਬਬਰ ਨੇ ਆਖਿਆ ਉਹ ਗੜ੍ਹ ਸ਼ੰਕਰੀਆ ਝੋਲੀ ਚੁਕ ਹੈ। ਜਦ ਬਬਰਾਂ ਨੇ ਇਸਨੂੰ ਦੇਖਿਆ ਤਾਂ ਲਾਲੀਆਂ ਚੜ੍ਹ ਗਈਆਂ। ਸਾਨੂੰ ਸਾਰੇ ਜਸੋਵਾਲ ਦੇ ਮੁੰਡਿਆਂ ਨੂੰ ਆਖਿਆ ਤੁਸੀਂ ਸਾਥੋਂ ਦੂਰ ਹੋ ਜਾਓ ਕਿਉਂ ਕਿ ਸਾਡੀ ਆਸ ਪੂਰੀ ਹੋ ਗਈ। ਉਹਨਾਂ ਘੜੀਆਂ ਤੇ ਪੰਜ ਵਜ ਕੇ ਪੰਦਰਾਂ ਮਿੰਟ ਪੂਰ ਇਸਦਾ ਫੈਸਲਾ ਕਰਨਾ ਮਿਥ ਕੇ ਚਾਰੇ ਪਾਸੇ ਘੇਰਾ ਪਾ ਲਿਆ। ਇਸ ਪ੍ਰਸੰਗ ਨੂੰ ਹੌਲੀ ਹੌਲੀ ਲੰਬੇ ਰਿਹਾ ਨਾਲ ਪੜ੍ਹਨਾ।

## (ਬੈਂਤ)

ਬਬਰਾਂ ਜਦੋਂ ਗਦਾਰ ਨੂੰ ਦੇਖ ਲਿਆ ਚੜ੍ਹੀਆਂ ਲਾਲੀਆਂ ਬੇ ਸ਼ੁਮਾਰ ਵੀਰੋ ।

ਸ਼ੇਰ ਜਿਸ ਤਰ੍ਹਾਂ ਨਿਕਲੇ ਕੰਦਰਾਂ ਤੋਂ ਬਬਰ ਹੋ ਗਏ ਆਪੇ ਤੋਂ ਬਾਹਰ ਵੀਰੋ ।
ਅਜ ਆਸ ਮੁਰਾਦ ਹੋ ਗਈ ਪੂਰੀ ਦਇਆ ਸਾਡੇ ਤੇ ਕੀਤੀ ਕਰਤਾਰ ਵੀਰੋ ।
ਘੇਰਾ ਪੈ ਚੁਕਾ ਚੌਹਾਂ ਪਾਸਿਆਂ ਤੋਂ ਝੋਲੀ ਚੁਕ ਇਹ ਖੜਾ ਵਿਚਕਾਰ ਵੀਰੋ ।
ਮੌਤ ਇਸਦੇ ਸੀਸ ਪਰ ਮਿੰਟ ਗਿਣਦੀ ਇਸਨੂੰ ਕੋਈ ਨਾਂ ਖਬਰ ਤੇ ਸਾਰ ਵੀਰੋ ।
ਬੂਟ ਸੂਟ ਤੇ ਮੁੱਛਾਂ ਨੂੰ ਪਾ ਕੁੰਡਲ ਖੜਾ ਪਿੜ ਦੇ ਵਿਚ ਗਦਾਰ ਵੀਰੋ ।
ਹਦ ਰਹੀ ਨਾ ਬਬਰਾਂ ਦੇ ਹੌਸਲੇ ਦੀ ਹੋਏ ਸੂਰਮੇ ਫੁੱਲਕੇ ਚਾਰ ਵੀਰੋ ।
ਧੌਣ ਤੋੜਕੇ ਮੁਰਗੇ ਦੇ ਵਾਂਗ ਇਸਦੀ ਰੱਤ ਕਢਣੀ ਵਿਚੋਂ ਨਤਾਰ ਵੀਰੋ ।
ਮਜਾ ਦੱਸਣਾ ਡੈਰੀਆਂ ਦੇਵਣੇ ਦਾ ਕਰਨੇ ਟੁਕੜੇ ਵਡ ਕੇ ਚਾਰ ਵੀਰੋ ।
ਬਬਰ ਸ਼ੇਰ ਵਾਂਗੂ ਗੱਜੇ ਲਾਭ ਸਿੰਘਾ ਅਜ ਡੇਰ ਦੇ ਲੈਣੇ ਉਧਾਰ ਵੀਰੋ ।

## ਬਬਰਾਂ ਦਾ ਲਲਕਾਰਾ

(ਬੈਂਤ)

ਬਬਰਾਂ ਮਾਰਿਆ ਉਚੇ ਲਲਕਾਰਿਆਂ ਨੂੰ ਸਮਾਂ ਅਜ ਵਰਗਾ ਫੇਰ ਆਉਂਣਾ ਨਹੀਂ ।
ਪਾ ਕੇ ਝਾਤੀਆਂ ਸ਼ੇਰਾਂ ਦੇ ਘੁਰੇ ਅੰਦਰ ਭੱਜ ਲੂੰਬੜਾਂ ਪਿਛੇ ਨੂੰ ਆਉਣਾ ਨਹੀਂ ।
ਤੇਰੀ ਸਿਵੇ ਨੂੰ ਸਿੜੀ ਤਿਆਰ ਹੋਣੀ ਸ਼ੀਸ਼ ਮਹਿਲਾਂ ਵਿਚ ਜਾ ਕੇ ਸਾਉਂਣਾ ਨਹੀਂ ।
ਅਜ ਰੁਲੂ ਗੀ ਘੱਟੇ ਵਿਚ ਝੰਡ ਤੇਰੀ ਤੇਲ ਸਾਬਣਾਂ ਦੇ ਨਾਲ ਨਹਾਉਂਣਾ ਨਹੀਂ ।
ਪਿਛੇ ਲਗ ਚੁਕੇ ਮਸਕੌਟ ਤੇਰੇ ਖਾਣਾ ਨਫਰਾਂ ਲਿਆ ਖਲਾਉਂਣਾ ਨਹੀਂ ।
ਹਵਾ ਲਟੀ ਬਾਰੀਆਂ ਖੋਹਲ ਕੇ ਤੇ ਕਿਸੇ ਪਲੰਗ ਨਵਾਰ ਦਾ ਡਾਉਂਣਾ ਨਹੀਂ ।
ਬਿਸਕੀ ਰੰਮ ਸ਼ਰਾਬ ਵਿਚ ਪਾ ਸੋਡਾ ਸੋਹਣੀ ਰੰਨ ਗਲਾਸ ਫੜਾਉਂਣਾ ਨਹੀਂ ।
ਅਜ ਰੁਲੂ ਜਮੀਨ ਤੇ ਲੋਥ ਤੇਰੀ ਝਾੜ ਬਿਸਤਰਾ ਕਿਸੇ ਬਛਾਉਂਣਾ ਨਹੀਂ ।
ਸਿਰ ਤੇ ਮਾਰ ਪੈਣੀ ਅਜ ਜੁਤੀਆਂ ਦੀ ਸਾਫਾ ਸ਼ੀਸ਼ੀਆਂ ਨਾਲ ਬਨ੍ਹਾਉਂਣਾ ਨਹੀਂ ।
ਤੇਰੇ ਕਰਾਂਗੇ ਟੁਕੜੇ ਲਾਭ ਸਿੰਘਾ ਤੈਨੂੰ ਰਖ ਕੇ ਕੁਝ ਬਨਾਉਂਣਾ ਨਹੀਂ ।

## ਆਖਣਾਂ ਦਲੀਪ ਸਿੰਘ ਬਬਰ ਦਾ ਮਿਸਤਰੀ ਨੂੰ ।

(ਬੈਂਤ)

ਦਲੀਪ ਸਿੰਘ ਨੇ ਆਖਿਆ ਮਿਸਤਰੀ ਨੂੰ ਕਿਥੋਂ ਤਕ ਵਧੀਕੜੀ ਜਰਾਂ ਤੇਰੀ ।
ਰੱਤ ਪੀੜ ਕੇ ਗੰਨਿਆਂ ਵਾਂਗ ਵਿਚੋਂ ਘੁਟ ਵਾਂਗ ਸ਼ਰਾਬ ਦੇ ਭਰਾਂ ਤੇਰੀ ।
ਸ਼ੀਸ਼ ਮਹਿਲਾਂ ਤੋਂ ਰੰਗਲੀ ਤੋਰ ਸੋਹਣੀ ਸਿੜੀ ਵਿਚ ਮਸਾਣਾਂ ਦੇ ਧਰਾਂ ਤੇਰੀ ।
ਖੱਲ ਲਾਹਕੇ ਬੱਕਰੇ ਵਾਂਗ ਉਤੋਂ ਉਤੇ ਟੰਗ ਲਟਕਾਦਿਆਂ ਦਰਾਂ ਤੇਰੀ ।

## ਝੋਲੀ ਚੁਕ ਤੇ ਬਬਰਾਂ ਦਾ ਯੁਧ

ਕੋਰੜਾ ਛੰਦ

ਜਦੋਂ ਜਾ ਕੇ ਵੜ ਗਿਆ ਪਿੜ ਜੀ, ਖਤਮ ਹੋਈ ਛਿੰਜ ਪਿੜ ਗਿਆ ਛਿੜ ਜੀ,
ਬਬਰਾਂ ਨੇ ਰੂਪ ਧਾਰਿਆ ਜਲਾਦ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ ।
ਨਿਕਲੇ ਬਬਰ ਲਲਕਾਰਾ ਮਾਰ ਜੀ, ਲੋਕ ਵਿੰਹਦੇ ਸਾਰ ਹੋ ਗਏ ਉਡਾਰ ਜੀ,
ਪਤਾ ਨਹੀਂ ਸੀ ਤੈਨੂੰ ਉਏ ਤੇਰੇ ਦਾਮਾਦ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ ।

ਪਹਿਲੀ ਗੋਲੀ ਮਾਰੀ ਜਦੋਂ ਧੰਨਾ ਸਿੰਘ ਨੇ, ਡਿਗਿਆ ਜ਼ਿਮੀ ਤੇ ਸਿੱਧੇ ਹੋ ਗਏ ਬਿੰਗ ਨੇ,
ਇਹੋ ਪਾਪੀ ਮੁੱਢ ਚੰਦਰਾ ਫਸਾਦ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ ।
ਰੋਜ ਤੁਸੀਂ ਭੱਜੇ ਠਾਣਿਆਂ ਨੂੰ ਜਾਂਵਦੇ, ਲਿਖਣੇ ਮੁਰੱਬੇ ਅਜ ਤੇਰੇ ਨਾਮ ਦੇ,
ਬੇਲਣੇ 'ਚ ਗੰਨਾ ਹਾਲ ਜਿਉਂ ਕਮਾਦ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ।
ਛਾਤੀ ਵਿਚ ਬੱਜੀ ਭਜ ਗਈਆਂ ਹੱਡੀਆਂ, ਤਾੜ ਤਾੜ ਮੱਥੇ ਵਿਚ ਹੋਰ ਛੱਡੀਆਂ,
ਸੋਹਣਾ ਫਲ ਦਿਤਾ ਇਹਦੇ ਅਪਰਾਧ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ ।
ਲੋਕਾਂ ਦੇ ਪੁਤਰ ਭੇਜਦਾ ਸੀ ਜੇਲ ਨੂੰ, ਦੇਖਦਾ ਸੀ ਮੇਲੇ ਲਾ ਕੇ ਫੁਲੇਲ ਨੂੰ,
ਮਸਾਣਾਂ ਵਿਚ ਮੁੱਢ ਰੱਖਣਾ ਸਮਾਧ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ ।
ਦੋਵੇਂ ਪੈਰ ਡੋਲਿਆਂ ਦੇ ਉਤੇ ਧਰਕੇ, ਗੋਲੀ ਮਾਰੀ ਪਸਤੌਲ ਸਿੱਧਾ ਕਰਕੇ,
ਰੋਜੀ ਨਾਮਾ ਲਾ ਦਿਤਾ ਤੇਰੀ ਓਲਾਦ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ ।
ਮਾਰੀ ਇਕ ਲੱਤ ਜਬੜਾ ਵੀ ਤੋੜਿਆ, ਮਾਰ ਮਾਰ ਗੋਲੀਆਂ ਮੱਥੇ ਨੂੰ ਫੋੜਿਆ,
ਜਿਵੇਂ ਕਾਰੀਗਰ ਪਾਵੇ ਨੂੰ ਖਰਾਦ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ।
ਲੋਕਾਂ ਦੇ ਪੁਤਰ ਜੇਲ ਨੂੰ ਪਚਾਵਣੇ, ਆਪ ਮਸਕੋਟ ਲਾ ਲਾ ਖਾਣੇ ਖਾਵਣੇ,
ਚਲ ਸੈਰ ਕਰ ਸਿਵੇ ਬਗਦਾਦ ਦਾ, ਸੌ ਦਿਨ ਚੋਰ ਦਾ ਤੇ ਇਕ ਸਾਧ ਦਾ ।

## ਤਥਾ ਕੋਰੜਾ ਛੰਦ

ਅਸੀਂ ਤੇਰੇ ਬਾਪ ਦੇ ਨਾਂ ਮਾਰੀ ਸੰਨ ਜੀ, ਜਾਵੋਂ ਭੱਜੇ ਠਾਣਿਆਂ ਨੂੰ ਲਾਰਾਂ ਬੰਨ ਜੀ,
ਮੰਨਦੇ ਨਾਂ ਤੁਸੀਂ ਪੁਤਰ ਚੰਡਾਲ ਦੇ, ਲਹੂ ਪੀ ਕੇ ਦੇਸ਼ ਦਾ ਮੁਰੱਬੇ ਭਾਲਦੇ।
ਕੋਟ ਪਤਲੂਣ ਪੈਰੀਂ ਸੋਹਣੇ ਬੂਟ ਜੀ, ਭਾਲ ਦੇ ਦੁਕਾਨਾਂ ਉਤੋਂ ਜਾ ਜਾ ਸੂਟ ਜੀ,
ਤੜਕੇ ਲਗਾਵੋ ਤਰਕਾਰੀ ਦਾਲ ਦੇ, ਲਹੂ ਪੀ ਕੇ ਦੇਸ਼ ਦਾ ਮੁਰੱਬੇ ਭਾਲਦੇ ।
ਲਿਖ ਦੇਵਾਂ ਪੱਕੀ ਮੈਂ ਸ਼ਪੈਤ ਵਰਦੀ, ਕੋਲ ਠਾਣੇਬੈਹ ਜਾ ਤੈਨੂੰ ਕਿਦ੍ਹਾ ਡਰ ਜੀ,
ਮਰ ਗਏ ਵੀਰ ਸਾਡੇ ਘਾਲਾਂ ਘਾਲਦੇ, ਲਹੂ ਪੀ ਕੇ ਦੇਸ਼ ਦਾ ਮੁਰੱਬੇ ਭਾਲਦੇ ।
ਸੀਸ਼ ਮਹਿਲਾਂ ਦੀਆਂ ਖੋਹਲ ਲੰਮੀਆਂ ਬਾਰੀਆਂ, ਸ਼ੀਸ਼ਾ ਰਖ ਸਾਫੇ ਦੀਆਂ ਬੰਨੋ ਧਾਰੀਆਂ,
ਕੁਠਾਲੀ ਵਿਚ ਸੋਨੇ ਵਾਂਗ ਦੇਣੇ ਢਾਲ ਜੇ, ਲਹੂ ਪੀ ਕੇ ਦੇਸ਼ ਦਾ ਮੁਰੱਬੇ ਭਾਲਦੇ ।
ਦੇਸ਼ ਦੀਆਂ ਜੜ੍ਹਾਂ ਵਿਚ ਛੁਰਾ ਧਰਿਆ, ਇਹ ਵੀ ਵੇਲਾ ਦਸੋ ਕਦੇ ਯਾਦ ਕਰਿਆ,
ਸੱਦਤੀ ਬੁਲਾ ਲੈ ਜਿਹੜੇ ਤੇਰੇ ਨਾਲਦੇ, ਲਹੂ ਪੀ ਕੇ ਦੇਸ਼ ਦਾ ਮੁਰੱਬੇ ਭਾਲਦੇ ।
ਖਾ ਲੈ ਪ੍ਰਸਾਦਿ ਨਾਲੇ ਪੀ ਲੈ ਤਰੀਆਂ, ਬੋਤਲਾਂ ਸ਼ਰਾਬ ਦੀਆਂ ਹੈਣ ਖਰੀਆਂ,
ਘਾਲਾਂ ਬੰਨ ਤੇਰੇ ਮੂਹਰੇ ਧਰਾਂ ਥਾਲ ਜੇ, ਲਹੂ ਪੀ ਕੇ ਦੇਸ਼ ਦਾ ਮੁਰੱਬੇ ਭਾਲਦੇ ।
ਮੁਰਗੇ ਦੇ ਵਾਂਗ ਗਈ ਧੌਣ ਫੁਟ ਜੀ. ਤੜਫ ਤੜਫ ਵਿਚੋਂ ਜਾਨ ਟੁਟਦੀ
ਪੀੜ ਕੇ ਤੇ ਗੰਨੇ ਬੇਲਣੇ ਨਿਕਾਲਦੇ, ਲਹੂ ਪੀ ਕੇ ਦੇਸ਼ ਦਾ ਮੁਰੱਬੇ ਭਾਲਦੇ ।

**ਨੋਟ :—** ਇਸ ਗਦਾਰ ਦਾ ਸੁਧਾਰ ੧੯ ਮਾਰਚ ੧੯੨੩ ਨੂੰ ਹੋਇਆ ਸੀ।
ਕਾਨਸੀ ਵਾਲ ਦੀ ਛਿੰਜ ਵਿਚ, ਧੰਨਾ ਸਿੰਘ, ਬਾਬੂ ਸੰਤਾ ਸਿੰਘ, ਦਲੀਪ ਸਿੰਘ ਧਾਮੀਆਂ ਆਦਿਕ।

## ਦੁਆਬੇ ਦੀਆਂ ਦੇਵੀਆਂ ਦੇ ਪ੍ਰਤੀ।

ਵਾਕ ਕਵੀ (ਬੈਂਤ)

ਸਨ ਬਬਰ ਤੇ ਉਹਨਾਂ ਦੇ ਧੰਨ ਮਾਪੇ ਦੇਵਾਂ ਉਹਨਾਂ ਦਾ ਹਾਲ ਉਚਾਰ ਮਾਈ।

ਤਿਸਣ ਲਾਇਕ ਦੁਆਬੇ ਦੀਆਂ ਦੇਵੀਆਂ ਉਹ ਮੁਖੋਂ ਆਖਾਂ ਬਲਹਾਰ ਬਲਹਾਰ ਮਾਈ ।
ਆਫਰੀਨ ਹੈ ਲੋਰੀਆਂ ਦੇਵਣੇ ਦੇ ਸਿਫਤ ਲਾਇਕ ਹੈ ਸੱਚਾ ਪਿਆਰ ਮਾਈ ।
ਧੰਨ ਧੰਨ ਜਿਗਰਾ ਤੁਸਾਂ ਦੇਵੀਆਂ ਦਾ ਦਿਤਾ ਦੇਸ਼ ਪੁਰ ਪੁਤਾਂ ਨੂੰ ਵਾਰ ਮਾਈ ।
ਜਨਮ ਜਨਮ ਦੇ ਪਾਪ ਸੜ ਜਾਣ ਸਾਡੇ ਲਾਈਏ ਤੁਸਾਂ ਦੇ ਪੈਰਾਂ ਦੀ ਛਾਰ ਮਾਈ ।
ਝੋਲੀ ਚੁਕ ਚੰਡਾਲਾਂ ਦਾ ਨਾਸ਼ ਕੀਤਾ ਫੇਰੀ ਧੌਣ ਤੇ ਰਖ ਕਟਾਰ ਮਾਈ ।
ਧੌਣ ਭੰਨ ਕੇ ਦੇਸ਼ ਦੇ ਘਾਤੀਆਂ ਦੀ ਛੱਡੀ ਉਪਰੋਂ ਖੱਲ ਉਤਾਰ ਮਾਈ ।
ਬਬਰ ਖੇਤ ਦੇ ਵਿਚ ਸ਼ਹੀਦ ਹੋਏ ਸਫਲ ਤੁਸਾਂ ਦੇ ਥਣਾਂ ਦੀ ਧਾਰ ਮਾਈ ।
ਲੱਖਾਂ ਗੰਗਾ ਪਰਾਗ ਦੇ ਕੁੰਭ ਨਾਲੋਂ ਪਾਕ ਉਹਨਾਂ ਦਾ ਹੋਵੇ ਦਿਦਾਰ ਮਾਈ ।
ਬੇੜਾ ਹਿੰਦ ਨਮਾਣੀ ਦਾ ਹੜ੍ਹ ਗਿਆ ਜਾਨਾਂ ਵਾਰਕੇ ਲਾ ਗਏ ਪਾਰ ਮਾਈ ।
ਨਾਮ ਲਿਖੀਏ ਸੋਨੇ ਦੇ ਅੱਖਰਾਂ ਵਿਚ ਕੀਤੇ ਉਹਨਾਂ ਨੇ ਜੋ ਉਪਕਾਰ ਮਾਈ ।
ਚਾਰ ਰੋਜ ਜਹਾਨ ਦਾ ਮੌਜ ਮੇਲਾ ਹੋਣਾ ਸਭ ਨੇ ਅੰਤ ਨੂੰ ਸ਼ਾਰ ਮਾਈ ।
ਐਥੇ ਸਜ ਜਹਾਨ ਤੋਂ ਖਟ ਗਏ ਅੱਗੇ ਉਜਲੇ ਮੁਖ ਦਰਬਾਰ ਮਾਈ ।
ਲੈਣਾ ਨਾਮ ਕੀ ਗੰਦ ਦੇ ਕੀੜਿਆਂ ਦਾ ਜਿਹੜੇ ਦੇਸ਼ ਦੇ ਹੋਣ ਗਦਾਰ ਮਾਈ ।
ਡੰਕਾ ਉਹਨਾਂ ਦੇ ਨਾਮ ਦਾ ਵਜ ਗਿਆ ਮਰਦਾਂ ਵਾਂਗ ਕੀਤੀ ਜਿਹਨਾਂ ਕਾਰ ਮਾਈ ।
ਅਮਰ ਸਦਾ ਲਈ ਹੋ ਗਏ ਲਾਭ ਸਿੰਘਾ ਸੀਸ ਵਾਰਕੇ ਖੇਤ ਵਿਚਕਾਰ ਮਾਈ ।

**ਨੋਟ :–** **ਇਸ ਗਦਾਰ ਨੂੰ ਮਾਰਕੇ ਜਥੇਦਾਰ ਕਰਮ ਸਿੰਘ ਦੌਲਤ ਪੁਰ ਵਾਲੇ ਨੇ ਇਹ ਕਵਿਤਾ ਪੜ੍ਹੀ ।**

## (ਬੈਂਤ)

ਤੁਸਾਂ ਨਿਤ ਇਨਾਮ ਨੂੰ ਫਿਰੋਂ ਭੱਜੇ ਪੱਲੇ ਤੁਸਾਂ ਦੇ ਇਨਾਮ ਹੁਣ ਪਾ ਦੇਸਾਂ ।
ਨੰਬਰ ਵਾਰ ਇਨਾਮ ਬਰਤਾ ਕੇ ਤੇ ਪੁਤ ਕਈਆਂ ਦੇ ਮਾਰ ਮੁਕਾ ਦੇਸਾਂ ।
ਘਰ ਰੋਣ ਸੁਵਾਣੀਆਂ ਵੈਣ ਪਾ ਪਾ ਨਾਲੇ ਪਿੱਟਣਾ ਰੋਣਾ ਸਖਾ ਦੇਸਾਂ ।
ਚੇਤਾ ਆਵੇਗਾ ਡੈਹੀਆਂ ਦੇਵਣੇ ਦਾ ਘਰ ਘਰ ਮੁਆਤੜੇ ਲਾ ਦੇਸਾਂ ।
ਭੋਗ ਪਾ ਕੇ ਤੇ ਸ਼ਾਂਤਮਈ ਵਾਲਾ ਹਵਾ ਗਰਮ ਤੋਂ ਗਰਮ ਵਗਾ ਦੇਸਾਂ ।
ਬਬਰ ਵਾਂਗ ਬਟੇਰਿਆਂ ਤੁਸਾਂ ਤਾਈਂ ਤੁੰਬ ਤੁੰਬ ਕੇ ਹੁਣ ਵਿਖਾ ਦੇਸਾਂ ।
ਤੁਸਾਂ ਮਾਰ ਗਦਾਰਾਂ ਨੂੰ ਕਰਮ ਸਿੰਘਾ ਬੂਟੇ ਦੇਸ਼ ਅਜਾਦੀ ਦੇ ਲਾ ਦੇਸਾਂ ।

## ਝੋਲੀ ਚੁਕਾਂ ਪ੍ਰਤੀ

ਵਾਕ ਕਵੀ (ਬੈਂਤ)

ਦਸੋ ਦੇਸ਼ ਦੇ ਘਾਤੀਓ ਪਾਪੀਓ ਉਏ ਤੁਸੀਂ ਏਹੋ ਕੀ ਕੰਮ ਬਣਾਉਂਦੇ ਹੋ ।
ਮਿੱਟੀ ਤੁਸਾਂ ਦੇ ਸੀਸ ਵਿਚ ਫਿਟਕਾਂ ਦੀ ਫਿਟਕ ਲੋਕਾਂ ਦੀ ਕਾਸ ਨੂੰ ਪਾਉਂਦੇ ਹੋ ।
ਅੰਤ ਕਾਲ ਨੇ ਬੇਲਣੇ ਪੀੜ ਦੇਣੇ ਤੁਸੀਂ ਖੂਨ ਗਰੀਬ ਦੇ ਨਹਾਉਂਦੇ ਹੋ ।
ਕੰਡੇ ਬੀਜ ਕੇ ਆਪਣੇ ਵਿਚ ਰਾਹਾਂ ਪੈਰੀਂ ਆਪਣੀ ਆਪ ਭਨਾਉਂਦੇ ਹੋ ।
ਬੂਟੇ ਅੱਕਾਂ ਦੇ ਬੀਜਕੇ ਵਿਚ ਖੇਤਾਂ ਫਲ ਅੰਬ ਅੰਗੂਰਾਂ ਦੇ ਚਾਹੁੰਦੇ ਹੋ ।
ਲਿਖਿਆ ਜਾਂਵਦਾ ਪਕਿਆਂ ਕਾਗਜ਼ਾਂ ਤੇ ਜਿਹੜੇ ਲੋਕਾਂ ਤੋਂ ਐਬ ਛਪਾਉਂਨੇ ਹੋ ।
ਬਜਰ ਪਾਪ ਨਾਂ ਉਤਰੂ ਤੀਰਥਾਂ ਤੇ ਗੰਦੇ ਆਪਣੇ ਪੇਟ ਵਧਾਉਂਦੇ ਹੋ ।

ਲੋਕਾਂ ਵਾਸਤੇ ਕਰੋ ਗਿਆਨ ਸਾਰੇ ਆਪ ਪਾਪ ਤੋਂ ਬਾਜ ਨਾਂ ਆਉਂਦੇ ਹੋ ।
ਲੋਕ ਤੁਸਾਂ ਨੇ ਬੰਨਿਆ ਪਾਪ ਉਤੇ ਧੋਖਾ ਦੇਸ਼ ਦੇ ਨਾਲ ਕਮਾਉਂਦੇ ਹੋ ।
ਪੇਟ ਤੁਸਾਂ ਦੇ ਏਸ ਨੇ ਚੀਰ ਦੇਣੇ ਜਿਹੜੀ ਲੋਕਾਂ ਤੇ ਛੁਰੀ ਚਲਾਉਂਦੇ ਹੋ ।
ਸ਼ਰਮ ਚਾਹੀਦੀ ਪਾਪੀਓ ਦਾੜ੍ਹੀਆਂ ਦੀ ਵਿਚ ਜਿਸ ਦੇ ਗੰਦਗੀ ਪਾਉਂਦੇ ਹੋ ।
ਅਸੀਂ ਵਰਜਦੇ ਤੁਸਾਂ ਨੂੰ ਥਕ ਗਏ ਹੁਣ ਵੱਡਕੇ ਪਾਰ ਕਰਾਉਂਦੇ ਹੋ ।
ਤੁਸੀਂ ਪਾਪੀਓ ਦੇਸ਼ ਦਾ ਘਾਤ ਕਰਕੇ ਚੰਦੂ ਗੰਗੂ ਦੇ ਭਾਈ ਸਦਾਉਂਦੇ ਹੋ ।
ਖੱਲ ਲਾਹਕੇ ਉਪਰੋਂ ਲਾਭ ਸਿੰਘਾ ਵਿਚ ਫੂਸ ਪਰਾਲ ਭਰਾਉਂਦੇ ਹੋ ।

**ਨੋਟ :—** **ਅੱਗੇ ਪ੍ਰਸੰਗ ਹਜਾਰਾ ਸਿੰਘ ਨੰਬਰਦਾਰ ਬੈਬਲ ਪੁਰੀ ਧੰਨਾ ਸਿੰਘ ਦੇ ਚਾਚੇ ਦਾ, ਜੋ ਕਿ ਪੱਕਾ ਗਦਾਰ ਡੈਰੀ ਦੇਂਦਾ ਸੀ ।**

## (ਬੈਂਤ)

ਹਜਾਰਾ ਸਿੰਘ ਏ ਚੰਦਰਾ ਬੈਬਲ ਪੁਰ ਦਾ ਧੰਨਾ ਸਿੰਘ ਦਾ ਚਾਚਾ ਸਦਾਂਣ ਇਸਨੂੰ ।
ਕਈ ਵਾਰ ਇਸਨੂੰ ਸਮਝਾ ਚੁਕੇ ਪਈ ਡੈਰੀਆਂ ਦੇਣ ਦੀ ਬਾਣ ਇਸਨੂੰ ।
ਅੰਤ ਵਿਚ ਦਰਵਾਜੇ ਦੇ ਫੜ ਕੇ ਤੇ ਹੂਰਾ ਮੁਕੀ ਵੀ ਖੂਬ ਬਜਾਣ ਇਸਨੂੰ ।
ਜਦੋਂ ਬੈਠਦਾ ਵਿਚ ਸਿਆਣਿਆਂ ਦੇ ਲੱਖ ਲਾਣਤਾਂ ਸੀਸ ਤੇ ਪਾਣ ਇਸਨੂੰ ।
ਹਰ ਦਮ ਭੱਜਾ ਰਹੇ ਠਾਣਿਆਂ ਨੂੰ ਲੋਕ ਕੁਤਿਆਂ ਵਾਂਗ ਦੁਰਕਾਨ ਇਸਨੂੰ ।
ਜਦੋਂ ਇਸ ਗਦਾਰ ਨੇ ਅੱਤ ਚੁਕੀ ਹੁਣ ਕਬਰਾਂ ਵਿਚ ਪਪੁੰਚਾਣ ਇਸਨੂੰ ।
ਲਿਖਦੇ ਓਸ ਪ੍ਰਸੰਗ ਨੂੰ ਲਾਭ ਸਿੰਘਾ ਜਿਵੇਂ ਨਰਕ ਦੇ ਵਿਚ ਸੁਟਾਣ ਇਸਨੂੰ ।

**ਨੋਟ :—** **ਇਸਦੇ ਸੁਧਾਰ ਵਾਸਤੇ ਧੰਨਾ ਸਿੰਘ, ਊਦੇ ਸਿੰਘ ਰਾਮ ਗੜ੍ਹੀਆ ਡੁੰਗੀਆਂ, ਜੱਥੇਦਾਰ ਕਰਮ ਸਿੰਘ ਦੌਲਤ ਪੁਰੀਆ ਨਿਯਤ ਹੋਏ ।**

## (ਬੈਂਤ)

ਧੰਨਾ ਸਿੰਘ ਜਵਾਨ ਨੇ ਦੇਖਿਆ ਏ ਆਖੇ ਉਸ ਦੇ ਬਾਜ ਨਾਂ ਆ ਭਾਈ ।
ਉਸ ਆਖਿਆ ਬਬਰਾਂ ਦੂਜਿਆਂ ਨੂੰ ਦੇਈਏ ਇਸ ਨੂੰ ਮਾਰ ਮੁਕਾ ਭਾਈ ।
ਚੱਲੇ ਸੂਰਮੇ ਮਾਰ ਲਲਕਾਰਿਆਂ ਨੂੰ ਗੁਸਾ ਇਸ ਗਦਾਰ ਤੇ ਖਾ ਭਾਈ ।
ਅਜੇ ਦਿਨ ਵਾਲੀ ਟਿੱਕੀ ਨਿਕਲੀ ਸੀ ਪੁਜੇ ਵਿਚ ਹਵੇਲੀ ਦੇ ਜਾ ਭਾਈ ।
ਸੁੱਤੇ ਪਏ ਭਤੀਜੇ ਨੂੰ ਛਡ ਕੇ ਤੇ ਪੱਠੇ ਪਸ਼ੂਆਂ ਨੂੰ ਰਿਹਾ ਪਾ ਭਾਈ ।
ਆਇਆ ਭਰ ਕੇ ਟੋਕਰਾ ਪਾਉਂਣੇ ਨੂੰ ਸੁਕੇ ਪੱਠੇ ਤੇ ਹਰਾ ਰਲਾ ਭਾਈ ।
ਧੰਨਾ ਸਿੰਘ ਨੇ ਆਖਿਆ ਖੜਾ ਹੋਜਾ ਤੈਨੂੰ ਡੈਰੀਆਂ ਦਿਆਂ ਦੁਆ ਭਾਈ ।
ਪਟੇ ਲਿਖ ਕੇ ਦਿਆਂ ਮੁਰੱਬਿਆਂ ਦੇ ਵੇਲਾ ਸਾਂਭਣੇ ਦਾ ਗਿਆ ਆ ਭਾਈ ।
ਓਥੇ ਸੁਟ ਕੇ ਟੋਕਰਾ ਭੱਜ ਪਿਆ ਨਾਲੇ ਕੰਬਿਆ ਖੌਫ ਨੂੰ ਖਾ ਭਾਈ ।
ਮਾਰੀ ਛਾਲ ਹਵੇਲੀ ਤੋਂ ਵਿਚ ਰਸਤੇ ਨਾਲੇ ਦਿਤਾ ਦੁਹਾਈ ਨੂੰ ਪਾ ਭਾਈ ।
ਧੰਨਾ ਸਿੰਘ ਨੇ ਮਾਰ ਕੇ ਛਾਲ ਮਗਰੇ ਡਿਗਦੇ ਸਾਰ ਹੀ ਲਿਆ ਦਬਾ ਭਾਈ
ਇਸਨੇ ਪਾ ਜੱਫਾ ਧੰਨਾ ਸਿੰਘ ਤਾਈਂ ਲਿਆ ਛਾਤੀ ਦੇ ਨਾਲ ਲਗਾ ਭਾਈ ।
ਮੈਨੂੰ ਰਖ ਲੈ ਰਖ ਲੈ ਕਹਿਣ ਲਗਾ ਡਾਡਾਂ ਮਾਰੀਆਂ ਰੌਲਾ ਮਚਾ ਭਾਈ ।

ਕਰਮ ਸਿੰਘ ਨੇ ਛਾਤੀ ਨੂੰ ਲਾ ਨਾਲੀ ਘੋੜਾ ਰਫਲ ਦਾ ਦਿਤਾ ਦਬਾ ਭਾਈ ।
ਬੱਜੀ ਦਾੜ੍ਹ ਕੇ ਜਦ ਵਿਚ ਛਾਤੀ ਦਿਤੀ ਦੂਸਰੇ ਪਾਰ ਲੰਘਾ ਭਾਈ ।
ਤਿੰਨ ਚਾਰ ਹੀ ਮਾਰੀਆਂ ਮਗਰ ਉਸਦੇ ਠਾਹ ਠਾਹ ਹੀ ਦਿਤੀ ਓਠਾ ਭਾਈ ।
ਸ਼ੇਰਾਂ ਨਾਲ ਮੁਕਾਬਲਾ ਲਾਭ ਸਿੰਘਾ ਉਹਨਾਂ ਮਾਰਕੇ ਲਿਆ ਉਲਟਾ ਭਾਈ ।

**ਨੋਟ :—** ਇਸਦੀ ਹਵੇਲੀ ਰਸਤੇ ਨਾਲੋਂ ਤਿੰਨ ਚਾਰ ਫੁਟ ਉਚੀ ਸੀ। ਇਸਨੇ ਉਥੇ ਛਾਲ ਮਾਰੀ। ਮਗਰੇ ਧੰਨਾ ਸਿੰਘ ਨੇ ਛਾਲ ਮਾਰੀ ਤਾਂ ਇਸਨੇ ਧੰਨਾ ਸਿੰਘ ਨੂੰ ਜੱਫੀ ਪਾ ਲਈ। ਕਰਮ ਸਿੰਘ ਨੇ ਇਸਦੀ ਛਾਤੀ ਨਾਲ ਬੰਦੂਕ ਦੀ ਨਾਲੀ ਲਾ ਕੇ ਗੋਲੀ ਮਾਰੀ। ਤਿੰਨ ਚਾਰ ਹੋਰ ਮਾਰੀਆਂ ਤੇ ਮ ਰਕੇ ਸਟ ਗਏ। ਇਹ ਵਾਕਿਆ ੨੭—੩—੨੩ ਨੂੰ ਹੋਇਆ। ਇਸ ਗਦਾਰ ਦੇ ਮਾਰੇ ਜਾਣ ਤੋਂ ਦੇਸ਼ ਵਿਚ ਦੁਹਾਈ ਮਚ ਗਈ। ਫਿਰ ਝੋਲੀ ਚੁਕ ਟੋਲਿਆ ਨਾਂ ਲੱਭੇ। ਕੋਈ ਕੁੜੀ, ਕੋਈ ਤੂੜੀ ਵਾਲੇ ਕੋਠੇ ਵਿਚ ਲੁਕਦੇ ਫਿਰੇ। ਬਬਰਾਂ ਨੇ ਮਾਝੇ ਤੇ ਮਾਲਵੇ ਨੂੰ ਚਿਠੀਆਂ ਲਿਖੀਆਂ। ਵਲਾਇਤ ਨੂੰ ਤਾਰਾਂ ਤੇ ਜਿਲੇ ਨੂੰ ਤਾਰਾਂ ਖੜਕੀਆਂ।

## ਵਾਕ ਕਵੀ (ਬੈਂਤ)

ਬਬਰਾਂ ਆਖਿਆ ਮਾਝੇ ਤੇ ਮਾਲਵੇ ਨੂੰ ਹੁਣ ਵਿਚ ਮੈਦਾਨ ਦੇ ਆਈਏ ਜੀ ।
ਸੁਣਦੇ ਸਾਰ ਹਵਾੜੀਆਂ ਉਡ ਗਈਆਂ ਵਾਂਗ ਗੰਦਿਆਂ ਢੇਰੀਆਂ ਢਾਈਏ ਜੀ ।
ਕੇਹੜਾ ਸੂਰਮਾ ਤੇ ਕਿਹੜਾ ਕੈਰ ਦਿਸਦਾ ਪਰਖ ਵਿਚ ਮੈਦਾਨ ਕਰਾਈਏ ਜੀ ।
ਨਾਲੇ ਪੁੰਨ ਫਲੀਆਂ ਪਰਸ ਲਓ ਦੇਵੀ ਫਰਜ ਆਪਣਾ ਸੀਸ ਤੋਂ ਲਾਹੀਏ ਜੀ ।
ਲਹੂ ਪੀ ਕੇ ਇਹਨਾਂ ਫਰੰਗੀਆਂ ਦਾ ਮਾਰ ਸਾਗਰੋਂ ਪਾਰ ਟਪਾਈਏ ਜੀ ।
ਲਾ ਕੇ ਬੇਲਣੇ ਇਸਦੀ ਬਾਂਹ ਵਿਚੋਂ ਰਸਾ ਗੰਨਿਆਂ ਵਾਂਗ ਘਢਾਈਏ ਜੀ ।
ਗਿੱਧਾ ਪੌਂਦੀਆਂ ਬੰਗਲੇ ਵਿਚ ਬੈਹ ਬੈਹ ਪਿਟਣ ਵਾਲੀ ਪਰੇਡ ਸਿਖਾਈਏ ਜੀ ।
ਮਾਰ ਮਾਰ ਕੇ ਜੁਤੀਆਂ ਸੋਲ੍ਹੀਆਂ ਨੂੰ ਇਸਨੂੰ ਸਾਗਰੋਂ ਪਾਰ ਲੰਘਾਈਏ ਜੀ ।
ਭੇਡ ਵਾਂਗ ਕੀ ਧੌਣ ਲਫਾਈ ਹੋਈ ਜਰਾਂ ਆਪਣੀ ਆਈ ਤੇ ਆਈਏ ਜੀ ।
ਸ਼ਾਂਤਮਈ ਦੇ ਕੋੜ੍ਹ ਨੂੰ ਟੇਕ ਮੱਥਾ ਖੰਡਾ ਵਿਚ ਮੈਦਾਨ ਦੇ ਵਾਹੀਏ ਜੀ ।
ਸੁਟੋ ਤੋੜ ਗੁਲਾਮੀ ਦੇ ਸੰਗਲਾਂ ਨੂੰ ਭਾਰਤ ਵਰਸ਼ ਅਜਾਦ ਕਰਾਈਏ ਜੀ ।
ਚੰਗੀ ਮੌਤ ਗੁਲਾਮੀ ਦੇ ਜੀਊਣ ਨਾਲੋਂ ਨੀਵੀਂ ਧੌਣ ਕਰ ਜੁਤੀਆਂ ਖਾਈਏ ਜੀ ।
ਤੀਰ ਬੱਜਦੇ ਲੋਕਾਂ ਦਿਆਂ ਤਾਹਨਿਆਂ ਦੇ ਕਿਥੇ ਜਾ ਕੇ ਸੀਸ ਲੁਕਾਈਏ ਜੀ ।
ਖੱਲਾਂ ਵਿਚ ਵੀ ਮੌਤ ਨੇ ਮਾਰ ਲੈਣੇ ਧੂੜਾਂ ਵਿਚ ਮੈਦਾਨ ਉਡਾਈਏ ਜੀ ।
ਲਹੂ ਪੀ ਗਿਆ ਦੇਸ਼ ਦਾ ਲਾਭ ਸਿੰਘਾ ਇਸਦੀ ਮਾਰਕੇ ਅਲਖ ਮੁਕਾਈਏ ਜੀ ।

## ਵਾਕ ਕਵੀ (ਬੈਂਤ)

ਚਿੱਠੀ ਦੇਖਦੇ ਸਾਰ ਤੂੰ ਬਬਰਾਂ ਦੀ ਚੜ੍ਹੀਂ ਮਾਝਿਆ ਮਾਰ ਲਲਕਾਰਿਆਂ ਨੂੰ ।
ਮੱਥਾ ਜੋੜਨਾ ਨਾਲ ਫਰੰਗੀਆਂ ਦੇ ਆਵੀਂ ਉਡਾਂਵਦਾ ਦੇਸ਼ ਗੁਬਾਰਿਆਂ ਨੂੰ ।
ਚਿੱਠੀ ਮਾਲਵੇ ਵਲ ਵੀ ਪਾ ਦਿਤੀ ਲਿਆ ਸੱਦ ਮਲਬਈ ਪਿਆਰਿਆਂ ਨੂੰ ।
ਬਬਰ ਵਿਚ ਮੈਦਾਨ ਦੇ ਗਜ ਪਏ ਖੰਡੇ ਗੁਰੂ ਦੇ ਪਕੜ ਦੋ ਧਾਰਿਆਂ ਨੂੰ ।
ਸਾਸ ਵਿਚ ਸੁਕਾਈਏ ਬੰਗਲਿਆਂ ਦੇ ਵਖ ਪਾਈਏ ਰਬ ਦੇ ਮਾਰਿਆਂ ਨੂੰ ।

ਫਾੜੇ ਜਾਣ ਚੀਰੇ ਵਾਂਗ ਲੱਕੜੀ ਦੇ ਤੇਜ ਕਰ ਲਓ ਆਰੀਆਂ ਆਰਿਆਂ ਨੂੰ।
ਅਸਾਂ ਦੂਜਿਆਂ ਮੁਲਖਾਂ ਦੇ ਵਿਚ ਮਰ ਗਏ ਇਸਦੇ ਪਾਲਦੇ ਹੀ ਮਿੱਤਰ ਚਾਰਿਆਂ ਨੂੰ।
ਵਿਚ ਕਬਰ ਦੇ ਘੱਤੀਏ ਲਾਭ ਸਿਘਾ ਮੱਥਾ ਟੇਕਕੇ ਉਚੇ ਚੁਬਾਰਿਆਂ ਨੂੰ।

## ਮਾਝੇ ਤੇ ਮਾਲਵੇ ਦਾ ਹਵਾਲ

ਚਿੱਠੀ ਦੇਖਦੇ ਸਾਰ ਇਹ ਬਬਰਾਂ ਦੀ ਦੋਹਾਂ ਦੇਸ਼ਾਂ ਦੇ ਸਿਰ ਮਸਾਨ ਪੈ ਗਏ।
ਸੁਣਦੇ ਸਾਰ ਇਹ ਸੱਤਿਆ ਗਈ ਵਿਚੋਂ ਜਾਨ ਹੁੰਦਿਆਂ ਛੱਡ ਪਰਾਣ ਪੈ ਗਏ।
ਜਿਹੜੇ ਸੂਰਮੇ ਮਰਦ ਸਦਾਉਂਦੇ ਸੀ ਮੁਰਦੇ ਵਾਂਗ ਨਾਂ ਅੰਗ ਹਲਾਨ ਪੈ ਗਏ।
ਮੱਥਾ ਟੇਕ ਮਰਦਊ ਨੂੰ ਖਾਲਸਾ ਜੀ ਘੁੰਡ ਔਰਤਾਂ ਵਾਂਗ ਘਢਾਣ ਪੈ ਗਏ।
ਸ਼ਾਂਤਮਈ ਦਾ ਪੱਜ ਬਣਾ ਕੇ ਤੇ ਬੇੜਾ ਦੇਸ਼ ਦਾ ਸ਼ੌਹ ਰੁੜਾਣ ਪੈ ਗਏ।
ਰੂਲ ਪਕੜ ਕੇ ਬਾਣੀਆਂ ਪਾਰਟੀ ਦਾ ਦੇਖੋ ਪੰਥ ਦਾ ਘਾਤ ਕਰਾਨ ਪੈ ਗਏ।
ਫੋਟੂ ਲਾਹੇ ਗਏ ਨੰਗੀਆਂ ਤੀਵੀਆਂ ਦੇ ਕੇਸ ਬੂਟਾਂ ਦੇ ਹੇਠ ਰੁਲਾਣ ਪੈ ਗਏ।
ਜਿਹੜੇ ਕਹਿੰਦੇ ਸੀ ਲਵਾਂਗੇ ਖੇਤ ਬਦਲਾ ਸਿਰ ਖੱਲਾਂ ਦੇ ਵਿਚ ਲੁਕਾਣ ਪੈ ਗਏ।
ਬਬਰ ਧਰ ਕੇ ਜਾਨਾਂ ਨੂੰ ਤਲੀ ਉਤੇ ਝੋਲੀ ਚੁਕਾਂ ਦੀ ਅਲਖ ਮੁਕਾਣ ਪੈ ਗਏ।
ਬੰਨ ਟੱਸਰੀਆਂ ਜਾਂਦੇ ਸੀ ਠਾਣਿਆਂ ਨੂੰ ਰੋਜ ਲੋਕਾਂ ਦੇ ਪੁਤ ਫੜਾਣ ਪੈ ਗਏ।
ਸਿਰ ਵਡ ਜਾਂ ਬਬਰਾਂ ਥੋੜਿਆਂ ਦੇ ਬਾਕੀ ਖੱਲਾਂ ਵਿਚ ਜਾਨ ਲੁਕਾਣ ਪੈ ਗਏ।
ਕੋਈ ਭੂਆ ਦੇ ਤੇ ਕੋਈ ਛੋਕਰੀ ਦੇ ਪੱਜ ਪਾ ਕੇ ਡੰਗ ਟਪਾਣ ਪੈ ਗਏ।
ਹਾਲ ਦੇਖ ਅੰਗਰੇਜ ਦੀ ਜਾਨ ਕੰਬੀ ਹੋਰ ਫੋਜ ਪੁਲੀਸ ਮੰਗਵਾਣ ਪੈ ਗਏ।
ਜਾਵੇ ਤਾਰ ਤੇ ਤਾਰ ਰਸਾਲਿਆਂ ਨੂੰ ਅਤੇ ਜਹਾਜ਼ ਅਸਮਾਨ ਉਡਾਣ ਪੈ ਗਏ।
ਤੀਹ ਤੀਹ ਰੁਪਏ ਨੂੰ ਵਿਚ ਪਿੰਡਾਂ ਭਰਤੀ ਜੋਰ ਦੇ ਨਾਲ ਕਰਾਣ ਪੈ ਗਏ।
ਪੰਜ ਸਾਲ ਦਆਬੇ ਦੇ ਦੇਸ਼ ਅੰਦਰ ਥਾਂ ਥਾਂ ਦੇ ਉਤੇ ਘੁਮਸਾਨ ਪੈ ਗਏ।
ਦਿਲ ਢਾ ਕੇ ਹੋਰ ਜਵਾਨ ਬੈਠੇ ਸ਼ਾਂਤਮਈ ਦਾ ਕੁੜ੍ਹ ਲਗਾਣ ਪੈ ਗਏ।

**ਨੋਟ :...** **ਜਦੋਂ ਅੰਗਰੇਜ ਦੇ ਜ਼ੁਲਮ ਹੱਦੋਂ ਟੱਪ ਗਏ ਤਾਂ ਪੰਥ ਨੂੰ ਹੋਸ਼ ਆਈ ਸ਼੍ਰੋਮਣੀ ਕਮੇਟੀ ਬਣਾਈ ਤਾਂ ਇਸਦੇ ਮੈਂਬਰ ਜਿਹੜੇ ਪੇਟ ਪਾਲੂ ਮਤਾਵ ਸਿੰਘ ਵਰਗੇ ਜਦੋਂ ਜੇਲ ਵਿਚ ਗਏ ਤਾਂ ਇਹ ੩੩ ਮੈਂਬਰ ਸੀ। ਇਸ ਨੇ ਝੱਟ ਮੁਆਫੀ ਮੰਗੀ, ਤੇ ੧੯ ਹੋਰ ਨਾਲ ਲੈ ਕੇ ਨਿਕਲ ਆਇਆ। ਜਿਹੜਾ ਬਬਰਾਂ ਦੇ ਬਰਖਲਾਫ ਇਲਾਨ ਕੱਡਦਾ ਸੀ। ਨਾਮ ਬਹਾਦਰ ਮੋਰਚੇ ਤੋੜਣ ਵਾਲਾ ਇਹਨਾਂ ਦਾ ਅੱਗੇ ਚੱਲ ਕੇ ਕੁਝ ਹਵਾਲ ਲਿਖਾਂਗਾ।**

## ਮਾਲਵੇ ਵਾਲੀ ਚਿੱਠੀ ਦਾ ਹਵਾਲ

(ਬੈਂਤ)

ਚਿੱਠੀ ਭੇਜੀ ਸੀ ਮਾਲਵੇ ਵਾਲਿਆਂ ਨੂੰ ਬਬਰਾਂ ਆਖਿਆ ਤੇਗ ਉਠਾਉਣੇ ਨੂੰ।
ਨੌਜਵਾਨ ਜਿਹੜੇ ਮੁੰਡੇ ਮਾਲਵੇ ਦੇ ਖੁਸ਼ ਹੁੰਦੇ ਨੇ ਗਾਉਣ ਬਜਾਉਣੇ ਨੂੰ।
ਭਾਂਤ ਭਾਂਤ ਦੇ ਚਾਹੀਦੇ ਤੇਲ ਵੀਰੋ ਸਾਬਨ ਰੰਗ ਬਟੇਰੇ ਘਸਾਉਣੇ ਨੂੰ।
ਕਾੜ੍ਹ ਕਾੜ੍ਹ ਕੇ ਪੀਣ ਨੂੰ ਚਾਹ ਹੋਵੇ ਗੋਲੇ ਵੱਟ ਕੇ ਫੀਮ ਦੇ ਖਾਉਣੇ ਨੂੰ।
ਗਾਉਣ ਵਾਸਤੇ ਰਾਂਝਾ ਤੇ ਹੀਰ ਹੋਵੇ ਢੱਡ ਸਾਰੰਗੀ ਨਾਲ ਬਜਾਉਣੇ ਨੂੰ।

ਇਕ ਦੂਜੇ ਨੂੰ ਖ਼ੂਬ ਮਖੌਲ ਕਰਨੇ ਆਪ ਹੱਸਣਾ ਲੋਕ ਹਸਾਉਂਣੇ ਨੂੰ ।
ਮਾਮਾ ਭਾਣਜਾ ਰੱਜ ਕੇ ਕਰ ਲੈਣਾ ਗੁਸਾ ਘੜੀ ਦੀ ਘੜੀ ਰਖਾਉਂਣੇ ਨੂੰ ।
ਪਾਉਂਣੇ ਕਪੜੇ ਸੋਹਣੇ ਸਾਫ ਸੁਥਰੇ ਸਾਫਾ ਸ਼ੀਸ਼ੇ ਦੇ ਨਾਗ ਬਨਾਉਂਣੇ ਨੂੰ ।
ਗੱਲ ਮੂੰਹ ਦੇ ਉਤੇ ਹੀ ਮਾਰ ਦੇਣੀ ਢਾ ਢਾ ਪਹਾੜ ਸਟਾਉਂਣੇ ਨੂੰ ।
ਬੂਹੇ ਭੇੜਕੇ ਠੋਕਣੇ ਮਾਰ ਜੰਦੇ ਰਾਤ ਆਵੇ ਨਾਂ ਕੋਈ ਜਗਾਉਂਣੇ ਨੂੰ ।
ਬੋਤਲ ਰੰਗ ਬਰੰਗੀ ਲੈ ਮਾਲਟੇ ਦੀ ਹੋਵੇ ਸਿੰਘਣੀ ਕੋਲ ਪਲਾਉਂਣੇ ਨੂੰ ।
ਦਾੜ੍ਹਾ ਬੰਨ ਕੇ ਰਖਣਾ ਨਾਲ ਠਾਠੇ ਜੁਤੀ ਝਾੜਣੀ ਪੈਰ ਫਸਾਉਂਣੇ ਨੂੰ ।
ਅੱਖਾਂ ਵਿਚ ਸ਼ਰਾਬ ਦੀ ਤਾਰ ਆਵੇ ਪੁਛੇ ਸਿੰਘਣੀ ਪਲੰਗ ਦੇ ਡਾਉਂਣੇ ਨੂੰ ।
ਚਿੱਠੀ ਪੜ੍ਹਕੇ ਨਾਲੀ ਦੇ ਵਿਚ ਮਾਰੀ ਬਬਰ ਸਦਦੇ ਸਿਰ ਬਢਾਉਂਣੇ ਨੂੰ ।
ਸੁਖ ਛੱਡ ਸਵਰਗ ਦੇ ਲਾਭ ਸਿੰਘਾ ਦਿਲ ਕਰੇ ਨਾਂ ਮੌਤ ਬਲਾਉਂਣੇ ਨੂੰ ।

**ਨੋਟ :—** ਮਾਲਵੇ ਵਿਚ ਭਾਈ ਗੁਰਦਵਾਰਿਆਂ ਵਿਚ ਰਹਿੰਦੇ ਹਨ । ਦਾੜ੍ਹਾ, ਕੇਸ ਖ਼ੂਬ ਸੋਹਣੇ; ਵੇਖਣ ਨੂੰ ਸਿਖ ਮਗਰ ਅਫੀਮ, ਗਾਂਜਾ, ਸੁਲਫਾ ਆਦਿਕ ਸਭ ਛਕ ਜਾਂਦੇ ਹਨ । ਸ਼ਰਾਬ, ਭੰਗ ਪੀ ਲੈਂਦੇ ਹਨ। ਕਈ ਘਰਾਂ ਵਿਚ ਸਾਰੇ ਘਰ ਦੇ ਅਫੀਮ ਖਾਂਦੇ ਹਨ । ਜਦੋਂ ਜ਼ਮੀਨ ਵੀ ਮੁਕ ਜਾਵੇ ਤਾਂ ਕਿਸੇ ਸੁਨਿਆਰੇ ਜਾਂ ਖੱਤਰੀ ਦੇ ਡਾਕਾ ਮਾਰ ਲੈਣਾ । ਉਥੇ ਕੋਈ ਨਾ ਕੋਈ ਵੱਡ ਹੋ ਜਾਣਾ । ਫਿਰ ਮੁਕੱਦਮੇ ਵਿਚ ਵੀਹ ਵੀਹ ਸਾਲ ਕਾਲਾ ਪਾਣੀ ਕੈਦ ਜਾਂ ਕਹਲੂ, ਖਰਾਸ, ਮੁੰਜ ਤੇ ਚੱਕੀ ਜਦੋਂ ਫੇਰਨੀ ਪਈ ਤਾਂ ਹੱਥਾਂ ਤੇ ਛਾਲੇ ਪੈ ਜਾਣ ਤਾਂ ਫਿਰ ਰੋਣਾ । ਸੁਖਆਰਾ ਆਦਮੀ ਦੁਖ ਨਹੀਂ ਝੱਲ ਸਕਦਾ । ਮਾਲਵੇ ਵਲੋਂ ਸਾਫ ਜੁਵਾਬ ।

## ਮਾਝੇ ਦਾ ਹਵਾਲ

(ਬੈਂਤ)

ਇਹ ਤਾਂ ਦਸ ਦਿਤੀ ਬੰਣਗੀ ਮਾਲਵੇ ਦੀ ਅੱਗੇ ਮਾਝੇ ਦਾ ਸੁਣੋ ਹਵਾਲ ਵੀਰੋ ।
ਧਰਤੀ ਸੋਹਣੀ ਮਾਝੇ ਦੀ ਟਿਕਰੀ ਸੀ ਐਪਰ ਚੂੜ੍ਹਿਆਂ ਨੇ ਦਿਤਾ ਗਾਲ ਵੀਰੋ ।
ਕੰਮ ਚੋਰੀ ਦਾ ਸੈਂਹਸੀਆਂ ਵਾਂਗ ਫੜਿਆ ਜਨਮ ਜੇਲ ਅੰਦਰ ਲੈਂਦੇ ਜਾਲ ਵੀਰੋ ।
ਨਿੱਕੀ ਜਾਤ ਦੇ ਅਫਸਰ ਜੇਲ ਅੰਦਰ ਮਾਰ ਮਾਰ ਕੇ ਕਰਨ ਹਲਾਲ ਵੀਰੋ ।
ਕੋਹਲੂ ਚੱਕੀਆਂ ਪੀਹਣ ਖਰਾਸ ਆਟੇ ਜੁਤੀ ਫੇਰਦੇ ਮਗਰ ਚੰਡਾਲ ਵੀਰੋ ।
ਬੰਦੇ ਕਰ ਕੀ ਸਕਦੇ ਓਸ ਵੇਲੇ ਦਿਲੋਂ ਉਠਦੇ ਬੜੇ ਓਬਾਲ ਵੀਰੋ ।
ਕਰਨ ਲਈ ਮੁਸ਼ੱਕਤਾਂ ਭਾਰੀਆਂ ਨੇ ਖਾਣ ਵਾਸਤੇ ਜੇਲ ਦੀ ਦਾਲ ਵੀਰੋ ।
ਜਦੋਂ ਫੇਰ ਖਰਾਸ ਤੋਂ ਥਕ ਜਾਣਾ ਹੋ ਸੇਟ ਦੇ ਵਾਂਗ ਨਢਾਲ ਵੀਰੋ ।
ਚੌਬਰ ਜਾ ਕੇ ਮਰ ਗਏ ਜੇਲ ਅੰਦਰ ਓਧਰ ਘਰਾਂ ਦੇ ਬੁਰੇ ਹਵਾਲ ਵੀਰੋ ।
ਦੇਸ਼ ਗਰਕ ਕੀਤਾ ਇਹਨਾਂ ਚੂੜ੍ਹਿਆਂ ਨੇ ਮਰਦ ਪੁਣੇ ਦੇ ਜੌਹਰ ਓਠਾਲ ਵੀਰੋ ।
ਚੜ੍ਹਦੇ ਮਾਰਕੇ ਜੋ ਲਲਕਾਰਿਆਂ ਨੂੰ ਦੇਸ਼ ਕਬਦਾ ਵਾਂਗ ਭੁਚਾਲ ਵੀਰੋ ।
ਮਰਦ ਪੁਣੇ ਦੀ ਜੇ ਸਪੀਚ ਹੋਵੇ ਤੇਗ ਚੁਕਣੀ ਹੁਣ ਮਹਾਲ ਵੀਰੋ ।
ਰਲਿਆ ਕੋਈ ਨਾਂ ਸੂਰਮਾ ਲਾਭ ਸਿੰਘਾ ਇਹ ਘੁਮਸਾਨ ਰਿਹਾ ਪੰਜ ਸਾਲ ਵੀਰੋ ।

**ਨੋਟ :—** ਜਿਸ ਕੌਮ ਦੇ ਆਗੂ ਮੁਰਦਾ ਹੋਣ ਦੇਸ਼ ਕੀ ਕਰ ਸਕਦਾ ਹੈ।

## ਡੇਡ ਫੁਟੀ [ਬੈਂਤ]

ਬਾਗ ਜਲਿਆਂ ਜੋੜ ਮਸ਼ੀਨ ਮਾਰੇ, ਤਾਂ ਵੀ ਸ਼ਾਂਤਮਈ।
ਦੋ ਸੌ ਨਨਕਾਣੇ ਦੇ ਵਿਚ ਵੜੇ, ਤਾਂ ਵੀ ਸ਼ਾਂਤਮਈ।
ਬਜ ਬਜ ਘਾਟੇ ਤੇ ਗੋਲੀਆਂ ਨਾਲ ਭੁੰਨੇ, ਤਾਂ ਵੀ ਸ਼ਾਂਤਮਈ।
ਇਕ ਲੜਕੀ ਅਲਮਾਰੀ ਦੇ ਵਿਚ ਮਾਰੀ, ਤਾਂ ਵੀ ਸ਼ਾਂਤਮਈ।
ਜੀਉਂਦੇ ਚੁਕ ਕੇ ਭੱਠੀਆਂ ਵਿਚ ਫੂਕੇ, ਤਾਂ ਵੀ ਸ਼ਾਂਤਮਈ।
ਬੰਨ ਬੰਨ ਕੇ ਜੰਡਾਂ ਦੇ ਨਾਲ ਫੂਕੇ, ਤਾਂ ਵੀ ਸ਼ਾਂਤਮਈ
ਕੇਸ ਦੇ ਕੇ ਬੂਟਾਂ ਦੇ ਹੇਠ ਪੁਟੇ, ਤਾਂ ਵੀ ਸ਼ਾਂਤਮਈ।
ਧਰੂ ਧਰੂ ਕੇ ਵਿਚ ਖਤਾਨ ਡੋਬਣ, ਤਾਂ ਵੀ ਸ਼ਾਂਤਮਈ।
ਫੋਟੂ ਲਾਹੇ ਜਦ ਨੰਗੀਆਂ ਤੀਵੀਆਂ ਦੇ, ਤਾਂ ਵੀ ਸ਼ਾਂਤਮਈ।
ਫੜ ਫੜ ਗੁਤਾਂ ਤੋਂ ਲੜਕੀਆਂ ਕੁਟੀਆਂ ਨੇ, ਤਾਂ ਵੀ ਸ਼ਾਂਤਮਈ।
ਉਤੇ ਮੂੰਹ ਦੇ ਥੁਕਿਆ ਜਾਲਮਾਂ ਨੇ, ਤਾਂ ਵੀ ਸ਼ਾਂਤਮਈ।

## (ਬੈਂਤ)

ਡਰ ਲੱਗਦਾ ਚੰਦਰੀ ਮੌਤ ਕੋਲੋਂ ਐਵੇਂ ਬਣਤਾਂ ਹੋਰ ਬਣਾਈਆਂ ਨੇ।
ਭੇਖ ਧਾਰ ਕੇ ਡੋਬਿਆ ਦੇਸ਼ ਹਾਰਾ ਛੁਰੀਆਂ ਬੁਚੜਾਂ ਵਾਂਗ ਚਲਾਈਆਂ ਨੇ।
ਮਾਰ ਮਾਰ ਕੇ ਪੱਟੀਆਂ ਕੂੜ ਦੀਆਂ ਰੂਹਾਂ ਕਈ ਅਣਭੋਲ ਫਸਾਈਆਂ ਨੇ।
ਵਿਚੋਂ ਆਪਣਾ ਕੋਹੜ ਛਪਾਉਂਣੇ ਨੂੰ ਉਤੇ ਬਬਰਾਂ ਲੂਤੀਆਂ ਲਾਈਆਂ ਨੇ।
ਕੱਠੇ ਹੋ ਕੇ ਠਗ ਬਨਾਰਸੀ ਏ ਥਾਂ ਥਾਂ ਦੁਕਾਨਾਂ ਚਲਾਈਆਂ ਨੇ।
ਮਰ ਗਏ ਪੁਤ ਗਦਾਰਾਂ ਦੇ ਲਾਭ ਸਿੰਘਾ ਜਿਨ੍ਹਾਂ ਬੇੜੀਆਂ ਸੌ ਡੁਬਾਈਆਂ ਨੇ।

## ਇਸ ਪਰ ਬਬਰਾਂ ਦੇ ਖਿਆਲ

### ਵਾਕ ਕਵੀ (ਬੈਂਤ)

ਬਬਰਾਂ ਆਖਿਆ ਰਲੇ ਨਾਂ ਨਾਲ ਸਾਡੇ ਗੱਲਾਂ ਯਾਦ ਕਰਕੇ ਕਦੇ ਰੋਣਗੇ ਵੀ।
ਧਰਕੇ ਬੇਲਣੇ ਪੀੜਣੇ ਵੈਰੀਆਂ ਨੇ ਰਸੇ ਗੰਨਿਆਂ ਦੇ ਵਾਂਗ ਚੋਣਗੇ ਵੀ।
ਚੇਤਾ ਆਵੇਗਾ ਸਾਡੇ ਮਰਵਾਉਂਣੇ ਦਾ ਜਦੋਂ ਘਾਟ ਕੁਲੇ ਸਭੇ ਖੋਣਗੇ ਵੀ।
ਜਾਨ ਟੁਟੂ ਗੀ ਨਾਲ ਹਟਕੋਰਿਆਂ ਦੇ ਸੂਏ ਮਾਰਕੇ ਸੀਨੇ ਪਰੋਣ ਗੇ ਵੀ।
ਸਿਰ ਤੇ ਸੱਟ ਗੁਲਾਮੀ ਦੀ ਪਈ ਰਹਿਣੀ ਲੱਦੇ ਟੱਟੂਆਂ ਦੇ ਵਾਂਗ ਢੋਣਗੇ ਵੀ।
ਡੰਗ ਬਜਣ ਗੁਲਾਮੀ ਦੀ ਨਾਗਣੀ ਦੇ ਰਹਿਣ ਜਾਗਦੇ ਤੇ ਭਾਵੇਂ ਸੌਣਗੇ ਵੀ।
ਵੈਰੀ ਆਦਿ ਕਦੀਮ ਦੇ ਲੋਕ ਜਿਹੜੇ ਅੰਤ ਵੇਲੇ ਸਹਾਈ ਨਾ ਹੋਣਗੇ ਵੀ।
ਕੱਢ ਕੱਢ ਕੇ ਤੁਸਾਂ ਦੀਆਂ ਆਂਦਰਾਂ ਨੂੰ ਹਾਰ ਗਲਾਂ ਦੇ ਲਈ ਪਰੋਣਗੇ ਵੀ।
ਮਾਰੇ ਜਾਵੋ ਸਨਟੱਬਰੇ ਲਾਭ ਸਿੰਘਾ ਜਦੋਂ ਬੇੜੀਆਂ ਸ਼ੋਹ ਡਬੋਣਗੇ ਵੀ।

**ਨੋਟ :—** ਅਗੇ ਹਵਾਲ ਸੂਬੇਦਾਰ ਗੇਂਦਾ ਸਿੰਘ ਘੁੜਿਆਲ ਵਾਲੇ ਦਾ

## (ਬੈਂਤ)

ਪੜ੍ਹੋ ਇਸਦੇ ਹਵਾਲ ਨੂੰ ਖਾਲਸਾ ਜੀ ਸੂਬੇਦਾਰ ਏ ਪਿੰਡ ਘੁੜਿਆਲ ਦਾ ਸੀ ।
ਮੁੰਡੇ ਜੇਲ ਨੂੰ ਭੇਜਦਾ ਹੋਰਨਾਂ ਦੇ ਦਿੰਦਾ ਡੈਰੀਆਂ ਪੂਤ ਚੰਡਾਲ ਦਾ ਸੀ ।
ਵਿਚ ਠਾਣੇ ਦ ਜਾਕੇ ਚੰਦਰਾ ਇਹ ਰੋਜ ਨਵੇਂ ਸ਼ਕੂਫੇ ਉਠਾਲ ਦਾ ਸੀ ।
ਲੱਗੀ ਇਸਨੂੰ ਵੀ ਅੱਗ ਮੁਰੱਬਿਆਂ ਦੀ ਰੋਜ ਨਵੇਂ ਸ਼ਿਕਾਰ ਨੂੰ ਭਾਲਦਾ ਸੀ ।
ਖੂੰਡਾ ਹੱਥ ਤੇ ਬੰਨ ਕੇ ਸੀਸ ਟਸਰੀ ਬਣ ਕੇ ਦੱਸਦਾ ਰੂਪ ਚੰਡਾਲ ਦਾ ਸੀ ।
ਖਾਵੇ ਮਹਾਂ ਪ੍ਰਸਾਦਿ ਸ਼ਰਾਬ ਪੀ ਪੀ ਮਜੇ ਭਾਲਦਾ ਤੜਕੀ ਹੋਈ ਦਾਲ ਦਾ ਸੀ ।
ਚੰਗੇ ਚੰਗੇ ਘਰਾਣੇ ਦੇ ਕਈ ਮੁੰਡੇ ਵਿਚ ਸੁਟਕੇ ਜੇਲ ਦੇ ਗਾਲਦਾ ਸੀ ।
ਠਾਣੇਦਾਰ ਦੀ ਕੁਰਸੀ ਦੇ ਕੋਲ ਬੈਹ ਕੇ ਗੱਲੀ ਕੱਸ ਕੇ ਜੀਭ ਦੀ ਮਾਰਦਾ ਸੀ ।
ਜ਼ੁਲਮ ਕਰਨ ਦੇ ਵਾਸਤੇ ਚੰਦਰਾ ਇਹ ਜ਼ਾਲਮ ਚੰਦੂ ਤੇ ਗੰਗੂ ਦੇ ਨਾਲਦਾ ਸੀ ।
ਭਾਰੇ ਜ਼ੁਲਮ ਗੁਜਾਰਦਾ ਲਾਭ ਸਿੰਘਾ ਚੇਤਾ ਭੁਲਿਆ ਸੂਰਮੇ ਕਾਲ ਦਾ ਸੀ ।

**ਨੋਟ :— ਇਸ ਗਦਾਰ ਦੇ ਮਾਰਨ ਵਾਸਤੇ ਤਿੰਨ ਵਾਰ ਬਬਰ ਗਏ, ਇਹ ਨਾਂ ਮਿਲਿਆ। ਚੌਥੀ ਵਾਰ ਸੰਤ ਠਾਕਰ ਸਿੰਘ ਜੋ ਰਾਜੇਵਾਲ ਪਿੰਡ ਕੁਟੀਆਂ ਵਿਚ ਰਹਿੰਦਾ ਸੀ। ਉਸ ਤੋਂ ਅਰਦਾਸਾ ਸੁਧਾਇਆ, ਕਿ ਸਾਨੂੰ ਮਿਲ ਜਾਵੇ। ਮਿਲ ਤਾਂ ਗਿਆ ਪਰ ਸੰਤ ਨੂੰ ੨੦ ਸਾਲ ਕੈਦ ਹੋਈ।**

## (ਬੈਂਤ)

ਸੰਤ ਸੋਧ ਅਰਦਾਸੇ ਨੂੰ ਆਖਿਆ ਏ ਮਿਲ ਬਬਰਾਂ ਤਾਈਂ ਗਦਾਰ ਜਲਦੀ ।
ਮਜਾ ਦਸੀਏ ਡੈਰੀਆਂ ਦੇਵਣੇ ਦਾ ਖੱਲ ਸੁਟੀਏ ਬਦਨ ਤੋਂ ਤਾਰ ਜਲਦੀ ।
ਮੱਥਾ ਟੇਕਕੇ ਸੰਤ ਦੀ ਕੁਟੀਆ ਤੋਂ ਬਬਰ ਹੋ ਕੇ ਚੱਲੇ ਤਿਆਰ ਜਲਦੀ ।
ਸੰਨ ਉਨੀ ਸੌ ਤੇਈ ਅਪਰੈਲ ਬਾਰਾਂ ਲੇਣ ਦੌਤ ਜਲੰਧਰੀ ਮਾਰ ਜਲਦੀ ।
ਘਰ ਘਾਟ ਨਾਂ ਇਸਦਾ ਜਾਣਦੇ ਸੀ ਇਸ ਗਲ ਤੋਂ ਬਬਰ ਲਚਾਰ ਜਲਦੀ ।
ਨੰਦ ਸਿੰਘ ਘੁੜਿਆਲ ਦਾ ਮਿਸਤਰੀ ਸੀ ਕਰਦਾ ਬਬਰਾਂ ਨਾਲ ਪਿਆਰ ਜਲਦੀ ।
ਬਬਰਾਂ ਜਾ ਕੇ ਟੋਲਿਆ ਓਸ ਤਾਈਂ ਮਿਲਿਆ ਸੂਰਮਾ ਹੌਸਲਾ ਧਾਰ ਜਲਦੀ ।
ਉਸਦੇ ਹੱਥ ਬੰਦੂਕ ਫੜਾ ਕੇ ਤੇ ਵਿਚ ਗੋਲੀਆਂ ਦਿਤੀਆਂ ਡਾਰ ਜਲਦੀ ।
ਘਰ ਮੂਹਰੇ ਸੀ ਉਸਦੇ ਲੁਟੈਣ ਪਈ ਬੈਠੇ ਆਦਮੀ ਬੰਨ ਕੇ ਲਾਰ ਜਲਦੀ ।
ਨੰਦ ਸਿੰਘ ਨੇ ਛਾਤੀ ਨੂੰ ਲਾ ਨਾਲੀ ਘੋੜੇ ਦਬ ਦਿਤੇ ਇਕੋਵਾਰ ਜਲਦੀ ।
ਸੁਬੇਦਾਰ ਬੰਦੂਕ ਦੀ ਪਕੜ ਨਾਲੀ ਉਤੇ ਚੁਕ ਦਿਤੀ ਹੁਸ਼ਿਆਰ ਜਲਦੀ ।
ਦੋਵੇਂ ਗੋਲੀਆਂ ਵਲ ਅਸਮਾਨ ਗਈਆਂ ਪਰ ਮਚ ਗਈ ਹਾਹਾਕਾਰ ਜਲਦੀ ।
ਨੰਦ ਸਿੰਘ ਨੂੰ ਇਸ ਨੇ ਪਾ ਜੱਫਾ ਚੁਕ ਲੈ ਗਿਆ ਵੇੜੇ ਵਿਚਕਾਰ ਜਲਦੀ ।
ਕਰਮ ਸਿੰਘ ਜਵਾਨ ਏ ਹਰੀ ਪੁਰੀਏ ਮਾਰੀ ਧੂ ਕੇ ਇਸਦੇ ਤਲਵਾਰ ਜਲਦੀ ।
ਮਾਰੀ ਮੋਢੇ ਦੇ ਉਤੇ ਜਾਂ ਸੂਰਮੇ ਨੇ ਦਿਤੀ ਸੀਊਣ ਦੇ ਤਕ ਉਤਾਰ ਜਲਦੀ ।
ਲਕੜ ਵਾਂਗ ਅਰੜਾਕੇ ਡਿਗ ਪਿਆ ਕੀਤਾ ਵਢ ਕੇ ਟੁਕੜੇ ਚਾਰ ਜਲਦੀ ।
ਹਾ ਹਾ ਸ਼ੋਰਾ ਲੱਗੀ ਹੋਣ ਓਥੇ ਰੰਨਾਂ ਪਿਟੀਆਂ ਕੇਸ ਖਲਾਰ ਜਲਦੀ ।
ਵਿਚ ਇਕ ਪਲਕਾਰ ਦੇ ਲਾਭ ਸਿੰਘਾ ਬਬਰ ਲਾਹ ਗਏ ਸਿਰੋਂ ਉਧਾਰ ਜਲਦੀ ।

**ਨੋਟ :—** ਇਸਦੇ ਘਰ ਦੇ ਮੂਹਰੇ ਲੁਟੈਣ ਪਈ ਹੋਈ ਸੀ। ਉਸਦੇ ਉਤੇ ਸਤ ਅਠ ਆਦਮੀ ਬੈਠੇ ਗੱਲਾਂ ਕਰਦੇ ਸਨ। ਨੰਦ ਸਿੰਘ ਨੇ ਛਾਤੀ ਨੂੰ ਸਿਧੀ ਨਾਲੀ ਲਾ ਕੇ ਘੋੜੇ ਦਬ ਦਿਤੇ। ਸੂਬੇਦਾਰ ਨੇ ਨਾਲੀ ਨੂੰ ਹੱਥ ਪਾ ਕੇ ਉਤੇ ਚੁਕ ਦਿਤਾ। ਗੋਲੀਆਂ ਉਪਰ ਚੜ੍ਹ ਗਈਆਂ। ਨੰਦ ਸਿੰਘ ਨੂੰ ਜੱਫਾ ਪਾ ਕੇ ਘਰ ਨੂੰ ਚੁਕ ਕੇ ਲੈ ਗਿਆ। ਕਰਮ ਸਿੰਘ ਨੇ ਇਸਦੇ ਮੋਢੇ ਤੇ ਕਰਪਾਨ ਮਾਰੀ ਜੋ ਚੀਰ ਕੇ ਲਕ ਵਿਚਕਾਰ ਜਾ ਨਿਕਲੀ ਤੇ ਡਿਗ ਕੇ ਮਰ ਗਿਆ।

## ਕੋਰੜਾ ਛੰਦ

ਕੁਟੀਆ ਤੋਂ ਚੱਲੇ ਅਰਦਾਸਾ ਕਰ ਜੀ, ਸਾਡੀ ਵੀ ਮੁਰਾਦ ਬਾਬਾ ਆਵੇ ਬਰ ਜੀ,
ਅਸੀਂ ਥਕ ਗਏ ਤਿੰਨ ਵਾਰ ਟੋਲਕੇ. ਦੇਵਾਂਗੇ ਮੁਰੱਬੇ ਧੜੀ ਪੂਰੀ ਤੋਲ ਕੇ।
ਕਢ ਕੇ ਵਿਖਾ ਦਿਆਂ ਮੈਂ ਅੱਖਾਂ ਗੈਰੀਆਂ, ਜਿਵੇਂ ਸਰਕਾਰ ਨੂੰ ਪੁਚਾਵੇਂ ਡੈਰੀਆਂ,
ਮਾਰਨੇ ਗਦਾਰ ਅਸੀਂ ਟੋਲ ਟੋਲ ਕੇ, ਦੇਵਾਂਗੇ ਮੁਰੱਬੇ ਧੜੀ ਪੂਰੀ ਤੋਲ ਕੇ।
ਦੇਸ਼ ਤੋਂ ਗਦਾਰਾਂ ਦੀਆਂ ਜੜ੍ਹਾਂ ਪੁਟੀਏ, ਬੇਲਣੇ 'ਚ ਗੰਨੇ ਵਾਂਗੂੰ ਪੀੜ ਸੁਟੀਏ,
ਭਾਲਦਾ ਸਵਾਦ ਹੱਥੀਂ ਜਹਿਰ ਘੋਲ ਕੇ, ਦੇਵਾਂਗੇ ਮੁਰੱਬੇ ਧੜੀ ਪੂਰੀ ਤੋਲ ਕੇ।
ਗਿਰਦ ਮੁਰੱਬੇ ਵੱਟਾਂ ਲਾਵੀਂ ਚੌੜੀਆਂ, ਭੰਨਣੇ ਧਮਾਲ ਤੇਰੇ ਸਿਰ ਤੌੜੀਆਂ,
ਕਰ ਲਵੀਂ ਸੈਰ ਤੂੰ ਚਕਰ ਗੋਲ ਦੇ, ਦੇਵਾਂਗੇ ਮੁਰੱਬੇ ਧੜੀ ਪੂਰੀ ਤੋਲ ਕੇ।
ਲਹੂ ਪੀ ਕੇ ਗੋਗੜਾਂ ਬਣਾਓ ਮੋਟੀਆਂ. ਕਢਕੇ ਵਿਖਾਵਾਂਗੇ ਮਗੋਰੋਂ ਬੋਟੀਆਂ,
ਗੱਲਾਂ ਪੁਛ ਲਵਾਂਗੇ ਪਹੜ ਖੋਲ ਕੇ ਦੇਵਾਂਗੇ ਮੁਰੱਬੇ ਧੜੀ ਪੂਰੀ ਤੋਲ ਕੇ।
ਚੰਦਰੇ ਗਦਾਰੋ ਗੱਲਾਂ ਕਰੋ ਬੁਰੀਆਂ, ਦੇਸ਼ ਦੇ ਕਲੇਜੇ ਵਿਚ ਫੇਰੋ ਛੁਰੀਆਂ,
ਚੁਗਣ ਲੋਕ ਫੂਲ ਖਾਕ ਨੂੰ ਫਰੋਲ ਕੇ, ਦੇਵਾਂਗੇ ਮੁਰੱਬੇ ਧੜੀ ਪੂਰੀ ਤੋਲ ਕੇ।

**ਨੋਟ :—** ਦੂਸਰੇ ਦਿਨ ਪੁਲੀਸ ਨੇ ਗਰੀਬ ਲੋਕਾਂ ਨੂੰ ਤੰਗ ਕੀਤਾ।

## (ਬੈਂਤ)

ਦਿਨ ਦੂਸਰੇ ਖੜਕੀਆਂ ਜਦੋਂ ਤਾਰਾਂ ਆਣ ਪੁਲਸ ਦੀ ਪਈ ਘੜਮਸ ਓਥੇ।
ਖਬਰਾਂ ਵਲ ਨਾਂ ਕੋਈ ਵੀ ਮੂੰਹ ਕਰਦਾ ਲਕ ਲਿਆ ਗਰੀਬਾਂ ਤੇ ਕਸ ਓਥੇ।
ਫੁਟ ਫੁਟ ਤੁਰਲੇ ਸਿਰੀਂ ਧਰ ਕੁਲੇ ਐਵੇਂ ਫਿਰਨ ਕਢਦੇ ਟਸਮਸ ਓਥੇ।
ਹਾਲ ਦੇਖ ਸੂਬੇਦਾਰ ਵਡਿਆਂਦਾ ਨੇਜਾ ਜਾਵੇ ਕਲੇਜੇ ਵਿਚ ਧਸ ਓਥੇ।
ਵਿਚੋਂ ਜਾਨ ਵੀ ਕੰਬਦੀ ਸਾਰਿਆਂ ਦੀ ਗੱਲਾਂ ਉਪਰੋਂ ਮਾਰਦੇ ਹਸ ਓਥੇ।
ਨੰਦ ਸਿੰਘ ਗਰੀਬ ਨੂੰ ਪਕੜ ਲਿਆ ਜਿਹੜਾ ਪੈ ਗਿਆ ਇਹਨਾਂ ਦੇ ਬਸ ਓਥੇ।
ਦੋ ਕੁ ਦਿਨ ਖਾੜ ਕੇ ਛਿਛਰੇ ਨੂੰ ਪੁਲਸ ਨਠ ਗਈ ਵਰਦੀਆਂ ਕਸ ਓਥੇ।
ਮੋਇਆ ਆਪਣੇ ਕੀਤੇ ਨੂੰ ਪਾ ਪਾਪੀ ਪਾ ਜਣਦਿਆਂ ਦੇ ਸਿਰ ਭਸ ਓਥੇ।
ਪਤਾ ਲਗਦਾ ਉਹਨਾਂ ਕੀਤੀਆਂ ਦਾ ਚੋਵੇ ਗੰਨਿਆਂ ਦੇ ਵਾਂਗ ਰਸ ਓਥੇ।
ਰੋਵੇ ਕੋੜਮਾ ਪਾਪੀ ਦਾ ਲਾਭ ਸਿੰਘਾ ਪਿਟਣ ਰੋਂਦੀਆਂ ਨੂੰ ਪਵੇ ਗਸ਼ ਓਥੇ।

## ਤਥਾ ਬੈਂਤ

ਪੁਲਸ ਉਤਰੀ ਪਿੰਡ ਘੁਡਿਆਲ ਦੇ ਵਿਚ ਫਸਲਾਂ ਘੋੜੀਆਂ ਨੂੰ ਲਈਆਂ ਚਾਰ ਸੀ ਜੀ।
ਮਾਰ ਕੁਟ ਗਰੀਬਾਂ ਨੂੰ ਬਹੁਤ ਕੀਤੀ ਛੱਡੇ ਉਪਰੋਂ ਚੰਮ ਉਤਾਰ ਸੀ ਜੀ।

ਕੁੱਕੜ ਬੱਕਰੇ ਪਿੰਡ ਦੇ ਖਾ ਸੁਟੇ ਭਾਵੇਂ ਗੱਲ ਕਾਨੂੰਨ ਤੋਂ ਬਾਹਰ ਸੀ ਜੀ ।
ਧੌਣ ਆਕੜੀ ਤੇ ਛੁਟ ਛੁਟ ਤੁਰਲੇ ਫਿਰਦੇ ਪੁਲਸੀਏ ਮੁੱਛਾਂ ਖਲਾਰ ਸੀ ਜੀ ।
ਪਿੰਡੋਂ ਤੀਵੀਆਂ ਬਾਹਰ ਨਾ ਹੋਣ ਦਿੰਦੇ ਆਕੜ ਦਸਦੇ ਰੱਬ ਨੂੰ ਧਾਰ ਸੀ ਜੀ ।
ਮਗਰ ਪੈਣਾ ਸੀ ਬਬਰ ਅਕਾਲੀਆਂ ਦੇ ਮਰਦੇ ਆਪ ਜਾਂ ਉਹਨਾਂ ਨੂੰ ਮਾਰ ਸੀ ਜੀ ।
ਖੜਪ ਖੜਪ ਕਰਦੀ ਫਿਰੇ ਪੁਲਸ ਗਲੀਏ ਮਾਰਨ ਬੱਕਰੇ ਖਾ ਡਕਾਰ ਸੀ ਜੀ ।
ਗੰਨੇ ਚੂਪ ਕਮਾਦ ਉਜਾੜ ਦਿੰਦੇ ਲੈਂਦੇ ਸਖਤ ਗਰੀਬਾਂ ਤੋਂ ਕਾਰ ਸੀ ਜੀ ।
ਪਾ ਛਾਉਣੀਆਂ ਫੌਜ ਪੁਲੀਸ ਬੈਠੀ ਕਿਹੜਾ ਘੇਰਿਆ ਬਬਰ ਸ਼ਿਕਾਰ ਸੀ ਜੀ ।
ਪਾਊਣਾ ਰੱਬ ਗਰੀਬਾਂ ਤੇ ਲਾਭ ਸਿੰਘਾ ਹੋਰ ਸਕਣਾ ਕੀ ਸੁਆਰ ਸੀ ਜੀ ।

## ਵਾਕ ਕਵੀ (ਕੋਰੜਾ ਛੰਦ)

ਕਾਰੂੰ ਜਿਹੇ ਜੋੜਕੇ ਖਜ਼ਾਨੇ ਛਡ ਗਏ, ਕਬਰਾਂ ਪੁਟਾ ਕੇ ਰੁਪਈਏ ਕਢ ਲਏ ।
ਜੰਮਕੇ ਗਦਾਰ ਜੋ ਹਰਾਮ ਖਾਣਗੇ, ਬਬਰਾਂ ਦੇ ਬੇਲਣੇ 'ਚ ਪੀੜੇ ਜਾਣਗੇ ।
ਵੱਡੇ ਕਾਰੋਬਾਰ ਰਾਮ ਚੰਦ ਰੌਣ ਦੇ, ਜਿਨ੍ਹਾਂ ਦੇ ਅਕਾਸ਼ ਮਾਰੇ ਹਾਥੀ ਭੌਣਗੇ,
ਦੇਸ਼ ਸੇਵਕਾਂ ਦੇ ਪਾਪੀ ਖ਼ੂਨ ਨਹਾਂਣਗੇ, ਬਬਰਾਂ ਦੇ ਬੇਲਣੇ 'ਚ ਪੀੜੇ ਜਾਣਗੇ ।
ਦੱਬੇ ਜਾਣੇ ਕਬਰਾਂ ਦੀ ਮਿੱਟੀ ਹੇਠ ਜੀ, ਲੱਖਾਂ ਤੇ ਕਰੋੜਾਂ ਵਾਲੇ ਵੱਡੇ ਸੇਠ ਜੀ,
ਮਾਰ ਕੇ ਗਰੀਬ ਪੇਟ ਨੂੰ ਵਧਾਣਗੇ, ਬਬਰਾਂ ਦੇ ਬੇਲਣੇ 'ਚ ਪੀੜੇ ਜਾਣਗੇ ।
ਦੇਸ਼ ਦੀਆਂ ਜੜ੍ਹਾਂ ਵਿਚ ਫੇਰ ਆਰੀਆਂ, ਚੀਰ ਦੇ ਹੈਂ ਪੇਟ ਫੇਰ ਕੇ ਕਟਾਰੀਆਂ,
ਝੂਠ ਬੋਲ ਬੋਲ ਕੇ ਤੁਫਾਨ ਢਾਣਗੇ, ਬਬਰਾਂ ਦੇ ਬੇਲਣੇ 'ਚ ਪੀੜੇ ਜਾਣਗੇ ।
ਡਿਪਟੀ ਕਮਿਸ਼ਨਰ ਤੇ ਨਾਲੇ ਜਜ ਜੀ, ਜਾਊ ਸਿੜੀ ਸਿਵੀਆਂ ਨੂੰ ਸੋਹਣੀ ਸਜ ਜੀ,
ਜਦੋਂ ਚਾਰ ਜਣੇ ਲਗ ਕੇ ਓਠਾਣਗੇ, ਬਬਰਾਂ ਦੇ ਬੇਲਣੇ 'ਚ ਪੀੜੇ ਜਾਣਗੇ ।
ਲਹੂ ਪੀ ਕੇ ਦੇਸ਼ ਦਾ ਮਟਾਣ ਭੁਖ ਨੂੰ, ਪਾਵੋ ਲੱਖ ਲਾਣਤਾਂ ਜੋ ਗੰਦੀ ਕੁਖ ਨੂੰ,
ਸੱਦਣਗੇ ਗਦਾਰ ਲਕ ਵਾਰਾਂ ਗਾਣਗੇ, ਬਬਰਾਂ ਦੇ ਬੇਲਣੇ 'ਚ ਪੀੜੇ ਜਾਣਗੇ ।
ਮਾਰੋ ਐਥੇ ਜੁਤੀਆਂ ਜੋ ਕੌਮ ਘਾਤੀ ਨੂੰ, ਪਾਉਣਗੇ ਨਰਕ ਬੇਈਮਾਨ ਜਾਤੀ ਨੂੰ,
ਛਿੱਤਰਾਂ ਦੇ ਹਾਰ ਗਲੇ ਲਟਕਾਣਗੇ, ਬਬਰਾਂ ਦੇ ਬੇਲਣੇ 'ਚ ਪੀੜੇ ਜਾਣਗੇ ।

## ਤੀਬਾ ਕੋਰੜਾ ਛੰਦ

ਜਦੋਂ ਸੂਬੇਦਾਰ ਉਲਟਾ ਸੁਟਿਆ, ਮਾਰ ਕੇ ਦੁਹੱਥੜਾਂ ਟਬਰ ਪਿਟਿਆ,
ਜਿਲੇ ਬੰਨੀ ਤਾਰ ਪੁਰ ਤਾਰ ਖੜਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ,
ਲੁਕਦੇ ਫਿਰਨ ਸਿਰ ਮਾਰ ਤੁੰਬੀਆਂ, ਖੇਤਾਂ ਵਿਚ ਜਾਕੇ ਤੋੜਦੇ ਨੇ ਦੂੰਬੀਆਂ
ਬੱਕਰੀ ਦੇ ਵਾਂਗ ਰੋਜ ਜਾਨ ਧੜਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ ।
ਮਾਰੇ ਬਿਨਾਂ ਦੇਖੇ ਇਹ ਗਦਾਰ ਮਰਦੇ, ਖੱਲਾਂ ਵਿਚ ਚੰਦਰੇ ਪੈਸਾਬ ਕਰਦੇ,
ਚੂਹ ਵਾਂਗ ਜਾਂਦੇ ਕਈ ਫੜ ਰੜਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ ।
ਲੱਗੇ ਝੋਲੀ ਚੁਕ ਜੋ ਖੱਲਾਂ 'ਚ ਰਹਿਣ ਜੀ, ਜਿਵੇਂ ਕੰਨ ਕੁਤਿਆਂ ਦੇ ਕੀੜੇ ਪੈਣ ਜੀ,
ਨਿਕਲੇ ਪੈਸ਼ਾਬ ਜਦੋਂ ਕਖ ਖੜਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ ।
ਬੰਨ ਕੇ ਤੇ ਜੋਟੀ ਰੰਨਾਂ ਬੈਠ ਰੋਣ ਜੀ, ਲੱਗੇ ਘਰ ਘਰ ਮੇਂ ਸਿਆਪੇ ਹੋਣ ਜੀ,
ਪੈਣ ਗਸ਼ੀ ਗੋਤੇ ਤੇ ਉਠਾਉਂਣ ਫੜਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ ।
ਚੜਦੇ ਬੁਖਾਰ ਤੇ ਦਸਤ ਲਗਦੇ, ਲੀਹਾਂ ਤੇ ਪੈਸਾਬ ਮੰਜਿਆਂ ਤੇ ਵਗਦੇ,

ਘੰਡ ਤੋਂ ਉਤਰ ਹੇਠ ਗਏ ਗੜਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ।
ਘਰ ਘਰ ਪਾਪੀਆਂ ਦੇ ਪੈ ਗਏ ਪਿਟਣੇ, ਝੋਲੀ ਚੁਕ ਬਬਰਾਂ ਨੇ ਮਾਰ ਸੁਟਣੇ.
ਡੁਬ ਗਏ ਬੇੜੇ ਸਾਗਰਾਂ 'ਚ ਹੜਕੇ. ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ।
ਲੱਗੇ ਜਾਂ ਕਲੇਜੇ ਵਿਚ ਪੈਣ ਚੀਰ ਨੇ, ਬਹੁਤਿਆਂ ਗਦਾਰਾਂ ਘਰੀਂ ਪੈਣ ਕੀਰਨੇ,
ਡੈਰਆਂ ਪਚਾਉਂਣ ਜਿਹੜੇ ਚੜ੍ਹ ਚੜ੍ਹ ਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ।
ਜਿਹੜੇ ਝੋਲੀ ਚੁਕ ਦੱਲੇ ਸਰਕਾਰ ਦੇ, ਰੋਣ ਪੈਰ ਫੜ ਫੜ ਠਾਣੇਦਾਰ ਦੇ,
ਚੂਪਦੇ ਸੀ ਪਾਨ ਹੱਥ ਛਟੀ ਫੜਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ।
ਰੋਵੇ ਬਾਲ ਬੱਚਾ ਘਰ ਧਾਹਾਂ ਮਾਰ ਜੀ, ਕਾਹਨੂੰ ਝੋਲੀ ਚੁਕੀ ਅਸਾਂ ਸਰਕਾਰ ਦੀ,
ਛੱਡਣੇ ਨਾਂ ਬਬਰਾਂ ਨੇ ਸਾਡੇ ਲੜਕੇ, ਤੂੜੀ ਵਾਲੇ ਕੋਠਿਆਂ 'ਚ ਸੌਣ ਵੜਕੇ।

**ਨੋਟ :—** ਇਹ ਵਾਕਿਆ ੧੨–੪–੨੩ ਦਾ ਹੈ। ਅੱਗੇ ਪ੍ਰਸੰਗ ਰਲਾ ਤੇ ਦਿਤੂ ਕੌਲ ਗੜ੍ਹ, ਠਾਣਾ ਬਲਾਚਰ, ਤਹਿਸੀਲ ਗੜ੍ਹ ਸ਼ੰਕਰ, ਜਿਲਾ ਹੁਸ਼ਿਆਰ ਪੁਰ।

## (ਬੈਂਤ)

ਯਾਦ ਰਖਣਾ ਇਹ ਦੋਵੇਂ ਕੌਲ ਗੜ੍ਹ ਦੇ ਰਲਾ ਦਿਤੂ ਏ ਕੌਮ ਗਦਾਰ ਪਾਪੀ।
ਮੂਹਰੇ ਹੋ ਕੇ ਇਹ ਅਕਾਲੀਆਂ ਦੇ ਦਿੰਦੇ ਡੈਰਿਆਂ ਵਿਚ ਸਰਕਾਰ ਪਾਪੀ।
ਇਹ ਕੌਮ ਗਦਾਰ ਨਾਂ ਬਾਜ ਆਏ ਸਮਝ ਸਕੇ ਨਾ ਇਹ ਇਕ ਵਾਰ ਪਾਪੀ।
ਜਦੋਂ ਜਾ ਕੇ ਇਹਨਾਂ ਨੂੰ ਆਖਦੇ ਸਨ ਭੂਹੇ ਹੋਂਵਦੇ ਤੇਜ ਤਰਾਰ ਪਾਪੀ।
ਬਬਰਾਂ ਆਖਿਆ ਇਹਨਾਂ ਨੇ ਮੰਨਣਾ ਨਹੀਂ ਕਰੋ ਵਡ ਕੇ ਟੁਕੜੇ ਚਾਰ ਪਾਪੀ।
ਜਥੇਦਾਰ ਨੇ ਹੁਕਮ ਚੜ੍ਹਾ ਦਿਤਾ ਹੁਣ ਨਾ ਆਖੋ ਵਾਰ ਵਾਰ ਪਾਪੀ।
ਇਹ ਵਡ ਕੇ ਫੈਸਲਾ ਕੀਤਿਆਂ ਬਿਨ ਹੋਣਾ ਦੇਸ਼ ਦਾ ਨਹੀਂ ਸੁਧਾਰ ਪਾਪੀ।
ਉਚੇ ਛੱਡਿਆ ਬੋਲ ਜੈਕਾਰਿਆਂ ਨੂੰ ਚੜੇ ਹੌਂਸਲੇ ਬੇ ਸ਼ੁਮਾਰ ਪਾਪੀ।
ਚਲੇ ਗਏ ਨੇ ਵਕਤ ਸਮਝਾਵਣੇ ਦੇ ਹੁਣ ਕਰ ਲਓ ਤੇਜ ਕਟਾਰ ਪਾਪੀ।
ਕੱਢ ਸੁਟੀਏ ਆਂਦਰਾਂ ਲਾਭ ਸਿੰਘਾ ਤਾਰ ਖਿਚਕੇ ਵਾਂਗ ਸੁਨਿਆਰ ਪਾਪੀ।

## ਕੋਰੜਾ ਛੰਦ

ਬਜੀ ਜਦੋਂ ਢੋਲਕੀ ਸ਼ਬਦ ਪੜ੍ਹਿਆ, ਦੇਖਣੋਂ ਨੂੰ ਪਿੰਡ ਕੋਠਿਆਂ ਤੇ ਚੜ੍ਹਿਆ,
ਨਾਲੇ ਮਿੰਨੀ ਮਿੰਨੀ ਰਫਤਾਰ ਤੁਰਦੇ, ਬੋਲਦੇ ਜੈਕਾਰੇ ਮੇਲੇ ਅਨੰਦ ਪੁਰ ਦੇ।
ਛੈਣੇ ਖੜਤਾਲਾਂ ਘੜਿਆਲ ਬਜਦਾ, ਚੱਲਿਆ ਘਰਾਂ ਨੂੰ ਇਹ ਹਜੂਮ ਸਜਦਾ,
ਕਢ ਦੇ ਪੁਰਖ ਕਈ ਸੋਹਣੇ ਸੁਰਦੇ, ਬੋਲਦੇ ਜੈਕਾਰੇ ਮੇਲੇ ਅਨੰਦ ਪੁਰ ਦੇ।
ਨਿੱਕੇ ਤੇ ਨਿਆਣੇ ਪੁਛਦੇ ਹੈ ਲੋਗ ਜੀ, ਕਿਹਦੇ ਘਰ ਖਾਲਸਾ ਏ ਪੈਣਾ ਭੋਗ ਜੀ,
ਸੰਤ ਪ੍ਰਵਾਨੇ ਪੁਜੇ ਆਣ ਧੁਰਦੇ, ਬੋਲਦੇ ਜੈਕਾਰੇ ਮੇਲੇ ਅਨੰਦ ਪੁਰ ਦੇ।
ਲਹੂ ਪੀ ਕੇ ਕੌਮ ਦਾ ਇਹ ਬੁਲੇ ਲੁਟਦੇ, ਅਜ ਜੂੜੇ ਦੇਖ ਲਓ ਜੜ੍ਹਾਂ ਤੋਂ ਪੁਟਦੇ,
ਕੁਰਸੀ ਤੇ ਬੈਹਣ ਵਾਲੇ ਪੈਣ ਮੁਰਦੇ, ਬੋਲਦੇ ਜੈਕਾਰੇ ਮੇਲੇ ਅਨੰਦ ਪੁਰ ਦੇ।
ਪੁਛ ਲੈਣ ਗੱਲਾਂ ਸੀਨੇ ਨੇਜਾ ਗੱਡਕੇ, ਜਿਵੇਂ ਸੁਨੀ ਜੰਦ ਵ ਾਂ ਤਾਰ ਕਢਦੇ,
ਅਜ ਹਥ ਜੋੜ ਬਣਦੇ ਅਜੁਰਦੇ, ਬੋਲਦੇ ਜੈਕਾਰੇ ਮੇਲੇ ਅਨੰਦ ਪੁਰ ਦੇ

ਲੰਘ ਦਿਆਂ ਸਾਰ ਬੂਹਾ ਲਿਆ ਮਲ ਜੀ, ਭੱਜਕੇ ਟੱਬਰ ਵੱਲ ਗਿਆ ਖਲ ਜੀ,
ਮੋਟੀ ਧੌਣ ਵਾਲੇ ਵੱਢੇ ਜਾਣ ਗੁਰਦੇ. ਬੋਲਦੇ ਜੈਕਾਰੇ ਮੇਲੇ ਅਨੰਦ ਪੁਰ ਦੇ ।
ਸ਼ੁਪੈਤ ਪੋਸ਼ੀ ਨਾਲ ਜੋ ਨੰਬਰਦਾਰ ਦਾ, ਦੇਖ ਲਓ ਸੁਆਦ ਕੋੜ੍ਹ ਦੀ ਬੀਮਾਰੀ ਦਾ,
ਪਾਣੀ ਵਿਚ ਦੇਖ ਲਓ ਪਤਾਸੇ ਖੁਰਦੇ, ਬੋਲਦੇ ਜੈਕਾਰੇ ਮੇਲੇ ਅਨੰਦ ਪੁਰ ਦੇ ।

## ਦੋਹਾਂ ਦਾ ਸੁਧਾਰ

(ਬੈਂਤ)

ਬਜੇ ਢੋਲਕੀ ਤੇ ਨਾਲੇ ਸ਼ਬਦ ਪੜ੍ਹਦੇ ਬਬਰ ਵਿਚ ਵਿਹੜੇ ਵੜੇ ਜਾ ਦੋਵੇਂ ।
ਅੰਦਰ ਦੇ ਕੇ ਨਿੱਕੇ ਨਿਆਂਣਿਆਂ ਨੂੰ ਜੰਦੇ ਠੋਕ ਤੇ ਕੁੰਡੇ ਅੜਾ ਦੋਵੇਂ ।
ਦੋ ਕੁ ਮਾਰਕੇ ਧੌਣ ਦੇ ਵਿਚ ਪਹਿਲਾਂ ਰਲਾ ਦਿਤੂ ਇਹ ਲਏ ਬਿਠਾ ਦੋਵੇਂ ।
ਠਾਣੇਦਾਰ ਨੂੰ ਮਦਤੀ ਸਦ ਲਵੋ ਖਬਰ ਕੋਲ ਕਪਤਾਨ ਪੁਚਾ ਦੋਵੇਂ ।
ਪਟੇ ਲਿਖਣੇ ਅਜ ਮੁਰੱਬਿਆਂ ਦੇ ਬੈਠੋ ਸੋਹਣੀਆਂ ਕੁਰਸੀਆਂ ਡਾਹ ਦੋਵੇਂ ।
ਤੁਸੀਂ ਖੈਰਖਾ ਵਡੇ ਸਰਕਾਰ ਦੇ ਹੋ ਸਾਥੋਂ ਲਓ ਇਨਾਮ ਗਣਾ ਦੋਵੇ ।
ਖੁਲੀ ਸਾਂਭ ਲਓ ਦੂਲੇ ਦੀ ਬਾਰ ਜਾਕੇ ਮੋਹਰ ਬਬਰ ਤੋਂ ਲਓ ਲੁਆ ਦੋਵੇ ।
ਮੱਥਾ ਟੇਕ ਲਓ ਸੋਹਣੇ ਚੁਬਾਰਿਆਂ ਨੂੰ ਪਾ ਸਿਵਿਆਂ ਦੇ ਦੇਣੇ ਰਾਹ ਦੋਵੇਂ ।
ਅਜ ਭਰਕੇ ਧੜੀਆਂ ਤੋਲ ਦੇਵਾਂ ਰੋਜ ਪੁਛਦੇ ਖੂਨ ਦਾ ਭਾ ਦੋਵੇਂ ।
ਪਤਾ ਦੂਜੇ ਦੇ ਦੁਖ ਦਾ ਲਗ ਜਾਵੇ ਜੱਲ ਪਾ ਦਿਆਂ ਬਰਛੇ ਲੰਘਾ ਦੋਵੇਂ ।
ਚੇਤਾ ਕਰਕੇ ਆਪਣੇ ਕੀਤਿਆਂ ਦਾ ਰੋ ਰੋ ਸਕਾਉਂਦੇ ਸਾਹ ਦੋਵੇਂ ।
ਤੁਸੀਂ ਆਪਣੇ ਪੇਟ ਨੂੰ ਪਾਲਦੇ ਹੋ ਹੋਰ ਲੋਕਾਂ ਦੇ ਪੁਤ ਮੁਰਵਾ ਦੋਵੇਂ ।
ਖੇਪਰ ਮਾਰ ਕੇ ਜੁਤੀਆਂ ਕਰਾਂ ਪੋਲਾ ਕਿੱਦਾਂ ਆਉਂਦੇ ਸੀ ਡੈਰੀ ਲਿਖਾ ਦੋਵੇਂ ।
ਐਸ ਵੇਲੇ ਨੂੰ ਵੀ ਕਦੇ ਯਾਦ ਕੀਤਾ ਰਹੇ ਖੂਨ ਗਰੀਬਾਂ ਦੇ ਨਹਾ ਦੋਵੇਂ ।
ਕਿੱਦਾਂ ਪੀਂਦੇ ਸੀ ਖੂਨ ਬਿਗਾਨਿਆਂ ਦਾ ਅਜ ਬੋਲਣੇ ਦੇਵਾਂ ਲੰਘਾ ਦੋਵੇਂ ।
ਬਬਰ ਚਾੜ੍ਹਿਆ ਹੁਕਮ ਨੂੰ ਲਾਭ ਸਿੰਘਾ ਮਾਰ ਗੋਲੀਆਂ ਦੇਵੋ ਉਡਾ ਦੋਵੇਂ ।

## ਰਲਾ ਤੇ ਦਿਤੂ ਦੋਵੇਂ ਕਤਲ

## (ਬੈਂਤ)

ਬਬਰ ਦੋ ਹੋ ਗਏ ਦੋਹਾਂ ਪਾਸਿਆਂ ਤੇ ਵਿਚ ਰਲੇ ਨੂੰ ਲਿਆ ਬਠਾ ਸੀ ਜੀ ।
ਪਛ ਪਛ ਕੇ ਲਹੂ ਲੁਹਾਣ ਕੀਤਾ ਬੁਰਾ ਮੱਛੀ ਦੇ ਵਾਂਗ ਤੜਫਾ ਸੀ ਜੀ ।
ਰੂਪ ਦੇਖ ਕੇ ਕੰਬਿਆ ਬਬਰਾਂ ਦਾ ਮੁਆਫੀ ਮੰਗਦਾ ਫੇਰ ਘਬਰਾ ਸੀ ਜੀ ।
ਜਿਹੜੀ ਵਰਤਦੀ ਰਲੇ ਦੇ ਨਾਲ ਸੋਹਣੀ ਦਿਤੂ ਦੇਖਦਾ ਨਿਗ੍ਹਾ ਟਿਕਾ ਸੀ ਜੀ ।
ਜਦੋਂ ਔਂਗਾ ਕੁ ਚੰਦਰਾ ਮਰ ਗਿਆ ਮਾਰੀ ਮੱਥੇ ਵਿਚ ਗੋਲੀ ਫੜਾਹ ਸੀ ਜੀ ।
ਮੁਰਦਾ ਹੋ ਜ਼ਮੀਨ ਤੇ ਲੇਟ ਗਿਆ ਫਲ ਆਪਣੇ ਕੀਤੇ ਦਾ ਪਾ ਸੀ ਜੀ ।
ਪਹਿਲੇ ਰਲੇ ਦਾ ਫੈਸਲਾ ਕਰ ਸੋਹਣਾ ਫੇਰ ਦਿਤੂ ਨੂੰ ਲਿਆ ਬਠਾ ਸੀ ਜੀ ।
ਮਾਰੀ ਨੋਕ ਕਰਪਾਨ ਦੀ ਵਿਚ ਛਾਤੀ ਦਿਤੀ ਦੂਸਰੇ ਪਾਰ ਲੰਘਾ ਸੀ ਜੀ ।
ਪਛ ਪਛ ਕੇ ਇਸਦੇ ਸਰੀਰ ਤਾਈਂ ਥਾਂ ਥਾਂ ਦਿਤੇ ਖੱਪੇ ਪਾ ਸੀ ਜੀ ।
ਉਦੇ ਸਿੰਘ ਨੇ ਮੱਥੇ ਵਿਚ ਮਾਰ ਗੋਲੀ ਟੰਟਾ ਇਸਦਾ ਵੀ ਦਿਤਾ ਮੁਕਾ ਸੀ ਜੀ ।
ਪਟੇ ਲਿਖ ਕੇ ਪੱਕੇ ਮੁਰਬਿਆਂ ਦੇ ਦਿਤੇ ਰਾਹ ਮਸਾਣਾਂ ਦੇ ਪਾ ਸੀ ਜੀ

ਆਕੜ ਖਾਂ ਇਹ ਰੋਣ ਦੇ ਨਾਲਦੇ ਸਨ ਮਾਰੇ ਵੇਹੜੇ ਦੇ ਵਿਚ ਤੜਫਾ ਸੀ ਜੀ ।
ਬੱਚਾ ਇਕ ਵੀ ਪਿੰਡ ਦਾ ਬੋਲਿਆ ਨਾਂ ਅੰਦਰ ਲੁਕ ਗਏ ਕੁੰਡੇ ਅੜਾ ਸੀ ਜੀ ।
ਇਹਨਾਂ ਦੋਹਾਂ ਗਦਾਰਾਂ ਦੇ ਮਾਰਿਆਂ ਦੀ ਪਈ ਦੇਸ਼ ਦੇ ਵਿਚ ਕਹਾ ਸੀ ਜੀ ।
ਬਦਲੇ ਲੈ ਲਏ ਬਬਰ ਨੇ ਲਾਭ ਸਿੰਘਾ ਫਿਰਦੇ ਚੌਦਰੀ ਮੁਛਾਂ ਝੜਾ ਸੀ ਜੀ ।

## ਵਾਕ ਕਵੀ [ਬੈਂਤ]

ਸੋਚੋ ਆਪ ਤੇ ਫੈਸਲਾ ਕਰੋ ਨਾਲੇ ਤੁਸੀਂ ਦੇਸ਼ ਦੇ ਨੌਜਵਾਨ ਵੀਰੋ ।
ਉਹ ਵੀ ਕਿਸੇ ਦੇ ਪੁਤ ਸਨ ਖਾਲਸਾ ਜੀ ਸੱਟਾਂ ਵਿਚ ਮੈਦਾਨ ਦੇ ਖਾਣ ਵੀਰੋ ।
ਸਾਗਰ ਜਿਡੀ ਅੰਗਰੇਜ ਦੀ ਬਾਦਸ਼ਾਹੀ ਉਹਦੇ ਵਿਚ ਘੁੰਮਸਾਨ ਮਚਾਣ ਵੀਰੋ ।
ਬਣਦੇ ਸੂਰਮੇ ਮਾਝੇ ਤੇ ਮਾਲਵੇ ਦੇ ਖਲ ਬੜ ਗਏ ਵੱਡੇ ਬਲਵਾਨ ਵੀਰੋ ।
ਮਾਸੀ ਮੌਤ ਨੂੰ ਆਖਣਾ ਬੜਾ ਔਖਾ ਗਪ ਮਾਰਨੇ ਬਹੁਤ ਅਸਾਨ ਵੀਰੋ ।
ਇਹਨਾਂ ਕੌਮ ਗਦਾਰਾਂ ਦੇ ਖਾਤਮੇ ਦਾ ਬਬਰ ਸੂਰਮੇ ਬੀੜਾ ਉਠਾਣ ਵੀਰੋ ।
ਟਿੱਕੇ ਧੋਤੇ ਨਾਂ ਜਾਂਦੇ ਗੁਲਾਮੀਆਂ ਦੇ ਬਬਰ ਜੇ ਨਾਂ ਖੂਨ ਬਹਾਣ ਵੀਰੋ ।
ਪਿੱਠੂ ਕਦੋਂ ਅੰਗਰੇਜ ਦੇ ਸਮਝ ਦੇ ਸੀ ਜੇ ਨਾਂ ਵੱਢ ਕੇ ਪਾਰ ਬੁਲਾਣ ਵੀਰੋ ।
ਬੂਟਾ ਤਦੋਂ ਅਜਾਦੀ ਦਾ ਫੈਲਦਾ ਏ ਮੁੱਢ ਖੂਨ ਸ਼ਹੀਦ ਜੇ ਪਾਣ ਵੀਰੋ ।
ਕੋਈ ਮਰਦ ਬੱਚਾ ਪੈੜਾਂ ਉਸਦੀਆਂ ਤੇ ਖੇਤ ਆਣ ਕੇ ਪੈਰ ਟਿਕਾਣ ਵੀਰੋ ।
ਮਾਰੋ ਕੌਮ ਗਦਾਰਾਂ ਨੂੰ ਖੇਤ ਅੰਦਰ ਉੱਚਾ ਪੰਥ ਦਾ ਕਰੋ ਨਿਸ਼ਾਨ ਵੀਰੋ ।
ਕੋਈ ਬਬਰ ਵਾਂਗੂੰ ਗੱਜੋ ਲਾਭ ਸਿੰਘਾ ਹੱਥ ਧਰਕੇ ਉਤੇ ਕਿਰਪਾਨ ਵੀਰੋ ।

## ਕੋਰੜਾ ਛੰਦ

ਮੌਤ ਚੰਦਰੀ ਨੇ ਕੁੱਟ ਲੈਣੇ ਚੂਰਮੇ, ਨਿਤਰੋ ਮੈਦਾਨ ਬਣ ਜਾਓ ਸੂਰਮੇ,
ਹੋ ਜਾਊ ਅਮਰ ਇਹ ਜਹਾਨੋਂ ਮਰਕੇ, ਪਹਿਲੇ ਸੀਸ ਆਪਣੇ ਨੂੰ ਤਲੀ ਧਰਕੇ ।
ਖੂਨ ਜੇ ਸ਼ਹੀਦ ਖੇਤ ਨਾਂ ਬਹਾਣ ਜੀ, ਟਿੱਕੇ ਨਾਂ ਗੁਲਾਮੀ ਵਾਲੇ ਧੋਤੇ ਜਾਣ ਜੀ,
ਢੁੱਕੇ ਲੰਘ ਜਾਣ ਨੇਜੇ ਛੇਕ ਕਰਕੇ, ਪਹਿਲਾਂ ਸੀਸ ਆਪਣੇ ਨੂੰ ਤਲੀ ਧਰਕੇ ।
ਪਾਲਦੇ ਮੁਰੱਬੇ ਈਦ ਵਾਲੇ ਬੱਕਰੇ, ਵੱਢ ਕੇ ਗਦਾਰਾਂ ਦੇ ਬਣਾਵੋ ਡੱਕਰੇ,
ਫੇਰ ਨਾਂ ਲਘਾਉਂਦੇ ਕਦੇ ਝੱਟ ਡਰਕੇ, ਪਹਿਲਾਂ ਸੀਸ ਆਪਣੇ ਨੂੰ ਤਲੀ ਧਰਕੇ ।
ਕੌਮ ਘਾਤੀ ਜਾਕੇ ਨਰਕ ਸੜਦੇ, ਸੂਰਮੇ ਦੀ ਖਾਨਗਾਹ ਤੇ ਫੂਲ ਚੜ੍ਹਦੇ,
ਦੇਖੋ ਇਤਿਹਾਸ ਵਾਲੇ ਫੋਲ ਵਰਕੇ, ਪਹਿਲਾਂ ਸੀਸ ਆਪਣੇ ਨੂੰ ਤਲੀ ਧਰਕੇ ।
ਲੋਕ ਮੱਥੇ ਟੇਕ ਸੁਖਣਾ ਚੜ੍ਹਾਣ ਜੀ, ਦੇਸ਼ ਕੌਮ ਵਾਸਤੇ ਜੋ ਸੀਸ ਲਾਣ ਜੀ,
ਸੀਨੇ 'ਚ ਦੁਗਾੜਾ ਮਾਰੋ ਗੋਲੀ ਭਰਕੇ, ਪਹਿਲਾਂ ਸੀਸ ਆਪਣੇ ਨੂੰ ਤਲੀ ਧਰਕੇ ।
ਕਾਈ ਜਾਣ ਜੁਤੀਆਂ ਲੁਫਾਈ ਧੌਣ ਜੀ, ਕਿਓਂ ਨਾਂ ਲੋਕ ਸਿਰ ਫਿਟਕਾਂ ਨੂੰ ਪੌਣ ਜੀ,
ਡੰਗਰੀ ਦੇ ਵਾਂਗ ਕੰਨ ਚੁਕ ਦਰਕੇ, ਪਹਿਲਾਂ ਸੀਸ ਆਪਣੇ ਨੂੰ ਤਲੀ ਧਰਕੇ ।
ਮੌਤ ਦੀ ਮਸ਼ੀਨ ਨੇ ਪਿੰਜਰ ਘੁਟਣਾ, ਮਰ ਗਿਆ ਲੱਕੜਾਂ 'ਚ ਫੂਕ ਸੁਟਣਾ,
ਜੀਦੇ ਵੀ ਨਾਂ ਡੌਲਿਆਂ ਦੇ ਅੰਗ ਫਰਕੇ, ਪਹਿਲਾਂ ਸੀਸ ਆਪਣੇ ਨੂੰ ਤਲੀ ਧਰਕੇ ।
ਵੈਰੀ ਆਪਣੇ ਦੇ ਜਦੋਂ ਪੌਣ ਫਲ ਨੂੰ, ਬੱਕਰੇ ਕਸਾਈ ਵਾਂਗ ਲਾਹ ਲਓ ਖੱਲ ਨੂੰ,
ਡੁੱਲ੍ਹਿਆ ਨਾਂ ਖੂਨ ਦਸੇ ਘੁਟ ਭਰਕੇ, ਪਹਿਲਾਂ ਸੀਸ ਆਪਣੇ ਨੂੰ ਤਲੀ ਧਰਕੇ ।

# ਅੱਗੋਂ ਪ੍ਰਸੰਗ ਨੰਦਾ ਚੌਰ ਦੇ ਪਟਵਾਰੀ ਦਾ

## (ਬੈਂਤ)

ਪਿੰਡ ਧਾਮੀਆ ਜਿਲੇ ਹੁਸ਼ਿਆਰਪੁਰ ਮੇਂ ਉਘਾ ਜਿਸ ਦਾ ਨਾਮ ਨਿਸ਼ਾਨ ਭਾਈ।
ਬੰਤਾ ਸਿੰਘ ਦੇ ਨਾਲ ਦਲੀਪ ਸਿੰਘ ਸੀ ਮੁੰਡੇ ਦੋਵੇਂ ਸੋਹਣੇ ਇਕੋ ਹਾਨ ਭਾਈ।
ਮਣਕੇ ਦੋਵੇਂ ਹੀ ਬਬਰ ਦੇ ਸੂਰਮੇ ਸਨ ਮਰਦ ਕਰਨਗੇ ਇਹਦੀ ਪਛਾਨ ਭਾਈ।
ਇਕ ਹੋਰ ਕਸਬਾ ਨੰਦਾ ਚੌਰ ਨਾਮੇ ਉਥੇ ਵਸਦੇ ਸੀ ਮੁਸਲਮਾਨ ਭਾਈ।
ਬੰਤਾ ਸਿੰਘ ਦੇ ਨਾਲ ਦਲੀਪ ਸਿੰਘ ਦੀ ਡੈਰੀ ਧਰਕੇ ਲੱਗਾ ਪੁਚਾਣ ਭਾਈ।
ਨਾਮ ਅੱਤਾ ਮੁਹੰਮਦ ਸੀ ਚੰਦਰੇ ਦਾ ਲੱਗਾ ਉਸਨੂੰ ਆਣ ਸ਼ੈਤਾਨ ਭਾਈ।
ਕਰਦਾ ਹੁੰਦਾ ਪਟਵਾਰ ਸੀ ਧਾਮੀਆਂ ਦੀ ਲੋਕ ਇਸਨੂੰ ਸੱਦਦੇ ਖਾਨ ਭਾਈ।
ਪੁਲਸ ਆਉਂਦੀ ਇਸਦੀਆਂ ਡੈਰੀਆਂ ਤੇ ਕਰੇ ਮੁੰਡਿਆਂ ਤਾਈਂ ਵਰਾਂਨ ਭਾਈ।
ਲੋਕ ਆਖਦੇ ਨੇ ਡੈਰੀ ਕੌਣ ਦਿੰਦਾ ਇਸ ਗੱਲ ਦੀ ਕਰੋ ਪਛਾਨ ਭਾਈ।
ਜਦੋਂ ਜਾਹਰ ਪਟਵਾਰੀ ਦਾ ਨਾਮ ਹੋਇਆ ਲੋਕ ਇਸ ਨੂੰ ਲੱਗੇ ਸਮਝਾਣ ਭਾਈ।
ਮੁਖੋਂ ਸਾਫ ਜਬਾਨ ਤੋਂ ਗਿਆ ਮੁਕਰ ਅਤੇ ਖਾ ਕੇ ਕਸਮ ਕੁਰਾਨ ਭਾਈ।
ਸੌਂਹ ਅੱਲਾ ਦੀ ਖਬਰ ਨਾਂ ਸਾਰ ਮੈਨੂੰ ਲੱਗਾ ਹੱਥ ਕੰਨਾਂ ਤਾਈਂ ਲਾਣ ਭਾਈ।
ਓਦੋਂ ਦੰਦੀਆਂ ਬਿਲਕ ਕੇ ਛੁਟ ਗਿਆ ਪਰ ਹਟੀ ਨਾਂ ਪਾਪੀ ਦੀ ਬਾਣ ਭਾਈ।
ਇਕ ਰੋਜ ਬੰਤਾ ਸਿੰਘ ਗਿਆ ਠਾਣੇ ਲੱਗੀ ਪੁਲਸ ਜਾਂ ਬਹੁਤ ਅਕਾਣ ਭਾਈ।
ਇਧਰ ਗਿਆ ਪਟਵਾਰੀ ਵੀ ਡੈਰੀਆਂ ਲੈ ਠਾਣੇਦਾਰ ਦੇ ਕੋਲ ਲਿਖਾਣ ਭਾਈ।
ਠਾਣੇਦਾਰ ਪਟਵਾਰੀ ਨੂੰ ਵਰਜ ਰਿਹਾ ਪਰੰ ਇਹ ਨਾਂ ਸਮਝਿਆ ਤਾਨ ਭਾਈ।
ਬੰਤਾ ਸਿੰਘ ਪਟਵਾਰੀ ਨੇ ਦੇਖਿਆ ਨਾਂ ਲੱਗਾ ਢੰਗ ਇਹ ਲੋਣ ਭਗਵਾਨ ਭਾਈ।
ਆਖਰ ਪੁਲਸ ਵਾਲੇ ਪੜਦਾ ਪਾਵਣੇ ਨੂੰ ਇਸ ਪਟਵਾਰੀ ਨੂੰ ਝਿੜਕ ਹਟਾਣ ਭਾਈ।
ਬੰਤਾ ਸਿੰਘ ਤਾਰੂ ਬਾਰਾਂ ਪਤਣਾ ਦਾ ਕੇਹੜੀ ਗਲ ਤੋਂ ਸੀ ਅਣਜਾਣ ਭਾਈ।
ਵਿਚੋਂ ਵਿਚ ਹੀ ਗੁਸੇ ਨੂੰ ਪੀ ਗਿਆ ਸੋਹਣੇ ਵਕਤ ਦੀ ਨਾੜ ਪਛਾਣ ਭਾਈ।
ਆਖਰ ਆਪਣੇ ਪਿੰਡ ਨੂੰ ਪਰਤ ਆਇਆ ਡੂੰਘਾ ਸੋਚਕੇ ਇਹ ਗਿਆਨ ਭਾਈ।
ਡਰ ਆਪਣੇ ਕੀਤੇ ਦਾ ਸਾਰਿਆਂ ਨੂੰ ਸੋ ਪਟਵਾਰੀ ਨੂੰ ਲੱਗਾ ਕੰਬਾਣ ਭਾਈ।
ਸਿਰ ਤੇ ਕਾਲ ਦਾ ਟੰਮਣਾ ਵਜ ਗਿਆ ਮੌਤ ਲਗ ਪਈ ਮਿਟ ਗਨਾਣ ਭਾਈ।
ਕਾਂਬਾ ਪੈ ਗਿਆ ਸੁਕਦੀ ਜਾਨ ਜਾਵੇ ਸਾਸ ਲਗ ਪਏ ਓਪਰੇ ਆਣ ਭਾਈ।
ਜਾਵੇ ਸੋਚਦਾ ਹੁਣ ਕੀ ਕਰਾਂ ਰੱਬਾ ਪੈਰ ਪੁਟਣਾ ਕਸ਼ਟ ਮਹਾਲ ਭਾਈ।
ਗਿਣਦਾ ਗੀਟੀਆਂ ਧਾਮੀਏ ਆਣ ਵੜਿਆ ਅੱਗੇ ਕਾਲ ਬੈਠਾ ਬਾਹਾਂ ਤਾਣ ਭਾਈ।
ਕਾਗਜ਼ ਬੰਨ ਪਟਵਾਰ ਦੇ ਤੁਰ ਪਿਆ ਨੰਦਾ ਚੌਰ ਦੀ ਵਲ ਨਾਦਾਨ ਭਾਈ।
ਥੋੜੀ ਦੂਰ ਜਾਂ ਪਿੰਡ ਤੋਂ ਚਲਾ ਗਿਆ ਅੱਗੇ ਮੌਤ ਬੈਠੀ ਬੋਗਾ ਤਾਣ ਭਾਈ।
ਬੰਤਾ ਸਿੰਘ ਵੀ ਲੈ ਕੇ ਬਬਰਾਂ ਨੂੰ ਲੱਗਾ ਫੋਲਕੇ ਹਾਲ ਸੁਨਾਣ ਭਾਈ।
ਨੰਦਾ ਚੌਰ ਦੇ ਰਾਹ ਵਿਚ ਬੈਠ ਕੇ ਤੇ ਭੁਖੇ ਸ਼ੇਰ ਇਹ ਮਾਰ ਤਕਾਣ ਭਾਈ।
ਹੋਇਆ ਜੰਗਲ ਵਿਚ ਟਾਕਰਾ ਲਾਭ ਸਿੰਘਾ ਜਿਹੜਾ ਸੂਰਮਿਆਂ ਦਾ ਅਸਥਾਨ ਭਾਈ।

# ਪਟਵਾਰੀ ਤੇ ਬਬਰ

(ਬੈਂਤ)

ਨੰਦਾ ਚੌਰ ਤੇ ਇਧਰੋਂ ਧਾਮੀਆਂ ਦੇ ਹੋਇਆ ਟਾਕਰਾ ਐਨ ਵਿਚਕਾਰ ਦੇਖੋ ।
ਬਬਰ ਆਪਣੀ ਮਾਰ ਤੇ ਬੈਠੇ ਹੋਏ ਸੀ ਦੰਦ ਪੀਸਦੇ ਪੱਬਾਂ ਦੇ ਭਾਰ ਦੇਖੋ ।
ਬੰਡਲ ਪਾਕੇ ਗਲਾਂ ਵਿਚ ਗੋਲੀਆਂ ਦੇ ਭਰੀਆਂ ਰਫਲਾਂ ਖੂਬ ਸੁਆਰ ਦੇਖੋ ।
ਪੰਜ ਸੱਤ ਰਾਹੀ ਕੱਠੇ ਆਂਵਦੇ ਸੀ ਕੋਈ ਜਿਨ੍ਹਾਂ ਨੂੰ ਖਬਰ ਨਾਂ ਸਾਰ ਦੇਖੋ ।
ਪਰ ਪਟਵਾਰੀ ਨੂੰ ਖੌਫ ਸੀ ਬਬਰਾਂ ਦਾ ਹਿੰਮਤ ਰਹੀ ਸਰੀਰ ਦੀ ਹਾਰ ਦੇਖੋ ।
ਬਬਰਾਂ ਆਖਿਆ ਉਏ ਸੂਰਾ ਖੜਾ ਹੋਜਾ ਅਜ ਲਾਹਾਂਗੇ ਸਿਰੋਂ ਉਧਾਰ ਦੇਖੋ ।
ਸੁਣਦੇ ਸਾਰ ਹਵਾਈਆਂ ਉਡ ਗਈਆਂ ਰੰਗ ਹੋ ਗਿਆ ਪੀਲਾ ਵਸਾਰ ਦੇਖੋ ।
ਰਾਹੀ ਦੂਸਰੇ ਬਬਰ ਨੇ ਤੋਰ ਦਿਤੇ ਦੋ ਕੁ ਥਾਪੜੇ ਪੈਰਾਂ ਦੇ ਮਾਰ ਦੇਖੋ ।
ਮਜਾ ਦੇਖ ਹੁਣ ਡੈਰੀਆਂ ਦੇਵਣੇ ਦਾ ਤੈਨੂੰ ਪੁਛਾਂਗੇ ਖੱਲ ਉਤਾਰ ਦੇਖੋ ।
ਪੁਠਾ ਕਰਕੇ ਲਾਹਾਂਗੇ ਖੱਲ ਤੇਰੀ ਪਹਿਲਾਂ ਗਡ ਕੇ ਸਿਰ ਦੇ ਭਾਰ ਦੇਖੋ ।
ਅਸੀਂ ਕਈ ਵਾਰੀ ਸਮਝਾ ਥੱਕੇ ਤੁਸੀਂ ਬਾਜ ਨਾਂ ਆਏ ਬੁਰਿਆਰ ਦੇਖੋ ।
ਜਦੋਂ ਤਕ ਨਾ ਤੁਸਾਂ ਦਾ ਨਾਸ ਹੋਵੇ ਹੋਣਾ ਦੇਸ਼ ਦਾ ਨਹੀਂ ਸੁਧਾਰ ਦੇਖੋ ।
ਯਾਦ ਕਰਕੇ ਅੱਲਾ ਨੂੰ ਬੈਠ ਜਾ ਤੂੰ ਹੁਣ ਦੱਸੀਏ ਤੁਸਾਂ ਦੀ ਕਾਰ ਦੇਖੋ ।
ਗਰਭ ਛਣ ਜਾਂਦੇ ਤੁਸਾਂ ਪਾਪੀਆਂ ਦੇ ਜੰਮੇ ਕਾਸਨੂੰ ਦੇਸ਼ ਗਦਾਰ ਦੇਖੋ ।
ਲਹੂ ਪੀ ਕੇ ਪੁਤਾਂ ਬਿਗਾਨਿਆਂ ਦਾ ਭਰੋ ਆਪਣੇ ਪੇਟ ਪਟਾਰ ਦੇਖੋ ।
ਤੁਸੀਂ ਦੇਸ਼ ਘਾਤੀ ਜੰਮੇ ਮਹਾਂ ਪਾਪੀ ਦੇਸ਼ ਵਿਚ ਸਾਗਰ ਦਿਤਾ ਡਾਰ ਦੇਖੋ ।
ਹੋਵੇਂ ਆਦਮੀ ਡੁਬ ਕੇ ਮਰੇਂ ਕਿਧਰੇ ਲੋਕ ਲਾਣਤਾਂ ਪਾਉਂਣ ਹਜਾਰ ਦੇਖੋ ।
ਐਸ ਜਗਤ ਵਿਚ ਨਿੰਦਿਆ ਲਾਭ ਸਿੰਘਾ ਅੱਗੇ ਪੈਣਗੇ ਨਰਕ ਮਝਾਰ ਦੇਖੋ ।

# ਜੁਵਾਬ ਪਟਵਾਰੀ ਦਾ

(ਬੈਂਤ)

ਰਾਹੀ ਨਾਲਦੇ ਪਤਰਾ ਵਾਚ ਗਏ ਬਿਗੜੀ ਦੇਖ ਪਟਵਾਰੀ ਦੀ ਗੱਲ ਯਾਰੋ ।
ਛੇਲੀ ਜਿਸ ਤਰ੍ਹਾਂ ਸ਼ੇਰ ਦੇ ਵਸ ਪੈਂਦੀ ਬਬਰਾਂ ਚਾਰ ਪਾਸੇ ਲਏ ਮਲ ਯਾਰੋ ।
ਉਡੇ ਹੋਸ਼ ਪਟਵਾਰੀ ਦੇ ਵਿਹੰਦਿਆਂ ਹੀ ਪਿਆ ਵਿਚ ਕਲੇਜੇ ਦੇ ਸੱਲ ਯਾਰੋ ।
ਜੀਭ ਥਥਲੀ ਜੋੜ ਕੇ ਹੱਥ ਕਹਿੰਦਾ ਸੁਣੋ ਖਾਲਸਾ ਜੀ ਮੇਰੀ ਗਲ ਯਾਰੋ ।
ਮੇਹਰਵਾਨ ਹੋਕੇ ਮੁਆਫੀ ਬਖਸ਼ ਦੇਵੋ ਲਵੋ ਖੱਟ ਜਹਾਨ ਦੀ ਭਲ ਯਾਰੋ ।
ਅਜ ਤੋਂ ਬਾਅਦ ਜੇ ਕਿਸੇ ਤੇ ਦਿਆਂ ਡੈਰੀ ਮੇਰੀ ਜੀਭ ਜਾਵੇ ਸੜ ਬਲ ਯਾਰੋ ।
ਅੱਲਾ ਪਾਕ ਦੇ ਵਾਸਤੇ ਜਾਨ ਦੇਵੋ ਕਾਹਨੂੰ ਕਬਰ ਵੱਨੀ ਰਹੇ ਘਲ ਯਾਰੋ ।
ਜੋੜੇ ਝਾੜਾਂਗਾ ਆਪ ਦਾ ਦਾਸ ਹੋ ਕੇ ਬੂਹੇ ਵਾਂਗ ਫਕੀਰਾਂ ਦੇ ਮਲ ਯਾਰੋ ।
ਬਰਛੀ ਕਿਸ ਤਰ੍ਹਾਂ ਜੀਭਦੀ ਮਾਰਦਾ ਸੀ ਅਜ ਆਪਣੀ ਬਣੀ ਨੂੰ ਝਲ ਯਾਰੋ ।
ਉਹ ਵੀ ਕਿਸੇ ਦੇ ਪੁਤ ਸਨ ਜਾਲਮਾ ਉਏ ਦਿਤੇ ਵਾਂਗ ਪਕੌੜਿਆਂ ਤਲ ਯਾਰੋ ।
ਤੁਸੀਂ ਚੋਦਰੇ ਬੀਜ ਦਾ ਬੀਜ ਕੋਈ ਗਏ ਖਾ ਹਰਾਮ ਨੂੰ ਪਲ ਯਾਰੋ ।
ਹੁਣ ਦੇਦੀਆਂ ਕੱਡਿਆਂ ਕੀ ਬਣਦਾ ਗਏ ਵਕਤ ਚਰੋਕਣ ਟਲ ਯਾਰੋ ।

ਸ਼ੀਸ਼ ਮਹਿਲਾਂ ਦੇ ਸੁਫਨੇ ਆਉਣਗੇ ਈ ਸਿੱਧਾ ਹੋਕੇ ਕਬਰ ਨੂੰ ਚਲ ਯਾਰੋ ।
ਬੂਟੇ ਲਾਕੇ ਜ਼ਹਿਰ ਦੇ ਆਪ ਹੱਥੀਂ ਖਾ ਨਾਲ ਸਵਾਦ ਦੇ ਫਲ ਯਾਰੋ ।
ਸਿੱਧਾ ਚਲ ਖਾਂ ਕਬਰ ਨੂੰ ਲਾਭ ਸਿੰਘਾ ਗਈਆਂ ਦੂਰ ਪਰਛਾਵੀਆਂ ਢਲ ਯਾਰੋ ।

## ਪਟਵਾਰੀ ਪਾਰ ਕੀਤਾ

(ਬੈਂਤ)

ਬਬਰ ਇਕ ਨੇ ਪੁੱਛਿਆ ਦੂਸਰੇ ਤੋਂ ਕੇਹੜੀ ਚਾਹੀਦੀ ਦਸ ਸਜਾ ਇਸਨੂੰ ।
ਉਸ ਆਖਿਆ ਮੁਸ਼ਕਾਂ ਬੰਨ ਕੇ ਤੇ ਮਾਰੋ ਉਪਰੋਂ ਖੱਲ ਉਡਾ ਇਸਨੂੰ ।
ਖੜੇ ਦੋ ਹੋ ਕੇ ਦੋਹਾਂ ਪਾਸਿਆਂ ਤੇ ਛਾਂਗ ਸੁਟੀਏ ਤੂਤ ਤਕਾ ਇਸਨੂੰ ।
ਤੀਜੇ ਆਖਿਆ ਛੇਤੀ ਨਾਂ ਕਰੋ ਭਾਈ ਮਾਰੋ ਬੁਰਾ ਤਰਸਾਂ ਤਰਸਾ ਇਸਨੂੰ ।
ਚੌਥੇ ਆਖਿਆ ਮਥੇ ਵਿਚ ਮਾਰ ਗੋਲੀ ਰਸਤੇ ਕਬਰ ਦੇ ਛੱਡੀਏ ਪਾ ਇਸਨੂੰ ।
ਚਾਰੇ ਆਖਦੇ ਡੈਰੀਆਂ ਦੇਵਣੇ ਦਾ ਅਜ ਪੁਛ ਲਓ ਕੋਲ ਬਹਾ ਇਸਨੂੰ ।
ਇਕ ਆਖਦਾ ਵੱਢ ਕੇ ਧੌਣ ਇਸਦੀ ਪੁਛੋ ਚੁਤੜਾਂ ਉਤੇ ਟਿਕਾ ਇਸਨੂੰ ।
ਕੋਈ ਆਖਦਾ ਦਾਸ ਨੂੰ ਦਿਓ ਮੌਕਾ ਮਾਰਾਂ ਕੀਤੇ ਦਾ ਫਲ ਭੁਗਾਤਾ ਇਸਨੂੰ ।
ਇਕ ਆਖਦਾ ਹੁਣ ਨਾਂ ਦੇਰ ਲਾਵੋ ਬਰਛੀ ਛਾਤੀ ਵਿਚ ਦਿਓ ਲਘਾ ਇਸਨੂੰ ।
ਬਬਰ ਤਿੰਨ ਤਾਂ ਝਗੜ ਦੇ ਰੈਹ ਗਏ ਚੌਥਾ ਆਖਦਾ ਫਾਹਾ ਮੁਕਾ ਇਸਨੂੰ ।
ਸੂਰਾ ਅੰਤ ਦੀ ਮਾਰ ਕੇ ਗੋਵ ਬੈਜਾ ਦੇਵਾਂ ਕੋਲ ਖੁਦਾ ਘਲਾ ਇਸਨੂੰ ।
ਲੱਗੀ ਤੋੜ ਸਰੀਰ ਨੂੰ ਉਸ ਵੇਲੇ ਆਉਂਦੇ ਘੰਡ ਤੋਂ ਓਪਰੇ ਸਾਹ ਇਸਨੂੰ ।
ਚੌਥੇ ਸ਼ੇਰ ਜਵਾਨ ਨੇ ਛਵੀ ਮਾਰੀ ਸੁਟੀ ਵੱਢ ਕੇ ਧੌਣ ਵਗਾਹ ਇਸਨੂੰ ।
ਫੜ ਲੱਤਾਂ ਤੋਂ ਇਕ ਨੇ ਖਿਚ ਲਿਆ ਮੂੰਹਦਾ ਮੂੰਹ ਪਰਨੇ ਲਿਆ ਪਾ ਇਸਨੂੰ ।
ਧੌਣ ਵੱਢ ਕੇ ਰਖ ਦਿਤੀ ਚੁਤੜਾਂ ਤੇ ਚਾਦਰ ਪਾ ਕੇ ਦਿਤਾ ਸੁਲਾ ਇਸਨੂੰ ।
ਫਲ ਆਪਣੇ ਕੀਤੇ ਦਾ ਪਾਇਆ ਤੇ ਬਬਰਾਂ ਗਜ ਕੇ ਦਿਤਾ ਸੁਣਾ ਇਸਨੂੰ ।
ਠਾਣੇ ਜਾ ਕੇ ਪੁਲਸ ਨੂੰ ਖਬਰ ਹੋਈ ਉਸ ਆਣ ਕੇ ਦਿਤਾ ਦਬਾਂ ਇਸਨੂੰ ।

## ਵਾਕ ਕਵੀ (ਬੈਂਤ)

ਤੇਗ ਚੁਕ ਕੇ ਬਬਰ ਅਕਾਲੀਆਂ ਨੇ ਪਾਸੇ ਹੋਰ ਦੇ ਹੋਰ ਉਲਟਾ ਦਿਤੇ ।
ਧੌਣਾਂ ਵੱਢ ਕੇ ਕੌਮ ਗਦਾਰਾਂ ਦੀਆਂ ਉਤੋਂ ਚਮੜੇ ਲਾਹ ਦਿਖਾ ਦਿਤੇ ।
ਨਾਮ ਆਪਣੀ ਛਾਪ ਅਖਬਾਰ ਅੰਦਰ ਗੌਰਮਿੰਟ ਨੂੰ ਸਿੱਧੇ ਪੁਚਾ ਦਿਤੇ ।
ਗਿੱਧੇ ਬੰਦ ਹੋ ਗਏ ਵਿਚ ਬੰਗਲਿਆਂ ਦੇ ਨਾਲ ਗਮ ਦੇ ਸਾਹ ਸੁਕਾ ਦਿਤੇ ।
ਹਾਲ ਲਿਖਕੇ ਜਿਲੇ ਦੇ ਹਾਕਮਾਂ ਨੇ ਲਾਟ ਸਾਹਿਬ ਦੇ ਵਲ ਘਲਾ ਦਿਤੇ ।
ਉਸ ਬਬਰ ਜਵਾਨਾਂ ਦੇ ਨਾਂਮ ਉਤੇ ਭਾਰੇ ਭਾਰੇ ਇਨਾਂਮ ਛਪਵਾ ਦਿਤੇ ।
ਭੁਖੇ ਲੋਕ ਜੋ ਭੁਖਦੇ ਮਾਰੇ ਹੋਏ ਸਨ ਮਗਰ ਚੁਕਕੇ ਬਬਰਾਂ ਦੇ ਪਾ ਦਿਤੇ ।
ਉਧਰ ਲਿਖਕੇ ਬਾਣੀਆਂ ਪਾਰਟੀ ਨੇ ਬਰਖਲਾਫ ਇਲਾਨ ਘੜਾ ਦਿਤੇ ।
ਬਬਰ ਸ਼ੇਰ ਬੇਕੀਮਤੀ ਲਾਲ ਸੁਚੇ ਹੱਥੀਂ ਆਪਣੀ ਜਿਹੜੇ ਮਰਵਾਂ ਦਿਤੇ ।
ਜਿਹੜੇ ਬੂਟੇ ਅਜ਼ਾਦੀ ਦੇ ਸੀ ਉਗੇ ਕਹੀ ਫੜਕੇ ਇਹਨਾਂ ਪੁਟਾ ਦਿਤੇ ।
ਬੰਦੇ ਵਾਂਗ ਹੀ ਗੰਦਿਆਂ ਲਾਭ ਸਿੰਘਾ ਆਪ ਵੈਰੀਆਂ ਹੱਥ ਫੜਾ ਦਿਤੇ ।

**ਨੋਟ :—** ਜੇ ਕਰ ਪੂਰਾ ਪੂਰਾ ਹਵਾਲ ਬਬਰਾਂ ਦਾ ਲਿਖੀਏ ਤਾਂ ਕੱਲੇ ਕੱਲੇ ਦਾ ਗਰੰਥ ਬਣ ਜਾਵੇ। ਇਸ ਵਾਸਤੇ ਐਵੇਂ ਬਣਤੀ ਮਾਫਕ ਲਿਖੀ ਦਾ ਹੈ। ਥੋਹੜੀ ਬਣਗੀ ਬੰਤਾ ਸਿੰਘ ਧਾਮੀਆਂ ਵਾਲੇ ਦੀ ਲਿਖਾਂਗਾ। ਇਹ ਵਾਕਿਆ ੬ ਜੂਨ ੧੯੨੩ ਦਾ ਹੈ।

## (ਬੈਂਤ)

ਬੰਤਾ ਸਿੰਘ ਦਾ ਯਾਰ ਰਜਪੂਤ ਬੱਚਾ ਇਸਨੂੰ ਸ਼ਾਮਚੁਰਾਸੀ ਦਾ ਜਾਣ ਭਾਈ।
ਤਾਕਤ ਚੰਗੀ ਵਿਚ ਪੱਟਾਂ ਤੇ ਡੌਲਿਆਂ ਦੇ ਮੁੰਡਾ ਸੋਹਣਾ ਸਾਫ ਜਵਾਨ ਭਾਈ।
ਇਕ ਰੋਜ ਵਿਚ ਮੌਜ ਦੇ ਯਾਰ ਦੋਵੇਂ ਕਿਸੇ ਪਿੰਡ ਤੋਂ ਲੈ ਚਲੇ ਆਣ ਭਾਈ।
ਨੰਦਾ ਚੋਰ ਪਟਵਾਰੀ ਦਾ ਪਿੰਡ ਜੇਹੜਾ ਓਥੇ ਵਸਦੇ ਸੀ ਮੁਸਲਮਾਨ ਭਾਈ।
ਪੀਤੀ ਹਈ ਸ਼ਰਾਬ ਰਾਜਪੂਤ ਨੇ ਸੀ ਹੱਥੀਂ ਲੱਗਾ ਕੁਪੱਤ ਖੰਡਾਣ ਭਾਈ।
ਬੰਤਾ ਸਿੰਘ ਨੂੰ ਕਹਿੰਦਾ ਰਾਜਪੂਤ ਬੱਚਾ ਮੈਨੂੰ ਲੱਗੀ ਪਿਆਸ ਸਤਾਣ ਭਾਈ।
ਪਿੰਡ ਵੜਨ ਤੋਂ ਪਹਿਲੇ ਇਕ ਮੋੜ ਉਤੇ ਖੋਲੀ ਬੈਠਾ ਹਲਵਾਈ ਦੁਕਾਨ ਭਾਈ।
ਓਥੇ ਬੈਠ ਕੇ ਦੁਧ ਤੇ ਪੇੜਿਆਂ ਦਾ ਹੁਣ ਲੱਗੇ ਜਾ ਪਾਣੀ ਬਨਾਣ ਭਾਈ।
ਬੰਤਾ ਸਿੰਘ ਹਲਵਾਈ ਨੂੰ ਜਾਣਦਾ ਸੀ ਲੱਗਾ ਸੈਨਤਾਂ ਨਾਲ ਸਮਝਾਣ ਭਾਈ।
ਮੇਰਾ ਨਾਮ ਨਾਂ ਲੈ ਕੇ ਅਵਾਜ ਮਾਰੀਂ ਮਤਾ ਪੈ ਜਾਵੇ ਘੁਮਸਾਨ ਭਾਈ।
ਉਹ ਸ਼ਰਾਬ ਦੇ ਵਿਚ ਰਜਪੂਤ ਬੱਚਾ ਮੈਂਹੇ ਵਾਂਗ ਲੱਗਾ ਖੌਰੂ ਪਾਣ ਭਾਈ।
ਮਾਰੀ ਛਾਬੜੀ ਚੁਕ ਦੁਕਾਨ ਉਤੋਂ ਉਸਦੇ ਲੜੇ ਲੱਡੂ ਖਿੰਡ ਜਾਣ ਭਾਈ।
ਬੰਤਾ ਸਿੰਘ ਤੇ ਨਾਲੇ ਦੁਕਾਣ ਵਾਲਾ ਇਹ ਦੋਵੇਂ ਰਜਪੂਤ ਨੂੰ ਹਟਾਣ ਭਾਈ।
ਇਹ ਹਟੌਣ ਤੇ ਉਹ ਨਾਂ ਬਾਜ ਆਵੇ ਓਥੇ ਪੈ ਗਿਆ ਰੌਲਾ ਘੁੰਮਸਾਨ ਭਾਈ।
ਰੌਲਾ ਪਿਆ ਤੇ ਲੋਕ ਹੋ ਗਏ ਕੱਠੇ ਆਪੋ ਵਿਚ ਦੀ ਅੱਖ ਮਲਾਣ ਭਾਈ।
ਬੰਤਾ ਸਿੰਘ ਨੂੰ ਜਾਣਦੇ ਸੀ ਬਹੁਤੇ ਲਿਆ ਦੇਖਦਿਆਂ ਸਾਰ ਪਛਾਣ ਭਾਈ।
ਵਾਂਗ ਗਿੱਦੜਾਂ ਚਾਂਗਰਾਂ ਮਾਰ ਦਿਤੀਆਂ ਇਕੋ ਦਮ ਤੂਫ਼ਾਨ ਉਠਾਣ ਭਾਈ।
ਗਿੱਦੜ ਚਾਂਗ ਮਸ਼ਹੂਰ ਪੰਜਾਬੀਆਂ ਦੀ ਬੁਰਾ ਚੁਕਦੇ ਜ਼ਿਮੀ ਅਸਮਾਨ ਭਾਈ।
ਕਈਆਂ ਹੱਥ ਕੁਹਾੜੀਆਂ ਫੜੇ ਛੌੜੇ ਕਈ ਜਾਤਰੂ ਹੀ ਕੱਢੇ ਆਣ ਭਾਈ।
ਕਈਆਂ ਕੋਲ ਗੰਡਾਸੀਆਂ ਤੇਜ ਬਰਛੇ ਕੋਈ ਡਾਂਗਨੂੰ ਸਮ ਜੜਾਣ ਭਾਈ।
ਅਣਘੜੇ ਲੱਕੜ ਹੱਥ ਬਹੁਤਿਆਂ ਦੇ ਮਾਰੋ ਮਾਰ ਦਾ ਸ਼ੋਰ ਮਚਾਣ ਭਾਈ।
ਬਦਲਾ ਅਜ ਪਟਵਾਰੀ ਦਾ ਲਓ ਇਸਤੋਂ ਕਢੋ ਮਾਰ ਕੇ ਇਹਦੇ ਪਰਾਣ ਭਾਈ।
ਬੰਤਾ ਸਿੰਘ ਦੇ ਕੋਲ ਵੀ ਛਵੀ ਸੋਹਣੀ ਡਾਂਗ ਕੋਲ ਰਜਪੂਤ ਅਖਾਣ ਭਾਈ।
ਬੰਤਾ ਸਿੰਘ ਰਜਪੂਤ ਨੂੰ ਆਖਿਆ ਇਹ ਮੌਤ ਲੱਗੀ ਹੈ ਕਬਰ ਪੁਟਾਨ ਭਾਈ।
ਹਾਲ ਦੇਖ ਕੇ ਤੇ ਦੋਵੇਂ ਭਜ ਪਏ ਲੈਕੇ ਪੈੜ ਦਾ ਮੁੰਡੇ ਨਿਸ਼ਾਨ ਭਾਈ।
ਰਾਜਪੂਤ ਨੂੰ ਓਖੇ ਹੀ ਪਾ ਲੰਮਾ ਵਿਚ ਕਣਕ ਦੇ ਉਹਨੂੰ ਲੁਕਾਣ ਭਾਈ।
ਲੋਕਾਂ ਆਖਿਆ ਭਜ ਲੈ ਜੋਰ ਲਾ ਕੇ ਅਜ ਮਾਰਾਂਗੇ ਵਿਚ ਮੈਦਾਨ ਭਾਈ।
ਲਾਭ ਸਿੰਘ ਇਸ ਹਾਲ ਨੂੰ ਬੰਦ ਕਰਕੇ ਅਗੇ ਰਾਹ ਦੇ ਸੁਣੋ ਬਿਆਨ ਭਾਈ।

**ਨੋਟ :—** ਜਦੋਂ ਇਹਨਾਂ ਦੇ ਮਗਰ ਵਾਰ ਪਈ ਤਾਂ ਰਾਜਪੂਤ ਨੂੰ ਕਣਕ ਵਿਚ ਲੰਮਾ ਪਾ ਕੇ ਬੰਤਾ ਸਿੰਘ ਨੇ ਲਲਕਾਰ ਕੇ ਆਖਿਆ ਕਿ ਮੈਂ ਕੱਲਿਆ ਹਾਂ ਆਪਣਾ ਜ਼ੋਰ ਲਾ ਲਵੋ। ਲੋਕਾਂ ਆਖਿਆ ਅਜ ਤੈਨੂੰ ਮਾਰ ਕੇ ਪਟਵਾਰੀ ਦਾ ਬਦਲਾ ਲੈਣਾ ਹੈ।

## (ਬੈਂਤ)

ਬੰਤਾ ਸਿੰਘ ਮੂਹਰੇ ਮਗਰ ਵਾਰ ਉਸਦੇ ਜਿਵੇਂ ਕੁਤਿਆਂ ਹਰਨ ਦੁੜਾਇਆ ਈ।
ਵਿਚ ਇਕ ਹੀ ਪੈਲੀ ਦੀ ਵਿਥ ਜਾਣੋ ਤਿੰਨ ਪਾਸਿਆਂ ਤੋਂ ਘੇਰਾ ਪਾਇਆ ਈ।
ਓਸ ਵਕਤ ਦੇ ਹਾਲ ਨੂੰ ਰੱਬ ਜਾਣੇ ਭਾਣਾ ਜੋ ਕਰਤਾਰ ਵਰਤਾਇਆ ਈ।
ਮਾਰੋ ਮਾਰ ਹੀ ਦੋਹਾਂ ਦੇ ਵਿਚ ਹੋਵੇ ਰੌਲਾ ਵਾਰ ਨੇ ਬਹੁਤ ਉਠਾਇਆ ਈ।
ਵਾਰ ਆਖਿਆ ਭਜ ਲੈ ਜ਼ੋਰ ਲਾ ਕੇ ਤੈਨੂੰ ਮਾਰਨਾ ਥਾਂ ਸੁਣਾਇਆ ਈ।

ਬਬਰ ਆਖਿਆ ਤੁਸਾਂ ਜਿਹੇ ਗਿੱਦੜਾਂ ਨੇ ਕਦੇ ਦੇਖਿਆ ਸ਼ੇਰ ਨਾਂ ਢਾਇਆ ਈ।
ਜਦੋਂ ਥੋੜੀ ਹੀ ਦੂਰ ਜਾਂ ਭੱਜ ਗਏ ਅੱਗੇ ਹੋਰ ਕੁਝ ਭਾਵੀ ਬਣਾਇਆ ਈ।
ਇਕ ਫੰਬੀਆਂ ਨਾਮ ਦਾ ਪਿੰਡ ਛੋਟਾ ਰੌਲਾ ਉਹਨਾਂ ਨੇ ਸੁਣ ਸੁਣਾਇਆ ਈ।
ਉਹ ਵੀ ਨਿਕਲੇ ਮਾਰ ਲਲਕਾਰਿਆਂ ਨੂੰ ਮੁੰਡਾ ਇਕ ਤੋਂ ਇਕ ਸਵਾਇਆ ਈ।
ਓਸ ਤਰਫ ਡੇਰਾ ਗਿੱਦੜ ਰੰਗਿਆਂ ਦਾ ਸੋਹਣਾ ਕਰਕੇ ਸਾਫ ਬਣਾਇਆ ਈ।
ਚੇਲਾ ਸੰਤ ਦਾ ਬੱਕਰੇ ਵਾਂਗ ਪਲਿਆ ਬਦਨ ਕਸਤਰਾਂ ਕਰ ਕਮਾਇਆ ਈ।

ਬੁਗਦਰ ਚੁਕਦਾ ਮੁੰਗਲੀਆਂ ਫੇਰਦਾ ਸੀ ਵਿਚ ਭਰੀ ਜਵਾਨੀ ਦੇ ਆਈਆ ਈ।
ਉਸ ਕਰਕੇ ਮਾਲਸ਼ਾਂ ਬਦਨ ਦੀਆਂ ਉਤੇ ਪੱਟਾਂ ਦੇ ਤੇਲ ਲਗਾਇਆ ਈ।
ਭਾਰੀ ਡਾਂਗ ਨੂੰ ਲੋਹੇ ਦੇ ਸਮ ਚੜ੍ਹੇ ਹੋਏ ਕੜਾ ਪਾ ਕੇ ਭਾਰ ਬਣਾਇਆ ਈ।
ਬੰਤਾ ਸਿੰਘ ਨੂੰ ਸਾਧ ਇਹ ਜਾਣਦਾ ਸੀ ਕੋਈ ਨਹੀਂ ਅਣਜਾਣ ਫਸਾਇਆ ਈ।
ਆਉਂਦੀ ਵਾਰ ਨੂੰ ਦੇਖਕੇ ਸ਼ੇਰ ਬਣਿਆ ਰਸਤਾ ਮੁੰਡੇ ਦਾ ਚਾ ਰੁਕਾਇਆ ਈ।
ਬੰਤਾ ਸਿੰਘ ਨੇ ਆਖਿਆ ਕਰੋ ਮਦਤ ਕੁਝ ਆਪਣਾ ਜੀਓ ਧਰਾਇਆ ਈ।
ਬਬਰ ਹੋਰ ਕੁਝ ਸੋਚਦਾ ਲਾਭ ਸਿੰਘਾ ਹੋਣਾ ਸੋ ਜੋ ਰਬ ਨੂੰ ਭਾਇਆ ਈ।

## ਬੰਤਾ ਸਿੰਘ ਤੇ ਸੰਤ ਜੀ

### (ਬੈਂਤ)

ਸਾਧ ਸਾਂਨ੍ਹ ਵਾਂਗੂੰ ਮੂਹਰੇ ਖੜ ਗਿਆ ਭਾਰੀ ਡਾਂਗ ਨੂੰ ਮੋਢੇ ਓਠਾ ਲੋਕੋ।
ਇਨੇ ਚਿਰ ਨੂੰ ਬੰਤਾ ਸਿੰਘ ਮਰਦ ਬੱਚਾ ਨੇੜੇ ਸਾਧ ਦੇ ਢੁਕਿਆ ਜਾ ਲੋਕੋ।
ਜਦੋਂ ਰਾਹ ਨੂੰ ਰੋਕਕੇ ਖੜਾ ਹੋਇਆ ਬੰਤਾ ਸਿੰਘ ਨੇ ਕਿਹਾ ਸੁਣਾ ਲੋਕੋ।
ਰਸਤਾ ਛੱਡ ਕੇ ਸੰਤ ਜੀ ਬਗਲ ਹੋਜਾ ਵਾਰ ਆਉਂਦੀ ਧੂੜ ਧੁਮਾ ਲੋਕੋ।
ਤੁਸੀਂ ਜਗਤ ਨੂੰ ਤਾਰਨੇ ਹਾਰ ਸਾਧੂ ਵਿਚ ਮੇਹਰ ਦੀ ਨਿਗ੍ਹਾ ਦੇ ਆ ਲੋਕੋ।
ਇਕ ਵਾਰ ਲਲਕਾਰੇ ਨੂੰ ਮਾਰ ਖਾਂ ਤੂੰ ਦੇਵਾਂ ਇਹਨਾਂ ਨੂੰ ਚਣੇ ਚਬਾ ਲੋਕੋ।

ਮੇਰੀ ਪਿੱਠ ਉਤੇ ਜਰਾ ਖੜਾ ਹੋਜਾ ਮਾਰ ਮਾਰ ਦੇਵਾਂ ਖੱਪੇ ਲਾਹ ਲੋਕੋ।
ਘਰ ਘਰ ਰੰਡੀਆਂ ਕਰਨ ਸਿਆਪਿਆਂ ਨੂੰ ਦੋਹਰੇ ਭਾ ਦੇ ਕੀਰਨੇ ਪਾ ਲੋਕੋ।
ਪਿਛੇ ਵਾਰ ਵਿਚ ਕੋਹਾਂ ਦੇ ਚਲੀ ਆਉਂਦੀ ਪਰ੍ਹਾ ਬੱਦਲਾਂ ਵਾਂਗ ਬਨਾ ਲੋਕੋ।
ਲੈਣਾ ਮਾਰ ਬਹਾਦਰੋ ਘੇਰ ਇਹਨੂੰ ਮਾਰਨ ਚਾਂਗਰਾਂ ਹੱਥ ਓਠਾ ਲੋਕੋ।
ਬੰਤਾ ਸਿੰਘ ਜਦ ਸਾਧ ਦੇ ਕੋਲ ਪੁਜਾ ਅੱਖਾਂ ਉਸਨੇ ਲਈਆਂ ਬਦਲਾ ਲੋਕੋ।
ਸਾਧ ਬਬਰ ਨੂੰ ਆਖਿਆ ਲਾਭ ਸਿੰਘਾ ਭਾਰੀ ਆਪਣੀ ਡਾਂਗ ਉਠਾ ਲੋਕੋ।

## ਜੁਵਾਬ ਸੰਤ ਦਾ ਬਬਰ ਨੂੰ

(ਬੈਂਤ)

ਸੰਤ ਆਖਿਆ ਮੁੰਡੇ ਨੂੰ ਖੜਾ ਹੋ ਜਾ ਚੰਮ ਉਪਰੋਂ ਲਵਾਂਗੇ ਲਾਹ ਤੇਰੀ।
ਅੱਗੇ ਖੇਡਦਾ ਰਿਹਾ ਨਾਲ ਗੀਟੀਆਂ ਤੇ ਮਾਰ ਦੇਵਾਂਗੇ ਅਲਖ ਮੁਕਾ ਤੇਰੀ।
ਘਰ ਵਿਚ ਹੀ ਸੂਰਮਾ ਫਿਰੇ ਬਣਿਆ ਪੀ ਲਵਾਂਗੇ ਰਤ ਕਢਾ ਤੇਰੀ।
ਅਜ ਭੰਨਕੇ ਆਕੜਾਂ ਕਰਾਂ ਸਿੱਧਾ ਸਿੜੀ ਸਿਵੇ ਨੂੰ ਦਿਆਂ ਘਲਾ ਤੇਰੀ।
ਡਾਂਗ ਮਾਰ ਕੇ ਖੋਪਰੀ ਪਾੜ ਸੁਟਾਂ ਸਿਰੀ ਸੱਪ ਦੇ ਵਾਂਗ ਚਬਾ ਤੇਰੀ।
ਕੱਢਾਂ ਧੌਣ ਮਰੋੜ ਪਰਾਣ ਤੇਰੇ ਲਾ ਲੈ ਲਗਦੀ ਜਿਤਨੀ ਵਾਹ ਤੇਰੀ।
ਮਸਾਂ ਹੱਥ ਲਗਾ ਮੈਨੂੰ ਢੂੰਡਦੇ ਨੂੰ ਬੋਟੀ ਬੋਟੀ ਹੁਣ ਲਵਾਂ ਖਚਾ ਤੇਰੀ।
ਤਕੜਾ ਹੋ ਕੇ ਹਥ ਵਿਖਾਲ ਕੋਈ ਹੋ ਜਾਵਣੀ ਜਿੰਦ ਹਵਾ ਤੇਰੀ।
ਮਟਕੀ ਵਾਂਗ ਸਿਰ ਭੰਨਕੇ ਕਰਾਂ ਮੋਹਰੇ ਦੇਵਾਂ ਕੱਢ ਕੇ ਰਤ ਚੁਆ ਤੇਰੀ।
ਤਕੜਾ ਹੋ ਕੇ ਅਜ ਲਲਕਾਰ ਖਾਂ ਓਏ ਮਾਈ ਗਈ ਏ ਅਜ ਸਮਾ ਤੇਰੀ।
ਅੱਗੇ ਹੱਥ ਨਾਂ ਸੰਤਾਂ ਦੇ ਕਦੇ ਲੱਗੇ ਚੰਮ ਲਾਹਕੇ ਦਿਆਂ ਸੁਕਾ ਤੇਰੀ।
ਉਤੇ ਉਸਦੇ ਬੈਠਕੇ ਪਾਠ ਕਰਨਾ ਮਿਰਗ ਸ਼ਾਲਾ ਦੇ ਵਾਂਗ ਵਿਛਾਂ ਤੇਰੀ।
ਚਲ ਸਿਵੇ ਦੀ ਤਰਫ ਨੂੰ ਲਾਭ ਸਿੰਘਾ ਮੌਤ ਗਈ ਏ ਸੀਸ ਤੇ ਆ ਤੇਰੀ।

## ਤਥਾ ਬੈਂਤ

ਵਾਰ ਮਗਰ ਤੋਂ ਆਂਣ ਨਜਦੀਕ ਪੁਜੀ ਰਸਤਾ ਸਾਧ ਨੇ ਲਿਆ ਸੀ ਮਲ ਅਗੇ।
ਗੱਲਾਂ ਸਾਧ ਨੇ ਕਰੜੀਆਂ ਕੀਤੀਆਂ ਏ ਪੈਣ ਬਬਰ ਦੇ ਕਾਲਜੇ ਸਲ ਅਗੇ।
ਸਾਧ ਫਿਟਿਆ ਪਿੰਡ ਦਾ ਦੁਧ ਪੀ ਕੇ ਸੁਣਦਾ ਕਿਸ ਤਰ੍ਹਾਂ ਬਬਰ ਦੀ ਗੱਲ ਅਗੇ।
ਬਬਰ ਫੇਰ ਵੀ ਆਖਿਆ ਬਗਲ ਹੋਜਾ ਜਾ ਆਪਣੀ ਆਈ ਤੇ ਟਲ ਅਗੇ।
ਪਰਸ ਰਾਮ ਵਾਂਗੂ ਧਰੀ ਡਾਂਗ ਮੋਢੇ ਜਿਵੇਂ ਕੋਈ ਹੰਕਾਰਿਆ ਮਲ ਅਗੇ।
ਬੰਤਾ ਸਿੰਘ ਜਾ ਇਸਦੇ ਨਜੀਕ ਪੁਜਾ ਰਸਤਾ ਸਾਧ ਨੇ ਰਖਿਆ ਵਲ ਅਗੇ।
ਸਾਧ ਆਖਿਆ ਪਕੜ ਲੈ ਚਰਨ ਮੇਰੇ ਨਹੀਂ ਮਾਰ ਉਤਾਰਾਂਗਾ ਖੱਲ ਅਗੇ।
ਝੋਲੀ ਚੁਕਾਂ ਨੂੰ ਕਿਸ ਤਰ੍ਹਾਂ ਮਾਰਦਾ ਸੀ ਉਹਨਾਂ ਗੱਲਾਂ ਦੇ ਪਾ ਖਾਂ ਫਲ ਅਗੇ।
ਅਜ ਕਰੇਂ ਆਜ਼ੁਰਦਿਆਂ ਵਾਂਗ ਮਿਨਤਾਂ ਪਟਵਾਰੀ ਨੂੰ ਮਾਰਿਆ ਕਲ ਅਗੇ।
ਕਰ ਲੈ ਮੌਤ ਨੂੰ ਯਾਦ ਹੁਣ ਖਾਲਸਾ ਜੀ ਕਾਹਨੂੰ ਚੱਲਣੇ ਹੈਂ ਵਲਛਲ ਅਗੇ।
ਧਰਕੇ ਫੂਕਣਾ ਚਿਤਾ ਤੇ ਲਾਭ ਸਿੰਘਾ ਜਰੜ ਜਰੜ ਜਾਣੇ ਹੱਡ ਬਲ ਅਗੇ।

## ਬੰਤਾ ਸਿੰਘ ਤੇ ਸਾਧ ਦਾ ਯੁੱਧ

[ਬੈਂਤ]

ਮੁੰਡੇ ਦੇਖਿਆ ਸਾਧ ਨੇ ਨਹੀਂ ਹਟਣਾ ਫਰ ਸਿੱਧਾ ਈ ਓਦ੍ਹੇ ਵਲ ਆਉਂਦਾ।
ਗਿੱਦੜ ਮਾਰਕੇ ਚਾਂਗਰਾਂ ਹੋਣ ਕੱਠੇ ਪਰ ਸ਼ੇਰ ਨਾਂ ਭੈ ਨੂੰ ਖਾਉਂਦਾ ਈ
ਬਬਰ ਸਿੱਧਾ ਹੀ ਸਾਧ ਨੂੰ ਆਂਣ ਵੱਜਾ ਸੰਤ ਉਸਤੇ ਡਾਂਗ ਚਲਾਉਂਦਾ ਈ।
ਹੇਠ ਉਤੇ ਸੀ ਲੋਹੇ ਦੇ ਸਮ ਚੜੇ ਹੋਏ ਉਸਨੂੰ ਜੋਰ ਦੇ ਨਾਲ ਘੁਮਾਉਂਦਾ ਈ।

ਸਾਧ ਚੁਕ ਕੇ ਅੱਡੀਆਂ ਸੀਸ ਮਾਰੀ ਬਬਰ ਪੈਂਤੜਾ ਬਦਲ ਬਚਾਉਂਦਾ ਈ।
ਡਾਂਗ ਸਾਧ ਦੀ ਵੱਜੀ ਜਮੀਨ ਉਤੇ ਵਢਾ ਦਿਲ ਦੇ ਵਿਚ ਪਛਤਾਉਂਦਾ ਈ।
ਫੇਰ ਕਾਲੀਆਂ ਪੀਲੀਆਂ ਕਰ ਅੱਖਾਂ ਗੁਸਾ ਕਹਿਰ ਦਾ ਦਿਲੋਂ ਝੜਾਉਂਦਾ ਈ।
ਹਥ ਲਗਦੇ ਦੂਸਰੀ ਫੇਰ ਮਾਰੀ ਜੋਰ ਸਾਰੇ ਸਰੀਰ ਦਾ ਲਾਉਂਦਾ ਈ।
ਬਬਰ ਫੇਰ ਵੀ ਪੈਂਤੜਾ ਬਦਲ ਗਿਆ ਸਾਧ ਰਹਿ ਗਿਆ ਦੰਦ ਚਬਾਉਂਦਾ ਈ।
ਚੜ੍ਹਿਆ ਰੋਹ ਤੇ ਲਾਲ ਹੋ ਗਿਆ ਚੇਹਰਾ ਜਿਵੇਂ ਅੱਗ ਅੰਗਿਆਰ ਭਖਾਉਂਦਾ ਈ।
ਇੰਨੇ ਚਿਰ ਨੂੰ ਤੀਸਰੀ ਵਾਰ ਮੁੜਕੇ ਸਾਧ ਉਤੇ ਨੂੰ ਡਾਂਗ ਉਠਾਉਂਦਾ ਈ।
ਬਬਰ ਗੱਜ ਕੇ ਸੂਰਮਾ ਸ਼ੇਰ ਵਾਂਗੂੰ ਛਵੀ ਕਾਲ ਦਾ ਰੂਪ ਬਣਾਉਂਦਾ ਈ।
ਮਾਰੀ ਤੋਲ ਕੇ ਸਾਧ ਦੀ ਵਿਚ ਵੱਖੀ ਦੋ ਡੱਕਰੇ ਕਰ ਸਟਾਉਂਦਾ ਈ।
ਗਾਜਰ ਵਾਂਗ ਉਸ ਮਾਰਿਆ ਸਾਧ ਲਾਹਕੇ ਮੋਛਾ ਚੀਰ ਸਰੀਰ ਦਾ ਪਾਉਂਦਾ ਈ।
ਧਨ ਆਖਦੇ ਬਬਰ ਨੂੰ ਲਾਭ ਸਿੰਘਾ ਇਹੋ ਲਫ਼ਜ਼ ਜ਼ਬਾਨ ਤੇ ਆਉਂਦਾ ਈ।

## ਕੋਰੜਾ ਛੰਦ

ਭੱਜਾ ਬੰਤਾ ਸਿੰਘ ਜਦੋਂ ਨੰਦਾ ਚੋਰ ਤੇ, ਨਿਕਲਦਾ ਸ਼ਿਕਾਰ ਜਿਵੇਂ ਲੱਗੀ ਬੌਰ ਤੇ।
ਨਿਕਲੇ ਭਬੂਕੇ ਮੌਤ ਵਾਲੀ ਅੱਗ ਦੇ, ਆਉਂਦੀ ਪਿਛੇ ਵਾਰ ਲਲਕਾਰੇ ਬਜਦੇ।
ਬੋਲਦੇ ਹੈ ਪਿਛੋਂ ਵਾਰ ਦੇ ਜਵਾਨ ਜੀ, ਭਜਲੈ ਤੂੰ ਅਸਾਂ ਨਹੀਂ ਦੇਣਾ ਜਾਣ ਜੀ,
ਸੁਟਾਂਗੇ ਮੈਦਾਨ ਲਹੂ ਪੀਣਾ ਰੱਜ ਕੇ, ਆਉਂਦੀ ਪਿਛੇ ਵਾਰ ਲਲਕਾਰੇ ਬਜਦੇ।
ਸੁਣ ਡੰਡ ਪੈਂਦੀ ਪਿੰਡ ਹੋਰ ਰਲਿਆ, ਸਾਂਨ੍ਹ ਵਾਂਗ ਸਾਧ ਨੇ ਸੀ ਰਾਹ ਮਲਿਆ,
ਅਸੀਂ ਰਹੇ ਟੋਲਦੇ ਨਾਂ ਤੁਸੀਂ ਲੱਭਦੇ, ਆਉਂਦੀ ਪਿਛੇ ਵਾਰ ਲਲਕਾਰੇ ਬਜਦੇ।
ਬਾਜ ਵਾਂਗ ਸਾਧ ਇਹ ਮੁੰਡੇ ਤੇ ਟੁਟਿਆ, ਮਾਰ ਕੇ ਗੰਡਾਸੀ ਉਸ ਵੱਢ ਸੁਟਿਆ,
ਸਾਰੇ ਜੇ ਬਬਰ ਹੁੰਦੇ ਢੇਰ ਲਗਦੇ, ਆਉਂਦੀ ਪਿਛੇ ਵਾਰ ਲਲਕਾਰੇ ਬਜਦੇ।
ਜਦੋਂ ਮੁੰਡੇ ਸਾਧ ਤਾਈਂ ਵੱਢ ਸੁਟਿਆ, ਗੁਸਾ ਖਾ ਕੇ ਵਾਰ ਵਲੋਂ ਦੇਸ਼ ਟੁਟਿਆ
ਚੜ੍ਹ ਗਿਆ ਜੋਸ਼ ਵਿਚ ਰਗ ਰਗ ਦੇ, ਆਉਂਦੀ ਪਿਛੇ ਵਾਰ ਲਲਕਾਰੇ ਬਜਦੇ।
ਦੂਜਾ ਪਿੰਡ ਵਾਰ ਨਾਲ ਗਿਆ ਰਲ ਜੀ, ਜਿਵੇਂ ਫੌਜ ਮੋਰਚੇ ਤੇ ਪਈ ਚਲ ਜੀ,
ਗੁਸੇ ਨਾਲ ਚੇਹਰੇ ਸਾਰਿਆਂ ਦੇ ਦਗਦੇ, ਆਉਂਦੀ ਪਿਛੇ ਵਾਰ ਲਲਕਾਰੇ ਬਜਦੇ।
ਜਦੋਂ ਨਾਲ ਰਲ ਗਿਆ ਦੂਜਾ ਪਿੰਡ ਜੀ ਕੋਹਾਂ ਵਿਚ ਬਾਰ ਸਾਰੇ ਗਈ ਖਿੰਡ ਜੀ,
ਚੜ੍ਹਦੀ ਬਰੇਸ ਮੁੰਡੇ ਸੋਹਣੇ ਕੱਦ ਦੇ, ਆਉਂਦੀ ਪਿਛੇ ਵਾਰ ਲਲਕਾਰੇ ਬਜਦੇ।
ਰੈਹ ਗਈ ਕਹਿੰਦੇ ਵਿਥ ਵਿਚ ਚਾਲੀ ਫੁਟਦੀ, ਵੱਢ ਸਾਧ ਤਾਈਂ ਮੁੰਡਾ ਗਿਆ ਛੁਟ ਜੀ,
ਇਕੱਲਾ ਸੀ ਜਵਾਨ ਐਨ ਮੂਹਰੇ ਵੱਗ ਦੇ, ਆਉਂਦੀ ਪਿਛੇ ਵਾਰ ਲਲਕਾਰੇ ਬਜਦੇ।

## ਸਾਧ ਮਾਰੇ ਜਾਣ ਤੋਂ ਪਿਛੋਂ ਦਾ ਹਵਾਲ

(ਬੈਂਤ)

ਕੋਹਾਂ ਵਿਚ ਨਾਂ ਬਾਰ ਦਾ ਪਤਾ ਲਗਦਾ ਕੀਤੀ ਤੀਸਰੇ ਪਿੰਡ ਵੀ ਧਾਈ ਆ ਕੇ।
ਰੌਲਾ ਪਾ ਕੇ ਘੇਰੇ ਨੂੰ ਪੌਣ ਲੱਗੇ ਵਾਰ ਦੇ ਕੇ ਜੋਰ ਝੁਘਾਈ ਆ ਕੇ।
ਮਾਰੋ ਮਾਰ ਕਰਦੇ ਚੜ੍ਹੇ ਆਉਣ ਸਿਰ ਤੇ ਫੂਕੇ ਗੁਸੇ ਦੀ ਅਗ ਸੁਆਈ ਆ ਕੇ।
ਘੇਰਾ ਵਾਰ ਦਾ ਮੁੰਡੇ ਨੂੰ ਪੈਣ ਲਗਾ ਭੱਜਿਆਂ ਅਕਲ ਨੇ ਚੱਕਰੀ ਖਾਈ ਆ ਕੇ।

ਮੂਹਰੇ ਐਨਿਆਂ ਮੂਲ ਨਾਂ ਪੇਸ਼ ਜਾਂਦੀ ਮੁੰਡੇ ਆਪਣੀ ਅਕਲ ਦੁੜਾਈ ਆ ਕੇ।
ਹੋਏ ਸੂਰਮੇ ਲਖ ਜਹਾਨ ਉਤੇ ਭਾਵੀ ਕਿਸੇ ਵੀ ਨਹੀਂ ਅਟਕਾਈ ਆ ਕੇ।
ਰੌਲਾ ਵਾਰ ਦਾ ਪੈਂਦਿਆਂ ਕਰਦਿਆਂ ਨੂੰ ਮੁੰਡਾ ਚੱਲਿਆ ਕਰਕੇ ਧਾਈ ਆ ਕੇ।
ਮਾਰੋ ਮਾਰ ਜਾਂ ਵਾਰ ਦੀ ਹੋਣ ਲਗੀ ਪੈਂਦੀ ਕੋਹਾਂ ਦੇ ਵਿਚ ਦੁਹਾਈ ਆ ਕੇ।
ਕਈ ਸੂਰਮੇ ਪੱਟਾਂ ਨੂੰ ਤੇਲ ਲਾਉਂਦੇ ਬਬਰਾਂ ਵਾਂਗ ਨਾਂ ਧੂਮ ਮਚਾਈ ਆ ਕੇ
ਨੇੜੇ ਸੌਖਾ ਨਾਂ ਢੁਕਣਾ ਲਾਭ ਸਿੰਘਾ ਜਿਨ੍ਹਾਂ ਤਲੀ ਤੇ ਜਾਨ ਟਕਾਈ ਆ ਕੇ।

## ਤਥਾ ਬੈਂਤ

ਰੌਲਾ ਸੁਣ ਕੇ ਤੀਸਰੇ ਪਿੰਡ ਦੇ ਵੀ ਉਹ ਵੀ ਪੈ ਗਏ ਗੁਸੇ ਨੂੰ ਖਾ ਅਗੇ।
ਉਸ ਪਾਸੇ ਚਮਾਰੜੀ ਪਿੰਡ ਦੀ ਸੀ ਰਸਤਾ ਰਿਹਾ ਸੀ ਜਿਥੋਂ ਦੀ ਜਾ ਅਗੇ।
ਮੁੰਡਾ ਇਕ ਚੁਮਿਆਰ ਦਾ ਸ਼ੈਲ ਬੰਕਾ ਸੋਹਣੇ ਨਖਦਾ ਪਟ ਚਲਕਾ ਅਗੇ।
ਦੇਖ ਤੁਰਦਾ ਸੀ ਪੱਟਾਂ ਤੇ ਡੌਲਿਆਂ ਨੂੰ ਪੱਗ ਪੇਚ ਜਲੇਬੀ ਬਨ੍ਹਾ ਅਗੇ।
ਤਾਣਾ ਤਣਦਾ ਸੀ ਰਾਹ ਦੇ ਕੋਲ ਇਹੋ ਵਿਚ ਕਾਨੀਆਂ ਖੇਤ ਗਡਾ ਅਗੇ।
ਉਸ ਸੋਚਿਆ ਏਸ ਨੂੰ ਪਕੜ ਕੇ ਤੇ ਦੇਵਾਂ ਜੇਲ ਦੇ ਵਿਚ ਸੁਟਾ ਅਗੇ।
ਮੈਨੂੰ ਮਿਲਣ ਮੁਰੱਬੇ ਇਨਾਮ ਦੇ ਨੇ ਨਾਲੇ ਨਕਦ ਇਨਾਮ ਗਣਾ ਅਗੇ।
ਜੋਹਣੀ ਪੁਤ ਚੁਮਿਆਰ ਦੇ ਸੋਚ ਕੇ ਤੇ ਲਏ ਅਕਲ ਦੇ ਢੰਗ ਲਗਾ ਅਗੇ।
ਬੰਤਾ ਸਿੰਘ ਜਿਸ ਰਸਤਿਓ ਆਂਵਦਾ ਸੀ ਕਣਕ ਗਲ ਤੋਂ ਉਚੀ ਤਕਾ ਅਗੇ।
ਭੱਜੇ ਜਾਂਦੇ ਜਵਾਂਨ ਦੀ ਪੱਗ ਦਿਸਦੀ ਹੋਰ ਕੁਝ ਵੀ ਨਜਰ ਨਾ ਆ ਅਗੇ।
ਨਾਲ ਹੋ ਕੇ ਰਾਹ ਦੇ ਪਿਆ ਲੰਬਾ ਜੱਫਾ ਪਾਉਣ ਦੀ ਕਰ ਸਲਾਹ ਅਗੇ।
ਬੰਤਾ ਸਿੰਘ ਨੇ ਇਸ ਨੂੰ ਦੇਖਿਆ ਨਾਂ ਗਿਆ ਸਾਫ ਹੀ ਧੋਖੇ ਵਿਚ ਆ ਅਗੇ।
ਜੋਰ ਨਾਲ ਮੁੰਡਾ ਭੱਜਾ ਆਂਵਦਾ ਸੀ ਜੱਫਾ ਲਿਆ ਚੁਮਿਆਰ ਨੇ ਪਾ ਅਗੇ।
ਝੱਬਰ ਉਲਟ ਕੇ ਗੋਡਿਆਂ ਭਾਰ ਡਿਗਿਆ ਦਿਤੀ ਸੱਟ ਨੇ ਸੁਰਤ ਭੁਲਾ ਅਗੇ।
ਜਿਹੜਾ ਜਫਾ ਚੁਮਿਆਰ ਨੇ ਮਾਰਿਆ ਸੀ ਮਿਲਿਆ ਹੱਥ ਨੂੰ ਹਥ ਨਾ ਆ ਅਗੇ।
ਡਿਗਦੇ ਸਾਰ ਬੰਤਾ ਸਿੰਘ ਗਿਆ ਨਿਕਲ ਇਸ ਚੁਮਿਆਰ ਦੇ ਹੱਥ ਖਸਕਾ ਅਗੇ।
ਹੱਥ ਜੱਫੀ ਤੋਂ ਛੁਟ ਹੋ ਗਏ ਇਕੱਠੇ ਜਿਵੇਂ ਜੋੜੇ ਕਿਤੇ ਖਾਨਗਾ ਅਗੇ।
ਬੰਤਾ ਸਿੰਘ ਨੇ ਪਰਤ ਕੇ ਛਵੀ ਮਾਰੀ ਦਿਤੇ ਵੱਢ ਕੇ ਟੁੰਡ ਸੁਟਾ ਅਗੇ।
ਤੁਰਗਾ ਗਰਦਨੀ ਖਾ ਚੁਮਿਆਰ ਬੱਚਾ ਦੋਵੇਂ ਮੁਨਣੇ ਲਏ ਵਢਾ ਅਗੇ।
ਬਾਹਾਂ ਵੱਢੀਆਂ ਖੂਨ ਨਾਂ ਬੰਦ ਹੋਇਆ ਉਹ ਵੀ ਮਰ ਗਿਆ ਦੁਖ ਉਠਾ ਅਗੇ।
ਗੱਜ ਕੋਹਾਂ ਵਿਚ ਪੈ ਗਈ ਲਾਭ ਸਿੰਘਾ ਮਾਰੋ ਮਾਰ ਦੀ ਪਈ ਕਹਾ ਅਗੇ।

## ਅੱਗੇ ਦਾ ਹਵਾਲ

(ਬੈਂਤ)

ਹੱਥ ਵੱਢ ਚੁਮਿਆਰ ਦੇ ਸੂਰਮਾ ਇਹ ਭੱਜਾ ਹੋ ਕੇ ਤਿਆਰ ਪਰ ਤਿਆਰ ਜਲਦੀ।
ਛਵੀ ਹੱਥ ਤੇ ਕਾਲ ਦਾ ਰੂਪ ਬਣਿਆ ਸਤ ਸ੍ਰੀ ਅਕਾਲ ਉਚਾਰ ਜਲਦੀ।
ਰੌਲਾ ਵਾਰ ਦਾ ਪੈਂਦਿਆਂ ਕਰਦਿਆਂ ਨੂੰ ਮੁੰਡਾ ਹੋ ਗਿਆ ਚਕਰੋਂ ਬਾਹਰ ਜਲਦੀ।
ਵਿਤ ਵਿਥ ਰੈਹ ਗਈ ਕਦਮਾਂ ਥੋੜਿਆਂ ਦੀ ਮਗਰ ਪਈ ਹੁੰਦੀ ਮਾਰੋ ਮਾਰ ਜਲਦੀ।
ਜਦ ਘੇਰੇ ਤੋਂ ਸੂਰਮਾ ਨਿਕਲ ਗਿਆ ਖੇਲਣ ਅਗੇ ਸ਼ਿਕਾਰੀ ਸ਼ਿਕਾਰ ਜਲਦੀ।

ਕੁੱਤਾ ਡੋਰੀ ਦਾ ਇਕ ਬੇਕੀਮਤੀ ਸੀ ਦਿਤਾ ਛੱਡ ਉਹ ਸੀਟੀ ਨੂੰ ਮਾਰ ਜਲਦੀ ।
ਕੁੱਤਾ ਫੇਰੇ ਵਿਚ ਬਬਰ ਨੂੰ ਜਾ ਪਿਆ ਕੀਤਾ ਉਸ ਨੇ ਜਾ ਲਾਚਾਰ ਜਲਦੀ ।
ਦੰਦ ਜਾ ਮਾਰੇ ਲੱਤ ਬਬਰ ਦੀ ਤੇ ਵਾਂਗੂ ਕੁਤਿਆਂ ਦੀ ਜਿਵੇਂ ਕਾਰ ਜਲਦੀ ।
ਮੂਚ ਮਾਰਿਆ ਦੰਦ ਨਾਂ ਵਿਚ ਖੁਭੇ ਰਖਣ ਵਾਲੜਾ ਸੀ ਕਰਤਾਰ ਜਲਦੀ ।
ਮੁੰਡਾ ਮੁੜੇ ਤਾਂ ਭੱਜ ਕੇ ਦੂਰ ਹੋਵੇ ਫੇਰ ਆ ਪਵੇ ਦੂਜੀ ਵਾਰ ਜਲਦੀ ।
ਦੋ ਚਾਰ ਵਾਰੀ ਇਹੋ ਹਾਲ ਹੋਇਆ ਕੀਤਾ ਕੁੱਤੇ ਨੇ ਬਹੁਤ ਲਾਚਾਰ ਜਲਦੀ ।
ਭਜਣ ਦੇਵੇ ਨਾ ਪਵੇ ਉਹ ਕਹਿਰ ਕਰ ੨ ਸਿਰ ਵਾਰਦੇ ਵੇਰੀ ਹਜਾਰ ਜਲਦੀ ।
ਬੰਤਾ ਸਿੰਘ ਬਬਰਾਂ ਵਿਚ ਸੂਰਮਾ ਸੀ ਬਬਰ ਪਾਰਟੀ ਦਾ ਸਰਦਾਰ ਜਲਦੀ ।
ਦੋ ਕੁ ਕਦਮ ਮੁੜਕੇ ਮੁੰਡਾ ਸ਼ੇਰ ਬੰਕਾਂ ਭਜਾ ਅਗ ਨੂੰ ਬੇ ਸ਼ੁਮਾਰ ਜਲਦੀ ।
ਪਿਛਲੀ ਤਰਫ ਤੋਂ ਭਜ ਕੇ ਪਿਆ ਕੁੱਤਾ ਪੰਜੇ ਸ਼ੇਰ ਦੇ ਵਾਂਗ ਉਲਾਰ ਜਲਦੀ ।
ਧਰਕੇ ਕਦਮ ਮੁੰਡੇ ਬਬਰ ਸੂਰਮੇ ਨੇ ਛਵੀ ਕੁਤੇ ਤੇ ਮਾਰੀ ਵਿਚਕਾਰ ਜਲਦੀ ।
ਮਾਰੀ ਕੁਤੇ ਦੇ ਛਵੀ ਜੁਆਨ ਐਸੀ ਜਿਹੜੀ ਵੱਢ ਕੇ ਹੋ ਗਈ ਪਾਰ ਜਲਦੀ ।
ਨਿਕਲ ਆਂਦਰਾਂ ਦਾ ਬਾਹਰ ਢੇਰ ਲਗਾ ਦੇਖ ਲੋਕ ਕੰਬਣ ਜਾਰੋ ਜਾਰ ਜਲਦੀ ।
ਆਫਰੀਨ ਉਏ ਸੂਰਿਆ ਧਨ ਮਰਦਾ ਮਦਤ ਕਰੇ ਤੇਰਾ ਪ੍ਰਵਦਗਾਰ ਜਲਦੀ ।
ਇਹੋ ਜਿਹੇ ਵਿਚ ਪੰਥ ਦੇ ਸੂਰਮੇ ਸਨ ਕੀਤੇ ਗੰਦਿਆਂ ਪੁਜ ਖੁਹਾਰ ਜਲਦੀ ।
ਕਰ ੨ ਘਾਣ ਪੰਜਾਬ ਦੇ ਸੂਰਿਆਂ ਦੇ ਦਿਤੇ ਗੰਦਿਆਂ ਚੰਮ ਉਤਾਰ ਜਲਦੀ ।
ਇਕੁ ਬਬਰ ਬਿਨ ਏਸ ਪੰਜਾਬ ਦੇ ਵਿਚ ਖੇਤ ਕਿਸ ਨੇ ਲਾਹੇ ਸਥਾਰ ਜਲਦੀ ।
ਪਟੇ ਕਿਸ ਨੇ ਲਿਖੇ ਮੁਰਬਿਆਂ ਦੇ ਮੋਹਰ ਆਪਣੇ ਖੂਨ ਦੀ ਡਾਰ ਜਲਦੀ ।
ਬੜੇ ੨ ਜਿਹੜੇ ਜਥੇਦਾਰ ਫਿਰਦੇ ਕਰਦੇ ਗੰਦਦੇ ਪੇਟ ਪਟਾਰ ਜਲਦੀ ।
ਲਹੂ ਪੀਂਦੇ ਏ ਪੰਥਦਾ ਲਾਭ ਸਿੰਘਾ ਫੇਰ ਬੁਚੜਾਂ ਵਾਂਗ ਕਟਾਰ ਜਲਦੀ ।

## ਵਾਕ ਕਵੀ (ਬੈਂਤ)

ਕੁੱਤਾ ਵੱਢ ਕੇ ਚਲਿਆ ਸ਼ੇਰ ਮੁੰਡਾ ਘੇਰਾ ਇਤਨੀ ਵਾਰ ਉਹ ਚੀਰ ਵਿਚੋਂ ।
ਪੜ੍ਹਨ ਵਾਲਿਓ ਮਾਰੋਖਾਂ ਨਿਗ੍ਹਾ ਲੰਬੀ ਸਿਟਾ ਕਡੀਏ ਸੋਚ ਅਖੀਰ ਵਿਚੋਂ ।
ਕਦਰ ਸੂਰਮੇ ਜਾਣਦੇ ਸੂਰਮੇ ਦਾ ਨਹੀ ਲਭਦਾ ਖੰਡ ਤੇ ਖੀਰ ਵਿਚੋਂ ।
ਜਦੋਂ ਬੈਠ ਕੇ ਪੁਛੀਏ ਯੋਧਿਆਂ ਨੂੰ ਮਜ਼ਾ ਦਸਦੇ ਤਿਖੀ ਸ਼ਮਸ਼ੀਰ ਵਿਚੋਂ ।
ਮਾਰੋ ਮਾਰ ਚੁਫੇਰਿਓਂ ਪਈ ਹੋਵੇ ਔਖੀ ਬਚਣੀ ਜਿੰਦ ਵਹੀਰ ਵਿਚੋਂ ।
ਜਾਨ ਜਾਵੇ ਤਾਂ ਬੇਸ਼ਕ ਚਲੀ ਜਾਵੇ ਗਿਣਿਆਂ ਜਾਵੇ ਨਾ ਸੂਰਮਾਂ ਕੀਰ ਵਿਚੋਂ ।
ਨਾਲ ਜਿਨਾਂ ਦੇ ਸਜਨੋਂ ਬੀਤੀਆਂ ਏ ਹਥ ਲਾਉਂਦੇ ਕੰਨਾ ਨੂੰ ਪੀਰ ਵਿਚੋਂ ।
ਕੋਈ ਜਾਦੂਗਰ ਜਾਦੂ ਦੀ ਫੇਰੀਓਂ ਤੋਂ ਔਖਾ ਨਿਕਲਨਾ ਏਸ ਲਕੀਰ ਵਿਚੋਂ ।
ਧਨ ਬਾਪ ਤੇਰਾ ਜਿਸਦਾ ਪੁਤ ਹੈਂ ਤੂੰ ਅਤੇ ਧੰਨ ਮਾਈ ਪੀਤਾ ਸੀਰ ਵਿਚੋਂ ।
ਵਾਹ ਸੂਰਿਆ ਖੇਤ ਵਿਚ ਹਦ ਕੀਤੀ ਸੁਣ ਕੇ ਛੁਟਦੇ ਦਿਲਾਂ ਦੇ ਧੀਰ ਵਿਚੋਂ ।
ਏ ਕੰਮ ਨਾ ਕਾਮੀਆਂ ਗੰਦਿਆਂ ਦੇ ਗਿਰੀ ਜਿਨ੍ਹਾਂ ਦੀ ਹੈ ਜ਼ਮੀਰ ਵਿਚੋਂ ।
ਮਜਾ ਫੇਰ ਆਉਂਦਾ ਨੁਕਤੇ ਚੀਨੀਆਂ ਦਾ ਜਦੋਂ ਨਿਕਲੇ ਦਲਾਂ ਨੂੰ ਲੀਰ ਵਿਚੋਂ ।
ਰਤਨ ਸਿੰਘ ਜਵਾਨ ਦਾ ਨਾਮ ਸੁਣਿਆਂ ਸਾਧੂ ਸਿੰਘ ਸੂਰਾ ਬਲ ਵੀਰ ਵਿਚੋਂ ।
ਧੰਨਾ ਸਿੰਘ ਇਹ ਬਬਰ ਦਾ ਆਖਣਾ ਕੀ ਕੌੜੀ ਦੁਸ਼ਮਣਾਂ ਦੀ ਛੱਡੀ ਚੀਰ ਵਿਚੋਂ ।

ਛਾਤ। ਧੜਕ  ਦੀ ਸੁਤਿਆਂ ਬੈਰੀਆਂ ਦੀ ਡੋਲੀ ਚੜ੍ਹਨ ਲਗੀ ਜਿਵੇਂ ਹਾਰ ਵਿਚੋਂ ।
ਮੂੰਡਾ ਧਨ ਏਹ ਬਬਰਾਂ ਦਾ ਲਾਭ ਸਿੰਘਾ ਬੜਾ ਸੋਹਣਾ ਬਦਰੇ ਮੁਨੀਰ ਵਿਚੋਂ ।

## ਅਗੋਂ ਪੂਰਨ ਦਾ ਹਵਾਲ

(ਬੈਂਤ)

ਬੰਤਾ ਸਿੰਘ ਵੀ ਆਖਰੀ ਦਮਾਂ ਉਤੇ ਜਦੋਂ ਕੁਤੇ ਦੀ ਅਲਖ ਮਕਾਉਂਦਾ ਈ।
ਭੱਜਾ ਅਗਲੀ ਤਰਫ ਨੂੰ ਜੋਰ ਦੇ ਕੇ ਪਿਛੇ ਕਟਕ ਚੜ੍ਹਿਆ ਭਾਰੀ ਆਉਂਦਾ ਈ।
ਫੜ ਲਓ ਮਾਰ ਲਓ ਮਾਰ ਲਓ ਪਈ ਹੋਵੇ ਇਕ ਦੂਸਰੇ ਤੇ ਮੂਹਰੇ ਧਾਉਂਦਾ ਈ।
ਵਿਚ ਕੋਹਾਂ ਦੇ ਭਾਜੜਾਂ ਆਉਂਣ ਪਈਆਂ ਘਟ ਕਿਹੜਾ ਜੋਰ ਨੂੰ ਲਾਉਂਦਾ ਈ।
ਐਪਰ ਟਾਕਰੇ ਦੇ ਵਿਚ ਸ਼ੇਰ ਮੁੰਡਾ ਖੇਤ ਸੋਹਣੇ ਹਥ ਵਿਖਾਉਂਦਾ ਈ।
ਕੁੱਤਾ ਮਾਰਕੇ ਅੱਗੇ ਨੂੰ ਜਦੋਂ ਭੱਜਾ ਰਬ ਹੋਰ ਸਬੱਬ ਬਣਾਉਂਦਾ ਈ।
ਪੂਰਨ ਸਿੰਘ ਨਾਮੇ ਕੋਈ ਚੰਦਰਾ ਏ ਮਲੋ ਮਲੀ ਦੀ ਟੰਗ ਅੜਾਉਂਦਾ ਈ।
ਜਿਵੇਂ ਜਾ ਕੇ ਲੂਣਾਂ ਦੇ ਕਾਲਜੇ ਨੂੰ ਅਗ ਲਾ ਕੇ ਫੂਕ ਜਲਾਉਂਦਾ ਈ।
ਅੰਨੇ ਮਾਂ ਤੇ ਬਾਪ ਨੂੰ ਦੁਖੀ ਕਰਕੇ ਆਪ ਹਥ ਤੇ ਪਤ ਵਢਾਉਂਦਾ ਈ।
ਫਗਣ ਚੇਤ ਨੂੰ ਬੇਠਣਾ ਛਡ ਕੇ ਤੇ ਇਧਰ ਟੱਟੀ ਪੇਸ਼ਾਬ ਨੂੰ ਆਉਂਦਾ ਈ।
ਹੱਥ ਡਾਂਗ ਤੇ ਪੱਟਾਂ ਨੂੰ ਤੇਲ ਮਲਿਆ ਲੜ ਕੰਨ ਦੇ ਕੋਲ ਛਡਾਉਂਦਾ ਈ।
ਹਥੀਂ ਗਾਨੀਆਂ ਅਖਾਂ ਨੂੰ ਪਾ ਸੁਰਮਾ ਪਟ ਰੋਜ ਦੀ ਰੋਜ ਮਲਾਉਂਦਾ ਈ।
ਤੁਰਦਾ ਦੇਖ ਕੇ ਆਪਣੇ ਡੌਲਿਆਂ ਨੂੰ ਮੈਹੇਂ ਵਾਂਗ ਨਾਂ ਧੌਣ ਲਫਾਉਂਦਾ ਈ।
ਚੰਗੀ ਤਰ੍ਹਾਂ ਇਹ ਮੁੰਡੇ ਨੂੰ ਜਾਣਦਾ ਸੀ ਫਤਹਿ ਜੋੜ ਕੇ ਹਥ ਬਲਾਉਂਦਾ ਈ।
ਇਸ ਦੇਖਿਆ ਮੁੰਡੇ ਦੀ ਬਸ ਹੋਈ ਲੈਣਾ ਵਾਰ ਨੇ ਸਿਟ ਭਕਾਉਂਦਾ ਈ।
ਜੇ ਘੇਰ ਕੇ ਇਸ ਨੂੰ ਮੈਂ ਮਾਰਾਂ ਭਾਰੀ ਮਿਲੂ ਇਨਾਮ ਗਣਾਉਂਦਾ ਈ।
ਨਾਲੇ ਕਹਿਣਗੇ ਸੂਰਮਾ ਲੋਕ ਮੈਨੂੰ ਹਾੜ ਸਾਰੀਆਂ ਗੱਲਾਂ ਦੀ ਲਾਉਂਦਾ ਈ।
ਇਹੋ ਦਿਲ ਦੇ ਵਿਚ ਦਲੀਲ ਕਰਕੇ ਭਾਰੀ ਡਾਂਗ ਦੇ ਤਾਈਂ ਉਠਾਉਂਦਾ ਈ।
ਛਾਲ ਮਾਰਕ ਰਾਹ ਦੇ ਵਿਚ ਆਇਆ ਬੰਤਾ ਸਿੰਘ ਏ ਜਿਧਰੋਂ ਆਉਂਦਾ ਈ।
ਪੂਰਨ ਗਜ ਕਹਿੰਦਾ ਖਬਰਦਾਰ ਹੋ ਜਾ ਨਾਲੇ ਗੁਸੇ ਦੀ ਅੱਖ ਵਖਾਉਂਦਾ ਈ।
ਵਿਚ ਲੋਭ ਦੇ ਮਰ ਗਿਆ ਲਾਭ ਸਿੰਘਾ ਹੋਣਾ ਸੋ ਜੋ ਰੱਬ ਨੂੰ ਭਾਉਂਦਾ ਈ।

## ਬੰਤਾ ਸਿੰਘ ਨੇ ਆਖਣਾਂ ਪੂਰਨ ਨੂੰ

(ਬੈਂਤ)

ਬੰਤਾ ਸਿੰਘ ਨੇ ਦੇਖਿਆ ਜਦੋਂ ਪੂਰਨ ਉਚੀ ਬੋਲਕੇ ਚਾਂਗਰਾਂ ਮਾਰੀਆਂ ਨੇ।
ਮਦਤ ਕਰ ਤੂੰ ਪੂਰਨਾ ਯਾਰ ਮੇਰਾ ਵਾਰਾਂ ਮੇਰੇ ਹੀ ਮਗਰ ਇਹ ਸਾਰੀਆਂ ਨੇ।
ਵਿਚ ਕੋਹਾਂ ਦੇ ਦੇਖ ਲੈ ਡੰਡ ਪੈਂਦੀ ਘਟਾਂ ਬੱਦਲਾਂ ਵਾਂਗ ਗਰਾਰੀਆਂ ਨੇ।
ਮੇਰਾ ਯਾਰ ਤੂੰ ਮਾਰ ਲਲਕਾਰਿਆਂ ਨੂੰ ਕਿਹੜੇ ਵਕਤ ਨੂੰ ਹੁੰਦੀਆਂ ਜਾਰੀਆਂ ਨੇ।
ਮੇਰੇ ਨਾਲ ਜੇ ਪੂਰਨਾ ਖੜਾ ਹੋਵੇਂ ਮੁਰਦੇ ਮਾਰ ਕੇ ਬੰਨਾਂ ਮੈਂ ਲਾਰੀਆਂ ਨੇ।
ਅਗੋਂ ਪੂਰਨ ਨੂੰ ਲਗੀਆਂ ਜ਼ੈਹਰ ਵਾਂਗੂੰ ਗੱਲਾਂ ਜਿਹੜੀਆਂ ਬਬਰ ਉਚਾਰੀਆਂ ਨੇ।
ਤ੍ਰਾਂਡਾ ਓਸ ਤੇ ਅੰਤ ਨੂੰ ਭਜਣਾ ਸੀ ਨੀਤਾਂ ਜਿਹੜੀਆਂ ਅੰਦਰੋਂ ਧਾਰੀਆਂ ਨੇ।

ਇਹ ਹੀ ਦੇਸ਼ ਦਾ ਸਤਿਆਨਾਸ ਕਰਦੇ ਪਾਪੀ ਲਾਉਂਦੇ ਕੋੜ੍ਹ ਬੀਮਾਰੀਆਂ ਨੇ।
ਹੁੰਦੇ ਬੀਜ ਕਸਾਈ ਦੇ ਮਹਾਂ ਪਾਪੀ ਮੁੰਡੇ ਜਣਦੀਆਂ ਜੋ ਕੁਆਰੀਆਂ ਨੇ।
ਬਾਪ ਕਿਸੇ ਕਸਾਈ ਦਾ ਬੀਜ ਹੁੰਦਾ ਮਾਵਾਂ ਚੂੜ੍ਹੀਆਂ ਜਾਂ ਚੁਮਆਰੀਆਂ ਨੇ।
ਰਬਾ ਹੇਠਲੀ ਵੀ ਉਤੇ ਹੋਣ ਦੀਆਂ ਕਦੇ ਦ ਜਵਾਨਾਂ ਨੂੰ ਬਾਰੀਆਂ ਨੇ।
ਬਾਜ ਕੱਢ ਦੇ ਲੋਹੇ ਦੇ ਪਿੰਜਰੇ ਤੋਂ ਲੈਣ ਵਿਚ ਅਕਾਸ ਉਡਾਰੀਆਂ ਨੇ।
ਡੋਂਕਾ ਪੰਥ ਵਾਲਾ ਬੱਜੇ ਦੂਨੀਆਂ ਤੇ ਢੌਣ ਵਾਸਤੇ ਲਾਲ ਅਟਾਰੀਆਂ ਨੇ।
ਪਤਾ ਕੀ ਕੰਗਾਲ ਨੂੰ ਲਾਭ ਸਿੰਘਾ ਸਦਾ ਸੂਰਮੇ ਤੇ ਪੈਣ ਭਾਰੀਆਂ ਨੇ।

## ਬੰਤਾ ਸਿੰਘ ਤੇ ਪੂਰਨ ਦਾ ਹਵਾਲ

ਵਾਕ ਕਵੀ (ਬੈਂਤ)

ਬੰਤਾ ਸਿੰਘ ਨੇ ਇਸ ਨੂੰ ਆਖਿਆ ਜਾਂ ਪੂਰਨ ਕਰੜਿਆ ਗੁਸੇ ਦੇ ਨਾਲ ਅਗੋਂ।
ਮੁੰਡੇ ਥਕੇ ਨੂੰ ਦੇਖ ਕੇ ਸ਼ੇਰ ਬਣਿਆ ਨਾਲ ਗੁਸੇ ਦੇ ਹੋ ਗਿਆ ਲਾਲ ਅਗੋਂ।
ਬੰਤਾ ਸਿੰਘ ਨੂੰ ਆਖਦਾ ਖੜਾ ਹੋ ਜਾ ਲਈ ਆਪਣੀ ਡਾਂਗ ਸੰਭਾਲ ਅਗੋਂ।
ਸੁਟਾਂ ਬੰਨ ਸਰਕਾਰ ਦੇ ਜੇਲ ਖਾਨੇ ਪੂਰਨ ਬੋਲਿਆ ਮਾਰ ਕੇ ਛਾਲ ਅਗੋਂ।
ਬੰਤਾ ਸਿੰਘ ਤਾਂ ਗੁਸੇ ਨੇ ਫੂਕਿਆ ਸੀ ਰਹਿੰਦਾ ਪੂਰਨ ਨੇ ਸੁਟਿਆ ਜਾਲ ਅਗੋਂ।
ਫੌਜ ਵਾਂਗ ਮਗਰੇ ਚੜ੍ਹੀ ਵਾਰ ਆਉਂਦੀ ਭੈੜਾ ਰਾਹ ਦਾ ਹੋ ਗਿਆ ਹਾਲ ਅਗੋਂ।
ਬੰਤਾ ਸਿੰਘ ਨੇ ਆਖਿਆ ਬਗਲ ਹੋ ਜਾ ਤੇਰਾ ਵੈਰ ਕੇਹੜਾ ਮੇਰੇ ਨਾਲ ਅਗੋਂ।
ਮੇਰੇ ਮਗਰ ਏ ਪਾਪੀਆਂ ਕਟਕ ਚੜ੍ਹਿਆ ਕੋਈ ਦੋਸਤੀ ਦਾ ਅੰਗ ਪਾਲ ਅਗੋਂ।
ਇਸ ਸੂਰ ਦੇ ਪੁਤ ਨਾ ਘਟ ਕਰਨੀ ਰਾਖਾ ਸੋਹਣਿਆਂ ਤੇਰਾ ਅਕਾਲ ਅਗੋਂ।
ਪਿਆ ਡਾਂਗ ਉਠਾ ਕੇ ਚੰਦਰਾ ਏ ਨਾਲੇ ਆਖਦਾ ਵਾਰ ਸੰਭਾਲ ਅਗੋਂ।
ਬੰਤਾ ਸਿੰਘ ਬਿਨ ਜੋਰ ਬਜੂਦ ਖਾਲੀ ਦਿਤੀ ਇਸ ਨੇ ਧੂੜ ਉਠਾਲ ਅਗੋਂ।
ਮੁਸ਼ਕਾਂ ਬੰਨ ਕੇ ਸੁਟਣਾ ਜੇਲ ਖਾਨੇ ਪੂਰਨ ਬੋਲਿਆ ਕੱਢ ਕੇ ਗਾਲ ਅਗੋਂ।
ਪੂਰਨ ਪੁਤ ਚੰਡਾਲ ਦੇ ਜ਼ੁਲਮ ਕੀਤਾ ਮੁੰਡਾ ਪਿਆ ਥੱਕਾ ਬਾਲ ਬਾਲ ਅਗੋਂ।
ਸੰਨ ਪੰਜ ਦੇ ਵਿਚ ਜਿਉਂ ਪਿਆ ਕੋਰਾ ਬੁਰਾ ਦੇਸ਼ ਤੇ ਆਇਆ ਭੁਚਾਲ ਅਗੋਂ।
ਢਾਹ ,ਘਰਾਂ ਦੇ ਘਰ ਬਰਾਨ ਕੀਤੇ ਰਹਿੰਦੇ ਛੱਡੇ ਪਲੇਗ ਨੇ ਗਾਲ ਅਗੋਂ।
ਕਰਦੇ ਯਾਦ ਉਹ ਜਿਨ੍ਹਾਂ ਨੇ ਦੇਖਿਆ ਸੀ ਬੁਰੀ ਹੋਈ ਛਪੰਜਾ ਦੇ ਸਾਲ ਅਗੋਂ।
ਕਿਤੇ ਕਠ ਹੁੰਦਾ ਉਦੋਂ ਬਬਰਾਂ ਦਾ ਵੱਢ ੨ ਕੇ ਲਾਉਂਦੇ ਅਟਾਲ ਅਗੋਂ।
ਲਾਲ ਖੂਨ ਦੇ ਨਾਲ ਜਮੀਨ ਹੁੰਦੀ ਲਗਦੇ ਮੁਰਦਿਆਂ ਵਾਲੇ ਅਟਾਲ ਅਗੋਂ।
ਲਾਭ ਸਿੰਘਾ ਸੁਣਾ ਖਾਂ ਦੋਸਤਾਂ ਦੀ ਗਲਦੀ ਜਿਸ ਤਰ੍ਹਾਂ ਦੋਹਾਂ ਦੀ ਦਾਲ ਅਗੋਂ।

## ਪੂਰਨ ਤੇ ਬੰਤਾ ਸਿੰਘ ਦਾ ਹਵਾਲ

ਬੰਤਾ ਸਿੰਘ ਜਵਾਨ ਦੀ ਬਸ ਹੋਈ ਬਿਪਤਾ ਹੋਰ ਹੀ ਭਾਵੀ ਨੇ ਪਾ ਦਿਤੀ।
ਪੂਰਨ ਚੰਦਰੇ ਮੂਹਰਿਓਂ ਆ ਕੇ ਤੇ ਡਾਂਗ ਮੁੰਡੇ ਦੇ ਸਿਰ ਤੇ ਵਾਹ ਦਿਤੀ।
ਮੁੰਡੇ ਜੀ ਭਿਆਣੇ ਤੇ ਥੱਕੇ ਹੋਏ ਨੇ ਡਾਂਗ ਛਵੀ ਦੀ ਮੂਹਰੇ ਕਰਾ ਦਿਤੀ।
ਉਹ ਤਾਂ ਨਾਂ ਵੱਜੀ ਪੂਰਨ ਵਕਤ ਉਸੇ ਦੂਜੀ ਪੁੜਪੜੀ ਵਲ ਚਲਾ ਦਿਤੀ।
ਬੰਤਾ ਸਿੰਘ ਚੰਗਾ ਗਤਕਾ ਜਾਣਦਾ ਸੀ ਡਾਂਗ ਡਾਂਗ ਦੇ ਉਤੇ ਖਸਕਾ ਦਿਤੀ।
ਤੀਜੀ ਵਾਰ ਚੁਕੀ ਜਦੋਂ ਮਾਰਨੇ ਨੂੰ ਬੰਤਾ ਸਿੰਘ ਨੇ ਛਵੀ ਘੁਮਾ ਦਿਤੀ।

ਵੱਜੀ ਥੋੜੀ ਹੀ ਪੂਰਨ ਦੀਆਂ ਉਗਲਾਂ ਤੇ ਵਾਂਗ ਚੀਰੇ ਦੇ ਲੀਕ ਘਵਾ ਦਿਤੀ।
ਪੂਰਨ ਹੱਥ ਪਾਸਿਆ ਦੂਜੀ ਫੇਰ ਮਾਰੀ ਹਥੋਂ ਲਹੂ ਦੀ ਧਾਰ ਚੁਆ ਦਿਤੀ।
ਚੀਰੇ ਆ ਗਏ ਹੱਥ ਨਾਂ ਵੱਢ ਹਏ ਤਿਹੋ ਦੋਸਤੀ ਉਸ ਨਿਭਾ ਦਿਤੀ।
ਵੱਡ ਹੋ ਗਈਆਂ ਉਂਗਲਾਂ ਅਧੀਆਂ ਕੁ ਰਤ ਚੋਂਦੀ ਨੇ ਸੂਰਤ ਭੁਆ ਦਿਤੀ।
ਖੂਨ ਵਗੇ ਤੇ ਝਾੜਦਾ ਹੱਥ ਪੂਰਨ ਬਬਰ ਫੜਨ ਦੀ ਆਸ ਮੁਕਾ ਦਿਤੀ।
ਵਾਰ ਘੇਰ ਕੇ ਘੇਰੇ ਨੂੰ ਪਾਉਂਣ ਲਗੀ ਜਦੋਂ ਪੂਰਣ ਦੀ ਝੇੜ ਬਹਾ ਦਿਤੀ।
ਹਾਲ ਅਗਲਾ ਲਿਖਦੇ ਲਾਭ ਸਿੰਘਾ ਇਹ ਤਾਂ ਇਥੇ ਦੀ ਇਥੇ ਰਖਾ ਦਿਤੀ।

## ਵਾਕ ਕਵੀ (ਬੈਂਤ)

ਇਥੇ ਛੱਡ ਕੇ ਤੇ ਪੂਰਨ ਚੰਦਰੇ ਨੂੰ ਮੁੜਾ ਸੂਰਮਾ ਅਗੇ ਨੂੰ ਭੱਜ ਤੁਰਿਆ।
ਜੀਉਣਾ ਮੌੜ ਜਿਓਂ ਵੱਢ ਕੇ ਆਂਵਦੇ ਨੂੰ ਫੇਰ ਨਾਲ ਸ਼ਰਾਬ ਦੇ ਰਜ ਤੁਰਿਆ।
ਭੀਮ ਸੈਨ ਦੁਸ਼ਮਣਾਂ ਦਾ ਖੂਣ ਪੀਂਦਾ ਪੂਰਾ ਕਰਕੇ ਪਰਣ ਨੂੰ ਗਜ ਤੁਰਿਆ।
ਲਾਲ ਸਿੰਘ ਚੰਡਾਲ ਦਾ ਪੁਤ ਪਾਪੀ ਖੇਤ ਸਿੰਘ ਕੁਹਵਾ ਨਲੱਜ ਤੁਰਿਆ।
ਤੇਜਾ ਸਿੰਘ ਪੰਜਾਬ ਦੇ ਭੁਨਣ ਨੂੰ ਪਾਪੀ ਲਾ ਕੇ ਜੰਗ ਦਾ ਪਜ ਤੁਰਿਆ।
ਧਿਆਨ ਸਿੰਘ ਏ ਜੰਮੂ ਦਾ ਡੋਗਰਾ ਵੀ ਛਟਣ ਵਾਸਤੇ ਦੇਸ਼ ਨੂੰ ਭਜ ਤੁਰਿਆ।
ਖੂਨੀ ਝੁੰਡ ਕਲਜੋਗਣਾਂ ਗੋਰੀਆਂ ਦਾ ਪੂਰਾ ਖੂਨ ਦੇ ਪੀਣ ਨੂੰ ਬਜ ਤੁਰਿਆ।
ਕਿਸ ਬੇ ਗੁਨਾਹੇ ਨੂੰ ਲਾ ਫਾਸੀ ਜਿਵੇਂ ਉਠਆ ਅਦਲ ਤੋਂ ਜਜ ਤੁਰਿਆ।
ਹਰੀ ਸਿੰਘ ਜਿਓਂ ਕਾਬਲ ਕੰਧਾਰ ਉਤੇ ਗਾਨਾ ਬੰਨ ਸ਼ਹੀਦੀ ਦਾ ਸਜ ਤੁਰਿਆ।
ਗੁਰੂ ਹਿੰਦ ਨਮਾਣੀ ਤੇ ਤਰਸ ਖਾ ਕੇ ਲਹੂ ਡੋਲ੍ਹਦਾ ਤੇ ਪੜਦੇ ਕਜ ਤੁਰਿਆ।
ਦੇਖ ਤਖਤ ਲਾਹੌਰ ਦਾ ਪਿਆ ਖਾਲੀ ਰਾਜ ਹੜਨ ਦੇ ਵਾਸਤੇ ਅਜ ਤੁਰਿਆ।
ਬੰਦਾ ਸੂਰਮਾ ਗੁਰੂ ਦੀ ਤੇਗ ਫੜਕੇ ਲਹੂ ਪੀ ਬਜੀਦੇ ਦਾ ਰਜ ਤੁਰਿਆ।
ਝੋਲੀ ਚੁਕਾਂ ਦੀ ਅਲਖ ਮਕਾਉਂਣੇ ਨੂੰ ਬਬਰ ਪਾਉਂਦਾ ਖੇਤ ਗੜਗਜ ਤੁਰਿਆ।
ਵਾਰਾਂ ਗਾਉਂਣ ਵਿਚ ਦੇਸ ਦੇ ਲਾਭ ਸਿੰਘਾ ਸਿਧਾ ਬਬਰ ਹੀ ਸੂਰਮਾ ਵਜ ਤੁਰਿਆ।

**ਨੋਟ :—** ਜਦੋਂ ਪੂਰਨ ਦੀਆਂ ਉਂਗਲਾਂ ਤੇ ਬੰਤਾ ਸਿੰਘ ਨੇ ਛਵੀ ਮਾਰੀ ਤਾਂ ਚੀਰ ਪੈ ਗਏ, ਪਰ ਵੱਢ ਨਾਂ ਹੋਈਆਂ। ਹੱਥ ਪਾਉਂਣ ਜੋਗਾ ਨਾਂ ਰਿਹਾ। ਅੱਗੇ ਬੰਤਾ ਸਿੰਘ ਦੇ ਪਿੰਡ ਧਾਮੀਆਂ ਦਾ ਬਸੀਮਾਂ ਆ ਗਿਆ। ਉਥੇ ਓਹਦਾ ਦੋਸਤ ਤੇ ਭਰਾਓ ਪੱਠੇ ਲੈਂਦੇ ਹਵਾਲ ਵੇਖਦੇ ਸਨ। ਉਹਨਾਂ ਬੰਤਾ ਸਿੰਘ ਨੂੰ ਆਖਿਆ ਤੂੰ ਕੌਣ ਹੈ। ਤਾਂ ਉਸ ਨੇ ਆਖਿਆ ਮੈਂ ਬੰਤਾ ਸਿੰਘ ਹਾਂ ਵਾਰ ਮੇਰੇ ਹੀ ਮਗਰ ਆਉਂਦੀ ਹੈ। ਉਹਨਾਂ ਆਖਿਆ ਖੜਾ ਹੋ ਜਾ ਵੱਢ ਕੇ ਕੋੜੀਆਂ ਲਾ ਦਿਆਂਗੇ। ਚਾਂਗਰਾਂ ਮਾਰੀਆਂ ਤਾਂ ਖੇਤਾਂ ਵਿਚੋਂ ਆਏ ਉਏ ਆਏ ਹੋਈ। ਵਾਰ ਪਿਛੇ ਨੂੰ ਭੱਜ ਪਈ, ਤਾਂ ਇਹਨਾਂ ਦੇ ਹੱਥ ਪੂਰਨ ਆ ਗਿਆ।

## (ਬੈਂਤ)

ਪੂਰਨ ਝਾੜਦਾ ਹੱਥਾਂ ਦੇ ਖੂਨ ਤਾਈਂ ਮੁੜਾ ਚਲਿਆ ਪੈਰ ਉਠਾ ਲੋਕੋ।
ਅਗੇ ਹਦ ਆ ਗਈ ਪਿੰਡ ਆਪਣੇ ਦੀ ਜਿਹੜਾ ਖਾਸ਼ ਜਵਾਨ ਦਾ ਥਾਂ ਲੋਕੋ।
ਦਲੀਪ ਸਿੰਘ ਭੁਝੰਗੀ ਸੀ ਯਾਰ ਇਸਦਾ ਭੋਲਾ ਸਿੰਘ ਸੀ ਸਕਾ ਭਰਾ ਲੋਕੋ।
ਡਿਗਾ ਡਿਗਾ ਹੀ ਵਾਰ ਦੇ ਵਿਚ ਹੋਵੇ ਪਵੇ ਕੋਹਾਂ ਦੇ ਵਿਚ ਕਹਾ ਲੋਕੋ।

ਲੋਕ ਬਹੁਤ ਸਾਰੇ ਉਥੇ ਧਾਮੀਆਂ ਦੇ ਪੱਠੇ ਖੇਤਾਂ ਤੋਂ ਰਹੇ ਪੁਟਾ ਲੋਕੋ ।
ਰੌਲਾ ਵਾਰ ਦਾ ਉਹਨਾਂ ਨੇ ਜਦੋਂ ਸੁਣਿਆ ਸੀਲਗੇ ਦੇਖਦੇ ਨਿਗ੍ਹਾ ਟਿਕਾ ਲੋਕੋ ।
ਦਲੀਪ ਸਿੰਘ ਨੇ ਆਖਿਆ ਕੌਣ ਹੈ ਤੂੰ ਭਜਾ ਇਹਨਾਂ ਦਾ ਕੀ ਗੁਆ ਲੋਕੋ ।
ਬੰਤਾ ਸਿੰਘ ਉਸ ਦੱਸਿਆ ਨਾਮ ਮੇਰਾ ਵਾਰ ਮਗਰ ਮੇਰੇ ਰਹੀ ਆ ਲੋਕੋ ।
ਤੇਰੇ ਮਗਰ ਆਉਂਦੇ ਇਹਨਾਂ ਬੰਦਿਆਂ ਦੇ ਹੁਣ ਦਿਆਂਗੇ ਡਕਰੇ ਲਾ ਲੋਕੋ ।
ਏਨੀ ਆਖ ਕੇ ਮਾਰੀਆਂ ਜੋਰ ਵਾਜਾਂ ਖਬਰ ਪਲ ਦੇ ਵਿਚ ਪੁਚਾ ਲੋਕੋ ।
ਮਾਰੋ ਮਾਰ ਦਾ ਪੈ ਗਿਆ ਸ਼ੋਰ ਅਗੇ ਮਰਦਾਂ ਲਏ ਹਥਿਆਰ ਓਠਾ ਲੋਕੋ ।
ਸ਼ੇਰ ਜਿਸ ਤਰ੍ਹਾਂ ਨਿਕਲੇ ਕੰਦਰਾਂ ਤੋਂ ਪਏ ਵਾਰ ਨੂੰ ਸੂਰਮੇ ਜਾ ਲੋਕੋ ।
ਵਾਰ ਜਿਸ ਤਰ੍ਹਾਂ ਅਗੇ ਨੂੰ ਆਂਵਦੀ ਸੀ ਉਵੇਂ ਪਿਛੇ ਨੂੰ ਦਿਤੀ ਦੁੜਾ ਲੋਕੋ ।
ਕੋਈ ਭਜ ਗਿਆ ਕੋਈ ਲੁਕ ਗਿਆ ਐਨ ਹੋ ਗਿਆ ਖੇਤ ਸੁਫਾ ਲੋਕੋ ।
ਵਾਰ ਜਿਸ ਤਰ੍ਹਾਂ ਮਗਰ ਨੂੰ ਭਜ ਗਈ ਪੂਰਨ ਫੜ ਲਿਆ ਇਹਨਾਂ ਨੇ ਆ ਲੋਕੋ ।
ਪਹਿਲੇ ਮਾਰ ਕੇ ਜੁਤੀਆਂ ਚੰਦਰੇ ਦੇ ਸਿਰ ਦੀ ਖੋਪਰੀ ਦਿਤੀ ਬੁਲਾ ਲੋਕੋ ।
ਫੇਰ ਫੜ ਕੇ ਸੀਸ ਦੇ ਜੁੰਡਿਆਂ ਤੋਂ ਮੁਸ਼ਕਾਂ ਘੁਟ ਕੇ ਲੈਣ ਬਨ੍ਹਾ ਲੋਕੋ ।
ਪੁਠਾ ਬੰਨ ਕੇ ਟਾਲੀ ਦੇ ਨਾਲ ਉਹਨੂੰ ਖੱਲ ਉਪਰੋਂ ਦਿਤੀ ਓਡਾ ਲੋਕੋ ।
ਜਦੋਂ ਮਾਰੀ ਦਾ ਹੋ ਬੇਹੋਸ਼ ਜਾਵੇ ਪਾਣੀ ਫੇਰ ਲੈਂਦੇ ਮੁਖ ਪਾ ਲੋਕੋ ।
ਖਬਰ ਭੇਜ ਦਿਤੀ ਪੂਰਨ ਦੇ ਘਰਦਿਆਂ ਨੂੰ ਆ ਕੇ ਲਓ ਮੁਰੱਬੇ ਲਿਖਾ ਲੋਕੋ ।
ਜੀਨ ਮੈਰਾਲ ਪਾ ਕੇ ਚੜ੍ਹੇ ਘੋੜੀਆਂ ਤੇ ਘੜੀ ਗੁਟ ਦੇ ਨਾਲ ਬਨ੍ਹਾ ਲੋਕੋ ।
ਨੱਨੀ ਮੁਰਦਿਆ ਦੀ ਇਥੇ ਸ਼ਾਂਤਮਤੀ ਦੋ ਸੌ ਦਿਤਾ ਨਨਕਾਣੇ ਮਰਵਾ ਲੋਕੋ ।
ਮੰਗ ਖਾਣਾ ਮਹੰਤ ਨਾ ਰੋਕ ਹੋਇਆ ਮੋਤੇ ਦੋ ਸੌ ਦੇ ਦਿਤੇ ਪਾ ਲੋਕੋ ।
ਸ਼ਾਂਤਮਤੀ ਦਾ ਪੇਰ ਨੂੰ ਕੋੜ ਲਾ ਕੇ ਦਿਤੇ ਸੂਰਮੇ ਗੀਦੀ ਬਣਾ ਲੋਕੋ ।
ਇਥੇ ਬਬਰ ਜਵਾਨਾਂ ਦਾ ਟਾਕਰਾ ਸੀ ਜਿਹੜੇ ਕੱਚਿਆਂ ਨੂੰ ਜਾਣ ਖਾ ਲੋਕੋ ।
ਮਾਰ ਅੱਤੀਆਂ ਪੂਰਨ ਦੇ ਹੱਡ ਜਿਹੜੇ ਭਨ ੨ ਦਿਤੇ ਅੰਦਰ ਪਾ ਲੋਕੋ ।
ਕਰ ਅਧ ਮੋਇਆ ਉਥੇ ਸੁਟ ਗਏ ਲੈ ਗਏ ਘਰ ਦੇ ਉਹਨੂੰ ਉਠਾ ਲੋਕੋ ।
ਲਾਭ ਸਿੰਘ ਉਨ੍ਹਾਂ ਪੂਰਨ ਮਾਰਿਆ ਨਾਂ ਯਾਦ ਕਰੇਗਾ ਹਿੰਗ ਹਗਾ ਲੋਕੋ ।

## ਵਾਕ ਕਵੀ (ਬੈਂਤ)

ਮਾਰ ਮਾਰ ਕੇ ਪੂਰਨ ਦੀ ਖੱਲ ਲਾਹੀ ਜਿਵੇਂ ਬੱਕਰਾ ਟੰਗ ਕੇ ਲਾਈਏ ਜੀ ।
ਲੱਡਾ ਏਸ ਨੇ ਮਾਰਿਆ ਸੂਰਮੇ ਤੇ ਉਹਦੀ ਏਹੋ ਹੀ ਸਜਾ ਭੁਗਤਾਈਏ ਜੀ ।
ਇਹੋ ਜਿਹੇ ਚੰਡਾਲ ਦੇ ਨਾਲ ਨਾਂ ਜੇ ਪੱਥਰ ਇੱਟ ਦਾ ਇਲਾਜ ਬਣਾਈਏ ਜੀ ।
ਸੱਥ ਛਡੀਏ ਇਹੋ ਜਿਹੇ ਗੰਦਿਆਂ ਦਾ ਨਾਂ ਭੁਲ ਯਕੀਨ ਲਿਆਈਏ ਜੀ ।
ਬੰਤਾ ਸਿੰਘ ਵਰਗੇ ਮੁੰਡੇ ਸੂਰਮੇ ਦਾ ਹੱਥ ਜੋੜ ਕੇ ਜਸ ਨੂੰ ਗਾਈਏ ਜੀ ।
ਰਖਣ ਵਾਲਿਆ ਤੂੰ ਬਅੰਤ ਰੱਖਾ ਤੇਰੀ ਚਰਨੀ ਸੀਸ ਨੁਵਾਈਏ ਜੀ ।
ਮਾਲਕ ਰਡੀ ਪੰਜਾਬ ਦਾ ਮਰ ਗਿਆ ਅਸਾਂ ਰੁਲਦਿਆਂ ਤਾਈਂ ਬਚਾਈਏ ਜੀ ।
ਲੋਕ ਤਖਤ ਤੇ ਬੈਠ ਨਿਆਂ ਕਰਦੇ ਕੂੜਾ ਉਹਨਾਂ ਦਾ ਅਸੀਂ ਉਠਾਈਏ ਜੀ ।
ਅਸੀਂ ਮਾੜੇ ਹਾਂ ਤੇ ਗੰਦੇ ਜਗ ਅੰਦਰ ਤਾਂ ਵੀ ਤੇਰੇ ਹੀ ਅਸੀਂ ਸਦਾਈਏ ਜੀ ।

ਕਿਤੇ ਬਖਸ਼ ਦੇ ਥਾਂ ਨਥਾਵਿਆਂ ਨੂੰ ਧੱਕੇ ਦਰਾਂ ਬ[illegible]ਰਾਂ ਦੇ ਖਾਈਏ ਜੀ।
[illegible]ਰਦੇ ਉਹੋ ਸਪਿਰਟ ਜੋ ਭਰੀ ਅੱਗੇ ਝੰਡਾ ਪੰਥ ਦਾ ਉਚਾ ਝੁਲਾਈਏ ਜੀ।
ਕਿਤੇ ਆ ਕੇ ਥੰਮਾਂ ਤੋਂ ਬੰਡ ਜਾ ਤੂੰ ਦਿਨ ਸੁਖ ਦਾ ਕੋਈ ਲੰਘਾਈਏ ਜੀ।
ਪੂਰਨ ਵਾਂਗ ਗਦਾਰਾਂ ਦੇ ਲਾਭ ਸਿੰਘਾ ਸਿਰ ਰੁਖਾਂ ਦੇ ਨਾਲ ਟੰਗਾਈਏ ਜੀ।

## ਤਥਾ ਬੈਂਤ

ਪੂਰਨ ਸੁਟ ਕੇ ਰਾਹ ਦੇ ਵਿਚ ਮੁਰਦਾ ਗਏ ਕੀਤੇ ਦਾ ਫਲ ਭੁਗਤਾ ਉਹਨੂੰ।
ਬੰਤਾ ਸਿਘ ਨੂੰ ਜੱਫੀਆਂ ਪਾਉਂਣ ਸਾਰੇ ਲੈਣ ਨਾਲ ਕਲੇਜੇ ਦੇ ਲਾ ਉਹਨੂੰ।
ਦੇਣ ਥਾਪੀਆਂ ਬੁਢੇ ਬਜ਼ੁਰਗ ਆ ਆ ਹਾਲ ਰਾਹ ਦਾ ਪੁਛ ਪੁਛਾ ਉਹਨੂੰ।
ਖੁਸ਼ੀਆਂ ਕੀਤੀਆਂ ਫੇਰ ਬੇਅੰਤ ਲੋਕਾਂ ਮੁੰਡਾ ਪਿੰਡ ਦੇ ਵਿਚ ਲਿਜਾ ਉਹਨੂੰ।
ਕਰਮ ਸਿਘ ਜਥੇਦਾਰ ਬਬਰਾਂ ਦਾ ਕਮ ਕਰਕੇ ਦੇਵਣ ਦਿਖਾ ਉਹਨੂੰ।
ਮਥਾ ਟੇਕੀਏ ਕਰ ਪਰਕਰਮਿਆਂ ਨੂੰ ਕਿਸੇ ਕੁਰਸੀ ਦੇ ਉਤੇ ਬਠਾ ਉਹਨੂੰ।
ਦਰਸ਼ਨ ਕੀਜੀਏ ਇਹੋ ਜਿਹੇ ਸੂਰਮੇ ਦਾ ਮੱਥਾ ਟੇਕੀਏ ਸੀਸ ਨੁਵਾ ਉਹਨੂੰ।
ਸੇਹਰਾ ਗੁੰਦ ਕੇ ਫਤਹਿ ਦਾ ਲਾਭ ਸਿੰਘਾ ਸੋਹਣੇ ਮੱਥੇ ਤੇ ਦੇਵਾਂ ਲਟਕਾ ਉਹਨੂੰ।

**ਨੋਟ :—** **ਇਹ ਪ੍ਰਸੰਗ ੬ ਜੂਨ ੧੯੨੩ ਦਾ ਹੈ। ਅੱਗੇ ਪ੍ਰਸੰਸ ਇਕ ਮਨੁਖ ਦਾ ਜੋ ਮੁਸਲੇ** ਤੋਂ ਸਿਖ ਬਣਿਆ ਹੋਇਆ ਸੀ। **ਇਸ ਦਾ ਨਾਮ ਕਰਤਾਰ ਸਿੰਘ ਸੀ। ਇਸ ਨੇ ਬਾਬੂ ਸੰਤਾ ਸਿੰਘ ਨੂੰ ਤਪੇ ਦੇ ਸਟੇਸ਼ਨ ਤੇ ਫੜਿਆ ਸੀ।**

## ਵਾਕ ਕਵੀ [ਬੈਂਤ]

ਕਦੇ ਬੀਜ ਨਾ ਪਲਟਦਾ ਖਾਲਸਾ ਜੀ ਭਾਵੇਂ ਲਖ ਤਦਬੀਰ ਦੂੜਾ ਦੇਖੋ।
ਬੂਟਾ ਅੱਕ ਦਾ ਅੰਬ ਨਾਂ ਕਦੇ ਬਣਦਾ ਮੁੰਡ ਘੋਲ ਕੇ ਮਿਸ਼ਰੀ ਪਾ ਦਖੋ।
ਡੰਗ ਮਾਰਨੋਂ ਸੱਪ ਨਾਂ ਬਾਜ ਆਉਂਦੇ ਕਾੜ੍ਹ ੨ ਕੇ ਦੁਧ ਪਿਲਾ ਦੇਖੋ।
ਪੂਛ ਕੁਤੇ ਦੀ ਸਿਧੀ ਨਾਂ ਹੋਣ ਲਗੀ ਬੰਦ ਨਲਕੀ ਦੇ ਵਿਚ ਕਰਾ ਦੇਖੋ।
ਨਹੀਂ ਗੰਦਗੀ ਖਾਣ ਤੋਂ ਬਾਜ ਆਉਂਦਾ ਕੁੱਤਾ ਰਾਜ ਦੀ ਗੱਦੀ ਬਿਠਾ ਦੇਖੋ।
ਨਹੀਂ ਬੇਰੜੇ ਤਾਈਂ ਗਿਆਨ ਹੁੰਦਾ ਲੱਖਾਂ ਗੀਤਾ ਦੇ ਪਾਠ ਸੁਣਾ ਦੇਖੋ।
ਗਧਾ ਰੂੜੀ ਦੇ ਉਤੇ ਜਰੂਰ ਲੇਟੂ ਉਹਨੂੰ ਚੰਨਣਾਂ ਨਾਲ ਨੁਹਾ ਦੇਖੋ।
ਕਾਫਰ ਹਿੰਦੂ ਨਾਂ ਬਣੇਗਾ ਮਿਤ ਵੀਰ ਖਾਤਰ ਉਸਦੀ ਸੀਸ ਵਢਾ ਦੇਖੋ।
ਨਹੀਂ ਤਰਸ ਕਸਾਈ ਨੂੰ ਕਦੇ ਆਉਂਣਾ ਰੋ ਰੋ ਕੇ ਵਾਸਤੇ ਪਾ ਦੇਖੋ।
ਮੁਸਲਮਾਨ ਤਿਅਸਬੀ ਲੋਕ ਜਿਹੜੇ ਉਹਨਾਂ ਤਾਈਂ ਵੀ ਸੀਸ ਨਵਾ ਦੇਖੋ।
ਕਦਰ ਪਾਉਂਣਾ ਨਾਂ ਸਿੰਘਾਂ ਦਾ ਕਿਸੇ ਨੇ ਵੀ ਢਗਾਂ ਬੱਧੀਆਂ ਭਾਵੇਂ ਛੁਡਾ ਦੇਖੋ।
ਬਨਣਾ ਕੋਈ ਨਾਂ ਸਿੰਘਾਂ ਦਾ ਲਾਭ ਸਿੰਘਾ ਵਿਚ ਪਾ ਕੇ ਸਾਹ ਦੇ ਸਾਹ ਦੇਖ।

## ਤਥਾ ਬੈਂਤ

ਮੁਸਲਮਾਨ ਇਹ ਚੰਦਰਾ ਮਾਲਵੇ ਦਾ ਦੇਖੋ ਸਿੰਘਾਂ ਦਾ ਭੇਸ ਬਣਾ ਬੈਠਾ।
ਗਿਦੜ ਦਿਲ ਦਾ ਬਹੁਤ ਕਮਜ਼ੋਰ ਸੀ ਇਹ ਟੰਗ ਸ਼ੇਰਾਂ ਦੇ ਵਿਚ ਅੜਾ ਬੈਠਾ।
ਚਿੱਟਾ ਬਗਲਾ ਸੋਹਣਾ ਹੰਸ ਬਣਿਆ ਦੇਖ ਡੱਡਾਂ ਨੂੰ ਚਿਤ ਲਲਚਾ ਬੈਠਾ।
ਬਬਰ ਕਈ ਵਾਰੀ ਇਸਦੇ ਕੋਲ ਜਾਂਦੇ ਜਾਲ ਵਾਂਗ ਸ਼ਿਕਾਰੀ ਵਿਛਾ ਬੈਠਾ।

ਪੁਲਸ ਜਰਾ ਕੁ ਇਸ ਨੂੰ ਘੂਰਿਆ ਸੀ ਡਕੋ ਡਕੇ ਦਾ ਭੇਤ ਜਤਾ ਬੈਠਾ।
ਠਾਣੇਦਾਰ ਨੂੰ ਜਾਣਦਾ ਕਾਨ ਸਿੰਘ ਵੀ ਮੇਲ ਉਸ ਦੇ ਨਾਲ ਮਿਲਾ ਬੈਠਾ।
ਇਸਨੂੰ ਪਤਾ ਸੀ ਬਬਰਾਂ ਸਾਰਿਆਂ ਦਾ ਠਾਣੇਦਾਰ ਦੇ ਕੋਲ ਲਿਖਾ ਬੈਠਾ।
ਇਧਰ ਬਾਬੂ ਨੇ ਜਾਣਾ ਸੀ ਮਾਲਵੇ ਨੂੰ ਇਹੋ ਪੁਲਸ ਤਿਆਰ ਕਰਾ ਬੈਠਾ।
ਗੱਡੀ ਚੜ੍ਹੇ ਤੇ ਮੈਂ ਪਤਾ ਦੇਦਿਆਂਗਾ ਸਾਰਾ ਪੁਲਸ ਨੂੰ ਭੇਤ ਸਮਝਾ ਬੈਠਾ।
ਜਿਹੜੀ ਤੁਖਮ ਤਸੀਰ ਦਾ ਸੀ ਮੁਸਲਾ ਅਜ ਸੋਹਣੀ ਉਹ ਘਢਾ ਬੈਠਾ।
ਕਦੇ ਤਰਸ ਨਾਂ ਆਂਵਦਾ ਬੂਚੜਾਂ ਨੂੰ ਲਹੂ ਬਬਰ ਸ਼ਹੀਦਾਂ ਦੇ ਨਹਾ ਬੈਠਾ।
ਕਰਦੇ ਆਏ ਜੋ ਇਹਨਾਂ ਦੇ ਬਾਪ ਦਾਦਾ ਇਹ ਸਭ ਤੋਂ ਪਰੇ ਟਪਾ ਬੈਠਾ।
ਮੁਸਲਮਾਨਾਂ ਦੀ ਕੌਮ ਨੂੰ ਦਾਗ ਲਾ ਕੇ ਪਾ ਜਣਦਿਆਂ ਸਿਰ ਸੁਆਹ ਬੈਠਾ।
ਕਿਸੇ ਬੀਜ ਕਸਾਈ ਦਾ ਲਾਭ ਸਿੰਘਾ ਖੱਪੇ ਬੂਚੜਾਂ ਦੇ ਵਾਂਗ ਲਾਹ ਬੈਠਾ।

## ਤਥਾ ਬੈਂਤ

ਗੌਰ ਮਿੰਟ ਦੀ ਹੋਰ ਨਾਂ ਵਾਹ ਚੱਲੀ ਦਿਤਾ ਚੌਕੀਆਂ ਤਾਈਂ ਬਠਾ ਭਾਈ।
ਪਿੰਡ ਲੁਟ ਗਰੀਬਾਂ ਦੇ ਲਏ ਬਹੁਤੇ ਖਰਚ ਚੌਕੀਆਂ ਤੇ ਦਿਤਾ ਲਾ ਭਾਈ।
ਮਾਰ ਕੁਟ ਗਰੀਬਾਂ ਨੂੰ ਬਹੁਤ ਕੀਤੀ ਫਸਲਾਂ ਘੋੜਿਆਂ ਤਾਈਂ ਚਰਾ ਭਾਈ।
ਧਰਕੇ ਲੋਕਾਂ ਦੇ ਵੱਢ ਕਮਾਦ ਲੈਣੇ ਤੇ ਕਮੀਣਾਂ ਤੋਂ ਘਾਓ ਖੁਤਾ ਭਾਈ।
ਜੋਰੀ ਪੀਵਣਾ ਦੁਧ ਦਦੂਨਿਆਂ ਚੋਂ ਰੋਅਬ ਤੀਵੀਆਂ ਦੇ ਉਤੇ ਪਾ ਭਾਈ।
ਬੂਟ ਸੂਟ ਪਾ ਸਿਰਾਂ ਤੇ ਧਰ ਕੁੱਲਾ ਫਿਰਨ ਗਲੀਆਂ 'ਚ ਮੁਛਾਂ ਚੜ੍ਹਾ ਭਾਈ।
ਜਿਹਨੂੰ ਜੀਓ ਕਰਦਾ ਉਹਨੂੰ ਲੁਟ ਲੈਣਾ ਸੁਣਦਾ ਕੌਣ ਗਰੀਬਾਂ ਦੀ ਹਾ ਭਾਈ।
ਨਾਂ ਕੰਮ ਨਾਂ ਕਾਰ ਨਾਂ ਗੱਲ ਕੋਈ ਲੈਣੇ ਪਿੰਡਾਂ ਦੇ ਪਿੰਡ ਵਿਛਾ ਭਾਈ।
ਮਝ ਮਿਲੇ ਨਾਂ ਕੱਟੇ ਦੇ ਪਏ ਸੋਟਾ ਹਾਲ ਰਹੀ ਇਹ ਪੁਲਸ ਬਣਾ ਭਾਈ।
ਠਾਣੇਦਾਰ ਤੇ ਨਾਲੇ ਕਪਤਾਨ ਵੱਡੇ ਖੁਸ਼ੀ ਲੋਕਾਂ ਨੂੰ ਹੋਣ ਕੁਟਾ ਭਾਈ।
ਦੋ ਚੌਕੀਆਂ ਇਹ ਬਣਾਉਂਦੀਆਂ ਕੀ ਮਾਰ ਛੱਡੇ ਗਰੀਬ ਦਖਾ ਭਾਈ।
ਕਰਕੇ ਮੇਲ ਬਦਮਾਸ਼ਾਂ ਦੇ ਨਾਲ ਸੋਹਣਾ ਦੇਣੇ ਰਾਤ ਨੂੰ ਪਾੜ ਮਰਵਾ ਭਾਈ।
ਕੋਈ ਮਾਰ ਕੇ ਛਾਤੀ ਤੇ ਹੱਥ ਦਸੇ ਫੜਿਆ ਕਿਹੜਾ ਸੂਰਮਾ ਜਾ ਭਾਈ।
ਜੇ ਕਰ ਮੁਕਾਬਲਾ ਜੁੜ ਜਾਵੇ ਦਿੰਦੇ ਹੋਰਨਾਂ ਨੂੰ ਮੂਹਰੇ ਡਾਹ ਭਾਈ।
ਮਰੇ ਚੋਰ ਜਾਂ ਮਾਰਿਆ ਸਪ ਜਾਵੇ ਲੈਣਾ ਆਪਣਾ ਆਪ ਬਚਾ ਭਾਈ।
ਪੁਛਣ ਵਾਲਾ ਨਾ ਅਫਸਰ ਹੋਰ ਕੋਈ ਹੇਮੂ ਬਾਣੀਏ ਵਾਂਗ ਚਲ਼ਾ ਭਾਈ।
ਲੁਟ ਦੇਸ਼ ਦੁਆਬੇ ਨੂੰ ਲਾਭ ਸਿੰਘਾ ਦਿਤੀ ਪੁਲਸ ਨੇ ਧੂੜ ਓਡਾ ਭਾਈ।

**ਨੋਟ :...** ਬਬਰ ਤਾਰੀਖ ਦੇ ਕਰਤਾ ਭਾਈ ਗੁਰਬਚਨ ਸਿੰਘ ਸਾਦੜਾ ਲਿਖਦੇ ਹੈ ਕਿ ੨੯ ਅਗੱਸਤ ਗੌਰਮਿੰਟ ਦੀ ਮਨਜੂਰੀ ਨਾਲ ਤਜੀਰੀ ਚੌਕੀਆਂ ਬੈਠੀਆਂ। ਜਿਨ੍ਹਾਂ ਵਿਚੋਂ ਤਿੰਨ ਬਾਹਰ ਤੇ ਛੱਬੀ ਦੁਆਬੇ ਵਿਚ। ਇਹਨਾਂ ਦੇ ਜੁਲਮ ਦੀ ਪੜਤਾਲ ਕਰਨ ਵਾਸਤੇ ਕਮੇਟੀ ਆਈ। ਉਹ ਵੀ ਗਿਰਫਤਾਰ ਕਰ ਲਈ। ਅੱਗ ਪ੍ਰਸੰਗ ਬਿਸ਼ਨ ਸਿੰਘ ਸਾਂਦੜੇ ਦਾ।

(ਬੈਂਤ)

ਬਿਸ਼ਨ ਸਿੰਘ ਝੋਲੀ ਚੁਕ ਸਾਂਦੜੇ ਦਾ ਬਬਰ ਇਹਦੇ ਸੁਧਾਰ ਨੂੰ ਆਉਂਦੇ ਸੀ।
ਧੰਤਾ ਸਿੰਘ, ਦਲੀਪ ਸਿੰਘ ਧਾਮੀਆਂ ਦਾ ਧੂਗਾ ਨਾਲ ਵਰਿਆਮ ਸਿੰਘ ਪਾਉਂਦੇ ਸੀ।

ਜਿਸ ਵਿਚ ਹਵੇਲੀ ਦੇ ਪਿਆ ਲੰਮਾ ਹੋਰ ਦਸ ਬਾਰਾਂ ਮੰਜੇ ਡਾਉਂਦੇ ਸੀ।
ਬੜੀ ਭਾਰੀ ਫਲਾਹ ਸੀ ਵਿਚ ਉਹਦੇ ਪਸ਼ੂ ਜਿਸਦੇ ਨਾਲ ਬਨ੍ਹਾਉਂਦੇ ਸੀ।
ਬਬਰ ਇਸਦੇ ਮੰਜੇ ਨੂੰ ਟੋਲਦੇ ਸਨ ਦੇਖ ਦੇਖ ਕੇ ਮੰਜੇ ਛਡਾਉਂਦੇ ਸੀ।
ਬਬਰ ਮੰਜੇ ਦੇਖੇ ਅਤੇ ਨਾਂ ਲਭੇ ਫੇਰ ਦੂਜਿਆਂ ਤਾਈਂ ਜਗਾਉਂਦੇ ਸੀ।
ਓਧਰ ਜਾਗ ਆ ਗਈ ਇਸ ਚੰਦਰੇ ਨੂੰ ਪਸ਼ੂ ਡਰ ਕੇ ਰਸੇ ਤੜਾਉਂਦੇ ਸੀ।
ਮੰਜਾ ਛਡ ਕੇ ਇਹ ਤਾਂ ਨੱਸ ਪਿਆ ਡੰਗਰ ਘੋਲ ਮਥੋਲਾ ਕਰਾਉਂਦੇ ਸੀ।
ਵਿਚ ਖੁਰਲੀ ਦੇ ਜਾ ਕੇ ਪਿਆ ਲੰਮਾ ਬਬਰ ਖੁੱਡਾਂ ਵਿਚ ਗੋਡੇ ਭਨਾਉਂਦੇ ਸੀ।
ਪਤਾ ਲਗੇ ਨਾਂ ਹਨੇਰ ਗੁਬਾਰ ਅੰਦਰ ਅੰਨੇ ਵਾਹ ਗੰਡਾਸੀਆਂ ਵਾਉਂਦੇ ਸੀ।
ਪਤਾ ਲਗਾ ਨਾ ਰਹਿ ਗਿਆ ਵਿਚ ਖੁਰਲੀ ਬਬਰ ਸੂਰਮੇ ਚਾ ਪਛਤਾਉਂਦੇ ਸੀ।
ਡਾਲ੍ਹੇ ਹੇਠ ਫਲਾਹ ਦੇ ਸੀ ਨੀਵੇਂ ਜੋ ਗੰਡਾਸੀਆਂ ਤਾਈਂ ਬਚਾਉਂਦੇ ਸੀ।
ਖੁਰਲੀ ਵਿਚ ਨਾਂ ਇਸਦਾ ਪਤਾ ਲਗਾ ਐਵੇਂ ਬਬਰ ਕਰਪਾਨ ਖੜਕਾਉਂਦੇ ਸੀ।
ਬਿਨਾਂ ਪਤੇ ਤੇ ਮਾਰੀਆਂ ਕਈ ਤੇਗਾਂ ਵੱਢ ਹੋਈ ਨਾਂ ਧੌਣ ਬਤਾਉਂਦੇ ਸੀ।
ਇਹਦੀ ਵਿਚ ਛਾਤੀ ਲਗੇ ਜ਼ਖਮ ਥੋੜੇ ਡਾਕਟਰ ਨੂੰ ਸੱਦ ਸਮਝਾਉਂਦੇ ਸੀ।
ਭਾਣੇ ਬਬਰਾਂ ਦੇ ਭਜ ਗਿਆ ਲਾਭ ਸਿੰਘਾ ਜਾਂਦੇ ਆਪਣੇ ਹੌਸਲੇ ਢਾਉਂਦੇ ਸੀ।

## ਅਗੇ ਪ੍ਰਸੰਗ ਜਵਾਲਾ ਸਿੰਘ ਕੋਟਲੀ ਵਾਲੇ ਦਾ

(ਬੈਂਤ)

ਜਵਾਲਾ ਸਿੰਘ ਗਦਾਰ ਇਹ ਕੋਟਲੀ ਦਾ ਬੇਈਮਾਨ ਦਾ ਪੁਤ ਸ਼ੈਤਾਨ ਯਾਰੋ।
ਦਿੰਦਾ ਡੈਰੀਆਂ ਵਿਚ ਸਰਕਾਰ ਦੇ ਸੀ ਵੱਡਾ ਕੰਮ ਘਾਤੀ ਬੇਈਮਾਨ ਯਾਰੋ।
ਇਕ ਭੇਜਿਆ ਆਦਮੀ ਬਬਰਾਂ ਨੇ ਇਸਨੂੰ ਆਪਣੇ ਕੋਲ ਬੁਲਾਣ ਯਾਰੋ।
ਬਬਰ ਕਰਕੇ ਇਕ ਸਲਾਹ ਸੂਰੇ ਵਾਂਗ ਸ਼ੇਰ ਦੇ ਕਦਮ ਉਠਾਣ ਯਾਰੋ।
ਬਾਵਾ ਦਾਸ ਦੀ ਕੋਟਲੀ ਜਾ ਪੁਜੇ ਆਪੋ ਵਿਚ ਸਲਾਹ ਮਲਾਣ ਯਾਰੋ।
ਇਹਨੂੰ ਬਾਹਰ ਲੈ ਜਾ ਕੇ ਵਿਚ ਰੋਹੀ ਮਾਰ ਚੌਂਕੜੀ ਲੈਣ ਬਹਾਲ ਯਾਰੋ।
ਖੜੇ ਦੋ ਹੋ ਗਏ ਦੋਹਾਂ ਪਾਸਿਆਂ ਤੇ ਲੱਗੇ ਫੇਰ ਗੰਡਾਸੀਆਂ ਵਾਣ ਯਾਰੋ।
ਪੱਛ ਸੁਟਿਆ ਲਕੜੀ ਵਾਂਗ ਧਰਕੇ ਧਰਤੀ ਹੋ ਗਈ ਲਹੂ ਲੁਹਾਣ ਯਾਰੋ।
ਪੁਰਜਾ ਪੁਰਜਾ ਉਡਾ ਦਿਤਾ ਚੰਦਰੇ ਦਾ ਮਾਰ ਮਾਰ ਕੇ ਤੂੰਬੇ ਉਡਾਣ ਯਾਰੋ।
ਧੌਣ ਵੱਢ ਕੇ ਰਖ ਦਿਤੀ ਚੁਤੜਾਂ ਤੇ ਚਾਦਰ ਪਾ ਦਿਤੀ ਉਤੇ ਤਾਣ ਯਾਰੋ।
ਮੋਛੇ ਪਾ ਦਿਤੇ ਵਾਂਗ ਲੱਕੜੀ ਦੇ ਫਲ ਕੀਤੇ ਦਾ ਸੋਹਣਾ ਭੁਗਤਾਣ ਯਾਰੋ।
ਜਦੋਂ ਵੱਢ ਜਵਾਲੇ ਨੂੰ ਪਾਰ ਕੀਤਾ ਝੋਲੀ ਚੁਕ ਮਰਦੇ ਲਗੇ ਜਾਣ ਯਾਰੋ।
ਮਰਦੇ ਆਪਣੇ ਕੀਤੇ ਨੂੰ ਪਾ ਪਾਪੀ ਜਿਹੜੇ ਦੂਜੇ ਦਾ ਬੁਰਾ ਤਕਾਣ ਯਾਰੋ।
ਕੀਤਾ ਪਾ ਕੇ ਮਰ ਗਿਆ ਲਾਭ ਸਿੰਘਾ ਕੱਢੇ ਖੂਬ ਤਰਸਾ ਪਰਾਣ ਯਾਰੋ।

**ਨੋਟ :—** ਇੰਦਰ ਸਿੰਘ ਦਾ ਪੁਤ ਅਨੰਦ ਸਿੰਘ ਮਾਣਕੋ ਘੁਡਿਆਲ ਦਾ ਆਪਣੇ ਤਾਏ ਬੋਗੀ ਤੇ ਉਸ ਦੇ ਪੁਤਰ ਕੇਵਲ ਸਿੰਘ ਨਾਲ ਸਲਾਹ ਕਰਕੇ ਬਬਰਾਂ ਨਾਲ ਰਲਾ ਦਿਤਾ, ਕਿ ਜਦੋਂ ਤੇਰਾ ਦਾਓ ਲਗੇ ਤਾਂ ਬਬਰਾਂ ਨੂੰ ਧੋਖੇ ਨਾਲ ਮਰਵਾ ਸੁਟੀਏ। ਇਸ ਗਦਾਰ ਨੇ ਆਖਿਆ ਕਿ ਕਲ ਨੂੰ ਅਸੀਂ ਬਵੇਲੀ ਜਾ ਕੇ ਰਾਤ ਉਥੇ ਹੀ ਰਹਿਣਾ ਹੈ। ਤੁਸੀਂ ਪੁਲਸ ਲੈ ਆਵੋ।

# ਉਦੇ ਸਿੰਘ, ਮਹਿੰਦਰ ਸਿੰਘ ਤੇ ਬਿਸ਼ਨ ਸਿੰਘ ਦੀ ਸ਼ਹੀਦੀ

**ਜੱਥੇਦਾਰ ਕਰਮ ਸਿੰਘ (ਬੈਂਤ)**

ਕਠੀ ਹੋ ਕੇ ਦੁਸ਼ਟਾਂ ਦੀ ਚੌਂਕੜੀ ਨੇ ਆਪੋ ਵਿਚ ਦੀ ਕਰੀ ਸਲਾਹ ਵੀਰੋ ।
ਭਾਰੀ ਮਿਲੂ ਇਨਾਮ ਮੁਰੱਬਿਆਂ ਦਾ ਦੇਵੋ ਬਬਰਾਂ ਤਾਈਂ ਮਰਵਾ ਵੀਰੋ ।
ਜਿਹੜੇ ਪਾਪੀ ਕਸਾਈ ਦਾ ਬੀਜ ਹੁੰਦਾ ਸੂਈ ਮਾਰਦੇ ਯਾਰ ਬਣਾ ਵੀਰੋ ।
ਵੱਡਾ ਜੁਲਮ ਕੀਤਾ ਇਹਨਾਂ ਜਾਲਮਾਂ ਨੇ ਘਰ ਸੱਦ ਕੇ ਦਿਤੇ ਮਰਵਾ ਵੀਰੋ ।
ਪਾਪੀ ਕਿਸੇ ਚੰਡਾਲ ਦਾ ਬੀਜ ਸੀ ਇਹ ਛੁਰਾ ਜੁਲਮ ਦਾ ਦਿਤਾ ਚਲਾ ਵੀਰੋ ।
ਕਾਲਾ ਮੂੰਹ ਨੀਲੇ ਪੈਰ ਪਾਪੀਆਂ ਦੇ ਗਲ ਛਿੱਤਰਾਂ ਹਾਰ ਲਟਕਾ ਵੀਰੋ ।
ਜਾ ਕੇ ਸੜਨਗੇ ਚੰਦਰੇ ਨਰਕ ਅੰਦਰ ਕੀੜੇ ਪੈਣਗੇ ਮਾਸ ਨੂੰ ਖਾ ਵੀਰੋ ।
ਕੋਈ ਨਿਤਰੂ ਮਾਈ ਦਾ ਪੁਤ ਆ ਕੇ ਫਲ ਕੀਤੇ ਦਾ ਦੇਉ ਭੁਗਤਾ ਵੀਰੋ ।
ਕੋਹੜੀ ਹੋ ਕੇ ਮਰਨਗੇ ਜਗ ਅੰਦਰ ਪਾ ਜਣਦਿਆਂ ਸਿਰ ਸਵਾਹ ਵੀਰੋ ।
ਪਾਪੀ ਆਣ ਅਨੂੰਪੇ ਨੇ ਆਖਿਆ ਏ ਲਏ ਆਪਣੇ ਜਾਲ ਫਸਾ ਵੀਰੋ ।
ਲੈ ਗਿਆ ਬੁਵੇਲੀ ਨੂੰ ਲਾਭ ਸਿੰਘਾ ਜਿਵੇਂ ਲਗਦੀ ਲਾ ਕੇ ਵਾਹ ਵੀਰੋ ।

**ਨੋਟ :—** ਬਬਰਾਂ ਨੂੰ ਬੁਵੇਲੀ ਲਿਜਾ ਕੇ ਫੌਰਨ ਪੁਲਸ ਨੂੰ ਖਬਰ ਦਿਤੀ ਗਈ । ਪੁਲਸ ਤੇ ਰਸਾਲਾ ਆ ਕੇ ਰਾਤੋ ਰਾਤ ਘੇਰਾ ਪਾ ਲਿਆ ।

## (ਬੈਂਤ)

ਪਾਪੀ ਕਿਹਾ ਅਨੂਪੇ ਨੇ ਬਬਰਾਂ ਨੂੰ ਮੰਜੇ ਡਾਹ ਕੇ ਇਕ ਮਕਾਨ ਅੰਦਰ ।
ਜਿਹੜੀ ਰੋਟੀ ਬਨਾਉਣ ਦੀ ਕੋਠੜੀ ਸੀ ਧਰਿਆ ਉਸਦੇ ਸਭ ਸੁਮਾਨ ਅੰਦਰ ।
ਰੋਟੀ ਖਾ ਕੇ ਬਬਰ ਜਾਂ ਪਏ ਲੰਮੇ ਲਗਾ ਉਹਨਾਂ ਨੂੰ ਇਹ ਸੁਨਾਣ ਅੰਦਰ ।
ਮੇਰੀ ਭੂਆ ਦਾ ਪੁਤ ਏ ਮੇਰੇ ਵਰਗਾ ਫਰਕ ਕਰੂ ਨਾਂ ਸੇਵਾ ਕਮਾਣ ਅੰਦਰ ।
ਮੰਜੇ ਡਾਹ ਕੇ ਬਿਸਤਰੇ ਖੂਬ ਕੀਤੇ ਉਤੇ ਸੁਤੇ ਜਾ ਬਬਰ ਜਵਾਨ ਅੰਦਰ ।
ਆਪ ਜਾ ਰਸੋਈ ਦੀ ਕੋਠੜੀ 'ਚ ਲਗਾ ਜੁਲਮ ਤੇ ਜੁਲਮ ਕਮਾਣ ਅੰਦਰ ।
ਕੁੰਡੇ ਫੜ ਬੰਦੂਕਾਂ ਦੇ ਤੋੜ ਸੁਟੇ ਰੋੜੇ ਨਾਲੀਆਂ ਵਿਚ ਭਰਾਣ ਅੰਦਰ ।
ਰੌਂਦ ਪਾ ਕੜਾਹੀ ਦੇ ਵਿਚ ਸਾਰੇ ਹੇਠ ਜੋਰ ਦੀ ਅਗ ਜਲਾਣ ਅੰਦਰ ।
ਡੱਲੇ ਖੋਲ ਕੇ ਤੇ ਬੰਬਾਂ ਸਾਰਿਆਂ ਦੇ ਤੇਲ ਉਹਨਾਂ ਦੇ ਵਿਚ ਭਰਾਨ ਅੰਦਰ ।
ਫੇਰ ਆਪ ਕੀਤੀ ਉਥੋਂ ਖਿਸਕਣੇ ਦੀ ਰੱਦੀ ਕਰਕੇ ਸਭ ਸਮਾਨ ਅੰਦਰ ।
ਜੰਦੇ ਲਾ ਰਸੋਈ ਦੀ ਕੋਠੜੀ ਨੂੰ ਕੁੰਡੇ ਪੱਕੇ ਤੋਂ ਪੱਕੇ ਅੜਾਨ ਅੰਦਰ ।
ਖਾਲੀ ਹੱਥ ਬਣਾ ਕੇ ਬਬਰਾਂ ਨੂੰ ਲਗੇ ਵੈਰੀਆਂ ਹੱਥ ਫੜਾਣ ਅੰਦਰ ।
ਉਥੋਂ ਖਿਸਕ ਕੇ ਪੁਲਸ ਨੂੰ ਜਾ ਮਿਲਿਆ ਲਗਾ ਜਾ ਕੇ ਪੂਰਾ ਬਤਾਣ ਅੰਦਰ ।
ਖਾਲੀ ਹੱਥ ਹੁਣ ਮਾਰ ਲਓ ਬਬਰਾਂ ਨੂੰ ਲਗਾ ਪੁਲਸ ਨੂੰ ਜਾ ਸਮਝਾਣ ਅੰਦਰ ।
ਡਰ ਪੁਲਸ ਦਾ ਚੁਕਿਆ ਗਿਆ ਸਾਰਾ ਘੇਰਾ ਪਿੰਡ ਦੇ ਕੋਲ ਲਿਆਣ ਅੰਦਰ ।
ਕੋਈ ਇਲਾਜ ਨਾਂ ਪਾਪੀ ਦਾ ਲਾਭ ਸਿੰਘਾ ਜਿਹੜੇ ਜੁਲਮ ਦੇ ਛੁਰੇ ਚਲਾਣ ਅੰਦਰ ।

**ਨੋਟ :—** ਬਬਰਾਂ ਨੂੰ ਸੁਲਾ ਕੇ ਆਪ ਰਸੋਈ ਵਾਲੀ ਕੋਠੜੀ ਵੜ ਕੇ ਬੰਦੂਕਾਂ ਦੇ ਕੁੰਡੇ ਤੋੜ ਕੇ ਰੌਂਦ ਓਬਾਲ ਬੰਬਾਂ ਵਿਚ ਤੇਲ ਪਾ ਕੇ ਆਪ ਪੁਲੀਸ ਨੂੰ ਸਾਰਾ ਹਵਾਲ ਜਾ ਦਸਿਆ। ਪੁਲੀਸ ਨੇ ਘੇਰਾ ਨੇੜੇ ਲੈ ਆਂਦਾ। ਜਦ ਬਬਰਾਂ ਨੇ ਦੇਖਿਆ ਕਿ ਘੇਰਾ ਪੈ ਗਿਆ ਹੈ ਤਾਂ ਆਪਣਾ ਸਮਾਨ ਰੱਦੀ ਦੇਖ ਕੇ ਕਰਮ ਸਿੰਘ ਨੇ ਆਖਿਆ ਕਿ ਹੁਣ ਲੜਾਈ ਨਹੀਂ ਹੋ ਸਕਦੀ। ਮੈਦਾਨ ਨਿਕਲ ਕੇ ਛਾਤੀ ਵਿਚ ਗੋਲੀ ਖਾ ਕੇ ਸ਼ਹੀਦ ਹੋ ਜਾਵੋ।

## ਸੁਮਿਥ ਸਾਹਬ ਨੇ ਆਖਣਾ ਕਰਮ ਸਿੰਘ ਨੂੰ

(ਬੈਂਤ)

ਸੁਮਿਥ ਗੋਰੇ ਨੇ ਆਖਿਆ ਬਬਰਾਂ ਨੂੰ ਹੱਥੋਂ ਦੇ ਹਥਿਆਰਾਂ ਨੂੰ ਸੁਟ ਬਾਬਾ।
ਖਾਲੀ ਹੱਥ ਆ ਕੇ ਗਿਰਫਤਾਰ ਹੋ ਜਾ ਮੌਜ ਜਾ ਕੇ ਜੇਲ ਦੀ ਲੁਟ ਬਾਬਾ।
ਘੇਰਾ ਪੈ ਗਿਆ ਪੁਲਸ ਦਾ ਦੇਖ ਲੈ ਤੂੰ ਕਿਸੇ ਤਰ੍ਹਾਂ ਨਾਂ ਸਕਦਾ ਛੁਟ ਬਾਬਾ।
ਨਹੀਂ ਮਰਨ ਦੇ ਲਈ ਤਿਆਰ ਹੋ ਜਾ ਡੋਰ ਗਈ ਜੇ ਉਮਰ ਦੀ ਟੁਟ ਬਾਬਾ।
ਅਸੀਂ ਬਬਰ ਨਾਂ ਛੱਡਣਾ ਦੇਸ਼ ਉਤੇ ਜੂੜਾ ਛੱਡਣਾ ਮੁੰਢ ਤੋਂ ਪੁਟ ਬਾਬਾ।
ਮੌਤ ਦੇਖ ਲੈ ਸੀਸ ਤੇ ਖੜੀ ਤੇਰੇ ਦਾਣਾ ਪਾਣੀ ਹੋ ਗਿਆ ਨਿਖੁੱਟ ਬਾਬਾ।
ਸੁਟ ਦੇ ਹਥਿਆਰ ਮੈਂ ਬਖਸ਼ ਦੇਵਾਂ ਜਾਂ ਪੀ ਲੈ ਜ਼ੈਹਰ ਦੇ ਘੁਟ ਬਾਬਾ।
ਧੁਰਵਾ ਜਿਹੜੀ ਸੁਪੀਚ ਦਾ ਬੰਨਿਆਂ ਸੀ ਥੰਮ ਗਿਆ ਵਿਚਕਾਰ ਤੋਂ ਟੁਟ ਬਾਬਾ।
ਦੇਵਾਂ ਸੁਟ ਸਰਕਾਰ ਦੇ ਜੇਲ ਖਾਨੇ ਦੋਵੇਂ ਹੱਥ ਤੇ ਪੈਰਾਂ ਨੂੰ ਜੁਟ ਬਾਬਾ।
ਕੋਈ ਹੱਥ ਵਿਖਾਲ ਦੇ ਬਬਰ ਹੈ ਤੂੰ ਗੱਲਾਂ ਮਾਰਦੇ ਸੀ ਭੁਟ ਭੁਟ ਬਾਬਾ।
ਸੂਰਾ ਬਾਝ ਹਥਿਆਰ ਤੋਂ ਲਾਭ ਸਿੰਘਾ ਰਿਹਾ ਆਪਣੇ ਗੁਸੇ ਨੂੰ ਘੁਟ ਬਾਬਾ।

## ਵਾਕ ਕਵੀ [ਬੈਂਤ]

ਜਾਂਦੀ ਪੇਸ਼ ਨਾਂ ਸ਼ੇਰ ਖਾ ਗਏ ਧੋਖਾ ਪੁਤ ਮੋਏ ਅਨੂੰਪੇ ਖੜੂਚਿਆਂ ਦੇ।
ਹੁੰਦੇ ਅਜ ਹਥਿਆਰ ਜੇ ਕਾਇਮ ਸਾਰੇ ਮੁਰਦੇ ਦੇਖ ਰੁਲਦੇ ਵਿਚ ਕੂਚਿਆਂ ਦੇ।
ਇੱਲਾਂ ਖਾਂਦੀਆਂ ਮਾਸ ਸਵਾਦ ਲਾ ਲਾ ਬੰਬਾਂ ਨਾਲ ਜੋ ਖੇਤ ਵਿਚ ਹੂਕਿਆਂ ਦੇ।
ਘੇਰਾ ਸੋਹਣਾ ਜਿਵੇਂ ਨਜਦੀਕ ਸੀ ਇਹ ਸ਼ੋਹਲੇ ਉਡਦੇ ਅੱਗ ਭਬੂਕਿਆਂ ਦੇ।
ਉਡ ਜਾਂਦੀਆਂ ਤੂੜੀਆਂ ਉਸ ਵੇਲੇ ਪਿੰਜਰ ਜਾਂਵਦੇ ਹੂਕੇ ਮਲੂਕਿਆਂ ਦੇ।
ਉਨੀ ਸੌ ਅਠਾਈ ਵਿਚ ਤੋਪ ਮੂਹਰੇ ਤੂੰਬੇ ਜਿਸ ਤਰ੍ਹਾਂ ਉਡ ਗਏ ਕੂਕਿਆਂ ਦੇ।
ਕਰਦੇ ਜੰਗ ਜਿਓਂ ਕਰਨ ਦਾ ਨਾਮ ਹੁੰਦਾ ਹੁੰਦੇ ਸੋਹਣੇ ਫੈਰ ਬੰਦੂਕਿਆਂ ਦੇ।
ਧੋਖਾ ਨਾਲ ਦੇ ਨੇ ਕੀਤਾ ਲਾਭ ਸਿੰਘਾ ਤੂੰਬੇ ਉਡਦੇ ਸੀਸ ਪਰ ਸੂਕਿਆਂ ਦੇ।

## ਜੁਵਾਬ ਬਬਰ ਦਾ ਸੁਮਿਥ ਸਾਹਿਬ ਨੂੰ

(ਬੈਂਤ)

ਬਬਰ ਆਖਿਆ ਦੂਰ ਹੋ ਅੱਖੀਆਂ ਤੋਂ ਹੁੰਦਾ ਕੌਣ ਤੂੰ ਮੁਆਫ ਕਰਾਉਣ ਵਾਲਾ।
ਕਲ ਝੋਲੀਆਂ ਪਾ ਕੇ ਮਗਦਾ ਸੀ ਅਜ ਆ ਗਿਆ ਹੁਕਮ ਚਲਾਉਣ ਵਾਲਾ।
ਫਟ ਚੁਕ ਗੁਲਾਮੀ ਇਹ ਨੌਕਰੀ ਦੀ ਭੁਖੇ ਪੇਟ ਦਾ ਝੱਟ ਲਗਾਉਣ ਵਾਲਾ।

ਪੁਰਵਾ ਮੈਂ ਤਾਂ ਸੋਚ ਕੇ ਬੰਨਿਆ ਸੀ ਤੇਰੀ ਧੌਣ ਦਾ ਕਿਲਾ ਘਡਾਉਂਣ ਵਾਲਾ।
ਕੋਈ ਰੋਜ ਵਾਲੇ ਬੁਲੇ ਲੁਟ ਲੈ ਤੂੰ ਵੇਲਾ ਆਉਂਦਾ ਸਫਾ ਉਠਾਉਂਣ ਵਾਲਾ।
ਪੁਤ ਮਰ ਗਏ ਬਾਣੀਆ ਪਾਰਟੀ ਦੇ ਖੂਨ ਜਿਹੜਾ ਅਸਾਡੇ ਨਹਾਉਂਣ ਵਾਲਾ।
ਲਹੂ ਪੀ ਕੇ ਪੁਤਾਂ ਬਿਗਾਨਿਆਂ ਦਾ ਜਿਹੜਾ ਆਪਣੇ ਪੇਟ ਵਧਾਉਂਣ ਵਾਲਾ।
ਪੰਥ ਸੂਰਮੇ ਤਾਈਂ ਬਣਾ ਮੁਰਦਾ ਸ਼ਾਂਤਮਈ ਦਾ ਕੋੜ੍ਹ ਲਗਾਉਂਣ ਵਾਲਾ।
ਸੋਹਣੇ ਕੇਸ ਸਿਰ ਦੇ ਮੋਹਰ ਗੁਰੂ ਜੀ ਦੀ ਦੇਦੇ ਬੂਟਾਂ ਦੇ ਹੇਠ ਪਟਾਉਂਣ ਵਾਲਾ।
ਇੱਜ਼ਤ ਜਿਹੜੀ ਪੰਜਾਬ ਵਿਚ ਲੜਕੀਆਂ ਦੀ ਉਹ ਵੀ ਗੁੱਤਾਂ ਤੋਂ ਫੜ ਖਚਾਉਣ ਵਾਲਾ।
ਸ਼ਾਂਤਮਈ ਦੀਆਂ ਹੱਥਾਂ ਨੂੰ ਲਾ ਕੜੀਆਂ ਦੋ ਸੌ ਨਨਕਾਣੇ ਬਦਾਤੇਂਣ ਵਾਲਾ।
ਮਰਨ ਕਿਸੇ ਦੇ ਪੁਤ ਮੈਦਾਨ ਅੰਦਰ ਨੌ ਨੌ ਕੋੜੀਆਂ ਥਾਲ ਧਰਾਉਂਣ ਵਾਲਾ।
ਡੋਰ ਪਕੜ ਕੇ ਦੇਸ਼ ਪੰਜਾਬ ਦੇ ਦੀ ਬੇੜਾ ਸਾਗਰਾਂ ਵਿਚ ਡੁਬਾਉਂਣ ਵਾਲਾ।
ਦੇਸ਼ ਭਗਤ ਜਵਾਨਾਂ ਦੇ ਲਾਭ ਸਿੰਘਾ ਜਿਹੜਾ ਲਾਹਕੇ ਚੰਮ ਸਕਾਉਂਣ ਵਾਲਾ।
ਸ਼ਾਂਤ ਮਈ ਦਾ ਮਲ ਕੇ ਤੇਲ ਸਾਬਣ ਬੈਠ ਹੇਠ ਫੁਹਾਰਿਆਂ ਨਹਾਤੇਂਣ ਵਾਲਾ।
ਜਗਨ ਬਿਜਲੀਆਂ ਡਾਹ ਕੇ ਕੁਰਸੀਆਂ ਨੂੰ ਤੰਬੇ ਲਾ ਰਿਕਾਟ ਸੁਨਾਉਂਣ ਵਾਲਾ।
ਸ਼ਕਲ ਮੋਮਨਾਂ ਤੇ ਕੰਮ ਕਾਫਰਾਂ ਦੇ ਛੁਰੀ ਪੇਟ ਦੇ ਵਿਚ ਚਲਾਉਂਣ ਵਾਲਾ।
ਐਵੇਂ ਦੇਖਣੇ ਨੂੰ ਸੋਹਣਾ, ਲਾਭ ਸਿੰਘਾ ਸਿੰਬਲ ਵਾਂਗ ਨਾਂ ਕੁਝ ਬਨਾਉਂਣ ਵਾਲਾ।

## ਵਾਕ ਕਵੀ (ਬੈਂਤ)

ਕੱਠੇ ਬੈਠ ਕੇ ਝੁੰਡ ਕਲਜੋਗਣਾਂ ਦੇ ਸੂਰੇ ਦੇਸ਼ ਪੰਜਾਬ ਦੇ ਗਾਲ ਸੁਟੇ।
ਸ਼ਾਂਤਮਈ ਦੇ ਫੜ ਮੁਆਤਿਆਂ ਨੂੰ ਘਰ ਸੂਰਮੇ ਪੰਥ ਦੇ ਜਾਲ ਸੁਟੇ।
ਨਿਗ੍ਹਾ ਮਾਰ ਕੇ ਜੇਲ ਦਾ ਹਾਲ ਦੇਖੋ ਜਿਥੇ ਬੰਨ ਕੇ ਲੋਕਾਂ ਦੇ ਬਾਲ ਸੁਟੇ।
ਬਲਦੀ ਅੱਗ ਵਿਚ ਕਾਲਜੇ ਮਾਪਿਆਂ ਦੇ ਪੁਤ ਜਿਨ੍ਹਾਂ ਦੇ ਨੌ ਨਿਹਾਲ ਸੁਟੇ।
ਪੀਣ ਕੋਹਲੂ ਖਰਾਸ ਨੂੰ ਲਾ ਕੇ ਤੇ ਮਾਰ ਮਾਰ ਕੇ ਥੱਪੜਾਂ ਨਾਲ ਸੁਟੇ।
ਸੁਟੇ ਸਾੜ ਵਿਚ ਗੰਦੀਆਂ ਕੋਠੀਆਂ ਦੇ ਛਾਂਟ ਛਾਂਟ ਮੁੰਡੇ ਭਾਲ ਭਾਲ ਸੁਟੇ।
ਨਾਂ ਮੋਏ ਨਾਂ ਜੀਉਂਦੀਆਂ ਵਿਚ ਰਹੇ ਖਾਂਦ ਚੰਦਰੀ ਜੇਲ ਦੀ ਦਾਲ ਸੁਟੇ।
ਮਾਰ ਮਾਰ ਕੇ ਜੁਤੀਆਂ ਲਾਭ ਸਿੰਘਾ ਕੁਟ ਰੋਜ ਦੀ ਰੋਜ ਕੰਗਾਲ ਸੁਟੇ।

## ਜੁਵਾਬ ਬਬਰਾਂ ਦਾ ਚਿੱਟੀ ਚਮੜੀ ਵਾਲੇ ਨੂੰ।

[ਬੈਂਤ]

ਬਬਰ ਸੂਰਮੇ ਮਾਰ ਲਲਕਾਰ ਗੱਜੇ ਬਚਨ ਆਖਿਆ ਇਹ ਉਚਾਰ ਸੋਹਣਾ।
ਤੇਰੇ ਮੂਹਰੇ ਹਥਿਆਰ ਮੈਂ ਸੁਟ ਦੇਵਾਂ ਹੋ ਕੇ ਬਬਰਾਂ ਦਾ ਸਰਦਾਰ ਸੋਹਣਾ।
ਜਾਹ ਦੂਰ ਹੋ ਅੱਖੀਆਂ ਮੇਰੀਆਂ ਤੋਂ ਮਤਾਂ ਦੇਣ ਤੂੰ ਲਗਾ ਗਦਾਰ ਸੋਹਣਾ।
ਹੁੰਦੇ ਅਜ ਹਥਿਆਰ ਜੇ ਕਾਇਮ ਮੇਰੇ ਤੈਨੂੰ ਦੱਸਦਾ ਉਠਾਲ ਗੁਬਾਰ ਸੋਹਣਾ।
ਲੋਥਾਂ ਵਿਚ ਮੈਦਾਨ ਦੇ ਵਿਛਦੀਆਂ ਧੋਖਾ ਦੇ ਗਿਆ ਨਾਲ ਦਾ ਯਾਰ ਸੋਹਣਾ।
ਝੰਡ ਰੋਲਦਾ ਮੈਂ ਤੇਰੇ ਵਰਗਿਆਂ ਦੇ ਲਾਉਂਦਾ ਲੋਥਾਂ ਦਾ ਵੱਢ ਉਵਾਰ ਸੋਹਣਾ।
ਜੇ ਪੁਤ ਗਦਾਰ ਦੇ ਨਾਂ ਮਰਦੇ ਤੈਨੂੰ ਆਉਂਦਾ ਮੈਂ ਲਲਕਾਰ ਸੋਹਣਾ।
ਮੇਰੇ ਹੱਥ ਖਾਲੀ ਤੇਰੇ ਕੋਲ ਸਭ ਕੁਝ ਬਣਕੇ ਆਪਣਾ ਹੀ ਗਿਆ ਮਾਰ ਸੋਹਣਾ।
ਬਬਰ ਸੂਰਮੇ ਗਜ ਕੇ ਉਸ ਵੇਲੇ ਦਿਤਾ ਆਪਣਾ ਲਾਹ ਉਧਾਰ ਸੋਹਣਾ।

ਮਾਰੀ ਗੋਲੀ ਪਸਤੋਲ ਦੀ ਪੁੜਪੜੀ ਨੂੰ ਬਬਰ ਹੋ ਕੇ ਪੱਬਾਂ ਦੇ ਭਾਰ ਸੋਹਣਾ।
ਗੋਲੀ ਕੰਨ ਦੇ ਕੋਲ ਦੀ ਲੰਘ ਗਈ ਨਹੀਂ ਲਾਉਂਦਾ ਹਾਰ ਸਿੰਗਾਰ ਸੋਹਣਾ।
ਜਿਵੇਂ ਮਾਰੀ ਸੀ ਜੇ ਮੱਥੇ ਲਗ ਜਾਂਦੀ ਮਾਰ ਸੁਟਦਾ ਮੂੰਹ ਦੇ ਭਾਰ ਸੋਹਣਾ।
ਹੁਕਮ ਦੇ ਰਸਾਲੇ ਤੇ ਫੌਜ ਤਾਈਂ ਸਭ ਹੋ ਗਿਆ ਪਿਛੇ ਓਡਾਰ ਸੋਹਣਾ।
ਉਥੇ ਲਹੂ ਤੇ ਮਿੰਜ ਦਾ ਲਾਭ ਸਿੰਘਾ ਗਰਮ ਹੋਇਆ ਨਾਂ ਖੂਬ ਬਾਜਾਰ ਸੋਹਣਾ।

## ਚਾਰ ਬਬਰਾਂ ਦੀ ਸ਼ਹੀਦੀ

(ਬੈਂਤ)

ਗੋਲੀ ਬੱਜੀ ਤਾਂ ਪਿਛੇ ਨੂੰ ਭਜ ਗਏ ਘੋੜੇ ਮਗਰ ਰਸਾਲਾ ਦੁੜਾਉਂਦਾ ਈ।
ਅੱਧੇ ਮੀਲ ਦੀ ਵਿਥ ਤੇ ਜਾ ਕੇ ਤੇ ਥਾਂ ਥਾਂ ਤੇ ਪਿਕਟਾਂ ਲਾਉਂਦਾ ਈ।
ਗੁਰਦਵਾਰਾ ਗੁਰ ਸਤਵੇਂ ਪਾਤਸ਼ਾਹ ਦਾ ਬਬਰ ਓਥੇ ਨੂੰ ਪੈਰ ਉਠਾਉਂਦਾ ਈ।
ਨਦੀ ਲੰਘਦੀ ਘੁੰਮਕੇ ਕੋਲ ਉਸਦੇ ਬੇਈਂ ਉਸਦਾ ਨਾਮ ਬਤਾਉਂਦਾ ਈ।
ਚੜ੍ਹੀ ਹੋਈ ਸੀ ਆਪਣੇ ਜੋਰ ਉਹਵੀ ਇਰਾਦਾ ਪਾਰ ਦਾ ਬਬਰ ਰਖਾਉਂਦਾ ਈ।
ਛਾਲਾਂ ਮਾਰੀਆਂ ਬਬਰਾਂ ਵਿਚ ਉਹਦੇ ਗੋਲੀ ਦੂਰ ਤੋਂ ਗੋਰਾ ਮਰਵਾਉਂਦਾ ਈ।
ਗੋਲੀ ਮੀਂਹ ਦੇ ਵਾਂਗਰਾਂ ਪੈਣ ਲਗੀ ਧੂਆਂ ਧਾਰ ਅਕਾਸ਼ ਹੋ ਜਾਉਂਦਾ ਈ।
ਦੋ ਦੋ ਮੀਲ ਤਕ ਰਫਲਾਂ ਜਾਂਦੀਆਂ ਨੇ ਖਾਲੀ ਹੱਥ ਕੀ ਬਬਰ ਬਣਾਉਂਦਾ ਈ।
ਉਦੇ ਸਿੰਘ ਦੇ ਨਾਲ ਮਹਿੰਦਰ ਸਿੰਘ ਜੀ ਨਦੀ ਵਿਚ ਸ਼ਹੀਦ ਹੋ ਜਾਉਂਦਾ ਈ।
ਕਰਮ ਸਿੰਘ ਵੀ ਹੋ ਗਿਆ ਸਖਤ ਫੱਟੜ ਪਾਰ ਜਾ ਕੇ ਜਖਮ ਬਨ੍ਹਾਉਂਦਾ ਈ।
ਬਿਸ਼ਨ ਸਿੰਘ ਦੇ ਕਾਲਜੇ ਸਟ ਬੱਜੀ ਸਾਸ ਦਸਮੇ ਦਵਾਰ ਚੜ੍ਹਾਉਂਦਾ ਈ।
ਓਧਰ ਪੁਲਸ ਨੇ ਸਮਝਿਆ ਗਏ ਮਾਰੇ ਇਕ ਦੂਸਰੇ ਦੇ ਮੂਹਰੇ ਧਾਉਂਦਾ ਈ।
ਨੇੜੇ ਜਾ ਕੇ ਜਦੋਂ ਘਰੂਟ ਬਜਾ ਬਬਰ ਧੂ ਕੇ ਬੰਬ ਸਟਾਉਂਦਾ ਈ।
ਜੇ ਕਰ ਤੇਲ ਨਾਂ ਉਸਦੇ ਵਿਚ ਹੁੰਦਾ ਸਣੇ ਸਾਹਬ ਦੇ ਧੂੜ ਉਡਾਉਂਦਾ ਈ।
ਸਣੇ ਪੁਲਸ ਰਸਾਲੜੇ ਭੱਜ ਗਏ ਜੋ ਕੋਈ ਆਪਣੀ ਜਾਨ ਬਚਾਉਂਦਾ ਈ।
ਫੇਰ ਦੂਰ ਲਿਜਾ ਕੇ ਸਾਰਿਆਂ ਨੂੰ ਗੋਲੀ ਮੀਂਹ ਦੇ ਵਾਂਗ ਵਰਾਉਂਦਾ ਈ।
ਖਾਤਰ ਆਪਣੀ ਆਂਨ ਤੇ ਸ਼ਾਂਨ ਬਦਲੇ ਬਬਰ ਖੇਤ ਸ਼ਹੀਦੀਆਂ ਪਾਉਂਦਾ ਈ।
ਵਿਚ ਦੇਸ਼ ਪੰਜਾਬ ਦੇ ਲਾਭ ਸਿੰਘਾ ਬੂਟੇ ਆਪਣੇ ਖੂਨ ਦੇ ਲਾਉਂਦਾ ਈ।

**ਨੋਟ :—** ਜਿਹੜੇ ਬਿਸ਼ਨ ਸਿੰਘ ਦੇ ਦਸਮੇ ਦਵਾਰ ਸਵਾਸ ਚੜ੍ਹ ਗਏ ਸੀ। ਪੁਲਸ ਨੇ ਫੇਰ ਆਂਣ ਕੇ ਲੋਥਾਂ ਵੇਖੀਆਂ।

## (ਬੈਂਤ)

ਫੇਰ ਨੇੜੇ ਨੂੰ ਫੌਜ ਪੁਲੀਸ ਆਈ ਰਜ ਗਏ ਜਦ ਗੋਲੀ ਚਲਾ ਵੀਰੋ।
ਨੇੜੇ ਇਕ ਸਿਪਾਹੀ ਨੇ ਹੋ ਕੇ ਤੇ ਬਿਸ਼ਨ ਸਿੰਘ ਨੂੰ ਟੋਹਿਆ ਜਾ ਵੀਰੋ।
ਉਸਦੇ ਕੋਲ ਜਿਹੜੀ ਕਰਪਾਨ ਛੋਟੀ ਫੜੀ ਹੋਈ ਸੀ ਹਥ ਚਮਕਾ ਵੀਰੋ।
ਫੜਕੇ ਜਦੋਂ ਸਿਪਾਹੀ ਹਲਾਣ ਲਗੇ ਖੜੀ ਹੋ ਗਈ ਲੋਥ ਸੁਫਾ ਵੀਰੋ।
ਪਿਛੇ ਡਿਗਾ ਸਿਪਾਹੀ ਉਹ ਖੌਫ ਖਾ ਕੇ ਡਰ ਮੌਤ ਵਾਲਾ ਗਿਆ ਛਾ ਵੀਰੋ।
ਜਦੋਂ ਖੜੀ ਜਵਾਨ ਦੀ ਲੋਥ ਹੋਈ ਵਿਚੋਂ ਜਿੰਦ ਹੋ ਗਈ ਹਵਾ ਵੀਰੋ।

ਮੁਰਦਾ ਲੋਥ ਸਿਪਾਹੀ ਦੇ ਡਿਗੀ ਉਤੇ ਛਾਤੀ ਪਈ ਛਾਤੀ ਉਤੇ ਜਾ ਵੀਰੋ।
ਜਿਹੜੀ ਹਥ ਕਿਰਪਾਨ ਸੀ ਸੂਰਮੇ ਦੇ ਲੀਕ ਗਈ ਛਾਤੀ ਉਤੇ ਪਾ ਵੀਰੋ।
ਬਬਰ ਛੱਡ ਜਹਾਨ ਨੂੰ ਰਵਾਂ ਹੋਏ ਫਰਜ ਆਪਣੇ ਸੀਸ ਤੋਂ ਲਾਹ ਵੀਰੋ।
ਜਿਹੜੀ ਲੈਨ ਬਹਾਦਰਾਂ ਸੂਰਿਆਂ ਦੀ ਗਏ ਉਸ ਤੇ ਪੈਰ ਟਕਾ ਵੀਰੋ।
ਖੇਤ ਵਿਚ ਸ਼ਹੀਦੀਆਂ ਪਾ ਕੇ ਤੇ ਝੰਡੇ ਪੰਥ ਦੇ ਗਏ ਝੁਲਾ ਵੀਰੋ।
ਨਾਮ ਮਾਈ ਤੇ ਬਾਪ ਦਾ ਸੂਰਮੇ ਉਹ ਸੋਹਣਾ ਸੁਫਲਾ ਗਏ ਬਣਾ ਵੀਰੋ।
ਲੱਖਾਂ ਹੋਏ ਤੇ ਅੱਗੇ ਨੂੰ ਹੋਣਗੇ ਵੀ ਬਬਰ ਸਕੇ ਨਾਂ ਜਗ ਸਦਾ ਵੀਰੋ।
ਭਾਂਤ ਭਾਂਤ ਮੈਂ ਫੁਲਾਂ ਦੇ ਗੁੰਦ ਸੇਹਰੇ ਮੱਥੇ ਚੌਹਾਂ ਦੇ ਦੇਵਾਂ ਲਟਕਾ ਵੀਰੋ।
ਧੂੜ ਲਾ ਲਵਾਂ ਮੱਥੇ ਨੂੰ ਕਦਮਾਂ ਦੀ ਜਨਮ ਜਨਮ ਦੇ ਦੁਖ ਮਿਟਾ ਵੀਰੋ।
ਫੰਦ ਕਟ ਜਹਾਨ ਦੇ ਲਾਭ ਸਿੰਘਾ ਪੈ ਗਏ ਬਕੁੰਠ ਦੇ ਰਾਹ ਵੀਰੋ।

**ਨੋਟ :—** **ਜਦੋਂ ਸੁਮਿਥ ਤੇ ਇਕ ਪਠਾਣ ਅਫਸਰ ਨੇ ਸ਼ਿਸ਼ਨ ਜਜ ਦੇ ਗਵਾਹੀ ਦਿਤੀ ਤਾਂ ਉਹਨਾਂ ਨੇ ਬਾਈ ਸੌ ਗੋਲੀ ਬਬਰਾਂ ਪੁਰ ਚੱਲੀ ਦੱਸੀ। ਜਿਸ ਸਿਪਾਹੀ ਦੇ ਬਿਸਨ ਸਿੰਘ ਦੀ ਕਿਰਪਾਨ ਬਜੀ ਸੀ ਉਸ ਨੇ ਆਪਣੀ ਵਰਦੀ ਲਾਹ ਕੇ ਲੀਕ ਵਿਖਾਈ। ਜਿਹੜਾ ਕਰਮ ਸਿੰਘ ਨੇ ਬੰਬ ਸੁਟਿਆ ਸੀ ਉਹ ਵੀ ਵਿਖਾਇਆ। ਤੇਲ ਸੁਬੱਬ ਫਟਿਆ ਨਾਂ ਪਰ ਚਿੱਬਾ ਜਿਹਾ ਹੋ ਗਿਆ। ਇਹ ਵਾਕਿਆ ੩੧—੮—੨੩ ਦਾ ਹੈ।**

## ਵਾਕ ਕਵੀ (ਬੈਂਤ)

ਸੁੰਦਰ ਏਸ ਦੁਆਬੇ ਦੇ ਮਰਦ ਗਾਜੀ ਬਬਰ ਸੂਰਮੇ ਨੌਜਵਾਨ ਸੋਹਣੇ।
ਸਫਲ ਕਰ ਗਏ ਗੁਰਾਂ ਦੇ ਵਾਕ ਤਾਈਂ ਪੁਰਜਾ ਪੁਰਜਾ ਹੋ ਮੈਦਾਨ ਸੋਹਣੇ।
ਝੋਲੀ ਚੁਕ ਜੋ ਦੇਸ਼ ਦੇ ਕੌਮ ਘਾਤੀ ਉਹਨਾਂ ਪਾਪੀਆਂ ਮਾਰ ਮੁਕਾਨ ਸੋਹਣੇ।
ਲਾਜ ਰਖ ਕੇ ਪੰਥ ਦੀ ਦਸ ਗਏ ਬਬਰ ਸੂਰਮੇ ਮਰਦ ਬਲਵਾਨ ਸੋਹਣੇ।
ਲਹੂ ਪੀ ਜੋ ਲੈਣ ਮੁਰੱਬਿਆਂ ਨੂੰ ਉਹਨਾਂ ਪਾਪੀਆਂ ਦੇ ਲਾਉਂਦੇ ਘਾਨ ਸੋਹਣੇ।
ਮੁੰਡੇ ਸੌਂ ਗਏ ਮਾਝੇ ਤੇ ਮਾਲਵੇ ਦੇ ਬਬਰਾਂ ਨਾਲ ਨਾਂ ਸਾਥ ਨਿਭਾਣ ਸੋਹਣੇ।
ਅੱਗ ਲਾ ਲਾ ਡਾਕਿਆਂ ਚੋਰੀਆਂ ਨੂੰ ਜਨਮ ਜੇਲਾਂ ਦੇ ਵਿਚ ਜਲਾਣ ਸੋਹਣੇ।
ਚੰਗੇ ਚੰਗੇ ਜਵਾਨ ਘਰਾਣਿਆਂ ਦੇ ਝੋਲੂ ਚੱਕੀ ਖਰਾਸ ਚਲਾਣ ਸੋਹਣੇ।
ਇਹ ਸਿਆਪੇ ਦੀ ਨੈਣ ਨਾਂ ਮਾਰ ਹੋਈ ਵੱਡੇ ਸੂਰਮੇ ਸ਼ੇਰ ਸਦਾਣ ਸੋਹਣੇ।
ਜਿਵੇਂ ਬਬਰ ਮੈਦਾਨ ਵਿਚ ਉਤਰੇ ਸੀ ਲਾਹ ਸੁਟਦੇ ਵੈਰੀ ਦੇ ਘਾਨ ਸੋਹਣੇ।
ਸੰਗਲ ਤੋੜ ਗੁਲਾਮੀ ਦੇ ਸੁਟਦੇ ਜੇ ਝੂਲਦੇ ਪੰਥ ਦੇ ਅਜ ਨਿਸ਼ਾਨ ਸੋਹਣੇ।
ਗੰਨੇ ਵਾਂਗ ਵਿਚ ਬੇਲਣੇ ਪੀੜ ਦਿੰਦੇ ਬੇਈਮਾਨ ਜੋ ਪੁਤ ਸ਼ੈਤਾਨ ਸੋਹਣੇ।
ਫਿਰਦੇ ਭਾਲਦੇ ਜਿਹੜੇ ਵਜੀਰੀਆਂ ਨੂੰ ਕਿਲੇ ਤੋੜਕੇ ਆਏ ਮੁਲਤਾਨ ਸੋਹਣੇ।
ਦਸ਼ ਭਗਤ ਸੀ ਇਹਨਾਂ ਦਾ ਬਾਪ ਦਾਦਾ ਖੱਲਾਂ ਵਿਚ ਵੜਕੇ ਮਰ ਜਾਣ ਸੋਹਣੇ।
ਚੜ੍ਹੇ ਕਿੰਨੇ ਕੁ ਇਹਨਾਂ ਦੇ ਫਾਂਸੀਆਂ ਤੇ ਮਾਰੋ ਬੈਠ ਕੇ ਤੁਸੀਂ ਧਿਆਨ ਸੋਹਣੇ;
ਆਉਂਦੀ ਸ਼ਰਮ ਨਾਂ ਝੋਲੀ ਫੜ ਮੰਗਦਿਆਂ ਨੂੰ ਬੂਟ ਕੌਂਸਲਾਂ ਵਿਚ ਝੜਾਨ ਸੋਹਣ।
ਨਾਮ ਸਿੰਘ ਤੇ ਉਂਞ ਵੀ ਜਵੇਂ ਵਾਲੇ ਹੱਥ ਵਾਂਗ ਫਕੀਰਾਂ ਉਠਾਨ ਸੋਹਣੇ।
ਸਿੰਘ ਹੋ ਦਿਮਾਗ ਨੂੰ ਬੇਚ ਲਿਆ ਲਾਜ ਸੂਰਮੇ ਪੰਥ ਨੂੰ ਲਾਣ ਸੋਹਣੇ।
ਡਕਾ ਇਕ ਨਾਂ ਲਭਣਾ ਲਾਭ ਸਿੰਘਾ ਬਬਰ ਵਾਂਗ ਨਾਂ ਤੇਗ ਉਠਾਣ ਸੋਹਣੇ।

## ਵਾਕ ਕਵੀ (ਬੈਂਤ)

ਬੰਦਾ ਹੋਵੇ ਤਾਂ ਕਿਸੇ ਦੇ ਜਿਹਾ ਹੋਵੇ ਨਹੀਂ ਹੋਵੇ ਨਾਂ ਧਰਤ ਪੁਰ ਭਾਰ ਐਵੇਂ ।
ਆਸ ਮਿੱਤਰਾਂ ਭੈ ਨਾਂ ਦੁਸ਼ਮਣਾਂ ਨੂੰ ਧੋਰੀ ਧੰਦਿਆਂ ਦਾ ਮੁਰਦਾਰ ਐਵੇਂ ।
ਭੈਣ ਭਾਈ ਤੇ ਅੰਗ ਨਾਂ ਸਾਕ ਜੋਗਾ ਕਰ ਸਕੇ ਨਾਂ ਪਰਉਪਕਾਰ ਐਵੇਂ ।
ਲੂਕਦਾ ਆਪ ਤਾਂ ਖੱਲਾਂ ਦੇ ਵਿਚ ਵੜਕੇ ਲਵੇ ਦੂਜਿਆਂ ਦੇ ਤਾਈਂ ਮਾਰ ਐਵੇਂ ।
ਸਿੰਬਲ ਵਾਂਗ ਨਾਂ ਬਰ ਸਗਾਫ ਉਤੋਂ ਫਿਰਦਾ ਚੌਦਰੀ ਮੁਛਾਂ ਖਲਾਰ ਐਵੇਂ ।
ਚਾਰ ਜੁੜੀ ਵਿਚ ਬਹਿਣ ਦਾ ਮਿਲੇ ਮੌਕਾ ਖਿਸਕ ਜਾਂਵਦਾ ਬਣਕੇ ਨਾਰ ਐਵੇਂ ।
ਲਹੂ ਪੀਵੇ ਜੋ ਪੁਤਾਂ ਬਿਗਾਨਿਆਂ ਦਾ ਝੋਲੀ ਚੁਕ ਬਣ ਕੋਮ ਗਦਾਰ ਐਵੇਂ ।
ਕੁਝ ਪਾਉਂਣਾ ਤੇ ਕੁਝ ਕਢਣਾ ਨਾਂ ਬਣਦੇ ਕੰਮ ਨੂੰ ਦੇਣਾ ਵਿਗਾੜ ਐਵੇਂ ।
ਪੈਣ ਜੁਤੀਆਂ ਸੀਸ ਪੁਰ ਗੰਦਿਆਂ ਦੇ ਤੋੜ ਕੱਢਣੀ ਪੇਟ ਕਟਾਰ ਐਵੇਂ ।
ਸੂਰ ਮਾਈ ਨੂੰ ਰੋੜ੍ਹਕੇ ਲਾਭ ਸਿੰਘਾ ਗਾਲਾਂ ਖਾਣੀਆਂ ਉੜਦ ਬਜਾਰ ਐਵੇਂ ।

## ਵਾਕ ਕਵੀ (ਬੈਂਤ)

ਜੋ ਕਸੂਰ ਹੈ ਸਾਡੀਆਂ ਤੀਵੀਆਂ ਦਾ ਜੇ ਲਿਖੀਏ ਲਿਖ ਨਾਂ ਹੋਣ ਬੈਹ ਬੈਹ ।
ਪੇੜਾ ਪਾਉਂਣ ਨਾਂ ਸੋਹਣੀਆਂ ਮੱਝੀਆਂ ਨੂੰ ਦੁਧ ਝੋਟਿਆਂ ਦੇ ਹੇਠੋਂ ਚੋਣ ਬੈਹ ਬੈਹ ।
ਹੋਵੇ ਦੁਧ ਹਲਵਾਈ ਨੂੰ ਵੇਚ ਦੇਣਾ ਆਪ ਭਾਂਡਿਆਂ ਦੇ ਪੀਣ ਧੋਣ ਬੈਹ ਬੈਹ ।
ਬੰਨ ਸੱਭਲੇ ਜਦੋਂ ਮੁਕਾਣ ਜਾਂਦੀ ਮਾਰ ਅੱਡੀਆਂ ਧਰਤ ਨੂੰ ਤੋਣ ਬੈਹ ਬੈਹ ।
ਕਰਨੀ ਖੜਕੇ ਉਥੇ ਪਰੇਡ ਸੋਹਣੀ ਪਾਉਂਣ ਕੀਰਨੇ ਤੇ ਨਾਲੇ ਰੋਣ ਬੈਹ ਬੈਹ ।
ਦਾਲ ਸੜੇ ਤੇ ਬਲੇ ਪੁਰ ਚੁਲਿਆਂ ਦੇ ਮਰਜੀ ਆਪਣੀ ਪਾਉਂਣਾ ਲੋਣ ਬੈਹ ਬੈਹ ।
ਵਾਂਗ ਬੱਕਰੀ ਸਾਰਾ ਦਿਨ ਚਰੀ ਜਾਣਾ ਭਰੇ ਹੋਏ ਨੂੰ ਹੋਰ ਭਰੋਣ ਬੈਹ ਬੈਹ ।
ਪੱਜ ਲਾ ਕੇ ਤੇ ਸਿਰ ਦੁਖਦੇ ਦਾ ਤਾਰੇ ਅੰਬਰੋਂ ਭੱਜ ਕੇ ਛੋਣ ਬੈਹ ਬੈਹ ।
ਚੰਗੇ ਚੰਗੇ ਘਰਾਣੇ ਦੀਆਂ ਲੜਕੀਆਂ ਜੋ ਧਾਗੇ ਸੂਈਆਂ ਵਿਚ ਪਰੋਣ ਬੈਹ ਬੈਹ ।
ਸੌਹਰੇ ਜਾਣ ਤੇ ਪੈਂਦੀਆਂ ਮਕਰ ਗਸ਼ੀਆਂ ਪਜ ਲਾ ਲਾ ਜੀਉਂਦੀਆਂ ਮੋਣ ਬੈਹ ਬੈਹ ।
ਦਾਲ ਭਾਜੀ ਨਾਂ ਪੱਕਦੀ ਹੱਥ ਰੋਟੀ ਉਵੇਂ ਰਾਣੀ ਪਟਰਾਣੀਆਂ ਹੋਣ ਬੈਹ ਬੈਹ ।
ਰੋਟੀ ਮੰਗੀਏ ਵੇਲੇ ਸਿਰ ਲਾਭ ਸਿੰਘਾ ਐਵੇਂ ਖੋਹਲ ਅਲਮਾਰੀਆਂ ਟੋਣ ਬੈਹ ਬੈਹ ।

**ਨੋਟ :—**ਪੰਜਾਬ ਦੀ ਕਹਾਵਤ ਹੈ ਕਿ ਤੀਵੀਂ ਚੱਕੀ ਤੋਂ ਬਗੈਰ ਰਾਸੇ ਨਹੀਂ ਆਉਂਦੀ ।

## ਵਾਕ ਕਵੀ (ਬੈਂਤ)

ਵਿਚ ਦੇਸ ਪੰਜਾਬ ਦੇ ਦੇਖਿਆ ਮੈਂ ਇਕ ਚੀਜ਼ ਹੈ ਨਾਂ ਮੁਰਾਦ ਚੱਕੀ ।
ਮਣ ਦਾਣਿਆਂ ਦੇ ਸਿਗੇ ਦੋ ਆਨੇ ਲੋਕਾਂ ਰਖੀ ਏ ਸਾਧਨਾਂ ਸਾਦ ਚੱਕੀ ।
ਲੈ ਕੇ ਸੀਸ ਤੋਂ ਪੈਰਾਂ ਨੂੰ ਵਗੇ ਮੁੜਕਾ ਚਾੜ੍ਹੇ ਲੜਕੀਆਂ ਤਾਈਂ ਖਰਾਦ ਚੱਕੀ ।
ਉਹੋ ਸੋਂਣਦਾ ਵਕਤ ਤੇ ਨਹਾਉਂਣ ਦਾ ਵੀ ਜਦੋਂ ਟੁੰਬਦੀ ਵਾਂਗ ਜਲਾਦ ਚੱਕੀ ।
ਚੰਗੇ ਚੰਗੇ ਘਰਾਣੇ ਦੀਆਂ ਲੜਕੀਆਂ ਦੀ ਰਚੇ ਜਿਵੇ ਦੇ ਵਿਚ ਸਮਾਧ ਚੱਕੀ ।
ਜੰਗ ਨੂੰਹ ਤੇ ਸੱਸ ਦਾ ਦੇਖਦੀ ਏ ਸਾਰੇ ਦੁਖਾਂ ਦਾ ਮੂਲ ਫਸਾਦ ਚੱਕੀ ।
ਤੱਖੋ ਤਾਪ ਦੀ ਇਹ ਹੈ ਭੈਣ ਛੋਟੀ ਕਰੇ ਘਰਾਂ ਦੇ ਘਰ ਬਰਬਾਦ ਚੱਕੀ ।

ਸੁਤੀ ਪਈ ਦੀ ਜਾਨ ਨੂੰ ਪਏ ਕਾਂਬਾ ਜਦੋਂ ਆਉਂਦੀ ਰਾਤ ਨੂੰ ਯਾਦ ਚੱਕੀ ।
ਸੋਹਣੀ ਸ਼ਕਲ ਘਰਾਣੇ ਦੀ ਜੋ ਲੜਕੀ ਧਰਕੇ ਪੀੜਦੀ ਵਾਂਗ ਕਮਾਦ ਚੱਕੀ ।
ਨਾਂ ਕੋਈ ਦਿਨ ਮਹੀਨਾ ਨਾਂ ਸਾਲ ਕੋਈ ਸਾਰੀ ਉਮਰ ਦੀ ਬੇਮੁਣਆਦ ਚੱਕੀ ।
ਨਾਂ ਚੀਨ. ਜਾਪਾਨ ਨਾਂ ਵਿਚ ਬਰਮਾ ਨਾਂ ਬਸਰੇ ਨਾਂ ਬਗਦਾਦ ਚੱਕੀ ।
ਖਾਣ ਪੀਣ ਛੁਡਾ ਕੇ ਲਾਭ ਸਿੰਘਾ ਆ ਕੇ ਮੌਤ ਦੀ ਕਰੇ ਇਮਦਾਦ ਚੱਕੀ ।

## ਕੋਰੜਾ ਛੰਦ

ਖਾ ਗਏ ਧੋਖੇ ਵਾਲੀ ਸੋ ਵੀ ਚੋਟ ਜੀ, ਵਡੇ ਵਡੇ ਜਿਹੜੇ ਅਕਲਾਂ ਦੇ ਕੋਟ ਜੀ,
ਕਿਸੇ ਵੀ ਨਾਂ ਬੈਠ ਕੇ ਵਿਚਾਰੀ ਗਲ ਜੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਦੇਖਿਆ ਰਿਵਾਜ ਏ ਪੰਜਾਬ ਸਾਰੀ ਦਾ, ਸੋਚਦੇ ਨਾਂ ਇਲਾਜ ਕੋੜ ਦੀ ਬੀਮਾਰੀ ਦਾ,
ਸਾਰੇ ਦੁਖਾਂ ਵਾਲੀ ਇਥੋਂ ਜੜ ਚਲਦੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਆਵੇ ਜਦੋਂ ਮੁੜਕਾ ਸਰੀਰ ਸੜਦਾ, ਯੱਕੇ ਵਾਲੇ ਘੋੜੇ ਵਾਂਗ ਸਾਹ ਚੜ੍ਹਦਾ,
ਤੇਲ ਦੀ ਕੜਾਹੀ ਵਾਂਗ ਦੇਵੇ ਤਲ ਜੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਨੀਂਦ ਦੇ ਹੁਲਾਰੇ ਉਹ ਹੈ ਵੇਲਾ ਸਾਉਂਣ ਦਾ,ਉਹੋ ਵੇਲਾ ਚੱਕੀ ਤਾਈਂ ਅਗ ਲਾਉਂਣ ਦਾ,
ਅਜ ਵਾਲਾ ਆਟਾ ਮੁਕ ਜਾਣਾਂ ਕਲ ਜੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਭਠੇ ਵਾਂਗ ਅੰਦਰਾਂ ਚੋਂ ਸੇਕ ਆਂਵਦਾ, ਪਥਰਾਂ ਦਾ ਘੋਲ ਮਾਰਕੇ ਮੁਕਾਂਵਦਾ,
ਬਿਨਾਂ ਮੌਤ ਸਿਵਿਆਂ ਨੂੰ ਰਹੀ ਘਲ ਜੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਸੁੰਦਰ ਓਲਾਦ ਵਾਲੀ ਜੜ ਪੁਟਦੀ, ਖਿਚ ਖਿਚ ਆਂਦਰਾਂ ਇਹ ਤੋੜ ਸੁਟਦੀ ।
ਰੋਜ ਦੀ ਬੀਮਾਰੀ ਸਿਰੋਂ ਨਹੀਂ ਟਲਦੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ,
ਕਰਦੀ ਹਰਾਮ ਇਹ ਜਹਾਨ ਜੀਣ ਦਾ, ਜਿਹੜਾ ਵੇਲਾ ਸੋਹਣੀਆਂ ਦੇ ਖਾਣ ਪੀਣ ਦਾ,
ਖੁਸ਼ੀ ਵਾਲੀ ਜਗਾ ਦਲਗੀਰ ਮਲਦੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਚਿੰਬੜੀ ਚੜੇਲ ਚੱਕੀ ਨਹੀਂ ਛਡਦੀ, ਸੋ ਸੋ ਕੁੜੀ ਮਾਪਿਆਂ ਨੂੰ ਗਾਲ ਕੱਢਦੀ,
ਆਉਂਣ ਹਟਕੋਰੇ ਨਹੀਂ ਹੁੰਦੀ ਗਲ ਜੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਬੁਡੀ ਹੋਈ ਸੱਸ ਨੀਂਦ ਨਹੀਂ ਆਂਵਦੀ, ਮਾਰ ਮਾਰ ਮੇਹਣੇ ਨੂੰਹਾਂ ਨੂੰ ਜਗਾਵਦੀ,
ਚੜ੍ਹ ਜਾਣਾ ਦਿਨ ਰਾਤ ਰਹਿੰਦੀ ਪਲ ਜੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਚੱਕੀ ਦਾ ਫਿਕਰ ਕਾਲਜੇ ਨੂੰ ਖਾ ਗਿਆ, ਉਠੋ ਭਾਈਆਂ ਪਿਟੀਓ ਦੁਪੈਹਰਾ ਆ ਗਿਆ,
ਮੇਣਿਆਂ ਦੇ ਨੇਜੇ ਸੱਸ ਮਾਰੇ ਸਲ ਜੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।
ਆ ਗਈ ਫਲਾਨੀਆਂ ਦੀ ਸਾਨੂੰ ਤਾਰਦੀ, ਕਢ ਕਢ ਬਾਂਹਾਂ ਸੱਸ ਮੇਣੇ ਮਾਰਦੀ,
ਆਪਣੀ ਬਰੇਸ ਸਿਰੋਂ ਗਈ ਢਲ ਜੀ, ਸਾਉਣ ਦੇ ਮਹੀਨੇ ਜਿਹੜੀ ਚੱਕੀ ਚਲਦੀ ।

**ਨੋਟ :—ਇਕ ਅਸਾਂ ਮੁਲਤਾਨ ਜੇਲ ਤੋਂ ਕੈਰੋਂ ਅਸਕੂਲ ਦੀਆਂ ਲੜਕੀਆਂ ਨੂੰ ਚਿੱਠੀ ਪਾਈ ਜੋ ਉਹਨਾਂ ਨੇ ਜੁਬਾਵ ਨਾਂ ਦਿਤਾ ।**

## (ਬੈਂਤ)

ਸਤ ਸ੍ਰੀ ਅਕਾਲ ਮਨਜ਼ੂਰ ਹੋਵੇ ਭੈਣ ਪੂਜਣੇ ਯੋਗ ਅਸਥਾਨ ਬੀਬੀ ।
ਪੰਥ ਪੈ ਗਿਆ ਜੁਲਮ ਦੇ ਭਠ ਅੰਦਰ ਚੜ੍ਹਿਆ ਕਹਿਰ ਦਾ ਦੇਖ ਤੁਫਾਨ ਬੀਬੀ ।
ਜਿਨੇ ਫੜ ਲਏ ਕੁਲ ਬਦੇਸ਼ੀਆਂ ਨੇ ਝੁੰਗੇ ਹੋ ਗਏ ਚੋੜ ਮਸਾਣ ਬੀਬੀ ।

ਠਾਰਾਂ ਖੂਣੀਆਂ ਫੌਜ ਦਲ ਪਾਂਡਵਾਂ ਦੀ ਲਥ ਗਏ ਮੈਦਾਨ ਵਿਚ ਘਾਨ ਬੀਬੀ।
ਅਸਲ ਘਰ ਹੁੰਦੇ ਬਸ ਤੀਵੀਆਂ ਦੇ ਭਾਵੇਂ ਰਖਣ ਤੇ ਭਾਵੇਂ ਪੁਟਾਣ ਬੀਬੀ।
ਭਾਰੇ ਪੱਥਰੋਂ ਕੱਖਾਂ ਤੋਂ ਕਰੇ ਹੌਲੇ ਵਡੇ ਵਡੇ ਅਮੀਰ ਜੋ ਖਾਨ ਬੀਬੀ।
ਟੁਟ ਪੈਣ ਪਹਾੜ ਸਿਰ ਦੁਖਾਂ ਦੇ ਵੀ ਤੁਸਾਂ ਵਰਗੀਆਂ ਸਿਦਕ ਨਭਾਣ ਬੀਬੀ।
ਲੋਕ ਪੂਜਦੇ ਉਹਨਾਂ ਦੇ ਪੈਰ ਜਾ ਜਾ ਲਿਆ ਜਿਨਾਂ ਨੇ ਧਰਮ ਪਛਾਨ ਬੀਬੀ।
ਜਿਨਾਂ ਧਰਮ ਦੀ ਓਟ ਲੈ ਚੋਟ ਖਾਦੀ ਧਰਦੇ ਉਹਨਾਂ ਦੇ ਲੋਕ ਧਿਆਨ ਬੀਬੀ।
ਡੈਂਕੇ ਵੱਜਦੇ ਉਹਨਾਂ ਦੀ ਖਾਨਗਾ ਤੇ ਧੂੜ ਲੈ ਲੈ ਮੱਥੇ ਨੂੰ ਲਾਨ ਬੀਬੀ।
ਮਾਈ ਬਾਪ ਸੁੰਦਰ ਸੱਸ ਸੌਹਰਿਆਂ ਦੀ ਧਰਮ ਸ਼ਰਮ ਨੂੰ ਜੋ ਰਖਾਣ ਬੀਬੀ।
ਜਿਨਾਂ ਰਜ ਕੀਤੀ ਸੇਵਾ ਮਾਪਿਆਂ ਦੀ ਝੰਡੇ ਝੁਲਦੇ ਵਿਚ ਜਹਾਨ ਬੀਬੀ।
ਮਾਈ ਸੁੰਦਰੀ ਤੇ ਦੀਪ ਕੌਰ ਹੋਰੀ ਦੇਖੋ ਪੰਥ ਦੇ ਵਿਚ ਪਰਧਾਨ ਬੀਬੀ।
ਭਾਗੋ ਵਰਗੀਆਂ ਫੜਕੇ ਤੇਜ ਨੇਜ਼ੇ ਮਾਰਨ ਖੇਤ ਵਿਚ ਮੁਗਲ ਪਠਾਨ ਬੀਬੀ।
ਉਹ ਹੀ ਦੇਵੋ ਖਾਂ ਲੋਰੀਆਂ ਬੀਬੀਆਂ ਨੂੰ ਸੇਵਾ ਪੰਥ ਦੀ ਜਿਹੜੇ ਕਰਾਣ ਬੀਬੀ।
ਕੰਮ ਸਿਖ ਕੇ ਅੱਖ ਮਟੱਕਿਆਂ ਦਾ ਖੇਹ ਜਣਦਿਆਂ ਸਿਰ ਵੀ ਪਾਣ ਬੀਬੀ।
ਵਿਚ ਗੁਰਾਂ ਦੀ ਪੁਰੀ ਦੇ ਜਾ ਕੇ ਤੇ ਕਾਲਾ ਮੁਖ ਨਾਂ ਕਿਤੇ ਕਰਾਣ ਬੀਬੀ।
ਮੇਮਾਂ ਗੋਰੀਆਂ ਹੋਰ ਬੰਗਾਲਣਾਂ ਦੇ ਪੜ੍ਹੇ ਅਸਾਂ ਨੇ ਬਹੁਤ ਐਲਾਨ ਬੀਬੀ।
ਪਰੇ ਬਰਮਨਾਂ ਹੋਰ ਮਤਰਾਜਣਾਂ ਨੂੰ ਦੇਖ ਆਇਆ ਮੈਂ ਚੀਨ ਜਾਪਾਨ ਬੀਬੀ।
ਥੋੜਾ ਹਾਲ ਪੰਜਾਬ ਦੀਆਂ ਦੇਵੀਆਂ ਦਾ ਸੁਨਣਾ ਚਾਹੁੰਦੇ ਬਬਰ ਜਵਾਨ ਬੀਬੀ।
ਐਸ ਵਕਤ ਵਿਚ ਖਾਰਿਆਂ ਸਾਗਰਾਂ ਦੇ ਹੜਿਆ ਦੇਸ਼ ਜਾਵੇ ਹਿਦੁਸਤਾਨ ਬੀਬੀ।
ਬੈਠ ਵਰਕ ਕਤਾਬ ਦੇ ਫੋਲ ਛਡੇ ਜਾਂ ਰੋਈ ਹੈ ਵਿਚ ਧਰਮ ਦੀ ਆਨ ਬੀਬੀ।
ਨਿਰਾ ਜੋਰ ਵਲਾਇਤ ਦੇ ਫੈਸ਼ਨਾਂ ਤੇ ਕੰਘੀ ਪੱਟੀ ਦਾ ਕੰਮ ਅਸਾਨ ਬੀਬੀ।
ਜੇ ਕਰ ਜੂਨ ਹੀ ਆ ਕੇ ਭੋਗਣੀ ਸੀ ਕਾਂ ਕੁੱਤੇ ਵੀ ਡੰਗ ਟਪਾਣ ਬੀਬੀ।
ਏਸ ਗਲ ਦੇ ਸਲ ਪੁਰ ਸੂਰਿਆਂ ਦ ਲਥ ਗਏ ਮੈਦਾਨ ਵਿਕ ਘਾਨ ਬੀਬੀ।
ਸੇਹਰੇ ਫਤਹਿ ਦੇ ਸੋਹਣਿਆਂ ਮੱਥਿਆਂ ਤ ਹੱਥੀਂ ਆਪ ਸ਼ਹੀਦ ਲਟਕਾਣ ਬੀਬੀ।
ਨਹਾਂ ਕੇ ਦਾਗ ਕਲੰਕ ਦੇ ਲਾ ਮਰੀਏ ਸਿਰ ਪਾਉਂਣ ਸਵਾਹ ਨੂੰ ਛਾਣ ਬੀਬੀ।
ਪੰਥ ਵਿਚ ਨਾਂ ਲੋੜ ਦਖਾਵਿਆਂ ਦੀ ਸਿਧ ਸੀਸ ਦੀ ਫੀਸ ਚੜ੍ਹਾਣ ਬੀਬੀ।
ਗਏ ਵਕਤ ਨਾਂ ਮਿਲਣਗੇ ਕਿਸੇ ਨੂੰ ਵੀ ਸੁਫਨੇ ਵਾਂਗ ਹੈ ਇਹ ਜਹਾਨ ਬੀਬੀ।
ਜੋਰ ਲੋਕਾਂ ਦਾ ਮਾਲਾ ਦਿਆਂ ਮਣਕਿਆਂ ਤੇ ਅੱਖਾਂ ਮੀਟ ਕੇ ਜਿਹੜੇ ਘੁਮਾਣ ਬੀਬੀ।
ਪਾ ਲਏ ਬਰਾਹਮਣਾਂ ਵਾਂਗ ਜਨੇਊ ਗਲ ਵਿਚ ਸਾਥਣ ਸਦਾ ਦੀ ਛਡ ਕਿਰਪਾਨ ਬੀਬੀ।
ਸ਼ਾਂਤਮਈ ਅਸੂਲ ਫੜ ਮੁਰਦਿਆਂ ਦਾ ਦੇਸ਼ ਪੈ ਗਿਆ ਲੰਮੀਆਂ ਤਾਣ ਬੀਬੀ।
ਲੋਕਾਂ ਮਾਰਕੇ ਗੱਲਾਂ ਦਿਆਂ ਤਾਹਨਿਆਂ ਨੂੰ ਸੁਟੇ ਅਸਾਂ ਦੇ ਕਾਲਜੇ ਛਾਨ ਬੀਬੀ।
ਮਿੱਠੀ ਮਿਸ਼ਰੀ ਪੀ ਕੇ ਹਡ ਜੁੜ ਗਏ ਗੰਠੀਆ ਹੋ ਗਿਆ ਲੋਕ ਬਤਾਣ ਬੀਬੀ।
ਪਿੰਜਰ ਹਡ ਵਜੂਦ ਨੇ ਛਡ ਜਾਣੇ ਲਾਭ ਸਿੰਘ ਨਾਂ ਕਰੋ ਗੁਮਾਨ ਬੀਬੀ।

**ਨੋਟ :—** **ਅੱਗੇ ਪ੍ਰਸੰਗ ਬਹਾਦਰ ਧੰਨਾ ਸਿੰਘ ਬਬਰ ਬੈਬਲ ਪੁਰੀ ਦਾ ਜੋ ਕਿ ਮੋਜਾ ਜਿਆਣ ਜਿਲਾ ਹੁਸ਼ਿਆਰ ਪੁਰ ਦੇ ਬੇਲਾ ਸਿੰਘ ਗਦਾਰ ਤੇ ਇਸਦੇ ਸਕੇ ਭਰਾ ਜੁਆਲਾ ਸਿੰਘ ਨੇ ਮਰਵਾਇਆ ਸੀ।**

## (ਬੈਂਤ)

ਖ਼ੁੱਧ ਜਿਹੜੇ ਚੰਡਾਲ ਦੀ ਫਿਟ ਜਾਵੇ ਉਹਨੂੰ ਲਖ ਉਪਦੇਸ਼ ਸੁਣਾਈਏ ਜੀ।
ਗੰਦੇ ਬੀਜ ਦਾ ਬਦਲਣਾ ਹੈ ਔਖਾ ਭਾਵੇਂ ਲਖ ਦਲੀਲ ਦੁੜਾਈਏ ਜੀ।
ਧੰਨਾ ਸਿੰਘ ਨੂੰ ਵਰਜਿਆ ਬਬਰਾਂ ਨੇ ਨਾਂ ਦਾਓ ਗਦਾਰ ਦਾ ਖਾਈਏ ਜੀ।
ਅਸਾਂ ਨਾਲ ਜਬਾਨ ਦੇ ਆਖਣਾ ਹੈ ਅੰਦਰ ਕਿਸ ਤਰ੍ਹਾਂ ਘੋਲ ਕੇ ਪਾਈਏ ਜੀ।
ਨਹੀਂ ਇਹਨਾਂ ਚੰਡਾਲਾਂ ਨੇ ਘਟ ਕਰਨੀ ਇਥੋਂ ਆਪਣਾ ਆਪ ਬਚਾਈਏ ਜੀ।
ਸਾਨੂੰ ਨਹੀਂ ਇਤਬਾਰ ਜਿਆਣੀਆਂ ਤੇ ਇਹਨਾਂ ਦੋਹਾਂ ਦੀ ਅਲਖ ਮੁਕਾਈਏ ਜੀ।
ਹੋਰ ਜਿਸ ਤਰ੍ਹਾਂ ਮਾਰੇ ਗਦਾਰ ਅਗੇ ਉਸੇ ਰਸਤੇ ਇਹ ਲੰਘਾਈਏ ਜੀ।
ਧੰਨਾ ਸਿੰਘ ਨਾਂ ਮੰਨਿਆ ਲਾਭ ਸਿੰਘਾ ਮੁਕਦਾ ਫੈਸਲਾ ਚਾ ਮੁਕਾਈਏ ਜੀ।

## ਤਬਾ ਬੈਂਤ

ਭਾਵੀ ਕਿਸੇ ਦੀ ਪੇਸ਼ ਨਾਂ ਜਾਣ ਦੇਂਦੀ ਕੋਈ ਕਿਤਨਾ ਹੋਵੇ ਹੁਸ਼ਿਆਰ ਭਾਈ।
ਪਿੰਡ ਛੋਟੇ ਢਾਂਡੇ ਧੰਨਾ ਸਿੰਘ ਆਇਆ ਉਹਨੂੰ ਚੜ੍ਹ ਗਿਆ ਉਥੇ ਬੁਖਾਰ ਭਾਈ।
ਚੂੜ ਸਿੰਘ ਨੇ ਭਾਵੇਂ ਇਲਾਜ ਕੀਤਾ ਐਪਰ ਹੋ ਗਿਆ ਹੋਰ ਲਾਚਾਰ ਭਾਈ।
ਆਖੇ ਮੈਨੂੰ ਜਿਆਣ ਪੁਚਾ ਦੇਵੋ ਮੁੜ ਮੁੜ ਆਖੇ ਕਈ ਵਾਰ ਭਾਈ।
ਚੂੜ ਸਿੰਘ ਨੇ ਬੋਤੇ ਤੇ ਪਾ ਕਾਠੀ ਲਿਆ ਝਾਂਜਰਾਂ ਪਾ ਸ਼ਿਗਾਰ ਭਾਈ।
ਚਾੜ ਚੜੇ ਬੁਖਾਰ ਤੇ ਸੂਰਮੇ ਨੂੰ ਖਸਰੇ ਪਾ ਲਿਆ ਕੋਰੜੇ ਮਾਰ ਭਾਈ।
ਬੇਲਾ ਸਿੰਘ ਦੇ ਕੋਲ ਪੁਜਾ ਦਿਤਾ ਸਿਰੋਂ ਆਪਣਾ ਫਰਜ ਉਤਾਰ ਭਾਈ।
ਉਸਨੂੰ ਦੇਖ ਕੇ ਹੌਸਲਾ ਚੜ੍ਹ ਗਿਆ ਮਾਰ ਦਿਤੀ ਬਸ ਜਿਲੇ ਨੂੰ ਤਾਰ ਭਾਈ।
ਅਜ ਰਾਤ ਨੂੰ ਬਬਰ ਮੁਰਵਾ ਦਿਆਂਗੇ ਕਰ ਲੈ ਆਪਣੀ ਪੁਲਸ ਤਿਆਰ ਭਾਈ।
ਸੁਣਦੇ ਸਾਰ ਸਾਰੇ ਤਾਰਾਂ ਖੜਕ ਗਈਆਂ ਸਣੇ ਇੰਨਸਪੈਕਟਰ ਠਾਣੇਦਾਰ ਭਾਈ।
ਇਧਰ ਲੈ ਜਿਆਣ ਤੋਂ ਸੂਰਮੇ ਨੂੰ ਮਨਣ ਹਾਨੇ ਆ ਗਿਆ ਬੁਰਿਆਰ ਭਾਈ।
ਕੱਠੀ ਹੋ ਚੰਡਾਲ ਦੀ ਚੌਂਕੜੀ ਨੇ ਦਿਤਾ ਬਹੁਤ ਹੀ ਕਹਿਰ ਗੁਜਾਰ ਭਾਈ।
ਬਹਿੰਦੇ ਉਠਦਿਆਂ ਖਾਂਦੇ ਖਵਾਉਂਦਿਆਂ ਨੇ ਦਿਤੀ ਅੱਧੀ ਕੁ ਰਾਤ ਗੁਜਾਰ ਭਾਈ।
ਇਧਰ ਆ ਕੇ ਪੁਲਸ ਹੁਸ਼ਿਆਰ ਪੁਰ ਤੋਂ ਘੇਰਾ ਪਿੰਡ ਗਿਰਦੇ ਲਿਆ ਮਾਰ ਭਾਈ।
ਧੰਨਾ ਸਿੰਘ ਨੂੰ ਮੰਜੇ ਤੇ ਪਾ ਲੰਮਾ ਲਾਂਬੇ ਕਰ ਲਏ ਫੇਰ ਹਥਿਆਰ ਭਾਈ।
ਖਾਲੀ ਹੱਥ ਬਣਾ ਕੇ ਲਾਭ ਸਿੰਘਾ ਸਾਰੀ ਦੇ ਦਿਤੀ ਪੁਲਸ ਨੂੰ ਸਾਰ ਭਾਈ।

**ਨੋਟ :—** ਇਸ ਦੁਸ਼ਟਾਂ ਦੀ ਪਾਰਟੀ ਨੇ ਪਹਿਲੇ ਤਾਂ ਧੰਨਾ ਸਿੰਘ ਨੂੰ ਸੌਣ ਨਾਂ ਦਿਤਾ। ਬੱਕਰਾ ਖਾਂਦੇ ਖਵਾਉਂਦੇ ਰਹੇ। ਫੇਰ ਖ਼ੂਬ ਬਿਸਤਰਾ ਅਵੱਲ ਵਿਛਾ ਕੇ ਪਲੰਗ ਤੇ ਸੁਲਾ ਦਿਤਾ, ਜੋ ਪੈਂਦੇ ਨੂੰ ਨੀਂਦ ਆ ਗਈ। ਇਹਨਾਂ ਗਦਾਰਾਂ ਨੇ ਉਹਦੀ ਬੰਦੂਕ, ਪਸਤੌਲ ਤੇ ਬੰਬਾਂ ਦਾ ਝੋਲਾ ਸਭ ਲਾਂਬੇ ਕਰ ਲਏ ਤੇ ਦੋ ਚੰਡਾਲ ਨਾਲ ਸੌਂ ਗਏ। ਬਾਕੀ ਅਗੇ ਪਿਛੇ ਸੌਂ ਗਏ। ਪੁਲਸ ਨੂੰ ਖਬਰ ਦੇ ਦਿਤੀ ਕਿ ਆ ਜਾਓ। ਇਕ ਬੰਬ ਜਿਹੜਾ ਹਰਦਮ ਧੰਨਾ ਸਿੰਘ ਆਪਣੀ ਹੇਠਲੀ ਕੁੜਤੀ ਦੀ ਜੇਬ ਵਿਚ ਰਖਦਾ ਸੀ, ਉਸਦਾ ਕਿਸੇ ਨੂੰ ਪਤਾ ਨਹੀਂ ਸੀ।

## (ਬੈਂਤ)

ਧੰਨਾ ਸਿੰਘ ਨੂੰ ਜਦੋਂ ਸੁਲਾ ਦਿਤਾ ਮੰਜੇ ਆਪ ਚੁਫੇਰੇ ਸਭ ਡਾਣ ਪਾਪੀ ।
ਨੀਂਦ ਆ ਗਈ ਸੂਰਮੇ ਬਬਰ ਤਾਈਂ ਲੈ ਗਏ ਚੁਕ ਕੇ ਸਭ ਸਮਾਨ ਪਾਪੀ ।
ਖਾਲੀ ਹੱਥ ਬਣਾ ਕੇ ਸੂਰਮੇ ਨੂੰ ਬਾਹਰੋਂ ਪੁਲਸ ਨੂੰ ਸੱਦ ਲਿਆਂਣ ਪਾਪੀ ।
ਘੁਸਰ ਘੁਸਰ ਕਰ ਆਪਣੀ ਪਾਰਟੀ ਦੇ ਸਾਰੇ ਬੰਦਿਆਂ ਤਾਈਂ ਜਗਾਨ ਪਾਪੀ ।
ਵਿਹੜਾ ਆਂਣ ਕੇ ਪੁਲਸ ਦੇ ਨਾਲ ਭਰਿਆ ਖੌਫ ਸੂਰਮੇ ਤੋਂ ਬਹੁਤ ਖਾਣ ਪਾਪੀ ।
ਪੁਲਸ ਮੰਜੇ ਦੇ ਆਂਣ ਕੇ ਖੜੀ ਗਿਰਦੇ ਦੁਸ਼ਟ ਚੌਂਕੜੀ ਝੱਟ ਬੁਲਾਣ ਪਾਪੀ ।
ਪੁਲਸ ਘੂਰ ਕੇ ਤੇ ਇਹਨਾਂ ਗੰਦਿਆਂ ਨੂੰ ਅੱਗੇ ਸੂਰਮੇ ਦੇ ਲਗੀ ਡਾਣ ਪਾਪੀ ।
ਡਰਦੇ ਪੁਲਸ ਦੀ ਜੁਤੀ ਤੋਂ ਖਾਲਸਾ ਇਹ ਗਿਰਦੇ ਸੂਰਮੇ ਦੇ ਹੋਏ ਆਂਣ ਪਾਪੀ ।
ਇਕ ਵਾਰ ਪੈ ਗਏ ਸਾਰੇ ਪਾਜਿਆਂ ਤੋਂ ਕੱਠੇ ਹੋ ਕੇ ਵਾਂਗ ਤੁਫਾਨ ਪਾਪੀ ।
ਕਿਸੇ ਲੱਤ ਫੜ ਲਈ ਕਿਸੇ ਬਾਂਹ ਫੜ ਲਈ ਕੋਈ ਕੇਸਾਂ ਨੂੰ ਚਿੰਬੜੇ ਜਾਣ ਪਾਪੀ ।
ਉਹਨੂੰ ਚਾਰ ਚੁਫੇਰਿਓ ਫੜ ਲਿਆ ਲਗੇ ਹੱਥਾਂ ਨੂੰ ਕੜੀ ਲਗਾਣ ਪਾਪੀ ।
ਮਾਰ ਮਾਰ ਕੇ ਬੋਲੀਆਂ ਖੋਟੀਆਂ ਦੇ ਤੀਰ ਛਾਤੀ ਤੋਂ ਪਾਰ ਲੰਘਾਣ ਪਾਪੀ ।
ਮਾਰੋ ਫੜ ਲਓ ਕਰੋ ਹਲਾਲ ਇਸਨੂੰ ਲਗੇ ਕਾਵਾਂ ਰੌਲੀ ਸਾਰੇ ਪਾਣ ਪਾਪੀ ।
ਅਜ ਬੰਦ ਕਰਕੇ ਹਵਾ ਲਾਟ ਅੰਦਰ ਸ਼ੁਕਰ ਰੱਬ ਦਾ ਲਗੇ ਮਨਾਣ ਪਾਪੀ ।
ਕੀਤਾ ਜੁਲਮ ਚੰਡਾਲ ਨੇ ਬੜਾ ਭਾਰਾ ਜਿਹੜਾ ਆਵੇ ਨਾਂ ਵਿਚ ਬਿਆਨ ਪਾਪੀ ।
ਜਾਨਸਾਨ ਤੇ ਹਾਟਨ ਪੁਲੀਸ ਅਫਸਰ ਗੁਰੂ ਸਾਹਬ ਦੀ ਨਿੰਦਦੇ ਸ਼ਾਨ ਪਾਪੀ ।
ਅਜ ਮਾਰਾਂਗੇ ਬੰਨ ਕੇ ਜੇਲ ਖਾਨੇ ਬਬਰ ਬਬਰ ਹੀ ਹੁੰਦੀ ਜਹਾਨ ਪਾਪੀ ।
ਬਸ ਮਾਰ ਕੇ ਬਬਰ ਦੇ ਹੱਥ ਕੜੀਆਂ ਚਾਰੋਂ ਤਰਫ ਨੂੰ ਧੂ ਖਚਾਣ ਪਾਪੀ ।
ਬੱਧਾ ਆਪ ਨੂੰ ਦੇਖ ਕੇ ਬਬਰ ਯੋਧਾ ਧਰਦਾ ਗੁਰੂ ਦਾ ਸ਼ੇਰ ਧਿਆਨ ਪਾਪੀ ।
ਬੰਬ ਚਲੂ ਹੁਣ ਸ਼ੇਰ ਦਾ ਲਾਭ-ਸਿੰਘਾ ਦੇਖ ਭੁਜਦੇ ਭੱਠੀ ਵਿਚ ਧਾਨ ਪਾਪੀ ।

## ਬਬਰ ਧੰਨਾ ਸਿੰਘ ਜੀ ਦੀ ਸ਼ਹੀਦੀ

### [ਬੈਂਤ]

ਬਬਰ ਸ਼ੇਰ ਦੇ ਹੱਥ ਨੂੰ ਮਾਰ ਕੜੀਆਂ ਪੁਲਸ ਹੋ ਗਈ ਝੱਟ ਹੁਸ਼ਿਆਰ ਵੀਰੋ ।
ਬੰਬ ਇਕ ਜੀਗਾ ਕੋਲ ਸੂਰਮੇ ਦੇ ਉਹਦੀ ਕਿਸੇ ਨੂੰ ਖਬਰ ਨਾਂ ਸਾਰ ਵੀਰੋ ।
ਪਈ ਹਫੜਾ ਦਫੜੀ ਉਸ ਵੇਲੇ ਧੂ ਘਸੀਟ ਦਾ ਗਰਮ ਬਜਾਰ ਵੀਰੋ ।
ਬਬਰ ਛੱਡ ਕੇ ਆਸਰਾ ਸਾਰਿਆਂ ਦਾ ਯਾਦ ਕਰ ਲਿਆ ਗੁਰੂ ਕਰਤਾਰ ਵੀਰੋ ।
ਬਲ ਬਖਸ਼ਿਆ ਗੁਰੂ ਜੀ ਸੂਰਮੇ ਨੂੰ ਫੇਰ ਗਜਿਆ ਮਾਰ ਭੁਬਕਾਰ ਵੀਰੋ ।
ਝੋਸਾ ਮਾਰਿਆ ਸ਼ੇਰ ਨੇ ਉਸ ਵੇਲੇ ਬੜਾ ਹੋ ਕੇ ਤੇ ਖਬਰਦਾਰ ਵੀਰੋ ।
ਝੋਸਾ ਮਾਰਿਆ ਤੇ ਸੰਗਲ ਟੁਟ ਗਿਆ ਬਲ ਬਖਸ਼ ਦਿਤਾ ਪ੍ਰਵਦਗਾਰ ਵੀਰੋ ।
ਬੰਬ ਪਲਟਣੀ ਜੇਵ ਦੇ ਵਿਚ ਉਸਦੇ ਅੰਤ ਵੇਲੇ ਦਾ ਸੋਹਣਾ ਯਾਰ ਵੀਰੋ ।
ਛੱਲਾ ਜੇਬ ਦੇ ਵਿਚ ਹੀ ਧੂ ਦਿਤਾ ਜਿਹੜਾ ਕਰ ਗਿਆ ਬੇੜੀਆਂ ਪਾਰ ਵੀਰੋ ।
ਬੰਬ ਚਲਿਆ ਕੰਬ ਮਕਾਨ ਗਏ ਉਸ ਉਠਾ ਲਿਆ ਗਰਦ ਗੁਬਾਰ ਵੀਰੋ ।
ਉਡ ਗਏ ਦਸ ਸਿਪਾਹੀ ਅੰਗਰੇਜ ਦੋਵੇਂ ਮਰਿਆ ਇਕ ਕਹਿੰਦੇ ਠਾਣੇਦਾਰ ਵੀਰੋ ।
ਅੰਦਰ ਹੋ ਗਿਆ ਸਾਫ ਸੁਫਾ ਸੋਹਣਾ ਮੁਰਦਾ ਪੈ ਗਈ ਡਾਰ ਗਦਾਰ ਵੀਰੋ ।
ਬਬਰ ਆਪ ਹੀ ਹੋ ਸ਼ਹੀਦ ਗਿਆ ਕਰ ਸੂਰਮਿਆਂ ਦੀ ਸੂਰਾ ਕਾਰ ਵੀਰੋ ।

ਜਦੋਂ ਤਕ ਇਹ ਰਹਿਣਗੇ ਚੰਦ ਸੂਰਜ ਰਹੂ ਸੂਰਮੇ ਦੀ ਯਾਦਗਾਰ ਵੀਰੋ ।
ਬਾਕੀ ਪੁਲਸ ਨੇ ਕੌਮ ਗਦਾਰ ਫੜਕੇ ਸਿਰ ਜੁਤੀਆਂ ਦੀ ਕੀਤੀ ਮਾਰ ਵੀਰੋ ।
ਧੰਨਾ ਸਿੰਘ ਦੇ ਕੋਲ ਨਾਂ ਚੀਜ ਕੋਈ ਤੁਸੀਂ ਆਖਦੇ ਸੀ ਵਾਰ ਵਾਰ ਵੀਰੋ ।
ਮੱਥਾ ਟੇਕ ਕੇ ਸ਼ੇਰ ਨੂੰ ਲਾਭ ਸਿੰਘਾ ਮੁਖੋਂ ਆਖ ਛਡਾਂ ਬਲਿਹਾਰ ਵੀਰੋ ।

## ਕੋਰੜਾ ਛੰਦ

ਕੱਠੀ ਹੋ ਕੇ ਪਾਰਟੀ ਚੰਡਾਲ ਚੰਦਰੇ, ਕਰਦੇ ਸਲਾਹਾਂ ਖੱਲਾਂ ਵਿਚ ਅੰਦਰੇ ,
ਕਹਿਣ ਅਸਾਂ ਸੂਰਮੇ ਨੂੰ ਦੇਣਾ ਗਾਲਜੀ, ਤੂੰਹੀ ਗੁਰੂ ਭਗਤਾਂ ਦਾ ਰਛਪਾਲ ਜੀ।
ਪੁਲਸ ਕੋਲ ਗੱਲਾਂ ਦਿਤੀਆਂ ਉਚਾਰ ਜੀ, ਖਾਲੀ ਹੱਥ ਸੂਰਮੇ ਨੂੰ ਸੁਟੋ ਮਾਰ ਜੀ,
ਦੱਸਦੇ ਪੁਲਸ ਤਾਈਂ ਪੂਰਾ ਹਾਲ ਜੀ, ਤੂੰਹੀ ਗੁਰੂ ਭਗਤਾਂ ਦਾ ਰਛਪਾਲ ਜੀ ।
ਲਵਾਂਗੇ ਮੁਰੱਬੇ ਜਾਕੇ ਖੁਲੀ ਬਾਰ ਜੀ, ਪਹਿਲੇ ਆਪ ਹੱਥੀਂ ਪੈ ਗਏ ਗਦਾਰ ਜੀ,
ਢੁਕੇ ਅੰਗਰੇਜ ਨੇੜੇ ਮਾਰ ਛਾਲ ਜੀ, ਤੂੰਹੀ ਗੁਰੂ ਭਗਤਾਂ ਦਾ ਰਛਪਾਲ ਜੀ ।
ਜਦੋਂ ਸੁਤਾ ਪਿਆ ਸ਼ੇਰ ਗਿਆ ਦੱਬਿਆ, ਛੱਡ ਹੋਰ ਆਸਰੇ ਤੇ ਰਬ ਲੱਭਿਆ,
ਤਕ ਲਈ ਓਟ ਪੁਰਖ ਅਕਾਲ ਜੀ, ਤੂੰਹੀ ਗੁਰੂ ਭਗਤਾਂ ਦਾ ਰਛਪਾਲ ਜੀ ।
ਮਾਰਿਆ ਹਜੋਕਾ ਤੇ ਸੰਗਲ ਟੁਟਿਆ, ਜੇਬ ਵਿਚ ਛੱਲਾ ਸ਼ੇਰ ਧੂ ਸੁਟਿਆ,
ਉਡ ਗਏ ਗਿਆਰਾਂ ਧੂੜ ਦਿਤੀ ਠਾਲ ਜੀ, ਤੂੰਹੀ ਗੁਰੂ ਭਗਤਾਂ ਦਾ ਰਛਪਾਲ ਜੀ ।
ਬੱਧਾ ਸ਼ੇਰ ਦੇਖ ਮਾਰੇ ਲਲਕਾਰੇ ਜੀ, ਅੜੇ ਅੰਗਰੇਜ ਉਡ ਗਏ ਸਾਰੇ ਜੀ ,
ਅਧੇ ਸਾਰੇ ਫੂਕ ਬੰਬ ਸੁਟੇ ਜਾਲ ਜੀ, ਤੂੰਹੀ ਗੁਰੂ ਭਗਤਾਂ ਦਾ ਰਛਪਾਲ ਜੀ ।
ਰਲਕੇ ਸੀ ਲੋਹੜਾ ਮਾਰਿਆ ਇਹ ਪਾਪੀਆਂ, ਲੱਤਾਂ ਬਾਹਵਾਂ ਸਿਰ ਫੂਕ ਗਿਆ ਛਾਤੀਆਂ,
ਨਰਕ ਵਿਚ ਦਿਤੇ ਨੇ ਗਿਆਰਾਂ ਡਾਲ ਜੀ, ਤੂੰਹੀ ਗੁਰੂ ਭਗਤਾਂ ਦਾ ਰਛਪਾਲ ਜੀ।
ਬਬਰ ਜਵਾਨ ਵਾਲੇ ਦੱਸੇ ਹੱਥ ਜੀ, ਪੈਰ ਨਾਂ ਹਟਾਉਣ ਸਿਰ ਜਾਵੇ ਲੱਥ ਜੀ,
ਤੇਰੇ ਘਰ ਹੋਵੇ ਮਨਜ਼ੂਰ ਘਾਲ ਜੀ, ਤੂੰਹੀ ਗੁਰੂ ਭਗਤਾਂ ਦਾ ਰਛਪਾਲ ਜੀ ।

**ਨੋਟ :—** **ਇਹ ਬੰਬ ਛੱਜਾ ਸਿੰਘ ਚਾਣਬੂ ਵਾਲੇ ਨੇ ਦਿਤਾ ਤੇ ਸਿਖਾਇਆ ਕਿ ਇਸਦਾ ਪਤਾ ਕਿਸੇ ਨੂੰ ਨਾਂ ਦੇਵੀਂ, ਇਹ ਤੇਰੀ ਅੰਤ ਵੇਲੇ ਸਹਾਇਤਾ ਕਰੇਗਾ। ਜੇ ਕਰ ਇਸਦਾ ਵੀ ਗਦਾਰਾਂ ਨੂੰ ਪਤਾ ਹੁੰਦਾ ਤਾਂ ਉਹਨਾਂ ਲਾਂਬੇ ਕਰ ਲੈਣਾ ਸੀ। ਜੇ ਕਰ ਧੰਨਾ ਸਿੰਘ ਦਾ ਪੂਰਾ ਹਵਾਲ ਲਿਖੀਏ ਤਾਂ ਇਸ ਦਾ ਪੂਰਾ ਗਰੰਥ ਬਣ ਜਾਵੇ। ਇਹ ਵਾਕਿਆ ੨੫-੫-੨੩ ਦਾ ਹੈ। ਅੱਗੇ ਹਵਾਲ ਛੱਜਾ ਸਿੰਘ ਚਾਣਬੂ ਵਾਲੇ ਦਾ।**

## (ਬੈਂਤ)

ਛੱਜਾ ਸਿੰਘ ਜਵਾਨ ਹੈ ਚਾਣਬੂ ਦਾ ਥੋੜਾ ਉਸਦਾ ਸੁਣੋ ਹਵਾਲ ਭਾਈ ।
ਪਲਟਣ ਪੱਚੀ ਨੰਬਰ ਵਿਚ ਹੈ ਨੌਕਰ ਲਾਉਂਦਾ ਹੁੰਦਾ ਸੀ ਸੋਹਣੀ ਛਾਲ ਭਾਈ ।
ਸਾਕਾ ਜਦੋਂ ਨਨਕਾਣੇ ਦਾ ਸੀ ਹੋਇਆ ਦਿਤੀ ਧੂੜ ਮਹੰਤ ਉਠਾਲ ਭਾਈ ।
ਇਸ ਮਰਦ ਨੇ ਨੌਕਰੀ ਛਡ ਦਿਤੀ ਬਬਰ ਬਨਣ ਦਾ ਆਉਂਦਾ ਖਿਆਲ ਭਾਈ ।
ਮਰਦ ਦਿਲ ਦਾ ਬੜਾ ਗਭੀਰ ਸੀ ਇਹ ਜੋਸ਼ ਕੌਮ ਦੇ ਆਉਂਣ ਉਬਾਲ ਭਾਈ ।
ਝੋਲੀ ਚੁਕਾਂ ਦੇ ਦੇਖ ਕੇ ਕਾਰਨਾਮੇ ਬਸ ਰਲ ਗਿਆ ਬਬਰਾਂ ਨਾਲ ਭਾਈ ।

ਗੁਰ ਸਿੱਖੀ ਦੇ ਵਿਚ ਸੀ ਪੱਕਾ ਪੂਰਾ ਬਾਣੀ ਪੜ੍ਹੇ ਤੇ ਜੱਪੇ ਅਕਾਲ ਭਾਈ ।
ਇਕ ਰੋਜ ਵਲ ਖੇਤਾਂ ਦੇ ਲਾਭ ਸਿੰਘਾ ਸ਼ੇਰ ਚੱਲਿਆ ਪੈਰ ਉਠਾਲ ਭਾਈ ।

## ਤਥਾ ਬੈਂਤ

ਇਕ ਰੋਜ ਵਲ ਖੇਤਾਂ ਦੇ ਦੇਖਣੇ ਨੂੰ ਗਿਆ ਦਿਲ ਵਿਚ ਕਰ ਵਿਚਾਰ ਭਾਈ ।
ਲੱਖਾ ਸਿੰਘ ਛੋਟਾ ਭਾਈ ਨਾਲ ਇਹਦੇ ਦੋਵੇਂ ਬਾਹਰ ਨੂੰ ਗਏ ਪਧਾਰ ਭਾਈ ।
ਵਿਚ ਰੋਹੀ ਦੇ ਮਿਲਿਆ ਇਕ ਬੰਦਾ ਹੋਈ ਉਸਦੇ ਨਾਲ ਗੁਫਤਾਰ ਭਾਈ ।
ਉਸ ਪੁਛਿਆ ਛੱਜਾ ਸਿੰਘ ਕੌਣ ਇਥੇ ਸੁਣਿਆ ਬਬਰਾਂ ਦਾ ਮਦਦਗਾਰ ਭਾਈ ।
ਛੱਜਾ ਸਿੰਘ ਕਿਹਾ ਮੈਂ ਵੀ ਟੋਲਦਾ ਹਾਂ ਲਿਆ ਜਿਸਦਾ ਨਾਮ ਗਦਾਰ ਭਾਈ ।
ਉਸ ਆਖਿਆ ਬਬਰਾਂ ਦੇ ਨਾਲ ਦੇ ਜੋ ਫੜਾ ਚੁਕਾ ਹਾਂ ਮੈਂ ਤਿੰਨ ਚਾਰ ਭਾਈ ।
ਛੱਜਾ ਸਿੰਘ ਨੂੰ ਸੁਣ ਕੇ ਅੱਗ ਲਗੀ ਚਿਹਰਾ ਭਖਿਆ ਵਾਂਗ ਅੰਗਿਆਰ ਭਾਈ ।
ਗੁੱਸਾ ਝੱਲਿਆ ਗਿਆ ਨਾਂ ਸੂਰਮੇ ਤੋਂ ਮਾਰੀ ਧੂ ਕੇ ਉਸ ਤਲਵਾਰ ਭਾਈ ।
ਧੌਣ ਵੱਢ ਕੇ ਮਾਰੀ ਜਮੀਨ ਉਤੇ ਕੰਮ ਕਰ ਦਿਤਾ ਉਹਦਾ ਪਾਰ ਭਾਈ ।
ਟੋਆ ਦੋਹਾਂ ਭਰਾਵਾਂ ਨੇ ਪੁਟ ਕੇ ਤੇ ਲਾਸ਼ ਵਿਚ ਦਿਤੀ ਉਹਦੇ ਤਾਰ ਭਾਈ ।
ਉਥੇ ਦੱਬਕੇ ਤੇ ਬੇਈ ਮਾਨ ਤਾਈਂ ਲਾਂਭੇ ਹੋ ਗਏ ਮੋਰਚਾ ਮਾਰ ਭਾਈ ।
ਐਹੋ ਜਿਹੇ ਜਵਾਨ ਦੇ ਲਾਭ ਸਿੰਘਾ ਜਾਈਏ ਲਖ ਲਖ ਵਾਰ ਬਲਿਹਾਰ ਭਾਈ ।

**ਨੋਟ :—** **ਛੱਜਾ ਸਿੰਘ ਦੇ ਨਾਨਕੇ ਮੌਜਾ ਚੀਉਣ ਸਨ, ਜਿਥੋਂ ਦੇ ਦੋ ਸਕੇ ਭਰਾ ਬੇਲਾ ਸਿੰਘ ਤੇ ਜੁਆਲਾ ਸਿੰਘ ਸਨ, ਜਿਹੜੇ ਗ਼ਦਾਰਾਂ ਦੇ ਹੀ ਜੋੜੀਦਾਰ ਸਨ । ਉਥੇ ਹੀ ਬੜੇ ਨੰਗਲ ਵਾਲੇ ਬੇਅੰਤ ਸਿੰਘ ਦੇ ਨਾਨਕੇ ਸਨ । ਬੇਅੰਤ ਸਿੰਘ ਨੇ ਸੋਚਿਆ ਕਿ ਛੱਜਾ ਸਿੰਘ ਦਾ ਵਾਰੰਟ ਹੈ, ਇਸ ਨੂੰ ਫੜਾ ਕੇ ਮੁਰੱਬੇ ਲੈ ਲਵਾਂ । ਜਦ ਛੱਜਾ ਸਿੰਘ ਇਸਨੂੰ ਮਿਲਣ ਗਿਆ ਤਾਂ ਛੱਜਾ ਸਿੰਘ ਨੂੰ ਜੰਦਰੇ ਅੰਦਰ ਬੰਦ ਕਰਕੇ ਆਪ ਮਾਹਿਲ ਪੁਰ ਠਾਣੇ ਤੋਂ ਪੁਲਸ ਲੈਣ ਚਲਾ ਗਿਆ ।**

## (ਬੈਂਤ)

ਛੱਜਾ ਸਿੰਘ ਦਾ ਠਾਣੇ ਜਾਂ ਪਤਾ ਲਗਾ ਉਹਨਾਂ ਦਿਤਾ ਵਾਰੰਟ ਕਢਾ ਵੀਰੋ ।
ਲੱਖਾ ਸਿੰਘ ਤੇ ਛੱਜਾ ਸਿੰਘ ਵੀਰ ਦੋਵੇਂ ਵਿਚ ਬੜੇ ਨੰਗਲ ਗਏ ਆ ਵੀਰੋ ।
ਬੇਅੰਤ ਮਸੇਰ ਜੋ ਉਹਨਾਂ ਦਾ ਲਗਦਾ ਸੀ ਬੈਠੇ ਉਹਦੇ ਮਕਾਨ ਤੇ ਜਾ ਵੀਰੋ ।
ਇਹਨਾਂ ਦੋਹਾਂ ਭਰਾਵਾਂ ਨੂੰ ਦੇਖ ਕੇ ਤੇ ਗਿਆ ਚੜ੍ਹ ਬੇਅੰਤ ਨੂੰ ਚਾ ਵੀਰੋ ।
ਕਹਿੰਦਾ ਇਹਨਾਂ ਨੂੰ ਜਰਾ ਕੁ ਲੇਟ ਜਾਵੋ ਮੈਂ ਆਉਂਦਾ ਲੈ ਕੇ ਚਾਹ ਵੀਰੋ ।
ਕੁੰਡਾ ਝੱਟ ਅੜਾ ਕੇ ਤਖਤਿਆਂ ਦਾ ਜੰਦਾ ਦਿਤਾ ਮਜ਼ਬੂਤ ਲਗਾ ਵੀਰੋ ।
ਚੜ੍ਹਕੇ ਘੋੜੀ ਪੁਰ ਭੱਜਿਆ ਮਹਿਲ ਪੁਰ ਨੂੰ ਝੱਬੇ ਪੁਲਸ ਨੂੰ ਲਿਆਇਆ ਚੜ੍ਹਾ ਵੀਰੋ ।
ਬੰਦੇ ਸਦ ਕੇ ਆਪਣੀ ਰਾਇ ਵਾਲੇ ਪਹਿਰਾ ਥਾਂ ਥਾਂ ਦਿਤਾ ਬਿਠਾ ਵੀਰੋ ।
ਛੱਜਾ ਸਿੰਘ ਇਹ ਤਾਰ ਪਛਾਣ ਗਿਆ ਸ਼ੇਰ ਉਠਿਆ ਗੁੱਸੇ ਨੂੰ ਖਾ ਵੀਰੋ ।
ਹੱਥ ਪਾ ਕੇ ਸ਼ੇਰ ਨੇ ਤਖਤਿਆਂ ਨੂੰ ਹੰਭੂਕਾ ਮਾਰਿਆ ਜੋਰ ਨੂੰ ਲਾ ਵੀਰੋ ।
ਕੁਲਫ ਪੁਟਿਆ ਗਿਆ ਜੀ ਤਖਤਿਆਂ ਦਾ ਪਹਿਰਦਾਰ ਗਏ ਖੌਫ ਨੂੰ ਖਾ ਵੀਰੋ ।
ਜਿਹੜੇ ਬੀਜ ਚੰਡਾਲ ਦੇ ਲਾਭ ਸਿੰਘਾ ਦਿੰਦੇ ਯਾਰ ਬਣਾ ਮਰਵਾ ਵੀਰੋ ।

# ਛੱਜਾ ਸਿੰਘ ਦੀ ਗ੍ਰਿਫ਼ਤਾਰੀ

(ਬੈਂਤ)

ਇਸ ਤੋਂ ਮਗਰੋਂ ਥੋੜੇ ਜਿਹੇ ਦਿਨਾਂ ਪਿਛੋਂ ਪਿੰਡ ਪੁਲਸ ਨੇ ਲਿਆ ਆ ਘੇਰ ਲੋਕੋ ।
ਕਿਸੇ ਜਾ ਕੇ ਪੁਲਸ ਨੂੰ ਖਬਰ ਦਿਤੀ ਉਹਨਾਂ ਲਾਈ ਨਾਂ ਚੜ੍ਹਦਿਆਂ ਦੇਰ ਲੋਕੋ ।
ਠਾਣੇ ਆ ਕੇ ਤੇ ਉਥੇ ਮਹਿਲਪੁਰ ਦੇ ਸੁੱਤਾ ਪਕੜਿਆ ਐਵੇਂ ਇਹ ਸ਼ੇਰ ਲੋਕੋ ।
ਇਹ ਜਿਲੇ ਜਾਲੰਧਰ ਨੂੰ ਤੋਰ ਦਿਤਾ ਸਾਰਾ ਲਾ ਕੇ ਜੋਰ ਇਕ ਵੇਰ ਲੋਕੋ ।
ਕੋਤਵਾਲੀ ਸਟੇਸ਼ਨ ਦੇ ਕੋਲ ਹੀ ਹੈ ਕੋਈ ਨਹੀਂ ਜੇ ਦੂਰ ਬਥੇਰ ਲੋਕੋ ।
ਉਹਦੇ ਵਿਚ ਇਹਨੂੰ ਜਦੋਂ ਦੇਣ ਲੱਗੇ ਕੀਤੀ ਆਣਕੇ ਗੁਰੂ ਨੇ ਮਿਹਰ ਲੋਕੋ ।
ਬਬਰ ੨ ਕਰਕੇ ਰੌਲੀ ਪਾਉਣ ਲਗੇ ਇਕੱਠੇ ਪੁਲਸੀਏ ਵਾਂਗ ਬਟੇਰ ਲੋਕੋ ।
ਜਿਹੜੀ ਨੀਅਤ ਇਨਾਮ ਦੇ ਲੈਣ ਦੀ ਸੀ ਕੁੰਜੀ ਸੂਰਮੇ ਨੇ ਦਿਤੀ ਫੇਰ ਲੋਕੋ ।
ਹੁੰਦਾ ਸੂਰਮਾ ਕੋਈ ਕੋਈ ਲਾਭ ਸਿੰਘਾ ਗੱਪਾਂ ਮਾਰਦੇ ਨੇ ਲੋਕੀਂ ਢੇਰ ਲੋਕੋ ।

## ਤਥਾ ਬੈਂਤ

ਕਹਿਣ ਹੱਥ ਅਚਾਨਕ ਹੀ ਆ ਗਿਅ ਬੜੀ ਏਸ ਜਵਾਨੀ ਦੀ ਲੋੜ ਸੀ ਜੀ ।
ਕੋਤਵਾਲੀ ਦੇ ਅੰਦਰ ਜਾ ਦੇਣ ਲੱਗੇ ਇਹਨੂੰ ਬੂਹੇ ਦੀ ਤਰਫ ਨੂੰ ਮੋੜ ਸੀ ਜੀ ।
ਹੰਜੋਕਾ ਜੋਰ ਦਾ ਮਾਰਿਆ ਸੂਰਮੇ ਨੇ ਸੰਗਲ ਟੁੱਟਿਆ ਕੜੀਆਂ ਨੂੰ ਤੋੜ ਸੀ ਜੀ ।
ਮਾਰੀ ਲੱਤ ਸਿਪਾਹੀ ਦੇ ਲਾਭ ਸਿੰਘਾ ਖਿੱਦੂ ਵਾਂਗ ਉਹ ਮਾਰਿਆ ਰੋੜ੍ਹ ਸੀ ਜੀ ।

## ਤਥਾ ਬੈਂਤ

ਜਦੋਂ ਤੋੜ ਕੇ ਸੰਗਲੀ ਭੱਜ ਤੁਰਿਆ ਬਬਰ ਪੁਲਸ ਦੇ ਤਾਈਂ ਲਲਕਾਰ ਸੀ ਜੀ ।
ਵਾੜ ਥੋਰਾਂ ਦੀ ਕੰਧ ਦੇ ਵਾਂਗ ਅੱਗੇ ਛਾਲ ਮਾਰ ਕੇ ਹੋ ਗਿਆ ਪਾਰ ਸੀ ਜੀ ।
ਭਰੀਆਂ ਗੱਡੀਆਂ ਸਟੇਸ਼ਨ ਤੇ ਮਾਲ ਦੀਆਂ ਅੱਗੋਂ ਪਿਛੋਂ ਦੀ ਬੰਨ ਕੇ ਲਾਰ ਸੀ ਜੀ ।
ਵਿਚ ਉਹਨਾਂ ਦੇ ਸੂਰਮਾ ਜਾ ਵੜਿਆ ਜੁੱਤੀ ਸਾਰਿਆਂ ਦੇ ਸਿਰ ਮਾਰ ਸੀ ਜੀ ।
ਉਤੇ ਬੈਠ ਕੇ ਲਾਇਨ ਦਿਆਂ ਗਾਡਰਾਂ ਤੇ ਮਾਰੇ ਜੋਰ ਦੇ ਹੱਥ ਉਭਾਰ ਸੀ ਜੀ ।
ਸੰਗਲ ਹੱਥ ਤੋਂ ਕੜੀ ਦਾ ਟੁਟ ਗਿਆ ਫੇਰ ਗੱਜਿਆ ਸ਼ੇਰ ਬੰਗਾਰ ਸੀ ਜੀ ।
ਤਿੰਨ ਮੀਲ ਦੂਜੇ ਪਾਸੇ ਭੱਜ ਗਿਆ ਰਾਜਨੀਤੀ ਦੀ ਨੀਅਤ ਵਿਚਾਰ ਸੀ ਜੀ ।
ਕੜੀ ਕੱਟਕੇ ਖੂਹ ਦੇ ਵਿਚ ਮਾਰੀ ਇਕ ਜਾ ਕੇ ਕੋਲ ਲੁਹਾਰ ਸੀ ਜੀ ।
ਚੜ੍ਹੀ ਪੁਲਸ ਰਸਾਲੇ ਨੂੰ ਨਾਲ ਲੈ ਕੇ ਘੋੜੇ ਜਾਂਵਦੇ ਬੰਨ ਰਫਤਾਰ ਸੀ ਜੀ ।
ਘੱਟਾ ਛਾਣ ਤ੍ਰਿਕਾਲਾਂ ਨੂੰ ਮੁੜ ਆਏ ਲਗੀ ਕੋਈ ਨਾਂ ਖਬਰ ਤੇ ਸਾਰ ਸੀ ਜੀ ।
ਲੱਖਾ ਸਿੰਘ ਇਹਦਾ ਭਾਈ ਸੀ ਛੋਟਾ ਉਹਨੂੰ ਕੀਤਾ ਆਂਣ ਗ੍ਰਿਫਤਾਰ ਸੀ ਜੀ ।
ਛੱਜਾ ਸਿੰਘ ਜਵਾਨ ਨੂੰ ਲਾਭ ਸਿੰਘਾ ਏਸ ਗਲ ਨੇ ਕੀਤਾ ਲਾਚਾਰ ਸੀ ਜੀ ।

**ਨੋਟ :—** ਜਦੋਂ ਲੱਖਾ ਸਿੰਘ ਨੂੰ ਗ੍ਰਿਫਤਾਰ ਕੀਤਾ ਤਾਂ ਛੱਜਾ ਸਿੰਘ ਨੇ ਸੋਚਿਆ ਕਿ ਇਸ ਨੇ ਖੂਨ ਦਸ ਦੇਣਾ। ਫਿਰ ਆਪ ਗ੍ਰਿਫਤਾਰ ਹੋ ਗਿਆ।

ਬਿਅੰਤ ਸਿੰਘ ਨੰਗਲ ਵਾਲੇ ਨੇ ਅੰਦਰ ਦਿਤਾ ਸੀ। ਇਸਦੇ ਬਾਪ ਚੰਦਾ ਸਿੰਘ ਨੇ ਪਿਆਰਾ ਸਿੰਘ ਲੰਗੇਰੀ ਵਾਲੇ ਨੂੰ ਫੜਾ ਕੇ ਬੇਨੰਬਰੀ ਜੈਲਦਾਰੀ ਲਈ ਸੀ। ਹੁਣ ਉਸਦਾ ਹਵਾਲ ਪੜ੍ਹੋ।

## (ਬੈਂਤ)

ਕੀਤੀ ਰਲ ਕੇ ਸਲਾਹ ਕਨੇਡੀਆਂ ਨੇ ਅਸੀਂ ਕੁਲੀ ਜਹਾਨ ਸਦਾਈਏ ਜੀ।
ਲੱਤ ਮਾਰ ਕੇ ਮਾਇਆ ਦੇ ਪੈਸਿਆਂ ਨੂੰ ਚਲੋ ਦੇਸ਼ ਆਜ਼ਾਦ ਕਰਾਈਏ ਜੀ।
ਮਰਦਾਂ ਵਾਂਗ ਮੈਦਾਨ ਦੇ ਵਿਚ ਖੜਕੇ ਵਿਚ ਛਾਤੀ ਦੇ ਗੋਲੀਆਂ ਖਾਈਏ ਜੀ।
ਜਾਂ ਤਾਂ ਜੀਵੀਏ ਜਗ ਤੇ ਮਰਦ ਬਣਕੇ ਨਹੀਂ ਪੈ ਮੁਰਦੇ ਮਰ ਜਾਈਏ ਜੀ।
ਮਾਰ ਮਾਰ ਕੇ ਖੌਸੜੇ ਗੋਰਿਆਂ ਨੂੰ ਦੇਸ਼ ਆਪਣੇ ਵਿਚੋਂ ਘਢਾਈਏ ਜੀ।
ਕੋੜ ਦੇਸ਼ ਦਾ ਕਦੇ ਨਾਂ ਦੂਰ ਹੋਣਾ ਜੇ ਆਪਣੀ ਜਾਨ ਬਚਾਈਏ ਜੀ।
ਪਾ ਝੋਲੀਆਂ ਦੇਸ਼ ਪ੍ਰਦੇਸ਼ ਅੰਦਰ ਧੱਕੇ ਦਰਾਂ ਬਦਰਾਂ ਦੇ ਖਾਈਏ ਜੀ।
ਲਗੇ ਮੱਥੇ ਨੂੰ ਦਾਗ ਗੁਲਾਮੀਆਂ ਦੇ ਖੂਨ ਆਪਣੇ ਨਾਲ ਧੁਆਈਏ ਜੀ।
ਮੇਣੇ ਬੱਜਦੇ ਲੋਕਾਂ ਦੇ ਮੂੰਹ ਉੱਤੇ ਅਸਾਂ ਸੁਣ ਕੇ ਧੌਣ ਨਿਵਾਈਏ ਜੀ।
ਮਰਦਾਂ ਵਾਂਗ ਮਰਦਊ ਕਰ ਲਾਭ ਸਿੰਘਾ ਇਹ ਫਰੰਗੀ ਨੂੰ ਹੱਥ ਦਖਾਈਏ ਜੀ।

## ਤਬਾ ਬੈਂਤ

ਆਏ ਮਰਦ ਕਨੇਡਾ ਤੋਂ ਸੂਰਮੇ ਇਹ ਦੇਸ਼ ਹਿੰਦ ਅਜ਼ਾਦ ਕਰਾਉਂਣੇ ਨੂੰ।
ਮਾੜੇ ਲੋਕ ਜੋ ਭੁਖ ਦੇ ਮਰੇ ਹੋਏ ਸੀ ਮਗਰ ਇਹਨਾਂ ਦੇ ਪਏ ਫੜਾਉਂਣੇ ਨੂੰ।
ਕੁਝ ਹੋਰ ਨਾਂ ਹੋਂਵਦਾ ਗੰਦਿਆਂ ਤੋਂ ਠਾਣੇ ਡੈਰੀਆਂ ਤਿਆਰ ਪਚਾਉਂਣੇ ਨੂੰ।
ਬਣ ਕੇ ਪਿਠੂ ਅੰਗਰੇਜ ਦੇ ਮਹਾਂ ਪਾਪੀ ਛੁਰੀ ਦੂਜੇ ਦੇ ਪੇਟ ਚਲਾਉਂਣੇ ਨੂੰ।
ਪਿਆਰਾ ਸਿੰਘ ਲੰਗੇਰੀ ਦਾ ਸੀ ਬਾਗੀ ਫਿਰਦੀ ਪੁਲਸ ਸੀ ਜੇਲ ਫਸਾਉਂਣੇ ਨੂੰ।
ਚੰਦਾ ਸਿੰਘ ਤਿਆਰ ਹੋ ਗਿਆ ਪਾਪੀ ਸਾਰੀ ਪੁਲਸ ਨੂੰ ਖਬਰ ਪਚਾਉਂਣੇ ਨੂੰ।
ਮਰਦਾਂ ਵਾਂਗ ਮਰਦਊ ਨਾਂ ਕਰ ਸਕੇ ਵਾਂਗ ਕੁੱਤਿਆਂ ਗੰਦਗੀ ਖਾਉਂਣੇ ਨੂੰ।
ਚੰਦੂ ਗੰਗੂ ਦੇ ਵਾਂਗਰਾਂ ਲਾਭ ਸਿੰਘਾ ਰੋਜ ਫਿਟਕਾਂ ਸੀਸ ਪਵਾਉਂਣੇ ਨੂੰ।

**ਨੋਟ :—** ਮੌਜਾ ਬਿੰਜੋ ਤੇ ਪੰਡੋਰੀ ਲਧਾ ਸਿੰਘ ਦੀ ਦੇ ਵਿਚਾਲੇ ਜੇਹੜੀ ਤੁਲਸਾ ਸਿੰਘ ਸਾਧ ਦੀ ਕੁਟੀਆ ਵਿਚ ਪਿਆਰਾ ਸਿੰਘ ਰਹਿੰਦਾ ਸੀ। ਚੰਦਾ ਸਿੰਘ ਉਥੇ ਨੂੰ ਪੁਲਸ ਲੈ ਗਿਆ।

## ਬੈਂਤ

ਪਿਆਰਾ ਸਿੰਘ ਸੀ ਸਾਦ ਦੇ ਕੋਲ ਰਹਿੰਦਾ ਝਟ ਆਪਣਾ ਰਿਹਾ ਲੰਘਾ ਸੀ ਜੀ।
ਉਸਨੂੰ ਮਿਲੂ ਬੇਨੰਬਰੀ ਜੈਲਦਾਰੀ ਜਿਹੜਾ ਇਸਨੂੰ ਦੇਊ ਫੜਾ ਸੀ ਜੀ।
ਚੰਦਾ ਸਿੰਘ ਗੱਦਾਰ ਨੂੰ ਖਬਰ ਇਸਦੀ ਆਇਆ ਪੁਲਸ ਨੂੰ ਨਾਲ ਚੜ੍ਹਾ ਸੀ ਜੀ।
ਕੁਟੀਆ ਸਾਧ ਦੀ ਦੇ ਆ ਕੇ ਚਵੀਂ ਪਾਸੀਂ ਘੇਰਾ ਲਿਆ ਜਾ ਪੁਲਸ ਨੇ ਪਾ ਸੀ ਜੀ।
ਪਿਆਰਾ ਸਿੰਘ ਦੇ ਜਿਥੇ ਹਥਿਆਰ ਸੀਗੇ ਉਥੇ ਇਹ ਨਾਂ ਸਕਦਾ ਆ ਸੀ ਜੀ।
ਖਾਲੀ ਹੱਥ ਇਹ ਉਥੋਂ ਤੋਂ ਭਜ ਤੁਰਿਆ ਇਨਾਂ ਹਥਿਆਰਾਂ ਦੀ ਓਟ ਤਕਾ ਸੀ ਜੀ।
ਮਗਰ ਪੁਲਸ ਰਸਾਲੇ ਦੇ ਆਉਂਣ ਘੋੜੇ ਮਾਰੋ ਮਾਰ ਦੇ ਸ਼ੋਰ ਉਠਾ ਸੀ ਜੀ।
ਬਡੋਆਣ ਜਾ ਪਿੰਡ ਦੇ ਕੋਲ ਪੁੱਜੇ ਪੰਜ ਕੋਹਾਂ ਦੀ ਬਾਟ ਮੁਕਾ ਸੀ ਜੀ।

ਇਕ ਅਗੇ ਤੇ ਬੱਕਰੀ ਚਾਰਦਾ ਸੀ ਬੇਰੀ ਢਾਂਗੇ ਦੇ ਨਾਲ ਬਢਾ ਸੀ ਜੀ।
ਲੰਮਾ ਪੈ ਗਿਆ ਰਾਹ ਦੇ ਕੋਲ ਹੋ ਕੇ ਸੋਹਣਾ ਆਪਣਾ ਦਾਓ ਤਕਾ ਸੀ ਜੀ।
ਵਾੜ ਬੇਰੀ ਦੀ ਬਗਲ ਦੇ ਸੀ ਗਿਰਦੇ ਸਿੰਘ ਟੱਪਿਆ ਛਾਲ ਲਗਾ ਸੀ ਜੀ।
ਲੰਮੇ ਪਏ ਹੀ ਬੱਕਰੀ ਵਾਲੜੇ ਨੇ ਢਾਂਗਾ ਲੱਤ ਨੂੰ ਲਿਆ ਫਸਾ ਸੀ ਜੀ।
ਲੱਤ ਹੇਠ ਮਜਾਨੇ ਤੋਂ ਗਈ ਵੱਢੀ ਭਜ ਸਕੇ ਨਾਂ ਦਿਤਾ ਸੁਣਾ ਸੀ ਜੀ।
ਮਗਰੋਂ ਆਂਣ ਕੇ ਪੁਲਸ ਨੇ ਪਕੜ ਲਿਆ ਲਈ ਹੱਥ ਨੂੰ ਕੜੀ ਲਗਾ ਸੀ ਜੀ।
ਚੰਦਾ ਸਿੰਘ ਨੇ ਸਭ ਤੋਂ ਹੋ ਮੂਹਰੇ ਪਿਆਰਾ ਸਿੰਘ ਨੂੰ ਕਿਹਾ ਸੁਣਾ ਸੀ ਜੀ।
ਬੋਲੀ ਮਾਰੀ ਜਵਾਨ ਨੂੰ ਲਾਭ ਸਿੰਘਾ ਬਰਛਾ ਛਾਤੀ ਤੋਂ ਦਿਤਾ ਲੰਘਾ ਸੀ ਜੀ।

## ਆਖਣਾ ਚੰਦਾ ਸਿੰਘ ਦਾ ਪਿਆਰਾ ਸਿੰਘ ਨੂੰ

(ਬੈਂਤ)

ਚੰਦਾ ਸਿੰਘ ਨੇ ਆਖਿਆ ਖੜ ਮੂਹਰੇ ਭਰਮ ਕਿਸੇ ਤੇ ਨਹੀਂ ਕਰਾਉਂਣਾ ਈਂ।
ਤੈਨੂੰ ਮੈਂ ਫੜਾਇਆ ਯਾਦ ਰਖੀਂ ਹੋਰ ਰਹਿੰਦਿਆਂ ਤਾਈਂ ਫੜਾਉਂਣਾ ਈਂ।
ਹੁਣ ਸੁਟਾਂ ਸਰਕਾਰ ਦੇ ਜੇਲ ਖਾਨੇ ਮਾਰ ਮਾਰ ਕੇ ਚੰਮ ਉਡਾਉਂਣਾ ਈਂ।
ਦੋ ਦੋ ਸੇਰ ਦੇਣੀ ਮੁੰਜ ਕੁਟਣੇ ਨੂੰ ਗੇੜਨ ਕੋਹਲੂ ਖਰਾਸ ਨੂੰ ਲਾਉਂਣਾ ਈਂ।
ਮਰਜੀ ਭੇਜ ਦੇਈਏ ਪਾਣੀ ਕਾਲਿਆ ਨੂੰ ਭਾਵੇਂ ਫਾਸੀ ਦੇ ਉਤੇ ਲਟਕਾਉਂਣਾ ਈਂ।
ਕੋਈ ਆਣਕੇ ਲਏ ਛਡਾ ਤੈਨੂੰ ਲਾ ਲੈ ਜੋਰ ਜੋ ਹੋਰ ਲਗਾਉਂਣਾ ਈਂ।
ਤੈਨੂੰ ਪਕੜਿਆ ਜੋਰ ਦੇ ਨਾਲ ਆਪਾਂ ਭਰਮ ਹੋਰ ਨਾਂ ਕਿਸੇ ਤੇ ਖਾਉਂਣਾ ਈਂ।
ਇਸੇ ਤਰ੍ਹਾਂ ਤੇਰੀ ਸਾਰੀ ਪਾਰਟੀ ਦੇ ਕਲੇ ਕਲੇ ਨੂੰ ਅਸਾਂ ਮਰਵਾਉਂਣਾ ਈਂ।
ਕੋਈ ਰਹੂ ਨਾਂ ਸਾਹਮਣੇ ਹੋਣ ਜੋਗਾ ਚੁਕ ਛਡਣਾ ਮੁੱਢੋਂ ਵਢਾਉਂਣਾ ਈਂ।
ਕੋਹਲੂ ਗੇੜ ਸਰਕਾਰ ਦੇ ਜੇਲ ਖਾਨੇ ਉਥੇ ਰਾਜ ਦਾ ਕੰਮ ਚਲਾਉਂਣਾ ਈਂ।
ਅੜਾ ਲਾ ਕੇ ਤੇ ਨਾਲ ਹਾਕਮਾਂ ਦੇ ਐਵੇਂ ਆਪਣਾ ਸਿਰ ਭਨਾਉਂਣਾ ਈਂ।
ਇਥੋਂ ਕੱਢ ਅੰਗਰੇਜ ਨੂੰ ਲਾਭ ਸਿੰਘਾ ਸਿੱਕਾ ਆਪਣਾ ਤੁਸਾਂ ਚਲਾਉਂਣਾ ਈਂ।

## ਚੰਦਾ ਸਿੰਘ ਨੂੰ ਜੁਬਾਵ ਪਿਆਰਾ ਸਿੰਘ ਦਾ

(ਬੈਂਤ)

ਪਿਆਰਾ ਸਿੰਘ ਨੇ ਆਖਿਆ ਦੂਰ ਹੋ ਜਾ ਦੁਖੇ ਦਿਲ ਨਾਂ ਹੋਰ ਦੁਖਾ ਦੇਖੀਂ।
ਮੇਰੇ ਮਦਤੀ ਜਿਹੜੇ ਉਡੀਕ ਦਾ ਤੂੰ ਸੁਣਦੇ ਸਾਰ ਉਹ ਜਾਣਗੇ ਆ ਦੇਖੀਂ।
ਇਥੋਂ ਰਹਿਣ ਨਾਂ ਅੜੇ ਅੰਗਰੇਜ ਤੇਰੇ ਮਾਰ ਖੌਂਸੜੇ ਦੇਣੇ ਕਢਾ ਦੇਖੀਂ।
ਕੋਈ ਰੋਜ ਵਲੇ ਬੁਲੇ ਲੁਟ ਲੈ ਤੂੰ ਦੇਣਾ ਰਾਹ ਮਸਾਣਾਂ ਦੇ ਪਾ ਦੇਖੀਂ।
ਤੈਨੂੰ ਦੇਣ ਬੇਨੰਬਰੀ ਜੈਲਦਾਰੀ ਕੁਰਸੀ ਹਾਕਮਾਂ ਕੋਲ ਡਾਹ ਦੇਖੀਂ।
ਇਹਨਾਂ ਗੱਲਾਂ ਦਾ ਪੌਣਗੇ ਮੁਲ ਆ ਕੇ ਲੈਣ ਮੁਜਰਮਾਂ ਵਾਂਗ ਬਠਾ ਦੇਖੀਂ।
ਗਧੇ ਵਾਂਗ ਨਾਂ ਲਿਫਦੀ ਧੌਣ ਜਿਹੜੀ ਦੇਣ ਬੇਲਣੇ ਵਿਚ ਲੰਘਾ ਦੇਖੀਂ।
ਧੌਣ ਮੁਰਗੇ ਦੇ ਵਾਂਗ ਮਰੋੜ ਤੇਰੀ ਦੇਣ ਮੋਰਾਂ ਦੇ ਵਲ ਲਟਕਾ ਦੇਖੀਂ।
ਹੁੰਦੀ ਜਿਸ ਤਰ੍ਹਾਂ ਨਾਲ ਹੈ ਬੱਕਰੇ ਦੇ ਖੱਲ ਲਾਹੁੰਣਗੇ ਐਨ ਬਣਾ ਦੇਖੀਂ।
ਦੋਹਰੇ ਭਾ ਦੇ ਕੀਰਨੇ ਪਾਉਂਣ ਬੈਹ ਬੈਹ ਹਾਏ ਹਾਏ ਕਰ ਪਿਟ ਪਿਟਾ ਦੇਖੀ।
ਸਿਰਤੇ ਕਾਲ ਦਾ ਟਮਕਣਾ ਬਜ ਗਿਆ ਲੰਮਾ ਲੈਣਗੇ ਸਿੜੀ ਤੇ ਪਾ ਦੇਖੀ।

ਜਿਹੜੀ ਪੁਲਸ ਦਾ ਦਸਦਾ ਜੋਰ ਆ ਕੇ ਉਡ ਜਾਵੇਗੀ ਪੂਛ ਚੁਕਾ ਦੇਖੀਂ ।
ਜਿਸ ਦਿਨ ਮਰਦ ਮੈਦਾਨ ਦੇ ਵਿਚ ਆਏ ਤੇਰੇ ਜਿਹਾਂ ਦੇ ਸੁਕਦੇ ਸਾਹ ਦੇਖੀਂ ।
ਮੇਰਾ ਜਿਲੇ ਦੇ ਵਿਚ ਚਲਾਣ ਜਾਣਾ ਤੇਰੀ ਲੋਥ ਜਾਣੀ ਨਾਲ ਆ ਦੇਖੀਂ ।
ਬੰਦੇ ਜਿਵੇਂ ਬਜੀਦੇ ਦੇ ਨਾਲ ਕੀਤੀ ਹੋਊ ਤੁਿਸ ਤੋਂ ਵੀ ਵਧ ਵਧਾ ਦੇਖੀਂ ।
ਪਾ ਦੇਣਗੇ ਫਾੜੀਆਂ ਲਾਭ ਸਿੰਘਾ ਸੁੱਤੇ ਸ਼ੇਰ ਤੈਂ ਲਏ ਜਗਾ ਦੇਖੀਂ ।

**ਨੋਟ :—** ਖਬਰ ਲੱਗਣੀ ਪਿਆਰਾ ਸਿੰਘ ਦੇ ਸਾਥੀਆਂ ਬੂਟਾ ਸਿੰਘ ਪਿੰਡ ਸੀ ਕੇ ਮਾਲਵਾ, ਬੰਤਾ ਸਿੰਘ ਸੁਘਾਲ, ਜੀਓਣ ਸਿੰਘ ਤੇ ਜਸਵੰਤ ਸਿੰਘ ਨੰਗਲ ਕਲਾਂ ਦੇ ਨੂੰ ।

## (ਬੈਂਤ)

ਪਿਆਰਾ ਸਿੰਘ ਜੀ ਦੇ ਫੜੇ ਜਾਣ ਦੀਆਂ ਖਬਰਾਂ ਜਾ ਜਵਾਨਾਂ ਨੂੰ ਲੱਗੀਆਂ ਨੇ ।
ਗੁਸੇ ਆਂਣ ਸਰੀਰ ਨੂੰ ਫੂਕ ਦਿਤਾ ਲਾਟਾਂ ਵਿਚ ਕਲੇਜੇ ਦੇ ਜਗੀਆਂ ਨੇ ।
ਉਸੇ ਵਕਤ ਤਿਆਰੀਆਂ ਬਜ ਪਈਆਂ ਵਿਚ ਕਾਲਜੇ ਛੁਰੀਆਂ ਵਗੀਆਂ ਨੇ ।
ਗਲਾਂ ਵਿਚ ਪਸਤੌਲ ਲਟਕਾ ਲਏ ਹੇਠ ਪਾ ਕੇ ਝੱਗਿਆਂ ਝੱਗੀਆਂ ਨੇ ।
ਆਏ ਸ਼ੇਰ ਸ਼ਿਕਾਰ ਦੇ ਮਾਰਨੇ ਨੂੰ ਸੁੰਦਰ ਸੋਣੀਆਂ ਬਗ ਤੋਂ ਢੱਗੀਆਂ ਨੇ ।
ਧਰਕੇ ਵਿਚ ਮਸਾਣਾਂ ਦੇ ਲਾਭ ਸਿੰਘਾ ਲਾਟਾਂ ਦੇਖ ਖਾਂ ਕਿਸ ਤਰ੍ਹਾਂ ਦਾਗੀਆਂ ਨੇ ।

# ਬਬਰ ਤੇ ਚੰਦਾ ਸਿੰਘ ਜਿਹੜਾ ਬੇਨੰਬਰੀ ਜੈਲਦਾਰੀ ਲੈਂਦਾ ਸੀ ।

## (ਬੈਂਤ)

ਚੰਦਾ ਸਿੰਘ ਸੀ ਹੋ ਬੇ ਖੌਫ ਬੈਠਾ ਪਿਆਰਾ ਸਿੰਘ ਦੇ ਤਾਈਂ ਫੜਾ ਸੀ ਜੀ ।
ਜੈਲਦਾਰੀ ਬੇਨੰਬਰੀ ਮਾਰ ਲਈ ਕੰਮ ਗੰਦਿਆਂ ਵਾਲੇ ਕਰਾ ਸੀ ਜੀ ।
ਘੱਟਾ ਮੰਦੇ ਸਰੀਰ ਦਾ ਲਾਉਂਣੇ ਨੂੰ ਵਿਹੜੇ ਵਿਚ ਫਿਰਦਾ ਕੇਸੀ ਨਹਾ ਸੀ ਜੀ ।
ਮੰਜਾ ਡਾਹਕੇ ਵਿਹੜੇ ਵਿਚ ਪਿਆ ਲੰਮਾ ਕੇਸ ਪਿਛਲੀ ਤਰਫ ਲਟਕਾ ਸੀ ਜੀ ।
ਕੱਚੀ ਲੱਸੀ ਦਾ ਇਕ ਗਲਾਸ ਭਰ ਕੇ ਸਿਰ ਵਿਚ ਲੜਕੀ ਰਹੀ ਪਾ ਸੀ ਜੀ ।
ਝਟ ਪਟ ਬਾਹਰੋਂ ਆ ਕੇ ਚਾਰ ਬੰਦੇ ਖੜੇ ਹੋ ਗਏ ਫਤਹਿ ਬੁਲਾ ਸੀ ਜੀ ।
ਪੱਗਾਂ ਢਿੱਲੀਆਂ ਤੇ ਖੁੱਲੇ ਪਾ ਕੁੜਤੇ ਤੰਬੇ ਘਿਸਰਵੇਂ ਲਏ ਲਗਾ ਸੀ ਜੀ ।
ਬਾਹਰ ਕਿੱਕਰਾਂ ਜਿਹੜੀਆਂ ਆਪ ਦੀਆਂ ਸਾਡੇ ਊਠ ਵੜੇ ਉਥੇ ਆ ਸੀ ਜੀ ।
ਮਣਕੇ ਘੁੰਗਰੂ ਨਾਲੇ ਮੜਜੰਗ ਸਾਡੇ ਤੇਤੇ ਮੁੰਡਿਆਂ ਨੇ ਲਏ ਲਾਹ ਸੀ ਜੀ ।
ਅਸੀਂ ਮੰਗ ਰਹੇ ਉਹਨਾਂ ਨਹੀਂ ਦਿਤਾ ਚੀਜਾਂ ਸਾਡੀਆਂ ਦਿਓ ਦੁਆ ਸੀ ਜੀ ।
ਚੰਦਾ ਸਿੰਘ ਕੁਝ ਟਾਲ ਮਟੋਲ ਕਰਦਾ ਧੌਣ ਜਰਾ ਕੁ ਉਤੇ ਉਠਾ ਸੀ ਜੀ ।
ਬੰਤਾ ਸਿੰਘ ਨੇ ਮੱਥੇ ਵਿਚ ਮਾਰ ਗੋਲੀ ਦਿਤੀ ਪਿਛਲੀ ਤਰਫ ਲੰਘਾ ਸੀ ਜੀ ।
ਆਹ ਲੈ ਸਾਂਭ ਬੇਨੰਬਰੀ ਜੈਲਦਾਰੀ ਪੱਕਾ ਦੇਵਾਂਗੇ ਪਟਾ ਲਖਾ ਸੀ ਜੀ ।
ਤਿੰਨ ਚਾਰ ਵਿਚ ਮਾਰੀਆਂ ਹੋਰ ਮੱਥੇ ਦਿਤੀ ਖੋਪਰੀ ਪਾੜ ਸੁਟਾ ਸੀ ਜੀ ।
ਮੁਰਦਾ ਹੋ ਜ਼ਮੀਨ ਤੇ ਲਟ ਗਿਆ ਸ਼ੇਰ ਪੈ ਗਏ ਆਪਣੇ ਰਾਹ ਸੀ ਜੀ ।
ਜੋਟੀਦਾਰ ਦੇ ਵਾਕ ਨੂੰ ਲਾਭ ਸਿੰਘਾ ਮਰਦ ਸਫਲਾ ਗਏ ਬਣਾ ਸੀ ਜੀ ।

## ਵਾਕ ਕਵੀ [ਬੈਂਤ]

ਦਿਤੀ ਗਈ ਬੇਨੰਬਰੀ ਜ਼ੈਲਦਾਰੀ ਦੋਹਰੇ ਭਾ ਦੇ ਕੀਰਨੇ ਪੈਣ ਬੈਹ ਬੈਹ
ਦੇਖ ਦੇਖ ਕੇ ਪਾਟੀ ਹੋਈ ਖੋਪਰੀ ਨੂੰ ਲਗਣ ਹਿੜਕੀਆਂ ਤੇ ਹੌਕੇ ਲੈਣ ਬੈਹ ਬੈਹ
ਦੜਾ ਦਾੜ ਦੁਹੱਥੜੀ ਪੈਣ ਲੱਗੀ ਭਾਸ਼ਨ ਖ਼ੂਬ ਦੇਵੇ ਮਿੱਠੀ ਨੈਣ ਬੈਹ ਬੈਹ
ਮੌਜਾਂ ਮਾਣ ਸਰਕਾਰ ਦੀਆਂ ਕੁਰਸੀਆਂ ਤੇ ਦਾਨੇ ਅਕਲ ਵਾਲੇ ਇਹੋ ਕਹਿਣ ਬੈਹ ਬੈਹ
ਇਥੋਂ ਰਾਜੇ ਰਾਣੇ ਹੱਥ ਝਾੜ ਗਏ ਬੋਲ ਸੂਰਿਆਂ ਦੇ ਯਾਦ ਰਹਿਣ ਬੈਹ ਬੈਹ
ਬਬਰ ਸੂਰਮੇ ਪੰਥ ਦੇ ਦਾਸ ਸੋਹਣੇ ਝੱਲੀ ਚੁਕਾਂ ਤੋਂ ਬਦਲੇ ਲੈਣ ਬੈਹ ਬੈਹ
ਲਹੂ ਪੀਂਦੇ ਬਿਗਾਨਿਆਂ ਪੁਤਰਾਂ ਦੇ ਸੀਨੇ ਵੱਜੀਆਂ ਗੋਲੀਆਂ ਸਹਿਣ ਬੈਹ ਬੈਹ
ਲਾਹੋ ਖੱਲ ਚੰਡਾਲਾਂ ਦੀ ਲਾਭ ਸਿੰਘਾ ਛੇਂਟੇ ਵਾਲੜੀ ਫੜੋ ਪਰੈਣ ਬੈਹ ਬੈਹ ।

**ਨੋਟ :—** ਦਲੀਪ ਸਿੰਘ ਧਾਮੀਆਂ ਵਾਲੇ ਭੁਝੰਗੀ ਦੀ ਗ੍ਰਿਫਤਾਰੀ ਦਾ ਕੁਝ ਹਵਾਲ

## (ਬੈਂਤ)

ਮੁੰਡਾ ਨੌਜਵਾਨ ਇਹ ਧਾਮੀਆਂ ਦਾ ਸੁੰਦਰ ਸੋਹਣੀ ਇਸਦੀ ਤਸਵੀਰ ਸੀ ਜੀ ।
ਅੰਗ ਪਤਲੇ ਤੇ ਚੇਹਰਾ ਚੰਦ ਵਰਗਾ ਮੁੰਡਾ ਖਾਸ ਅਵਤਾਰ ਇਹ ਵੀਰ ਸੀ ਜੀ ।
ਜਿਹੜਾ ਦੇਖਦਾ ਸੋਈ ਹੋ ਮੋਹਤ ਜਾਂਦਾ ਇਹਦੇ ਮੂਹਰੇ ਕੀ ਬਦਰੇ ਮਨੀਰ ਸੀ ਜੀ
ਸ਼ੌਕ ਦੇਸ਼ ਦੀ ਸੇਵਾ ਦਾ ਦਿਲ ਅੰਦਰ ਵੱਡਾ ਦਿਲ ਦਾ ਗੈਹਰ ਗੰਭੀਰ ਸੀ ਜੀ ।
ਪਹਿਲਾ ਨੰਬਰ ਵਿਚ ਬਬਰ ਦੀ ਪਾਰਟੀ ਦੇ ਅਸਲ ਵਿਚ ਇਹ ਪੀਰ ਦਾ ਪੀਰ ਸੀ ਜੀ ।
ਆਖੇ ਦੇਸ਼ ਗੁਲਾਮ ਨਾਂ ਰਹਿਣ ਦੇਣਾ ਛਾਤੀ ਦੇਣੀ ਫਰੰਗੀ ਦੀ ਚੀਰ ਸੀ ਜੀ ।
ਲਓ ਬਦਲੇ ਇਹਨਾਂ ਫਰੰਗੀਆਂ ਤੋਂ ਚੀਰ ਚੀਰ ਕੇ ਨਾਲ ਸ਼ਮਸ਼ੀਰ ਸੀ ਜੀ ।
ਪੁਤ ਮਰ ਗਏ ਬਾਣੀਆਂ ਪਾਰਟੀ ਦੇ ਮਾਰ ਦੇਣੇ ਸਭ ਰਾਜੇ ਵਜੀਰ ਸੀ ਜੀ ।
ਵੱਡੇ ਵੱਡੇ ਸਰਦਾਰ ਜੋ ਬਣੇ ਫਿਰਦੇ ਵਿਚੋਂ ਮੁਰਦਿਆਂ ਦੇ ਦਿਲ ਕੀਰ ਸੀ ਜੀ ।
ਲੋਕ ਖੱਲਾਂ ਵਿਚ ਵੜ ਗਏ ਲਾਭ ਸਿੰਘਾ ਸਿਰਾਂ ਧੜਾਂ ਦੀ ਲਗੀ ਹੋਈ ਮੀਰ ਸੀ ਜੀ ।

## ਤਬਾ ਬੈਂਤ

ਜੱਥੇਦਾਰ ਜਦ ਬਬਰ ਸ਼ਹੀਦ ਹੋਇਆ ਸੋਗ ਪਾਰਟੀ ਦੇ ਵਿਚ ਪੈ ਗਿਆ ਸੀ ।
ਛੋਟੀ ਉਮਰ ਦਾ ਨੌਜਵਾਨ ਮੁੰਡਾ ਕੱਲਾ ਮਾਪਿਆਂ ਤੋਂ ਬਿਨਾਂ ਰੈਹ ਗਿਆ ਸੀ ।
ਜੁਆਲਾ ਸਿੰਘ ਗੱਦਾਰ ਜਿਆਣ ਦਾ ਏ ਵਿਚ ਬਾਰ ਦੇ ਇਸ ਨੂੰ ਲੈ ਗਿਆ ਸੀ ।
ਪੁਲਸ ਸੱਦ ਕੇ ਇਹਨੂੰ ਫੜਾ ਦਿਤਾ ਪਰਦਾ ਇਸ ਦੀ ਅਕਲ ਤੇ ਪੈ ਗਿਆ ਸੀ ।
ਹੱਥ ਹੋਏ ਨਾਂ ਕਿਸੇ ਮੈਦਾਨ ਅੰਦਰ ਵਿਚ ਦਿਲਦੇ ਹੌਸਲਾ ਰੈਹ ਗਿਆ ਸੀ ।
ਫੜੇ ਜਾਣ ਦੇ ਮਗਰੋਂ ਲਾਭ ਸਿੰਘਾ ਕਿਲਾ ਆਸ ਉਮੀਦ ਦਾ ਢੈਹ ਗਿਆ ਸੀ ।

**ਨੋਟ :...** ਇਹ ਵਾਕਿਆ ਦਸ ਦਿਨ ਦੁਸੈਹਰੇ ਤੋਂ ਪਹਿਲੋਂ ਸੰਨ ੧੯੨੩ ਦਾ ਹੈ। ਸ਼ਹੀਦੀ ਬਬਰ ਬੰਤਾ ਸਿੰਘ ਧਾਮੀਆਂ ਵਾਲਾ ਤੇ ਜੁਆਲਾ ਸਿੰਘ ਫਤਹਿ ਪੁਰ ਕੋਠੀ, ਵਰਿਆਮ ਸਿੰਘ ਧੁਗੀਆਂ ਵਾਲਾ, ਜੋ ਮੰਜਾ ਪਿੰਡ ਮੰਡੇਰ ਵਿਖੇ ਜਗੂ ਮੰਡੇਰ ਵਾਲੇ ਦਸ ਨੰਬਰੀਏ ਬਦਮਾਸ ਦੀ ਸ਼ਰਾਰਤ ਨਾਲ ਹੋਈ ਸੀ ।

## ਵਾਕ ਕਵੀ (ਬੈਂਤ)

ਕਿਹੜੇ ਮੁਖ ਤੋਂ ਸਿਫਤ ਸੁਣਾ ਸਕਾਂ ਦਾਵਾ ਦੁਆਬੇ ਦੇ ਸ਼ੂਰ ਵੀਰੋ।
ਕਿੱਸੇ ਛੱਡ ਕੇ ਹੀਰ ਤੇ ਰਾਂਝਿਆਂ ਦੇ ਪੜ੍ਹੋ ਮਰਦਾਂ ਦਾ ਹਾਲ ਜਰੂਰ ਵੀਰੋ।
ਜਿਨਾਂ ਉਹਨਾਂ ਦੇ ਚੜ੍ਹ ਸ਼ਿਕਾਰ ਕੀਤੇ ਖੇਤ ਖੁਲੇ ਜੋ ਖਾਂਦੇ ਸੀ ਸੂਰ ਵੀਰੋ।
ਸ਼ਾਂਤ ਮਈ ਨੇ ਪੰਥ ਦੀ ਸ਼ਾਨ ਡੋਬੀ ਤੇਗ ਚੁਕ ਲਈ ਹੈ ਮਜਬੂਰ ਵੀਰੋ।
ਜਿਨਾਂ ਜਾਲਮਾਂ ਤੱਦੀਆਂ ਕੀਤੀਆਂ ਸੀ ਸਾੜ ਸੁਟੇ ਉਹ ਘਤ ਤੰਦੂਰ ਵੀਰੋ।
ਸਿੱਧੇ ਕਬਰ ਦੇ ਰਾਹ ਨੂੰ ਤੋਰ ਦਿਤੇ ਚੰਗੇ ਵੱਢ ਕੇ ਪੂਰਾਂ ਦੇ ਪੂਰ ਵੀਰੋ।
ਸੇਵਾ ਦੇਸ਼ ਤੇ ਕੌਮ ਦੀ ਕਰੀ ਸੋਹਣੀ ਜਿਨੀ ਰਬ ਨੂੰ ਸੀ ਮਨਜ਼ੂਰ ਵੀਰੋ।
ਸੱਚੀ ਵਿਚ ਦਰਗਾਹ ਕਰਤਾਰ ਦੀ ਦੇ ਵਿਚ ਰਲ ਗਏ ਨੂਰ ਦੇ ਨੂਰ ਵੀਰੋ।
ਪੈਰ ਧਰੋ ਖਾਂ ਬਬਰ ਦੀ ਲਾਇਨ ਉਤੇ ਜੇ ਤਾਕਤਾਂ ਵਿਚ ਭਰਪੂਰ ਵੀਰੋ।
ਹੱਥ ਮਾਰੋ ਖਾਂ ਆਪਣੇ ਡੋਲਿਆਂ ਤੇ ਕੋੜ ਦੇਸ਼ ਦਾ ਹੋ ਜਾਏ ਦੂਰ ਵੀਰੋ।
ਖੱਲਾਂ ਵਿਚ ਵੀ ਮੌਤ ਨੇ ਮਾਰ ਲੈਣੇ ਕਰਨੇ ਭੰਨ ਕੇ ਚਕਨਾ ਚੂਰ ਵੀਰੋ।
ਮਰੋ ਮੌਤ ਨਾਂ ਗੰਦਿਆਂ ਪਾਪੀਆਂ ਦੀ ਜਗ ਵਿਚ ਹੁੰਦੀ ਕੂਰ ਕੂਰ ਵੀਰੋ।

## ਬੰਤਾ ਸਿੰਘ, ਜੁਆਲਾ ਸਿੰਘ ਤੇ ਵਰਿਆਮ ਸਿੰਘ ਦਾ ਹਵਾਲ

[ਬੈਂਤ]

ਇਕ ਰੋਜ ਇਹ ਸੂਰਮੇ ਬਬਰ ਤਿੰਨੇ ਲੱਥੇ ਵਿਚ ਮੰਡੇਰਾਂ ਦੇ ਆ ਦੇਖੋ।
ਖਬਰ ਜਗੂ ਗਦਾਰ ਨੇ ਪਾ ਕੇ ਤੇ ਦਿਤੀ ਜਿਲੇ ਨੂੰ ਤਾਰ ਖੜਕਾ ਦੇਖੋ।
ਚੜ੍ਹੀ ਪੁਲਸ ਰਸਾਲੇ ਨੂੰ ਨਾਲ ਲੈ ਕੇ ਘੇਰਾ ਲਿਆ ਮੰਡੇਰਾਂ ਨੂੰ ਪਾ ਦੇਖੋ।
ਬਬਰ ਇਕ ਚੁਬਾਰੇ ਦੇ ਵਿਚ ਘੇਰੇ ਪਹਿਰੇ ਗਿਰਦ ਹੀ ਦਿਤੇ ਬਠਾ ਦੇਖੋ।
ਚਾਰੋਂ ਤਰਫ ਮਸ਼ੀਨਾਂ ਨੂੰ ਬੀੜ ਦਿਤਾ ਉਸ ਚੁਬਾਰੇ ਦੀ ਸ਼ਿਸਤ ਬਨ੍ਹਾ ਦੇਖੋ।
ਤਾੜ ਤਾੜ ਚੁਫੇਰੇ ਬਰਸਾ ਦਿਤੀ ਗੋਲੀ ਮੀਂਹ ਦੇ ਵਾਂਗ ਵਰ੍ਹਾ ਦੇਖੋ।
ਬਬਰਾਂ ਵਿਚ ਚੁਬਾਰੇ ਦੇ ਬੈਠਿਆਂ ਨੇ ਦਿਤਾ ਮੋਰਚਾ ਪੁਲਸ ਨਾਲ ਲਾ ਦੇਖੋ।
ਗੋਲੀ ਚਲਣੀ ਦੋਹਾਂ ਦੀ ਸ਼ੁਰੂ ਹੋਈ ਪੂਰੀ ਤੱਕੜੀ ਡੰਡੀ ਝੁਕਾ ਦੇਖੋ।
ਦੋਹਾਂ ਧਿਰਾਂ ਨੇ ਮੋਰਚਾ ਲਾ ਕੇ ਤੇ ਦਿਤਾ ਅੱਗ ਦਾ ਮੀਂਹ ਬਰ੍ਹਾ ਦੇਖੋ।
ਗੋਲੀ ਲੱਗੀ ਜੁਆਲਾ ਸਿੰਘ ਸੂਰਮੇ ਦੇ ਉਹ ਤਾਂ ਗਏ ਬੈਕੁੰਠ ਸਧਾ ਦੇਖੋ।
ਬੰਤਾ ਸਿੰਘ ਵੀ ਹੋ ਗਿਆ ਸੀ ਫਟੜ ਗੋਲੀ ਵਿਚ ਪਿੰਨੀ ਵਜੀ ਜਾ ਦੇਖੋ।
ਤਾਕਤ ਕਿਹਦੀ ਸੀ ਕੋਈ ਨਜੀਕ ਆਉਂਦਾ ਦਿਤੇ ਬਬਰਾਂ ਨੇ ਮੂੰਹ ਭਵਾ ਦੇਖੋ।
ਓਧਰ ਦਿਨ ਵੀ ਆ ਗਿਆ ਡੁਬਣੇ ਤੇ ਛੱਡ ਬਬਰਾਂ ਸਾਹ ਸੁਕਾ ਦੇਖੋ।
ਤੇਲ ਮਿੱਟੀ ਦਾ ਸੁਟਕੇ ਖਾਲਸਾ ਜੀ ਦਿਤੀ ਅੱਗ ਚੁਬਾਰੇ ਨੂੰ ਲਾ ਦੇਖੋ।
ਬੰਤਾ ਸਿੰਘ ਨੇ ਕਿਹਾ ਵਰਿਆਮ ਸਿੰਘਾ ਮੈਨੂੰ ਮਾਰਕੇ ਦੇਹ ਮੁਕਾ ਦੇਖੋ।
ਗੋਲੀ ਮਾਰ ਕੇ ਬਬਰ ਨੇ ਲਾਭ ਸਿੰਘਾ ਉਹ ਵੀ ਦਿਤਾ ਬੈਕੁੰਠ ਘਲਾ ਦੇਖੋ।

## ਹਵਾਲ ਵਰਿਆਮ ਸਿੰਘ ਬਬਰ ਸੂਰਮੇ ਦਾ

(ਬੈਂਤ)

ਅੱਗ ਲੱਗੀ ਮਕਾਨ ਨੂੰ ਜਿਸ ਵੇਲੇ ਧੂਆਂ ਧਾਰ ਹੋ ਗਿਆ ਗੁਬਾਰ ਭਾਈ।
ਬਬਰ ਸੂਰਮੇ ਦੋ ਸ਼ਹੀਦ ਹੋ ਗਏ ਗੁਰਪੁਰੀ ਨੂੰ ਗਏ ਸਧਾਰ ਭਾਈ।

ਬੇੜੀ ਵਾਂਗ ਮਕਾਨ ਨੂੰ ਘੇਰ ਕੇ ਤੇ ਪੁਲਸ ਖੜੀ ਸੀ ਬੰਨਕੇ ਲਾਰ ਭਾਈ।
ਗੋਲੀ ਵਰਸਦੀ ਮੀਂਹ ਦੇ ਵਾਂਗ ਉਥੇ ਰੌਲਾ ਮਚਿਆ ਬੇਸ਼ੁਮਾਰ ਭਾਈ।
ਬਬਰ ਸ਼ੇਰ ਚੁਬਾਰੇ ਦੀ ਭੰਨ ਬਾਰੀ ਉੱਚਾ ਛੱਡਿਆ ਫੇਰ ਜੈਕਾਰ ਭਾਈ।
ਗੋਲੀ ਮਾਰੀ ਸਿਪਾਹੀ ਦੇ ਵਿਚ ਛਾਤੀ ਪੁੱਠਾ ਸੁਟਿਆ ਪਿੱਠ ਦੇ ਭਾਰ ਭਾਈ।
ਵਿਚ ਗਲੀ ਦੇ ਬਬਰ ਨੇ ਛਾਲ ਮਾਰੀ ਅੱਗੋਂ ਪੁਲਸ ਹੋ ਗਈ ਫਰਾਰ ਭਾਈ।
ਕਈ ਮਾਰੀਆਂ ਗੋਲੀਆਂ ਡਿੱਗਦੇ ਨੇ ਫੱਟੜ ਹੋਰ ਕੀਤੇ ਤਿੰਨ ਚਾਰ ਭਾਈ।
ਭੇਡਾਂ ਜਿਵੇਂ ਬਘਿਆੜ ਤੋਂ ਜਾਂਦੀਆਂ ਨੇ ਪੁਲਸ ਭਜ ਗਈ ਖੌਫਦੀ ਮਾਰ ਭਾਈ।
ਭਜ ਗਿਆ ਲਲਕਾਰ ਕੇ ਸਾਰਿਆਂ ਨੂੰ ਹੱਥ ਧੂ ਕੇ ਨੰਗੀ ਤਲਵਾਰ ਭਾਈ।
ਐਵੇਂ ਕਾਵਾਂ ਰੌਲੀ ਪਿਛੋਂ ਰਹੀ ਪੈਂਦੀ ਪਿੱਛੇ ਮੁੜੇ ਰਸਾਲੇ ਸੁਆਰ ਭਾਈ।
ਆਫਰੀਨ ਜਵਾਨ ਦੇ ਲਾਭ ਸਿੰਘਾ ਜਿਸਨੂੰ ਆਖੀਏ ਚਾਂ ਬਲਿਹਾਰ ਭਾਈ।

## ਕੋਰੜਾ ਛੰਦ

ਜਦੋਂ ਜਗੂ ਚੰਦਰੇ ਨੇ ਮਾਰੀ ਤਾਰ ਜੀ, ਚੜ੍ਹ ਪਏ ਪੁਲਸ ਲਲਕਾਰਾ ਮਾਰ ਜੀ,
ਸੁਣ ਕੇ ਹਵਾਲ ਕਿਹੜਾ ਸਕੇ ਠਹਿਰ ਜੀ, ਚਲਦੀ ਮਸ਼ੀਨ ਗੋਲੀ ਵਰ੍ਹੇ ਕਹਿਰ ਦੀ।
ਆਣ ਕੇ ਮੰਡੇਰਾਂ ਤਾਈਂ ਲਿਆ ਘੇਰ ਜੀ, ਬੈਠੇ ਸੀ ਚੁਬਾਰੇ ਵਿਚ ਤਿੰਨ ਸ਼ੇਰ ਜੀ,
ਜਲਿਆਂ ਦੇ ਬਾਗ ਜਰਨੈਲ ਡਾਇਰ ਜੀ, ਚਲਦੀ ਮਸ਼ੀਨ ਗੋਲੀ ਵਰ੍ਹੇ ਕਹਿਰ ਦੀ।
ਲਾਇਆ ਸਾਰਾ ਜੋਰ ਜੋ ਪੁਲਸ ਰੱਜ ਜੀ, ਗੋਲੀ ਦਾ ਜੁਵਾਬ ਗੋਲੀ ਰਹੀ ਵੱਜਦੀ,
ਅੱਜ ਡੀਂਗਾਂ ਮਾਰਦੀ ਹੈ ਜੁੱਤੀ ਪੈਰ ਦੀ, ਚਲਦੀ ਮਸ਼ੀਨ ਗੋਲੀ ਵਰ੍ਹੇ ਕਹਿਰਦੀ।
ਹਾਰਕੇ ਮਕਾਨ ਤਾਈਂ ਅੱਗ ਲਾਂਵਦੇ ਧੂੰਏ ਦੇ ਗੁਬਾਰੇ ਅਸਮਾਨ ਜਾਂਵਦੇ,
ਚੜ੍ਹ ਗਈ ਗੁੱਡੀ ਜੋ ਅਸਮਾਨ ਟੈਰਦੀ, ਚਲਦੀ ਮਸ਼ੀਨ ਗੋਲੀ ਵਰ੍ਹੇ ਕਹਿਰਦੀ।
ਖੜੀ ਸੀ ਪੁਲਸ ਜੋ ਮਕਾਨ ਘੇਰ ਜੀ, ਮਾਰੀ ਉਤੋਂ ਛਾਲ ਵਰਿਆਮ ਸ਼ੇਰ ਜੀ,
ਡਿਗਦੇ ਹੀ ਸਾਰ ਇਕ ਕੀਤਾ ਫੈਰ ਜੀ, ਚਲਦੀ ਮਸ਼ੀਨ ਗੋਲੀ ਵਰ੍ਹੇ ਕਹਿਰ ਦੀ।
ਨੱਸ ਗਈ ਪੁਲਸ ਸਾਫ ਹੋਈਆਂ ਗਲੀਆਂ, ਵੇਖ ਬਘਿਆੜ ਜਿਵੇਂ ਭੇਡਾਂ ਚੱਲੀਆਂ,
ਬੱਕਰੀ ਨਾਂ ਬਾਘ ਮੂਹਰੇ ਸਕੇ ਠਹਿਰ ਜੀ, ਚਲਦੀ ਮਸ਼ੀਨ ਗੋਲੀ ਵਰ੍ਹੇ ਕਹਿਰਦੀ।
ਮਚ ਗਈ ਪੁਲਸ ਵਿਚ ਹਾਹਾ ਕਾਰਜੀ, ਚੀਰ ਘੇਰੇ ਘਾਰੇ ਸਿੰਘ ਗਿਆ ਬਾਹਰ ਜੀ,
ਪੈ ਗਈ ਇਹਦੀ ਧਾਂਕ ਪਿੰਡ ਪਿੰਡ ਸ਼ਹਿਰ ਜੀ, ਚਲਦੀ ਮਸ਼ੀਨ ਗੋਲੀ ਵਰ੍ਹੇ ਕਹਿਰਦੀ।
ਭੱਜ ਗਿਆ ਸ਼ੇਰ ਨਾਲ ਹਿੱਕ ਤਾਂਣਕੇ, ਮੁੜ ਪਏ ਰਸਾਲੇ ਪਿਛੋਂ ਖੇਹ ਛਾਣਕੇ,
ਬਬਰਾਂ ਬਗੈਰ ਕਿਹੜਾ ਲਏ ਵੈਰ ਜੀ, ਚਲਦੀ ਮਸ਼ੀਨ ਗੋਲੀ ਵਰ੍ਹੇ ਕਹਿਰਦੀ।

## ਵਾਕ ਕਵੀ (ਬੈਂਤ)

ਭਾਵੀ ਉਸ ਕਰਤਾਰ ਦੀ ਬੀਤ ਗਈ ਲਿਆ ਦੇਸ਼ ਗੁਲਾਮੀ ਨੇ ਮਾਰ ਲੋਕੋ।
ਚੰਗੇ ਚੰਗੇ ਘਰਾਣੇ ਦੇ ਆਦਮੀ ਜੋ ਮਾਰੇ ਲੋਭਦੇ ਬਣੇ ਗਦਾਰ ਲੋਕੋ।
ਖੂਨ ਪੀ ਕੇ ਦੇਸ਼ ਦੇ ਸੇਵਕਾਂ ਦਾ ਮਾਰਨ ਸਾਹਮਣੇ ਹੋ ਡਕਾਰ ਲੋਕੋ।
ਕੰਮ ਕਾਰ ਹੈ ਡੈਰੀਆਂ ਦੇਵਣੇ ਦਾ ਨਾਲੇ ਦਸਦੇ ਮੁੱਛਾਂ ਖਲਾਰ ਲੋਕੋ।
ਦੇਸ਼ ਡੋਬਦੇ ਵਿਚ ਸਮੁੰਦਰਾਂ ਦੇ ਸਿਰ ਪਾ ਕੇ ਜਣਦਿਆਂ ਛਾਰ ਲੋਕੋ।
ਕੋਈ ਲੱਖਾਂ ਤੋਂ ਸੂਰਮਾਂ ਲੱਭਦਾ ਏ ਗੰਦੇ ਕਰ ਲਓ ਕੱਠੇ ਹਜਾਰ ਲੋਕੋ।

ਵਰ੍ਹਦੀ ਗੋਲੀ ਤੋਂ ਸੂਰਮਾ ਭਜ ਗਿਆ ਮਰਦਾਂ ਵਾਂਗ ਮੈਦਾਨ ਲਲਕਾਰ ਲੋਕੋ ।
ਪੈਰ ਪੂਜੀਏ ਇਹੋ ਜਿਹੇ ਸੂਰਮੇ ਦੇ ਤਰ ਜਾਵੀਏ ਕਰ ਦੀਦਾਰ ਲੋਕੋ ।
ਸ਼ੇਰ ਕਾਲ ਦੇ ਮੂੰਹ ਤੋਂ ਗਿਆ ਨਿਕਲ ਲਿਖਾਂ ਅਗਲਾ ਹਾਲ ਸਵਾਰ ਲੋਕੋ ।
ਮਜਾ ਫੇਰ ਆਉਂਦਾ ਹੁੰਦਾ ਲਾਭ ਸਿੰਘਾ ਟੁਕੜੇ ਹੋਣ ਜੇ ਉਹਨਾਂ ਦੇ ਚਾਰ ਲੋਕੋ ।

## ਤਥਾ ਬੈਂਤ

ਇਸ ਸੂਰਮੇ ਧੂਰੇ ਵਰਿਆਮ ਸਿੰਘ ਦਾ ਸਕਾ ਮਾਮਾ ਸੀ ਸਿੰਘ ਦਲੇਲ ਦੇਖੋ ।
ਇਹ ਪਿੰਡ ਸਰਿਆਲੇ ਦਾ ਸੀ ਪਾਪੀ ਨਾਲ ਕੌਮ ਗਦਾਰਾਂ ਦੇ ਮੇਲ ਦੇਖੋ ।
ਠਗਾਂ ਵਾਂਗ ਜਬਾਨ ਦਾ ਸੀ ਲਿਫਤਾ ਵਿਚ ਜੜਾਂ ਦੇ ਪਾਂਵਦਾ ਤੇਲ ਦੇਖੋ ।
ਸਕੇ ਭਾਣਜੇ ਤਾਈਂ ਮਰਵਾਣ ਲੱਗਾ ਰਿਹਾ ਇਹਦੇ ਸ਼ਿਕਾਰ ਨੂੰ ਖੇਲ ਦੇਖੋ ।
ਦਮੋ ਦਮ ਸਰਕਾਰ ਨੂੰ ਖਬਰ ਦੇਵੇ ਜਦੋਂ ਲਗਦਾ ਇਸ ਦਾ ਵੇਹਲ ਦੇਖੋ ।
ਗੱਲਾਂ ਕਰ ਕੇ ਪਿੰਡ ਨੂੰ ਲੈ ਗਿਆ ਦੇਊ ਮੌਤ ਦੇ ਬੇਲਣੇ ਠੇਲ ਦੇਖੋ ।
ਖੇਲਣ ਲਗਾ ਸ਼ਿਕਾਰ ਇਹ ਭਾਣਜੇ ਦਾ ਹੱਥ ਜੁਲਮ ਦੀ ਲੈ ਗੁਲੇਲ ਦੇਖੋ ।
ਐਨੇ ਪੁਲਸ ਦੇ ਚੰਣੇ ਤੋਂ ਭੱਜ ਗਿਆ ਮਾਰ ਲਵੇਗੀ ਘਰ ਚੜੇਲ ਦੇਖੋ ।
ਧੋਖਾ ਦੇ ਗਿਆ ਬਬਰ ਨੂੰ ਲਾਭ ਸਿੰਘਾ ਨਾਲ ਹੋ ਕੇ ਤੇ ਹੇਲਮੇਲ ਦੇਖੋ ।

**ਨੋਟ :—** **ਏਹ ਵਰਿਆਮ ਸਿੰਘ ਦਾ ਸਕਾ ਮਾਮਾ ਤੇ ਇਕ ਲੈਲ ਪੁਰ ਦਾ ਖੱਤਰੀ ਸੀ, ਜਿਨ੍ਹਾਂ ਏਸ ਨੂੰ ਮਰਵਾ ਸੁਟਿਆ ।**

## (ਬੈਂਤ)

ਜਦੋਂ ਸ਼ੇਰ ਮੰਡੇਰਾਂ ਤੋਂ ਭਜ ਗਿਆ ਹੁਣ ਅਗਲਾ ਸੁਣੋ ਹਵਾਲ ਯਾਰੋ ।
ਦੇਖੋ ਪੁਲਸ ਦੀ ਇਹ ਬਹਾਦਰੀ ਜੇ ਕਰਦੇ ਹੁੰਦੇ ਜੋ ਲੋਕ ਕੰਗਾਲ ਯਾਰੋ ।
ਨਾਂ ਸ਼ੇਰ ਦੇ ਸਾਹਮਣੇ ਕੁਝ ਬਣਿਆ ਕਰ ਦੇਖੀਏ ਜੇ ਖਿਆਲ ਯਾਰੋ ।
ਬਬਰ ਜਿਹੜੇ ਮਕਾਨ ਵਿਚ ਬੈਠੇ ਹੋਏ ਸੀ ਅੱਗ ਲਾ ਕੇ ਸੁਟਿਆ ਜਾਲ ਯਾਰੋ ।
ਮਾਮਾ ਧੂਗੇ ਦਾ ਸਿੰਘ ਦਲੇਲ ਨਾਮੇ ਬੇਈਮਾਨ ਦਾ ਪੁਤ ਚੰਡਾਲ ਯਾਰੋ ।
ਉਤੋਂ ਭਾਣਜਾ ਭਾਣਜਾ ਸੀ ਕਰਦਾ ਵਿਚੋਂ ਮਿਲ ਗਿਆ ਪੁਲਸ ਦੇ ਨਾਲ ਯਾਰੋ ।
ਰਲਾ ਸਿੰਘ ਸੀ ਇਹਦਾ ਜਵਾਈ ਕਹਿੰਦੇ ਸਾਰਾ ਦੱਸਿਆ ਉਸ ਨੂੰ ਹਾਲ ਯਾਰੋ ।
ਦੇਵੀ ਦਿਤਾ ਸੀ ਖੱਤਰੀ ਲਾਇਲ ਪੁਰ ਦਾ ਤਿੰਨੇ ਸਮਝ ਇਹ ਬਬਰਾਂ ਦਾ ਕਾਲ ਯਾਰੋ ।
ਘੜੀ ੨ ਸੀ ਪੁਲਸ ਨੂੰ ਖਬਰ ਦਿੰਦੇ ਅੰਦਰ ਸੂਰਮੇ ਤਾਈਂ ਬਠਾਲ ਯਾਰੋ ।
ਇਹੋ ਜਿਹੇ ਨਾਂ ਹੋਣਗੇ ਮਹਾਂ ਪਾਪੀ ਲਓ ਸਾਰੇ ਜਹਾਨ ਨੂੰ ਭਾਲ ਯਾਰੋ ।
ਖਬਰ ਲੱਗੀ ਨਾਂ ਸ਼ੇਰ ਨੂੰ ਲਾਭ ਸਿੰਘਾ ਨਹੀਂ ਛਡਦਾ ਤੁਖਮ ਉਠਾਲ ਯਾਰੋ ।

## ਤਥਾ ਬੈਂਤ

ਝੋਲੀ ਚੁਕ ਜਹਾਨ ਦੇ ਸੀ ਪੱਕੇ ਉਤੋਂ ਬਣ ਗਏ ਬਬਰ ਦੇ ਯਾਰ ਦੇਖੋ ।
ਬਬਰ ਖੱਤਰੀ ਦੇ ਕੋਲ ਆਂਵਦਾ ਸੀ ਸਾਉਂਦਾ ਲਾਹ ਕੇ ਇਥੇ ਹਥਿਆਰ ਦੇਖੋ ।
ਮਾਮਾ ਨਾਲ ਸਰਿਆਲੇ ਨੂੰ ਲੈ ਗਿਆ ਖੋਟ ਰਖਕੇ ਕੌਮ ਗਦਾਰ ਦੇਖੋ ।
ਸੇਵਾ ਕਰਨ ਲੱਗੇ ਸੋਹਣੀ ਭਾਣਜੇ ਦੀ ਇਧਰ ਮਾਰਕੇ ਪੁਲਸ ਨੂੰ ਤਾਰ ਦੇਖੋ ।
ਚੜ੍ਹੀ ਪੁਲਸ ਰਸਾਲੇ ਨੂੰ ਨਾਲ ਲੈ ਕੇ ਹੋਏ ਧੂੜਦੇ ਗਰਦ ਗੁਬਾਰ ਦੇਖੋ ।

ਲਿਆ ਵਿਚ ਮੁਰੱਬੇ ਦੇ ਘੇਰ ਇਹਨੂੰ ਮਾਰ ਸੁਟਣਾ ਖੇਤ ਵਿਚਕਾਰ ਦੇਖੋ।
ਘੇਰਾ ਪਏ ਤੋਂ ਜਾਗਿਆ ਬਬਰ ਸੂਰਾ ਉਚਾ ਛੱਡਿਆ ਉਸ ਜੈਕਾਰ ਦੇਖੋ।
ਲੈਲ ਪੁਰ ਪਸਤੌਲ ਬੰਦੂਕ ਰੈਹ ਗਏ ਕੋਲ ਛੋਟੀ ਕਿਰਪਾਨ ਕਟਾਰ ਦੇਖੋ।
ਭਬਕ ਮਾਰਕੇ ਪੁਲਸ ਦੇ ਵਿਚ ਧਸਿਆ ਅਗੋਂ ਹੋ ਗਏ ਸਭ ਫਰਾਰ ਦੇਖੋ।
ਘੇਰਾ ਚੀਰ ਕੇ ਸੂਰਮਾ ਭਜ ਗਿਆ ਬਾਲੀ ਪੁਲਸ ਦਿਤੀ ਪਿਛੋਂ ਮਾਰ ਦੇਖੋ।
ਤਿੰਨ ਗੋਲੀਆਂ ਬੱਜੀਆਂ ਵਿਚ ਲੱਤਾਂ ਭਾਵੇਂ ਪੀੜ ਨੇ ਕੀਤਾ ਲਚਾਰ ਦੇਖੋ।
ਸੋਲਾਂ ਮੀਲ ਤੇ ਜਾ ਕੇ ਛਪ ਗਿਆ ਮੁੜੀ ਪੁਲਸ ਰਸਾਲੇੜੇ ਹਾਰ ਦੇਖੋ।
ਇਹੋ ਜਿਹੇ ਜਵਾਨ ਦਾ ਖਾਲਸਾ ਜੀ ਵੱਧ ਤੀਰਥਾਂ ਤੋਂ ਦੀਦਾਰ ਦੇਖੋ।
ਚਲੋ ਇਸ ਹੀ ਲਾਇਨ ਤੋਂ ਲਾਭ ਸਿੰਘਾ ਬੇੜੇ ਹੋਣ ਸਮੁੰਦਰੋਂ ਪਾਰ ਦੇਖੋ।

**ਨੋਟ :—** **ਤੀਸਰੀ ਵਾਰ ਪੁਲਸ ਦੇ ਘੇਰੇ ਵਿਚ ਬਬਰ ਦੀ ਸ਼ਹੀਦੀ।**

## (ਬੈਂਤ)

ਕੱਠੇ ਤਿੰਨ ਚੰਡਾਲਾਂ ਨੇ ਹੋ ਕੇ ਤੇ ਇਸ ਗੱਲ ਤੇ ਮਤਾ ਪਕਾਇਆ ਈ।
ਇਕ ਰੋਜ ਸਰਿਹਾਲੇ ਦੇ ਵਿਚ ਆ ਕੇ ਡੇਰਾ ਇਸ ਜਵਾਨ ਨੇ ਲਾਇਆ ਈ।
ਇਹਦੇ ਮਾਮੇ ਦੇ ਨਾਲ ਸਲਾਹ ਕਰਕੇ ਚਾੜ੍ਹ ਖੱਟਰੀ ਪੁਲਸ ਲਿਆਇਆ ਈ।
ਇਹਦੇ ਵੱਖ ਪਸਤੌਲ ਬੰਦੂਕ ਕਰਕੇ ਸਾਰਾ ਪੁਲਸ ਨੂੰ ਭੇਤ ਬਤਾਇਆ ਈ।
ਆਣ ਸੁਤੇ ਤੇ ਹਮਲਾ ਬੋਲ ਦਿਤਾ ਘੇਰਾ ਹੋ ਕੇ ਤਕੜੇ ਪਾਇਆ ਈ।
ਕੋਲ ਬਬਰ ਦੇ ਛੋਟੀ ਕਿਰਪਾਨ ਹੀ ਸੀ ਹੋਰ ਕੁਝ ਨਾਂ ਚਾ ਸੁਣਾਇਆ ਈ।
ਮਾਰੀ ਇਕ ਅੰਗਰੇਜ ਦੇ ਧੂ ਕੇ ਤੇ ਪੜਛਾ ਮੋਢੇ ਤੋਂ ਬਾਂਹ ਦਾ ਲਾਇਆ ਈ।
ਮਾਰੀ ਪੁਲਸ ਨੇ ਜੋੜ ਕੇ ਇਕ ਬਾਲੀ ਬਦਨ ਛਾਨਣੀ ਝਟ ਕਰਾਇਆ ਈ।
ਵਿਚ ਖੇਤ ਦੇ ਹੋ ਸ਼ਹੀਦ ਗਿਆ ਟੋਟਾ ਰੋਜ ਦਾ ਚਾ ਮੁਕਾਇਆ ਈ।
ਆਫਰੀਨ ਹੈ ਸੂਰਿਆ ਜੰਮਣੇ ਦੇ ਹੱਥ ਸੂਰਿਆਂ ਵਾਲਾ ਵਿਖਾਇਆ ਈ।
ਮਿਲੇ ਜੱਫੀਆਂ ਪਾ ਸ਼ਹੀਦ ਇਹਨੂੰ ਭਾਂਤ ਭਾਂਤ ਸੇਹਰਾ ਲਟਕਾਇਆ ਈ।
ਲਾਭ ਸਿੰਘਾ ਵਿਚ ਬਬਰ ਦੀ ਪਾਰਟੀ ਦੇ ਸੋਹਣਾ ਰਲ ਕੇ ਕੰਮ ਚਲਾਇਆ ਈ।

## ਕੋਰੜਾ ਛੰਦ

ਬਾੜੇ ਦੀਪ ਸਿੰਘ ਵਰਗੇ ਜਰੂਰ ਜੀ, ਮਿਸਲ ਸ਼ਹੀਦਾਂ ਜਿਹੜੀ ਮਸ਼ਾਹੂਰ ਜੀ,
ਮਾਰੇ ਸੀ ਤੁਰਕ ਸੂਰਮੇ ਨੇ ਘੇਰ ਜੀ, ਜਿਥੋਂ ਪੈਦਾ ਹੋਂਵਦੇ ਬਬਰ ਸ਼ੇਰ ਜੀ।
ਮਾਵਾਂ ਇਥੇ ਬੱਚਿਆਂ ਨੂੰ ਦੇਣ ਲੋਰੀਆਂ, ਛਡੀਂ ਨਾਂ ਧਰਮ ਕਟ ਹੋਣ ਪੋਰੀਆ,
ਮਰਦਾਂ ਦਾ ਜੀਓਣਾ ਜਗ ਵਿਚ ਢੇਰ ਜੀ, ਜਿਥੋਂ ਪੈਦਾ ਹੋਂਵਦੇ ਬਬਰ ਸ਼ੇਰ ਜੀ।
ਬਹਿਸ਼ਤ ਦੁਆਬਾ ਜੋ ਸੁੰਦਰ ਦੇਸ਼ ਜੀ, ਆਂਨ ਅਤੇ ਸ਼ਾਨ ਜੋ ਨਿਆਰੀ ਏਸ ਦੀ,
ਚਾੜ੍ਹ ਦਿਤੀ ਗੁਡੀ ਦੇਸ਼ ਦੀ ਸੁਮੇਰ ਜੀ, ਜਿਥੋਂ ਪੈਦਾ ਹੋਂਵਦੇ ਬਬਰ ਸ਼ੇਰ ਜੀ।
ਲੱਖਾਂ ਸੀ ਪੰਥ ਜਿਹਨੂੰ ਕਹਿਣ ਕੱਖ ਦਾ, ਡੁਬ ਗਿਆ ਦੇਸ਼ ਸ਼ਾਂਤ ਮਈ ਰਖਦਾ,
ਜਿਹੜੇ ਲੋਕ ਜਾਣਦੇ ਨਾਂ ਗੱਲ ਬੇਰ ਦੀ, ਜਿਥੋਂ ਪੈਦਾ ਹੋਂਵਦੇ ਬਬਬ ਸ਼ੇਰ ਜੀ।
ਜਦੋਂ ਆਨਸ਼ਾਨ ਤਾਈਂ ਡੋਬ ਸਿਟਿਆ, ਮਾਰ ਕੇ ਦੁਹੱਥੜਾਂ ਨੂੰ ਦੇਸ਼ ਪਿਟਿਆ,
ਦਸ ਦਿਤੀ ਧੋਣ ਪੁਰ ਤੇਗ ਫੇਰ ਜੀ, ਜਿਥੋਂ ਪੈਦਾ ਹੋਂਵਦੇ ਬਬਰ ਸ਼ੇਰ ਜੀ।

ਬਾਲੀ (Volley) ਅੰਗ੍ਰੇਜ਼ੀ ਸ਼ਬਦ ਦਾ ਅਰਥ ਹੈ ਇਕੱਠੇ ਗੋਲੀ ਚਲਾਣਾ।

ਐਵੇਂ ਕਾਹਨੂੰ ਮਰਦੇ ਖੱਲਾਂ 'ਚ ਬੜ ਕੇ, ਨੌਜਵਾਨ ਨਿਤਰੋ ਮੈਦਾਨ ਖੜ ਕੇ,
ਮਰੋ ਭਾੜੇ ਭੰਗਦੇ ਲਗਾਵੋ ਡੇਰ ਜੀ, ਜਿਥੋਂ ਪੈਦਾ ਹੋਂਵਦੇ ਬਬਰ ਸ਼ੇਰ ਜੀ।
ਕੌਮਦੇ ਗਦਾਰ ਰੋਜ ਜੜ੍ਹਾਂ ਕੱਟਦੇ, ਬਿਨਾਂ ਧੌਣ ਵੱਢੀ ਤੋਂ ਨਾਂ ਇਹ ਹਟਦੇ.
ਪਦਵੀ ਜਹਾਨ ਵਿਚੋਂ ਉੱਚੀ ਸ਼ੇਰ ਦੀ, ਜਿਥੋਂ ਪੈਦਾ ਹੋਂਵਦੇ ਬਬਰ ਸ਼ੇਰ ਜੀ।

## ਰਤਨ ਸਿੰਘ ਸੂਰਮੇ ਦਾ ਹਵਾਲ

[ਬੈਂਤ]

ਇਕ ਰੋਜ ਵਿਚ ਬੇਟ ਦਿਆਂ ਰਕੜਾਂ ਦੇ ਬਬਰ ਸ਼ੇਰਾਂ ਦਾ ਲੱਗਾ ਦੀਵਾਨ ਦੇਖੋ।
ਸੰਗਤ ਜੁੜੀ ਹਜਾਰਾਂ ਦੀ ਵਿਚ ਗਿਣਤੀ ਲੈਕਚਰ ਦੇਂਵਦੇ ਬਬਰ ਜਵਾਨ ਦੇਖੋ।
ਖੜ ਕੇ ਵਿਚ ਦੀਵਾਨ ਦੇ ਦੱਸਿਆ ਜਾ ਸਾਰੇ ਦੇਸ਼ ਦਾ ਨਵਾਂ ਨੁਕਸਾਨ ਦੇਖੋ।
ਰਤਨ ਸਿੰਘ ਜਵਾਨ ਦੇ ਸੁਣ ਕੇ ਤੇ ਵਾਕ ਵੱਜਦੇ ਛਾਤੀ ਵਿਚ ਬਾਨ ਦੇਖੋ।
ਮਰਦ ਦੇਸ਼ ਦੁਆਬੇ ਦਾ ਸੂਰਮਾ ਸੀ ਜਿਨਾਂ ਰਖ ਲਈ ਆਂਨ ਤੇ ਸ਼ਾਂਨ ਦੇਖੋ।
ਪਰਨ ਆਪਣੇ ਮਨ ਦੇ ਵਿਚ ਕੀਤਾ ਸੀਸ ਦੇਵਾਂਗਾ ਵਿਚ ਮੈਦਾਨ ਦੇਖੋ।
ਅਸਾਂ ਕੋੜ ਗੁਲਾਮੀ ਦਾ ਕਟ ਦੇਣਾ ਖੇਤ ਲੈ ਕੇ ਵੈਰੀ ਦੀ ਜਾਨ ਦੇਖੋ।
ਫੜਕੇ ਅੰਗ ਜਵਾਨ ਦੇ ਜੋਸ਼ ਚੜ੍ਹਿਆ ਲਾਲੀ ਚਿਹਰੇ ਦੀ ਹੋਈ ਮਹਾਨ ਦੇਖੋ।
ਸ਼ਾਂਤਮਈ ਦੇ ਕੋੜ ਨੂੰ ਟੇਕ ਮੱਥਾ ਚੁਕ ਸ਼ੇਰ ਨੇ ਲਈ ਕਿਰਪਾਨ ਦੇਖੋ।
ਨਾਲੇ ਬੰਬ ਪਸਤੌਲ ਤੇ ਰਫਲ ਸੋਹਣੀ ਕੱਠਾ ਕਰਨ ਇਹ ਲੱਗਾ ਸਾਮਾਨ ਦੇਖੋ।
ਦੇਸ਼ ਭਗਤ ਹੀ ਜਾਣਦੇ ਕਦਰ ਇਹਦਾ ਕੰਗਾਲ ਤਾਈਂ ਕੀ ਲਾਭ ਤੇ ਹਾਨ ਦੇਖੋ।
ਵਿਚ ਧਰਤ ਦੁਆਬੇ ਦੀ ਸੋਹਣੀ ਦੇ ਮੁੰਡਾ ਸੂਰਮਾ ਕ੍ਰਿਸ਼ਨ ਜਾਂ ਕਾਨ੍ਹ ਦੇਖੋ।
ਦੀਪ ਸਿੰਘ ਸ਼ਹੀਦ ਦੇ ਵਿਚ ਚਰਨਾਂ ਓਹਦੀ ਪੋਤਰੀ ਧੌਣ ਕਟਾਣ ਦੇਖੋ।
ਕੀਤਾ ਅਮਲ ਇਹ ਗੁਰੂ ਦੇ ਵਾਕ ਉਤੇ ਵਿਚ ਸੀਨੇ ਦੇ ਗੋਲੀਆਂ ਖਾਣ ਦੇਖੋ।
ਬੂਟੇ ਏਸ ਆਜ਼ਾਦੀ ਦੇ ਖਾਲਸਾ ਜੀ ਨਾਲ ਆਪਣੇ ਖ਼ੂਨ ਦੇ ਲਾਣ ਦੇਖੋ।
ਸ਼ਾਂਤਮਈ ਦੇ ਕੋੜ ਨੇ ਮਾਰ ਲਏ ਮੁੰਡੇ ਪੰਥ ਦੇ ਨੌਜਵਾਨ ਦੇਖੋ।
ਬੈਠੇ ਧੌਣ ਲਵਾਈ ਉਹ ਲਾਭ ਸਿੰਘਾ ਜਿਹੜੇ ਲਾਹੁੰਦੇ ਸੀ ਵੈਰੀ ਦੇ ਘਾਣ ਦੇਖੋ।

## ਤਥਾ ਬੈਂਤ

ਜੁਮਾ ਨਾਮ ਭਰਾਈ ਸਰਦੂੱਲਾ ਪੁਰ ਦਾ ਧੌਣ ਮੈਹੇਂ ਦੇ ਵਾਂਗ ਅਕੜਾਉਂਦਾ ਸੀ।
ਪੁਲਸ ਦਾਰਾਂ ਦੇ ਵਿਚ ਸੀ ਉਹ ਨੌਕਰ ਰੋਜ਼ ਜਾਂ ਗਰੀਬ ਕੁਟਾਉਂਦਾ ਸੀ।
ਨਾਕੇ ਆ ਕੇ ਆਪਣੀ ਜਾਤ ਉਤੇ ਖਾਰ ਬਹੁਤ ਹੀ ਅਜ਼ਬਦੀ ਖਾਉਂਦਾ ਸੀ।
ਸੂਟ ਬੂਟ ਤੇ ਖੁਲੀ ਸਲਵਾਰ ਪਾ ਕੇ ਮੁੱਛਾਂ ਚੂਹੇ ਦੇ ਵਾਂਗ ਚੜ੍ਹਾਉਂਦਾ ਸੀ।
ਮਦਦ ਪੁਲਸ ਦੀ ਧੌਣ ਨਾਂ ਲਿਫੇ ਇਹਦੀ ਦਾਰੂ ਪੀਂਦਾ ਤੇ ਬੱਕਰੇ ਖਾਉਂਦਾ ਸੀ।
ਜੋ ਆਦਮੀ ਠਾਣੇ ਵਿਚ ਬੰਦ ਹੋਵੇ ਮਾਰ ਮਾਰ ਚੰਮ ਉਡਾਉਂਦਾ ਸੀ।
ਤਿਲੇਦਾਰ ਕੁੱਲਾ ਧਰਕੇ ਸਿਰ ਉਤੇ ਛੀਟੀ ਬੈਂਤ ਦੀ ਹੱਥ ਘੁਮਾਉਂਦਾ ਸੀ।
ਬਬਰ ਸੂਰਮੈ ਕਾਸਨੂੰ ਵੇਖਿਓ ਸੀ ਹੇਮੂ ਬਾਣੀਏ ਵਾਂਗ ਜਲਾਉਂਦਾ ਸੀ।
ਰਤਨ ਸਿੰਘ ਨੂੰ ਫੜਾਂਗਾ ਪਾ ਜੱਫਾ ਗੱਪਾਂ ਠਾਣੇ ਦੇ ਵਿਚ ਚਲਾਉਂਦਾ ਸੀ ਸੀ।
ਇਸ ਨੂੰ ਜਾਗਿਆ ਸ਼ੌਕ ਮੁਰੱਬਿਆਂ ਦਾ ਠਾਣੇਦਾਰੀ ਬੇਨੰਬਰੀ 'ਚਾਹੁੰਦਾ ਸੀ।

ਗਿੱਦੜ ਵਾਂਗ ਗਧੀਲੇ ਦੀ ਨਾਲ ਮੁੰਨੀ ਇਹ ਵੀ ਆਪਣੇ ਚਿਤੜ ਘਸਾਉਂਦਾ ਸੀ।
ਧੌਣ ਵਿਚ ਹੰਕਾਰ ਦਾ ਸੀ ਕਿੱਲਾ ਹੱਥ ਸ਼ੇਰ ਦੀ ਮੁੱਛ ਨੂੰ ਪਾਉਂਦਾ ਸੀ।
ਜਿਹੜਾ ਹੋ ਗਿਆ ਪੁਲਸ ਦੇ ਵਿਚ ਭਰਤੀ ਮਾਰ ਅੱਡੀਆਂ ਧਰਤ ਰਲਾਉਂਦਾ ਸੀ।
ਅਗ ਸੁਣੇ ਹਵਾਲ ਨੂੰ ਲਾਭ ਸਿੰਘਾ ਰਤਨ ਸਿੰਘ ਨੂੰ ਜਿਵੇਂ ਫੜਾਉਂਦਾ ਸੀ।

## ਤਥਾ ਬੈਂਤ

ਇਹ ਜੁਮਾ ਭਰਾਈ ਸਰਦੂੱਲਾ ਪੁਰ ਦਾ ਦਿਲ ਵਿਚ ਸਮਝਦਾ ਜਿਤਿਆ ਜੱਗ ਲੋਕੋ।
ਠਾਣੇਦਾਰ ਚੰਗੀ ਤਰ੍ਹਾਂ ਜਾਣਦਾ ਸੀ ਨਾਲੇ ਲੱਗੀ ਮੁਰੱਬੇ ਦੀ ਅੱਗ ਲੋਕੋ।
ਆਖੇ ਮੈਂ ਫੜਨਾ ਰਤਨ ਸਿੰਘ ਤਾਈਂ ਬਣ ਜਾਵਾਂਗਾ ਸੂਰਮਾ ਜੱਗ ਲੋਕੋ।
ਖਾ ਕੇ ਬੱਕਰੇ ਧੌਣ ਹੋ ਗਈ ਮੋਟੀ ਬੰਨਦਾ ਪੇਚ ਜਲੇਬੀ ਦੀ ਪੱਗ ਲੋਕੋ।
ਕਟੜ ਵੈਰੀ ਸੀ ਬਬਰਾਂ ਸੂਰਿਆਂ ਦਾ ਆਖੇ ਗਿਆ ਸਕੰਦਰ ਮੈਂ ਲੱਗ ਲੋਕੋ।
ਬਬਰ ਸ਼ੇਰ ਮੈਦਾਨ ਵਿਚ ਨਿਤਰੇ ਸੀ ਸ਼ਾਤਮਈ ਨੂੰ ਲਾ ਕੇ ਅੱਗ ਲੋਕੋ।
ਟੁਕੜੇ ਕੌਮ ਗਦਾਰਾਂ ਦੇ ਖੂਬ ਲਾਹੇ ਜਿਹੜੇ ਰਹੇ ਸੀ ਦੇਸ਼ ਨੂੰ ਠੱਗ ਲੋਕੋ।
ਇਥੇ ਬਬਰਾਂ ਦਾ ਟਾਕਰਾ ਲਾਭ ਸਿੰਘਾ ਸੀਸ ਧੜ ਤੋਂ ਹੋਣ ਅਲੱਗ ਲੋਕੋ।

**ਨੋਟ :—** **ਮਹਿੰਦ ਪੁਰ ਲਕਣੀ ਇਕ ਪਿੰਡ ਹੈ, ਇਥੋਂ ਦਾ ਸਕੰਦਰ ਹਿਆਤ ਮੁਸਲਮਾਨ ਰਾਜਪੂਤ ਸੀ। ਇਹ ਸਿੱਖਾਂ ਦਾ ਕਟੜ ਵੈਰੀ ਸੀ। ਰਤਨ ਸਿੰਘ ਇਕ ਵਿਆਹ ਤੇ ਗਿਆ ਹੋਇਆ ਸੀ ਜਦ ਕਿ ਇਸ ਨੇ ਪੁਲਸ ਨਾਲ ਮਿਲਕੇ ਰਤਨ ਸਿੰਘ ਦੇ ਨਾਜਾਇਜ਼ ਅਸਲਾ ਰੱਖਕੇ ਉਸਨੂੰ ਫੜਾ ਦਿਤਾ। ਮੁਕੱਦਮਾ ਸ਼ਿਸ਼ਨ ਜਜ ਦੇ ਲਗਾ ਤੇ ਰਤਨ ਸਿੰਘ ਨੂੰ ਵੀਹ ਸਾਲ ਦੀ ਕੈਦ ਹੋਈ ਅਤੇ ਕਾਲੇ ਪਾਣੀ ਨੂੰ ਭੇਜਿਆ ਗਿਆ। ਰੁਮਾਣੇ ਦੇ ਸ਼ਟੇਸਨ ਤੇ ਇਕ ਸਿਪਾਹੀ ਦੀ ਰਫਲ ਇਸ ਦੇ ਹਥ ਆ ਗਈ ਅਤੇ ਸਾਰੇ ਕੈਦੀ ਨਾਲ ਲੈ ਕੇ ਨੱਸ ਗਿਆ। ਵਾਪਿਸ ਦੇਸ਼ ਵਿਚ ਆ ਕੇ ਦੁਬਾਰਾ ਫਿਰ ਧੂੰਮ ਮਚਾ ਦਿਤੀ ਅਤੇ ਫਿਰ ਜਦ ਰੁੜਕੀ ਪਿੰਡ ਆਇਆ ਤਾਂ ਸਕੰਦਰ ਨੇ ਭੇਦ ਪਾ ਕ ਇਸ ਨੂੰ ਫੜਾ ਦਿਤਾ।**

## (ਬੈਂਤ)

ਘੇਰਾ ਪੈ ਗਿਆ ਸਿੰਘ ਨੂੰ ਵਿਚ ਰੁੜਕੀ ਦੇਵਾਂ ਉਸਦਾ ਹਾਲ ਉਚਾਰ ਵਿਚੋਂ।
ਇਹ ਸਕੰਦਰ ਜੋ ਮਹਿੰਦ ਪੁਰ ਲੱਕਣੀ ਦਾ ਝੋਲੀ ਚੁਕ ਸੀ ਪੂਰਾ ਗਦਾਰ ਵਿਚੋਂ।
ਭੇਦ ਲੈ ਕੇ ਰੁੜਕੀ ਤੋਂ ਸੂਰਮੇ ਦਾ ਬੇਈਮਾਨ ਹੋ ਗਿਆ ਹੁਸ਼ਿਆਰ ਵਿਚੋਂ।
ਬਲਾ ਚੋਰ ਠਾਣਾ ਅਤੇ ਗੜ੍ਹਸ਼ੰਕਰ ਮਾਰੀ ਜ਼ਿਲੇ ਨੂੰ ਏਸ ਨੇ ਤਾਰ ਵਿਚੋਂ।
ਇਕ ਦਮ ਚੜ੍ਹ ਪਈ ਪੁਲਸ ਠਾਣਿਆਂ ਤੋਂ ਸੁਪਰਿਨਟੈਂਡੈਂਟ ਨਾਲ ਠਾਣੇਦਾਰ ਵਿਚੋਂ।
ਗਿਰਦੇ ਪਿੰਡ ਦੇ ਗਾਰਦਾਂ ਲਗ ਗਈਆਂ ਘੋੜ ਭੱਜਦੇ ਧੂੜ ਉਭਾਰ ਵਿਚੋਂ।
ਬਬਰ ਵਿਚ ਮਕਾਨ ਦੇ ਸ਼ੇਰ ਬੈਠਾ ਨੇੜੇ ਜਾਣ ਨਾਂ ਖੌਫ ਨੂੰ ਧਾਰ ਵਿਚੋਂ।
ਤੇਲ ਪਾ ਮਕਾਨ ਨੂੰ ਅੱਗ ਲਾਈ ਜਿਹੜੀ ਮੁੱਢ ਤੋਂ ਪੁਲਸ ਦੀ ਕਾਰ ਵਿਚੋਂ।
ਲਾਟਾਂ ਚੱਲੀਆਂ ਵਲ ਅਸਮਾਨ ਚੜ੍ਹਕੇ ਹੋਏ ਧੂਏਂ ਦੇ ਗਰਦ ਗੁਬਾਰ ਵਿਚੋਂ।
ਅਗ ਲੱਗੀ ਤੇ ਡਿਗਣ ਮਕਾਣ ਲੱਗੇ ਭਖੇ ਅੱਗ ਦੇ ਬਹੁਤ ਅੰਗਿਆਰ ਵਿਚੋਂ।
ਅੰਦਰ ਪਾੜੀਆਂ ਸ਼ੇਰ ਨੇ ਛੇ ਕੰਧਾਂ ਜੋਰ ਲਾ ਲਾ ਕੇ ਗਿਆ ਹਾਰ ਵਿਚੋਂ।

ਪਤਾ ਲੱਗੇ ਨਾਂ ਗਲੀ ਦੀ ਕੰਧ ਕਿਹੜੀ ਕਰੇ ਸੂਰਮਾ ਬਹੁਤ ਵਿਚਾਰ ਵਿਚੋਂ ।
ਮੂਹਰੇ ਬੂਹੇ ਦੇ ਗਾਰਦਾਂ ਸੀ ਖੜੀਆਂ ਆਇਆ ਉਥੇ ਨੂੰ ਸ਼ੇਰ ਲਲਕਾਰ ਵਿਚੋਂ ।
ਜੁਮਾ ਖੜਾ ਭਰਾਈ ਸਰਦੂਲਾ ਪੁਰੀਆ ਜਿਹਦੀ ਧੌਣ ਦਾ ਕਿਲਾ ਹੰਕਾਰ ਵਿਚੋਂ ।
ਅੱਗ ਬੂਹੇ ਨੂੰ ਜੋਰ ਦੀ ਲਗ ਗਈ ਸੇਕ ਆਉਂਦਾ ਸੀ ਬੇਸ਼ੁਮਾਰ ਵਿਚੋਂ ।
ਰਤਨ ਸਿੰਘ ਨੇ ਜੁਮੇ ਦੇ ਵਿਚ ਮੱਥੇ ਗੋਲੀ ਦਿਤੀ ਦੁਨਾਲੀ ਦੀ ਮਾਰ ਵਿਚੋਂ ।
ਗੋਲੀ ਜੁਮੇ ਦੇ ਮੱਥੇ ਦੇ ਵਿਚ ਵੱਜੀ ਭੰਨ ਖੋਪਰੀ ਹੋ ਗਈ ਪਾਰ ਵਿਚੋਂ ।
ਸਾੜ ਸਾੜ ਜਵਾਨ ਨੇ ਉਠਾਲ ਦਿਤੀ ਪੁੱਠੇ ਕਰ ਸੁਟੇ ਤਿੰਨ ਚਾਰ ਵਿਚੋਂ ।
ਮਰ ਗਏ ਸਿਪਾਹੀ ਤੇ ਇਕ ਲੰਬੜ ਮੁਰਦੇ ਪੈ ਗਏ ਬੰਨ ਕੇ ਲਾਰ ਵਿਚੋਂ ।
ਇਕ ਵਾਰ ਰਸਾਲੇ ਵੀ ਭੱਜ ਗਏ ਸ਼ੇਰ ਲੰਘੇ ਜਿਓਂ ਮਿਰਗਾਂ ਦੀ ਡਾਰ ਵਿਚੋਂ ।
ਉਧਰ ਪੁਲਸ ਨੇ ਹੁਕਮ ਨੂੰ ਪਾ ਕੇ ਤੇ ਇਤਬਾਰ ਬਾਲੀ ਦਿਤਾ ਮਾਰ ਵਿਚੋਂ ।
ਬਬਰ ਵਿਚ ਮੈਦਾਨ ਸ਼ਹੀਦ ਹੋਇਆ ਨਹੀਂ ਭੁਲੇਗੀ ਗੱਲ ਸੰਸਾਰ ਵਿਚੋਂ ।
ਇਹਨਾਂ ਸੂਰਮੇ ਬਬਰਾਂ ਦੀ ਲਾਭ ਸਿੱਘਾ ਲਾਵਾਂ ਚੁਕ ਕੇ ਮੱਥੇ ਨੂੰ ਛਾਰ ਵਿਚੋਂ ।

**ਨੋਟ :... ਇਹ ਘਟਨਾ ੨੪-੭-੩੨ ਦੀ ਹੈ। ਰੁੜਕੀ ਤਹਿਸੀਲ ਗੜ੍ਹ ਸ਼ੰਕਰ ਜਿਲਾ ਹੁਸਿਆਰ ਪੁਰ ਵਿਚ ਹੈ।**

## ਬੈਂਤ

ਰਤਨ ਸਿੰਘ ਸ਼ਹੀਦ ਮਰਵਾਉਂਣੇ ਦੀ ਪਈ ਦੇਸ਼ ਦੇ ਵਿਚ ਕਹਾ ਜਲਦੀ ।
ਸੁਣਦੇ ਸਾਰ ਦਿਲ ਬਬਰਾਂ ਸੂਰਿਆਂ ਦੇ ਪਏ ਵਿਚ ਕਲੇਜੇ ਦੇ ਘਾ ਜਲਦੀ ।
ਮੁੰਡੇ ਨੌਜਵਾਨ ਤਿਆਰ ਹੋ ਕੇ ਪੁਜੇ ਘਰ ਸਕੰਦਰ ਦੇ ਜਾ ਜਲਦੀ ।
ਦੇਣ ਲਈ ਇਨਾਮ ਮੁਰੱਬਿਆਂ ਦਾ ਸੁਤਾ ਮੰਜੇ ਤੋਂ ਲਿਆ ਉਠਾ ਜਲਦੀ ।
ਪਹਿਲੇ ਫੜਕੇ ਸਿਰ ਦਿਆਂ ਛੱਤਿਆਂ ਤੋਂ ਗੱਲਾਂ ਪੁਛੀਆਂ ਸਭ ਬਠਾ ਜਲਦੀ ।
ਮਾਰੀ ਛਾਤੀ ਦੇ ਵਿਚ ਸੰਗੀਨ ਇਸਦੇ ਦਿਤੀ ਦੂਸਰੇ ਪਾਰ ਲੰਘਾ ਜਲਦੀ ।
ਆਹ ਲੈ ਸਾਂਭ ਜਮੀਨ ਮੁਰੱਬਿਆਂ ਦੀ ਰਤਨ ਸਿੰਘ ਨੂੰ ਆਇਆ ਫੜਾ ਜਲਦੀ ।
ਬਾਹਾਂ ਦੋਵੇਂ ਹੀ ਵੱਢੀਆਂ ਡੌਲਿਆਂ ਤੋਂ ਗੱਲਾਂ ਸਾਰੀਆਂ ਪੁਛ ਪੁਛਾ ਜਲਦੀ ।
ਸੂਏ ਮਾਰ ਵਿਚ ਵੱਖੀਆਂ ਇਹਦੀਆਂ ਦੇ ਲਈ ਦਿਲ ਦੀ ਗਲ ਘਢਾ ਜਲਦੀ ।
ਫੇਰ ਫੇਰ ਕੇ ਛਾਤੀ ਦੇ ਵਿਚ ਛੁਰੀਆਂ ਵੱਖੋ ਵੱਖ ਦਿਤੇ ਖੱਪੇ ਲਾਹ ਜਲਦੀ ।
ਵਟ ਦੇ ਕੇ ਧੌਣ ਮਰੋੜ ਮਾਰੀ ਕੱਢੀ ਬੁਤ ਤੋਂ ਜਾਨ ਤਰਸਾ ਜਲਦੀ ।
ਮੁੰਡੇ ਸੋਹਣੇ ਬਬਰ ਦੀ ਪਾਰਟੀ ਦੇ ਗਏ ਕੀਤੇ ਦਾ ਫਲ ਭੁਗਤਾ ਜਲਦੀ ।
ਚੱਲ ਦੇ ਖਾਂ ਡੰਰੀਆਂ ਬਬਰਾਂ ਤੇ ਕੁਰਸੀ ਹਾਕਮਾਂ ਕੋਲ ਡਹਾ ਜਲਦੀ ।
ਹਵਾ ਖਾ ਲਈ ਬਹੁਤ ਚੁਬਾਰਿਆਂ ਦੀ ਚਲ ਪੈ ਖਾਂ ਕਬਰ ਦੇ ਰਾਹ ਜਲਦੀ ।
ਫੜ੍ਹ ਪਾਉਂਣਗੇ ਨਰਕ ਦੇ ਵਿਚ ਤੈਨੂੰ ਕੀੜੇ ਲੈਣਗੇ ਮਾਸ ਨੂੰ ਖਾ ਜਲਦੀ ।
ਕਾਲਾ ਮੂੰਹ ਨੀਲੇ ਪੈਰ ਪਾਪੀਆਂ ਦੇ ਪੈਂਦੀ ਰਹੇਗੀ ਸਿਰ ਸਵਾਹ ਜਲਦੀ ।
ਆਫਰੀਨ ਉਏ ਬਬਰੋ ਜੰਮਣੇ ਦੇ ਨਾਮ ਸਫਲਾ ਗਏ ਬਣਾ ਜਲਦੀ ।
ਜਿਹੜੇ ਕੌਮ ਗਦਾਰਾਂ ਨੇ ਜੁਲਮ ਕੀਤੇ ਵੱਢ ਵੱਢ ਦਿਤੇ ਖੱਪੇ ਲਾਹ ਜਲਦੀ ।
ਮਰਦੇ ਪੁਤ ਨਾਂ ਬਾਣੀਆ ਪਾਰਟੀ ਦੇ ਬਬਰ ਕੱਚਿਆਂ ਨੂੰ ਲੈਂਦੇ ਖਾ ਜਲਦੀ ।
ਇਹਨਾਂ ਕੌਮ ਗਦਾਰਾਂ ਦਾ ਲਾਭ ਸਿੰਘਾ ਲੈਣਾ ਫੇਰ ਨਾਂ ਭੁਲਕੇ ਨਾਂ ਜਲਦੀ ।

**ਨੋਟ :—** ਇਹ ਘਟਨਾ ੨੫ ਪੋਹ ਸੰਨ ੪੨ ਦੀ ਹੈ। ਅੱਗੇ ਪ੍ਰਸੰਗ ਅਨੂਪੇ ਚੰਡਾਲ ਮਾਣਕੋ ਵਾਲੇ ਦਾ ਜਿਸ ਨੇ ਚਾਰ ਬਬਰ ਬੋਥੇਲੀ ਸ਼ਹੀਦ ਕਰਾਏ ਸੀ। ਜਿੰਨਾ ਏਸ ਗਦਾਰ ਨੇ ਜੁਲਮ ਕੀਤਾ ਸੋ ਲਿਖਣ ਤੋਂ ਬਾਹਰ ਹੈ। ਏਸ ਪਾਪੀ ਦਾ ਵਜੂਦ ਸਵੇਰ ਤੋਂ ਥੋੜਾ ਥੋੜਾ ਕਟੀ ਜਾਈਏ ਫੇਰ ਵੀ ਇਹਦਾ ਬਦਲਾ ਨਹੀਂ ਮੁੜ ਸਕਦਾ !

## (ਬੈਂਤ)

ਜਿੰਨਾਂ ਏਸ ਗਦਾਰ ਨੇ ਜ਼ੁਲਮ ਕੀਤਾ ਮੇਰੇ ਵਿਚ ਬਿਆਨ ਨਾਂ ਆਉਂਦਾ ਈ।
ਘਰ ਕਿਸੇ ਚੰਡਾਲ ਦੇ ਜੰਮ ਕੇ ਤੇ ਸਾਰੇ ਦੇਸ਼ ਦਾ ਬੇੜਾ ਰੁੜ੍ਹਾਉਂਦਾ ਈ।
ਆਪ ਨਾਲ ਲਿਆ ਕੇ ਬਬਰਾਂ ਨੂੰ ਓਧਰ ਪੁਲਸ ਨੂੰ ਖਬਰ ਪਚਾਉਂਦਾ ਈ।
ਗੰਦਾ ਕਿਸੇ ਚੰਡਾਲ ਦਾ ਬੀਜ ਸੀ ਇਹ ਦੇਸ਼ ਭਗਤਾਂ ਦੇ ਖੂਨ ਨਹਾਉਂਦਾ ਈ।
ਟਿਹ ਸਾਰਾ ਹੀ ਕੋੜਮਾਂ ਗੰਦਿਆਂ ਦਾ ਵੱਢਾ ਇਕ ਤੋਂ ਇਕ ਸਦਾਉਂਦਾ ਈ।
ਰੇਂਦ ਪਾ ਕੜਾਹੀ ਉਬਾਲ ਸੁਟੇ ਤੇਲ ਬੰਬਾਂ ਦੇ ਵਿਚ ਭਰਾਉਂਦਾ ਈ।
ਜਦੋਂ ਏਸ ਬਿਆਨ ਲਾਹੌਰ ਦਿਤੇ ਪੰਜੇ ਭਾਰ ਹੋ ਅੱਡੀ ਘਸਾਉਂਦਾ ਈ।
ਕੱਟੀ ਦੋਧੀਆਂ ਦੀ ਵਾਂਗੂੰ ਸੀ ਪਲਿਆ ਨਹੀਂ ਆਕੜੀ ਧੌਣ ਲਫਾਉਂਦਾ ਈ।
ਬਬਰ ਸੂਰਮੇ ਖੇਤ ਮਰਵਾ ਕੇ ਤੇ ਆਪ ਦੋ ਦੋ ਲੜ ਛਡਾਉਂਦਾ ਈ।
ਖ਼ੂਨਣ ਮੱਤ ਭੁਲਾ ਕੇ ਸੀਸ ਉਤੋਂ ਨਾਲ ਖੁਸ਼ੀ ਦੇ ਘੋੜੀਆਂ ਗਾਉਂਦਾ ਈ।
ਕਦੇ ਹੇਠਲੇ ਵੀ ਉਤੇ ਹੋ ਜਾਂਦੇ ਚਕਰ ਵਾਹਿਗੁਰੂ ਜਦੋਂ ਘਮਾਉਂਦਾ ਈ।
ਦੁਖ ਦੂਜੇ ਦਾ ਤਦੋਂ ਮਲੂਮ ਹੁੰਦਾ ਜਦੋਂ ਆਪਣੀ ਧੌਣ ਭਨਾਉਂਦਾ ਈ।
ਨਾਲ ਗੋਲੀਆਂ ਭੁਨ ਹੋ ਗਏ ਕੋਈ ਇਹ ਨਕਦ ਇਨਾਮ ਗਣਾਉਂਦਾ ਈ।
ਇਹਨੂੰ ਆਪਣੇ ਜੋਰ ਦਾ ਮਾਣ ਵੱਡਾ ਨਜਰ ਥੱਲੇ ਨਾਂ ਇਹ ਲਿਆਉਂਦਾ ਈ।
ਕਿੱਲਾ ਇਸ ਦੀ ਧੌਣ ਦਾ ਲਾਭ ਸਿੰਘਾ ਕੌਣ ਬਬਰਾਂ ਬਾਝ ਘਢਾਉਂਦਾ ਈ।

**ਨੋਟ :—** ਇਸ ਗਦਾਰ ਦੇ ਸੁਧਾਰ ਵਾਸਤੇ ਕਰਤਾਰ ਸਿੰਘ ਚਕ ਬਾਗੜੀਆਂ, ਗੁਰਦਿਤ ਮੰਢਾਲੀ ਜਿਲਾ ਜਾਲੰਧਰ ਦੇ, ਓਜਾਗਰ ਸਿੰਘ ਮੌਜਾ ਖਿਨਆਲੀਆਂ ਜਿਲਾ ਹੁਸ਼ਿਆਰਪੁਰ, ਕਰਤਾਰ ਸਿੰਘ ਡਮੇਲੀ ਰਿਆਸਤ ਕਪੂਰਥਲਾ।

## (ਬੈਂਤ)

ਚਾਰੇ ਦੇਸ਼ ਦੁਆਬੇ ਦੇ ਸੂਰਮੇ ਸਨ ਕਰਦੇ ਬੈਠ ਕੇ ਇਕ ਸਲਾਹ ਭਾਈ।
ਗੁਰੂ ਸਾਹਿਬ ਦੇ ਚਰਨੀ ਟੇਕ ਮੱਥਾ ਲੈਂਦੇ ਤਲੀ ਤੇ ਜਾਨ ਟਿਕਾ ਭਾਈ।
ਮੁੰਡੇ ਸੂਰਮੇ ਬਬਰ ਦੀ ਪਾਰਟੀ ਦੇ ਪੁਜੇ ਮਾਂਣਕੋ ਦੇ ਵਿਚ ਜਾ ਭਾਈ।
ਇਹਦਾ ਕੁੜਮ ਕੋਈ ਇਸਨੂੰ ਮਿਲਣ ਆਇਆ ਬੈਠੇ ਕੋਠੇ ਤੇ ਮੰਜੇ ਨੂੰ ਡਾਹ ਭਾਈ।
ਬਬਰ ਸੂਰਮੇ ਪਉੜੀ ਤੇ ਚੜ੍ਹ ਗਏ ਦਿਤੀ ਜਾਂਦਿਆਂ ਫਤਹਿ ਬੁਲਾ ਭਾਈ।
ਬਿਜਲੀ ਪੈ ਗਈ ਭੂਰਿਆਂ ਬਦਲਾਂ ਚੋਂ ਜਾਉ ਪਾਪੀ ਦਾ ਤੁਖਮ ਉਡਾ ਭਾਈ।
ਬਬਰਾਂ ਆਖਿਆ ਫੇਰ ਖਾਂ ਹੱਥ ਮੁੰਡੇ ਤੇਰੇ ਗਏ ਭਣੋਈਏ ਆ ਭਾਈ।
ਅੱਜ ਸ਼ਿਸ਼ਨ ਦੇ ਦੇ ਬਿਆਨ ਉਹ ਹੀ ਜਿਹੜੇ ਅੱਡੀਆਂ ਦਿਤੇ ਚੁਕਾ ਭਾਈ।
ਚਾਰੇ ਸ਼ੇਰ ਖੜ ਗਏ ਦੋਹਾਂ ਪਾਸਿਆਂ ਤੇ ਕਬਜੇ ਹੱਥ ਕਰਪਾਨ ਦੇ ਪਾ ਭਾਈ।

ਅੱਜ ਦਸ ਚੰਡਾਲ ਦੇ ਪੁਤਰਾ ਓਏ ਆਇਆ ਕਿਸ ਤਰ੍ਹਾਂ ਬਬਰ ਮੁਰਵਾ ਭਾਈ।
ਬਬਰਾਂ ਆਖਿਆ ਪੀ ਕੇ ਖ਼ੂਨ ਤੇਰਾ ਲੈਣੀ ਦਿਲ ਦੀ ਅੱਗ ਬੁਝਾ ਭਾਈ।
ਮਦਦ ਸੱਦ ਗਦਾਰ ਜੋ ਨਾਲਦੇ ਹੈ ਹੁਣ ਆਂਣ ਕੇ ਲੈਣ ਛੁਡਾ ਭਾਈ।
ਚੀਰ ਸੁਟਣਾ ਲੱਕੜਾਂ ਵਾਂਗ ਧਰਕੇ ਚੀਰ ਵਿਚ ਸਰੀਰ ਦੇ ਪਾ ਭਾਈ।
ਪੁੱਠਾ ਟੰਗ ਕੇ ਬੱਕਰੇ ਵਾਂਗ ਤੈਨੂੰ ਖੱਲ ਲਾਹਾਂਗੇ ਐਨ ਬਣਾ ਭਾਈ।
ਕਾਲਾ ਮੂੰਹ ਤੇਰਾ ਨੀਲੇ ਪੈਰ ਤੇਰੇ ਪਾਉਂਣੀ ਸੀਸ ਦੇ ਵਿਚ ਸਵਾਹ ਭਾਈ।
ਮੋਟੀ ਧੌਣ ਜਿਹੜੀ ਮੈਹੇਂ ਵਾਂਗ ਤੇਰੀ ਦੇਣੀ ਬੇਲਣੇ ਵਿਚ ਲੰਘਾ ਭਾਈ।
ਬੇੜਾ ਦੇਸ਼ ਦੁਆਬੇ ਦਾ ਪਾਪੀਆ ਓਏ ਦਿਤਾ ਸ਼ੌਹ ਦੇ ਵਿਚ ਹੜ੍ਹਾ ਭਾਈ।

## ਇਸ ਚੰਡਾਲ ਦਾ ਕਤਲ

(ਬੈਂਤ)

ਇਹਦੇ ਕੁੜਮ ਨੂੰ ਆਖਿਆ ਦੂਰ ਹੋਜਾ ਮਾਰੀ ਧੌਣ ਦੇ ਉਤੇ ਤਲਵਾਰ ਇਸਦੇ।
ਇਕ ਮਾਰਕੇ ਪਿਛੇ ਨੂੰ ਸੂਤ ਲਈ ਵਗੀ ਵਿਚ ਤੋਂ ਖ਼ੂਨ ਦੀ ਧਾਰ ਇਸਦੇ।
ਬਰਛੀ ਤੀਜੇ ਨੇ ਗੁਸੇ ਦੇ ਨਾਲ ਮਾਰੀ ਛਾਤੀ ਪਾੜ ਕੇ ਹੋ ਗਈ ਪਾਰ ਇਸਦੇ।
ਸੱਚ ਮੁਚ ਸਰੀਰ ਨੂੰ ਚੀਰ ਪਾ ਕੇ ਕੀਤੇ ਵੱਢ ਕੇ ਟੁਕੜੇ ਚਾਰ ਇਸਦੇ।
ਗੰਦਾ ਏਸ ਜਹਾਨ ਤੋਂ ਤੋਰ ਦਿਤਾ ਵਾਸੇ ਹੋਣਗੇ ਨਰਕ ਵਿਚਕਾਰ ਇਸਦੇ।
ਕਾਲਾ ਮੂੰਹ ਦਰਗਾਹ ਦੇ ਵਿਚ ਹੋਣਾ ਗਲ ਪੈਣਗੇ ਛਿੱਤਰਾਂ ਹਾਰ ਇਸਦੇ।
ਕੁੰਭੀ ਨਰਕ ਵਿਚ ਇਸਦੇ ਪੈਣ ਕੀੜੇ ਬੀਤ ਜਾਣ ਭਾਵੇਂ ਜੁਗ ਚਾਰ ਇਸਦੇ।
ਜਦੋਂ ਤਕ ਇਹ ਰਹਿਣਗੇ ਚੰਦ ਸੂਰਜ ਪੈਂਦੀ ਫਿਟਕ ਦੀ ਰਹੇਗੀ ਛਾਰ ਇਸਦੇ।
ਪਾਪੀ ਬਾਪ ਰੋਊ ਕਰਮਾਂ ਮਾੜਿਆਂ ਨੂੰ ਸੋਹਣੇ ਕੀਰਨੇ ਪਾਊਗੀ ਨਾਰ ਇਸਦੇ।
ਰੰਨਾਂ ਬੰਨਕੇ ਜੋੜੀਆਂ ਰੋਣਗੀਆਂ ਯਾਦ ਕਰਕੇ ਪਰ ਉਪਕਾਰ ਇਸਦੇ।
ਕੀਤਾ ਪਾ ਕੇ ਚੰਦਰਾ ਮਰ ਗਿਆ ਕਲ ਦੇਖੇਗੀ ਹਾਲ ਸਰਕਾਰ ਇਸਦੇ।
ਸੂਬ੍ਹਾ ਜਾਊਗੀ ਜਿਲੇ ਦੇ ਵਲ ਡੋਲੀ ਕਰਨ ਡਾਕਟਰੀ ਫਿਰ ਡਕਡਾਰ ਇਸਦੇ।
ਬਬਰ ਸੂਰਮੇ ਬਬਰ ਦੀ ਪਾਰਟੀ ਦੇ ਬਦਲਾ ਲੈ ਗਏ ਧੌਂਸੇ ਨੂੰ ਮਾਰ ਇਸਦੇ।
ਫੇਰ ਫੇਰ ਕੇ ਛਾਤੀ ਦੇ ਵਿਚ ਛੁਰੀਆਂ ਪੱਟੇ ਕੱਢ ਕੇ ਦਿਤੇ ਖਲਾਰ ਇਸਦੇ।
ਧਰਕੇ ਬੇਲਣੇ ਪੀੜੀਏ ਲਾਭ ਸਿੰਘਾ ਚਰਬੀ ਖ਼ੂਨ ਦੋ ਲਈਏ ਨਤਾਰ ਇਸਦੇ।

**ਨੋਟ :—** ਇਹ ਗਦਾਰ ੧੫ ਹਾੜ ੧੯੩੬ ਨੂੰ ਮਾਰਿਆ ਸੀ। ਬਬਰ ਦੱਸਦੇ ਸਨ, ਇਸਦੇ ਵਿਚੋਂ ਇਤਨਾ ਖ਼ੂਨ ਨਿਕਲਿਆ ਜੋ ਵਿਹੜਾ ਸਿੰਜ ਹੋ ਗਿਆ। ਐਹੋ ਜਿਹੇ ਸੂਰਮੇ ਪੈਦਾ ਕਰਨ ਦਾ ਮਾਣ ਦੁਆਬੇ ਦੀ ਪਵਿਤਰ ਧਰਤੀ ਨੂੰ ਗੁਰੂ ਨੇ ਬਖਸ਼ਿਆ, ਜਿਸ ਨੇ ਬਬਰ ਪੈਦਾ ਕੀਤੇ। ਅੱਗੇ ਇਕ ਕੋਰੜਾ ਛੰਦ ਅਜ ਕਲ ਦੇ ਫੈਸ਼ਨ ਦਾ ਪੜ੍ਹੋ।

## ਕੋਰੜਾ ਛੰਦ

ਘਾਟ ਕੁਲੇ ਭਾਵੇਂ ਗਹਿਣੇ ਧਰੋ ਗੱਡੇ ਜੀ, ਪਾਉਣੀ ਗੁਰਗਾਬੀ ਬਾਪੂ ਉਚੇ ਅੱਡੇ ਦੀ,
ਸਾਨੂੰ ਨਾਂ ਪੰਜਾਬੀ ਜਤੀ ਅੱਛੀ ਲਗਦੀ, ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।
ਬਾਂਦਰਾਂ ਦੀ ਰੋਟੀ ਵਾਂਗ ਦੇਸ਼ ਵੰਡੀ ਦਾ, ਹੋ ਗਿਆ ਹਵਾਲ ਇਹ ਪੰਜਾਬ ਰੰਡੀ ਦਾ,
ਫੂਕਣੇ ਦੇ ਵਾਸਤੇ ਜੋ ਭੱਠੀ ਦੱਗਦੀ, ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।

ਕੰਮਕਾਰ ਸਾਰਾ ਦਿਨ ਕੰਘੀ ਪੱਟੀ ਦਾ, ਪੰਜ ਸੌ ਮਹੀਨਾ ਹੈ ਬਜਾਜ ਹੱਟੀ ਦਾ,
ਹੱਥ ਦੀ ਅੰਗੂਠੀ ਹੋਣ ਹੀਰੇ ਨੱਗ ਜੀ. ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।
ਭਾਂਤ ਭਾਂਤ ਸਾਬਣਾਂ ਦੇ ਹੋਣ ਰੰਗ ਜੀ, ਮਲ ਮਲ ਨਹਾਉਂਦੀਆਂ ਲਘਾਉਂਣ ਡੰਗ ਜੀ,
ਹਨੇਰੀ ਵਾਂਗ ਕਾਮ ਦੀ ਹਨੇਰੀ ਵੱਗਦੀ, ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।
ਘੁਮਣਾ ਬਜ਼ਾਰਾਂ ਵਿਚ ਸੈਰ ਕਰਨੇ, ਹੱਥਾਂ ਵਿਚ ਬਟੂਏ ਤੇ ਬੈਗ ਫੜਨੇ,
ਲੁੱਟ ਗਿਆ ਕਾਮ ਬਣ ਕੇ ਤੇ ਠਗ ਜੀ, ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।
ਬਾਤ ਅੰਗਰੇਜ਼ੀ ਹੁੰਦੀ ਮਿੱਠੀ ਗੁੜ ਜੀ, ਕੰਜਰਾਂ ਦੇ ਵਾਂਗ ਦੇਸ਼ ਖੇਹ ਉੜਦੀ,
ਇੱਜਤ ਬਣਾਵੋ ਬਾਪ ਵਾਲੀ ਪੱਗ ਦੀ, ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।
ਸੁੰਦਰ ਪੰਜਾਬ ਉਡ ਗਈ ਧੂੜ ਜੀ, ਪਿੰਜਰੇ 'ਚ ਪਾ ਦੇਸ਼ ਲਿਆ ਨੂੜ ਜੀ,
ਪੰਜਾਬ ਦੇ ਘਰਾਂ 'ਚ ਕੁੱਤੇ ਰਹੇ ਹੱਗ ਜੀ, ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।
ਫੂਕ ਸੁਟੀ ਗੋਰਿਆਂ ਨੇ ਆਨ ਸ਼ਾਨ ਜੀ, ਪਤਾ ਨਹੀਂ ਬਚੇ ਜੇ ਕਿਸੇ ਦੀ ਜਾਨ ਜੀ,
ਪੈਂਦੀ ਫਿਟਕਾਰ ਸਿਰ ਸਾਰੇ ਜੱਗ ਦੀ, ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।
ਹੱਥੀਂ ਠੂਠੇ ਦੇਖੋ ਗਲਾਂ ਵਿਚ ਝੋਲੀਆਂ, ਰਾਣੀਆਂ ਹੈ ਗੋਰੀਆਂ ਪੰਜਾਬੀ ਗੋਲੀਆਂ
ਸੂਤ ਲਈ ਰੱਤ ਸਾਰੀ ਸਾਹ ਰਗ ਦੀ, ਫੈਸ਼ਨ ਵਲਾਇਤ ਦੇ ਨੂੰ ਲਾਓ ਅੱਗ ਜੀ।

**ਨੋਟ :—** ਇਸ ਦੁਆਬੇ ਦੀਆਂ ਪਵਿਤਰ ਦੇਵੀਆਂ ਵਾਸਤੇ।

## ਕੋਰੜਾ ਛੰਦ

ਖਾਲਸੇ ਨੂੰ ਗੁਰੂ ਕਰਦੇ ਹਦੈਤ ਜੇ, ਕੰਜਰਾਂ ਦਾ ਕੰਮ ਫੈਸ਼ਨ ਵਲੈਤ ਦੇ,
ਗੰਦਿਆਂ ਦਾ ਕੰਮ ਵੀਰੋ ਡਾਕੇ ਚੋਰੀਆਂ, ਬਬਰ ਜਮਾਓ ਬੀਬੀ ਦੇਵੋ ਲੋਰੀਆਂ।
ਭੜਕ ਪਈ ਫਟ ਵਾਲੀ ਭੈੜੀ ਅੱਗ ਜੀ, ਫੂਕੀ ਗਈ ਪੰਜਾਬ ਦੇਸ਼ ਗਈ ਲਗ ਜੀ,
ਸੀਸ ਤੇ ਜੁਲਮ ਦੀਆਂ ਘਟਾਂ ਘੋਰੀਆਂ, ਬਬਰ ਜਮਾਓ ਬੀਬੀ ਦੇਵੋ ਲੋਰੀਆਂ।
ਐਨ ਵੇਲੇ ਸਿਰ ਜੜ੍ਹਾਂ ਮੁੱਢੋਂ ਪੱਟੀਆਂ, ਕੋਹੜੀਆਂ ਦੇ ਪੁਤ ਮੇਸ ਗਏ ਪੱਟੀਆਂ,
ਮਣੀ ਸਿੰਘ ਵਾਂਗ ਕੱਟ ਹੋਣ ਪੋਰੀਆਂ, ਬਬਰ ਜਮਾਓ ਬੀਬੀ ਦੇਵੋ ਲੋਰੀਆਂ।
ਕਰਦਾ ਭਰੋਸਾ ਦੇਸ਼ ਗਿਆ ਲੁਟਿਆ, ਨਾਲ ਬੈਹ ਕੇ ਕਾਲਜੇ ਨੂੰ ਚੀਰ ਸੁਟਿਆ,
ਛੱਡੋ ਇਹ ਬਜਾਰ ਦੀਆਂ ਹਵਾ ਖੋਰੀਆਂ, ਬਬਰ ਜਮਾਓ ਬੀਬੀ ਦੇਵੋ ਲੋਰੀਆਂ।
ਬਬਰ ਜਵਾਨੋਂ ਵੇਲਾ ਨਹੀਂ ਸੌਣ ਦਾ, ਆ ਗਿਆ ਵਕਤ ਰਣਤੇਗ ਵਾਉਂਣ ਦਾ,
ਖੜ ਕੇ ਮੈਦਾਨ ਸੱਟਾਂ ਮਾਰੋ ਦੋਰ੍ਹੀਆਂ, ਬਬਰ ਜਮਾਓ ਬੀਬੀ ਦੇਵੋ ਲੋਰੀਆਂ।
ਸਿਖ ਲਓ ਮੈਦਾਨ ਕਿੱਦਾਂ ਸੀਸ ਵਾਰੀ ਦਾ, ਹੋਰ ਨਾਂ ਇਲਾਜ ਕੋੜ ਦੀ ਬੀਮਾਰੀ ਦਾ,
ਉਸ ਕਰਤਾਰ ਪੁਰ ਸੁਟੋ ਡੋਰੀਆਂ, ਬਬਰ ਜਮਾਓ ਬੀਬੀ ਦੇਵੋ ਲੋਰੀਆਂ।
ਸੁੰਦਰ ਪੰਜਾਬ ਦੇ ਬਣਾਏ ਟੁਕੜੇ, ਬਣੋ ਪੁਤ ਸ਼ੇਰਾਂ ਦੇ ਤੇ ਪੀ ਲਓ ਹੁਕੜੇ,
ਬੰਗਲੇ 'ਚ ਗਿੱਧੇ ਨਾਂ ਇਹ ਪਾਉਂਣ ਗੋਰੀਆਂ, ਬਬਰ ਜਮਾਓ ਬੀਬੀ ਦੇਵੋ ਲੋਰੀਆਂ।
ਸੀਸ ਤੇ ਜੁਲਮ ਦੇ ਬਦਲ ਘੋਰ ਦੇ, ਚਾੜ੍ਹੀਏ ਹਨੇਰੀ ਬੁਲੇ ਆਉਂਣ ਜੋਰ ਦੇ,
ਵਗਣ ਵਿਚੋਂ ਖੂਨ ਸਿਰ ਹੋਣ ਮੋਰੀਆਂ, ਬਬਰ ਜਮਾਓ ਬੀਬੀ ਦੇਵੋ ਲੋਰੀਆਂ।

**ਨੋਟ :— ਅੱਜ ਕਲ ਦੇ ਰਿਵਾਜ ਦੇਖ ਕੇ ਇਕ ਬੀਬੀ ਊਧਮ ਕੌਰ, ਮੌਜਾ ਮੂਗੋਆਲ ਤਹਿਸੀਲ ਗੜ੍ਹਸ਼ੰਕਰ, ਜਿਲਾ ਹੁਸ਼ਿਆਰ ਪੁਰ, ਸਰਦਾਰ ਵਰਿਆਮ ਸਿੰਘ ਦੀ ਲੜਕੀ ਨੇ ਇਕ**

ਗੱਡੀ ਦੀ ਤਰਜ ਤੇ ਕਵਿਤਾ ਬਣਾਈ ਹੈ ਜੋ ਬੀਬੀਆਂ ਦੇ ਪੜ੍ਹਨ ਵਾਸਤੇ ਲਿਖਦਾ ਹਾਂ।

## (ਗੱਡੀ)

ਗੱਲ ਸੁਣੋ ਨੀ ਗੱਲ ਸੁਣੋ ਨੀ ਪੰਜਾਬ ਦੀਓ ਭੈਣੋਂ, ਤੁਸੀਂ ਜੇ ਅਜਾਦ ਹੋ ਗਈਆਂ।
ਪਤੀ ਆਪਣੇ ਪਤੀ ਆਪਣੇ ਗੁਲਾਮ ਬਣਾਵੋ, ਸ਼ਾਹਾਂ ਕੋਲੋਂ ਚੁਕ ਕਰਜੇ।
ਉਹਨਾਂ ਖਾਧੀਆਂ ਉਹਨਾਂ ਖਾਧੀਆਂ ਛਾਤੀ ਵਿਚ ਗੋਲੀਆਂ, ਖਾਤਰ ਅਜਾਦੀ ਦੀ।
ਵੀਹ ੨ ਸਾਲ ਉਹ ਵੀਹ ੨ ਸਾਲ ਉਹ ਜੇਲਾਂ ਵਿਚ ਸੜ ਗਏ, ਪੀਂਹਦੇ ਖਰਾਸ ਚੱਕੀਆਂ।
ਸਿਰ ਗੁੰਦਣੇ ਸਿਰ ਗੁੰਦਣੇ ਉਕੇ ਬੰਦ ਕੀਤੇ, ਲਟਕਣ ਬਾਂਬਰੀਆਂ।
ਸੂਈਆਂ ਟੰਗੀਆਂ ਸੂਈਆਂ ਟੰਗੀਆਂ ਨੰਗੀ ਗੁਤ ਕਰਕੇ, ਫੈਸ਼ਨ ਫਰੰਗੀਆਂ ਦਾ।
ਦੂਰੋਂ ਨਾਗਣੀ ਦੂਰੋਂ ਨਾਗਣੀ ਨਜਰ ਪਈ ਆਉਂਦੀ, ਦੋ ਦੋ ਗੁੱਤਾਂ ਲਟਕਦੀਆਂ।
ਅੱਖੀਂ ਐਨਕਾਂ ਅੱਖੀਂ ਐਨਕਾਂ ਹੱਥਾਂ ਵਿਚ ਬਟੂਏ, ਬਣਦੀਆਂ ਬਾਬੂ ਆਣੀਆਂ।
ਜੁਤੀ ਕੋਈ ਨਾਂ ਜੁਤੀ ਕੋਈ ਨਾਂ ਪੰਜਾਬੀ ਪਾਉਂਦੀ, ਜੋਰ ਸਲੀਪਰਾਂ ਦਾ।
ਜਿਹੜੇ ਪੈਰ ਨਾਂ ਜਿਹੜੇ ਪੈਰ ਨਾਂ ਤੁਰਨ ਇਕ ਦੇਂਦੇ, ਫਿਟ ਫਿਟ ਲਾਈ ਰਖਦੇ।
ਤੁਸਾਂ ਪੈਰ ਨਾਂ ਤੁਸਾਂ ਪੈਰ ਨਾਂ, ਸੜਕ ਪਰ ਰਖਣਾ ਪਿੰਨੀਆਂ ਨੂੰ ਮਿੱਟੀ ਲਗਦੀ।
ਭਈ ਪਾਰਸਲ ਭਈ ਪਾਰਸਲ ਦਿਲੀ ਤੋਂ ਆਉਂਣਾ, ਜਰਾਬਾਂ ਰਬੜਦੀਆਂ।
ਤੁਸੀਂ ਭਾਰ ਨਾਂ ਤੁਸੀਂ ਭਾਰ ਨਾਂ ਸੀਸ ਤੇ ਸਹਿਦੀਆਂ, ਅਜ ਚੁਨੀ ਰੇਸ਼ਮੀ ਦਾ।
ਕਈਆਂ ਭੈਣਾਂ ਨੇ ਕਈਆਂ ਭੈਣਾਂ ਨੇ ਜਮੀਨ ਵਕਾਈ, ਪਤੀ ਕੋਲੋਂ ਸਾਈਕਲ ਮੰਗਿਆ।
ਦੋਵੇਂ ਮਾਰਕੇ ਦੋਵੇਂ ਮਾਰਕੇ ਪਲਾਕੀ ਚੜ੍ਹ ਗਏ, ਰਸਤੇ ਵਿਚ ਵਿਗੜ ਗਿਆ।
ਉਹਨੂੰ ਚੁਕ ਕੇ ਉਹਨੂੰ ਚੁਕ ਕੇ ਟਾਂਗੇ ਪੁਰ ਸੁਟਿਆ, ਦੁਗਣਾ ਕਰਾਇਆ ਪੈ ਗਿਅ।
ਮੇਲਾ ਦੇਖਿਆ ਮੇਲਾ ਦੇਖਿਆ ਸ਼ਹਿਰ ਦਾ ਸਿਲਮਾ, ਸਵਾ ਸਵਾ ਟਿਕਟਾਂ ਦਾ।
ਦੁਕਾਨ ਵਾਲੇ ਨੂੰ ਦੁਕਾਨ ਵਾਲੇ ਨੂੰ ਆਖਿਆ ਜਾ, ਕੇ ਬਣਾ ਦੇ ਸਾਨੂੰ ਦੁਧ ਸੇਮੀਆਂ।
ਪਹਿਲੇ ਖਾ ਕੇ ਪਹਿਲੇ ਖਾ ਕੇ ਫੀਮ ਦਾ ਗੋਲਾ, ਮਗਰੋਂ ਚਾਹ ਪੀ ਲਈ।
ਪੈਸੇ ਪੁਛੇ ਤਾਂ ਪੈਸੇ ਪੁਛੇ ਤਾਂ ਬਣੇ ਬਿਲ ਤੇਰਾ, ਹਿੱਕ ਨੂੰ ਧੜੱਕਾ ਬੱਜਿਆ।
ਘਰ ਆ ਗਏ ਘਰ ਆ ਗਏ ਬੁਜਾ ਮੂੰਹ ਕਰਕੇ, ਬਾਪ ਫੜੀ ਡਾਂਗ ਫਿਰੇ।
ਬੁਢੀ ਕੱਢਦੀ ਬੁਢੀ ਕੱਢਦੀ ਗਲੀ ਵਿਚ ਗਾਲ੍ਹਾਂ, ਮੱਝ ਨੇ ਨਾਂ ਕੱਟਾ ਝੱਲਿਆ।
ਮੁੰਡਾ ਵੈਹੜੇ ਨੂੰ ਮੁੰਡਾ ਵੈਹੜੇ ਨੂੰ ਪਲਾਉਂਣ ਲਗਾ ਪਾਣੀ, ਚੁਕਕੇ ਵਗਾਹ ਮਾਰਿਆ।
ਬਾਂਹ ਟੁਟ ਗਈ ਬਾਂਹ ਟੁਟ ਗਈ ਕੂਣੇ ਦੇ ਕੋਲੋਂ, ਮੰਜੇ ਉਤੇ ਪਿਆ ਹੂਗਦਾ।
ਭੈਣੋਂ ਭੈਣੋਂ, ਨਹੀਂ ਮੈਥੋਂ ਰਹਿ ਹੋਵੇ ਗਲ ਕਹਿਣੋਂ।

**ਨੋਟ :—** ਅਗੇ ਹਵਾਲ ਬੇਲਾ ਸਿੰਘ ਜਿਆਣ ਦਾ ਜੋ ਪੱਕਾ ਗਦਾਰ ਸੀ ਜਿਸ ਨੇ ਕਨੇਡਾ ਗੁਰਦੁਆਰੇ ਗੋਲੀ ਚਲਾਈ ਸੀ। ਇਸ ਦੀ ਅੱਖ ਕਾਂ ਵਾਂਗੂੰ ਤਰਦੀ ਸੀ।

## (ਬੈਂਤ)

ਬੇਲਾ ਸਿੰਘ ਗਦਾਰ ਜਿਆਣੀਏ ਦਾ ਅੱਗੇ ਲਿਖੀਏ ਕੁਝ ਹਵਾਲ ਲੋਕੋ।
ਵੈਨਕੋਵਰ ਕਨੇਡਾ ਦੇ ਗੁਰਦੁਵਾਰੇ ਏਸ ਦੋ ਬੰਦੇ ਦਿਤੇ ਗਾਲ ਲੋਕੋ।
ਸਦਾ ਲੈਂਦਾ ਸੀ ਕੰਮ ਛੈਤਾਨੀਆਂ ਤੋਂ ਹਾਫ ਕਿਸ਼ਨ ਸੀ ਇਸਦੇ ਨਾਲ ਲੋਕੋ।
ਪਹਿਲੇ ਹੱਥਾਂ ਦੇ ਉਤੇ ਚੜ੍ਹਾ ਕੇ ਤੇ ਧੰਨਾ ਸਿੰਘ ਨੂੰ ਸੁਟਿਆ ਗਾਲ ਲੋਕੋ।

ਵਾਂਗ ਸੱਪ ਦੇ ਦੁਧ ਪਿਲਾ ਦੇਖੋ ਕਦੇ ਬਾਜ ਨਾਂ ਆਉਂਣ ਚੰਡਾਲ ਲੋਕੋ
ਗੱਲਾਂ ਕਰਨੀਆਂ ਇਹਨਾਂ ਨੂੰ ਆਉਂਦੀਆਂ ਨੇ ਚੰਗੇ ਭਲਿਆਂ ਨੂੰ ਲੈਂਦੇ ਨੇ ਢਾਲ ਲੋਕੋ
ਜਿਹੜਾ ਇਹਨਾਂ ਦੇ ਹੱਥਾਂ ਤੇ ਚੜ੍ਹ ਗਿਆ ਉਹਨੂੰ ਮਾਰਿਆ ਕੋਲ ਬਠਾਲ ਲੋਕੋ
ਲਹੂ ਨਹਾਉਂਦੇ ਦੇਸ਼ ਦੇ ਲਾਭ ਸਿੰਘਾ ਗਿਰਜਾਂ ਵਾਂਗ ਏ ਕਰਗ ਨੂੰ ਭਾਲ ਲੋਕੋ

**ਨੋਟ :—** **ਏਸ ਚੰਡਾਲ ਦੇ ਕਤਲ ਵਾਸਤੇ ਹਰੀ ਸਿੰਘ ਸੂੰਡ ਜਿਲਾ ਜਲੰਧਰ ਦਾ ਹਜਾਰਾ ਸਿੰਘ ਜੰਡੋਲੀ ਜਿਲਾ ਹੁਸ਼ਿਆਰ ਪੁਰ ਦਾ, ਇਕ ਮੋਰਾੜੀ ਨਾਮੇ ਓਫ਼ੰਤ, ਬਖਸ਼ੀਸ਼ ਸਿੰਘ ਚਬੇਆਲ ਜਿਲਾ ਹੁਸ਼ਿਆਰ ਪੁਰ ਦਾ ।**

## ਵਾਕ ਕਵੀ [ਬੈਂਤ]

ਖਾਤਰ ਦੇਸ਼ ਤੇ ਕੌਮ ਦੀ ਖਾਲਸਾ ਜੀ ਸੀਸ ਆਪਣਾ ਤਲੀ ਤੇ ਧਰੇ ਕੋਈ
ਜਾਂਦੀ ਦੇਖ ਕੇ ਆਂਨ ਤੇ ਸ਼ਾਨ ਤਾਈਂ ਰਖਣ ਵਾਸਤੇ ਸੂਰਮਾ ਮਰੇ ਕੋਈ
ਲੱਤ ਮਾਰ ਕੇ ਛੱਤੀ ਪਦਾਰਥਾਂ ਨੂੰ ਘੁਟ ਸੂਰਮਾ ਖੂਨ ਦੇ ਭਰੇ ਕੋਈ
ਪਹਿਲੇ ਆਪਣਾ ਆਪ ਮੁਰਵਾ ਕੇ ਤੇ ਡੋਲੇ ਫੇਰ ਅਜਾਦੀ ਦੇ ਚੜ੍ਹੇ ਕੋਈ
ਗੱਲਾਂ ਨਾਲ ਪਹਾੜ ਨੂੰ ਢਾਉਂਦੇ ਨੇ ਬਣਕੇ ਬੈਠਦੇ ਸੂਰਮੇ ਘਰੇ ਕੋਈ
ਸੁਖਾ ਛੱਡ ਜਹਾਨ ਦੇ ਸਾਰਿਆਂ ਨੂੰ ਸੱਟ ਆਪਣੇ ਸੀਸ ਤੇ ਜਰੇ ਕੋਈ
ਜੇ ਗੁਰੂ ਦੇ ਵਾਕ ਨੂੰ ਸਫਲ ਕਰਨਾ ਅਤੇ ਫੇਰ ਨਾਂ ਮੌਤ ਤੋਂ ਡਰੇ ਕੋਈ
ਮੱਥਾ ਜੋੜ ਕੇ ਜੁਲਮ ਨਾਲ ਲਾਭ ਸਿੰਘਾ ਸਿੱਧਾ ਵਿਚ ਮੈਦਾਨ ਦੇ ਮਰੇ ਕੋਈ

## ਵਾਕ ਕਵੀ (ਬੈਂਤ)

ਚਾਰ ਸੂਰਮੇ ਬਬਰ ਦੀ ਪਾਰਟੀ ਦੇ ਰਖਣ ਵਾਸਤੇ ਪੰਥ ਦੀ ਸ਼ਾਨ ਸੋਹਣੀ ।
ਬੇਲਾ ਸਿੰਘ ਗਦਾਰ ਜਿਆਣੀਏ ਦੀ ਚੜ੍ਹ ਪਏ ਨੇ ਅਲਖ ਮੁਕਾਨ ਸੋਹਣੀ ।
ਇਹ ਵੀ ਦੰਤ ਜਲੰਧਰੀ ਮਿਲਿਆ ਸੀ ਸਾਣ ਚਾੜ੍ਹ ਕੇ ਚੱਲੇ ਕਿਰਪਾਨ ਸੋਹਣੀ ।
ਅਜੇ ਤਕ ਜਹਾਨ ਤੇ ਕਰੇ ਮੌਜਾਂ ਇਹ ਸਿਆਪੇ ਦੀ ਨੈਣ ਸ਼ੈਤਾਨ ਸੋਹਣੀ ।
ਖੂਨ ਪੀ ਕੇ ਦੇਸ਼ ਦੇ ਸੇਵਕਾਂ ਦਾ ਫਿਰੇ ਆਕੜੀ ਛਾਤੀ ਨੂੰ ਤਾਣ ਸੋਹਣੀ ।
ਬੁਲੇ ਇਸ ਜਹਾਨ ਤੇ ਲੁਟ ਲਏ ਹੁਣ ਸੜੇਗੀ ਨਰਕ ਵਿਚ ਜਾਨ ਸੋਹਣੀ ।
ਮਜਾ ਇਹਨੂੰ ਵੀ ਦੱਸੀਏ ਕੀਤੀਆਂ ਦਾ ਕਦਰ ਕੀਤੀਆਂ ਦੀ ਲੱਗੇ ਪਾਣ ਸੋਹਣੀ ।
ਥਾਲ ਲਾਉਂਦੀ ਮੇਜ ਤੇ ਕੁਰਸੀਆਂ ਪਰ ਲੋਥ ਸੁਟੀਏ ਉਤੇ ਬੁਥਾਨ ਸੋਹਣੀ ।
ਮੋਟੀ ਧੌਣ ਹਰਾਮ ਨੂੰ ਖਾ ਹੋ ਗਈ ਬਬਰ ਬੇਲਣੇ ਲੱਗੇ ਲੰਘਾਣ ਸੋਹਣੀ ।
ਬੀੜਾ ਚੁਕਿਆ ਬਬਰਾਂ ਜਿਸ ਵੇਲੇ ਮੌਤ ਲਗ ਪਈ ਮਿਟ ਗਨਾਣ ਸੋਹਣੀ ।
ਮਜਾ ਦੇਖ ਆਉਂਦਾ ਹੁਣ ਕੀਤੀਆਂ ਦਾ ਖੱਲ ਬੱਕਰੇ ਦੇ ਵਾਂਗ ਲਾਣ ਸੋਹਣੀ ।
ਚਾਰੇ ਸੂਰਮੇ ਸੋਧ ਅਰਦਾਸ ਤਾਈਂ ਗੁਰੂ ਸਾਹਿਬ ਦੀ ਓਟ ਤਕਾਣ ਸੋਹਣੀ ।
ਖੋਜ ਭਾਲ ਏਹਦੀ ਅੱਗੇ ਸੀ ਕਰਦੇ ਖਬਰ ਅੱਡੇ ਤੇ ਲੋਕ ਬਤਾਣ ਸੋਹਣੀ ।
ਅੱਡੇ ਉਤੇ ਗਦਾਰ ਦੀ ਖਬਰ ਲੱਗੀ ਕਰਦੇ ਬੇਨਤੀ ਮੂਹਰੇ ਭਗਵਾਨ ਸੋਹਣੀ ।
ਲਹੂ ਪੀ ਕੇ ਪੁਤਾਂ ਬਿਗਾਨਿਆਂ ਦੇ ਗੁਡੀ ਏਸ ਦੀ ਚੜ੍ਹੀ ਅਸਮਾਨ ਸੋਹਣੀ ।
ਸੁਣੋ ਓਸ ਹਵਾਲ ਨੂੰ ਲਾਭ ਸਿੰਘਾ ਧਰਦੇ ਕਿਸ ਤਰ੍ਹਾਂ ਲੋਥ ਮਸਾਣ ਸੋਹਣੀ ।

**ਨੋਟ :—** ਇਸਦਾ ਪਤਾ ਲਗਾ ਕਿ ਢੱਬੇਆਲ ਦੇ ਅੱਡੇ ਤੇ ਸ਼ਰਾਬ ਪੀਂਦਾ ਤੇ ਆਪਣੇ ਦੋਸਤਾਂ ਨਾਲ ਗੱਪਾਂ ਮਾਰ ਰਿਹਾ ਸੀ ਤਾਂ ਬਬਰਾਂ ਨੇ ਬੇਮਲੂਮ ਘੇਰਾ ਘਤ ਲਿਆ। ਇਹ ਅੱਡੇ ਤੋਂ ਸ਼ਾਮ ਨੂੰ ਆਪਣੇ ਪਿੰਡ ਜਿਆਣ ਨੂੰ ਤੁਰਿਆ ਜੋ ਅੱਡ ਤੋਂ ਤਿੰਨ ਜਾਂ ਚਾਰ ਫਰਲਾਗ ਹੋਵੇਗਾ। ਵਿਚਾਲੇ ਇਕ ਛੱਪੜ ਹੈ, ਜਿਥੇ ਇਸਦਾ ਤੇ ਬਬਰਾਂ ਦਾ ਟਾਕਰਾ ਹੋਇਆ। ਇਸ ਹਵਾਲ ਨੂੰ ਪੜ੍ਹੋ।

## (ਬੈਂਤ)

ਐਰੋ ਐਰੀ ਸ਼ਾਮ ਨੂੰ ਰਲਦੀਆਂ ਤੇ ਹੋਇਆ ਰਾਤ ਦਾ ਹਨੇਰ ਗੁਬਾਰ ਸੀ ਜੀ।
ਉਸ ਅੱਡੇ ਤੋਂ ਬਾਟ ਜਿਆਣ ਦੀ ਜੋ ਵਿਥ ਤਿੰਨ ਫਰਲਾਂਗ ਵਿਚਕਾਰ ਸੀ ਜੀ।
ਛੇ ਫੁਟ ਤੋਂ ਲੰਬਾ ਜਵਾਨ ਸੀ ਇਹ ਆਉਂਦਾ ਕਮਾਲ ਦੀ ਬੰਨੀ ਰਫਤਾਰ ਸੀ ਜੀ।
ਜਦੋਂ ਡੇਡ ਕੁ ਆ ਫਰਲਾਂਗ ਗਿਆ ਬਬਰਾਂ ਫਤਹਿ ਬੁਲਾਈ ਉਚਾਰ ਸੀ ਜੀ।
ਹਰੀ ਸਿੰਘ ਨੇ ਫਤਹਿ ਬੁਲਾ ਕੇ ਤੇ ਜਫਾ ਲਿਆ ਗਦਾਰ ਨੂੰ ਮਾਰ ਸੀ ਜੀ।
ਬਾਹਾਂ ਦੂਜੇ ਨੇ ਪਿੱਛੇ ਨੂੰ ਮੋੜ ਲਈਆਂ ਮਾਰੀ ਤੀਜੇ ਨੇ ਧੂ ਤਲਵਾਰ ਸੀ ਜੀ।
ਡਿੱਗਾ ਲੱਕੜੀ ਵਾਂਗ ਅਰੜਾ ਕੇ ਤੇ ਡਿਗਦੇ ਹੋ ਗਿਆ ਫੈਸਲਾ ਪਾਰ ਸੀ ਜੀ।
ਐਸ ਬੇਲੇ ਨੂੰ ਵੀ ਕਦੇ ਯਾਦ ਕੀਤਾ ਰਿਹਾ ਲੋਕਾਂ ਤੇ ਜ਼ੁਲਮ ਗੁਜਾਰ ਸੀ ਜੀ।
ਲੈ ਜਾ ਪਾਪੀਆਂ ਨਾਲ ਮੁਰੱਬਿਆਂ ਨੂੰ ਹੋ ਕੇ ਸਿਵੇ ਦੇ ਵਲ ਤਿਆਰ ਸੀ ਜੀ।
ਯਾਦ ਕਰੇਗਾ ਨਰਕ ਦੇ ਵਿਚ ਤੂੰ ਵੀ ਸ਼ੀਸ਼ ਮਹਿਲਾਂ ਦੀ ਮੌਜ ਬਹਾਰ ਸੀ ਜੀ।
ਬੂਟ ਸੂਟ ਪਾ ਚੂਪਦਾ ਪਾਨ ਫਿਰਦਾ ਛਟੀ ਪਕੜ ਕੇ ਫਿਰਦਾ ਬਜਾਰ ਸੀ ਜੀ।
ਅਜ ਸੌਂ ਮਸਾਣਾਂ ਦੇ ਵਿਚ ਜਾ ਕੇ ਸਿੱਧੇ ਸੋਹਣੇ ਪੈਰ ਪਸਾਰ ਸੀ ਜੀ।
ਬਹੁਤ ਰੇਸ਼ਮੀ ਮਖਮਲਾਂ ਪਾੜੀਆਂ ਤੈਂ ਕਫਣ ਕੱਤਿਆ ਮੌਤ ਸਵਾਰ ਸੀ ਜੀ।
ਗੰਦੇ ਆਪਣਾ ਪੇਟ ਵਧਾਇਆ ਤੈਂ ਪੀਂਦਾ ਲੋਕਾਂ ਦਾ ਖੂਨ ਨਤਾਰ ਸੀ ਜੀ।
ਵੱਢ ਇੰਦਰੀ ਮੂੰਹ ਦੇ ਵਿਚ ਦਿਤੀ ਸਿੱਧਾ ਪਾ ਕੇ ਪਿਠ ਦੇ ਭਾਰ ਸੀ ਜੀ।
ਰਸਾ ਮੇਲ ਕੇ ਆਂਦਰਾਂ ਏਹਦੀਆਂ ਦਾ ਵਿਚ ਗਲ ਦੇ ਛਡਿਆ ਡਾਰ ਸੀ ਜੀ।
ਕੱਢ ਲਏ ਹਰਾਮ ਦੇ ਰਸ ਸਾਰੇ ਟੁਕੜੇ ਲੋਥ ਦੇ ਕੀਤੇ ਹਜਾਰ ਸੀ ਜੀ ਜੀ।
ਬਸ ਬਬਰ ਤਾਂ ਪੱਤਰਾ ਵਾਚ ਗਏ ਹੁਣ ਅਉਂਣ ਰੜੇ ਠਾਣੇਦਾਰ ਸੀ ਜੀ।
ਗੰਦਾ ਹੋ ਕੇ ਮਰ ਗਿਆ ਦੁਨੀਆਂ ਵਿਚੋਂ ਗਲ ਪਾ ਫਿਟਕਾਰ ਦੇ ਹਾਰ ਸੀ ਜੀ।
ਬਾਜੇ ਬੱਜ ਗਏ ਦੇਸ਼ ਤੇ ਖੁਸ਼ੀਆਂ ਦੇ ਖੜਕੇ ਟਾਪੂ ਨੂੰ ਤਾਰ ਪੁਰ ਤਾਰ ਸੀ ਜੀ।
ਦਿਤਾ ਤੋਰ ਜਹਾਨ ਤੋਂ ਲਾਭ ਸਿੰਘਾ ਬੇਈਮਾਨ ਦਾ ਪੁਤ ਗਦਾਰ ਸੀ ਜੀ।

**ਨੋਟ :—** ਇਹ ਘਟਨਾ ੨੪ ਮੱਘਰ ੧੯੩੩ ਦੀ ਹੈ। ਇਹ ਬੇਲਾ ਸਿੰਘ ਬਹੁਤ ਹੁਸ਼ਿਆਰ ਤੇ ਚਲਾਕ ਸੀ ਸੌ ਆਦਮੀ ਵਿਚ ਅਖ ਪਛਾਣ ਲੈਂਦਾ ਸੀ। ਸਾਰੇ ਪਾਸੇ ਵਗ ਜਾਂਦਾ ਸੀ। ਅੱਗੇ ਪ੍ਰਸੰਗ ਕਰਮ ਸਿੰਘ ਮਲਾ ਵਾਲੇ ਜਵਾਨ ਦਾ ਜਿਸ ਨੇ ਗੁਰੂ ਭਾਗ ਸਿੰਘ ਜੋਦੇ ਦੇਉਰੇ ਜਾ ਕੇ ਇਕ ਦਿਨ ਆਪਣਾ ਰਾਜ ਬਣਾਇਆ ਸੀ। ਇਹ ਮੁਲਤਾਨ ਜੇਲ ਵਿਚ ਜਦੋਂ ਸਾਨੂੰ ਮਿਲਿਆ ਤਾਂ ਆਪਣੇ ਕੰਮ ਤੇ ਬਹੁਤ ਅਫਸੋਸ ਕੀਤਾ ਤੇ ਕਹਿਣ ਲਗਾ ਮੌਹੀ ਤੇ ਸੁਚੀ ਲਾਇਨ ਬਬਰਾਂ ਦੀ ਹੈ। ਬਾਹਰ ਜਾ ਕੇ ਜਰੂਰ ਗਦਾਰ ਮਾਰਾਂਗਾ।

## (ਬੈਂਤ)

ਧੰਨ ਆਖੀਏ ਬਬਰ ਜਵਾਨ ਸੂਰੇ ਜੋ ਇਲਾਜ ਕਰਦੇ ਮੁੱਛਾਂ ਤਾੜੀਆਂ ਦਾ।
ਰਟ ਪੈ ਗਿਆ ਡੈਰੀਆਂ ਦੇਵਣੇ ਦੇ ਜਮਾਦਾਰ ਗੁਰਦਿਤ ਸਿੰਘ ਬਾੜੀਆਂ ਦਾ।
ਕੰਨ ਇਸਨੇ ਸਹੇ ਦੇ ਵਾਂਗ ਚੁਕੇ ਜੂਠਾ ਖਾ ਕੇ ਬਹੁਤ ਕਰਾੜੀਆਂ ਦਾ।
ਲੱਗਾ ਇਹ ਵੀ ਲੈਣ ਮੁਰੱਬਿਆਂ ਨੂੰ ਠੇਕੇਦਾਰ ਸ਼ੈਤਾਨ ਦੀਆਂ ਲਾੜੀਆਂ ਦਾ।
ਹੱਥ ਲਗਿਆਂ ਬਾਝ ਨਾਂ ਹਟੇ ਕੋਈ ਜੇ ਸੁਆਦ ਪੈ ਜਾਏ ਚਾਹਾਂ ਕਾੜ੍ਹੀਆਂ ਦਾ।
ਫਿਕੀ ਲਗਦੀ ਘਰ ਦੀ ਦਾਲ ਰੋਟੀ ਮਜਾ ਰੋਟੀਆਂ ਲੋਹ ਦੀਆਂ ਰਾੜ੍ਹੀਆਂ ਦਾ।
ਦਸੋ ਉਸਦਾ ਹੋਰ ਇਲਾਜ ਕੀ ਏ ਜਿਸਨੂੰ ਝੱਸ ਪਵੇ ਗੱਲਾਂ ਮਾੜੀਆਂ ਦਾ।
ਭੇਡਾਂ ਭੂਹੇ ਜਹਾਨ ਤੇ ਹੁੰਦੀਆਂ ਨੇ ਜੇ ਹੋਵੇ ਨਾਂ ਡਰ ਬਘਿਆੜੀਆਂ ਦਾ।
ਵਾਂਗ ਕੰਜਰਾਂ ਜਿਸਨੇ ਸ਼ਰਮ ਚੁਕੀ ਦਸੋ ਕੀ ਇਤਬਾਰ ਹੈ ਦਾੜ੍ਹੀਆਂ ਦਾ।
ਬਬਰ ਡਾਕਟਰ ਟੱਕਰੇ ਬਹੁਤ ਸੋਹਣੇ ਉਹ ਇਲਾਜ ਗਦਾਰਾਂ ਦੀਆਂ ਫਾੜੀਆਂ ਦਾ।
ਇਕ ਰੋਜ ਓਹ ਮੂੰਹ ਭਨਾਂ ਬੈਂਹਦੇ ਰੱਸਾ ਖੋਲਦੇ ਘੋੜੇ ਪਛਾੜੀਆਂ ਦਾ।
ਲਹੂ ਪੀ ਕੇ ਦੇਸ਼ ਦੇ ਸੇਵਕਾਂ ਦਾ ਮੁੱਲ ਪੁਛ ਦੇ ਰੇਸ਼ਮੀ ਸਾੜ੍ਹੀਆਂ ਦਾ।
ਹੁੰਦੀ ਨੱਕ ਦੀ ਕੂੰਬਲੀ ਤਦੋਂ ਸਿੱਧੀ ਵਜੇ ਸੀਸ ਤੇ ਪੱਥਰ ਪਹਾੜੀਆਂ ਦਾ।
ਹਥ ਸ਼ੇਰ ਦੀ ਪੂਛ ਨੂੰ ਪਾਉਂਦਾ ਏਹ ਜੋਰ ਵਿਚ ਆ ਕੇ ਲੂੰਬੜ ਝਾੜੀਆਂ ਦਾ।
ਮਜਾ ਆਉਂਦਾ ਮੁਰੱਬੇ ਦਾ ਲਾਭ ਸਿੰਘਾ ਵਜੇ ਧੌਣ ਪੁਰ ਫਟ ਕੁਹਾੜੀਆਂ ਦਾ।

## ਕੋਹੜਾ ਛੰਦ

ਜਿਸ ਬੇਈਮਾਨ ਤੋਂ ਨਾਂ ਹੋਵੇ ਕੰਮ ਜੀ, ਉਹ ਵੀ ਦਿੰਦਾ ਡੈਰੀਆਂ ਜਾ ਘਮਾਘੰਮ ਜੀ।
ਨਾਲੇ ਪਸਤੌਲ ਤੇ ਬੰਦੂਕ ਮਿਲਦੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।
ਦਸਦੇ ਅਕਾਲੀ ਡਰ ਕਰਪਾਨ ਦਾ, ਸਾਡੇ ਤਾਈਂ ਖਤਰਾ ਹਜੂਰ ਜਾਨ ਦਾ,
ਉਹਨਾਂ ਵਲੋਂ ਕੋਈ ਨਾਂ ਜਰੂਰ ਢਿਲ ਜੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।
ਅੜੇ ਅੰਗਰੇਜ ਇਥੇ ਕੀ ਬਣਾਂਵਦੇ, ਲੈਣਾ ਅਸਾਂ ਰਾਜ ਸਾਹਮਣੇ ਸੁਣਾਂਵਦੇ,
ਪਾਸ ਨਹੀਂ ਹੋਣ ਸਰਕਾਰ ਬਿਲ ਜੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।
ਮੇਰੇ ਸਿਰ ਜਾਵੇ ਪਗੜ ਸੁਵਾਰਿਆ, ਦੂਸਰੇ ਦਾ ਪੁਤ ਜਾਂਦਾ ਜਾਵੇ ਮਾਰਿਆਂ,
ਮੇਰਿਆ ਬੂਟਾਂ ਨੂੰ ਦੋਹਰੇ ਹੋਣ ਕਿਲ ਜੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।
ਗੰਦੀਆਂ ਵਹੀਣਾਂ ਵਿਚ ਰਾਤ ਘੁੰਮਦੇ ਸੂਬਾ ਠਾਣੇਦਾਰ ਜੀਦੇ ਪੈਰ ਚੁੰਮਦੇ,
ਪੀੜੇ ਸਰਕਾਰ ਘਾਣੀ ਪਾ ਤਿਲ ਜੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।
ਜਿਵੇਂ ਗੰਦੇ ਕੁੱਤੇ ਭਾਲਦੇ ਸ਼ਿਕਾਰ ਜੀ, ਇਵੇਂ ਝੋਲੀ ਚੁਕਦੇ ਹੈ ਸਰਕਾਰ ਦੀ,
ਸੈਂਕੜੇ ਬਿਦੋਸ਼ਿਆਂ ਦੀ ਲੈਣ ਛਿਲ ਜੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।
ਜਿਵੇਂ ਕਿਸੇ ਕੁੱਤੇ ਨੂੰ ਹਲਕ ਉਠਦਾ, ਇਵੇਂ ਝੋਲੀ ਚੁਕ ਠਾਣਿਆਂ ਨੂੰ ਫੁਟਦਾ,
ਭਾਵੇਂ ਨਾਂ ਨਿਮਾਣੇ ਕੋਲੋਂ ਹੋਵੇ ਹਿਲ ਜੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।
ਕਿਸੇ ਕੋਲੋਂ ਕਦੇ ਨਾਂ ਪੰਥ ਲਈਦਾ, ਲਗ ਗਿਆ ਕੋੜ ਇਹਨੂੰ ਸ਼ਾਂਤਮਈ ਦਾ,
ਸੂਰਮੇ ਮੈਦਾਨ ਮੁੰਡੇ ਪੈਣ ਠਿਲ ਜੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।
ਜਿਵੇਂ ਕੋਈ ਛੇਲੀਆਂ ਨੂੰ ਪੈਣ ਚਿਤਰੇ, ਬਬਰ ਜਵਾਨ ਇਓਂ ਮੈਦਾਨ ਨਿਤਰੇ,
ਭੁੰਨੇ ਬੇਈਮਾਨ ਜਿਓਂ ਭਠੀ ਦੀ ਖਿਲ ਜੀ, ਲੈ ਲਵਾਂ ਮੁਰੱਬੇ ਇਹੋ ਕਰੇ ਦਿਲ ਜੀ।

# ਵਾਕ ਕਵੀ (ਬੈਂਤ)

ਜਮਾਦਾਰ ਲਗਾ ਦੇਣ ਡੈਰੀਆਂ ਨੂੰ ਹੋਰ ਛੱਡ ਕੇ ਕੰਮ ਤੇ ਕਾਰ ਦੇਖੋ ।
ਨਾਲੇ ਹੱਥ ਮਲਾਉਂਣੇ ਹਾਕਮਾਂ ਨੇ ਨਾਲੇ ਦਿੰਦੀ ਮਰੱਬੇ ਸਰਕਾਰ ਦੇਖੋ ।
ਬੂਟ ਸੂਟ ਤੇ ਦਸ ਗਜ ਬੰਨ ਟਸਰੀ ਫਿਰਦਾ ਚੌਧਰੀ ਮੁਛਾਂ ਖਲਾਰ ਦੇਖੋ ।
ਉਹ ਕਿਸੇ ਨੂੰ ਫੇਰ ਸਿਆਣਦਾ ਨਾਂ ਜਿਸਦੀ ਕਰੇ ਮਦਦ ਠਾਣੇਦਾਰ ਦੇਖੋ ।
ਲਹੂ ਪੀਣ ਨੂੰ ਪੁਤਾਂ ਬਿਗਾਨਿਆਂ ਦਾ ਲੈਂਦਾ ਚੰਦਰਾ ਨੀਤ ਨੂੰ ਧਾਰ ਦੇਖੋ ।
ਗਾਲਾਂ ਖਾਣੀਆਂ ਝਾੜਦੇ ਬੂਟ ਜਾ ਜਾ ਹੱਥ ਜੋੜ ਪਲੇ ਗਲ ਡਾਰ ਦੇਖੋ ।
ਘਾਣੀ ਪਾ ਕੇ ਪੀੜੀਏ ਤੁਸਾਂ ਤਾਈਂ ਤੇਲ ਕਢੀਏ ਵਿਚ ਨਤਾਰ ਦੇਖੋ ।
ਤੁਸੀਂ ਸ਼ੀਸ਼ ਮਹਿਲਾਂ ਵਿਚ ਕਰੋ ਮੌਜਾਂ ਖਾਣੇ ਖਾ ਖਾ ਮਾਰੇ ਡਕਾਰ ਦੇਖੋ ।
ਧਰਕੇ ਸੁਟੀਏ ਬੇਲਣੇ ਪੀੜ ਸਾਰੇ ਤਾਰ ਖਿਚਾਂਏ ਵਾਂਗ ਸੁਨਿਆਰ ਦੇਖੋ ।
ਵਾਂਗ ਮੁਰਗੇ ਦੇ ਫੁਟਦੀ ਧੌਣ ਸੋਹਣੀ ਵਿਚੋਂ ਨਿਕਲੇ ਲਹੂ ਦੀ ਧਾਰ ਦੇਖੋ ।
ਤੁਸਾਂ ਕਈ ਗਦਾਰਾਂ ਨੂੰ ਦੇਖ ਚੁਕੇ ਛੱਡੇ ਬਬਰਾ ਚੰਮ ਉਤਾਰ ਦੇਖੋ ।
ਜਮਾਦਾਰ ਤੁਰ ਚਲਿਆ ਲਾਭ ਸਿੰਘਾ ਸੁੰਦਰ ਸੋਹਣਾ ਛਡ ਸੰਸਾਰ ਦੇਖੋ ।

**ਨੋਟ :—** ਝੋਲੀ ਚੁਕਾਂ ਨੂੰ ਮੁਰੱਬੇ ਬਬਰਾਂ ਦੀ ਬਾਰ ਤੋਂ ਸੋਹਣੇ ਮਿਲਦੇ ਹਨ। ਜੇ ਕਿਸੇ ਨੂੰ ਲੋੜ ਹੋਵੇ ਤਾਂ ਲੈ ਲਵੇ। ਹੁਣ ਪਕਾ ਪਟਾ ਜਮਾਦਾਰ ਨੂੰ ਮਿਲਦਾ ਦੇਖੋ।

## (ਬੈਂਤ)

ਕਰਮ ਸਿੰਘ ਨੂੰ ਗਲ ਇਹ ਬਬਰਾਂ ਦੀ ਯਾਦ ਸੂਰਮੇ ਨੂੰ ਗਈ ਆ ਵੀਰੋ ।
ਜਮਾਦਾਰ ਇਹ ਦੇ ਕੇ ਡੈਰੀਆਂ ਨੂੰ ਮੁੰਡੇ ਜੇਲ ਨੂੰ ਰਿਹਾ ਘਲਾ ਵੀਰੋ ।
ਪਟਾ ਇਸ ਨੂੰ ਲਿਖਾਂ ਮੁਰੱਬਿਆਂ ਦਾ ਸੇਵਾ ਡੇਰ ਦਾ ਰਿਹਾ ਕਮਾ ਵੀਰੋ ।
ਮੈਹੇਂ ਵਾਂਗ ਮੋਟੀ ਇਸਦੀ ਧੌਣ ਜਿਹੜੀ ਪੀੜਾਂ ਬੇਲਣੇ ਵਿਚ ਲੰਘਾ ਵੀਰੋ ।
ਬਬਰ ਮੇਰੇ ਭਰਾਵਾਂ ਜੋ ਸੂਰਿਆਂ ਨੇ ਦਿਤੇ ਸੀਸ ਮੈਦਾਨ ਲਗਾ ਵੀਰੋ ।
ਸ਼ੀਸ਼ ਮਹਿਲਾਂ ਵਿਚ ਬੈਠਕੇ ਖਾਣ ਖਾਣੇ ਪਾ ਛੱਡੀਏ ਸਿਵੇ ਦੇ ਰਾਹ ਵੀਰੋ ।
ਜੰਗਲ ਵਿਚ ਅਰਦਾਸ ਨੂੰ ਸੋਧ ਕੇ ਤੇ ਰਫਲ ਮੋਢੇ ਤੇ ਲਈ ਟਿਕਾ ਵੀਰੋ ।
ਬੋਤਲ ਪੀ ਸ਼ਰਾਬ ਦੀ ਮਾਸ ਖਾ ਕੇ ਸੁੱਤਾ ਪਿਆ ਸੀ ਪਲੰਗ ਨੂੰ ਡਾਹ ਵੀਰੋ ।
ਡੱਡਾਂ ਪੂੰਗਰੇ ਖਾਂਦੇ ਇਹ ਬਗਲੇ ਦੇ ਬਾਜ ਸੀਸ ਤੇ ਪਹੁੰਚਿਆ ਆ ਵੀਰੋ ।
ਪਹਿਲੇ ਮਾਰਕੇ ਲੱਤ ਉਠਾਲ ਲਿਆ ਬਬਰ ਆਖਦਾ ਹੋਸ਼ ਕਰਾ ਵੀਰੋ ।
ਪਟੇ ਲਿਖ ਦਿਆਂ ਅਜ ਮੁਰੱਬਿਆਂ ਦੇ ਮੋਹਰ ਤੇਰੇ ਹੀ ਖੂਨ ਦੀ ਲਾ ਵੀਰੋ ।
ਦੇ ਦੇ ਡੈਰੀਆਂ ਪੁਤਾਂ ਬਿਗਾਨਿਆਂ ਤੇ ਭੇਜੇ ਜੇਲ ਨੂੰ ਜੋੜੀ ਬਣਾ ਵੀਰੋ ।
ਐਸ ਵੇਲੇ ਨੂੰ ਵੀ ਕਦੇ ਯਾਦ ਕੀਤਾ ਮਾਰੇ ਸੈਂਕੜ ਬੇਗੁਨਾਹ ਵੀਰੋ ।
ਚਲ ਦੇ ਖਾਂ ਡੈਰੀਆਂ ਸਿਵੇ ਅੰਦਰ ਦੇਵਾਂ ਰਾਹ ਮਸਾਣਾਂ ਦੇ ਪਾ ਵੀਰੋ ।
ਮਾਰੀ ਸੂਰਮੇ ਨੇ ਗੋਲੀ ਵਿਚ ਮੱਥੇ ਭਨ ਖੋਪਰੀ ਦਿਤੀ ਸੁਟਾ ਵੀਰੋ ।
ਪਿਛੇ ਹਟ ਕੇ ਦੂਸਰੀ ਫੇਰ ਮਾਰੀ ਭੰਨ ਹੱਡੀਆਂ ਗਈ ਸੁਫਾ ਵੀਰੋ ।
ਮੁਰਦਾ ਹੋ ਜਮੀਨ ਤੇ ਲੇਟ ਗਿਆ ਬਬਰ ਪੈ ਗਿਆ ਆਪਣੇ ਰਾਹ ਵੀਰੋ ।
ਪਿਛੋਂ ਕਾਵਾਂ ਰੌਲੀ ਐਵੇਂ ਪੈਣ ਲਗੀ ਜਿਵੇਂ ਜਗਤ ਦੀ ਰੀਤ ਸੁਣਾ ਵੀਰੋ ।
ਧੂੜ ਬਬਰ ਜਵਾਨਾਂ ਦੀ ਲਾਭ ਸਿੰਘਾ ਲਵਾਂ ਆਪਣੇ ਮੱਥੇ ਨੂੰ ਲਾ ਵੀਰੋ ।

**ਨੋਟ :—** ਅੱਗੋ ਹਵਾਲ ਕਰਮ ਸਿੰਘ ਗਦਾਰ ਮਨਣਹਾਨੀਏ ਦਾ ਜਿਸ ਨੇ ਆਪਣੇ ਘਰ ਸੱਦਕੇ ਬਬਰ ਧੰਨਾ ਸਿੰਘ ਨੂੰ ਮੁਰਵਾਇਆ ਸੀ। ਧੰਨਾ ਸਿੰਘ ਦੇ ਪਿੰਡ ਬੈਬਲ ਪੁਰ ਏਸ ਦਾ ਕੁੜਮ ਗੰਦਿਆਂ ਦਾ ਗੰਦਾ ਲੱਖਾ ਸਿੰਘ ਨਾਮੇ ਸੀ। ਇਥੇ ਜਲਸੇ ਵਾਲੇ ਆਏ ਤਾਂ ਏਸ ਨੇ ਆਪਣੇ ਨਾਮ ਦੀ ਬੋਲੀ ਪਵਾਈ ਜੋ ਸਾਰੇ ਦੁਆਬੇ ਵਿਚ ਤਾਰ ਵਾਂਗ ਫਿਰ ਗਈ। ਲਓ ਇਹਦੇ ਨਾਮ ਦੀ ਬੋਲੀ ਪੈਂਦੀ ਸੁਣੋ। ਇਹ ਬੋਲੀਆਂ ਨੌਜਵਾਨਾਂ ਨੂੰ ਜਰੂਰ ਪੜਨੀਆਂ ਚਾਹੀਏ।

## (ਬੈਂਤ)

ਮਨਣਹਾਨੇ ਦਾ ਇਹ ਗਦਾਰ ਗੰਦਾ ਧੰਨਾ ਸਿੰਘ ਨੂੰ ਜਿਹੜਾ ਮਰਵਾਉਂਦਾ ਸੀ।
ਇਹਦੇ ਕੋਲ ਪਸਤੌਲ ਬੰਦੂਕ ਵੀ ਸੀ ਜੋ ਇਨਾਮ ਸਰਕਾਰ ਤੋਂ ਪਾਉਂਦਾ ਸੀ।
ਧੰਨਾ ਸਿੰਘ ਦ ਤਾਈਂ ਮਰਵਾ ਕੇ ਤੇ ਅਬਰ ਵਾਂਗ ਟਟੀਰੀ ਟਕਾਉਂਦਾ ਸੀ।
ਧੋਖਾ ਦੇ ਕੇ ਸੂਰਮਾ ਗਾਲ ਦਿਤਾ ਵੱਡਾ ਸੂਰਮਾ ਆਪ ਅਖਵਾਉਂਦਾ ਸੀ।
ਬਬਰ ਚਲੇ ਗਏ ਸੂਰਮੇ ਜੇਲ ਅੰਦਰ ਹੇਮੂ ਬਾਣੀਆਂ ਇਹ ਬਣ ਜਾਉਂਦਾ ਸੀ।
ਗਲ ਵਿਚ ਪਸਤੌਲ ਬੰਦੂਕ ਪਾ ਕੇ ਕੁਰਸੀ ਹਾਕਮਾਂ ਦੇ ਕੋਲ ਡਾਉਂਦਾ ਸੀ।
ਬੈਬਲ ਪੁਰ ਆਏ ਮੁੰਡੇ ਕਰਨ ਜਲਸਾ ਬੋਲੀਆਂ ਆਪਦੇ ਨਾਂ ਦੀਆਂ ਪਵਾਉਂਦਾ ਸੀ।
ਹੋਰ ਬਬਰਾਂ ਤਾਈਂ ਘੜਾਉਂਣੇ ਨੂੰ ਵਰਛੀ ਕਾਲਜੇ ਵਿਚ ਲਘਾਉਂਦਾ ਸੀ।
ਨੌਜਵਾਨਾਂ ਦੇ ਕਾਲਜੇ ਵਾਣ ਵੱਜੇ ਜਿਹੜੇ ਬੋਲੀਆਂ ਪਾ ਚਲਾਉਂਦਾ ਸੀ।
ਮੂਹਰੇ ਬੋਤਲਾਂ ਰਖ ਸ਼ਰਾਬ ਦੀਆਂ ਪੀਂਦਾ ਆਪ ਤੇ ਨਾਲੇ ਪਲਾਉਂਦਾ ਸੀ।
ਬੰਡਲ ਗਲ ਵਿਚ ਪਾ ਕੇ ਗੋਲੀਆਂ ਦੇ ਫਿਰਦਾ ਗਨੀਏ ਲੋਕ ਡਰਾਉਂਦਾ ਸੀ।
ਮਰਦੇ ਨੌਜਵਾਨ ਨਾਂ ਜੇਹਰ ਖਾ ਕੇ ਜਿਹੜੇ ਛਾਤੀ ਤੇ ਸੱਪ ਲਟਾਉਂਦਾ ਸੀ।
ਖੂਨ ਪੀ ਕੇ ਦੇਸ਼ ਦੇ ਸੇਵਕਾਂ ਦਾ ਅੱਜ ਮੈਹੇਂ ਦੇ ਵਾਂਗ ਡਕਰਾਉਂਦਾ ਸੀ।
ਬਬਰ ਸ਼ੇਰ ਦੀ ਪੂਛ ਨੂੰ ਹੱਥ ਪਾਕੇ ਧੌਣ ਆਪਣੀ ਸੋਹਣੀ ਭਨਾਂਉਂਦਾ ਸੀ।
ਮਾਰੋ ਹੱਥ ਕੋਈ ਸੂਰਮਾ ਡੌਲਿਆਂ ਤੇ ਦੁਖੇ ਦਿਲਾਂ ਨੂੰ ਹੋਰ ਦਖਾਉਂਦਾ ਸੀ।
ਵਾਂਗ ਗੰਨਿਆਂ ਪੀੜਿਆ ਜਾਊ ਇਹ ਵੀ ਜਿਹੜਾ ਬੇਲਣੇ ਸਿਰ ਫਸਾਉਂਦਾ ਸੀ।
ਆ ਕੇ ਵਿਚ ਹੰਕਾਰ ਦੇ ਲਾਭ ਸਿੰਘਾ ਵਾਜਾਂ ਮਾਰਕੇ ਮੌਤ ਬੁਲਾਉਂਦਾ ਸੀ।

## ਜਿਹੜੀਆਂ ਬੋਲੀਆਂ ਪੁਵਾਈਆਂ ਸਨ।

ਮੁੰਡਾ ਦੋਹਰਿਆਂ ਮੁਰੱਬਿਆਂ ਵਾਲਾ ਕਰਮ ਸਿੰਘ ਮਨਣ ਹਾਨੇ ਦਾ।
ਹੱਥ ਫੇਰਦਾ ਮੁੱਛਾਂ ਤੇ ਸੂਰਮਾ ਕਰਮ ਸਿੰਘ ਸ਼ੇਰ ਬਲੀ ॥
ਕਰਮ ਸਿੰਘ ਦੀ ਰੀਸ ਕਿਸ ਕਰਨੀ ਘਰ ਘਰ ਪੁਤ ਜੰਮਦੇ ॥
ਬੋਲੀ ਮੇਰੇ ਹੀ ਨਾਂਮ ਦੀ ਪਾਓ ਰੁਪਇਆਂ ਵਾਲੇ ਪੁਲ ਬੰਨ ਦਊਂ ॥
ਕੌਣ ਕਰੂਗਾ ਮੁਕਾਬਲਾ ਮੇਰਾ ਮੈਂ ਪਾਣੀ ਵਾਂਗੂੰ ਤੋਰ ਦਿਆਂ ॥

## ਵਾਕ ਕਵੀ [ਬੈਂਤ]

ਮੰਨਣ ਹਾਨੀਏ ਏਸ ਚੰਡਾਲ ਨੇ ਜੋ ਕਰ ਜੁਲਮ ਦੀ ਛਡੀ ਅਖੀਰ ਵੀਰੋ।
ਮੁੰਡੇ ਨੌਜਵਾਨ ਜੋ ਸੀ ਸੁਣਦੇ ਫਿਰ ਗਈ ਕਾਲਜੇ ਵਿਚ ਸ਼ਮਸ਼ੀਰ ਵੀਰੋ।
ਆਰੀ ਜਿਸ ਤਰ੍ਹਾਂ ਚੀਰਦੀ ਲੱਕੜੀਆਂ ਨੂੰ ਪੈ ਗਏ ਵਿਚ ਕਲੇਜੇ ਦੇ ਚੀਰ ਵੀਰੋ।
ਮੁੰਡੇ ਸੋਹਣੇ ਬਬਰ ਦੀ ਪਾਰਟੀ ਦੇ ਰੋਏ ਸੁਟ ਕੇ ਅੱਖਾਂ ਚੋਂ ਨੀਰ ਵੀਰੋ।

ਕਿਹੜਾ ਮੋਰਚਾ ਏਸ ਨੇ ਤੋੜਿਆ ਸੀ ਖਾ ਕੇ ਗੰਦਗੀ ਬਣੇ ਅਮੀਰ ਵੀਰੋ ।
ਸੱਟ ਜ਼ੁਲਮ ਦੀ ਵਜ ਗਈ ਕਾਲਜੇ ਨੂੰ ਕੇਹੜਾ ਬੰਨਦਾ ਸੁਣਕੇ ਧੀਰ ਵੀਰੋ ।
ਕੋਈ ਕਰਕੇ ਜ਼ੁਲਮ ਨੂੰ ਸ਼ਰਮ ਕਰਦਾ ਇਹ ਹੋ ਗਿਆ ਗੈਹਰ ਗੰਭੀਰ ਵੀਰੋ ।
ਉਸ ਆਪਣਾ ਰੰਗ ਵਖਾਵਣਾ ਸੀ ਜਿਹੜੀ ਹੋਂਵਦੀ ਤੁਖਮ ਤਸੀਰ ਵੀਰੋ ।
ਕੱਢ ਲੈਣ ਨਿਚੋੜ ਕੇ ਲਾਭ ਸਿੰਘਾ ਜਿਵੇਂ ਕੱਢੀਦਾ ਅਸਰ ਪਨੀਰ ਵੀਰੋ ।

## ਵਾਕ ਕਵੀ [ਬੈਂਤ]

ਬੰਦਾ ਚੀਜ ਕੀ ਪਾਣੀ ਦਾ ਬੁਲਬੁਲਾ ਏ ਜਾਂਦਾ ਵਿਚ ਹੰਕਾਰ ਦੇ ਆ ਭਾਈ ।
ਆਪ ਚਾਹੁੰਦਾ ਮੌਜ ਬਹਾਰ ਕਰਨੀ ਛੁਰਾ ਦੂਜੇ ਦੇ ਪੇਟ ਧਸਾ ਭਾਈ ।
ਕਹਿੰਦੇ ਫੱਟ ਤਲਵਾਰ ਦੇ ਮਿਟ ਜਾਂਦੇ ਮਿਟਦੇ ਬੋਲੀਆਂ ਦੇ ਨਹੀਂ ਘਾ ਭਾਈ ।
ਅੱਗ ਦੇਸ਼ ਦੇ ਵਿਚ ਭੜਕਾ ਦਿਤੀ ਬੋਲੀ ਜਲਸੇ ਵਿਚ ਪੁਵਾ ਭਾਈ ।
ਬਣਿਆ ਆਪ ਤਾਂ ਫੱਨੇ ਖਾਂ ਚੌਧਰੀ ਇਹ ਸਾਰੇ ਦੇਸ਼ ਦੇ ਦਿਲ ਦੁਖਾ ਭਾਈ ।
ਡੋਲ ਪਾ ਕੇ ਮਿੱਟੀ ਦਾ ਚੰਦਰੇ ਨੇ ਦਿਤੀ ਜ਼ੁਲਮ ਦੀ ਅੱਗ ਭੜਕਾ ਭਾਈ ।
ਜਿਵੇ ਰੇਡੀਓ ਦੂਰ ਦੀ ਖਬਰ ਦਿੰਦੇ ਬੋਲੀ ਦੇਸ਼ ਅੰਦਰ ਗਈ ਛਾ ਭਾਈ ।
ਦਾਨੇ ਆਖਦੇ ਬੋਲ ਨਾਂ ਝਲ ਹੁੰਦੇ ਕੋਈ ਨਿਤਰੂ ਸੂਰਮਾ ਆ ਭਾਈ ।
ਲੋਕੋ ਪਿੰਡ ਨਾਂ ਹੋਂਵਦੇ ਨਿੰਦਣੇ ਦੇ ਦਿਤਾ ਦੇਸ਼ ਦੁਆਬਾ ਤਪਾ ਭਾਈ ।
ਬਬਰ ਪੰਥ ਦੇ ਸੂਰਮੇ ਸ਼ੇਰ ਬੰਕੇ ਪਾਰਾ ਸਕਦੇ ਕਦੋ ਪਚਾ ਭਾਈ ।
ਜਲਸੇ ਵਿਚ ਪੁਆ ਕੇ ਬੋਲੀਆਂ ਨੂੰ ਕੋਈ ਰੋਜ ਲੈ ਮੌਜ ਉਡਾ ਭਾਈ ।
ਗਿੱਦੜ ਵਾਂਗ ਕੁਮਾਦ ਦੇ ਚੂਪ ਗੰਨੇ ਚਿੱਤੜ ਮੁੰਨੀ ਦੇ ਨਾਲ ਘਸਾ ਭਾਈ ।
ਵਿਚ ਦਿਨ ਦੇ ਫਾੜੀਆਂ ਪੈਣਗੇ ਉਹ ਦਿਤੇ ਜਿਨਾਂ ਦੇ ਪੁਤ ਮਰਵਾ ਭਾਈ ।
ਪੇਟ ਦੂਜਿਆਂ ਦੇ ਜਿਵੇਂ ਪਾੜ ਸੁਟੇ ਪੈਣ ਤੇਰੇ ਵੀ ਕਾਲਜੇ ਘਾ ਭਾਈ ।
ਹੋ ਕੇ ਲੂੰਬੜੀ ਸ਼ੇਰਾਂ ਦੇ ਘੁਰੇ ਅੰਦਰ ਸੁਕੀ ਜਾਊ ਨਾਂ ਝਾਤੀਆਂ ਪਾ ਭਾਈ ।
ਧਰਤੀ ਏਸ ਦੁਆਬੇ ਦੀ ਕਰੂ ਪੈਦਾ ਬਬਰ ਸੂਰਮੇ ਜਿਨ੍ਹਾਂ ਦੇ ਨਾਂ ਭਾਈ ।
ਪੈਣ ਬੋਲੀਆਂ ਜਲਸਿਆਂ ਵਿਚ ਯਾਰੋ ਬਬਰ ਸੂਰਮੇ ਤਾਈਂ ਮਰਵਾ ਭਾਈ ।
ਜਾਂ ਤਾਂ ਪੀਵੀਏ ਰੁਕੜੇ ਦਿਨਾਂ ਅੰਦਰ ਜਾਂ ਘਰ ਬੈਠੀਏ ਪੀੜੀਆਂ ਡਾ ਭਾਈ ।
ਜਾਂਦਾ ਜ਼ੁਲਮ ਨਾਂ ਝੱਲਿਆ ਲਾਭ ਸਿੰਘਾ ਇਸ ਗਦਾਰ ਦੀ ਅਲਖ ਮੁਕਾ ਭਾਈ ।

## ਤਥਾ ਬੈਂਤ

ਜਿੰਨਾਂ ਏਸ ਗਦਾਰ ਨੇ ਜ਼ੁਲਮ ਕੀਤਾ ਸਲ ਵਿਚ ਕਲੇਜੇ ਹੁਣ ਪੈਣ ਇਸਦੇ ।
ਜਿਹੜੇ ਬੈਠਦੇ ਜੁੰਡੀ ਦੇ ਯਾਰ ਆ ਆ ਦੁਖ ਆਪਣੇ ਸੀਸ ਪੁਰ ਸਹਿਣ ਇਸਦੇ ।
ਕਿਹੜੀ ਨੀਂਦ ਵਿਚ ਸੌਂ ਗਏ ਬਬਰ ਸੂਰੇ ਵਿਚੋਂ ਕੱਢ ਪਰਾਣ ਹੁਣ ਲੈਣ ਇਸਦੇ ।
ਕਿਤੇ ਝਲ ਤੋਂ ਲੱਭੀਏ ਸੂਰਿਆਂ ਨੂੰ ਦੇਣ ਨਾਮ ਨਿਸ਼ਾਨ ਨਾਂ ਰਹਿਣ ਇਸਦੇ ।
ਇਹਨੂੰ ਟੰਗ ਕੇ ਬੱਕਰੇ ਵਾਂਗ ਪੁੱਠਾ ਵੱਡੇ ਪੈਣ ਜਿਉਂ ਪਾਉਂਦੀ ਡੈਣ ਇਸਦੇ ।
ਦੋਹਰੇ ਭਾ ਦੇ ਕੀਰਨੇ ਪੈਣ ਰੰਨਾਂ ਦੇਂਵੇ ਵਿਚ ਉਲਾਉਂਣੀਆਂ ਨੈਣ ਇਸਦੇ ।
ਮੁਰਗੇ ਵਾਂਗ ਜਦ ਧੌਣ ਮਰੋੜ ਦੇਣੀ ਬੰਨ ਜੋੜੀਆਂ ਪੈਣਗੇ ਵੈਨ ਇਸਦੇ ।
ਜਿਦਣ ਪੈ ਗਈਆਂ ਫਾੜੀਆਂ ਖੇਤ ਅੰਦਰ ਆਉਂਣੇ ਪਿਟਦੇ ਭਾਈ ਤੇ ਭੈਣ ਇਸਦੇ ।
ਜਿਦਣ ਆਣ ਦਿਤੇ ਦਰਸ਼ਨ ਸੂਰਿਆਂ ਨੇ ਬਬਰ ਬਬਰ ਬੜਾ ਕੇ ਕਹਿਣ ਇਸਦੇ ।

ਪਿੱਟੂ ਵੇਹੜੇ ਵਿਚ ਕੋੜਮਾ ਲਾਭ ਸਿੰਘਾ ਮਾਈ ਪਾਉਗੀ ਵੈਣ ਸਦੈਣ ਇਸਦੇ ।

## ਕੋਰੜਾ ਛੰਦ

ਲੋਕਾਂ ਦਿਆਂ ਪੁਤਰਾਂ ਦਾ ਪੀ ਖੂਨ ਜੀ, ਬਣ ਗਏ ਗਦਾਰ ਅਫਲਾਈਤੂਨ ਜੀ,
ਜਲਸੇ 'ਚ ਬੈਠ ਕੇ ਪਵਾਉਂਦੇ ਬੋਲੀਆਂ, ਬਬਰਾਂ ਦੇ ਸੀਨੇ ਵਜ ਗਈਆਂ ਗੋਲੀਆਂ ।
ਹੱਦੋਂ ਪਰੇ ਪਾਪੀਓ ਜ਼ੁਲਮ ਕਰਨਾ, ਦੇਸ਼ ਦੀਆਂ ਜੜ੍ਹਾਂ ਵਿਚ ਛੁਰਾ ਧਰਨਾ,
ਬਬਰ ਕਿਉਂ ਨਾਂ ਤੋਰਦੇ ਸਿਵੇ ਨੂੰ ਡੋਲੀਆਂ, ਬਬਰਾਂ ਦੇ ਸੀਨੇ ਵਿਚ ਪੈਣ ਗੋਲੀਆਂ ।
ਲੋਕਾਂ ਦਿਆਂ ਪੁਤਰਾਂ ਦੀ ਲੈਣ ਛਿਲ ਜੀ, ਨਾਲੇ ਪਸਤੌਲ ਤੇ ਬੰਦੂਕ ਮਿਲਦੀ,
ਕੜ੍ਹੇ ਹੋਏ ਦੁਧ ਵਿਚ ਜੈਹਰਾਂ ਘੋਲੀਆਂ, ਬਬਰਾਂ ਦੇ ਸੀਨੇ ਵਿਚ ਪੈਣ ਗੋਲੀਆਂ ।
ਸਿੰਘਾਂ ਵਾਲਾ ਰਾਜ ਏਹ ਗਦਾਰਾਂ ਪੁਟਿਆ, ਆਣਿਆ ਅੰਗਰੇਜ ਦੇਸ਼ ਪਾੜ ਸੁਟਿਆ,
ਲੈ ਲਏ ਮੁਰੱਬੇ ਤੁਸੀਂ ਚੁਕ ਝੋਲੀਆਂ, ਬਬਰਾਂ ਦੇ ਸੀਨੇ ਵਿਚ ਪੈਣ ਗੋਲੀਆਂ ।

**ਨੋਟ :—** **ਰਿਆਸਤ ਕਪੂਰਥਲਾ ਪਿੰਡ ਢੰਡੋਈ ਦਾ ਚਿੰਤਾ ਸਿੰਘ ਮੁੰਡਾ ਪਲਟਣ ਵਿਚ ਇਸਦੇ ਨਾਲ ਅਜੈਬ ਸਿੰਘ ਮਲਵਈ ਮੁੰਡਾ ਨੌਕਰ ਸੀ । ਇਹ ਰਫਲਾਂ ਲੈ ਕੇ ਨਸ ਗਏ । ਭਗੌੜੇ ਹੋ ਗਏ । ਜਦੋਂ ਇਹਨਾਂ ਨੂੰ ਏਸ ਬੋਲੀ ਦਾ ਪਤਾ ਲਗਾ ਤਾਂ ਡਾਕੇ ਚੋਰੀਆਂ ਨੂੰ ਤਲਾਕ ਦੇ ਕੇ ਬਬਰ ਬਣ ਗਏ ।**

## (ਬੈਂਤ)

ਧੰਨਾ ਸਿੰਘ ਦੇ ਪਿੰਡ ਜਾਂ ਪਈ ਬੋਲੀ ਵੱਜੀ ਇਹਨਾਂ ਦੇ ਸੀਨੇ ਕਟਾਰ ਲੋਕੋ ।
ਮਾਰੇ ਬੋਲੀਆਂ ਦੇ ਕਈ ਖੂਨ ਹੋ ਗਏ ਛਾਲ ਵਿਚ ਖੂਹਾਂ ਦਿੰਦੇ ਮਾਰ ਲੋਕੋ ।
ਬੋਲੀ ਮਾਰੀ ਸੀ ਕੈਰਵਾਂ ਪਾਂਡਵਾਂ ਨੂੰ ਸਥਰ ਲੈਂਦੀ ਖੇਤ ਤਲਵਾਰ ਲੋਕੋ ।
ਮਾਰੇ ਬੋਲੀ ਦੇ ਪਿਓ ਤੇ ਪੁਤ ਦੋਵੇਂ ਜਾ ਕੇ ਝਗੜਦੇ ਵਿਚ ਸਰਕਾਰ ਲੋਕੋ ।
ਗੋਲੀ ਜਿਸ ਨੂੰ ਬੋਲੀ ਦੀ ਬਜ ਗਈ ਛੇਕ ਪਾ ਗਈ ਸਾਰ ਤੇ ਪਾਰ ਲੋਕੋ ।
ਬੋਲੀ ਮਾਰੀ ਦਰਯੋਧਨ ਨੇ ਪਾਂਡਵਾਂ ਨੂੰ ਠਾਰਾਂ ਖੂਣੀਆਂ ਗਈ ਨੰਘਾਰ ਲੋਕੋ ।
ਬੋਲੀ ਮਾਰੀ ਪ੍ਰਹਿਲਾਦ ਨੂੰ ਬਾਪ ਉਸਦੇ ਤੇਰਾ ਦਸ ਖਾਂ ਕਿਥੇ ਕਰਤਾਰ ਲੋਕੋ ।
ਥੰਮ ਪਾੜ ਕੇ ਨਿਕਲੇ ਆਪ ਹਰ ਜੀ ਨੌਹਾਂ ਨਾਲ ਦਿਤਾ ਢਿੱਡ ਫਾਰ ਲੋਕੋ ।
ਸਾਰੇ ਜੱਗ ਪੁਵਾੜੇ ਹੈ ਬੋਲੀਆਂ ਦੇ ਇਹ ਖੂਨ ਕਰਾਉਂਦੇ ਹਜਾਰ ਲੋਕੋ ।
ਜਿਥੋਂ ਤਕ ਇਹ ਬੋਲੀ ਦਾ ਪਤਾ ਲਗਾ ਸਾਰੇ ਮਚ ਗਈ ਹਾਹਾਕਾਰ ਲੋਕੋ ।
ਚਿੰਤਾ ਸਿੰਘ ਅਜੈਬ ਸਿੰਘ ਬਬਰ ਦੋਵੇਂ ਹੋਏ ਏਸ ਤੋਂ ਬਹੁਤ ਲਾਚਾਰ ਲੋਕੋ ।
ਜਲਸੇ ਵਿਚ ਪਵਾਉਂਦਾ ਬੋਲੀਆਂ ਨੂੰ ਧੋਖੇ ਨਾਲ ਇਹ ਬਬਰ ਨੂੰ ਮਾਰ ਲੋਕੋ ।
ਲਾਲੀ ਆਂਣ ਕੇ ਚੜ੍ਹ ਗਈ ਚੇਹਰਿਆਂ ਤੇ ਜਿਵੇਂ ਭੱਖਦਾ ਕੋਈ ਅੰਗਿਆਰ ਲੋਕੋ ।
ਲਾਟ ਫੂਕਦੀ ਛਾਤੀ ਨੂੰ ਚਲੀ ਜਾਵੇਂ ਜਿਵੇ ਵਿਚ ਸਾਬਨ ਲੰਘੇ ਤਾਰ ਲੋਕੋ ।
ਪਹਿਲੇ ਚਲੋ ਖਾਂ ਇਸ ਨੂੰ ਜਾ ਮਿਲੀਏ ਲਈਏ ਉਪਰੋਂ ਖੱਲ ਉਤਾਰ ਲੋਕੋ ।
ਮਣਕਾ ਧੌਣ ਦਾ ਕੱਣਏ ਲੱਤ ਦੇ ਕੇ ਮਾਸ ਕੁਤਿਆਂ ਨੂੰ ਦਿਓ ਡਾਰ ਲੋਕੋ ।
ਇਹਦੀ ਛਾਤੀ ਵਿਚ ਫੇਰਕੇ ਤੇਜ ਖੰਜਰ ਕੱਢ ਆਂਦਰਾਂ ਛੱਡੋ ਖਲਾਰ ਲੋਕੋ ।
ਆਖੋਂ ਘਰਦਿਆਂ ਨੂੰ ਕੱਫਣ ਆਉਂਣ ਲੈ ਕੇ ਸਿੜੀ ਸਿਵੇ ਨੂੰ ਹੋਈ ਤਿਆਰ ਲੋਕੋ ।
ਧੰਨਾ ਸਿੰਘ ਦੇ ਹਾਲ ਨੂੰ ਯਾਦ ਕਰਕੇ ਮੁੰਡੇ ਰੋਣ ਪਏ ਜਾਰੋਜਾਰ ਲੋਕੋ ।

ਇਸ ਗੱਦਾਰ ਦਾ ਜ਼ੁਲਮ ਨਾਂ ਝਲ ਹੋਵੇ ਕਦੋਂ ਸੁਟੀਏ ਧੌਣ ਦੇ ਭਾਰ ਲੋਕੋ ।
ਧਨ ਬਬਰ ਜਹਾਨ ਤੇ ਲਾਭ ਸਿੰਘਾ ਲੱਖ ਬਾਰ ਮੈਂ ਕਰਾਂ ਬਲਿਹਾਰ ਲੋਕੋ ।

## ਇਸ ਗਦਾਰ ਤੇ ਚਿੰਤਾ ਸਿੰਘ ਤੇ ਅਜੈਬ ਸਿੰਘ ਦਾ ਟਾਕਰਾ

(ਬੈਂਤ)

ਬੋਲੀ ਸੁਣ ਗਦਾਰ ਦੇ ਨਾਂਮ ਦੀ ਇਹ ਨਾਲ ਗੁੱਸੇ ਦੇ ਹੋ ਗਏ ਲਾਲ ਮੁੰਡੇ ।
ਰੋਟੀ ਖਾਣ ਲੱਗੇ ਵਿਚੇ ਛਡ ਗਏ ਇਸ ਬੋਲੀ ਦਾ ਕਰ ਖਿਆਲ ਮੁੰਡੇ ।
ਘਰ ਵਿਚ ਬੈਠਾ ਗੱਪਾਂ ਮਾਰਦਾ ਸੀ ਇਸਨੂੰ ਆਂਣ ਕੇ ਲੈਣ ਉਠਾਲ ਮੁੰਡੇ ।
ਸਾਨੂੰ ਰਾਹ ਦਾ ਪਤਾ ਨਾਂ ਲਗਦਾ ਹੈ ਇਹਨੂੰ ਘੂਰਕੇ ਲੈ ਤਰੇ ਨਾਲ ਮੁੰਡੇ ।
ਆਖੇ ਦੁਧ ਪੀਵੋ ਪਹਿਲਾਂ ਬੈਠ ਕੇ ਤੇ ਵਾਹ ਲਗਦੀ ਨੂੰ ਰਿਹਾ ਟਾਲ ਮੁੰਡੇ ।
ਹੇਰ ਫੇਰ ਬਥੇਰੇ ਉਹ ਕਰ ਰਿਹਾ ਕਿਸੇ ਤਰ੍ਹਾਂ ਮੈਂ ਲਵਾਂ ਬਠਾਲ ਮੁੰਡੇ ।
ਬੇਈਂ ਕੋਲ ਕੰਗਰੌੜ ਦੀ ਲੈ ਗਏ ਮਾਰ ਚੌਂਕੜੀ ਲੈਣ ਬਠਾਲ ਮੁੰਡੇ ।
ਧੰਨਾ ਸਿੰਘ ਨੂੰ ਕਿਵੇਂ ਮਰਵਾਇਆ ਸੀ ਪਹਿਲੇ ਪੁਛਦੇ ਇਹੋ ਸਵਾਲ ਮੁੰਡੇ ।
ਜਲਸੇ ਵਿਚ ਪੁਆਵੇਂ ਤੂੰ ਬੋਲੀਆਂ ਨੂੰ ਸੀਨੇ ਮਾਰ ਦੁਆਬੇ ਦੇ ਫਾਲ ਮੁੰਡੇ ।
ਕਹਿੰਦੇ ਚੱਲ ਖਾਂ ਸਿਵੇ ਨੂੰ ਹੋ ਸਿੱਧਾ ਸ਼ੀਸ਼ ਮਹਿਲਾਂ ਦੀ ਹਵਾ ਨਾਂ ਭਾਲ ਮੁੰਡੇ ।
ਜਲਸੇ ਵਿਚ ਪਲਾਈ ਸ਼ਰਾਬ ਤੈਨੂੰ ਮਾਸ ਖਾਣ ਨੂੰ ਰਖਾਂਗੇ ਬਾਲ ਮੁੰਡੇ ।
ਪਹਿਲੇ ਛਾਤੀ ਦੇ ਵਿਚ ਸੰਗੀਨ ਮਾਰੀ ਦੇਣ ਦੂਸਰੇ ਪਾਰ ਨਕਾਲ ਮੁੰਡੇ ।
ਫੇਰ ਮਾਰੀਆਂ ਗੋਲੀਆਂ ਵਿਚ ਮੱਥੇ ਸਾੜ ਸਾੜ ਜਾ ਦੇਣ ਉਠਾਲ ਮੁੰਡੇ ।
ਇਹਦੀ ਧੌਣ ਪੁਰ ਢੇ ਕੇ ਲੱਤ ਸੱਜੀ ਭੰਨ ਖੋਪਰੀ ਦੇਣ ਜਮਾਲ ਮੁੰਡੇ ।
ਸਿਫਤ ਹੋ ਨਾਂ ਸਕਦੀ ਬਬਰਾਂ ਦੀ ਗਏ ਸੋਹਣੀਆਂ ਘਾਲਣਾਂ ਘਾਲ ਮੁੰਡੇ ।
ਮੇਜ਼ ਕੁਰਸੀ ਤੇ ਤੂੰ ਸ਼ਰਾਬ ਪੀਵੇਂ ਹੋਰ ਖਾਣਗੇ ਜੇਲ ਦੀ ਦਾਲ ਮੁੰਡੇ ।
ਤੂੰ ਪੁਤ ਸੀ ਰਾਜੇ ਪਟਿਆਲੀਏ ਦਾ ਮੌਜਾਂ ਮਾਣਦਾ ਸੂਰਮੇ ਗਾਲ ਮੁੰਡੇ ।
ਕੱਠੀ ਕਰ ਤੂੰ ਚੌਂਕੜੀ ਪਾਪੀਆਂ ਦੀ ਅੱਗ ਲਾ ਕੇ ਦੇਣ ਹੁਣ ਜਾਲ ਮੁੰਡੇ ।
ਕਿੱਦਾਂ ਜਲਸੇ ਵਿਚ ਵੰਗਾਰਦਾ ਸੀ ਤੇਰੇ ਬਣੇ ਜਵਾਈ ਉਹ ਕਾਲ ਮੁੰਡੇ ।
ਇਹਨਾਂ ਕੌਮ ਗਦਾਰਾਂ ਨੂੰ ਲਾਭ ਸਿੰਘਾ ਫੜ ਫੜ ਕੇ ਤੇ ਸੁਟਣ ਜਾਲ ਮੁੰਡੇ ।

**ਨੋਟ :—** ਇਹ ਗਦਾਰ ੨੯ ਮਾਰਚ ੧੯੪੦ ਨੂੰ ਮਾਰਿਆ ਸੀ। ਕੰਗਰੌੜ ਇਕ ਪਿੰਡ ਦਾ ਨਾਂਮ ਹੈ ਜੋ ਮਨਣ ਹਾਨੇ ਤੋਂ ਲੈਂਹਦੇ ਪਾਸੇ ਡੇਢ ਕੁ ਮੀਲ ਤੇ ਹੈ। ਬੇਈਂ ਇਕ ਬਰਸਾਤੀ ਪਾਣੀ ਦੀ ਨਦੀ ਹੈ। ਉਸ ਵਿਚ ਇਸ ਨੂੰ ਮਾਰ ਕੇ ਸੁਟ ਗਏ। ਅੱਗੇ ਪ੍ਰਸੰਗ ਮੂਲਾ ਸਿੰਘ ਪਲਾਹੀ ਦਾ ਜੋ ਆਪ ਫਨੇ ਖਾਂ ਬਣ ਕੇ ਸਰਕਾਰ ਨੂੰ ਬਬਰਾਂ ਦੇ ਅੱਡੇ ਦਸਦਾ ਸੀ।

## (ਬੈਂਤ)

ਆਫਰੀਨ ਜਹਾਨ ਤੇ ਜੰਮਣਾ ਇਹ ਕੀਤੀ ਮਰਦ ਜਵਾਨਾਂ ਦੀ ਕਾਰ ਸੋਹਣੀ ।
ਜਿਵੇਂ ਏਸ ਗਦਾਰ ਨੇ ਜ਼ੁਲਮ ਕੀਤਾ ਗੋਲੀ ਕੱਢੀ ਕਲੇਜੇ ਤੋਂ ਪਾਰ ਸੋਹਣੀ ।
ਪਿੱਟੇ ਕੋੜਮਾਂ ਮਾਰ ਦੁਹੱਥੜਾਂ ਨੂੰ ਪਾਵੇ ਬੈਠ ਕੇ ਕੀਰਨੇ ਨਾਰ ਸੋਹਣੀ ।
ਕੀਤਾ ਪਾ ਕੇ ਆਪਣਾ ਮਰ ਗਿਆ ਪੈਂਦੀ ਜੱਗਦੀ ਬਹੂ ਫਿਟਕਾਰ ਸੋਹਣੀ ।
ਇਕੋ ਕੰਮ ਇਹ ਬਬਰ ਬਹਾਦਰਾਂ ਦਾ ਜਾਨ ਦੇਸ਼ ਉਤੇ ਜਾਣੀ ਵਾਰ ਸੋਹਣੀ ।

ਜਲਸੇ ਵਿਚ ਪਵਾਉਂਦਾ ਬੋਲੀਆਂ ਇਹ ਬਬਰ ਦੱਸ ਗਏ ਖੱਲ ਉਤਾਰ ਸੋਹਣੀ ।
ਧੁੰਮਾਂ ਵਿਚ ਜਹਾਨ ਦੇ ਪੈ ਗਈਆਂ ਪਈ ਇਸ ਗਦਾਰ ਨੂੰ ਮਾਰ ਸੋਹਣੀ ।
ਜੈਸਾ ਕਰੇ ਕੋਈ ਤੈਸਾ ਪਾ ਲੈਂਦਾ ਵਿਥ ਪਾ ਕੇ ਤੇ ਦਿਨ ਚਾਰ ਸੋਹਣੀ ।
ਕਾਲੇ ਮੂੰਹ ਨੀਲੇ ਪੈਰ ਪਾਪੀਆਂ ਦੇ ਪੈਂਦੀ ਫਿਟਕਾਂ ਦੀ ਰਹੂ ਛਾਰ ਸੋਹਣੀ ।
ਕਰਕੇ ਕੋਈ ਵੀ ਦੇਖ ਲਏ ਲਾਭ ਸਿੰਘਾ ਮੈਂਤ ਸਭ ਦੇ ਸੀਸ ਹੁਸ਼ਿਆਰ ਸੋਹਣੀ ।

## ਮੂਲਾ ਸਿੰਘ ਪਲਾਹੀ ਵਾਲੇ ਦਾ ਕਤਲ

(ਬੈਂਤ)

ਮੂਲਾ ਸਿੰਘ ਇਹ ਪਿੰਡ ਪਲਾਹੀ ਦਾ ਸੀ ਚਿੰਬੜ ਇਸ ਨੂੰ ਗਿਆ ਸ਼ੈਤਾਨ ਹੈ ਜੀ ।
ਲੈਂਦੇ ਦੇਖ ਕੇ ਲੋਕ ਮੁਰੱਬਿਆਂ ਨੂੰ ਅੱਡੇ ਬਬਰਾਂ ਦੇ ਲਗਾ ਬਤਾਨ ਹੈ ਜੀ ।
ਚਿਤ ਚਾਹੁੰਦਾ ਟਸਰੀ ਬੰਨਣੇ ਨੂੰ ਵੱਡਾ ਹੋ ਕੇ ਤੇ ਬੇਈਮਾਨ ਹੈ ਜੀ ।
ਚਿੰਤਾ ਸਿੰਘ ਦੇ ਨਾਲ ਅਜੈਬ ਸਿੰਘ ਨੂੰ ਲਗਾ ਪੁਲਸ ਦੇ ਕੋਲ ਫੜਾਣ ਹੈ ਜੀ ।
ਕਹਿੰਦੇ ਦਿਲਾਂ ਦੇ ਦਿਲ ਨੂੰ ਰਾਹ ਹੁੰਦੇ ਦਾਨੇ ਬੈਠ ਕੇ ਗਲਾਂ ਸੁਨਾਣ ਹੈ ਜੀ ।
ਕਿਸੇ ਜਾ ਕੇ ਦੱਸਿਆ ਬਬਰਾਂ ਨੂੰ ਸੁਣ ਕੇ ਹੋ ਗਏ ਲਹੂ ਲੁਹਾਣ ਹੈ ਜੀ ।
ਉਹਨਾਂ ਪੁਛਿਆ ਆਪਣੇ ਦੋਸਤਾਂ ਤੋਂ ਸਾਰੇ ਠੀਕ ਹੈ ਠੀਕ ਬਤਾਣ ਹੈ ਜੀ ।
ਮੂਲਾ ਸਿੰਘ ਗਦਾਰ ਹੋ ਗਿਆ ਪੱਕਾ ਬਬਰਾਂ ਤਾਈਂ ਯਕੀਨ ਬਨਾਣ ਹੈ ਜੀ ।
ਸ਼ੇਰ ਜਿਸ ਤਰ੍ਹਾਂ ਨਿਕਲੇ ਕੰਦਰਾਂ ਤੋਂ ਪੁਜੇ ਵਿਚ ਪਲਾਹੀ ਦੇ ਆਨ ਹੈ ਜੀ ।
ਇਕ ਬੈਠ ਕੇ ਸੂਰਮੇ ਖੂਹ ਉਤੇ ਉਹਨੂੰ ਪਿੰਡ ਸੁਨੇਹਾ ਘਲਾਣ ਹੈ ਜੀ ।
ਆਖੋ ਪਾਣੀ ਦੀ ਬੜੀ ਪਿਆਸ ਲੱਗੀ ਆਵੇ ਆਪ ਉਹ ਸਾਨੂੰ ਪਲਾਣ ਹੈ ਜੀ ।
ਗੜਵਾ ਪਾਣੀ ਦਾ ਚਾਰ ਗਲਾਸ ਲੈ ਕੇ ਆਇਆ ਨਾਲ ਮਿਠਆਈ ਖਵਾਣ ਹੈ ਜੀ ।
ਗੜਵਾ ਸੁਟਿਆ ਮਾਰਕੇ ਲੱਤ ਬਬਰਾਂ ਕਹਿੰਦੇ ਸਾਡੀ ਵਲ ਕਰ ਧਿਆਨ ਹੈ ਜੀ ।
ਅਸਾਂ ਸੁਣਿਆ ਭੁਖਾ ਜਮੀਨ ਦਾ ਤੂੰ ਅਸੀਂ ਆ ਗਏ ਪਟੇ ਲਿਖਾਣ ਹੈ ਜੀ ।
ਮੂਲਾ ਸਿੰਘ ਦੇ ਉਡ ਹੋਵਾਸ ਗਏ ਮੁੰਡੇ ਅੱਖਾਂ ਦੀ ਘੂਰ ਦਖਾਣ ਹੈ ਜੀ ।
ਕਾਲੀ ਗਊ ਵੀ ਆਖਿਆ ਚੰਦਰੇ ਨੇ ਮੁੰਡੇ ਸੌ ਸੌ ਲਾਣਤਾਂ ਪਾਣ ਹੈ ਜੀ ।
ਬਬਰਾਂ ਆਖਿਆ ਦੂਰ ਹੋ ਅੱਖੀਆਂ ਤੋਂ ਹਾੜੇ ਕਾਸਨੂੰ ਲਗਾ ਘਢਾਣ ਹੈ ਜੀ ।
ਮਾਰੀ ਗੋਲੀ ਬਠਾਲ ਕੇ ਵਿਚ ਮੱਥੇ ਭੰਨ ਖੋਪਰੀ ਪਰੇ ਸਟਾਣ ਹੈ ਜੀ ।
ਦੋ ਕੁ ਹੋਰ ਵੀ ਮਾਰੀਆਂ ਵਿਚ ਛਾਤੀ ਸੋਹਣਾ ਕੀਤੀ ਦਾ ਫਲ ਭੁਗਤਾਣ ਹੈ ਜੀ ।
ਇਹਨਾਂ ਪਾਪੀ ਗਦਾਰਾਂ ਨੂੰ ਆਖ ਦਖੋ ਗਲ ਕਰ ਮਖੌਲ ਉਡਾਣ ਹੈ ਜੀ ।
ਬਬਰ ਸੂਰਮੇ ਪੰਥ ਦੇ ਲਾਭ ਸਿੰਘਾ ਝੋਲੀ ਚੁਕਾਂ ਦੀ ਅਲਖ ਮੁਕਾਣ ਹੈ ਜੀ ।

**ਨੋਟ :—** ਅੱਗੇ ਪ੍ਰਸੰਗ ਚਿੰਤਾ ਸਿੰਘ ਦਾ ਜੋ ਪੰਡੋਰੀ ਗੰਗਾ ਸਿੰਘ ਦੀ ਵਿਆਹਿਆ ਹੋਇਆਸੀ । ਇਸਦੀ ਸਿੰਘਣੀ ਦਾ ਨਾਂ ਸੀਬੋ ਸੀ । ਸੀਬੋ ਦਾ ਚਾਚਾ ਬੀਰ ਸਿੰਘ ਨਾਮੇ ਸੀ ।ਇਹਨਾਂ ਦੋਹਾਂ ਨੇ ਸਲਾਹ ਕਰਕੇ ਚਿੰਤਾ ਸਿੰਘ ਨੂੰ ਫੜਾ ਦਿਤਾ । ਅਤੇ ਅਜੈਬ ਸਿੰਘ ਨੂੰ ਮਾਲਵੇ ਖਬਰ ਜਾ ਲਗੀ ।

**(ਬੈਂਤ)**

ਚਿੰਤਾ ਸਿੰਘ ਦੀ ਸਿੰਘਣੀ ਨਾਮ ਸੀਬੋ ਅੱਗੇ ਜਿਸ ਦਾ ਜਿਕਰ ਚਲਾਇਆ ਸੀ ।
ਬੀਰ ਸਿੰਘ ਇਹ ਸੀਬੋ ਦਾ ਸੀ ਚਾਚਾ ਜਿਸ ਚੰਦਰੇ ਜੁਲਮ ਕਮਾਇਆ ਸੀ ।

ਵੱਡਾ ਮੁੰਡੇ ਨੂੰ ਚਾਓ ਸੀ ਸੌਹਰਿਆਂ ਦਾ ਜਾਮੇ ਵਿਚ ਨਾਂ ਫੂਲਾ ਸਮਾਇਆ ਸੀ ।
ਬੀਰ ਸਿੰਘ ਨੇ ਮਾਹਲ ਪੁਰ ਜਾ ਠਾਣੇ ਠਾਣੇਦਾਰ ਨੂੰ ਭੇਤ ਬਤਾਇਆ ਸੀ ।
ਜਦੋਂ ਆਵੇਗਾ ਦੇਵਾਂਗੇ ਦੱਸ ਤੈਨੂੰ ਸਾਰਾ ਪੁਲਸ ਨੂੰ ਹਾਲ ਸਮਝਾਇਆ ਸੀ ।
ਠਾਣੇਦਾਰ ਨੇ ਪਿੱਠ ਤੇ ਦੇ ਥਾਪੀ ਨਾਲੇ ਲੋਭ ਮੁਰੱਬੇ ਦਾ ਪਾਇਆ ਸੀ ।
ਨਾਲ ਚਾਚੇ ਦੇ ਰਲ ਕੇ ਖੋਤੜੀ ਨੇ ਦੇਖੋ ਖਸਮ ਦਾ ਬੁਰਾ ਤਕਾਇਆ ਸੀ ।
ਠਾਣੇਦਾਰ ਨੇ ਕੌਲ ਇਕਰਾਰ ਕਰਕੇ ਜਾਲ ਪਾਪੀਆਂ ਤਾਈਂ ਫਸਾਇਆ ਸੀ ।
ਚਿੰਤਾ ਸਿੰਘਾ ਲੱਥਾ ਘਰ ਸੌਹਰਿਆਂ ਦੇ ਨਸ਼ਾ ਉਸਨੂੰ ਬਹੁਤ ਪਲਾਇਆ ਸੀ ।
ਠਾਣੇਦਾਰ ਨੂੰ ਸੱਦਿਆ ਮਾਹਲ ਪੁਰ ਤੋਂ ਪੂਰਾ ਰਾਤ ਦਾ ਟਾਈਮ ਵਛਾਇਆ ਸੀ ।
ਬਬਰ ਸੌਂ ਗਿਆ ਸੂਰਮਾ ਸੌਹਰਿਆਂ ਦੇ ਜੁਲਮ ਚਾਚੇ ਭਤੀਜੀ ਕਮਾਇਆ ਸੀ ।
ਠਾਣੇਦਾਰ ਇਕਰਾਰ ਤੇ ਆਂਣ ਪੁਜਾ ਗੁਪਤੀ ਇਹਨਾਂ ਦੇ ਤਾਈਂ ਬੁਲਾਇਆ ਸੀ ।
ਪੱਕੀ ਰਫਲ ਦਾ ਬੁਲਟ ਨਿਕਾਲ ਸੀਬੋ ਠਾਣੇਦਾਰ ਦੇ ਕੋਲ ਘਲਾਇਆ ਸੀ ।
ਚਾਚੇ ਪਾਪੀ ਤੇ ਤੀਵੀਂ ਇਸ ਖੋਤੜੀ ਨੇ ਖਾਲੀ ਕਰਕੇ ਬਬਰ ਫੜਾਇਆ ਸੀ ।
ਸੁਤੇ ਪਏ ਜਵਾਨ ਦੇ ਮਾਰ ਕੜੀਆਂ ਠਾਣੇ ਵਲ ਚਲਾਣ ਘਲਾਇਆ ਸੀ ।
ਅਜੈਬ ਸਿੰਘ ਸੀ ਮਾਲਵੇ ਗਿਆ ਹੋਇਆ ਕਿਸੇ ਉਸਨੂੰ ਜਾ ਸੁਣਾਇਆ ਸੀ ।
ਸੁਣਦੇ ਸਾਰ ਜਵਾਨ ਦੇ ਪਈ ਬਰਛੀ ਦਿਲ ਮੱਛੀ ਦੇ ਵਾਂਗ ਤੜਫਾਇਆ ਸੀ ।
ਭਲਾ ਸੁਣਕੇ ਕਦੋਂ ਸਹਾਰ ਹੋਵੇ ਸਿੱਧਾ ਸ਼ੇਰ ਦੁਆਬੇ ਨੂੰ ਆਇਆ ਸੀ ।
ਇਸ ਸ਼ੇਰ ਮਲਵਈ ਨੇ ਲਾਭ ਸਿੰਘਾ ਟੈਂਟਾ ਇਹਨਾਂ ਦਾ ਕਿਵੇਂ ਮੁਕਾਇਆ ਸੀ ।

**ਨੋਟ :— ਅਜੈਬ ਸਿੰਘ ਨੇ ਬੀਰ ਸਿੰਘ ਤੇ ਖੋਤੜੀ ਸੀਬੋ ਤੇ ਸੀਬੋ ਦੀ ਮਾਸੀ ਦਾ ਪੁਤ ਸਮੁੰਦੂ ਨਾਮੇ ਤਿੰਨੇ ਪਾਰ ਬੁਲਾ ਦੇਣੇ ।**

## (ਬੈਂਤ)

ਬੀਰ ਸਿੰਘ ਟਿਹ ਫਿਰੇ ਮੁਰੱਬਿਆਂ ਨੂੰ ਚਿੰਤਾ ਸਿੰਘ ਦੇ ਤਾਈਂ ਫੜਾ ਕੇ ਜੀ ।
ਹਲਕੇ ਕੁੱਤੇ ਦੇ ਵਾਂਗਰਾਂ ਫਿਰੇ ਠਾਣੇ ਨੱਕ ਹਾਕਮਾਂ ਮੂਹਰੇ ਘਸਾ ਕੇ ਜੀ ।
ਅਜੈਬ ਸਿੰਘ ਚੜ੍ਹਿਆ ਮੁੰਡਾ ਮਾਲਵੇ ਤੋਂ ਗੁਸਾ ਦਿਲ ਦੇ ਵਿਚ ਵਸਾ ਕੇ ਜੀ ।
ਸ਼ੇਰ ਜਿਸ ਤਰ੍ਹਾਂ ਆਉਂਦਾ ਮਾਰ ਉਤੇ ਪੁਜਾ ਵਿਚ ਪੰਡੋਰੀ ਦੇ ਜਾ ਕੇ ਜੀ ।
ਬੀਰੂ ਲੰਮੀਆਂ ਤਾਂਣ ਕੇ ਪਿਆ ਸੁਤਾ ਮਾਰੀ ਮੁੰਡੇ ਨੇ ਲੱਤ ਟਿਕਾ ਕੇ ਜੀ ।
ਧੌਣ ਭਾਰ ਜਾ ਮੰਜੇ ਤੋਂ ਡਿਗ ਪਿਆ ਸ਼ੇਰ ਪੁਛੀਆਂ ਗੱਲਾਂ ਬਹਾ ਕੇ ਜੀ ।
ਬਾਤ ਦੂਲੇ ਦੀ ਸਾਂਭ ਮੁਰੱਬਿਆਂ ਨੂੰ ਤੈਨੂੰ ਦੇਵਾਂਗਾ ਪੱਟੀ ਲਿਖਾ ਕੇ ਜੀ ।
ਗੋਲੀ ਮਾਰੀ ਜਵਾਨ ਨੇ ਵਿਚ ਮੱਥੇ ਪੁਠਾ ਸੁਟਿਆ ਪਰੇ ਵਗਾਹ ਕੇ ਜੀ ।
ਪਟੇ ਸਾਂਭ ਲੈ ਪੱਕੇ ਮੁਰੱਬਿਆਂ ਦੇ ਮੋਹਰ ਆਪਣੇ ਖੂਨ ਦੀ ਲਾ ਕੇ ਜੀ ।
ਤੂੰ ਚਲ ਮੈਂ ਭੇਜਦਾ ਦੂਜਿਆਂ ਨੂੰ ਰਾਤੋ ਰਾਤ ਹੀ ਮਾਰ ਮੁਕਾ ਕੇ ਜੀ ।
ਪੁਜਾ ਲੱਖ ਪੁਰ ਸੂਰਮਾ ਮਾਰ ਛਾਲਾਂ ਸ਼ੀਬੋ ਮਾਸੀ ਦੇ ਸੁਤੀ ਹੋਈ ਜਾ ਕੇ ਜੀ ।
ਗੋਲੀ ਮੱਥੇ ਵਿਚ ਮਾਰ ਕੇ ਪਾਰ ਕੀਤੀ ਸੌਂਜਾ ਕੋਲ ਤੂੰ ਬੀਰੂ ਦੇ ਜਾ ਕੇ ਜੀ ।
ਇਹਦੀ ਮਾਸੀ ਦਾ ਪੁਤ ਸਮੁੰਦੂ ਨਾਮੇ ਮਾਰ ਸੁਟਿਆ ਗੋਲੀ ਚਲਾ ਕੇ ਜੀ ।
ਪਟੇ ਲਿਖ ਕੇ ਪੱਕੇ ਮੁਰੱਬਿਆਂ ਦੇ ਤਿੰਨੇ ਰਾਹ ਮਸਾਣਾਂ ਦੇ ਪਾ ਕੇ ਜੀ ।
ਲਗਦੇ ਹੱਥ ਉਧਾਰ ਉਤਾਰ ਦਿਤਾ ਜਗਾ ਇਕ ਦੀ ਤਿੰਨ ਘਲਾ ਕੇ ਜੀ ।
ਜੰਮਣ ਸੂਰਮੇ ਜੱਗ ਤੇ ਲਾਭ ਸਿੰਘਾ ਬਦਲੇ ਲੈਣ ਜੋ ਬਜ ਬਜਾ ਕੇ ਜੀ ।

**ਨੋਟ :—** ਇਹ ਲਖ ਪੁਰ ਰਿਆਸਤ ਕਪੂਰਥਲੇ ਤੇ ਤਹਿਸੀਲ ਫਗਵਾੜਾ ਵਿਚ ਹੈ। ਆਫਰੀਨ ਹੈ ਇਹਨਾਂ ਬਬਰਾਂ ਦੇ ਜਿਹੜੇ ਗਦਾਰਾਂ ਦਾ ਸੁਧਾਰ ਕਰਦੇ ਹਨ। ਅੱਜ ਕਲ ਦੇ ਜਮਾਨੇ ਦਾ ਹਵਾਲ ਜੋ ਨੌਜਵਾਨ ਸਿਖ ਪੰਥ ਦੀਆਂ ਕੁੜੀਆਂ ਕਰਦੀਆਂ ਹਨ।

## (ਬੈਂਤ)

ਮਰਦੋ ਏਸ ਨੂੰ ਨਾਲ ਪ੍ਰੀਤ ਪੜ੍ਹਨਾ ਵੇਖੋ ਕੀ ਕਰਤੂਤ ਘਢਾਨ ਕੁੜੀਆਂ।
ਸੀਬੋ ਵਰਗੀ ਚੁੜੇਲ ਦਾ ਨਾਂਮ ਜਿਹੜਾ ਇਹ ਜੰਮਕੇ ਨੂਰ ਗਵਾਨ ਕੁੜੀਆਂ।
ਯਾਰੋ ਉਸ ਹੀ ਵੇਲੇ ਨੂੰ ਭੁਲਦੀਆਂ ਜਦੋਂ ਬੈਠ ਵਿਆਹ ਕਰਾਨ ਕੁੜੀਆਂ।
ਦੋਨੋਂ ਤਰਫ ਤੀਜੇ ਗੁਰੂ ਸਾਹਿਬ ਹਾਜਿਰ ਜਦੋਂ ਪਤੀ ਨੂੰ ਲੜ ਫੜਾਨ ਕੁੜੀਆਂ।
ਤੀਰਥ ਗੰਗਾ ਪਰਾਗ ਤੇ ਹੋਰ ਕਾਂਸ਼ੀ ਤੇਰਾ ਪਤੀ ਹੈ ਇਹੋ ਭਗਵਾਨ ਕੁੜੀਆਂ।
ਦੁਖ ਸੁਖ ਵਿਚ ਏਸਦਾ ਸਾਥ ਦੇਵੀਂ ਮੂਹਰੇ ਗੁਰਾਂ ਦੇ ਪਰਣ ਠਰਾਨ ਕੁੜੀਆਂ।
ਸੀਬੋ ਵਰਗੀਆਂ ਦੇਵੀਆਂ ਸੋਹਣੀਆਂ ਜੋ ਹੱਥੀਂ ਖਸਮਾਂ ਤਾਈਂ ਮਰਵਾਨ ਕੁੜੀਆਂ।
ਪਤੀ ਜਾਂਦਾ ਹੀ ਫਾਂਸੀ ਤੇ ਲਟਕ ਜਾਵੇ ਆਪ ਹੋਰ ਹਜਾਰ ਹੰਢਾਨ ਕੁੜੀਆਂ।
ਕਿਥੇ ਗਏ ਉਹ ਸਾਹਮਣੇ ਪ੍ਰਣ ਕੀਤੇ ਜਿਹੜੇ ਉਮਰ ਦੇ ਦਾਵੇ ਬਨ੍ਹਾਨ ਕੁੜੀਆਂ।
ਸ਼ਰਮ ਲਾਹ ਕੇ ਸੌਹਰਿਆਂ ਮਾਪਿਆਂ ਦੀ ਬੂਟ ਉਚੇ ਹੀ ਅੱਡੇ ਦੇ ਪਾਣ ਕੁੜੀਆਂ।
ਅੱਖੀਂ ਐਨਕਾਂ ਤੇ ਹੱਥ ਫੜ ਬਟੂਏ ਸੈਰ ਕਰਨ ਬਜਾਰ ਨੂੰ ਜਾਣ ਕੁੜੀਆਂ।
ਲਾ ਕੇ ਅਤਰ ਫੁਲੇਲ ਤੇ ਤੇਲ ਕਿਓੜਾ ਬਹੁਤ ਪੱਟੀਆਂ ਤਾਈਂ ਲਸ਼ਕਾਨ ਕੁੜੀਆਂ।
ਨੰਗੇ ਸਿਰ ਤੇ ਸੂਈਆਂ ਟੰਗਦੀਆਂ ਨੇ ਗੁਤਾਂ ਦੋ ਦੋ ਪਿਛੇ ਲਟਕਾਨ ਕੁੜੀਆਂ।
ਦੇ ਕੇ ਜੋਰ ਵਲੈਤ ਦੇ ਫੈਸ਼ਨਾਂ ਤੇ ਬਾਹਾਂ ਕੂਣੀਆਂ ਵਿਚ ਫਸਾਣ ਕੁੜੀਆਂ।
ਘਰ ਦੇ ਕੰਮ ਤੇ ਕਾਰ ਨੂੰ ਟੇਕ ਮੱਥਾ ਖਾਣੇ ਕੁਰਸੀਆਂ ਬਾਝ ਨਾ ਖਾਨ ਕੁੜੀਆਂ।
ਖਸਮ ਆਖੇ ਜੇ ਰੋਟੀ ਪਕਾਉਂਣੇ ਨੂੰ ਪਾ ਤੀਊੜੀਆਂ ਨੱਕ ਝੜਾਣ ਕੁੜੀਆਂ।
ਮਾਰ ਮਾਰ ਘੋਟੇ ਉਤੇ ਪੱਟੀਆਂ ਦੇ ਫੁਲ ਪਾ ਕੇ ਕੇਸ ਲਚਕਾਣ ਕੁੜੀਆਂ।
ਗੁਰੂ ਕੌਣ ਤੇ ਬਾਣੀ ਵੀ ਕੋਣ ਹੁੰਦੀ ਰੱਬ ਤਾਈਂ ਵੀ ਅਜ ਭੁਲਾਨ ਕੁੜੀਆਂ।
ਮੁੰਡਾ ਕਿਸੇ ਦੇ ਘਰ ਜਵਾਈ ਆਇਆ ਮਾਰ ਅੱਡੀਆਂ ਧਰਤ ਹਲਾਣ ਕੁੜੀਆਂ।
ਬੇੜਾ ਦੇਸ਼ ਤੇ ਕੌਮ ਦਾ ਰੋੜਨੇ ਨੂੰ ਬਣਕੇ ਚੜ੍ਹਦੀਆਂ ਬੁਰਾ ਤੁਫਾਨ ਕੁੜੀਆਂ।
ਬਾਬੂ ਆਣੀਆਂ ਜਗ ਸਦਾਵਣੇ ਨੂੰ ਲਾ ਐਨਕਾਂ ਚਾਲ ਘਢਾਨ ਕੁੜੀਆਂ।
ਨਿਰਾ ਜੋਰ ਵਲੈਤ ਦੇ ਫੈਸ਼ਨਾਂ ਤੇ ਕਰ ਕੰਗੀਆਂ ਘੁਮ ਘੁਮਾਨ ਕੁੜੀਆਂ।
ਵਿਚ ਕਾਮ ਦੀ ਨਦੀ ਦੇ ਖਾਣ ਗੋਤੇ ਇਹ ਪੰਜਾਬ ਦੀਆਂ ਨੌਜਵਾਨ ਕੁੜੀਆਂ।
ਜਦੋਂ ਬਹਿਦੀਆਂ ਵਿਚ ਤਰੰਜਣਾਂ ਦੇ ਬੂਟ ਸੂਟ ਤੇ ਤਿਓਰ ਪ੍ਰਖਾਨ ਕੁੜੀਆਂ।
ਮਾਈ ਭਾਗੋ ਬੀਬੀ ਦੀਪ ਕੌਰ ਜਹੀਆਂ ਜ਼ਹਿਰ ਇਹਨਾਂ ਦੀ ਨਿਗਾਹ ਮੇਂ ਆਣ ਕੁੜੀਆਂ।
ਭੁਲ ਸਿਖਾਂ ਦੀ ਸਿਖਿਆ ਲਾਭ ਸਿੰਘਾ ਵਿਚ ਸਾਗਰਾਂ ਦੇਸ਼ ਰੁੜਾਨ ਕੁੜੀਆਂ।

**ਨੋਟ :—** ਅੱਗੇ ਪ੍ਰਸੰਗ ਮੌਜਾ ਸੰਧਮ ਤਹਿਸੀਲ ਨਵਾਂ ਸ਼ਹਿਰ ਜਿਲਾ ਜਲੰਧਰ ਉਜਾਗਰ ਸਿੰਘ ਦਾ ਲੜਕਾ ਤਾਰਾ ਸਿੰਘ ਕਿਸੇ ਨੂੰ ਰੋਟੀ ਖਾਂਦਾ ਦੇਖ ਕੇ ਐਵੇਂ ਝੂਠੀ ਸ਼ਕਾਇਤ ਠਾਣੇ ਕਰਕੇ ਉਹਨੂੰ ਫੜਾ ਦਿੰਦਾ ਸੀ ਤੇ ਫੇਰ ਉਹਨੂੰ ਛਡਾਉਂਣ ਤੇ ਕੁਝ ਪੈਸੇ ਪੁਲਸ ਤੇ ਕੁਝ ਆਪ ਲੈ ਲੈਂਦਾ ਸੀ। ਇਸ ਨੂੰ ਬੰਦੂਕ ਵੀ ਮਿਲੀ ਹੋਈ ਸੀ। ਇਥੋਂ ਦਾ ਊਧੋ ਨਾਮੇ ਮੁੰਡਾ ਪਲਟਣ ਤੋਂ ਛੁਟੀ ਆਇਆ ਉਸ ਨਾਲ ਵੀ ਇਸ ਨੇ ਇਸ ਤਰ੍ਹਾਂ ਹੀ ਕੀਤੀ।

## ਕੋਰੜਾ ਛੰਦ

ਪੈ ਗਈ ਡੈਣ ਚੰਦਰੀ ਅਸਾਂ ਨੂੰ ਖਾਣ ਜੀ, ਰੋਂਦਿਓ ਖੱਟੀ ਨੂੰ ਸੁਖ ਲੋੜੋ ਜਾਨ ਦੀ,
ਗੈਰ ਘਰੋਂ ਕੱਢ ਕੇ ਤੇ ਬੂਹੇ ਢੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ।
ਉਵੇਂ ਅੰਗਰੇਜ ਦੇਸ਼ ਗਿਆ ਛੱਡ ਜੀ, ਲੈ ਗਿਆ ਮੁਲਖ ਵਾਲੀ ਜਾਨ ਕੱਢ ਜੀ,
ਰਹਿੰਦੇ ਖੂੰਦੇ ਘਾਟ ਕੁਲੇ ਸਾਰੇ ਖੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ।
ਪਾ ਅੱਖੀਂ ਸੁਰਮੇ ਕਰਨ ਸੈਲ ਜੀ, ਚੰਦਰਾ ਤੰਮਾਕੂ ਸਾਰੇ ਗਿਆ ਫੈਲ ਜੀ,
ਹਿੰਦੂ ਦਾ ਨਸੀਬ ਹਿੰਦ ਤਾਈਂ ਰੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ।
ਖਾਤਰ ਅਜਾਦੀ ਘਰ ਲਏ ਪੱਟ ਜੀ, ਦੇਸ਼ ਭਗਤਾਂ ਦੇ ਸਿਰ ਦੋਹਰੀ ਸੱਟ ਜੀ,
ਬੇਮਲੂਮ ਛੁਰੇ ਛਾਤੀ ਤੇ ਘਬੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ।
ਰੜਕਦੇ ਨੇ ਅੱਖਾਂ ਵਿਚ ਸਿੰਘ ਜੱਟ ਜੀ, ਇਹ ਤਾਂ ਭੂਰੀ ਸਾਧ ਦੀ ਤੇ ਸਾਰਾ ਕਠ ਜੀ,
ਫੁਟ ਚੰਦਰੀ ਦਾ ਕੋਈ ਬੀਜ ਬੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ।
ਹੋ ਗਈ ਕਿਸੇ ਦੀ ਤੇ ਜੁਵਾਬ ਵਰ ਨੂੰ, ਅੰਨਾ ਵੰਡੇ ਸੀਰਨੀ ਤਾਂ ਦੇਵੇ ਘਰ ਨੂੰ,
ਲੁਟ ਲੈ ਗਏ ਗੈਰ ਤੇ ਖਸਮ ਸੌਂ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ
ਬਬਰਾਂ ਬਗੈਰ ਫਤਹਿ ਨਹੀਂ ਹੋਵੇਗੀ, ਸਮਾਂ ਬੀਤ ਜਾਣਾ ਦੁਨੀਆਈ ਰੋਵੇਗੀ,
ਕੰਢੇ ਲੱਗੀ ਬੇੜੀ ਮੋੜ ਕੇ ਡਬੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ।

## ਅੱਜ ਕੱਲ ਦੇ ਮੁੰਡੇ

ਵਾਕ ਕਵੀ (ਬੈਂਤ)

ਕਰਨਾ ਕੀ ਹੈ ਤੇ ਕਰੀ ਕੀ ਫਿਰਦੇ ਅੱਜ ਪੰਥ ਦੇ ਨੌਜਵਾਨ ਮੁੰਡੇ।
ਜਿਹੜੇ ਚੜ੍ਹਦੀ ਬਰੇਸ ਦੇ ਮੁਛ ਫੁਟਦੀ ਗੋਲੇ ਵਟ ਕੇ ਫੀਮ ਦੇ ਖਾਣ ਮੁੰਡੇ।
ਪੀਂਦੇ ਸਿਗਰਟਾਂ ਵੇਖ ਲਓ ਚੰਦਰੇ ਉਹ ਨਾਲੇ ਸਿਰ ਤੇ ਕੇਸ ਰਖਾਣ ਮੁੰਡੇ।
ਡੋਡੇ ਸੁਟਕੇ ਮਿੱਟੀ ਦੇ ਦੌਰ ਅੰਦਰ ਵਾਂਗ ਸੀਢ ਦੇ ਚੀਫ ਘਢਾਣ ਮੁੰਡੇ।
ਨਾੜਾਂ ਗਿਣ ਲਓ ਸਾਰੰਗੀ ਵਾਂਗ ਸਭੇ ਉਵੇਂ ਦੇਖਣੇ ਨੂੰ ਪੈਹਲਵਾਨ ਮੁੰਡੇ।
ਬੈਠੇ ਉਠਦੇ ਹੱਥ ਧਾ ਗੋਡਿਆਂ ਤੇ ਲਕ ਤੀਲੇ ਦੇ ਵਾਂਗ ਹਲਾਣ ਮੁੰਡੇ।
ਉਠ ਹੋਵੇ ਨਾਂ ਫਿਟੇ ਮੂੰਹ ਗੋਡਿਆਂ ਦਾ ਗੱਪਾਂ ਮਾਰ ਪਹਾੜ ਨੂੰ ਢਾਣ ਮੁੰਡੇ।
ਉਹਨਾਂ ਚੁਕ ਤਲਵਾਰ ਕੀ ਖੋਣ ਖੋਣਾ ਜਿਹੜੇ ਬੈਠੇ ਹੀ ਕੰਨ ਹਲਾਣ ਮੁੰਡੇ।
ਜਟਾਂ ਖੁਲੀਆਂ ਬੁਲੀਆਂ ਸੁਕੀਆਂ ਨੇ ਖੇਹ ਕੰਜਰਾਂ ਦਾ ਘਰੀਂ ਖਾਣ ਮੁੰਡੇ।
ਨਾਂ ਕੋਈ ਦੇਸ਼ ਨਾਂ ਕੌਮ ਨਾਂ ਪੰਥ ਪੂਜਾ ਰਬ ਤਾਈਂ ਵੀ ਕੌਣ ਸੁਨਾਣ ਮੁੰਡੇ।
ਪਾ ਆਦਤਾਂ ਗਾਲ ਸਰੀਰ ਲਏ ਮਰੇ ਆਪ ਤੇ ਦੇਸ਼ ਮਰਵਾਣ ਮੁੰਡੇ।
ਓਹ ਗੈਰਾਂ ਦੇ ਪੂਜਦੇ ਪੈਰ ਜਾ ਜਾ ਬਬਰਾਂ ਵਾਂਗ ਨਾਂ ਆਉਂਣ ਮੈਦਾਨ ਮੁੰਡੇ।
ਕੁੰਬੀ ਨਰਕ ਤਿਆਰ ਹੈ ਸਾੜਨੇ ਨੂੰ ਹੋ ਗਏ ਪੰਥ ਵਲੋਂ ਬੇਈਮਾਨ ਮੁੰਡੇ।
ਪਾ ਝੋਲੀਆਂ ਮੰਗਤਿਆਂ ਵਾਂਗ ਮੰਗਣ ਜੰਮ ਮਾਵਾਂ ਦਾ ਨੂਰ ਗੁਆਣ ਮੁੰਡੇ।
ਮਾਰੇ ਅਮਲ ਦੇ ਸੜ ਦਿਮਾਗ ਗਿਆ ਰੰਗੜ ਵਾਂਗ ਨਾਂ ਧੌਣ ਲਫਾਣ ਮੁੰਡੇ।
ਐਵੇਂ ਅੱਡੀਆਂ ਵੰਦੀਆਂ ਰਹਿ ਗਈਆਂ ਲਕ ਫੜ ਕੇ ਘਰ ਨੂੰ ਆਣ ਮੁੰਡੇ।
ਮਿੱਟੀ ਮੇਲ ਦਿਤੇ ਅਮਲਾਂ ਗੰਦਿਆਂ ਨੇ ਜਿਹੜੇ ਲਾਹੁੰਦੇ ਸੀ ਵੈਰੀ ਦੇ ਘਾਣ ਮੁੰਡੇ।
ਧੱਕੇ ਵੱਜਦੇ ਸਾਰਿਆਂ ਪਾਸਿਆਂ ਤੋਂ ਸਿਰ ਖੇਹ ਪਵਾਉਂਦੇ ਛਾਣ ਮੁੰਡੇ।

ਮੱਥੇ ਲਾ ਕੇ ਟਿਕੇ ਬਦਨਾਮੀਆਂ ਦੇ ਖੱਲੀਂ ਫਿਰਨ ਲੁਕਾਉਂਦੇ ਜਾਨ ਮੁੰਡੇ ।
ਮੁਰਦੇ ਹੋ ਕੇ ਮੁਰਦਿਆਂ ਵਿਚ ਵੜ ਗਏ ਛਡ ਗਏ ਨੇ ਸਿੰਘਾਂ ਦੀ ਬਾਣ ਮੁੰਡੇ ।
ਪੈਣ ਸੀਸ ਤੇ ਲਾਣਤਾਂ ਲਾਭ ਸਿੰਘਾ ਝਿੜਕੇ ਦਰਾਂ ਬਦਰਾਂ ਦੇ ਖਾਣ ਮੁੰਡੇ ।

## ਸੰਧਮਾਂ ਵਾਲੇ (ਬੈਂਤ)

ਜੁਆਲਾ ਸਿੰਘ ਨਾਮੇ ਜਸਕੌਰ ਬੀਬੀ ਜਸ ਵਿਚ ਜਹਾਨ ਦੇ ਪਾ ਗਏ ਨੇ ।
ਲੱਖਾਂ ਹੋਏ ਤੇ ਅੱਗੇ ਨੂੰ ਹੋਣ ਲੱਖਾਂ ਦੇਸ਼ ਕੌਮ ਲਈ ਜੋ ਬਣਾ ਗਏ ਨੇ ।
ਵੱਡੇ ਰਾਜੇ ਰਾਣੇ ਖਾਨ ਸਾਹਿਬ ਬਣ ੨ ਪਾਨੀ ਬੁਲਬੁਲੇ ਹੋ ਸਮਾ ਗਏ ਨੇ ।
ਨਾਮ ਉਹਨਾਂ ਦੇ ਸਦਾ ਅਟੱਲ ਰਹਿੰਦੇ ਦਾਤਾ ਸੂਰਮਾ ਭਗਤ ਜਮਾ ਗਏ ਨੇ ।
ਖਾਤਰ ਦੇਸ਼ ਤੇ ਕੌਮ ਦੀ ਖਾਲਸਾ ਜੀ ਮੋਹਰ ਆਪਣੇ ਖੂਨ ਦੀ ਲਾ ਗਏ ਨੇ ।
ਤਪੇ ਭੱਠ ਲਾਟਾਂ ਜਾਣ ਜੁਲਮ ਦੀਆਂ ਅਹੂਤੀ ਆਪਣੇ ਆਪ ਦੀ ਪਾ ਗਏ ਨੇ ।
ਅੰਗ ਸਾਕ ਛੋਡੇ ਮਿੱਤਰ ਪਰੇ ਕਰ ਕਰ ਵਿਚ ਸੀਨੇ ਦੇ ਗੋਲੀਆ ਖਾ ਗਏ ਨੇ ।
ਕਿੱਸੇ ਪੜ੍ਹੋ ਖਾਂ ਬੈਠ ਕੇ ਬਬਰਾਂ ਦੇ ਮਾਰ ਕੌਮ ਗਦਾਰ ਮੁਕਾ ਗਏ ਨੇ ।
ਜਿਹੜੀ ਲਾਇਨ ਬਹਾਦਰਾਂ ਸੂਰਿਆਂ ਦੀ ਨਾਮ ਉਸਦੇ ਵਿਚ ਲਿਖਾ ਗਏ ਨੇ ।
ਕੁਖ ਮਾਂ ਤੇ ਬਾਪ ਦੀ ਲਾਭ ਸਿੰਘਾ ਸਫਲ ਸਫਲ ਦੇ ਡੰਕੇ ਵਜਾ ਗਏ ਨੇ ।

## ਤਥਾ ਬੈਂਤ

ਮਾਲਾ ਸਿੰਘ ਇਹ ਮਰਦ ਸੀ ਸੰਧਮਾਂ ਦਾ ਧਰਿਆ ਆਨ ਅਵਤਾਰ ਮੁਕੰਦ ਵੀਰੋ ।
ਬਸੰਤ ਕੌਰ ਬੀਬੀ ਇਸਦੇ ਘਰ ਵਾਲੀ ਦੁਮਣ ਸਿੰਘ ਸੀ ਘਰ ਫਰਜੰਦ ਵੀਰੋ ।
ਦੇਸ਼ ਕੌਮ ਦੀ ਸੇਵਾ ਦਾ ਚਾਅ ਚੜ੍ਹਿਆ ਜਿਵੇਂ ਚੌਦਵੀਂ ਰਾਤ ਦਾ ਚੰਦ ਵੀਰੋ ।
ਦੁਮਣ ਸਿੰਘ ਸੀ ਦੇਖਣੇ ਲਾਇਕ ਮੁੰਡਾ ਜਿਵੇਂ ਸੋਹਣਾ ਪਰਾਗ ਮਸੰਦ ਵੀਰੋ ।
ਲਾਇਨ ਦੇਖ ਕੇ ਬਬਰ ਅਕਾਲੀਆਂ ਦੀ ਚੁਕ ਲਏ ਸੁਧਾਰ ਦੇ ਸੰਦ ਵੀਰੋ ।
ਝੋਲੀ ਚੁਕ ਗਦਾਰਾਂ ਦੇ ਬਦਨ ਵਿਚੋਂ ਖਿਚਣ ਵਾਂਗ ਸੁਨਿਆਰ ਦੇ ਤੰਦ ਵੀਰੋ ।
ਸ਼ੌਕ ਜਾਗਿਆ ਦੇਸ਼ ਦੀ ਕਰਾਂ ਸੇਵਾ ਹੋਰ ਕੰਮ ਜਹਾਨ ਦੇ ਬੰਦ ਵੀਰੋ ।
ਇਨ ਸੂਰਮੇ ਮੁੰਡੇ ਦੇ ਲਾਭ ਸਿੰਘਾ ਦੇ ਦੋ ਕੁ ਜੋੜੀਏ ਬੈਠ ਕੇ ਛੰਦ ਵੀਰੋ ।

## ਤਥਾ ਬੈਂਤ

ਪਾਸੇ ਇਹਨਾਂ ਦੇ ਇਹਨਾਂ ਦੀ ਤਰਫ ਵਿਚੋਂ ਹਰੀ ਸਿੰਘ ਨਾਮੇ ਨੰਬਰਦਾਰ ਅੰਦਰ ।
ਤਾਰਾ ਸਿੰਘ ਪੋਤਾ ਹਰੀ ਸਿੰਘ ਦਾ ਸੀ ਪੱਕਾ ਹੋ ਗਿਆ ਕੌਮ ਗਦਾਰ ਅੰਦਰ ।
ਢੰਗ ਸੋਚਿਆ ਪੈਸੇ ਬਟੋਰਨੇ ਦਾ ਖਬਰਾਂ ਦਿੰਦਾ ਸੀ ਜਾ ਸਰਕਾਰ ਅੰਦਰ ।
ਖਾਣ ਪੀਣ ਵਾਲਾ ਜਿਹੜਾ ਦੇਖ ਲਿਆ ਡੈਰੀ ਦੇਵੇ ਉਹਦੀ ਧੌਂਸਾ ਮਾਰ ਅੰਦਰ ।
ਉਹਨੂੰ ਪੁਲਸ ਦੇ ਹੱਥ ਫੜਾ ਕੇ ਤੇ ਚੰਮ ਲਾ ਦੇਣਾ ਮਾਰ ਮਾਰ ਅੰਦਰ ।
ਨਾਲ ਲੈ ਕੇ ਉਸ ਦੇ ਘਰਦਿਆਂ ਨੂੰ ਆਪ ਬਣ ਜਾਣਾ ਮਦਦਗਾਰ ਅੰਦਰ ।
ਆਪੇ ਲਾਉਂਦਾ ਤੇ ਆਪੇ ਬਝਾਉਂਦਾ ਸੀ ਕਰਨਾ ਲੋਕਾਂ ਨੂੰ ਪੁਜ ਖੁਆਰ ਅੰਦਰ ।
ਸੋਹਣਾ ਤਾਰੇ ਨੇ ਕੰਮ ਨਿਕਾਲ ਲਿਆ ਨਫਾ ਸਮਝਦਾ ਏਸ ਬਪਾਰ ਅੰਦਰ ।
ਊਧਮ ਸਿੰਘ ਪਲਟਨ ਵਿਚ ਸੀ ਨੌਕਰ ਛੁਟੀ ਜਦੋਂ ਆਇਆ ਦਿਨ ਚਾਰ ਅੰਦਰ ।

ਇਸਦੇ ਕੋਲ ਪਸਤੌਲ ਬੰਦੂਕ ਪੱਕੀ ਠਾਣੇਦਾਰ ਨੂੰ ਦਿਤਾ ਉਚਾਰ ਅੰਦਰ ।
ਉਹਨਾਂ ਪਕੜ ਕੇ ਊਧਮ ਸਿੰਘ ਤਾਈਂ ਪੁਲਸ ਬਹੁਤ ਕੀਤੀ ਕੁਟ ਮਾਰ ਅੰਦਰ ।
ਤਾਰਾ ਮਦਤੀ ਏਸਦਾ ਬਣ ਗਿਆ ਅੱਗ ਆਪ ਬਰੂਦ ਦੇ ਡਾਰ ਅੰਦਰ ।
ਨਾਲ ਪੁਲਸ ਦੇ ਲੁਟਦਾ ਸੀ ਪੈਸੇ ਦਿਲ ਆਪਣੇ ਬੜਾ ਹੁਸ਼ਿਆਰ ਅੰਦਰ ।
ਗੁੱਝੇ ਪਾਪ ਨਾਂ ਦੋਸਤੋ ਕਦੇ ਰਹਿੰਦੇ ਖੜਕ ਜਾਂਦੀ ਅਗੰਮ ਤੋਂ ਤਾਰ ਅੰਦਰ ।
ਊਧਮ ਸਿੰਘ ਹੋਰੀ ਹਾਲ ਦੇਖ ਇਸਦਾ ਹੋਏ ਭਖ ਕੇ ਲਾਲ ਅੰਗਿਆਰ ਅੰਦਰ ।
ਸਾਡੇ ਨਾਲ ਛੈਤਾਨੀਆਂ ਕੀਤੀਆਂ ਜੋ ਕਰਸਾਂ ਵੱਢ ਕੇ ਟੁਕੜੇ ਚਾਰ ਅੰਦਰ ।
ਹੋਰ ਕੋਈ ਇਲਾਜ ਨਾਂ ਗੰਦਿਆਂ ਦਾ ਮਾਰ ਸੁਟਣੇ ਅਸਲ ਸੁਧਾਰ ਅੰਦਰ ।
ਫਲ ਕੀਤੇ ਦੇ ਮਿਲਣਗੇ ਲਾਭ ਸਿੰਘਾ ਗਏ ਵੇਦ ਗਰੰਥ ਪੁਕਾਰ ਅੰਦਰ ।

## ਤਥਾ ਬੈਂਤ

ਆਪੇ ਲਾਉਂਦਾ ਆਪ ਬੁਝਾਉਂਦਾ ਏ ਫੜੀ ਤਾਰੇ ਗਦਾਰ ਨੇ ਕਾਰ ਹੋਈ ।
ਕਾਰ ਰੋਜ ਦੇ ਰੋਜ ਕਮਾਉਂਦਾ ਸੀ ਸਾਰੇ ਵਿਚ ਜਹਾਨ ਦੇ ਜਾਹਰ ਹੋਈ ।
ਕਦੇ ਦਾਦੇ ਦੀ ਤੇ ਕਦੇ ਪੋਤਰੇ ਦੀ ਬਾਰੀ ਘੁੰਮਦੀ ਇਹ ਗੇੜੇਦਾਰ ਹੋਈ ।
ਊਧਮ ਸਿੰਘ ਦੂਜੇ ਦੁਮਣ ਸਿੰਘ ਤਾਈਂ ਇਹੋ ਦਿਲ ਦੇ ਵਿਚ ਵਿਚਾਰ ਹੋਈ
ਮੌਜਾਂ ਮਾਣੀਆਂ ਆਪਣੀ ਨਾਲ ਮਰਜੀ ਹੁਣ ਸੀਸ ਤੇ ਮੌਤ ਹੁਸ਼ਿਆਰ ਹੋਈ ।
ਅੰਤ ਏਸ ਗਦਾਰੀ ਦਾ ਖਾਲਸਾ ਜੀ ਬੇੜੀ ਡੁਬਦੀ ਸ਼ੋਹ ਵਿਚਕਾਰ ਹੋਈ ।
ਬਾਰਾਂ ਨੰਬਰੀ ਕੋਲ ਬੰਦੂਕ ਇਸਦੇ ਵਿਰਤੀ ਏਸਦੀ ਵਿਚ ਹੰਕਾਰ ਹੋਈ ।
ਸੁਣੋ ਓਸ ਹਵਾਲ ਨੂੰ ਲਾਭ ਸਿੰਘਾ ਜਿਵੇਂ ਸਿਵੇ ਨੂੰ ਸੀੜੀ ਤਿਆਰ ਹੋਈ ।

**ਨੋਟ :— ਇਥੇ ਸੰਧਮਾਂ ਪਿੰਡ ਦੇ ਲਹਿੰਦੇ ਪਾਸੇ ਗੁਰੂ ਸਤਵੇਂ ਪਾਤਸ਼ਾਹ ਹਰਰਾਏ ਜੀ ਦਾ ਅਸਥਾਨ ਹੈ। ਉਸ ਅਸਥਾਨ ਨੂੰ ਲੋਕ ਡੰਡਾ ਸਾਹਿਬ ਕਰਕੇ ਸੱਦਦੇ ਹਨ । ਊਧਮ ਸਿੰਘ ਤੇ ਦੁਮਣ ਸਿੰਘ ਓਥੇ ਅਰਦਾਸਾ ਸੋਧ ਕੇ ਬਬਰ ਬਣ ਗਏ, ਜਿਵੇਂ ਪਿਛਲੇ ਬਣੇ ਸੀ ।**

## (ਬੈਂਤ)

ਡੰਡੇ ਸਾਹਿਬ ਅਰਦਾਸੇ ਨੂੰ ਸੋਧ ਕੇ ਤੇ ਮੁੰਡੇ ਦੋਵੇਂ ਹੋ ਗਏ ਤਿਆਰ ਭਾਈ ।
ਧਰਕੇ ਆਪਣੀ ਜਾਨ ਨੂੰ ਤਲੀ ਉਤੇ ਗਜੇ ਸੂਰਮੇ ਖੇਤ ਵਿਚਕਾਰ ਭਾਈ ।
ਮੱਥਾ ਟੇਕ ਕੇ ਪਿੰਡ ਤੋਂ ਤੁਰ ਚਲੇ ਪਈ ਦੇਸ਼ ਅੰਦਰ ਹਾਹਾਕਾਰ ਭਾਈ ।
ਜਦੋਂ ਗਏ ਬਰਾਂਮ ਦੀ ਸੜਕ ਉਤੇ ਬੁਚੜ ਜਾਣ ਗਊਆਂ ਬਧੀ ਲਾਰ ਭਾਈ ।
ਇਹਨਾਂ ਆਖਿਆ ਗੱਜ ਕੇ ਬੁਚੜਾਂ ਨੂੰ ਗਊਆਂ ਛੱਡ ਕੇ ਹੋ ਜਾਓ ਉਡਾਰ ਭਾਈ
ਉਹਨਾਂ ਕੱਢੀਆਂ ਅੱਗੇ ਤੋਂ ਲਾਲ ਅੱਖਾਂ ਇਹਨਾਂ ਮਾਰ ਗੋਲੀ ਕੀਤੇ ਪਾਰ ਭਾਈ ।
ਉਥੇ ਬੈਠ ਕੇ ਦੋਹਾਂ ਸਲਾਹ ਕੀਤੀ ਲਈਏ ਚਲ ਕੇ ਤਾਰੇ ਦੀ ਸਾਰ ਭਾਈ ।
ਸੁਤਾ ਮੰਜੇ ਤੇ ਕੇਸਾਂ ਤੋਂ ਜਾ ਫੜਿਆ ਗੱਲਾਂ ਪੁਛੀਆਂ ਕਈ ਹਜਾਰ ਭਾਈ ।
ਧੂ ਕੇ ਲੈ ਗਏ ਫੜ ਕੇ ਜੁੰਡਿਆਂ ਤੋਂ ਮੁਖੋਂ ਕਹਿਣ ਗਦਾਰ ਗਦਾਰ ਭਾਈ ।
ਮਾਰੀ ਗੋਲੀ ਵਿਚ ਛਾਤੀ ਦੇ ਠਾਹ ਦੇ ਕੇ ਕੀਤਾ ਫੈਸਲਾ ਵਿਚ ਤੋਂ ਪਾਰ ਭਾਈ ।
ਮੇਲੀਆਣੇ ਦੇ ਸੁਟਿਆ ਖੂਹ ਅੰਦਰ ਨਾਲ ਬੰਨਕੇ ਇੱਟਾਂ ਦਾ ਭਾਰ ਭਾਈ ।
ਮੁੰਡੇ ਕਰਕੇ ਫੈਸਲਾ ਰਾਹ ਪੈ ਗਏ ਕਰਦੀ ਫਿਰੇ ਤਫ਼ਤੀਸ਼ ਸਰਕਾਰ ਭਾਈ ।
ਥੋੜੇ ਵਿਚ ਮੁਕਾ ਦਿਤਾ ਲਾਭ ਸਿੰਘਾ ਬਾਹਲਾ ਕੀਤਾ ਨਾਂ ਇਹਦਾ ਵਿਸਥਾਰ ਭਾਈ ।

## ਵਾਕ ਕਵੀ [ਬੈਂਤ]

ਬਬਰਾਂ ਵਾਂਗ ਬਹਾਦਰੀ ਕਰੇ ਕਿਹੜਾ ਲੱਖਾਂ ਹੋਏ ਤੇ ਲੱਖਾਂ ਹੀ ਹੋਣਗੇ ਵੀ।
ਖਾਤਰ ਪੇਟ ਦੀ ਕੌਮ ਗਦਾਰ ਜਿਹੜੇ ਜੁਗਾਂ ਤੀਕ ਵਿਚ ਨਰਕ ਦੇ ਰੋਣਗੇ ਵੀ।
ਸਿਰ ਸਵਾਹ ਪੈਂਦੀ ਰਹੂ ਫਿਟਕਾਂ ਦੀ ਚੱਕੀ ਰੋਜ ਫਿਟਕਾਰ ਦੀ ਝੋਣਗੇ ਵੀ।
ਮਜ਼ਾ ਆਵੇਗਾ ਪੇਟ ਵਧਾਉਂਣੇ ਦਾ ਜਦੋਂ ਕਬਰ ਦੇ ਵਿਚ ਘਸੋਣਗੇ ਵੀ।
ਜਦੋਂ ਮਾਰ ਸਗੀਨ ਨੂੰ ਵਿਚ ਛਾਤੀ ਬਬਰ ਆਂਦਰਾਂ ਤਾਈਂ ਖਭੋਣਗੇ ਵੀ।
ਸਿਰ ਫਿਰਨ ਦੇਂਦੇ ਵਿਚ ਝਾੜੀਆਂ ਦੇ ਮਰਦਾਂ ਵਿਚ ਨਾਂ ਆਣ ਖਲੋਣਗੇ ਵੀ।
ਪੀੜੀ ਜਾਵੇਗੀ ਤਿਲਾਂ ਦੇ ਵਾਂਗ ਘਾਣੀ ਰਸੇ ਗੰਨਿਆਂ ਦੇ ਵਾਂਗੂ ਚੋਣਗੇ ਵੀ।
ਜੂਨ ਪੈਣਗੇ ਚੰਦਰੇ ਖੋਤਿਆਂ ਦੀ ਲੱਦੇ ਟੱਟੂਆਂ ਦੇ ਵਾਂਗ ਢੋਣਗੇ ਵੀ।
ਫਲ ਅੰਤ ਨੂੰ ਓਸਦਾ ਖਾਣਗੇ ਉਹ ਬੀਜ ਜ਼ੈਹਰ ਵਾਲੇ ਜਿਹੜੇ ਬੋਣਗੇ ਵੀ।
ਨੌਜਵਾਨ ਇਹ ਪੰਥ ਦੇ ਸ਼ੇਰ ਮੁੰਡੇ ਕਦੇ ਦਾਗ ਕਲੰਕ ਦਾ ਧੋਣਗੇ ਵੀ।
ਜਦੋਂ ਟੰਗ ਲਏ ਬੱਕਰੇ ਵਾਂਗ ਪੁਠੇ ਫੇਰ ਮੌਤ ਅਨਿਆਈ ਦੀ ਸੋਣਗੇ ਵੀ।
ਆਸ ਮੁਰਦਿਆਂ ਦੀ ਛੱਡੋ ਲਾਭ ਸਿੰਘਾ ਖੋਣ ਜਾ ਮੈਦਾਨ ਵਿਚ ਖੋਣਗੇ ਵੀ।

## ਵਾਕ ਕਵੀ [ਕੋਰੜਾ ਛੰਦ]

ਯਾਦ ਰਖੋ ਸਿੰਘੋ ਲੋਕਾਂ ਦੀ ਕਹੌਤ ਜੀ, ਕੋੜ ਦੀ ਬੀਮਾਰੀ ਨਾਲੋਂ ਚੰਗੀ ਮੌਤ ਜੀ।
ਕੁੜੀਆਂ ਨਾਂ ਆਪਾਂ ਜਿਨਾਂ ਪੌਣ ਛੋਪਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਮੇਟ ਦੇਵੋ ਸਿੰਘੋ ਹੁਣ ਫੁਟਾਂ ਸਾਰੀਆਂ, ਦੇਸ਼ ਦੀਆਂ ਜੜ੍ਹਾਂ ਤੇ ਫਿਰਨ ਆਰੀਆਂ,
ਹੋ ਗਏ ਨੇ ਭੂਹੇ ਜੋ ਗਦਾਰ ਲੋਕਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਕੋਈ ਦਿਨ ਜੀਉਣ ਜੇ ਜਹਾਨ ਮਿੱਤਰੋ, ਬਬਰਾਂ ਦੇ ਵਾਂਗ ਹੀ ਮੈਦਾਨ ਨਿਭਰੋ,
ਜਿਵੇਂ ਫੂਕ ਸੁਟੇ ਸੀ ਮਸੰਦ ਝੋਕਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਕਦੇ ਵੀ ਨਾਂ ਦੇਸ਼ੋਂ ਦੂਰ ਹੋਣਾ ਪਾਪ ਜੀ, ਜਦੋਂ ਤਕ ਖੜੋ ਨਾਂ ਮੈਦਾਨ ਆਪ ਜੀ,
ਸੂਤ ਲੈਂਦੀ ਰਤ ਨੂੰ ਗੁਲਾਮੀ ਜੋਕਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਪਾਈ ਸੀ ਨਕੇਲ ਨਕ ਸੁਚਾ ਨੰਦ ਦੇ, ਜਿੱਦਾਂ ਸਿੰਘੋ ਲਾਹੇ ਸੀ ਚੰਦੂ ਦੇ ਚੰਦਨੇ,
ਬਾਜੀ ਦੇ ਵਾਂਗੂ ਕਿਲਾ ਸਿੰਘੋ ਦਸੋ ਠੋਕਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਰਲਕੇ ਗਦਾਰਾਂ ਦੇਸ਼ ਦਿਤਾ ਗਾਲ ਜੀ, ਝੋਲੀ ਚੁਕਾ ਪਾਪੀਆਂ ਨੇ ਦਿਤੀ ਮਿੱਟੀ ਬਾਲ ਜੀ,
ਚੁਕੋ ਨਾਂ ਗੁਲਾਮੀ ਵਾਲੀ ਸਿੰਘੋ ਟੋਕਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਆਉਂਣ ਜਦੋਂ ਮੌਤ ਮਾਰ ਕੇ ਮਕਾਊਗੀ, ਬਣ ਜਾਓ ਬਬਰ ਲੋਕੀ ਵਾਰਾਂ ਗਾਊਗੀ,
ਛੱਡ ਬਾਪ ਦਾ ਦਾ ਭੂਹੇ ਹੋ ਗਈ ਛੋਕਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਗੰਗਾ ਨ੍ਹਾਤੀ ਬਿਜਨਾਂ ਗੁਆਵੇ ਤੂੰਬੜੀ, ਦੰਦ ਕੱਢ ਸ਼ੇਰ ਨੂੰ ਡਰਾਉਂਦੀ ਲੂੰਬੜੀ,
ਖੱਲਾਂ ਵਿਚ ਵੜ ਕੇ ਨਾਂ ਮਾਰੋ ਮੋਕਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਹਲਕ ਗਈ ਡੈਣ ਦਾ ਜੇ ਮੂੰਹ ਮੋੜੀਏ, ਤਾਂ ਬੰਦੇ ਵਾਂਗੂੰ ਲੋਹੇ ਦਾ ਸੁਹਾਗਾ ਜੋੜੀਏ,
ਬੈਠੀ ਦੇਸ਼ ਮਲ ਕੇ ਸ਼ੈਤਾਨ ਓਪਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਸਾਡਾ ਲਹੂ ਪੀਣ ਕਾਲੀਆਂ ਤੇ ਗੋਰੀਆਂ, ਕਠ ਭੂਰੀ ਸਾਧ ਦੀ ਤੇ ਭਾਲੋ ਮੋਹਰੀਆਂ,
ਨਾਗਾਂ ਦੀ ਪਟਾਰੀ ਖੱਟ ਦਿਤੀ ਹੋਕਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।
ਚੁਕ ਦਿਤਾ ਏਸ ਮਾਲਕਾਂ ਦੇ ਡਰ ਨੂੰ, ਹੋ ਗਈ ਕਿਸੇ ਦੀ ਤੇ ਜੁਵਾਬ ਵਰ ਨੂੰ,
ਚੀਰ ਕੇ ਕਲੇਜਾ ਉਤੋਂ ਰਹੀ ਪੋਚਰੀ, ਤਾਰੂ ਸਿੰਘ ਵਾਂਗ ਭਾਵੇਂ ਲੱਥੇ ਖੋਪਰੀ।

**ਨੋਟ :—** ਅੱਗੇ ਪ੍ਰਸੰਗ ਸਾਧੂ ਸਿੰਘ ਸਾਂਦਰੇ ਵਾਲੇ ਬਹਾਦਰ ਬਬਰ ਦਾ। ਇਹ ਦੋਹਰੇ ਬੰਦ ਦੇ ਪੈਹਲਵਾਨ ਵਰਗਾ ਪਟ ਮਿਲੇ ਹੋਏ ਤੇ ਛਾਤੀ ਚੌੜੀ, ਦਿਲ ਦਾ ਗੰਭੀਰ ਜਵਾਨ ਸੀ। ਇਸਦੇ ਬਾਪ ਦਾ ਨਾਮ ਤਾਬਾ ਸਿੰਘ ਤੇ ਮਾਈ ਦਾ ਨਾਮ ਗੁਜਰੀ ਸੀ। ਇਸ ਪਿੰਡ ਦੇ ਬਿਸ਼ਨ ਸਿੰਘ ਗਦਾਰ ਨੂੰ ਜਦੋਂ ਬਬਰ ਮਾਰਨ ਲਗੇ ਤਾਂ ਉਹ ਪਸ਼ੂਆਂ ਦੀ ਖੁਰਲੀ ਵਿਚ ਜਾ ਡਿਗਿਆ। ਪਸ਼ੂਆਂ ਨੇ ਰਸੇ ਤੁੜਾ ਲਏ। ਉਥੇ ਫਲਾਹ ਦਾ ਦਰਖਤ ਸੀ। ਹੋਰ ਕੁਝ ਨਾਂ ਦਿਸੇ ਉਹ ਹੋ ਵੱਢ ਗਿਆ। ਉਸ ਵਕਤ ਹੁਸ਼ਿਆਰ ਪੁਰ ਆਗੇ ਖਾਂ ਠਾਣੇਦਾਰ ਸੀ, ਜੋ ਸਾਧੂ ਸਿੰਘ ਨਾਲ ਲਗਦਾ ਸੀ। ਨਜੈਜ਼ ਚੀਜਾਂ ਰਖਕੇ ਸਾਧੂ ਸਿੰਘ ਨੂੰ ਗਿਰਫਤਾਰ ਕਰ ਲਿਆ ਤੇ ਮੁਕੱਦਮਾ ਚਲਾ ਦਿਤਾ।

ਜੁਆਲਾਸਿੰਘ ਕਾਰੀਆ ਦੇ ਕੋਲੋਂ ਰਖਾਈਆਂ ਸਨ, ਜੋ ਸਾਧੂ ਸਿੰਘ ਨੇ ਲਕੜ ਤੇ ਰਖ ਕੇ ਵੱਢਿਆ ਸੀ

## (ਬੈਂਤ)

ਸਾਧੂ ਸਿੰਘ ਜਵਾਨ ਏ ਸਾਂਦਰੇ ਦਾ ਹਾਲ ਲਿਖੀਏ ਏਸ ਜਵਾਨ ਦਾ ਈ।
ਇਹਦੇ ਦਿਲ ਦੇ ਵਿਚ ਖਿਆਲ ਆਇਆ ਬੇੜਾ ਰੁੜ ਗਿਆ ਹਿੰਦਸਤਾਨ ਦਾ ਈ।
ਬੰਦਾ ਪਾਨੀ ਦਾ ਬੁਲ ਬੁਲਾ ਛਿਪ ਜਾਣਾ ਫਰਜ ਆਪਣਾ ਨਹੀਂ ਪਛਾਣ ਦਾ ਈ।
ਝੋਲੀ ਚੁਕਾਂ ਦੇ ਡੱਕਰੇ ਜੇ ਲਾਵਾਂ ਮਜਾ ਤਾਂ ਆਵੇ ਪੀਣ ਖਾਣ ਦਾ ਈ।
ਲਹੂ ਦੇਸ਼ ਪੰਜਾਬ ਦਾ ਪੀ ਗਿਆ ਗੋਰਾ ਆ ਡਾਕੂ ਇੰਗਲਿਸਤਾਨ ਦਾ ਈ।
ਗੁਰੂ ਸਾਹਿਬ ਵੀ ਥਾਪੀਆਂ ਦੇਣਗੇ ਜੀ ਦਾਨ ਕਰਾਂ ਜੇ ਆਪਨੀ ਜਾਨ ਦਾ ਈ।
ਝੂਠੇ ਸੁਖ ਜਹਾਨ ਦੇ ਛੱਡ ਦੇਵਾਂ ਮਜਾ ਚੱਖੀਏ ਤਿਖੀ ਕਰਪਾਨ ਦਾ ਈ।
ਬਣ ਕੇ ਸਿੰਘ ਅੰਗਰੇਜ ਨੂੰ ਦਸ ਦੇਵਾਂ ਜਿਹੜਾ ਸੂਰਮਾ ਪੁਤ ਕਪਤਾਨ ਦਾ ਈ।
ਯਾਦ ਕਰੂਗਾ ਆਪਣੇ ਮੁਲਕ ਜਾ ਕੇ ਮਜਾ ਦੇਖਕੇ ਸਿੰਘਾਂ ਦੀ ਬਾਣ ਦਾ ਈ।
ਟੁਕੜੇ ਕੌਮ ਗਦਾਰਾਂ ਦੇ ਕਰਾਂ ਧਰਕੇ ਸੁਫਨੇ ਵਤ ਹੈ ਸੁਖ ਜਹਾਨ ਦਾ ਈ।
ਬਿਨਾਂ ਸੂਰਮੇ ਬਬਰ ਤੋਂ ਲਾਭ ਸਿੰਘਾ ਬੀੜਾ ਕਿਸੇ ਦੇ ਨਹੀਂ ਉਠਾਨ ਦਾ ਈ।

## ਆਖਣਾ ਸਾਧੂ ਸਿੰਘ ਦਾ ਠਾਣੇਦਾਰ ਨੂੰ

(ਬੈਂਤ)

ਨੰਬਰਦਾਰ ਦੇ ਆਂਣ ਕੇ ਬੈਠ ਜਾਣਾ ਸਾਡੇ ਪਿੰਡ ਅੰਦਰ ਜਦੋਂ ਆਉਂਣਾ ਈ।
ਚੌਂਕੀਦਾਰ ਨੂੰ ਆਪ ਨੇ ਭੇਜ ਦੇਣਾ ਜਿਸਨੂੰ ਸੱਦਣਾ ਅਤੇ ਬੁਲਾਉਂਣਾ ਈ।
ਕਰਨਾ ਕੰਮ ਸਰਕਾਰ ਦਾ ਰੂਲ ਅੰਦਰ ਮੁਛਾਂ ਦੱਸਨਾ ਕੋਈ ਡਰਾਉਂਣਾ ਈ।
ਕੁੱਕੜ ਬੱਕਰਾ ਲੋਕਾਂ ਦੇ ਘਰਾ ਵਿਚੋਂ ਪੈਸੇ ਬਾਝ ਨਾਂ ਕੋਈ ਮੰਗਵਾਉਂਣਾ ਈ।
ਮਤਲਬ ਬਾਝ ਨਾਂ ਸੰਤਰੀ ਘਰ ਜਾਵੇ ਦੂਜੀ ਤਰ੍ਹਾਂ ਨਾਂ ਪਵੇ ਹਟਾਉਂਣਾ ਈ।
ਠਾਣੇਦਾਰ ਹੈ ਤਾਂ ਘਰ ਆਪਣੇ ਹੋ ਗਠ ਤਾਈਂ ਨਾਂ ਅਸਾਂ ਗਢਾਉਂਣਾ ਈ।
ਨੰਬਰਦਾਰ ਦੇ ਬੈਠੋ ਦਵਾਨਖਾਨੇ ਮੰਜਾ ਸਥ ਦੇ ਵਿਚ ਨਾਂ ਡਾਉਂਣਾ ਈ।
ਐਵੇਂ ਜਾਂਦੇ ਗਰੀਬ ਨੂੰ ਤਾੜਨਾ ਨਾਂ ਠਾਣੇਦਾਰੀ ਦਾ ਰੋਬ ਨਾਂ ਪਾਉਂਣਾ ਈ।
ਕੁੱਲਾ ਕਿਜੇ ਨਾਂ ਦੇਖਣਾ ਫੁਟ ਉਚਾ ਖੂਹ ਪਿੰਡ ਦੇ ਉਤੇ ਨਾਂ ਨਹਾਉਂਣਾ ਈ।
ਝੋਲੀ ਚੁਕਾਂ ਦੇ ਜਾ ਕੇ ਡਾਹ ਕੁਰਸੀ ਉਸਦੇ ਮੰਜੇ ਤੇ ਕਰ ਬਡਾਉਂਣਾ ਈ।
ਪਿਡ ਸੂਰਮੇ ਬਬਰ ਦਾ ਲਾਭ ਸਿੰਘਾ ਇਥੇ ਮੁਰਦਿਆਂ ਦਾ ਨਾਂਹੀ ਚਾਉਂਣਾ ਈ।

**ਨੋਟ :—** ਠਾਣੇਦਾਰ ਨੇ ਜੁਆਲਾ ਸਿੰਘ ਕਾਠੀਆਂ ਵਾਲੇ ਤੋਂ ਸਾਧੂ ਸਿੰਘ ਦੇ ਘਰ ਨਜੈਜ਼ ਚੀਜਾਂ ਰਖ ਕੇ ਆਪੇ ਤਲਾਸ਼ੀ ਵਿਚ ਕਢਕੇ ਸਾਧੂ ਸਿੰਘ ਦਾ ਚਲਾਨ ਕਰ ਦੇਣਾ ।

## (ਬੈਂਤ)

ਠਾਣੇਦਾਰ ਨੂੰ ਸੁਣ ਕੇ ਅੱਗ ਲਗੀ ਲਿਆ ਅਕਲ ਦਾ ਢੰਗ ਲਗਾ ਦੇਖੋ ।
ਬਿਸ਼ਨ ਸਿੰਘ ਗਦਾਰ ਵੀ ਇਥੋਂ ਦਾ ਸੀ ਉਸਦੇ ਕਰਕੇ ਨਾਲ ਸਲਾਹ ਦੇਖੋ ।
ਜੁਆਲਾ ਸਿੰਘ ਮੰਗਵਾ ਲਿਆ ਕਾਠੀਆਂ ਤੋਂ ਸਾਰਾ ਉਸ ਨੂੰ ਭੇਤ ਬਤਾ ਦੇਖੋ ।
ਚੀਜਾਂ ਕੱਠੀਆਂ ਕਈ ਨਜੈਜ਼ ਕਰਕੇ ਸਾਧੂ ਸਿੰਘ ਦੇ ਦੇਣ ਰਖਾ ਦੇਖੋ ।
ਛਾਪਾ ਮਾਰ ਕੇ ਆਪ ਹੀ ਜਾ ਫੜਿਆ ਸਿਰ ਸੂਰਮੇ ਦੇ ਦੇਣ ਲਾ ਦੇਖੋ ।
ਸਾਧੂ ਸਿੰਘ ਨੂੰ ਆਪ ਹੀ ਜਾ ਫੜਿਆ ਦਿਤਾ ਤੁਰਤ ਚਲਾਣ ਕਰਾ ਦੇਖੋ ।
ਦਿਤੇ ਭੇਜ ਚਲਾਣ ਲਾਹੌਰ ਅੰਦਰ ਕੰਮ ਆਪਣੀ ਵਲੋਂ ਮੁਕਾ ਦੇਖੋ ।
ਠਾਣੇਦਾਰ ਨੇ ਕੇਸ ਬਣਾ ਕੇ ਤੇ ਦਿਤਾ ਪਿੰਜਰੇ ਸ਼ੇਰ ਫਸਾ ਦੇਖੋ ।
ਹੁਣ ਕਰੇ ਤੇ ਕਰੇ ਪਰ ਕਰੇ ਵੀ ਕੀ ਬਧੇ ਸ਼ੇਰ ਦੀ ਪੇਸ਼ ਨਾਂ ਜਾ ਦੇਖੋ ।
ਇਕ ਹੋਰ ਬਦਮਾਸ਼ ਸੀ ਜੌਣ ਸਿੰਘ ਦਾ ਪਾਲਾ ਸਿੰਘ ਸੀ ਉਸਦਾ ਨਾਂ ਦੇਖੋ ।
ਓਸ ਆਖਿਆ ਸੋਨੇ ਦੇ ਬਬਰ ਬੰਗਲੇ ਇਹ ਦੇਣੇ ਸੀ ਮੈਂ ਫੜਾ ਦੇਖੋ ।
ਰਜ ਲੈਂਦਾ ਮੈਂ ਨਾਲ ਮੁਰੱਬਿਆਂ ਦੇ ਨਾਲੇ ਨਕਦ ਰੁਪੈਏ ਗਣਾ ਦੇਖੋ ।
ਸਾਧੂ ਸਿੰਘ ਨੂੰ ਸੁਣ ਕੇ ਰੋਹ ਚੜਿਆ ਲਿਆ ਵਿਚ ਕਚੈਰੀ ਦੇ ਢਾ ਦੇਖੋ ।
ਮਾਰ ਮਾਰ ਕੇ ਲਹੂ ਲੁਹਾਣ ਕੀਤਾ ਲੱਤਾਂ ਮਾਰੀਆਂ ਧੌਣ ਪੁਰ ਜਾ ਦੇਖੋ ।
ਸਾਡੇ ਘਰ ਤੇ ਬਾਹਰ ਵੀ ਜ਼ਬਤ ਹੋ ਗਏ ਅਸੀਂ ਮਰ ਗਏ ਗੋਲੀਆਂ ਖਾ ਦੇਖੋ ।
ਤੂੰ ਸਾਡੇ ਹਾ ਲਹੂ ਦੇ ਨਾਲ ਨ੍ਹਾਵੇਂ ਸਾਡੀ ਛਾਤੀ ਵਿਚ ਤੀਰ ਲੰਘਾ ਦੇਖੋ ।
ਡੇਡ ਸਾਲ ਦੀ ਸ਼ੇਰ ਨੂੰ ਕੈਦ ਹੋ ਗਈ ਇਹ ਲੜਾਈ ਦਾ ਕੇਸ ਚਲਾ ਦੇਖੋ ।
ਇਸ ਸੂਰਮੇ ਮਰਦ ਦਾ ਲਾਭ ਸਿੰਘਾ ਦੇਵਾਂ ਅਗਲਾ ਹਾਲ ਸੁਣਾ ਦੇਖੋ ।

**ਨੋਟ :—** ਬੰਤਾ ਸਿੰਘ ਬਬਰ ਦੀ ਤੀਵੀਂ ਮੌਜਾ ਧਾਮੀਆਂ ਤੋਂ ਆ ਕੇ ਸੁੱਚਾ ਸਿੰਘ ਸੰਧਰਾਂ ਵਾਲ ਦੇ ਵੜ ਗਈ। ਸੁਣੈਣ ਸਿੰਘ ਦੌਲਤ ਪੁਰ ਵਾਲੇ ਦੀ ਜਗੂ ਕਿਡਆਂਣੀਏ ਦੇ ਆ ਵੜੀ। ਇਸ ਗੱਲ ਦਾ ਪਤਾ ਸਾਧੂ ਸਿੰਘ ਨੂੰ ਲਾਹੌਰ ਜੇਲ ਦੀ ਫਾਂਸੀ ਵਾਲੀ ਕੋਠੜੀ ਵਿਚ ਲਗਾ ਉਸ ਨੇ ਸੁੱਚਾ ਸਿੰਘ ਤੇ ਜਗੂ ਨੂੰ ਆਖਿਆ ਇਹ ਤੁਸੀਂ ਚੰਗਾ ਨਹੀਂ ਕੀਤਾ। ਇਹ ਤੀਵੀਆਂ ਮੋੜ ਦੇਵੋ, ਜਿਹੜਾ ਇਹਨਾਂ ਸਾਧੂ ਸਿੰਘ ਨੂੰ ਜੁਵਾਬ ਦਿਤਾ ਉਹ ਇਹ ਹੈ।

## ਵਾਕ ਕਵੀ (ਬੈਂਤ)

ਮਤ ਗੁਤ ਪਿਛੇ ਕਹਿੰਦੇ ਤੀਵੀਆਂ ਦੀ ਅਕਲ ਕੰਮ ਵਿਗਾੜ ਕੇ ਆਉਂਦੀ ਏ ।
ਪਹਿਲੇ ਤੋਲ ਕੇ ਮੂਲ ਨਾਂ ਗਲ ਕਹਿਣੀ ਪਿਛੋਂ ਰੋ ਰੋ ਗਲਾ ਸਕਾਉਂਦੀ ਏ ।
ਨਾਲ ਮੁਖ ਦੇ ਲਗ ਕੇ ਫੇਰ ਰੋਂਦੀ ਪਹਿਲੇ ਘਾਣਾਂ ਦੇ ਘਾਣ ਲਹਾਉਂਦੀ ਏ ।
ਜਾਂਦਾ ਆਦਮੀ ਮਾਰਿਆ ਜਾਏ ਭਾਵੇਂ ਇਹ ਆਪਣਾ ਹਠ ਨਭਾਉਂਦੀ ਏ ।
ਪਹਿਲੇ ਕਹਿਣਾ ਖੁਦਾ ਦਾ ਮੰਨਦੀ ਨਾਂ ਲੱਤ ਸਭ ਨੂੰ ਮਾਰ ਹਟਾਉਂਦੀ ਏ ।
ਗਿਦੜੀ ਵਾਂਗ ਜਾਂ ਏਸ ਨੂੰ ਭਬਕ ਚੜਦਾ ਲੱਤ ਲੈਣੋ ਨਾਂ ਫਰਕ ਕਰਾਉਂਦੀ ਏ ।

ਮੇਹਰ ਕਰੇ ਤਾਂ ਕਿਸੇ ਨੂੰ ਤਾਰ ਦੇਵੇ ਨਹੀਂ ਸਾਗਰੀਂ ਬੇੜੇ ਰੜ੍ਹਾਉਂਦੀ ਏ।
ਬੰਦਾ ਭੁਲਦਾ ਇਹਦੇ ਨਟਕੇਰਿਆਂ ਤੇ ਬੁਰਾ ਮਕਰ ਦਾ ਤਾਪ ਚੜ੍ਹਾਉਂਦੀ ਏ।।
ਹੂੰਗਾ ਵਜਦਾ ਆਂਡ ਗੁਆਂਢ ਸੁਣਦਾ ਸਾਸ ਖਿਚਵੇਂ ਪਏ ਲਿਆਉਂਦੀ ਏ।
ਖਸਮ ਭੁੱਖਾ ਜਾਂ ਘਰ ਤੋਂ ਬਾਹਰ ਹੋਵੇ ਕੋਠੇ ਫੇਰ ਜਹਾਨ ਦੇ ਢਾਉਂਦੀ ਏ।
ਦਿਨ ਸਾਰਾ ਹੀ ਮੰਜੇ ਤੇ ਪਈ ਰਹਿਣਾ ਵੇਲੇ ਰੋਟੀ ਦੇ ਭਾਂਡੇ ਭਨਾਉਂਦੀ ਏ।
ਗਾਲਾਂ ਕੱਢਦੀ ਮਾਪਿਆਂ ਜਣਦਿਆਂ ਨੂੰ ਦੋਹਰੇ ਭਾ ਦੇ ਕੀਰਨੇ ਪਾਉਂਦੀ ਏ।
ਮੁੰਡਾ ਵਹੁਟੀ ਨੂੰ ਲੈ ਕੇ ਘਰ ਆਉਂਦਾ ਕੁੰਜੀ ਨਾਲੇ ਦੇ ਨਾਲ ਬਨਾਉਂਦੀ ਏ।
ਕੋਲੇ ਲਾ ਕੇ ਡੇ ਬਾਕੀ ਘਰਦਿਆਂ ਦੇ ਪੋਤੇ ਛੱਡ ਕੇ ਦੋਹਤੇ ਖਡਾਉਂਦੀ ਏ।
ਕਹਿੰਦੀ ਨੂੰਹ ਨੂੰ ਬੇਲਣੇ ਪੀੜ ਦੇਵਾਂ ਗਲ ਚੁਕ ਕੇ ਧੀ ਨੂੰ ਲਾਉਂਦੀ ਏ।
ਜਾਂਦੀ ਭੁਲ ਇਹ ਆਪਣੇ ਦਿਨਾਂ ਤਾਈਂ ਫੇਰ ਮੱਖੀ ਦੇ ਮਾਂਹ ਬਨਾਉਂਦੀ ਏ।
ਰੋਟੀ ਚੋਪੜੇ ਲੱਸੀ ਦੇ ਨਾਲ ਬੈਹ ਬੈਹ ਪਰੇ ਹੋਰਨਾਂ ਤਾਈਂ ਹਟਾਉਂਦੀ ਏ।
ਝੱਗਾ ਖਸਮ ਦਾ ਉਸ ਨੂੰ ਛੇ ਲੀਰਾਂ ਕੋਟ ਰੇਸ਼ਮੀ ਦੋਹਤੇ ਦੇ ਪਾਉਂਦੀ ਏ।
ਪਤਾ ਲੱਗੇ ਨਾਂ ਮਕਰਾਂ ਇਹਦਿਆਂ ਦਾ ਬੰਦਾ ਹੱਥਾਂ ਤੇ ਚਾੜ੍ਹ ਨਚਾਉਂਦੀ ਏ।
ਰਾਜੇ ਪੁਟ ਸੁਟੇ ਇਹਨਾਂ ਰੰਣ ਵਰਗੇ ਲੰਕਾ ਸੋਨੇ ਦੀ ਫੂਕ ਜਲਾਉਂਦੀ ਏ।
ਭੇੜ ਪਾ ਕੇ ਕੈਰਵਾਂ ਪਾਡਵਾਂ ਦਾ ਅਠਾਰਾਂ ਖੂਣੀਆਂ ਗਰਕ ਕਰਾਉਂਦੀ ਏ।
ਕਾਲ ਸੁਚੇ ਤੇ ਜਗੂ ਦਾ ਲਾਭ ਸਿੰਘਾ ਭਾਵੀ ਆਪਣਾ ਜਾਦੂ ਚਲਾਉਂਦੀ ਏ।

## ਸਾਧੂ ਸਿੰਘ ਦਾ ਸੁਨੇਹਾ

(ਬੈਂਤ)

ਸਾਧੂ ਸਿੰਘ ਨੇ ਜੇਲ ਤੋਂ ਆਖਿਆ ਇਹ ਤੁਸਾਂ ਚੰਗਾ ਨਾਂ ਕੰਮ ਕਮਾਇਆ ਈ।
ਸਜਾਵਾਂ ਭਾਰੀਆਂ ਦਿਤੀਆਂ ਹਾਕਮਾਂ ਨੇ ਦੂਜਾ ਤੁਸਾਂ ਨੇ ਕੈਹਿਰ ਕਮਾਇਆ ਈ।
ਮੋਢਾ ਡਾਹ ਕੇ ਹੋਣਾ ਸੀ ਨਾਲ ਸਾਡੇ ਤੁਸਾਂ ਧੌਣ ਤੇ ਛੁਰਾ ਚਲਾਇਆ ਈ।
ਸਾਡੇ ਹੋ ਕੇ ਸਾਡੇ ਤੇ ਜੁਲਮ ਕੀਤਾ ਭਾਈ ਬੰਦੀ ਦਾ ਫੈਜ ਪੁਚਾਇਆ ਈ।
ਥਾਹੋਂ ਥਾਹੀਂ ਇਹ ਤੀਵੀਆਂ ਭੇਜ ਦੇਵੋ ਦੁਖੀ ਹੋ ਕੇ ਆਪਾਂ ਸੁਣਾਇਆ ਈ।
ਏਸੇ ਤਰ੍ਹਾਂ ਸੁਨੇਹੇ ਦੇ ਦੇਣ ਵਾਲੇ ਸੁਚੇ ਜੱਗੂ ਨੂੰ ਜਾ ਸਮਝਾਇਆ ਈ।
ਸਾਧੂ ਸਿੰਘ ਨੂੰ ਏਸਦਾ ਬੜਾ ਗੁੱਸਾ ਤੁਸੀਂ ਇਜ਼ਤਾਂ ਨੂੰ ਹੱਥ ਪਾਇਆ ਈ।
ਹਾਲ ਓਸਦਾ ਲਿਖੀਏ ਲਾਭ ਸਿੰਘਾ ਜਿਹੜਾ ਇਹਨਾਂ ਨੇ ਮੋੜ ਦੁਆਈਆ ਈ।

## ਸੁਚੇ ਤੇ ਜੱਗੂ ਦਾ ਜੁਵਾਬ ਸਾਧੂ ਸਿੰਘ ਨੂੰ

(ਬੈਂਤ]

ਸੁਚਾ ਸਿੰਘ ਤੇ ਜੱਗੂ ਕਡਆਣੀਏ ਨੇ ਦਿਤਾ ਸੋਹਣਾ ਜੁਵਾਬ ਸੁਣਾ ਭਾਈ।
ਜਦੋਂ ਆਦਮੀ ਜੋਰ ਦੇ ਵਿਚ ਆਉਂਦਾ ਦਿੰਦਾ ਰਬ ਦੇ ਤਾਈਂ ਭੁਲਾ ਭਾਈ।
ਬਬਰ ਜਾ ਕੇ ਜੇਲ ਦੀ ਮੌਜ ਮਾਣੋ ਸਾਰਾ ਪਿਛਲਾ ਫਿਕਰ ਮੁਕਾ ਭਾਈ।
ਚੜ੍ਹੋ ਫਾਂਸੀਆਂ ਤੇ ਨਾਲੇ ਕੈਦ ਕਟੋ ਮੱਥਾ ਨਾਲ ਅੰਗਰੇਜਾਂ ਦੇ ਡਾਹ ਭਾਈ।
ਅਸਾਂ ਤੀਵੀਆਂ ਰਖਾਂਗੇ ਸਾਂਭ ਕੇ ਤੇ ਭਾਵੇ ਲਵੋਂ ਰਸੀਦ ਲਿਖਾ ਭਾਈ।
ਤੁਸੀਂ ਗਏ ਮਾਰੇ ਰੋਟੀ ਕੌਣ ਦੇਵੇ ਫਾਹੇ ਅਸਾਂ ਦੇ ਗਲਾ ਨੂੰ ਪਾ ਭਾਈ।
ਐਵੇਂ ਮਾਰ ਨਾਂ ਡੂਮ ਡਰਾਵਿਆਂ ਨੂੰ ਸਾਨੂੰ ਤੁਸਾਂ ਦੀ ਨਹੀਂ ਪਰਵਾਹ ਭਾਈ।

ਅਸਾਂ ਰਖੀਆਂ ਤੀਵੀਆਂ ਖਰਚ ਦੇ ਕੇ ਤੇਰੀ ਧੌਂਸ ਕੀ ਰਖੇ ਬਣਾ ਭਾਈ ।
ਪਤਾ ਸੂਰਮੇ ਨੂੰ ਲੱਗਾ ਲਾਭ ਸਿੰਘਾ ਜਾਮੇ ਵਿਚ ਨਾਂ ਜੋਸ਼ ਸੁਮਾ ਭਾਈ ।

**ਨੋਟ :–** ਜਿਸਦੇ ਕੋਲ ਸੁਨੇਹਾ ਆਇਆ ਸੀ ਉਸਨੇ ਜਾ ਕੇ ਸਾਧੂ ਸਿੰਘ ਨੂੰ ਇਹ ਸੁਨੇਹਾ ਦਿਤਾ ।

## (ਬੈਂਤ)

ਸਾਧੂ ਸਿੰਘ ਨੂੰ ਜਾ ਕੇ ਆਖਦਾ ਉਹ ਤੇਰਾ ਦਿਤਾ ਸੁਨੇਹਾ ਮੈਂ ਜਾ ਇਸਨੂੰ ।
ਜੋ ਆਪ ਨੇ ਇਧਰੋਂ ਆਖਿਆ ਸੀ ਸਾਰਾ ਦੱਸਿਆ ਭੇਦ ਸਮਝਾ ਇਸਨੂੰ ।
ਗੋਲੀ ਬਣਕੇ ਤੇ ਗੱਲਾਂ ਤੇਰੀਆਂ ਦੀ ਵਜੀ ਵਿਚ ਕਲੇਜੇ ਦੇ ਆ ਇਸਨੂੰ ।
ਸੱਪ ਵਾਂਗਰਾਂ ਸੁਣਕੇ ਵੱਟ ਖਾਦੇ ਗੁਸਾ ਕੈਹਿਰ ਦਾ ਗਈ ਚੜ੍ਹਾ ਇਸਨੂੰ ।
ਪਈਆਂ ਮੱਥੇ ਤੇ ਤੀਉੜੀਆਂ ਤਿੰਨ ਉਸਦੇ ਆਖੇ ਮਾਰਾਂ ਮੈਂ ਡਾਂਗ ਉਠਾ ਇਸਨੂੰ ।
ਏਸ ਗਲ ਤੇ ਖਾਸ ਮਲੂਮ ਹੁੰਦਾ ਤੇਰੀ ਕੁਝ ਵੀ ਨਹੀਂ ਪਰਵਾ ਇਸਨੂੰ ।
ਇਹ ਤਾਂ ਬੂੰਦ ਪੈਂਦੀ ਉਤੇ ਪੱਥਰਾਂ ਤੇ ਸਗੋਂ ਸੁਣ ਕੇ ਚੜ੍ਹਦਾ ਚਾ ਇਸਨੂੰ ।
ਮੁਸ਼ਕ ਪੂਰ ਬਣਾਵੇ ਕੀ ਬਾਂਦਰਾਂ ਨੂੰ ਸੱਪ ਵਾਂਗ ਲੈ ਦੁਧ ਪਲਾ ਇਸਨੂੰ ।
ਮਹਾਂਰਾਜ ਨੇ ਫੰਦ ਜੇ ਕੱਟ ਦਿਤੇ ਗੱਲਾਂ ਪੁਛੀਂ ਤੂੰ ਕੋਲ ਬਠਾ ਇਸਨੂੰ ।
ਸੁਣ ਕੇ ਮੇਰੇ ਵੀ ਦਿਲ ਨੂੰ ਅੱਗ ਲੱਗੀ ਜੇ ਤੂੰ ਬੇਲਨੇ ਦੇਵੇਂ ਲੰਘਾ ਇਸਨੂੰ ।
ਮਜ਼ਾ ਦੱਸਦੇ ਤੀਵੀਆਂ ਰੱਖਣੇ ਦਾ ਵਟ ਧੌਣ ਦੇ ਤਾਈਂ ਚੜ੍ਹਾ ਇਸਨੂੰ ।
ਤੈਨੂੰ ਮੋੜ ਜੁਵਾਬ ਲਿਆ ਦਿਤਾ ਕਦੇ ਮਿਲੀ ਤੂੰ ਜੱਫੀਆਂ ਪਾ ਇਸਨੂੰ ।
ਇਹ ਤਾਂ ਉਤਲੀ ਹਵਾ ਦੇ ਵਿਚ ਫਿਰਦੇ ਰਸਤੇ ਦੇਵੇਂ ਜੇ ਕਬਰ ਦੇ ਪਾ ਇਸ਼ਨੂੰ ।
ਦੂਲੇ ਵਾਂਗੂੰ ਆਕੀ ਪਿੰਡੀ ਵਿਚ ਇਹ ਤਾਂ ਅਜ ਯਾਦ ਨਾਂ ਰਿਹਾ ਖੁਦਾ ਇਸਨੂੰ ।
ਧਰਕੇ ਸੋਹਣਿਆਂ ਜਿੰਦ ਨੂੰ ਤਲੀ ਉਤੇ ਸੌਦਾ ਤੋਲਦੇ ਮੌਤ ਦੇ ਭਾ ਇਸਨੂੰ ।
ਤੇਲ ਮਿੱਟੀ ਦਾ ਪਾ ਕੇ ਲਾਭ ਸਿੰਘਾ ਅਗ ਚਾਰ ਪਾਸੇ ਦੇਵੋ ਲਾ ਇਸਨੂੰ ।

## ਸਾਧੂ ਸਿੰਘ ਦਾ ਇਸ ਮੁਕੱਦਮੇ ਤੋਂ ਬਰੀ ਹੋ ਜਾਣਾ

### (ਬੈਂਤ)

ਜਦੋਂ ਸ਼ਿਸ਼ਨ ਅਦਾਲਤ ਤੋਂ ਬਬਰਾਂ ਨੂੰ ਦਿਤੀ ਗਈ ਇਹ ਭਾਰੀ ਸਜਾ ਲੋਕੋ ।
ਪਿਛੋਂ ਕੌਮ ਗਦਾਰ ਹੋ ਗਏ ਭੂਹੇ ਹੱਥ ਇੱਜਤਾਂ ਨੂੰ ਲਿਆ ਪਾ ਲੋਕੋ ।
ਬੇਈ ਮਾਨ ਤਾਂ ਚੰਦਰੇ ਸੀ ਪਾਪੀ ਬੈਠੇ ਬਬਰਾਂ ਦਾ ਡਰ ਭੁਲਾ ਲੋਕੋ ।
ਸਰੈਣ ਸਿੰਘ ਦੀ ਤੀਵੀਂ ਸੀ ਦੌਲਤ ਪੁਰ ਤੋਂ ਸੁੱਚਾ ਸਿੰਘ ਨੇ ਲਈ ਖਸਕਾ ਲੋਕੋ ।
ਬੰਤਾ ਸਿੰਘ ਦੀ ਜਗੂ ਕੜਿਆਣੀਏ ਦੇ ਰਹੀ ਆਪਣੀ ਮੌਜ ਉਡਾ ਲੋਕੋ ।
ਓਧਰ ਨਾਲ ਅੰਗਰੇਜ ਦੇ ਟਾਕਰਾ ਸੀ ਸਿਰਾਂ ਧੜਾਂ ਦੀ ਬਾਜੀ ਤਕਾ ਲੋਕੋ ।
ਭੂਹੇ ਹੋ ਗਦਾਰਾਂ ਦੀ ਪਾਰਟੀ ਨੇ ਲਈਆਂ ਤੀਵੀਆਂ ਘਰ ਵਸਾ ਲੋਕੋ ।
ਸਾਧੂ ਸਿੰਘ ਨੇ ਸੁਣ ਕੇ ਹਾਲ ਸਾਰਾ ਕਸਮ ਦਿਲ ਅੰਦਰ ਲਈ ਖਾ ਲੋਕੋ ।
ਅਰਜਾਂ ਕੀਤੀਆਂ ਬਬਰ ਦਰਬਾਰ ਅੰਦਰ ਐਨ ਇਰਾਦਿਓਂ ਸੀਸ ਨੁਵਾ ਲੋਕੋ ।
ਅਰਜ ਵਿਚ ਦਰਗਾਹ ਮਨਜ਼ੂਰ ਹੋਈ ਦਿਤੀ ਗੁਰੂ ਨੇ ਆਸ ਪੁਚਾ ਲੋਕੋ ।
ਬਰੀ ਹੋ ਗਿਆ ਸੂਰਮਾ ਲਾਭ ਸਿੰਘਾ ਹੁਣ ਅਗਲਾ ਹਾਲ ਸੁਣਾ ਲੋਕੋ ।

**ਨੋਟ :–** ਸਾਧੂ ਸਿੰਘ ਨੇ ਬਰੀ ਹੋ ਕੇ ਦੋ ਮੁੰਡੇ ਸੂਸਾਂ ਦੇ ਨਾਲ ਲਏ ਬਿਸ਼ਨ ਤੇ ਮਹਿਗਾ ਇਹਨਾਂ ਨੇ ਪਹਿਲੇ ਜੁਆਲਾ ਸਿੰਘ ਕਾਠੀਆਂ ਦਾ ਵੱਢਿਆ ਜਿਸ ਨੇ ਨਜੈਜ਼ ਚੀਜਾਂ ਰਖੀਆਂ ਸਨ ।

## ਜੁਆਲਾ ਸਿੰਘ ਦਾ ਕਤਲ

(ਬੈਂਤ)

ਬਰੀ ਹੋ ਗਿਆ ਸੂਰਮਾ ਜੇਲ ਵਿਚੋਂ ਲੱਖ ਰਬ ਦਾ ਸ਼ੁਕਰ ਮਨਾਉਂਦਾ ਸੀ ।
ਹੱਥ ਧੋ ਕੇ ਆਪਣੀ ਜਿੰਦਗੀ ਤੋਂ ਸ਼ੇਰ ਤਲੀ ਤੇ ਜਾਨ ਟਕਾਉਂਦਾ ਸੀ ।
ਮੈਂਹਗਾ ਬਿਸ਼ਨਾ ਸੂਸਾਂ ਦੇ ਦੋ ਮੁੰਡੇ ਬਬਰ ਆਪਣੇ ਨਾਲ ਰਲਾਉਂਦਾ ਸੀ ।
ਮੁੰਡੇ ਭੇਜ ਕੇ ਕੋਲ ਜਵਾਲਾ ਸਿੰਘ ਦੇ ਉਹਨੂੰ ਕਾਠੀਆਂ ਤੋਂ ਮੰਗਵਾਉਂਦਾ ਸੀ ।
ਅੱਗੇ ਵਿਚ ਰੋਹੀ ਸਾਹੂ ਸਿੰਘ ਬੈਠਾ ਮਾਰ ਜਿਸ ਤਰ੍ਹਾਂ ਸ਼ੇਰ ਤਕਾਉਂਦਾ ਸੀ ।
ਸਾਧੂ ਸਿੰਘ ਜਵਾਲੇ ਨੂੰ ਆਖਿਆ ਏ ਕਿਵੇਂ ਚੀਜਾਂ ਨਜੈਜ਼ ਰਖਾਉਂਦਾ ਸੀ ।
ਠਾਣੇਦਾਰ ਨੂੰ ਜਾ ਕੇ ਲੈ ਆ ਤੂੰ ਡਰ ਜਿਹੜੇ ਭੈਣੋਈ ਦਾ ਪਾਉਂਦਾ ਸੀ ।
ਜੁਆਲਾ ਸਿੰਘ ਨਾਂ ਅੱਗੇ ਤੋਂ ਜਰਾ ਲਿਫਿਆ ਸਗੋਂ ਤੀਊੜੀਆਂ ਮੱਥੇ ਚੜ੍ਹਾਉਂਦਾ ਸੀ ।
ਸਾਧੂ ਸਿੰਘ ਨੂੰ ਹੋਰ ਵੀ ਰੋਹ ਚੜ੍ਹਿਆ ਚੇਹਰਾ ਅੱਗ ਅੰਗਿਆਰ ਭਖਾਉਂਦਾ ਸੀ ।
ਸਾਧੂ ਸਿੰਘ ਨੇ ਧੌਣ ਤੇ ਛਵੀ ਮਾਰੀ ਗਲ਼ ਵੱਢ ਕੇ ਪਰੇ ਸਟਾਉਂਦਾ ਸੀ ।
ਉਥੇ ਲੱਕੜੀ ਕਿਸੇ ਨੇ ਵੱਡੀ ਹੋਈ ਸੀ ਰਖ ਓਸ ਤੇ ਕੁਤਰੇ ਲਾਉਂਦਾ ਸੀ ।
ਖੱਲ ਲਾਹ ਸੁਟੀ ਵਾਂਗ ਬੱਕਰੇ ਦੇ ਮਾਸ ਕੁਤਿਆਂ ਤਾਈਂ ਖਲਾਉਂਦਾ ਸੀ ।
ਟੋਆ ਕੱਢ ਜਮੀਨ ਵਿਚ ਦੱਬ ਦਿਤਾ ਉਤੇ ਗੰਦਗੀ ਤੇ ਮਿੱਟੀ ਪਾਉਂਦਾ ਸੀ ।
ਲਿਖਾਂ ਓਸ ਹਵਾਲ ਨੂੰ ਲਾਭ ਸਿੰਘਾ ਅੱਗੇ ਜਿਸ ਤਰ੍ਹਾਂ ਬੰਬ ਬੁਲਾਉਂਦਾ ਸੀ ।

**ਨੋਟ :–** ਸਾਧੂ ਸਿੰਘ ਨੇ ਜੁਆਲਾ ਸਿੰਘ ਨੂੰ ਮਾਰਕੇ ਗੁਰਦਵਾਰੇ ਅਰਦਾਸਾ ਸੋਧਿਆ ਤੇ ਓਸੇ ਦਿਨ ਪੰਜ ਮਾਰੇ । ਇਕ ਜਗੂ, ਇਕ ਇਸਦੇ ਚਾਚੇ ਦਾ ਪੁਤ, ਇਕ ਫਕੀਰਣੀ ਦਲਾਲਣ, ਬੰਤਾ ਸਿੰਘ ਦੀ ਤੀਵੀ, ਇਕ ਨੰਬਰਦਾਰ ।

(ਬੈਂਤ)

ਸਾਧੂ ਸਿੰਘ ਅਰਦਾਸੇ ਨੂੰ ਸੋਧ ਕੇ ਤੇ ਫਤਹਿ ਸਭ ਨੂੰ ਦਿਤੀ ਬੁਲਾ ਵੀਰੋ ।
ਥਾਪੀ ਮਾਰ ਕੇ ਤੇ ਆਪਣੇ ਡੌਲਿਆਂ ਤੇ ਰਫਲ ਮੋਢੇ ਤੇ ਲਈ ਟਿਕਾ ਵੀਰੋ ।
ਬੰਡਲ ਗਲ ਵਿਚ ਪਾ ਕੇ ਗੋਲੀਆਂ ਦੇ ਮਰਦ ਪਿਆ ਕਡਿਆਂਣੇ ਦੇ ਰਾਹ ਵੀਰੋ ।
ਜਗੂ ਬਾਹਰ ਸੀ ਖੇਤਾਂ ਦੇ ਵਿਚ ਫਿਰਦਾ ਸਾਧੂ ਸਿੰਘ ਨੇ ਘੇਰਿਆ ਜਾ ਵੀਰੋ ।
ਬਬਰ ਆਖਿਆ ਗੱਜ ਕੇ ਖੜਾ ਹੋ ਜਾ ਟੁਕੜੇ ਕਰਾਂਗਾ ਹੁਣ ਬਣਾ ਵੀਰੋ ।
ਮਜਾ ਦੇਖ ਖਾਂ ਆਪਣੀਆਂ ਕੀਤੀਆਂ ਦਾ ਮਾਰ ਜੁਤੀਆਂ ਪੁਛਾਂ ਬਾਤ ਵੀਰੋ ।
ਮੋਛੇ ਲਾ ਦਿਆਂ ਲੱਕੜੀ ਵਾਂਗ ਤੇਰੇ ਹਡ ਹਡ ਦਾ ਜੋੜ ਤੁੜਾ ਵੀਰੋ ।
ਧੌਣ ਮੁਰਗੇ ਦੇ ਵਾਂਗ ਮਰੋੜਨੀ ਮੈਂ ਗੱਲਾਂ ਸਾਰੀਆਂ ਵੇਰਵੇ ਪਾ ਵੀਰੋ ।
ਹੱਥ ਪਾ ਕੇ ਸਾਡੀਆਂ ਤੀਵੀਆਂ ਨੂੰ ਸਾਡੇ ਸਾਹਮਣੇ ਲਵੇਂ ਵਸਾ ਵੀਰੋ ।
ਤੁਸਾਂ ਕੌਮ ਗਦਾਰਾਂ ਨੂੰ ਸਣੇ ਟੱਬਰ ਬਬਰ ਕੱਚਿਆਂ ਨੂੰ ਲੈਣ ਖਾ ਵੀਰੋ ।
ਤੇਰੇ ਨਾਲ ਹੁਣ ਮਾਰ ਕੇ ਤੀਵੀਆਂ ਵੀ ਟੈਂਟਾ ਸਭ ਦਾ ਦਿਆਂ ਮੁਕਾ ਵੀਰੋ ।
ਮੇਰਾ ਜੀ ਕਰਦਾ ਲਹੂ ਪੀ ਤੇਰਾ ਲਵਾਂ ਦਿਲ ਦੀ ਅੱਗ ਬੁਝਾ ਵੀਰੋ ।

ਜੱਗੂ ਦੇਖ ਕੇ ਤੇ ਸਾਧੂ ਸਿੰਘ ਤਾਈਂ ਭਜਾ ਘਰ ਵੱਨੀ ਇਕੋ ਸਾਹ ਵੀਰੋ ।
ਸਾਧੂ ਸਿੰਘ ਵੀ ਮਗਰੇ ਭਜ ਪਿਆ ਜੱਗੂ ਜਾਂਵਦਾ ਸੀ ਜਿਹੜੇ ਰਾਹ ਵੀਰੋ ।
ਓਸ ਸੋਚਿਆ ਆਪਣੇ ਘਰ ਜਾ ਕੇ ਬੂਹੇ ਭੇੜ ਕੁੰਡੇ ਲਵਾਂ ਲਾ ਵੀਰੋ ।
ਸਾਧੂ ਸਿਘ ਮਗਰੇ ਘਰ ਜਾ ਵੜਿਆ ਕੀਤੀ ਲਾਟ ਦੀ ਨਹੀਂ ਪਰਵਾਹ ਵੀਰੋ ।
ਜੱਗੂ ਵੜ ਗਿਆ ਕੋਠੀ ਦੇ ਖੱਲ ਜਾ ਕੇ ਗੋਲੀ ਬਬਰ ਨੇ ਮਾਰੀ ਟਿਕਾ ਵੀਰੋ ।
ਖੱਲ ਵੜਦਿਆਂ ਬਬਰ ਦੀ ਪਈ ਗੋਲੀ ਮੁਰਦਾ ਕਰਕੇ ਗਈ ਸੁਟਾ ਵੀਰੋ ।
ਉਹਦਾ ਭਾਈ ਵੀ ਮਾਰਕੇ ਪਾਰ ਕੀਤਾ ਉਸਦੇ ਨਾਲ ਸੀ ਉਸਦੀ ਸਲਾਹ ਵੀਰੋ ।
ਬੰਤਾ ਸਿੰਘ ਦੀ ਤੀਵੀ ਦੇ ਇਕ ਠੋਕੀ ਦਿਤੀ ਦੂਸਰੇ ਪਾਰ ਲੰਘਾ ਵੀਰੋ ।
ਘਰ ਜੱਗੂ ਦੇ ਇਕ ਫਕੀਰਨੀ ਸੀ ਜਿਹੜੀ ਤੀਵੀਆਂ ਲਿਆਵੇ ਸਦਾ ਵੀਰੋ ।
ਇਕ ਉਸਦੇ ਵੀ ਮੱਥੇ ਵਿਚ ਮਾਰੀ ਦਿੰਦੀ ਦੋਹਾਂ ਦਾ ਮੇਲ ਮਿਲਾ ਵੀਰੋ ।
ਲਗਦੇ ਹੱਥ ਨੰਬਰਦਾਰ ਸਿਟ ਲਿਆ ਬੁਰਾ ਮਾਰਿਆ ਉਹ ਵੀ ਉਲਟਾ ਵੀਰੋ ।
ਪੰਜ ਵਿਚ ਕੰਡੀਆਣੇ ਦੇ ਮਾਰ ਕੇ ਤੇ ਹੁਣ ਅੱਗੇ ਦਾ ਪੁਛ ਲਓ ਭਾ ਵੀਰੋ ।
ਲੋਕਾਂ ਵੜ ਕੇ ਆਪਣੇ ਘਰਾਂ ਅੰਦਰ ਕੁੰਡੇ ਜੰਦੇ ਸਭ ਲਏ ਅੜਾ ਵੀਰੋ ।
ਪਈ ਧੁੰਮ ਇਲਾਕੇ ਦੇ ਵਿਚ ਇਹਦੀ ਮਾਰ ਪੰਜ ਜਾਂ ਛੇ ਬਣਾ ਵੀਰੋ ।
ਅੱਗੇ ਸੁਣੋ ਹਵਾਲ ਨੂੰ ਲਾਭ ਸਿੰਘਾ ਚੰਦ ਸੰਦਰੀਂ ਦੇਊ ਚੜ੍ਹਾ ਵੀਰੋ ।

## ਅੱਗੇ ਹਵਾਲ ਸੂਚਾ ਸਿੰਘ ਸੰਦਰਾਂ ਵਾਲੇ ਦਾ

(ਬੈਂਤ)

ਪੰਜ ਮਾਰਕੇ ਜੱਗੂ ਕੰਡੀਆਣੀਏ ਦੇ ਸ਼ੇਰ ਸੰਦਰੀਂ ਪੁਜਿਆ ਜਾਨ ਭਾਈ ।
ਸੂਚਾ ਸਿੰਘ ਲੈ ਕੇ ਅੱਗੇ ਤੇਲ ਸਾਬਣ ਕਰਦਾ ਖੂਹ ਦੇ ਉਤੇ ਇਸ਼ਨਾਨ ਭਾਈ ।
ਸਾਧੂ ਸਿੰਘ ਵੀ ਸੂਰਮਾ ਜਾ ਪੁਜਾ ਸੁਣੋ ਦੋਹਾਂ ਦੇ ਹੁੰਦੇ ਬਿਆਨ ਭਾਈ ।
ਖੂਨੀ ਬਬਰ ਦੇ ਦੇਖ ਕੇ ਚਿਨ੍ਹ ਚੱਕਰ ਕੰਬ ਸੂਚੇ ਦੇ ਗਏ ਪ੍ਰਾਣ ਭਾਈ ।
ਬਬਰ ਆਖਿਆ ਸੂਚਿਆ ਖੋਲ ਅੱਖਾਂ ਮੇਰੀ ਵਲ ਹੁਣ ਕਰ ਧਿਆਨ ਭਾਈ ।
ਸੋਹਣਾ ਨਾਹਾ ਲੈ ਮਲ ਕੇ ਤੇਲ ਸਾਬਣ ਅਸਾਂ ਤੈਨੂੰ ਹੀ ਆਏ ਨਲ੍ਹਾਂਣ ਭਾਈ ।
ਸਾਡੇ ਜੁਮੇ ਸੀ ਕੰਮ ਨਲ੍ਹੌਂਣੇ ਦਾ ਬਣਜਾ ਨਹਾ ਕੇ ਸ਼ੇਰ ਬਲਵਾਨ ਭਾਈ ।
ਅੱਖਾਂ ਅੱਡਕੇ ਸੂਚੇ ਨੇ ਵੇਖਿਆ ਜਾਂ ਬਬਰ ਪੁਛਦਾ ਕੀ ਬਿਆਨ ਭਾਈ ।
ਜਿਹੜੀ ਤੂੰ ਦਰੋਪਤਾਂ ਲੈ ਆਂਦੀ ਲਗੀ ਬੰਸ ਦਾ ਨਾਸ ਕਰਾਣ ਭਾਈ ।
ਮੌਜਾਂ ਕਿਸ ਤਰ੍ਹਾਂ ਪਲੰਗ ਤੇ ਮਾਣਦਾ ਸੀ ਅੱਜ ਲੱਗਾ ਹੁਲਾਰੇ ਦੁਆਣ ਭਾਈ ।
ਸੂਚਾ ਲਗੀ ਤਸਵੀਰ ਦੇ ਵਾਂਗ ਦੇਖੇ ਸਾਸ ਲੱਗ ਪਏ ਖਿਚਵੇਂ ਆਣ ਭਾਈ ।
ਸਾਧੂ ਸਿੰਘ ਨੇ ਸੂਚੇ ਤੋਂ ਪੁਛਿਆ ਇਹ ਮੇਰਾ ਆਦਮੀ ਆਇਆ ਸਮਝਾਣ ਭਾਈ ।
ਉਹਨੂੰ ਆਪ ਨੇ ਕੀ ਜੁਵਾਬ ਦਿਤਾ ਅੱਜ ਆਖ ਖਾਂ ਨਾਲ ਜਬਾਨ ਵਾਈ ।
ਰਖੋ ਸਾਡੀਆਂ ਤੀਵੀਆਂ ਸਾਂਭ ਕੇ ਤੇ ਤੁਸਾਂ ਸ਼ੇਰ ਬੜੇ ਬਲਵਾਨ ਭਾਈ ।
ਅਜ ਯਾਦ ਕਰ ਲੈ ਕੀਤੇ ਆਪਣੇ ਨੂੰ ਸੁਟਾਂ ਲਾਹ ਕੇ ਸਰੀਰ ਦੇ ਘਾਣ ਭਾਈ ।
ਮਾਰੂ ਬਜ ਗਏ ਮੌਤ ਦੇ ਲਾਭ ਸਿੰਘਾ ਕਾਲ ਹੋਰੀ ਹੁਣ ਮਿੰਟ ਗਨਾਣ ਭਾਈ ।

## ਸਾਧੂ ਸਿੰਘ (ਬੈਂਤ)

ਸਾਧੂ ਸਿੰਘਨੇ ਸੂਚੇ ਨੂੰ ਆਖਿਆ ਏ ਹੁਣ ਹੋ ਜਾ ਜਲਦ ਤਿਆਰ ਵਿਚੋਂ ।

ਘੰਟਾ ਹੋ ਗਿਆ ਤੇਰੀ ਵਲ ਦੇਖਦੇ ਨੂੰ ਰਿਹਾ ਨਹਾਉਂਦਾ ਕੇਸ ਖਲਾਰ ਵਿਚੋਂ ।
ਮੇਰੀ ਵਲ ਜੁਵਾਬ ਜੋ ਘੱਲਿਆ ਸੀ ਮੇਰੇ ਸਾਹਮਣੇ ਹੁਣ ਓਚਾਰ ਵਿਚੋਂ ।
ਤੇਰੇ ਗ਼ਏ ਸੁਨੇਹੇ ਦੀ ਖਾਲਸਾ ਜੀ ਮੇਰੇ ਕਾਲਜੇ ਵੱਜੀ ਕਟਾਰ ਵਿਚੋਂ ।
ਅੱਜ ਤੇਰੀ ਹੀ ਧੌਣ ਤੇ ਚਲ ਜਾਣੀ ਗੱਲਾਂ ਤੇਰੀਆਂ ਦੀ ਤਲਵਾਰ ਵਿਚੋਂ ।
ਬਬਰ ਬਹੁਤ ਹੀ ਗੁਸੇ ਦੇ ਵਿਚ ਆ ਕੇ ਸੁਚਾ ਸਿੰਘ ਨੂੰ ਰਿਹਾ ਲਲਕਾਰ ਵਿਚੋਂ ।
ਹੱਥ ਪਾਵੇਂ ਤੂੰ ਸਾਡੀਆਂ ਇਜ਼ਤਾਂ ਨੂੰ ਸਾਡੀ ਪਾਰਟੀ ਦਾ ਸਾਡਾ ਯਾਰ ਵਿਚੋਂ ।
ਸ਼ਿਸਤ ਸੁਚੇ ਦੇ ਮੱਥੇ ਦੀ ਬੰਨ ਕੇ ਤੇ ਗੋਲੀ ਸੂਰਮੇ ਨੇ ਦਿਤੀ ਮਾਰ ਵਿਚੋਂ ।
ਲੱਗੀ ਜਾ ਕੇ ਸੁਚੇ ਦੀ ਵਿਚ ਤੀਊੜੀ ਭੰਨ ਖੋਪਰੀ ਨੂੰ ਹੋਈ ਪਾਰ ਵਿਚੋਂ ।
ਸੁਚਾ ਡਿਗਿਆ ਵੱਡੀ ਹੋਈ ਵਾਂਗ ਲੱਕੜ ਪੁਠਾ ਹੋ ਕੇ ਪਿਠ ਦੇ ਭਾਰ ਵਿਚੋਂ ।
ਸਾਧੂ ਸਿੰਘ ਨੇ ਧੌਣ ਪੁਰ ਲਤ ਦੇ ਕੇ ਉਤੋਂ ਮਾਰੀਆਂ ਦੋ ਕੇ ਚਾਰ ਵਿਚੋਂ ।
ਮੁਰਦਾ ਹੋ ਜਮੀਨ ਤੇ ਲੇਟ ਗਿਆ ਵਗੇ ਮੱਥੇ ਤੋਂ ਖੂਨ ਦੀ ਧਾਰ ਵਿਚੋਂ ।
ਲਾਭ ਸਿੰਘ ਚਰਨਾਂ ਉਤੇ ਸੀਸ ਧਰੀਏ ਬੋਲ ਛੱਡੀਏ ਫੇਰ ਬਲਹਾਰ ਵਿਚੋਂ ।

## ਤਥਾ ਬੈਂਤ

ਸਾਧੂ ਸਿੰਘ ਗੋਡਾ ਲਾ ਕੇ ਬੈਠ ਗਿਆ ਸੁਚਾ ਸਿੰਘ ਜਾਂ ਖੂਹ ਤੇ ਨਹਾਉਂਦਾ ਸੀ ।
ਕੋਲ ਛੋਟਾ ਭਰਾ ਤੇ ਪਿਓ ਉਸਦਾ ਸਾਧੂ ਸਿੰਘ ਜਾ ਫਤਹਿ ਬਲਾਉਂਦਾ ਸੀ ।
ਮਲ ਮਲ ਸਰੀਰ ਨੂੰ ਤੇਲ ਸਾਬਨ ਹਟ ਹਟ ਕੇ ਫੇਰ ਘਸਾਉਂਦਾ ਸੀ ।
ਕਦੇ ਬੈਠਦਾ ਤੇ ਕਦੇ ਉਠਦਾ ਉਹ ਵਕਤ ਟਾਲਿਆਂ ਵਿਚ ਟਪਾਉਂਦਾ ਸੀ ।
ਮਾਰੀ ਸੂਰਮੇ ਬਬਰ ਨੇ ਇਕ ਗੋਲੀ ਭੰਨ ਖੋਪਰੀ ਟੋਂਟਾ ਮਕਾਉਂਦਾ ਸੀ ।
ਮਾਰ ਸੁਚੇ ਨੂੰ ਸੁਟਿਆ ਖੂਹ ਉਤੇ ਹੁਣ ਘਰ ਨੂੰ ਪੈਰ ਉਠਾਉਂਦਾ ਸੀ ।
ਮਾਹੋਂ ਕੌਰ ਦੇ ਆਣ ਕੇ ਇਕ ਠੋਕੀ ਉਹਨੂੰ ਸੁਚੇ ਦੇ ਨਾਲ ਘਲਾਉਂਦਾ ਸੀ ।
ਨਰੈਣ ਸਿੰਘ ਇਕ ਮਾਰ ਕੇ ਪਾਰ ਕੀਤਾ ਠਾਣੇ ਇਹ ਵੀ ਖਬਰ ਪਚਾਉਂਦਾ ਸੀ ।
ਦੋ ਤੀਵੀਆਂ ਤੇ ਬੰਦੇ ਦੋ ਮਾਰੇ ਚਾਰੇ ਰਾਹ ਮਸਾਣਾਂ ਦੇ ਪਾਉਂਦਾ ਸੀ ।
ਲੋਕ ਭਜ ਗਏ ਘਰਾਂ ਨੂੰ ਡਰ ਕੇ ਤੇ ਜਦੋਂ ਚੋਰਾਂ ਦੀ ਅਲਖ ਮੁਕਾਉਂਦਾ ਸੀ ।
ਵਿਚ ਇਕ ਹੀ ਦਿਨ ਦੇ ਪਾਰ ਕੀਤੇ ਬਬਰ ਬਣ ਕੇ ਸਿੰਘ ਅਖਵਾਉਂਦਾ ਸੀ ।
ਪਹਿਲੇ ਨੰਬਰ ਦਾ ਸੂਰਮਾ ਬਬਰ ਜੀ ਇਹ ਸੋਹਣੇ ਮਾਰ ਗਦਾਰ ਉਲਟਾਉਂਦਾ ਸੀ ।
ਪਦਵੀ ਮਿਲੂ ਸ਼ਹੀਦਾਂ ਦੀ ਲਾਭ ਸਿੰਘਾ ਜਿਹੜਾ ਪੰਥ ਦੀ ਲਾਜ ਰਖਾਉਂਦਾ ਸੀ ।

## ਕੋਹੜਾ ਛੰਦ

ਦਿਤਾ ਸੀ ਸੁਨੇਹਾ ਜਦੋਂ ਸਾਧੂ ਸਿੰਘ ਦਾ, ਮੈਂ ਨਹੀਂ ਜਾਣਦਾ ਉਹ ਕਿਹੜੇ ਪਿੰਡ ਦਾ,
ਸੁਚੇ ਹੋਤੀ ਆਏ ਹੋਏ ਵਿਚ ਤਾਣਦੇ, ਅਸੀਂ ਸੜੇ ਸਾਧੂ ਨੂੰ ਨਹੀਂ ਪਛਾਣ ਦੇ ।
ਅਸਾਂ ਰਜ ਚੁਕੇ ਹਾਂ ਉਹਨਾਂ ਦੇ ਮੇਲ ਤੋਂ, ਭੇਜਦਾ ਸੁਨੇਹੇ ਐਵੇਂ ਸਾਨੂੰ ਜੇਲ ਤੋਂ,
ਲੰਡੇ ਲੁਚੇ ਕੱਠੇ ਐਵੇਂ ਹੋਏ ਆਣ ਦੇ, ਅਸੀਂ ਸੜੇ ਸਾਧੂ ਨੂੰ ਨਹੀਂ ਪਛਾਣ ਦੇ ।
ਜਦੋਂ ਬੰਦਾ ਵਿਚ ਆਂਵਦਾ ਹੰਕਾਰ ਦੇ, ਚੁਕ, ਅਸਮਾਨ ਡਾਂਗਾਂ ਦਿੰਦਾ ਮਾਰ ਵੇ,
ਛਡ ਦਾ ਅਕਾਸ਼ ਵੰਨੀ ਉਤੇ ਬਾਣ ਜੇ, ਅਸੀਂ ਸੜੇ ਸਾਧੂ ਨੂੰ ਨਹੀਂ ਪਛਾਣ ਦੇ ।
ਪੁਠਾ ਜਦੋਂ ਸਵਾਲ ਦਾ ਜੁਵਾਬ ਘੱਲਿਆ, ਸਾਧੂ ਸਿੰਘ ਸ਼ੇਰ ਦਾ ਕਲੇਜਾ ਹਲਿਆ,
ਉਹੀ ਗੱਲਾਂ ਪੁਛੀਆਂ ਮਰਦ ਆਣ ਕੇ, ਅਸੀਂ ਸੜੇ ਸਾਧੂ ਨੂੰ ਨਹੀਂ ਪਛਾਣ ਦੇ ।

ਭਾਵੇਂ ਚੁਲੇ ਮੂਹਰੇ ਸੈਂਕੜੇ ਨੇ ਹੁਬਦੇ, ਸੂਰਮੇ ਬਗੈਰ ਨਾਂ ਸਵਾਲ ਖੁਬਦੇ,
ਆ ਗਏ ਵਕਤ ਤੂੜੀਆਂ ਉਡਾਉਣ ਦੇ, ਅਸੀਂ ਸੜੇ ਸਾਧੂ ਨੂੰ ਨਹੀਂ ਪਛਾਣ ਦੇ ।
ਮਲੋ ਮੱਲੀ ਸੂਰੇ ਨੇ ਸਹੇੜੀ ਕੰਗ ਸੀ, ਪਾੜ ਕੇ ਕਲੇਜਾ ਗੋਲੀ ਗਈ ਲੰਘ ਜੀ,
ਬੇਲਣੇ 'ਚ ਗੰਨੇ ਬਬਰ ਲੰਘਾਣ ਜੇ, ਅਸੀਂ ਸੜੇ ਸਾਧੂ ਨੂੰ ਨਹੀਂ ਪਛਾਣ ਦੇ ।

**ਨੋਟ :—** ਲਾਭ ਸਿੰਘ ਤੇ ਭਾਨ ਸਿੰਘ ਮੌਜਾ ਰੰਧਾਵਿਆਂ ਦੇ ਤਹਿਸੀਲ ਜਿਲਾ ਜਲੰਧਰ ਤੇ ਇਹਨਾਂ ਦਾ ਭੈਣੋਈਆ ਹਰੀ ਪੁਰ ਦਾ ਭੋਲਾ ਸਿੰਘ ਨਾਮੇਂ ਬਾਰ ਵਿਚ ਸੀ । ਇਹਨਾਂ ਦੋਹਾਂ ਗਦਾਰਾਂ ਨੇ ਮੁਰੱਬੇ ਲੈਣ ਵਾਸਤੇ ਸਾਧੂ ਸਿੰਘ ਨੂੰ ਆਪਣੇ ਭੈਣੋਂਈਏ ਦੇ ਘਰ ਲੈਜਾ ਕੇ ਧਤੂਰਾ ਪਿਲਾ ਕੇ ਫੜਾ ਦਿਤਾ ਤੇ ਆਪ ਵੈਦਾ ਮੁਆਫ ਹੋ ਗਏ । ਸਾਧੂ ਸਿੰਘ ਨੇ ਇਹਨਾਂ ਨੂੰ ਲਾਣਤਾਂ ਪਾਈਆਂ । ਇਹਨਾਂ ਆਖਿਆ ਹੁਣ ਫਾਂਸੀ ਲਟਕਣ ਦੀ ਸਲਾਹ ਰਖ । ਸਾਧੂ ਸਿੰਘ ਨੇ ਆਖਿਆ ਆਪ ਨੂੰ ਬਰੋਬਰ ਲਟਕਾਵਾਂਗਾ । ਇਹਨਾ ਨੂੰ ਜਵਾਲਾ ਸਿੰਘ ਕਾਠੀਆਂ ਵਾਲੇ ਦਾ ਪਤਾ ਨਹੀਂ ਸੀ । ਜਦੋਂ ਬਿਆਨ ਮੁਕ ਗਏ ਤਾਂ ਸਾਧੂ ਸਿੰਘ ਨੇ ਜਜ ਨੂੰ ਆਖਿਆ ਕਿ ਇਹਨਾਂ ਅਸਲੀ ਖੂਨੀਆਂ ਦਾ ਨਾਂ ਨਹੀਂ ਦਸਿਆ । ਜਜ ਦੇ ਪੁਛਣ ਪਰ ਸਾ_ ਸਿੰਘ ਨੇ ਦਸਿਆ ਕਿ ਜਿ: ਸਿਆਲ ਕੋਟ ਦਾ ਸਾਧੂ ਸਿੰਘ ਜੋ ਸਾਧੂ ਬਣਿਆ ਹੋਇਆ ਹੈ, ਫੱਲਾਨੇ ਥਾਂ ਰਹਿੰਦਾ ਹੈ । ਉਸਨੂੰ ਬੁਲਾਵੋ, ਉਹਨਾਂ ਬੁਲਾਇਆ, ਸਾਧੂ ਸਿਘ ਨੇ ਜੁਆਲਾ ਸਿੰਘ ਦੀ ਲੋਥ ਦਾ ਪਤਾ ਦਿਤਾ ਉਸ ਨੂੰ ਕਿਹਾ ਕਿ ਸਾਡੇ ਤਿੰਨਾਂ ਦੇ ਨਾਂਮ ਲੈ ਕੇ ਤੂੰ ਵਾਇਦਾ ਮੁਆਫ ੍ਹ ਜਾ, ਸੋ ਇਸ ਤਰ੍ਹਾਂ ਹੀ ਹੋਈ । ਸਾਧ ਵਾਇਦਾ ਮੁਆਫ ਹੋ ਗਿਆ ਤੇ ਲਾਭ ਸਿੰਘ ਤੇ ਭਾਨ ਸਿੰਘ ਸਾਧੂ ਸਿੰਘ ਦੇ ਨਾਲ ਫਾਂਸੀ ਲਗੇ । ਇਹ ਵਾਕਿਆ ੧੬-੫-੩੧ ਨੂੰ ਹੋਇਆ ।

ਇਸ ਤੋਂ ਬਾਦ ਪੁਲਸ ਨੇ ਜੋ ਪਿਛੇ ਬਬਰ ਅਕਾਲੀ ਗਿਰਫਤਾਰ ਕੀਤੇ ਸਨ ਉਹਨਾਂ ਪੁਰ ਮੁਕੱਦਮਾ ਚਲਾਉਣ ਨੂੰ, ਗਿਰੀ ਹੋਈ ਜ਼ਮੀਰ ਦੇ ਬਾਈ ਵਾਇਦਾ ਮੁਆਫ ਬਣਾ ਲਏ । ਤੇਲੀ, ਮੋਚੀ, ਜੁਲਾਹੇ, ਫਕੀਰ, ਫੁਕਰੇ,ਟੁਕੜ ਗਦਾਰ, ਚੁਮਿਆਰ, ਝੀਊਰ ਆਦਿ ਇਹਨਾਂ ਗਦਾਰਾਂ ਨੂੰ ਜੋ ਪੁਲੀਸ ਨੇ ਆਖਿਆ ਬਿਆਨ ਕਰਾ ਲਏ । ਉਦੋਂ ਤੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਬੈਠਕੇ ਸਲਾਹ ਕਰਕੇ, ਜਿਹਦੇ ਵਿਚ ਮਤਾਬ ਸਿੰਘ ਵਰਗੇ ਗਦਾਰ ਸ਼ਾਮਲ ਸਨ ਇਲਾਨ ਕਢਿਆ ਕਿ ਸਾਡਾ ਬਬਰਾਂ ਨਾਲ ਕੋਈ ਤੁਅਲਕਾਤ ਨਹੀਂ । ਇਹਨਾਂ ਦਾ ਲੈਕਚਰ ਪੰਥ ਵਾਸਤੇ ਜ਼ੈਹਿਰ ਹੈ । ਆਪਣੇ ਖੂਹਾਂ ਤੋਂ ਬਬਰਾਂ ਨੂੰ ਪਾਣੀ ਨਾਂ ਲੈਣ ਦੇਵੋ । ਆਪਣੇ ਘਰ ਰੋਟੀ ਨਾਂ ਖੁਆਵੋ । ਜੇ ਕੋਈ ਬਬਰਾਂ ਦਾ ਹੁੰਦਾ ਤਾਂ ਮਦਦ ਕਰਦਾ । ਸੂਰਮੇ ਦੀ ਲਾਇਨ ਤੇ ਪੇਟ ਪਾਲੂ ਕੰਗਾਲ ਲੋਕਾਂ ਨੂੰ ਭੇਖ ਦਿਖਾ ਕੇ ਲੁਟਣ ਵਾਲੇ ਕਦੋਂ ਬਬਰਾਂ ਦੀ ਮਦਦ ਕਰ ਸਕਦੇ ਸਨ । ਸ਼ੇਰੇ ਪੰਜਾਬ ਮਹਾਂਰਾਜਾ ਰਣਜੀਤ ਸਿੰਘ ਦੇ ਸਪੁਤਰ ਦਲੀਪ ਸਿੰਘ ਦੇ ਬਾਰੇ ਖੇਹ ਕੀਤੀ । ਬਹਾਦਰ ਕਨੇਡਾ ਵਾਲਿਆਂ ਨੂੰ ਗੋਲੀਆਂ ਨਾਲ ਉਡਾਇਆ ਤੇ ਫਾਂਸੀ ਤੇ ਲਟਕਾਏ । ਹੁਣ ਬਬਰ ਇਲਾਨ ਕਢਕੇ ਮੁਰਵਾ ਸੁਟੇ । ਆਪ ਤਾਰਾਂ ਦੇ ਮੰਜੇ ਤੇ ਬਿਜਲੀ ਦੇ ਆਂਡੇ ਤੇ ਪੱਖੇ ਮੌਜਾਂ ਲੈਣ ਵਾਸਤੇ ਲਾਏ ਹੋਏ ਹਨ । ਮੌਜਾਂ ਹੁਣ ਗੁਰਦਵਾਰੇ ਭੀ ਚਲਦੀਆਂ ਹਨ, ਸ਼ਾਂਤਮਈ ਦੀ ਮਿਸ਼ਰੀ ਘੋਲ ਘੋਲ ਪੀਦੇ ਹਨ । ਜਿਨੇ ਜੁਲਮ ਪੰਥ ਪਰ ਹੁੰਦੇ ਤੇ ਹੋ ਰਹੇ ਹਨ ਇਹ ਮੁਰਦਾ ਦਿਲ ਵਾਲੇ ਲੀਡਰਾਂ ਦੀ ਸਲਾਹ ਦਾ ਨਤੀਜਾ ਹੈ । ਜਿਨ੍ਹਾਂ "ਭੇਖ ਦਖਾਇਓ ਜਗਤ ਕੋ ਲੋਗਨ ਕੋ ਬਸਕੀਨ, ਅੰਤਕਾਲ ਕਾਤੀ ਕਟਿਓ ਵਾਸ ਨਰਕ ਮਹਿਲੀਨ । ਵਾਕ :—"ਪਹਿਲੇ ਮਰਨ ਕਬੂਲ ਕਰ ਜੀਵਨ ਕੀ ਛਡ ਆਸ" ਸੋ ਇਹ ਵਾਕ ਬਬਰਾਂ ਨੇ ਸਚ ਕਰਕੇ ਦਿਖਾ ਦਿਤਾ ।

ਦੋਹਰਾ :—ਅੰਦਰੋਂ ਭਰਿਆ ਜ਼ਹਿਰ ਹੈ ਬਾਹਰੋਂ ਅੰਮ੍ਰਿਤ ਛਕ,
ਖਾਤਰ ਗੰਦੇ ਪੇਟ ਦੀ ਰਗੜੋ ਜਾ ਜਾ ਨੱਕ।
ਦੋਹਰਾ :—ਆਗੂ ਬਣ ਸੁਆਣੀਏ ਤੂੰ ਫੜੀ ਪੰਥ ਦੀ ਡੋਰ,
ਬੱਦਲ ਸਿਰ ਪਰ ਪੰਥ ਦੇ ਰਹੇ ਜੁਲਮ ਦੇ ਘੋਰ।
ਦੋਹਰਾ :—ਮੂੱਸਾ ਵਿਚ ਦਰਬਾਰ ਦੇ ਬੈਠਾ ਕੁਰਸੀ ਡਾਹ,
ਨੱਚਦੀ ਸੀ ਵਿਚ ਕੰਜਰੀ ਤਬਲੇ ਨਾਲ ਬਜਾ।
ਦੋਹਰਾ :—ਸੁਖਾ ਸਿੰਘ ਮਤਾਬ ਸਿੰਘ ਦੋ ਸ਼ੇਰਾਂ ਦਾ ਜੋੜ,
ਵੱਢਿਆ ਰੰਗੜ ਆਣ ਕੇ ਛਡੀ ਧੌਣ ਮਰੋੜ।
ਦੋਹਰਾ :—ਸਿਰ ਮੱਸੇ ਦਾ ਵੱਢ ਕੇ ਭਜੇ ਵਾਗਾਂ ਮੋੜ,
ਉਹ ਵੀ ਨਾਵਣ ਜਾਣਦੇ ਸ਼ਾਂਤਮਈ ਦਾ ਕੋੜ।
ਦੋਹਰਾ :—ਦੀਪ ਸਿੰਘ ਗੁਰ ਸਿਖ ਦਾ ਲੱਥਾ ਧੜ ਤੋਂ ਸੀਸ,
ਧੜ ਨੇ ਖੰਡਾ ਪਕੜ ਕੇ ਛੱਡੇ ਦੁਸ਼ਮਣ ਪੀਸ।
ਦੋਹਰਾ :—ਹਰੀ ਸਿੰਘ ਜਰਨੈਲ ਨੇ ਫੜੀ ਤੇਜ ਤਲਵਾਰ,
ਕੰਬਣ ਕੰਧਾਂ ਕਾਬਲੀ ਕੰਬੇ ਨਾਲ ਕੰਧਾਰ।
ਦੋਹਰਾ :—ਜਦੋਂ ਤੇ ਬਣਿਆ ਪੰਥ ਏ ਲਓ ਤਰੀਖਾਂ ਭਾਲ,
ਸ਼ਾਂਤ ਮਈ ਦੇ ਕੋੜ ਦੀ ਲਭੂ ਨਹੀਂ ਮਸਾਲ।
ਦੋਹਰਾ :—ਆਗੂ ਬਣ ਕੇ ਤੁਸਾਂ ਨੇ ਲਏ ਪੇਟ ਵਧਾ,
ਪੰਥ ਬੰਨ ਕੇ ਸੂਰਮਾ ਦਿਤਾ ਪਿੰਜਰੇ ਪਾ।
ਦੋਹਰਾ :— ਆਨ ਸ਼ਾਨ ਨੂੰ ਡੋਬ ਕੇ ਫੇਰ ਸਦਾਵੋਂ ਸਿਖ,
ਹੱਥੀਂ ਠੂਠੇ ਪਕੜ ਕੇ ਦਰ ਦਰ ਮੰਗੋ ਭਿਖ।
ਦੋਹਰਾ :—ਜੇ ਡਰ ਆਉਂਦਾ ਮੌਤ ਤੋਂ ਲੁਕ ਜਾਓ ਖੱਲੀਂ ਜਾ,
ਬੈਠੋ ਡਾਹ ਕੇ ਪੀੜੀਆਂ ਲੰਬੇ ਘੁੰਡ ਘਡਾ,
ਦੋਹਰਾ :—ਪਾ ਲਓ ਤੇੜੀਂ ਘੱਗਰੇ ਚਰਖੇ ਲਓ ਡਹਾ,
ਗਾਵੋ ਬੈਹ ਕੇ ਘੋੜੀਆਂ ਸਿਠਣੀਆਂ ਦੇ ਭਾ।
ਦੋਹਰਾ :—ਭਰ ਭਰ ਕੇ ਵਿਚ ਗੰਦਗੀ ਬੈਠੇ ਪੇਟ ਵਧਾ,
ਸ਼ਾਂਤ ਮਈ ਦਾ ਕੋੜ ਜੋ ਦਿਤਾ ਪੰਥ ਨੂੰ ਲਾ।
ਦੋਹਰਾ :—ਕਠੇ ਹੋ ਕਮੇਟੀਏ ਬੈਠੋ ਮਜਲਸ ਲਾ,
ਬਬਰ ਕੀ ਸਾਡੇ ਲਗਦੇ ਦਿਓ ਖੇਤ ਮਰਵਾ।
ਦੋਹਰਾ :—ਇਹ ਗਲ ਬਬਰ ਬੈਠਕੇ ਲਿਖ ਦੇਈਂ ਤੂੰ ਇਲਾਨ,
ਖੇਤ ਜੋ ਮਰਦੇ ਸੂਰਮੇ ਸੌ ਸੌ ਲਾਣਤ ਪਾਨ।
ਦੋਹਰਾ :—ਭੇਡਾਂ ਭੂਹੇ ਹੋ ਗਈਆਂ ਦਿਤੇ ਸ਼ੇਰ ਮਰਵਾ,
ਸ਼ਾਂਤਮਈ ਨੂੰ ਰਗੜ ਕੇ ਲੈ ਫੋੜੇ ਪੂਰ ਲਾ।
ਦੋਹਰਾ :—ਸਿੰਘ ਮੈਦਾਨੇ ਗਜ ਕੇ ਲੈਣ ਸ਼ੇਰ ਨੂੰ ਢਾਹ,
ਹੱਥ ਪੈਰ ਤੈਂ ਬੰਨ ਕੇ ਮੁਰਦੇ ਦਿਤੇ ਬਣਾ।
ਦੋਹਰਾ :—ਬਗਲੇ ਵਾਂਗ ਸਮਾਧੀਆਂ ਲਾ ਲਾ ਖਾਵੋਂ ਡੱਡ,
ਸ਼ਾਤਮਈ ਦੀ ਮਿਸ਼ਰੀ ਪੀ ਪੀ ਜੁੜ ਗਏ ਹੱਡ।

ਦੋਹਿਰਾ :–ਨੱਕ ਡੋਬਕੇ ਮਰ ਪਰੇ ਹੋਰ ਨਹੀਂ ਜੇ ਥਾਂ,
ਲੱਖ ਲੱਖ ਮੂੰਹ ਤੇ ਲਾਣਤਾਂ ਪਾਉਂਦੇ ਲੋਕ ਸੁਣਾਂ।

**ਨੋਟ :–** ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪੰਥ ਦੀ ਨੁਮੈਂਦਾ ਜਮਾਤ, ਇਸਨੂੰ ਬਣੀ ਨੂੰ ੪੫, ੪੬ ਸਾਲ ਹੋ ਗਏ ਹਨ। ਇਹਨਾਂ ਨੇ ਆਪੋ ਆਪਣੇ ਪੇਟ ਤੋਂ ਸਿਵਾ ਹੋਰ ਕੁਝ ਨਾਂ ਕੀਤਾ। ਇਸ ਨੇ ਸ਼ਾਂਤਮਈ ਦਾ ਪੱਕਾ ਫਾਲਾ ਐਸਾ ਠੋਕਿਆ ਜੋ ਅਜ ਤਕ ਅਟੱਲ ਹੈ, ਜਾਂ ਇਸ ਨੇ ਬੋਲਣਾ ਹੀ ਨਹੀਂ। ਤਾਂ ਜਿਹੀ ਜਮੀਨ ਜਿਹੀ ਇਹ। ਜੋ ਪੰਥ ਪਰ ਜੁਲਮ ਦ ਪਹਾੜ ਡਿਗਦੇ ਹਨ ਇਹ ਸਭ ਇਹਦੇ ਇਰਾਦੇ ਦੀ ਬੇਈਮਾਨੀ ਦਾ ਨਤੀਜਾ ਹੈ। ਪੇਟ ਪਾਲੂ ਕੁਰਬਾਨੀ ਨਹੀਂ ਕਰ ਸਕਦਾ। ਆਪਣੇ ਕੋੜ੍ਹ ਨੂੰ ਲਕਾਉਂਣ ਵਾਸਤੇ ਸੱਚੇ ਤੇ ਸੁਚੇ ਪਰ ਹਜ਼ਾਰਾਂ ਦੂਸ਼ਨ ਲਾ ਦੇਂਦਾ ਹੈ। ਜਦੋਂ ਅਕਾਲ ਤਖਤ ਬੈਠ ਕੇ ਤੂੰ ਸਲਾਹ ਕੀਤੀ ਕਿ ਜਿਹੜੇ ਬਬਰ ਅੰਗਰੇਜ ਨੂੰ ਸਾਹਮਣਾ ਮੱਥਾ ਜੋੜਕੇ ਆਪਣੇ ਨਾਂਮ ਦਾ ਇਲਾਨ ਕਰ ਚੁਕੇ ਹਨ ਕਿ ਜੋ ਕਤਲ ਕਰਦੇ ਹਨ ਸੋ ਅਸੀਂ ਕਰਦੇ ਹਾਂ, ਕਿਸੇ ਗਰੀਬ ਨੂੰ ਦੁਖ ਨਾਂ ਦੇਣਾ, ਉਹ ਵੀ ਕਿਸੇ ਦੇ ਪੁਤ ਹਨ। ਉਹ ਤਾਂ ਛਾਤੀ ਵਿਚ ਗੋਲੀ ਖਾ ਫਾਂਸੀ ਲਟਕੇ ਜਾਂ ੨੦, ੨੦ ਸਾਲ ਕਾਲੇ ਪਾਣੀ ਨੂੰ ਗਏ। ਉਹਨਾਂ ਦਾ ਮੈਦਾਨ ਜੰਗ ਹੁੰਦਾ ਦੇਖ ਕੇ ਤੈਨੂੰ ਬਿਜਲੀ ਦੇ ਪੱਖੇ ਤੇ ਬਿਜਲੀ ਦੇ ਆਂਡੇ, ਤਾਰਾਂ ਵਾਲੇ ਮੰਜੇ, ਤੇ ਸ਼ਾਂਤਮਈ ਦੇ ਫਲੇ ਦੇ ਅੰਦਰ ਬੈਠੀ ਨੂੰ ਦਸਤ ਲੀਹਾਂ ਕਿਉਂ ਲਗ ਗਏ। ਬਬਰਾਂ ਦਾ ਜੰਗ ਅੰਗਰੇਜ ਨਾਲ ਸੀ। ਤੇਰਾ ਬਬਰਾਂ ਨੇ ਛੱਨਾ ਚੁਕਿਆ ਹੈ ਕਿਉਂ ਤੂੰ ਉਹਨਾਂ ਬਹਾਦਰਾਂ ਦਾ ਇਲਾਨ ਲਿਖਣ ਲਗੀ। ਤੇਰੇ ਸ਼ਹੀਦਾਂ ਦੇ ਖੂਨ ਨਾਲ ਰੰਗੇ ਹੋਏ ਹੱਥ ਟੁਟ ਨਾਂ ਗਏ। ਉਹ ਜੀਭ ਜਿਹਦੇ ਫਤਵੇ ਲਾਏ ਸਨ ਸੜ ਨਾਂ ਗਈ। ਜਦੋਂ ੨੯...੨–੨੫ ਨੂੰ ਬਬਰਾਂ ਨੂੰ ਜ਼ਿਸ਼ਨ ਨੇ ਹੁਕਮ ਸੁਣਾ ਦਿਤਾ ਕਿ ਥੋੜੇ ਦਿਨ ਬਾਅਦ ਅਕਾਲੀ ਪ੍ਰਦੇਸੀ ਅਖਬ ਰ ਵਿਚ ਨਿਕਲਿਆ ਕਿ ੫੪ ਅਪਰਾਧੀਆਂ ਨੂੰ ਕੈਦ ਹੋ ਗਈ ਤੇ ਬਾਕੀ ਬਰੀ ਹੋ ਗਏ। ਜਿਹੜੇ ਏਸ ਤਰ੍ਹਾਂ ਬਬਰਾਂ ਤੇ ਛੁਰੀ ਚਲਾਉਂਣ ਵਾਲੇ ਗਦਾਰਾਂ ਦੇ ਗਦਾਰ ਹੁਣ ਸਾਡੇ ਨਾਲ ਆਕੇ ਗਲਬਾਤ ਕਰਨ ਤਾਂ ਫਿਰ ਮਜਾ ਆਉਂਦਾ ਹੈ। ਅਸੀਂ ਉਹਨਾਂ ਨੂੰ ਦੇਖੀਏ ਕਿ ਉਹ ਕਿ ੜੇ ਅਨੋਖੇ ਦੇਸ਼ ਭਗਤ ਹਨ। ਜਿਹੜਾ ਜੁਲਮ ਦਾ ਪਹਾੜ ਤੇਰੀ ਵਲੋਂ ਬਬਰਾਂ ਪਰ ਸੁਟਿਆ ਗਿਆ ਉਸ ਨੇ ਮਲੀਆ ਮੇਟ ਕਰ ਦਿਤਾ। ਤੇਰੇ ੩੩ ਮੈਂਬਰ ਜਦੋਂ ਹਵਾਲਾਟ ਵਿਚ ਦਿਤੇ ਤਾਂ ਮੁਆਫੀ ਮੰਗ ਲਈ, ਇਹ ਤੇਰੀ ਬਹਾਦਰੀ ਹੈ, ਬਬਰਾਂ ਪਰ ਦੋਸ਼ ਲਾਉਣ ਵਾਲੀਏ।

ਅੱਗੇ ਬਬਰਾਂ ਦੇ ਵਾਇਦਾ ਮੁਆਫ ਪੜ੍ਹੋ ਕੌਣ ਹੈ ਤੇ ਨਾਲੇ ਵਿਚਾਰੋ। ਵਾਇਦਾ ਮੁਆਫ ਅਮਰ ਸਿੰਘ ਵਲਦ ਗੰਡਾ ਸਿੰਘ ਸੁਨਿਆਰਾ ਪਿੰਡ ਕੋਟ ਬਾਰੇ ਖਾਂ ਜਿਲਾਂ ਕੁਝਰਾਂ ਵਾਲਾ ਇਸ ਨੂੰ ਸੁਨਿਆਰਾ ਕੰਮ ਨਹੀਂ ਸੀ ਆਉਂਦਾ। ਉਹ ਤਿੰਨ ਜਮਾਤ ਪੜ੍ਹਿਆ ਹੋਇਆ ਸੀ। ੩੫ ਨੰਬਰ ਪਲਟਣ ਵਿਚ ਭਰਤੀ ਹੋ ਗਿਆ ਤੇ ਓਥੇ ਵੀ ਕੰਮ ਨਾਂ ਕਰ ਸਕਿਆ। ੧੯੨੧ ਨੂੰ ਉਥੋਂ ਭਗੋੜਾ ਹੋ ਗਿਆ ਤੇ ਸਟੇਸ਼ਨ ਅੰਮ੍ਰਿਤਸਰ ਤੋਂ ਫੜਿਆ ਗਿਆ। ਮੁਕੱਦਮਾ ਮੁਕਣ ਤੋਂ ਬਾਅਦ ਕੋਟ ਫਤੂਹੀ ਗੁਰਦਵਾਰੇ ਰਹਿੰਦਾ ਕਰਕੇ ਬਬਰਾਂ ਦੇ ਅੱਡੇ ਜਾਣਦਾ ਕਰਕੇ ਵਾਇਦਾ ਮੁਆਫ ਹੋ ਕੇ ਪੁਲੀਸ ਨੂੰ ਦਸ ਦਿਤੇ। ਵਾਇਦਾ ਮੁਆਫ ਬਤਨ ਸਿੰਘ ਵਲਦ ਹਰਨਾਮ ਸਿੰਘ ਝੀਊਰ ਪੰਡੋਰੀ ਨਿਜਰਾਂ ਜਿਲਾ ਜਲੰਧਰ ਪਿੰਡ ਦਾ ਪਾਣੀ ਭਰਦਾ ਹੁੰਦਾ ਸੀ ੧੯੧੪ ਜਰਮਣ ਦੇ ਜੰਗ ਵੇਲੇ ਛੋਟੀਆਂ ਜਾਤਾਂ ਭਰਤੀ ਹੁੰਦੀਆਂ ਸਨ। ਇਹ ਵੀ ੩੫ ਨੰਬਰ ਵਿਚ ਭਰਤੀ ਹੋ ਗਿਆ। ੧੯੨੨ ਵਿਚ ਨੌਕਰੀ ਛਡ ਆਇਆ

ਤੇ ਡਾਕੂਆਂ ਨਾਲ ਰਲ ਕੇ ਡਾਕੇ ਮਾਰਦਾ ਰਿਹਾ। ੨੧ ਅਪਰੈਲ ਠਾਣਾ ਆਦਮ ਪੁਰ ਫੜਿਆ ਗਿਆ ਤੇ ਫਟ ਵਾਇਦਾ ਮੁਆਫ ਹੋ ਗਿਆ। ਵਾਇਦਾ ਮੁਆਫ ਕਰਤਾਰ ਸਿੰਘ ਤੇਲੀ ਜੋ ਸਿਖ ਬਣ ਗਿਆ। ਇਹਦੀ ਇੰਦਰੀ ਕਟੀ ਹੋਈ ਸੀ। ਇਹ ਫਤੇਦੀਨ ਤੇਲੀ ਦਾ ਪੁਤਰ ਸੀ। ਪਿੰਡ ਮਲਕਾਣਾ ਜਿਲਾ ਹਸਾਰ। ਇਹ ਇਕ ਮਿਤ ਸਿੰਘ ਸਾਧ ਦੇ ਨਾਲ ਰਲ ਕੇ ਸਾਧ ਹੋ ਗਿਆ। ਇਹ ਪਰਾਗ ਪੁਰ ਕੁਟੀਆ ਬਣਾ ਕੇ ਟਿਕਦਾ ਸੀ। ਗਲੰਧਰ ਛਾਉਂਣੀ ਦੇ ਕੋਲ ਪਰਾਗ ਪੁਰ ਪਿੰਡ ਹੈ। ਇਹ ਕਈ ਬਬਰਾਂ ਨੂੰ ਜਾਣਦਾ ਸੀ ਤੇ ਇਸ ਨੇ ਬਾਬੂ ਸੰਤਾ ਸਿੰਘ ਨੂੰ ਫੜਾਇਆ ਸੀ। ਵਾਇਦਾ ਮੁਆਫ ਤੁਫੈਲ ਮੁਹੰਮਦ ਮੋਚੀ ਪੰਡੋਰੀ ਨਿਜਰਾਂ ਅਮਾਮ ਦੀਨ ਦਾ ਪੁਤ ਸੀ। ਜੁਤੀਆਂ ਬਣਾਉਂਦਾ ਮਹਨਤ ਮਜ਼ਦੂਰੀ ਕਰਦਾ ਸੀ। ਵਾਇਦਾ ਮੁਆਫ ਬਣਾ ਕੇ ਜੋ ਮਰਜੀ ਬਨਾ ਲਿਆ। ਵਾਇਦਾ ਮੁਆਫ ਮਤਾਬ ਸਿੰਘ ਵਲਦ ਰਾਮ ਦਿਤਾ ਪਿੰਡ ਭਘੜੂਦੀ ਤੋਪਖਾਨੇ ਵਿਚ ਨੌਕਰ ਸੀ। ਨਾਂਮ ਕਟਾ ਕੇ ਕਨੇਡਾ ਨੂੰ ਗਿਆ ਉਥੋਂ ਆ ਕੇ ਬਰਾਹਮਣਾਂ ਦਾ ਚਾਟੜਾ ਬਣਿਆ। ਫੇਰ ਨਾਮਧਾਰੀ ਆ ਬਣਿਆ। ਨਨਕਾਣੇ ਦੇ ਸਾਕੇ ਪਿਛੋਂ ਅਕਾਲੀ ਬਣ ਗਿਆ। ਦੋ ਕੁ ਦੀਵਾਨਾਂ ਵਿਚ ਸਰਕਾਰ ਨੂੰ ਗਾਲਾਂ ਕਢੀਆਂ। ਇਸ ਵਿਚ ਇਹਨੂੰ ਚਾਰ ਸਾਲ ਦੀ ਕੈਦ ਹੋਈ। ਇਸ ਨੇ ਆਖਿਆ ਮੈਨੂੰ ਵਾਇਦਾ ਮੁਆਫੀ ਦਿਤੀ ਜਾਵੇ। ਮੈਂ ਬਬਰਾਂ ਪਰ ਗਵਾਹੀ ਦਿਆਂਗਾ। ਜਿਨ੍ਹਾਂ ਘਰਾਂ ਵਿਚ ਰੋਟੀ ਖਾਦੀ ਸੀ ਦੱਸਣ ਲਗ ਪਿਆ। ਜਦੋਂ ਏਸ ਨੇ ਲਾਹੌਰ ਉਗਾਹੀ ਦਿਤੀ ਤਾਂ ਬਬਰਾਂ ਨੇ ਇਸਨੂੰ ਬਹੁਤ ਲਾਣਤਾਂ ਪਾਈਆਂ। ਇਸ ਨੇ ਨੀਵੀਂ ਪਾ ਲਈ। ਵਾਇਦਾ ਮੁਆਫ ਕਰਤਾਰ ਸਿੰਘ ਬੂੜੇਬਾੜੀ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰ ਪੁਰ, ਧੰਨਾ ਸਿੰਘ ਸ਼ਹੀਦ ਨੂੰ ਮਰਵਾਉਂਣ ਵਿਚ ਇਹ ਵੀ ਸ਼ਾਮਲ ਸੀ। ਇਸ ਦੇ ਬਾਪ ਦਾ ਨਾਮ ਜੁਆਲਾ ਸਿੰਘ ਸੀ, ਇਹ ਦਸ ਨੰਬਰ ਦਾ ਬਦਮਾਸ਼ ਸੀ। ਅੰਦਰੋਂ ਪੁਲਸ ਨਾਲ ਮਿਲਿਆ ਹੋਇਆ ਸੀ। ਇਸਦੇ ਪਾਸ ਪੁਲੀਸ ਦੀ ਪਰਚੀ ਸੀ ਗੁਰੂ ਕੇ ਬਾਗ ਜਦੋਂ ਜੱਥੇ ਨੂੰ ਕੁਟ ਪਈ ਤਾਂ ਪਰਚੀ ਦਿਖਾ ਕੇ ਛੁਟ ਗਿਆ। ਲਾਹੌਰ ਇਸ ਨੇ ਬਿਆਨ ਦਿਤਾ ਕਿ ਮੈਂ ਬਬਰਾਂ ਨੂੰ ਫੜਾਉਂਣ ਵਾਸਤੇ ਕਾਨ ਸਿੰਘ ਠਾਣੇਦਾਰ ਨੂੰ ਮਿਲਦਾ ਸਾਂ। ਬਬਰ ਕੇਸ ਮੁਕਣ ਪਰ ਇਸ ਨੇ ਇਨਾਮ ਦੇ ਮੁਰੱਬੇ ਧੌਲ ਪੁਰ ਜਾ ਲਏ। ਓਥੇ ਕਿਸੇ ਮਾਈ ਦੇ ਪੂਤ ਨੇ ਗੰਡਾਸੀ ਮਾਰ ਕੇ ਵੱਢ ਸੁਟਿਆ। ਵਾਇਦਾ ਮੁਆਫ ਮਿਤ ਸਿੰਘ ਸਾਧ ਏਹ ਗਦਾਰ ਖੜਕ ਸਿੰਘ ਦੇ ਘਰ ਦੇਹੂ ਮਲਕਾਣਾ ਰਿਆਸਤ ਪਟਿਆਲੇ ਦਾ ਸੀ। ੧੯ ਨੰਬਰ ਪਲਟਣ ਵਿਚ ਨੌਕਰ ਸੀ। ਅੱਠ ਸਾਲ ਨੌਕਰੀ ਕਰਕੇ ਛੱਡ ਆਇਆ ਤੇ ਸਾਧ ਬਣ ਕੇ ਦੁਆਬੇ ਵਿਚ ਮੌਜਾ ਕਿਸ਼ਨ ਪੁਰਾ ਜਿਲਾ ਜਲੰਧਰ ਵਿਚ ਗੁਫਾ ਪੁਟਕੇ ਵਿਚ ਵੜਦਾ ਹੁੰਦਾ ਸੀ। ਇਸ ਨੂੰ ਲੋਕ ਬਹੁਤ ਮੰਨਦੇ ਸਨ। ਇਹ ਇਕ ਤੋਲਾ ਅਫੀਮ ਰੋਜ ਖਾਂਣ ਕਰਕੇ ਬਹੁਤ ਮੋਟਾ ਹੋ ਗਿਆ। ਇਕ ਦਿਨ ਪੁਲੀਸ ਨੇ ਅਫੀਮ ਨਾਂ ਦਿਤੀ। ਇਹ ਵਾਇਦਾ ਮੁਆਫ ਹੋ ਗਿਆ। ਇਸਨੂੰ ਬਹੁਤ ਲਾਣਤਾਂ ਪਈਆਂ। ਵਾਇਦਾ ਮੁਆਫ ਅਨੂਪ ਸਿੰਘ ਵਲਦ ਇੰਦਰ ਸਿੰਘ ਗਦਾਰ। ਇਸ ਸਾਰੇ ਪਾਪੀ ਘਰਾਣੇ ਨੇ ਉਹ ਜੁਲਮ ਕੀਤਾ ਜੋ ਲਿਖਣ ਤੋਂ ਬਾਹਰ ਹੈ। ਇਸ ਗਦਾਰ ਨੇ ਜਦੋਂ ਲਾਹੌਰ ਜਜ ਦੇ ਬਿਆਨ ਦਿਤਾ ਤਾਂ ਆਖਿਆ ਮੈਂ ਤਿੰਨ ਮਹੀਨੇ ਬਬਰਾਂ ਦੇ ਨਾਲ ਇਸ ਵਾਸਤੇ ਰਿਹਾ ਸੀ ਕਿ ਕਦੇ ਤਾਂ ਮੇਰੇ ਆਖੇ ਲਗਣਗੇ। ਬਿਆਨ ਅੱਡੀਆਂ ਚੁਕ ਕੇ ਦਿੰਦਾ ਸੀ। ਏਸ ਗਦਾਰ ਨੇ ਆਪਣੇ ਚਾਚੇ ਬੋਗੇ ਨਾਲ ਓਸਦੇ ਪੁਤਰ ਕੇਵਲ ਸਿੰਘ ਤੇ ਜਸਵੰਤ ਸਿੰਘ ਤੇ ਨਰੰਜਨ ਸਿੰਘ ਡਮੇਲੀ ਵਾਲੇ ਨਾਲ ਸਲਾਹ ਪੱਕੀ ਕਰਕੇ ਜੱਥੇਦਾਰ ਕਰਮ ਸਿੰਘ ਦੌਲਤ ਪੁਰੀ, ਮਹਿੰਦਰ ਸਿੰਘ

ਪੰਡੋਰੀ ਬਿਛਨ ਸਿੰਘ ਮਾਂਗਟ ਉਦੇ ਸਿੰਘ ਰਾਮ ਗੜ ਝੁੰਗੀਆਂ ਨੂੰ ਬੂਬੇਲੀ ਲਜਾਕੇ ਮੁਰਵਾ ਸੁਟਆ ਜੋ ਪਿਛੇ ਪ੍ਰਸੰਗੁਆ ਚੁਕਾ। ਏਸ ਗਦਾਰ ਦਾ ਸੁਧਾਰ ੧੫ ਹਾੜ ੧੯੩੫ ਨੂੰ ਹੋਇਆ ਸੀ। ਵੈਦਾਮੁਆਫ ਬੇਲਾ ਸਿੰਘ ਕਾਣਾ ਉਸਦਾ ਪੁਤਰ ਸਾਧੂ ਸਿੰਘ ਪ੍ਰਾਗਪੁਰ, ਏਹ ਦੋਵੇਂ ਕਰਤਾਰ ਸਿੰਘ ਤੇਲੀ ਦੇ ਕੈਣੇ ਜੋ ਇਨਾਂ ਦੇ ਪਿੰਡ ਰੈਂਹਦਾ ਸੀ ਵੈਦਾ ਮੁਆਫ ਹੋਕੇ ਬਬਰਾਂ ਪਰ ਗੁਵਾਹੀ ਦਿਤੀ ਤੇ ਲਾਣਤਦਾ ਜਾਮਾ ਪਾ ਲਿਆ। ਵੈਦਾ ਮੁਆਫ ਬੇਲਾ ਸਿੰਘ ਪਲਾਹੀ ਦਾ ਛੀਂਬਾ ਜੋ ਸਕੂਲਦਾ ਮਾਸਟਰ ਸੀ,ਜਦੋਂ ਪੁਲੀਸ ਨੇ ਫੜਕੇ ਘੂਰਿਆਤਾ ਬਬਰਾ ਪੁਰ ਗੋਵਾਹੀ ਦੇ ਦਿਤੀ। ਵੈਦਾ ਮੁਆਫ ਰਾਮ ਸਿੰਘ ਮੰਜਾਰਾ ਕਾਮਦਾ ਵਲਦ ਭਗਵਾਨਾਂ ਜਿਲਾ ਜਲੰਧਰ ਦਾ ੯੦ ਨਬਰ ਵਿਚ ਭਰਤੀ ਸੀ। ਨਨਕਾਣੇ ਸਾਹਿਬ ਦੇ ਸਾਕੇ ਮਗਰੋਂ ਨੌਕਰੀ ਛਡ ਆਇਆ,ਕਰਮ ਸਿੰਘ ਦੌਲਤ ਪੁਰੀ ਦੇ ਨਾਲ ਫਿਰਦਾ ਰਿਹਾ ਜਦੋਂ ਏਨੂੰ ਗਿਰਫਤਾਰ ਕੀਤਾ ਤਾਂ ਝਟ ਵੈਦਾਮੁਆਫ ਹੋ ਗਿਆ ਏਸਨੇ ਬਛੋੜੀ ਦੀਵਾਨ ਵਿਚ ਆਖਆ ਕਿ ਮੇਰੇ ਨਾਂ ਦੀ ਬੋਲੀ ਪਾਓਂ ਗਰਬਚਨ ਸਿੰਘ ਸਾਦੜਾ ਨਰੰਜਣ ਸਿੰਘ ਪ੍ਰਕਾਸ਼ ਸਿੰਘ ਜਾ ਪਏ ਲੜਾਈ ਹੋਈ ਸਟਾਂ ਲਗੀਆਂ ਵੈਦਾਮੁਆਫ ਰਾਮ ਸਿੰਘ ਵਲਦ ਗੁਟਮੁਖ ਸਿੰਘ ਹਿਆਤ ਪੁਰ ਰੁੜਕੀ ਦਾ ਜਿ: ਹੁਸ਼ਆਰਪੁਰ ਦਾ ਏਸਦੇ ਚਾਚਾ ਸੂਰਜਣ ਸਿੰਘ ਤੇ ਤਾਏ ਦੇ ਪੁਤਰ ਧਰਮ ਸਿੰਘ ਤੇ ਸੁੰਦਰ ਸਿੰਘ ਤੇ ਗੁਵਾਹੀ ਦਿਤੀ।ਵੈਦਾਮੁਆਫ ਚੰਦਾ ਸਿੰਘ ਡੁਮੇਲੀ ਰਿਆਸਤ ਕਪੂਰਥਲਾ,ਪੁਲਸ ਦੇ ਆਖੇ ਲਗਕੇ ਗੁਵਾਹੀ ਦਿਤੀ ਵੈਦਾਮੁਆਫ ਮਲੂਕ ਸਿੰਘ ਵਲਦ ਨਥਾ ਸਿੰਘ ਰਿਆਸਤ ਪਿੰਡ ਪਲਾਹੀ ਦਾ ਏਹ ੫੯ ਨੰਬਰ ਵਿਚ ਭਰਤੀ ਸੀ ਜਦੋਂ ਪੁਲੀਸ ਨੇ ਘੂਰਿਆ ਤਾਂ ਵੈਦਾਮੁਆਫ ਬਣ ਗਿਆ। ਵੈਦਾਮੁਆਫ ਜਵੰਤ ਸਿੰਘ ਵਲਦ ਬੇਲਾ ਸਿੰਘ ਮੌਜਾ ਪਿੰਡ ਜੋਲ ਜਿਲਾ ਜਲੰਧਰ ੩੯ ਨੰਬਰ ਪਲਟਣ ਵਿਚ ਭਰਤੀ ਸੀ ਏਦਾ ਸਕਾ ਭਰਾਓ ਮੁਨਸ਼ਾ ਸਿੰਘ ਬਬਰ ਸੀ ਓਸ ਪਰ ਗੁਵਾਹ ਬਣ ਗਿਆ। ਵੈਦਾਮੁਆਫ ਕਰਪਾਲ ਸਿੰਘ ਵਲਦ ਰਣ ਸਿੰਘ ਅਰੋੜਾ ਜਿ:ਰੌਲ ਪਿੰਡੀ ੫੨ਨੰ ਪਲਟਣ ਵਿਚ ਭਰਤੀ ਸੀ ਨਨਕਾਣੇ ਸਾਹਿਬ ਦਾ ਸਾਕਾ ਹੋ ਜਾਣ ਪੁਰ ਫੌਜੀ ਸਿੰਘ ਨੇ ਕਾਲੇ ਦਸਤਾਰੇ ਸਜਾਏ ਗੰਗਾ ਸਿੰਘ ਨੈਕ ਗੁਰਦਾਸ ਪੁਰ ਦਾ ਪ੍ਰਤਾਪ ਸਿੰਘ ਛਬੀਲ ਪੁਰਦਾ,ਜਿਲਾ ਸਿਆਲ ਕੋਟ ਮਾਨ ਸਿੰਘ ਜਿਲਾ ਕੁਜਰਾਂ ਵਾਲਾ ਏਨਾਂ ਪਰ ਏਹ ਵੈਦਾ ਮੁਆਫ ਸੀ। ਤਿਨ ਵੈਦਾ ਮੁਆਫ ਡਾਕੂ ਸੀ। ਦੋ ਚੁਮਾਰ ਦੋਹਾਂ ਦਾ ਨਾਮ ਬੇਲਾ ਸਿੰਘ ਜਜਨੈ ਏਨਾ ਦੇ ਆਪੇ ਬਿਆਨ ਲੈਕੇ ਪ੍ਰੇ ਕੀਤੇ ਕੇ ਬਬਰਾਂ ਨਾਲ ਕੋਈ ਤਲਕ ਨਹੀਂ। ਵੈਦਾ ਮੁਆਫ ਧਨਾਂ ਸਿੰਘ ਕੋਟਲੀ ਵਲਦ ਹਾਕਮ ਸਿੰਘ ਜਿਲਾ ਹੁਸ਼ਆਰ ਪੁਰਦਾ ਏ ਵੀ ਡਾਕੂ ਸੀ ਜਦੋਂ ਏਸਨੇ ਰਾਜੋਆਲ ਦੀ ਕੁਟੀਆ ਦਾ ਬੇਆਨ ਦਿਤਾ ਕੇ ਉਧਰੋਂ ਅਸਾਂ ਆ ਗਏ ਉਧਰੋਂ ਬਬਰ ਆ ਗਏ ਬਬਰਾਂ ਦੇ ਵਕੀਲਨੇ ਪੁਛਿਆ ਆਪਨੂੰ ਕੀ ਆਖਦੇ ਸਨ ਏਸਨੇ ਆਂ ਖੇਆ ਜੀ ਡਾਕੂ। ਨੋਟ ਲਿਖਿਆ ਗਿਆ ਬਬਰ ਹੋਰ ਤੇ ਡਾਕੂ ਹੋਰ ਸੀ. ਏਦੀ ਗੁਵਾਹੀ ਰਦੀ ਗਈ। ਹਜਾਰਾ ਸਿੰਘ ਮੰਡੇਰ ਜਿਲਾ ਜਲੰਧਰ ਪਹਿਲੇ ਡੋਲ ਗਿਆ ਫੇਰ ਤਕੜਾ ਹੋ ਗਿਆ ਏਸਨੇ ਸਾਹੀਬਾਲ ਦੀ ਜੇਲ ਤੋਂ ਸਤ ਫੁਟ ਡੂੰਘੀ ੭੭ ਫੁਟ ਲੰਬੀ ਸੁੰਰਗ ਕੋਟਤੋਂ ਬਾਹਰ ਕਡਕੇ ੧੩ ਬੰਦੇ ਹੋਰ ਲੈਕੇ ਨਸ ਗਿਆ ਸੀ ਬੇੜੀਆਂ ਕਟਣ ਦਾ ਪ੍ਰਬੰਧਨਾ ਹੋਇਆ ੨੮, ਮੀਲ ਤੇ ਫੜੇ ਗਏ। ਇਸ ਬਬਰ ਨੇ ਜੇਲ ਦੀ ਮੁਸ਼ਕਤ ਨਹੀਂ ਕੀਤੀ। ੨ ਸੌ ਦੇ ਉਤੇ ਇਹਦੇ ਬੈਂਤ ਬਜ ਚੁਕਾ ਸੀ। ਇਹ ਬਹੁਤ ਬਹਾਦਰ ਦਿਲ ਵਾਲਾ ਬਬਰ ਸੀ ਇਹ ਬਬਰਾਂ ਪਰ ਵਾਇਦਾ ਮੁਆਫ ਸਨ।੧੧ਸਤੰਬਰ੧੯੨੩ ਨੂੰ ਸੌ ਬਬਰਾਂ ਦਾ ਚਲਾਣ ਜਲੰਧਰੋਂ ਲਾਹੌਰ ਨੂੰ ਹੋਇਆ।ਜੋ ਲਾਹੌਰ ਲੁਹਾਰ ਖਾਨੇ ਜਿਥੇ ਜਲਿਆਂ ਵਾਲੇ ਬਾਗ ਦਾ ਮੁਕੱਦਮਾ ਚਲਿਆ,ਓਥੇ ਹੀ ਕਨੇਡਾ, ਅਮਰੀਕਾ ਵਾਲਿਆਂ ਦਾ ਲਗਾ। ਓਥੇ ਹੀ

ਬਬਰਾਂ ਦਾ ਬੂਲ ਨਾਮੇ ਮਜਿਸਟਰੇਟ ਦੇ ਲਗਾ। ਬਬਰ ਅਕਾਲੀ ਸਰਦਾਰ ਕਿਸ਼ਨ ਸਿੰਘ ਵਲਦ ਫਤਹਿ ਸਿੰਘ ਮੌਜਾ ਬੜਿੰਗ ਜਿਲਾ ਜਲੰਧਰ, ਇਸ ਬਬਰ ਦੀ ਕੁਰਬਾਨੀ ਬੇ ਮਸਾਲ ਹੈ। ਇਸਦਾ ਲੈਕਚਰ ਸੁਣਕੇ ਆਦਮੀ ਮੌਤ ਨੂੰ ਮਖੌਲ ਸਮਝਦਾ ਸੀ। ੩੨੭ ਲੈਕਚਰ ਤੇ ੧੪੦੦ ਅਕਾਲੀ ਇਸਦੀ ਕਲਮ ਦਾ ਭਰਤੀ ਸੀ। ਜੇ ਇਸ ਬਹਾਦਰ ਬਬਰ ਦਾ ਪੂਰਾ ਪੂਰਾ ਹਵਾਲ ਲਿਖਣਾ ਹੋਵੇ ਤਾਂ ਇਤਨਾਂ ਗਰੰਥ ਬਣ ਜਾਏ, ਜੋ ਆਪ ਪੜ੍ਹਦੇ ਹੋ। ਮਾਝਾ, ਮਾਲਵਾ, ਦੁਆਬਾ ਐਸਾ ਦੇਸ਼ ਨੂੰ ਹਲੂਣਾ ਮਾਰਿਆ ਜਿਸ ਨਾਲ ਬੇਅੰਤ ਫੌਜਾਂ ਤਿਆਰ ਹੋ ਗਈਆਂ। ਗੁਰੂ ਕੇ ਬਾਗ ਦੇ ਮੋਰਚੇ ਵੇਲੇ ਕਮੇਟੀ ਨੂੰ ਕਈ ਵਾਰ ਆਖਿਆ ਕਿ ਇਕ ਜਥਾ ਸਾਡਾ ਬਬਰਾਂ ਦਾ ਜਾ ਲੈਣ ਦੇਵੋ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਕੱਤਰ ਵੀ ਰਿਹਾ। ਕਮੇਟੀ ਦੇ ਮੈਂਬਰ ਇਹਦਾ ਜਥਾ ਨਾ ਮਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਬਹੁਤ ਬਬਰ ਬਰਾਬਰ ਮਾਰਕੁਟ ਖਾਂਦੇ ਸਨ। ੭ ਤਰੀਕ ਦੇ ਜੱਥੇ ਵਿਚ ਦਾਸ ਭੀ ਸ਼ਾਮਲ ਸੀ। ਜੋ ਘੰਟਾ ਘਰ ਫੋਟੂ ਲਥਾ ਉਹਦੇ ਵਿਚ ਦਾਸ ਸ਼ਾਮਲ ਹੈ। ਏਸ ਸੂਰਮੇ ਕਿਸ਼ਨ ਸਿੰਘ ਨੇ ੩੫ ਨੰਬਰ ਪਲਟਣ ਦੀ ਬਗਾਵਤ ਵਾਸਤੇ ਤਿਆਰ ਕਰ ਲਈ ਸੀ। ਇਸਦੀ ਬਹਾਦਰੀ ਬੇ ਮਸਾਲ ਹੈ। ਦਲੀਪ ਸਿੰਘ ਮਾਸਟਰ ਮੌਜਾ ਗੋਸਲ ਤੇ ਕਰਮ ਸਿੰਘ ਮੌਜਾ ਝਿੰਗੜ ਜਿਲਾ ਜਲੰਧਰ,ਇਹ ਆਪ ਦੇ ਨਾਲ ਪਹਿਲਾਂ ਤੋਂ ਸ਼ਾਮਲ ਸਨ। ਇਹ ਬਬਰਾਂ ਦੇ ਮੋਢੀ ਹੈ. ਇਹਨਾਂ ਦੀ ਸੇਵਾ ਬਹੁਤ ਹੈ। ੨੬ ਫਰਵਰੀ ਨੂੰ ਕਿਸ਼ਨ ਸਿੰਘ ਗਿਰਫਤਾਰ ਹੋ ਗਿਆ ਸੀ। ਕਰਮ ਸਿੰਘ ਝਿੰਗੜ ਇਹ ਜਵਾਨ ਸੱਚਾ ਤੇ ਸੁਚਾ ਬਹਾਦਰ ਸੀ। ਕਨੇਡਾ ਜਾ ਕੇ ਆ ਗਿਆ ਸੀ। ਇਸਨੂੰ ਡਿਪਟੀ ਕਮਿਸ਼ਨਰ ਜਲੰਧਰ ਨੇ ਸਦਕੇ ਆਖਿਆ ਕਿ ਮੈਂ ਪਾਸ ਬਣਵਾ ਦਿਦਾ ਹਾਂ ਤੂੰ ਕਨੇਡਾ ਨੂੰ ਚਲਾ ਜਾ। ਨਹੀਂ ੬ ਮੁਰੱਬੇ ੨ ਹਜ਼ਾਰ ਰੁਪਿਆ ਜਿਹੜੀ ਬਾਰ ਤੋਂ ਆਖੇਂ ਮੈਂ ਦਵਾ ਦਿਆਂਗਾ। ਜਿਹੜੀ ਬਬਰਾਂ ਦੀ ਲਾਇਨ ਵਿਚ ਆਪ ਭਰਤੀ ਹੋ ਉਸਨੂੰ ਸਿੱਧੀ ਛਾਤੀ ਵਿਚ ਗੋਲੀ ਜਾਂ ਫਾਂਸੀ ਦਾ ਰੱਸਾ ਜਾਂ -੦ ਸਾਲ ਕਾਲਾ ਪਾਣੀ ਦੀ ਸਜ਼ਾ ਹੈ। ਇਸ ਮਰਦ ਨੇ ਆਖਿਆ ਕਨੇਡੇ ਮੇਰੀ ਮਰੇਦੀ ਰੂਹ ਨਾਂਜਾਵੇ। ਸਾਨੂੰ ਓਥੇ ਦਾੜ੍ਹੀ ਵਾਲੀਆਂ ਔਰਤਾਂ ਸੱਦਿਆ ਗਿਆ। ਮੁਰੱਬੇ ਪਿਸ਼ੌਰ ਤੋਂ ਲੈ ਕੇ ਰੁਮੇਸ਼ਰ ਤਕ, ਰੋੜੀ ਸਖਰ ਤੋਂ ਲੈ ਕੇ ਲੁਦਾਖ ਤਿੱਬਤ ਤਕ ਇਹ ਜਮੀਨ ਸਾਡੀ ਹੈ। ਤੂੰ ਮੁਰੱਬੇ ਕਿਥੋਂ ਦੇਵੇਂਗਾ। ਜੇ ਦੇਣੇ ਹਨ ਤਾਂ ਵਲੈਤ ਵਿਚੋਂ ਅੱਧਾ ਮੁਰੱਬਾ ਦੇ ਦੇ। ਓਥੇ ਮੇਰਾ ਅਖਤਿਆਰ ਨਹੀਂ। ਜਿਹੜੀ ਤੂੰ ਗੋਲੀ ਦਸਦਾ ਹੈ ਸੋ ਕਲ ਨੂੰ ਵਜਦੀ ਹੈ ਅੱਜ ਵਜ ਜਾਏ ਇਕ ਦਿਨ ਮਰਨਾ ਹੈ। ਇਹ ਗੰਦੇ ਹੱਡਾਂ ਦਾ ਪਿੰਜਰਾ ਸੇਵਾ ਵਿਚ ਲਗ ਜਾਏ। ਡਿਪਟੀ ਚੁਪ। ਸ਼ੇਰ ਆ ਗਿਆ। ਏਸ ਸੱਚੇ ਬਬਰ ਦੀ ਗਿਰਫਤਾਰੀ ਪਿਛੇ ਆ ਚੁਕੀ ਹੈ। ਮਾਸਟਰ ਦਲੀਪ ਸਿੰਘ ਗੋਸਲ ਵਲਦ ਅਛਰ ਸਿੰਘ ਇਹ ਬਬਰ ਉਰਦੂ, ਅੰਗਰੇਜੀ ਤੇ ਗੁਰਮੁਖੀ ਦੇ ਚੰਗੇ ਜਾਣੂ ਹਨ। ਕਵਿਤਾ ਉਚਾਰ ਸਕਦੇ ਹਨ। ਆਪਦੇ ਪਿਤਾ ਨੰਬਰਦਾਰ ਜੋ ਆਪਦੇ ਬਬਰ ਬਣੇ ਤੋਂ ਤੋੜੀ ਗਈ। ਆਪ ਤੇ ਕਰਮ ਸਿੰਘ ਤੇ ਕਿਸ਼ਨ ਸਿੰਘ ਦੇ ਲੈਕਚਰ ਨੇ ਸਾਰਾ ਦੁਆਬਾ ਜਗਾ ਦਿਤਾ। ਅੱਜ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ। ਆਪਦਾ ਦਰਸ਼ਨ ਪਵਿੱਤਰ ਹੈ। ਆਪ ਨੇ ਤੇ ਕਰਮ ਸਿੰਘ ਤੇ ਕਿਸਨ ਸਿੰਘ ਨੇ ਜੋ ਆਰਥਕ ਸੇਵਾ ਕੀਤੀ ਸੋ ਰਹਿੰਦੀ ਦੁਨੀਆਂ ਵਿਚ ਸੂਰਜ ਵਾਂਗ ਚਮਕੇਗੀ। ਬਾਬੂ ਸੰਤਾ ਸਿੰਘ ਵਲਦ ਸੋਭਾ ਸਿੰਘ ਪਿੰਡ ਹਰਾਓਂ ਜਿਲਾ ਲੁਧਿਆਣਾ ਦੇਸੀ ਹਾਈ ਸਕੂਲ ਵਿਚ ਦਸਵੀਂ ਤਕ ਪੜ੍ਹੇ। ਫਿਰ ੫੪ ਨੰਬਰ ਪਲਟਣ ਵਿਚ ਭਰਤੀ ਹੋ ਗਏ ਤੇ ਕਲੱਰਕ ਬਣ ਗਏ। ਇਸ ਕਰਕੇ ਆਪ ਦਾ ਨਾਮ ਬਾਬੂ ਪੈ ਗਿਆ। ਫਿਰ ੮੪ ਨੰਬਰ ਵਿਚ ਬਦਲ ਗਏ।

ਜਲਿਆਂ ਵਾਲੇ ਬਾਗ ਦਾ ਸਾਕਾ ਤੇ ਨਨਕਾਣੇ ਦਾ ਕਤਲ ਹੋਣ ਤੋਂ ਬਾਅਦ ਆਪ ਨੇ ਨੌਕਰੀ ਛੱਡ ਕੇ ਬਬਰ ਕਰਮ ਸਿੰਘ ਦੌਲਤ ਪੁਰੀ ਦੇ ਜੱਥੇ ਵਿਚ ਸ਼ਾਮਲ ਹੋ ਕੇ ਬੇਅੰਤ ਸੇਵਾ ਕੀਤੀ। ਜਦੋਂ ਬਿਸ਼ਨ ਸਿੰਘ ਰਾਣੂਬੂਹ ਵਾਲੇ ਨੇ ਅੱਤ ਚੁਕੀ ਤਾਂ ਇਸ ਨੇ ਪਾਰ ਕੀਤਾ। ਜੋ ਪਿਛੇ ਪ੍ਰਸੰਗ ਆ ਚੁਕਾ ਹੈ। ੨੭-੭-੨੬ ਨੂੰ ਕਿਸ਼ਨ ਸਿੰਘ ਦੇ ਨਾਲ ਫਾਂਸੀ ਲਾਇਆ ਗਿਆ। ਸੁੰਦਰ ਸਿੰਘ ਮਖਸੂਸ ਪੁਰ ਤੇ ਇਥੋਂ ਦੇ ਕਰਮ ਸਿੰਘ ਨਾਲ ਗਦਰ ਦਾ ਗੂੰਜ ਦੀਵਾਨਾਂ ਵਿਚ ਪੜ੍ਹਦਾ ਹੁੰਦਾ ਸੀ। ਮੌਜਾ ਸੁੰਡ ਤੋਂ ਫੜਿਆ ਗਿਆ। ੨੦ ਸਾਲ ਕੈਦ ਹੋ ਗਈ। ਬੰਤਾ ਸਿੰਘ, ਪ੍ਰੇਮ ਸਿੰਘ ਪਰਾਗ ਪੁਰ ਜਿਲਾ ਜਲੰਧਰ ਦੇ ਸਨ, ਇਹਨਾਂ ਦੋਹਾਂ ਨੇ ਬਬਰਾਂ ਵਿਚ ਰਲ ਕੇ ਬੇਅੰਤ ਸੇਵਾ ਕੀਤੀ। ਜਸਵੰਤ ਸਿੰਘ ਤੇ ਆਤਮਾ ਸਿੰਘ ਮੌਜਾ ਖੁਸਰਾ ਪੁਰ ਦੇ, ਇਹਨਾਂ ਨੇ ਅੰਮ੍ਰਿਤਸਰ ਕਾਲਜ ਵਿਚ ਬੀ. ਏ ਤਕ ਵਿਦਿਆ ਪੜ੍ਹੀ। ਦੋਵੇਂ ਬਬਰ ਬਹੁਤ ਹੀ ਲਿਆਕਤ ਦੇ ਮਾਲਕ ਸਨ। ਦੇਖਣ ਲਾਇਕ ਸੋਹਣੇ ਜਵਾਨ ਸਨ। ਉਜਾਗਰ ਸਿੰਘ ਬਸ ਰਾਮ ਪੁਰ ਜਿਲਾ ਜਲੰਧਰ ੧੯ ਨੰਬਰ ਰਸਾਲੇ ਵਿਚ ਭਰਤੀ ਸੀ। ਨਨਕਾਣੇ ਦੇ ਕਤਲ ਦੇ ਮਗਰੋਂ ਨੌਕਰੀ ਛੱਡ ਕੇ ਬਬਰ ਬਣ ਗਿਆ। ਇਹ ਬਹੁਤ ਭਾਰਾ ਜਵਾਨ ਸੀ। ਡੰਡ ਬੈਠਕਾਂ ਬਹੁਤ ਕਡਦਾ ਸੀ। ਆਪਣੇ ਪਿੰਡ ਦਾ ਜੱਥੇ ਦਾਰ ਸੀ। ਬਾਣੀ ਬਹੁਤ ਪੜ੍ਹਦਾ ਹੁੰਦਾ ਸੀ। ਭਈ ਨੰਦ ਸਿੰਘ ਵਲਦ ਗੰਗਾ ਸਿੰਘ ਮੌਜਾ ਘੁੜਿਆਲ ਜਿਲਾ ਜਲੰਧਰ ਦੇ ਸਨ। ਇਸ ਮਰਦ ਨੇ ਸੂਬੇਦਾਰ ਗੇਂਦਾ ਸਿੰਘ ਦੀ ਛਾਤੀ ਨੂੰ ਬੰਦੂਕ ਦੀ ਨਾਲੀ ਲਾ ਕੇ ਆਖਿਆ ਕਿ ਇਹ ਗੇਂਦਾ ਸਿੰਘ ਗਦਾਰ ਹੈ। ਪਿਛੇ ਪ੍ਰਸੰਗ ਆ ਚੁਕਾ ਹੈ। ਬਬਰ ਮੁਣਸਾ ਸਿੰਘ ਵਲਦ ਬੇਲਾ ਸਿੰਘ ਮੌਜਾ ਜੋਲ ਜਿਲਾ ਜਲੰਧਰ ਵਿਚ ੨੯ ਨੰਬਰ ਵਿਚ ਨੌਕਰ ਸੀ। ਬਾਣੀ ਰੈਹਤ ,ਦੇ ਪੱਕੇ ਪਾਬੰਦ ਸਨ। ਬਬਰਾਂ ਦੇ ਨਾਲ ਮਿਲ ਕੇ ਬਹੁਤ ਕੰਮ ਕੀਤੇ। ਨਨਕਾਣੇ ਦੀ ਕਤਲ ਦੇ ਬਾਅਦ ਨੌਕਰੀ ਛਡ ਆਏ। ਇਹ ਦਿਲ ਦਾ ਵਡਾ ਦਲੇਰ ਸੀ। ਸ਼ਿਵ ਸਿੰਘ ਵਲਦ ਗੁਰਦਿਤ ਸਿੰਘ ਮੌਜਾ ਹਰੀ ਪੁਰ ਜਿਲਾ ਜਲੰਧਰ ਅਜੇ ਚੜ੍ਹਦੀ ਬਰੇਸ ਨੌਜਵਾਨ ਸੱਚਾ ਤੇ ਸੁਚਾ ਬਹਾਦਰ ਸੀ। ਬਬਰ ਬਣਕੇ ਖੂਬ ਸੇਵਾ ਕੀਤੀ। ਹੇਠ ਲਿਖੇ ੧੦ ਬਬਰ ਪੰਡੋਰੀ ਨਿਜ ਾਂ ਜਿਲਾ ਜਲੰਧਰ ਦੇ ਬਹਾਦਰ ਸਨ। ਮਿਲਖਾ ਸਿੰਘ, ਊਧਮ ਸਿੰਘ, ਨਰਵੈਰ ਸਿੰਘ, ਠਾਕਰ ਸਿੰਘ, ਬੂਟਾ ਸਿੰਘ, ਬਖਸੀਸ ਸਿੰਘ, ਮੈਂਹਗਾ ਸਿਘ ਹਰਨਾਮ ਸਿੰਘ, ਅਮਰ ਸਿੰਘ, ਸਾਧੂ ਸਿੰਘ। ਕਰਮ ਸਿੰਘ ਹਰੀ ਪੁਰ ਜਲੰਧਰ ਨੇ ਜਦੋਂ ਗੇਂਦਾ ਸਿੰਘ ਸੂਬੇਦਾਰ ਮਾਰਿਆ ਤਾਂ ਇਹਦੀ ਕਰਪਾਨ ਮੋਢੇ ਤੋਂ ਵਜਕੇ ਸੂਬੇਦਾਰ ਦੇ ਵਖ ਵਿਚ ਨਿਕਲ ਗਈ ਸੀ। ਸੋਹਣਾ ਜਵਾਨ ਦਿਲ ਦਾ ਗੰਭੀਰ ਸੀ। ਭਾਈ ਪਿਆਰਾ ਸਿੰਘ, ਦੋ ਦਲੀਪ ਸਿੰਘ ਛੋਟਾ ਤੇ ਬੜਾ, ਬੰਤਾ ਸਿੰਘ ਤੇ ਭੋਲਾ ਸਿੰਘ ਏਹ ਮੌਜਾ ਧਾਮੀਆਂ ਦੇ ਜਿਲਾ ਹੁਸ਼ਆਰ ਪੁਰ ਦੇ ਸਨ, ਏਨਾਂ ਬਾਹਾਦਰਾਂ ਦੀ ਬਾਹਾਦਰੀ ਬੇ ਮਸਾਲ ਹੈ। ਦੋ ਬੈਂਤ ਦਲੀਪ ਸਿੰਘ ਭੁਜੰਗੀਦੇ ਅਗੇ ਚਲਕੇ ਲਿਖਾਂਗਾਂ। ਏਨਾਂ ਬਹਾਦਰਾਂ ਦੀ ਕੁਰਬਾਨੀ ਨੇ ਸਾਰਾ ਦੁਆਬਾ ਉਜਾਗਰ ਕਰ ਦਿਤਾ ਇਨਾਂ ਸ਼ਹੀਦਾਂ ਦੇ ਖੂਨ ਨੇ ਅੰਗ ਰੇਜ਼ ਦਾ ਬੇੜਾ ਗਰਕ ਕਰ ਦਿਤਾ। ਬਰਿਆਮ ਸਿੰਘ ਰਾਮ ਸਿੰਘ ਕਰਤਾਰ ਸਿੰਘ ਏਹ ਤਿਨ ਬਹਾਦਰ ਮੰਜਾਰਾਂ ਕਾਂਮਦੇ ਜੋ ਅਜ ਮੰਜਾਰਾ ਬਬਰਾਂ ਦਾ ਵਜਦਾ ਹੈ, ਜਿਲੇ ਜਲੰਧਰ ਦੇ ਸਨ ਵਰਿਆਮ ਸਿੰਘ ਵਲਦ ਭਗਵਾਨ ਸਿੰਘ, ਕਰਤਾਰ ਸਿੰਘ ਵਲਦ ਅਛਰ ਸਿੰਘ, ਰਾਮ ਸਿੰਘ ਵਲਦ ਲਾਲ ਸਿੰਘ ਬਬਰ ਪਾਂਰਟੀ ਦੇ ਪੱਕੇ ਮਿੰਬਰ ਸੂਰਮੇ ਸਨ। ਤਿਨੇ ਜੁਆਨ ਇਕੋਈ ਹਾਨ ਦੇ ਹਨ। ਠਾਕਰ ਸਿੰਘ, ਬੰਤਾ

ਸਿੰਘ ਵਰਿਆਮ ਸਿੰਘ,ਹਰੀ ਸਿੰਘ ਮੌਜਾ ਦੌਲਤ ਪੁਰ ਜਿਥੋਂ ਦਾ ਜਥੇਦਾਰ ਬਾਹਾਦਰ ਕਰਮ ਸਿੰਘ ਸ਼ੇਰ ਹੈ,ਏਨਾਂਨੇ ਬਹੁਤ ਤਕਲੀਫਾਂ ਝਲੀਆਂ ਤੇ ਬਬਰਾਂ ਦੀ ਸੇਵਾ ਕੀਤੀ। ਅਰਜਣ ਸਿੰਘ ਵਲਦ ਛੇਰ ਸਿੰਘ ਮੌਜਾ ਸੂੰਡ ਜਲੰਧਰ ਤੇ ਏਦਾ ਭਾਈ ਹਰੀ ਸਿੰਘ ਜੋ ਬੇਲਾ ਸਿੰਘ ਜਿਆਣੀਏ ਦੇ ਕਤਲ ਵਿਚ ਸ਼ਾਮਲ ਸੀ ਏਨਾ ਬਬਰਾ ਨੇ ਲਖਾਂ ਤਕਲੀਫਾਂ ਝਲੀਆਂ ਤੇ ਬਬਰ ਲੈਹਰ ਦੀ ਸੇਵਾ ਕੀਤੀ।ਦੋਵੇ ਸੋਹਣੇ ਜਬਾਨ ਸਨ ਆਤਮਾ ਸਿੰਘ ਬੋਕਾ ਏਹ ਬਬਰਾਂ ਦਾ ਚਿਠੀ ਰਸੈਣਸੀ ਵਲਦ ਮਾਲਾ ਸਿੰਘ ਜਲੰਧਰ ਇਕ ਵਾਰ ਚਿਠੀ ਲੈ ਜਾਣਨੂੰ ਮੇਰਾ ਨੰਬਰ ਪੈ ਗਿਆ ਬਾਟ ੧੭ਕੋਹ ਸੀ ਦਿਨ ਅਸਤ ਹੋ ਚੁਕਾ ਮੈਨੂੰ ਆਖੇ ਓਥੇਹੀ ਲੰਮਾ ਜਾ ਪੌਦੇ ਓਥੇਈ ਰੋਟੀ ਖਾਵੀ ਏਦੀ ਗਲ ਤੋਂ ਹਾਸਾ ਔਂਦਾ ਸੀ ਦਿਲ ਦਾ ਸਾਫ ਬਬਰ ਸੀ।

ਬਬਰ ਭਾਈ ਬਸੰਤ ਸਿੰਘ ਵਲਦ ਬੂਟਾ ਸਿੰਘ ਮੌਜਾਂ ਰੰਧਾਵਾ ਮਸੰਦਾ ਜਿਲਾ ਜਲੰਧਰ। ਏਹ ਪੁਰਾਣੇ ਬਜੁਰਗ ਪੈਹਲੇ ਸਿੰਘ ਸਭਾਦੇ ਮਿੰਬਰ ਸਨ ਗੁਰਮਤਦਾ ਪ੍ਰਚਾਰ ਕਰਦੇ ਹੁੰਦੇ ਸਨ ਜਦੋਂ ਬਬਰ ਮੈਦਾਨ ਵਿਚ ਆਏ ਤਾ ਏਵੀ ਨਾਲ ਮਿਲ ਗਿਆ, ਰਜਕੇ ਬਬਰਾਂ ਦੀ ਸੇਵਾ ਕੀਤੀ ਪੂਰਨ ਗੁਰ ਸਿਖ ਰੈਹਤਦੇ ਪੱਕੇ ਸਨ। ਬਬਰ ਭਾਨ ਸਿੰਘ ਵਲਦ ਜ਼ੁਆਰ ਸਿੰਘ ਮੌਜਾਂ ਮਾਂਗਟ ਜਿਲਾ ਜਲੰਧਰ ਦੇ ਸਨ। ਚੜ੍ਹਦੀ ਬਰੇਸ ਨੌ ਜੁਆਨ ਸੌਰੇ ਘਰ ਬੌਟੀ ਲੇਣ ਗਿਆ ਓਥੇਈ ਗਿਰਫਤਾਰ ਕਰ ਲਿਆ। ਬਬਰ ਜਗਜੀਤ ਸਿੰਘ ਵਲਦ ਦਲੀਪ ਸਿੰਘ ਮੌਜਾਂ ਕੁਰਾਰ ਜਿਲਾ ਜਲੰਧਰ ਆਪਦੇ ਸਾਥ ਮਨ ਮਤੀ ਲੋਕ ਈਰਖਾ ਬਹੁਤ ਕਰਦੇ ਸਨ ਏਸਨੂੰ ਬਬਰ ਜਥੇ ਵਲੋਂ ਸੀਅਰਦਾ ਖਤਾਬ ਦਿਤਾ ਹੋਇਆ ਸੀ ਏਸ ਦੀ ਮਾਈ ਨੇ ਸਿਖਿਆ ਦਿਤੀ ਕਿ ਪੁਤਰ ਦੇਸ਼ ਕੌਮ ਦੀ ਸੇਵਾ ਕਰ ਲੈ ਬਬਰ ਪਾਰਟੀ ਦਾ ਮਿੰਬਰ ਸੀ। ਬਬਰ ਭਾਈ ਦਲੀਪ ਸਿੰਘ ਸਾਦੜਾ ਏਸਦਾ ਲੜਕਾ ਗੁਰਬਚਨ ਸਿੰਘ ਏਸ ਦਲੀਪ ਸਿੰਘ ਨੇ ਬਬਰਾਂ ਦੀ ਬਹੁਤ ਸੇਵਾ ਕੀਤੀ ਗੁਰਬਚਨ ਸਿੰਘ ਨੇ ਬਬਰਾਂ ਦਾ ਹਾਲ ਭੀ ਲਿਖਕੇ ਛਪਾ ਦਿਤਾ ਜਿਨਾਂ ਏਸਤੋਂ ਹੋ ਸਕਿਆ। ਬਬਰ ਛਜਾ ਸਿੰਘ ਵਲਦ ਮੀਂਹਾ ਸਿੰਘ ਮੌਜਾ ਮਾਣੀਆ ਜ਼ਿਲਾ ਜਲੰਧਰ ੨੯ ਨੰਬਰ ਪਲਟਣ ਵਿਚ ਭਰਤੀ ਸਨ। ਨਨਕਾਣਾ ਸਾਹਿਬ ਦਾ ਸਾਕਾ ਹੋ ਜਾਣ ਪਰ ਨੌਕਰੀ ਛਡ ਦਿਤੀ ਬਬਰਾਂ ਵਿਚ ਭਰਤੀ ਹੋ ਗਏ ਗਏ ਮਾਹਾਦੀ ਪੁਰ ਦੇ ਜੁਫੈਦ ਪੋਸ਼ ਹਰਨਾਮ ਸਿੰਘ ਦੇ ਅੰਗ ਕਟਣ ਵਿਚ ਸ਼ਾਮਲ ਸਨ ਜੁਆਨ ਛੇ ਫੁਟ ਤੋਂ ਵੀ ਕੁਝ ਲੰਬਾ ਸੀ ਗੁਰੂ ਕੇ ਬਾਗਦੇ ਮੋਰਚੇ ੬ ਸਤੰਬਰ ਦੇ ਜਥੇ ਵਿਚ ਕੁਟ ਖਾਦੀ ਚਾਰ ਸਾਲ ਮੋਰਚੇ ਫਤਿ ਹੋਣ ਪਰ ਅਕਾਲੀ ਛਡੇ ਗਏ ਆਕੇ ਬਬਰ ਬਣ ਗਿਆ ਜਥੇਦੀ ਬਹੁਤ ਸੇਵਾ ਕੀਤੀ। ਭਾਈ ਰਤਨ ਸਿੰਘ ਮੌਜਾਂ ਸੀਂਗੜੀ ਵਾਲ ਜ਼ਿਲਾ ਹੁਸ਼-ਆਰ ਪੁਰ ਬਬਰ ਬਣਕੇ ਬੇਅੰਤ ਸੇਵਾ ਕੀਤੀ ਰੈਹਤ ਤੇ ਬਾਣੀਦੇ ਪਕੇ ਪਰੇਮੀ ਹਨ ਨੰਗਲ ਸ਼ਮਾਂ ਬੂਟੇਦੇ ਟੁਕੜੇ ਕਰਨ ਵਿਚ ਸ਼ਾਮਲ ਸਨ ਇ. ਮਰਦ ਪੁਲਸ ਕਪਤਾਨ ਦੇ ਕੋਠੀ ਡਾਕਾ ਮਾਰਕੇ ਬੰਦੂਕ ਪਸਤੌਲ ਤੇ ਘੋੜੀ ਵੀ ਕਡ ਲੈ ਗਿਆ ਸੀ ਸੂਰਮਾਂ ਦਲੇਰ ਹੈ। ਭਾਈ ਦੁਮਣ ਸਿੰਘ ਵਲਦ ਮੁਨਸ਼ਾ ਸਿੰਘ ਮੌਜਾਂ ਮੇਗੋਆਲ ਗੰਜਿਆਂਦਾ ਬਾਰਾਂ ਨੰਬਰ ਵਿਚ ਭਰਤੀ ਨਨਕਾਣੇ ਦਾ ਸਾਕਾ ਹੋਣ ਪਰ ਨੌਕਰੀ ਦਸ ਰੁਪਏ ਪੈਨਸ਼ਨ ਲੈਕੇ ਆਕੇ ਬਬਰ ਬਣ ਗਿਆ,ਬਹੁਤ ਸੇਵਾ ਕੀਤੀ। ਬਬਰ ਹਰੀ ਸਿੰਘ ਖੰਡਾ ਮੌਜਾਂ ਚੇਲਾ ਜਿਲਾ ਹੁਸ਼ਿਆਰ ਪੁਰ ਵਲਦ ਬਸੰਤ ਸਿੰਘ, ਆਪ ਇਕ ਉਚੇ ਘਰਾਣੇ ਦੇ ਅਵਲ ਨੰਬਰ ਦੇ ਕੁਵੀਸ਼ਰ ਹਨ। ਆਪ ਨੇ ਤਾਰਾ ਸਿੰਘ ਢਿਲਵਾ ਬਾਲੇ ਦੀ ਸ਼ਹੀਦੀ ਕਵਿਤਾ ਵਿਚ ਬਣਾਕੇ ਛਪਾ ਦਿਤੀ ਹੈ। ਆਪ ਆਪਣੇ ਭਾਈ ਬਿਛਨ ਸਿੰਘ ਨਾਲ ਰਲਕੇ ਦੀਵਾਨਾਂ ਵਿਚ ਕਵਿਤਾ ਬੋਲਦੇ ਸਨ। ਬਬਰਾਂ ਦੀ ਹਦ ਸੇਵਾ ਕਰਦੇ ਸਨ। ਬਬਰ ਭਾਈ ਗਰਬੰਸ ਸਿੰਘ ਵਲਦ ਖੇਮ ਸਿੰਘ

ਮੌਜਾ ਸਰਹਾਲਾ ਕਲਾਂ ਜਿਲਾ ਹੁਸ਼ਿਆਰ ਪੁਰ ਆਪ ਉਰਦੂ, ਅੰਗ੍ਰੇਜ਼ੀ ਗੁਰਮੁਖੀ ਚੰਗੇ ਲੈਕ ਚਰ ਦੇ ਸਕਦੇ ਸਨ। ਗੁਰੂ ਦੇ ਬਾਗਦੇ ਮੋਰਚੇ ਵਿਚ ਇਕ ਸਾਲ ਕੈਦ ਹੋਏ। ਕੀਰਤ ਪੁਰ ਗੁਰਦਵਾਰ ਕਮੇਟੀ ਵਿਚ ਸਨ। ਝੋਲੀ ਚੁਕ ਮੇਲਾ ਸਿੰਘ ਨੂੰ ਕਤਲ ਕਰਨ ਵਿਚ ਸ਼ਾਮਲ ਸਨ। ਗੋਲੀ ਚਲਾਈ ਏਸ ਜੁਰਮ ਵਿਚ ਆਪਨੂੰ ਫਾਂਸੀ ਦੀ ਸਜਾ ਹੋਈ। ਬਬਰ ਅਮਰ ਸਿੰਘ ਰਾਜੋਆਲ ਵਲਦ ਬਸੰਤ ਸਿੰਘ ਜਿਲਾ ਹੁਸ਼ਿਆਰ ਪੁਰ ਆਪ ੩੫ ਨੰਬਰ ਪਲਟਣਵਿਚ ਭਰਤੀ ਸਨ ਨਨਕਾਣੇ ਦਾ ਸਾਕਾ ਹੋਣ ਪਰ ਨੌਕਰੀ ਛੱਡ ਦਿਤੀ।ਗੁਰੂ ਕੇ ਬਾਗਦੇ ਮੋਰਚੇ ਵਿਚ ਡਾਂਗਾ ਦੀ ਮਾਰ ਖਾਦੀ ਇਕ, ਸਾਲ ਕੈਦ ਹੋਏ। ਆਕੇ ਮਹਦੀਪੁਰ ਹਰਨਾਮ ਸਿੰਘ ਦੇ ਅੰਗ ਕਟਣ ਵਿਚ ਸ਼ਾਮਲ ਸਨ। ਬਬਰਾਂ ਵਿਚ ਖੂਬ ਸੇਵਾ ਕੀਤੀ। ਬਤਨ ਸਿੰਘ ਮੌਜਾ ਗਣੇਸ਼ਪੁਰ ਭਾਈ ਠਾਕਰ ਸਿੰਘ ਮੌਜਾ ਭਾਰਟਾ ਜਿਲਾ ਹੁਸ਼ਿਆਰ ਪੁਰ ਏਹ ਦੋਵੇ ੩੫ ਨੰਬਰ ਵਿਚ ਭਰਤੀ ਹੋਕੇ ਬਬਰਾਂ ਨੂੰ ਮੇਗ ਜੀਨਤੇ ਪਕੇ ਬੰਬਦਿਤੇ ਜਾਵੰਤ ਸਿੰਘ ਜੌਲਨੈ ਛਕੈਤ ਕਰਕੇ ਫੜਾ ਦਿਤੇ, ਪਕੇ ਬਬਰ ਸਨ। ਮਿਲਖਾ ਸਿੰਘ ਵਲਦ ਉਤਮ ਸਿੰਘ ਮੌਜਾ ਮੋਰਾਂਬਾਲੀ ਜਿਲਾ ਹੁਸ਼ਿਆਰ ਪੁਰ ਪਕਾ ਸੂਰਮਾ ਬਬਰ ਸੀ। ਅਨੰਦ ਪੁਰ ਦੇ ਸੁਧਾਰ ਵੇਲੇ ਸਾਡੇ ਨਾਲ ਸ਼ਾਮਲ ਸਨ। ਬਬਰ ਭਾਈ ਸ਼ਾਮ ਸਿੰਘ ਵਲਦ ਮੇਹਰ ਸਿੰਘ ਰੈਸੀਵਾਲ ਜਿਲਾ ਹੁਸ਼ਿਆਰ ਪੁਰ, ਆਪ ਪਿੰਡ ਅਕਾਲੀ ਜਥੇ ਦੇ ਜਥੇਦਾਰ ਸਨ। ਪਰ ਸ਼ਾਂਤ ਮਏ ਨੂੰ ਬੁਰਾ ਸਮਝਦੇ ਸਨ। ਪਕੇ ਬਬਰ ਬਣ ਕੇ ਬਬਰਾਂ ਦੀ ਖੂਬ ਸੇਵਾ ਕੀਤੀ। ਬਬਰ ਭਾਈ ਭਗਵਾਨ ਸਿੰਘ ਵਲਦ ਦੂਲਾ ਸਿੰਘ ਮੌਜਾ ਫਤੇ ਪਰ ਕੋਠੀ ਹੁਸ਼ਿਆਰ ਪੁਰ, ਇਥੋਂ ਦਾ ਬਬਰ ਜੁਆਲਾ ਸਿੰਘ ਮੰਡੇਰੀ ਸ਼ਹੀਦ ਹੋਇਆ ਸੀ। ਆਪਦੇ ਪਾਸੋਂ ਬਬਰਾਂ ਦੀ ਓਡਾਰੂ ਪਰੇਸ ਮਸ਼ੀਣ ਤੇ ਕੁਛ ਅਸਲਾ ਫੜਿਆ ਗਿਆ ਏਦੇ ਇਕ ਸਾਲ ਕੈਦ ਵੱਖਰੀ ਹੈ, ਬਬਰਾਂ ਵਿਚ ਸ਼ਾਮਲ ਸਨ। ਦਲੇਲ ਸਿੰਘ ਮੌਜਾ ਮਣਨਹਾਨਾ ਜਿਲਾ ਹੁਸ਼ਿਆਰ ਪੁਰ ਜਿਥੇ ਧੰਨਾ ਸਿੰਘ ਸ਼ਹੀਦ ਹੋਇਆ ਸੀ ਏਦੇ ਪਰ ਬੰਦੂਕ ਦਾ ਸੁਆਲ ਸੀ। ਬਬਰਾਂ ਦਾ ਪਕਾ ਹਾਮੀ ਸੀ। ਬਬਰ ਭਾਈ ਸਰਦੂਲ ਸਿੰਘ ਵਲਦ ਪ੍ਰਤਾਪ ਸਿੰਘ ਮੌਜਾ ਬੁੜੋਬਾੜੀ ਬਰਮਾਂ ਮਿਲਟਰੀ ਵਿਚ ਭਰਤੀ ਸਨ। ਏਦੇ ਇਕ ਪੁੜ ਪੁੜੀ ਵਿਚ ਗੋਲੀ ਲਗਕੇ ਦੂਜੀ ਵਿਚ ਨਿਕਲ ਗਈ ਹੋਈ ਸੀ, ਪਕਾ ਬਬਰ ਸੀ। ਬਬਰ ਭਾਈ ਛਜਾ ਸਿੰਘ ਵਲਦ ਈਸਰ ਸਿੰਘ ਮੌਜਾ ਚਾਣਥੂ ਜਿਲਾ ਹੁਸ਼ਿਆਰ ਪੁਰ, ਏਸ ਜੁਆਨ ਦਾ ਛਾਲ ਲੌਣ ਵਿਚ ਨੰਬਰ ਸੀ। ੨੫ ਨੰ: ਵਰ ਭਰਤੀ ਸਨ ਹੋਵਾਲਦਾਰੀ ਦਾ ਔਹਦਾ ਮਿਲਦਾ ਸੀ ਨਨਕਾਣੇ ਦਾ ਹਾਦਸਾ ਹੋਣੇ ਪਰ ਨੌਕਰੀ ਛਡਕੇ ਬਬਰਾਂ ਵਿਚ ਭਰਤੀ ਹੋ ਗਏ। ਜੇਲ ਵਿਚ ਕਠੇਈ ਚਕੀ ਪੀਂਦੇ ਸਾਂ, ਚੌਦਾਂ ਸਾਲ ਕੈਦ ਕਟਕੇ ਆਏ ਤੇ ਮੌਤ ਨਾਲ ਸ਼ਹੀਦ ਹੋ ਗਏ। ਭਾਈ ਰਤਨ ਸਿੰਘ ਸੀਂਗੜੀ ਵਾਲਾ, ਇਹ ਜੁਆਨ ਹੁਸ਼ਿਆਰਪੁਰ ਪੁਲਿਸ ਕਪਤਾਨ ਦੀ ਕੋਠੀ ਵਿਚੋਂ ਬੰਦੂਕ ਤੇ ਪਸਤੌਲ ਤੇ ਘੋੜੀ ਕਢਕੇ ਲੈ ਗਿਆ ਸੀ। ਆਦਮੀ ਇਕ ਨੰਬਰ, ਬਾਣੀ ਰੈਹਤ ਦਾ ਪਕਾ ਪਾਬੰਦ ਸੀ. ਸੂਰਮਾ ਜੁਆਨ ਹੈ। ਭਾਈ ਹਰੀ ਸਿੰਘ ਵਲਦ ਦੇਵਾ ਸਿੰਘ, ਭਾਈ ਵਰਿਆਮ ਸਿੰਘ ਵਲਦ ਸੋਹਣ ਸਿੰਘ, ਬੰਤਾ ਸਿੰਘ ਵਲਦ ਪਾਲ ਸਿੰਘ, ਠਾਕਰ ਸਿੰਘ ਵਲਦ ਅਛਰ ਸਿੰਘ ਇਹ ਚਾਰ ਦੌਲਤਪੁਰ ਦੇ ਸੂਰਮੇ ਬਬਰ ਸਨ। ਭਾਈ ਦੁਮਣ ਸਿੰਘ ਵਲਦ ਮੁਣਸ਼ਾ ਸਿੰਘ, ਹਰੀ ਸਿੰਘ ਖੰਡਾ ਵਲਦ ਬਸੰਤ ਸਿੰਘ ਮੌਜਾ ਚੇਲਾ, ਹਰਬੰਤ ਸਿੰਘ ਵਲਦ ਖੇਮ ਸਿੰਘ ਸਰਿਆਲਾ ਛੋਟਾ, ਅਮਰ ਸਿੰਘ ਵਲਦ ਬਸੰਤ ਸਿੰਘ ਮੌਜਾ ਰਾਜੋਆਲ, ਬਤਨ ਸਿੰਘ, ਠਾਕਰ ਸਿੰਘ

ਭਾਰਟਾ, ਮਿਲਖਾ ਸਿੰਘ ਮੋਰਾਂ ਵਾਲੀ, ਸ਼ਾਮ ਸਿੰਘ ਰੈਹਸੀ ਵਾਲ, ਭਗਵਾਨ ਸਿੰਘ ਤੇ ਜੁਆਲਾ ਸਿੰਘ ਫਤੇ ਪੁਰ ਕੋਠੀ' ਦਲੇਲ ਸਿੰਘ ਮਨਣ ਹਾਨਾ, ਸਰਦੂਲ ਸਿੰਘ ਵਲਦ ਪ੍ਰਤਾਪ ਸਿੰਘ ਬੂੜੋ ਬਾੜੀ, ਛਜਾ ਸਿੰਘ ਵਲਦ ਈਸਰ ਸਿੰਘ ਮੌਜਾ ਚਾਣਥੂ, ਬੰਤਾ ਸਿੰਘ ਵਲਦ ਜੈਮਲ ਸਿੰਘ ਮੌਜਾ ਬੈਬਲਪੁਰ, ਹਰੀ ਸਿੰਘ ਵਲਦ ਸੁਰਜਣ ਸਿੰਘ ਜਸੋਆਲ, ਕਰਮ ਸਿੰਘ ਵਲਦ ਭੁਲਾ ਸਿੰਘ ਜਸੋਆਲ, ਚਰਨ ਸਿੰਘ ਵਲਦ ਖੁਸ਼ਾਲ ਸਿੰਘ ਜਸੋਆਲ, ਹਰਬਖਸ ਸਿੰਘ ਵਲਦ ਅਰਜਣ ਸਿੰਘ ਜਸੋਆਲ, ਜੈਲਾ ਸਿੰਘ ਵਲਦ ਨਥਾ ਸਿੰਘ ਜਸੋਆਲ' ਹਰਦਿਤ ਸਿੰਘ ਵਲਦ ਮਨਸਾ ਸਿੰਘ ਜਸੋਆਲ ਲਾਭ ਸਿੰਘ ਵਲਦ ਸੂਬਾ ਸਿੰਘ ਜਸੋਆਲ, ਭਾਈ ਨਰੈਣ ਸਿੰਘ ਵਲਦ ਦਸੌਂਧਾ ਸਿੰਘ ਮੌਜਾ ਚਾਟੀ ਪਿੰਡ ਜਿਲਾ ਅਮ੍ਰਿਤਸਰ, ਗੰਗਾ ਸਿੰਘ ਵਲਦ ਹੀਰਾ ਸਿੰਘ ਜਿਲਾ ਗੁਰਦਾਸ ਪੁਰ, ਪ੍ਰਤਾਪ ਸਿੰਘ ਵਲਦ ਲਾਲ ਸਿੰਘ ਜਿਲਾ ਸਿਆਲ ਕੋਟ, ਮਾਨ ਸਿੰਘ ਵਲਦ ਹੀਰਾ ਸਿੰਘ ਜਿਲਾ ਕੁਜਰਾਂ ਵਾਲਾ, ਬੇਅੰਤ ਸਿੰਘ ਵਲਦ ਚੰਦਾ ਸਿੰਘ ਜਿਲਾ ਹੁਸ਼ਿਆਰ ਪੁਰ, ਭਾਈ ਊਧਮ ਸਿੰਘ ਵਲਦ ਗੁਰਦਿਤ ਸਿੰਘ ਮੌਜਾ ਜੰਡੂ ਸਿੰਘ ਜਿਲਾ ਜਲੰਧਰ. ਸੁੰਦਰ ਸਿੰਘ ਵਲਦ ਦੇਵਾ ਸਿੰਘ ਮੌਜਾ ਕੁਲੇ ਆਲ, ਭਾਈ ਊਧਮ ਸਿੰਘ ਵਲਦ ਬਸਾਖਾਂ ਸਿੰਘ ਕੋਲਗੜ, ਬਾਵਾ ਸਿੰਘ ਵਲਦ ਭੂਲਾ ਸਿੰਘ ਕੋਲਗੜ ਦੇ ਜਿਲਾ ਹੁਸ਼ਿਆਰਪੁਰ, ਉਜਾਗਰ ਸਿੰਘ ਕੋਲਗੜ, ਧਰਮ ਸਿੰਘ ਵਲਦ ਸੋਭਾ ਸਿੰਘ, ਸੁੰਦਰ ਸਿੰਘ, ਬਬਰ ਸੁਰਜਣ ਸਿੰਘ ਏਨਾਂਦਾ ਚਾਚਾ ਹਿਆਤ ਪੁਰ ਰੁੜਕੀ, ਬਬਰ ਭਾਈ ਧਨਾਂ ਸਿੰਘ ਸਾਦੜੇ, ਗੁਰਬਚਨ ਸਿੰਘ ਵਲਦ ਦਲੀਪ ਸਿੰਘ ਸਾਦੜੇ, ਹਰਨਾਮ ਸਿੰਘ ਵਲਦ ਕਾਲਾ ਸਿੰਘ ਗੜੀ ਕਾਨੂੰ ਗੋਆਂਦੀ ਜਿਲਾ ਹੁਸ਼ਿਆਰ ਪੁਰ, ਭਾਈ ਕਰਤਾਰਸਿੰਘ ਵਲਦ ਸੁਰਜਣ ਸਿੰਘ ਮੌਜਾ ਗੋਂਦਪੁਰ, ਸੁਰਜਣ ਸਿੰਘ ਵਲਦ ਸਚੇਤ ਸਿੰਘ, ਕਰਤਾਰ ਸਿੰਘ ਵਲਦ ਬਸੰਤ ਸਿੰਘ, ਕਰਤਾਰ ਸਿੰਘ, ਭਾਈ ਦਰਬਾਰਾ ਸਿੰਘ ਤੇ, ਭਾਈ ਜਗਤ ਸਿੰਘ ਵਲਦ ਮੰਗਲ ਸਿੰਘ ਪਲਾਹੀ ਰਿਆਸਤ ਕਪੂਰਥਲਾ, ਮੂਲਾ ਸਿੰਘ ਵਲਦ ਰਣ ਸਿੰਘ ਪਲਾਹੀ, ਧਰਮ ਸਿੰਘ ਵਲਦ ਬੇਲਾ ਸਿੰਘ, ਚਦਾ ਸਿੰਘ ਵਲਦ ਹੀਰਾ ਸਿੰਘ ਪਲਾਹੀ, ਚੈਂਚਲ ਸਿੰਘ ਵਲਦ ਬਰਿਆਮ ਸਿੰਘ ਸੰਗਤ ਪੁਰ ਰਿਆਸਤ ਕਪੂਰਥਲਾ, ਦਲੀਪ ਸਿੰਘ ਵਲਦ ਦਸੌਂਧਾ ਸਿੰਘ ਮਾਨਕ ਕਪੂਰਥਲਾ, ਅਮਰ ਸਿੰਘ ਸੂਬੇਦਾਰ ਵਲਦ ਨਥਾ ਸਿੰਘ ਧਾਲੀ ਵਾਲ ਕਪੂਰਥਲਾ, ਲਖਾ ਸਿੰਘ ਵਲਦ ਗੰਗਾ ਸਿੰਘ, ਬਰਿਆਮ ਸਿੰਘ ਮੁੰਦਰਾ ਵਾਲ, ਭੂਲਾ ਸਿੰਘ ਵਲਦ ਬਸੰਤ ਸਿੰਘ, ਨੰਦ ਬਰ੍ਹਮਣ, ਭਾਈ ਚਤਰ ਸਿੰਘ ਵਲਦ ਭੂਪ ਸਿੰਘ ਮੌਜਾ ਕੋਟਲਾ ਜਿ: ਜਲੰਧਰ। ਬਬਰ ਭਾਈ ਸਾਧਾ ਸਿੰਘ ਵਲਦ ਨਰੈਣ ਸਿੰਘ। ਬਬਰ ਭਾਈ ਗੁਰਬਚਨ ਸਿੰਘ ਵਲਦ ਮਾਲੀ ਦੌਲਤ ਪੁਰ ਜਲੰਧਰ ਦੇ ਸਨ। ਇਹ ਉਹ ਬਬਰ ਹਨ ਜੋ ਸ਼ਿਸ਼ਨ ਲਗ ਗਏ ਸਨ। ਬਾਕੀ ਜਿਹੜੇ ਦੋ ਹਜਾਰ ਗਿਰਫਤਾਰ ਹੋ ਕੇ ਛੁਟ ਗਏ ਜਾਂ ਸਜਾ ਹੋ ਗਈ ਉਹ ਵਿਚ ਨਹੀਂ ਆਏ। ਬਿਸ਼ਨ ਸਿੰਘ ਟੂਟੋ ਮਜਾਰਾ। ਇਹਨਾਂ ਬਬਰਾਂ ਤੋਂ ਬਿਨਾਂ ਜਿਨਾਂ ਬਬਰਾਂ ਦੇ ਨਾਮ ਇਸ ਗਰੰਥ ਵਿਚ ਨਹੀਂ ਆਏ ਉਹਨਾਂ ਨੇ ਬੇ ਮਸਾਲ ਕੁਰਬਾਨੀਆਂ ਕੀਤੀਆਂ। ਬਬਰ ਲੈਹਰ ਦੁਆਬੇ ਦੀ ਸਾਰੀ ਪਵਿਤਰ ਧਰਤੀ ਵਿਚ ਫੈਲ ਗਈ ਸੀ। ਦੁਆਬੇ ਦੇ ਨੌਜਵਾਨਾਂ ਨੇ ਲੱਖਾਂ ਮੁਸੀਬਤਾਂ ਝੱਲੀਆਂ। ਲੱਖਾਂ ਰੁਪਏ ਚੌਕੀਆਂ ਦੇ ਤਾਵਾਨ ਭਰੇ ਤੇ ਕੈਦਾਂ ਕੱਟੀਆਂ। ਜੇ ਕਿਸੇ ਭਰਾ ਦਾ ਨਾਮ ਨਾ

ਲਿਖਿਆ ਹੋਵੇ ਤਾਂ ਗਲਤੀ ਮੁਆਫ਼ ਕਰਨੀ। ਅੱਗੇ ਬਬਰਾਂ ਦੇ ਮੁਕੱਦਮੇ ਦਾ ਹਵਾਲ ਪੜ੍ਹੋ, ਬਬਰਾਂ ਦਾ ਮੁਕੱਦਮਾ ਲਾਹੌਰ ਲੁਹਾਰ ਖਾਨੇ ਜੋ ਜੇਲ ਦਾ ਕੋਟ ਪਾੜਕੇ ਦਰਵਾਜਾ ਕਚੈਹਰੀ ਨੂੰ ਕੱਢਿਆ ਹੋਇਆ ਹੈ। ਇਥੇ ਜਲਿਆਂ ਵਾਲੇ ਬਾਗ ਦਾ ਮੁਕੱਦਮਾ ਚਲਿਆ, ਇਥੇ ਹੀ ਅਮਰੀਕਾ ਤੇ ਕਨੇਡਾ ਵਾਲੇ ਮਹਾਂਬਲੀ ਦੇਸ਼ ਦ ਸੇਵਾ ਕਰਨ ਵਾਲੇ ਸੱਚੇ ਤੇ ਸੁਚੇ ਸ਼ਹੀਦਾਂ ਦਾ ਮੁਕੱਦਮਾ ਚਲਿਆ ਸੀ। ਇਥੇ ਹੀ ਬਬਰ ਬਹਾਦਰਾਂ ਦਾ ਮੁਕੱਦਮਾ ਲਗਾ। ਮਜਿਸਟਰੇਟ ਬੂਲ ਨਾਮੇ ਦੇ ੨੮-੮-੧੯੨੩ ਨੂੰ ਲਗਾ। ਮਜਿਸਟਰੇਟ ਬੂਲ ਨਾਮੇ ਫਜਲ ਅਮਾਮ ਤੇਲਾਲਾ ਪਿੰਡੀ ਦਾਸ ਵਕੀਲ ਜੋ ਕਾਲਾ ਭੈਰੋਂ ਸੀ। ਇਹਨਾਂ ਨੂੰ ਗੌਰਮਿੰਟ ਵਲੋਂ ਤਾੜਣਾ ਸੀ ਕਿ ਜਿੰਨੀ ਸਖਤੀ ਹੋ ਸਕੇ ਬਬਰਾਂ ਪਰ ਉਤਨੀ ਕਰੋ। ਇਹਨਾਂ ਜਾਲਮਾਂ ਨੇ ਜੋ ਮਰਜੀ ਆਈ ਸੋ ਕੀਤਾ। ਇਹਨਾਂ ਦੀ ਤਰੱਕੀ ਦੇ ਪਹਿਲੇ ਹੀ ਵਾਇਦੇ ਕੀਤੇ ਗਏ ਸਨ। ਇਹਨਾਂ ਤੋਂ ਜਿਨਾ ਜੁਲਮ ਹੋ ਸਕਿਆ ਏਨਾਂ ਉਹਨਾਂ ਕਰ ਦਿਤਾ। ਇਸ ਫਜਲ ਅਮਾਮ ਨੇ ਕੋਟ ਵਾਲੀਆਂ ਠਾਣਿਆਂ ਵਿਚ ਜਾ ਕੇ ਠਾਣੇਦਾਰਾਂ ਤੋਂ ਬਬਰਾਂ ਨੂੰ ਮਾਰ ਕੁਟਾਈ ਕੀਤੀ। ਬੂਲ ਨੂੰ ਜਿਸ ਨੁਕਤੇ ਦੀ ਲੋੜ ਹੋਵੇ ਆਪ ਹੀ ਲਿਖ ਲੈਣਾ। ਮੁਕੱਦਮਾ ਮੁਕਣ ਤੋਂ ਪਹਿਲਾਂ ਹੀ ਇਸ ਨੂੰ ਜਲੰਧਰ ਦਾ ਡਿਪਟੀ ਕਮਿਸ਼ਨਰ ਬਣਾ ਦਿਤਾ ਸੀ। ਫਜਲ ਨੂੰ ਹੋਰ ਵਡਾ ਔਹਦਾ ਦਿਤਾ ਮੀਰ ਸੀ. ਆਈ. ਡੀ. ਦੇ ਇੰਨਸਪੈਕਟਰ ਨੂੰ ਜੋ ਸ਼ਤਬਨੂਡ ਦਾ ਮੁਸਲਾ ਸੀ ਅਤੇ ਜਿਸ ਨੂੰ ਬਾਬੇ ਬੰਦੇ ਨੇ ਫੂਕਿਆ ਸੀ। ਇਸ ਨੇ ਮਜ਼ਬੀ ਖਾਰ ਖਾ ਕੇ ਜੁਲਮ ਕੀਤੇ। ਪਿੰਡੀ ਦਾਸ ਨੂੰ ਰਾਏ ਸਾਹਿਬ ਦਾ ਖਤਾਬ ਦਿਤਾ ਗਿਆ। ਜਿਸ ਅੰਗਰੇਜ ਦਾ ਮੁਕਾਬਲਾ ਬਬਰਾਂ ਨੇ ਕੀਤਾ ਉਹਦੇ ਹੀ ਮੂਹਰੇ ਮੁਕੱਦਮਾ। ਫੇਰ ਨਿਆਓਂ ਕੀ। ਉਧਰ ਤਾਂ ਇਹ ਦੁਸ਼ਮਣ ਉਧਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਜਲਾਸ ਵਿਚ ਪਾਸ ਕਰਦੀ ਹੈ ਕਿ ਬਬਰਾਂ ਨਾਲ ਸਾਡਾ ਕੋਈ ਮਿੰਬਰ ਜਾ ਪੋਟਰ ਇਕ ਭੀ ਨਹੀਂ ਗਿਆ। ਇਸ ਕਮੇਟੀ ਨੇ ਬਬਰ ਦੁਸ਼ਮਣ ਸਮਝੇ। ਫਿਰ ਇਸ ਤੋਂ ਮਗਰੋਂ ਜਦੋਂ ੨-੬-੧੯੨੪ ਨੂੰ ਸ਼ਿਸ਼ਨ ਦੇ ਮੁਕੱਦਮਾ ਲਗਾ ਤਾਂ ਜਿਹੜਾ ਸਾਡਾ ਹੀ ਵਕੀਲ ਬਨਣ ਵਾਸਤੇ ਆਇਆ ਲਾਹੌਰ ਦਾ ਦੂਨੀ ਚੰਦ। ਓਸ ਨੇ ਆਉਂਦੇ ਨੇ ਬਬਰਾਂ ਨੂੰ ਆਖਿਆ ਤੁਸਾਂ ਵਿਚੋਂ ਕੋਈ ਵੀ ਨਹੀਂ ਬਚਣਾ ਸਾਰੇ ਫਾਂਸੀ ਲਗੋਗੇ। ਬਬਰਾਂ ਨੇ ਆਖਿਆ ਆਪ ਕਚੈਹਰੀ ਤੋਂ ਬਾਹਰ ਹੋ ਜਾਓ। ਸੋ ਵਕੀਲ ਕਢਿਆ ਗਿਆ। ਸ਼ਿਸ਼ਨ ਜਜ ਟੈਪ ਨੇ ਆਖਿਆ ਹਮ ਇਨਸਾਫ ਕਰੇਗਾ। ਕਿਸ਼ਨ ਸਿੰਘ ਬਬਰ ਨੇ ਆਖਿਆ ਆਪ ਇਨਸਾਫ ਨਹੀਂ ਕਰ ਸਕਦੇ, ਆਪਣਾ ਲਫਜ ਵਾਪਿਸ ਲਵੋਂ। ਜਜ ਨਹੀਂ ਹਮ ਇਨਸਾਫ ਕਰੇਗਾ। ਕਿਸ਼ਨ ਸਿੰਘ ਅਛ ਅਸੀਂ ਦੇਖ ਲਵਾਂਗੇ। ਮੌਜਾ ਸੂੰਡ ਦੇ ਦੋ ਗੁਵਾਹ ਸੀ। ਪਹਿਲੇ ਨੇ ਕੁਝ ਹੋਰ ਆਖਿਆ ਦੂਜੇ ਨੇ ਜਦੋਂ ਹੋਰ ਆਖਣਾ ਸ਼ੁਰੂ ਕੀਤਾ ਤਾਂ ਜਜ ਨੇ ਆਖਿਆ ਪਹਿਲਾ ਇਸ ਤਰ੍ਹਾਂ ਕਹਿੰਦਾ ਹੈ ਤੇ ਤੂੰ ਕੁਝ ਹੋਰ ਆਖਦਾ ਹੈ। ਝਟ ਸਰਦਾਰ ਕਿਸ਼ਨ ਸਿੰਘ ਨੇ ਆਖਿਆ ਆਪਣਾ ਥੁਕਿਆ ਆਪ ਚਟਦੇ ਹੋ। ਤੇਰਾ ਕੰਮ ਨਹੀਂ ਕਿ ਗਵਾਹ ਨੂੰ ਆਖੇ ਫਲਾਨਾ ਇਸ ਤਰ੍ਹਾਂ ਆਖਦਾ ਹੈ ਤੂੰ ਹੋਰ ਆਖਦਾ ਹੈ ਸੋ ਜਜ ਨੇ ਆਖਿਆ ਸਰਦਾਰ ਕਿਸ਼ਨ ਜੀ ਆਪ ਵਕੀਲ ਦਿਓਗੇ। ਤਾਂ ਇਹਨਾਂ ਅੱਠਾਂ ਬਬਰਾਂ ਨੇ ਆਖਿਆ ਕਿ ਅਸੀਂ ਅੰਗਰੇਜ ਦੀ ਅਦਾਲਤ ਨੂੰ ਅਦਾਲਤ ਨਹੀਂ ਮੰਨਦੇ ਤੇ ਨਾਂ ਹੀ ਵਕੀਲ ਤੇ ਨਾਂ ਹੀ ਬਿਆਨ ਦਿਆਂਗੇ। ਸਰਦਾਰ ਕਿਸ਼ਨ ਸਿੰਘ ਮਾਸਟਰ ਦਲੀਪ ਸਿੰਘ, ਕਰਮ ਸਿੰਘ ਝਿੰਗੜ, ਦਲੀਪ ਸਿੰਘ ਭੁਝੰਗੀ ਦਲੀਪ ਸਿੰਘ ਸਾਦੜਾ. ਕਰਤਾਰ ਸਿੰਘ ਗੋਂਦ ਪੁਰ, ਸੁੰਦਰ ਸਿੰਘ ਮਖਸੂਸ ਪੁਰੀ, ਸੁੰਦਰ ਸਿੰਘ ਕੁਲੇਵਾਲ ਇਹ

ਅੱਠ ਬਬਰ ਨਾਂ ਮਿਲਵਰਤਨੀਏ ਬਾਕੀ ਬਬਰਾਂ ਨੇ ਸਬੂਤ ਦੇਣਾ ਬੰਦ ਕਰ ਦਿਤਾ ਜਾਂ ਸਾਡਾ ਕਿਸੇ ਨੇ ਸੁਨਣਾ ਹੀ ਨਹੀਂ ਤਾਂ ਸਬੂਤ ਕੀ ਬਣਾ ਸਕਦਾ ਹੈ। ਬਬਰਾਂ ਨੇ ਕੋਈ ਗੁਵਾਹ ਨਹੀਂ ਦਿਤਾ। ਜਜ ਦੇ ਬਿਆਨ ਵੇਲੇ ਦਲੀਪ ਸਿੰਘ ਭਜੰਗੀ ਦਾ ਬਿਆਨ ਹੈ, ਕਿ ਜੋ ਸਾਥੋਂ ਹੋਇਆ ਸੋ ਕੀਤਾ ਜੋ ਤੈਥੋਂ ਹੋ ਸਕਦਾ ਹੈ ਸੋ ਤੂੰ ਕਰ। ਜਦੋਂ ਮੁਕੱਦਮਾ ਸ਼ੁਰੂ ਹੋਵੇ ਤਾਂ ਬਬਰਾਂ ਨੇ ਜਜ ਨੂੰ ਆਖਣਾ ਜਨਾਬ ਤਮਾਸ਼ਾ ਸ਼ੁਰੂ ਹੈ ਤਾਂ ਜਜ ਵਲੋਂ ਚੁਪ। ਬਬਰਾਂ ਨੂੰ ਪਾੜਣ ਵਾਸਤੇ ਸੀ. ਆਈ. ਡੀ. ਤੇ ਅੰਗਰੇਜ ਨੇ ਬਹੁਤ ਜੋਰ ਲਾਇਆ ਪਰ ਬਬਰ ਇਹਨਾਂ ਦੇ ਜਾਲ ਵਿਚ ਨਾਂ ਫਸਿਆ। ਇਕ ਦਿਨ ਛਤ ਬਨੂੜ ਦੇ ਇੰਨਸਪੈਕਟਰ ਮੀਰ ਨੇ ਸਰਦਾਰ ਕਿਸ਼ਨ ਸਿੰਘ ਨੂੰ ਆਖਿਆ ਕਿ ਹੱਥ ਮਿਲਾ। ਕਿਸ਼ਨ ਸਿੰਘ ਨੇ ਆਖਿਆ ਕਿ ਤੇਰਾ ਹੱਥ ਦੇਸ਼ ਕੌਮ ਦੇ ਭਗਤਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਹੈ। ਮੇਰਾ ਹੱਥ ਤੇਰੇ ਗੰਦੇ ਹਥ ਨਾਲ ਲਗ ਕੇ ਗੰਦਾ ਹੋ ਜਾਏਗਾ। ਚਲ ਪਿਛੇ ਹਟ ਜਾ। ਜਦੋਂ ਕਰਮ ਸਿੰਘ ਝਿੰਗੜ ਨੂੰ ਜਜ ਨੇ ੨੦ ਸਾਲ ਕੈਦ ਸੁਣਾਈ ਤਾਂ ਕਰਮ ਸਿੰਘ ਨੇ ਆਖਿਆ ਫਾਂਸੀ ਸੁਣਾਓ। ਹੁਣ ਮਰ ਕੇ ਫੇਰ ਜੰਮ ਕੇ ਤੇਰਾ ਮੁਕਾਬਲਾ ਫੇਰ ਕਰੀਏ। ਜਦੋਂ ਤਕ ਤੈਨੂੰ ਕਢ ਨਾਂ ਲਈਏ ਅਸਾਂ ਨੂੰ ਅਰਾਮ ਕਿਥੇ ਆਉਂਣਾ ਹੈ। ਇਧਰ ਤਾਂ ਇਹ ਹੋਵੇ ਓਧਰ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ਼ਿਰੋਮਣੀ ਅਕਾਲੀ ਦਲ ਪੱਕੀਆਂ ਕੋਠੀਆਂ ਤੇ ਤਾਰਾਂ ਵਾਲੇ ਮੰਜੇ ਬਿਜਲੀ ਦੇ ਪੱਖੇ ਤੇ ਬਿਜਲੀ ਦੇ ਆਂਡੇ ਭਾਂਤ ਭਾਂਤ ਦੇ ਸੁਖਾਂ ਵਿਚ ਸੌਂ ਗਏ, ਜੋ ਅਜੇ ਤਕ ਸੁਤੇ ਪਏ ਹਨ। ਹੁਣ ਜਦੋਂ ਸਿਰ ਤੇ ਜ਼ੁਲਮ ਦੇ ਪਹਾੜ ਟੁਟ ਪਏ ਤੇ ਜ਼ੁਲਮ ਦੀ ਬਿਜਲੀ ਆਪਣੀ ਤਾਂ ਹੁਣ ਪਤਾ ਲਗਾ ਜਾਂ ਦੁਸ਼ਮਣ ਖਾਤਮਾ ਕਰਨ ਲਗਾ। ਹੁਣ ਆਪ ਬਬਰ ਬਣੇ ਤੋਂ ਬਿਨਾਂ ਬਚਾਓ "ਨਹੀਂ"। ਦਿਲੀ ਦੇ ਗੁਰਦਵਾਰੇ ਜਦੋਂ ਸੀਸ ਗੰਜ ਤੇ ਗੁੰਡਿਆਂ ਨੇ ਬੇਈਮਾਨ ਗਦਾਰਾਂ ਨੇ ਬੰਦੂਕਾਂ ਨਾਲ, ਪਸਤੌਲਾਂ ਨਾਲ, ਛਵੀ, ਗੰਡਾਸੇ, ਸਫਾ ਜੰਗ ਤੇ ਕਿਰਪਾਨਾਂ ਨਾਲ ਹਮਲਾ ਕੀਤਾ ਤਾਂ ਆਪ 'ਨੂੰ ਬਬਰ ਬਣਕੇ ਮੁਕਾਬਲਾ ਕਰਨਾ ਪਿਆ। ਗੁਰੂ ਕੇ ਬਾਗ ਜੇ ਦੁਰਲੀ ਜਥਾ ਬਬਰ ਨਾਂ ਬਣਾਉਂਦੇ ਤਾਂ ਜਿਵੇਂ ਰਾਸ਼ਣ ਖਤਮ ਹੋ ਗਿਆ ਸੀ, ਮੋਰਚਾ ਨਾਂ ਲਗਦਾ। ਬਹਾਦਰ ਅਕਾਲੀ ਦਲ। ਆਪਦੇ ਪਾਸ ਗੁਣੀ ਗਿਆਨੀ ਤਜੱਰਬੇਕਾਰ ਪੰਡਤ ਸੂਰਮੇ ੩ ਫੁਟ ਛਾਤੀ ਚੌੜੀ ਵਾਲੇ ਜਵਾਨ, ਬੁਗਦਰ ਮੁਗੰਲੀਆਂ ਫੇਰਨ ਵਾਲੇ ਜੋ ਸ਼ੇਰ ਤੇ ਹਾਥੀਆਂ ਨੂੰ ਢਾਊਂਣ ਵਾਲੇ ਬਹਾਦਰ ਸਿੰਘ ਤੇ ਪਿੱਠ ਤੇ ਗੁਰੂ ਸਾਹਿਬ ਮਜੂਦ ਹੈ। ਕਿਓਂ ਜਾਨ ਹੁੰਦਿਆਂ ਮੁਰਦਾ ਪੈ ਰਿਹਾ ਹੈਂ। ਸ਼ੇਰ ਬਣਕੇ ਆਪ ਮੈਦਾਨ ਵਿਚ ਆ ਕੇ ਇੱਟ ਦਾ ਜੁਵਾਬ ਪੱਥਰ ਦੇ ਜਿਹੜਾ ਤੂੰ ਲੋਕਾਂ ਦੇ ਮੁੰਡੇ ਕੁੜੀਆਂ ਢਗਾ ਜਾਂਦੀਆਂ ਛਡਾਉਂਦਾ ਹੁੰਦਾ ਸੀ। ਅਜ ਤੇਰੀਆਂ ਹੀ ਨੰਗੀਆਂ ਕਰਕੇ ਮੂਹਾਂ ਤੇ ਥੱਪੜ ਮਾਰੇ ਗਏ। (ਦੇਖੋ ਰਾਣੂਬੂਹੇ ਵਾਲੇ ਜੈਲਦਾਰ ਦਾ ਪ੍ਰਸੰਗ)। ਇਤਿਹਾਸ ਦਸਦਾ ਹੈ ਕਿ ਕੁੰਭ ਕਰਨ ੬ ਮਹੀਨੇ ਸੌਂਦਾ ਤੇ ਇਕ ਦਿਨ ਜਾਗਦਾ ਸੀ ਪਰ ਤੈਨੂੰ ਸੁਤੇ ਨੂੰ ੪੦ ਸਾਲ ਹੋ ਗਏ ਹਨ। ਹੁਣ ਤਾਂ ਜਾਗ। ਜਾਂ ਆਪਣੇ ਆਪ ਨੂੰ ਜੀਉਂਦੀਆਂ ਹੀ ਮੁਰਦਾ ਬਣਾ ਲਿਆ ਕਿ ਅੰਗ ਨਹੀਂ ਹਲਾਉਂਣਾ ਤਾਂ ਤੇਰੇ ਬਾਰੇ ਹੋਰ ਕੀ ਲਿਖਿਆ ਜਾਵੇ। ਜੇ ਤੂੰ ਮੁਰਦਾ ਪੁਣਾ ਤੇ ਸ਼ਾਂਤਮਈ ਨਾਂ ਛੱਡੀ। ਤਾਂ ਆਪਣਾ ਖਾਤਮਾ ਤੈ ਆਪ ਹੀ ਕਰ ਲਿਆ ਹੈ। ਕਿਸੇ ਨੂੰ ਦੋਸ਼ ਕੀ ਦੇਣਾ ਹੈ। ਹੋਰ ਪੰਥ ਦਾ ਭਲਾ ਨਾਂ ਕਿਸੇ ਨੇ ਪਿਛੋ ਕੀਤਾ ਤੇ ਨਾਂ ਅਗੇ ਕਿਸੇ ਕਰਨਾਂ ਹੈ। ਆਪਣੇ ਪੈਰਾਂ ਤੇ ਆਪ ਖੜੋਵੋ ਜੇ ਬਚਣਾ ਹੈ। ਅਜ ਤਕ ਭਾਵੇਂ ਬਬਰਾਂ ਪਰ ਆਪ ਵਲੋਂ ਜ਼ੁਲਮ ਦਾ ਪਹਾੜ ਸੁਟਿਆ ਗਿਆ ਕਿ ਇਹਨਾਂ ਸ਼ਾਂਤਮਈ

ਤੋੜੀ ਹੈ। ਹੁਣ ਓਹੋ ਸ਼ਾਂਤਮਈ ਦਿਲੀ ਸੀਸ ਗੰਜ ਤੇ ਆਪ ਨੂੰ ਤੋੜਨੀ ਪਈ। ਜਦੋਂ ਬਬਰਾਂ ਨੂੰ ੨੮-੨-੨੫ ਨੂੰ ਹੁਕਮ ਸੁਣਾ ਦਿਤਾ ਤਾਂ ਸਜਾਵਾਂ ਹੋ ਜਈਆਂ। ਹਜਾਰਾ ਸਿੰਘ ਬਬਰ ਨੇ ਡਿਪਟੀ ਨੂੰ ਆਖਿਆ ਜਿਹੜਾ ਮੁਸਕਤਾਂ ਲਿਖਦਾ ਸੀ ਕਿ ਮੇਰੇ ਟਿਕਟ ਤੇ ਕੋਈ ਮੁਸਕਤ ਨਾਂ ਲਿਖੀਂ ਮੈਂ ਨਹੀਂ ਕਰਨੀ। ਡਿਪਟੀ ਨੇ ਬਾਣ ਲਿਖ ਦਿਤਾ। ਹਜਾਰਾ ਸਿੰਘ ਨੇ ਨਾਂ ਬਟਿਆ। ਸੁਪ੍ਰੈਂਟੈਂਡੈਂਟ ਚੋਪੜਾ ਨੇ ਸਜਾ ਦੇ ਦਿਤੀ। ਇਸ ਪਰ ੧੨ ਬਬਰਾਂ ਨੇ ਭੁਖਹੜਤਾਲ ਕਰ ਦਿਤੀ। ਜੇਲ ਵਲੋਂ ਹਦੋਂ ਪਰੇ ਬਬਰਾਂ ਪਰ ਸਖਤੀ ਕਰ ਦਿਤੀ ਗਈ। ਇਹਨਾਂ ਪਾਸੋਂ ਪਾਣੀ ਪੀਣ ਦੀਆਂ ਘੜੀਆਂ ਵੀ ਚੁਕਾ ਲਈਆਂ। ਜਦੋਂ ਭੁਖਹੜਤਾਲ ਇਕ ਮਹੀਨਾ ੧੯ ਦਿਨ ਤਕ ਪੁਜ ਗਈ ਤਾਂ ਪੈਹੇਦਾਰ ਮੁਲਾਜਮਾ ਨੇ ਆਖਿਆ ਕਿ ਬਬਰ ਦੋ ਦਿਨ ਤਕ ਸ਼ਹੀਦ ਹੋ ਜਾਣਗੇ। ਚੋਪੜਾ ਮੇਜਰ ਸਾਹਿਬ ਸ਼ਿਰੋਮਣੀ ਕਮੇਟੀ ਪਾਸ ਪੁਜਾ ਜੋ ਆਪ ਵਲੋਂ ਬੂਟਾ ਸਿੰਘ ਸਕਤਰ ਨਨਕਾਣਾ ਸਾਹਿਬ ਵਾਲੇ ਬਬਰਾਂ ਪਾਸ ਸੰਟਰਲ ਜੇਲ ਲਾਹੌਰ ਪੁਜੇ,ਭੁਖਹੜਤਾਲ ਤੋੜਣ ਵਾਸਤੇ।ਬਬਰਾਂ ਨੇ ਆਖਿਆ ਅਸਾਂ ਨੂੰ ਨਹੀਂ ਜਾਣਦੇ। ਆਪ ਜਾਓ। ਫੇਰ ਦੂਜੀ ਬਾਰ ਆਪ ਵਲੋਂ ਇਹੋ ਬੂਟਾ ਸਿੰਘ, ਤੇਜਾ ਸਿੰਘ ਸਮੁੰਦਰੀ,ਹਰੀ ਸਿੰਘ ਜਲੰਧਰ ਭੇਜੇ ਗਏ। ਸਵਾਲ ਜੁਵਾਬ ਬਹੁਤ ਹਏ। ਸਿਟਾ ਬਬਰਾਂ ਨੇ ਆਖਿਆ ਕਿ ਸਰਦਾਰ ਜੀ ਆਪ ਆਖਦੇ ਸੀ ਕਿ ਬਬਰਾਂ ਨੇ ਸ਼ਾਂਤਮਈ ਤੋੜ ਸੁਟੀ। ਉਹ ਵਕਤ ਤੋੜਨ ਦਾ ਸੀ ਹੁਣ ਸੱਤਾਂ ਸੱਤਾਂ ਜੇਂਦਿਆਂ ਦੇ ਅੰਦਰ ਸਿਵਾਏ ਭੁਖਹੜਤਾਲ ਤੋਂ ਬਿਨਾਂ ਕੋਈ ਚਾਰਾ ਨਹੀਂ। ਅਸੀ ਬਾਰ੍ਹਾਂ ਨੇ ਸ਼ਹੀਦ ਹੋ ਜਾਣਾ ਹੈ। ਜਿਆਦਾ ਤੋਂ ਜਿਆਦਾ ਤਿੰਨ ਦਿਨਾਂ ਤਕ। ਫਿਰ ਬਾਰ੍ਹਾਂ ਹੋਰ ਆ ਜਾਣਗੇ ਤੇ ਸ਼ਹੀਦ ਹੋ ਜਾਣਗੇ ਫਿਰ ਬਾਹਰਾਂ, ਇਸੇ ਤਰ੍ਹਾਂ ਸਾਰੇ ਬਬਰ ਸ਼ਹੀਦ ਹੋ ਜਾਣਗੇ। ਅਸੀਂ ਭੁਖਹੜਤਾਲ ਨਹੀਂ ਤੋੜਨੀ ਤੇ ਨਾਂ ਸਾਨੂੰ ਤੋੜਨ ਵਾਸਤੇ ਆਖਿਓ। ਆਪ ਜਾ ਕੇ ਮੌਜਾਂ ਕਰੋ। ਹਰੀ ਸਿੰਘ ਤੇ ਤੇਜਾ ਸਿੰਘ ਦੋਹਾਂ ਦੇ ਅੱਖਾਂ ਦੇ ਹੰਝੂ ਕਿਰਕੇ ਹੱਥਾਂ ਦੇ ਰੁਮਾਲ ਭਿਜ ਗਏ। ਇਹ ਕਹਿਣ ਲਗੇ ਸਾਥੋਂ ਗਲਤੀ ਹੋ ਗਈ, ਸਾਨੂੰ ਨਹੀਂ ਸੀ ਪਤਾ ਕਿ ਜੱਥੇ ਵਿਚ ਐਸੇ ਬਹਾਦਰ ਹਨ। ਇਹਨਾਂ ਕਈ ਵਾਰ ਆਖਿਆ ਸਾਥੋਂ ਗਲਤੀ ਹੋ ਗਈ ਹੈ। ਬਬਰਾਂ ਨੇ ਆਖਿਆ ਆਪ ਜਾਓ। ਬਬਰਾਂ ਨਾਲੋਂ ਤ੍ਰਅਕ ਤੋੜ ਕੇ ਆਪਣੀਆਂ ਜਾਨਾਂ ਬਚਾਓ। ਅਸੀਂ ਸ਼ਹੀਦ ਹੋ ਜਾਣਾ ਹੈ। ਹਰੀ ਸਿੰਘ ਤੇ ਤੇਜਾ ਸਿੰਘ ਨੇ ਇਕ ਕਾਗਜ਼ ਦਿਖਾਇਆ ਕਿ ਪੰਥ ਵਲੋਂ ਜੋ ਹੁਕਮ ਹੈ ਕਿ ਜੋ ਸਿੰਘ ਪੰਥ ਦਾ ਹੁਕਮ ਮੰਨਦਾ ਹੈ ਸੋ ਭੁਖਹੜਤਾਲਾ ਤੋੜ ਦੇਵੇ। ਸੋ ਬਬਰਾਂ ਨੇ ਪੰਥ ਦਾ ਹੁਕਮ ਸਿਰ ਮਥੇ ਤੇ ਮੰਨਕੇ ਭੁਖਹੜਤਾਲ ਤੋੜ ਸੁਟੀ। ਬਬਰ ਪੰਥ ਦੇ ਤੇ ਪੰਥ ਬਬਰਾਂ ਦਾ। ਅਜ ਧੋਤੀ, ਟੋਪੀ ਤੇ ਲੰਗੋਟੀ ਦੇ ਮੁਕਾਬਲੇ ਪਰਤਖ ਅਬੂਤ ਦੇਖ ਸਕਦੇ ਹੋ। ਏਸ ਭੁਖ ਹੜਤਾਲ ਤੋੜਣ ਨੂੰ ਚੋਪੜਾ ਸਾਹਿਬ ਬਬਰਾਂ ਦਾ ਦੁਧ, ਸਾਂਡੋ ਕੇਕ ਤੇ ਖੰਡ ਜੁਦਾ ਲੰਗਰ ਵੀ ਕਰਦਾ ਸੀ। ਬਬਰਾਂ ਨੇ ਆਖਿਆ ਜੋ ਸਾਡੇ ਭਰਾ ਰੋਟੀ ਖਾਂਦੇ ਹਨ ਸੋ ਅਸੀਂ ਖਾਵਾਂਗੇ। ਜੋ ਰਿਆਇਤ ਤੂੰ ਕਰ ਸਕਦਾ ਹੈਂ ਸੋ ਕੁਲ ਵਾਸਤੇ ਕਰ। ਜੇਲ ਵਿਚ ਬਬਰਾਂ ਨੂੰ ਕੋਹਲੂ, ਖਰਾਸ, ਮੁੰਜ ਚੱਕੀਆਂ ਤੇ ਕਾਗਜ਼ ਘੋਟਣੇ ਤੇ ਸਖਤ ਮੁਸ਼ਕਤਾਂ ਦਿਤੀਆਂ। ਪੁਜਕੇ ਸਖਤੀ ਕੀਤੀ ਪਰ ਸਭ ਨੇ ਕੋਈ ਪ੍ਰਵਾਹ ਨਾਂ ਕੀਤੀ। ਬਬਰਾਂ ਦੇ ਬੈਂਤ ਲਗੇ। ਕੋਠੀ ਵਿਚ ਬੰਦ ਰਖਣੇ, ਬੇਸ਼ੁਮਾਰ ਤਕਲੀਫਾਂ ਦਿਤੀਆਂ। ਜਿਹੜਾ ਚੂੜ੍ਹਾ ਬੈਂਤ ਲਾਉਂਦਾ ਸੀ ਉਹਨੂੰ ਬਬਰਾਂ ਨੇ ਆਖਿਆ ਜਰਾ ਰਆਇਤ ਨਾਲ ਕੰਮ ਕਰ ਉਸ ਨੇ ਮਖੌਲ ਸਮਝਿਆ। ਉਹਦੀ ਸਜਾ ਮੁਕ ਗਈ। ਰਿਹਾ ਹੋ ਕੇ ਜਦੋਂ ਲਾਹੌਰ ਸਟੇਸ਼ਨ ਤੇ ਪਲੇਟ ਫਾਰਮ ਪਰ ਗਡੀ ਚੜ੍ਹਣ ਲਗਾ ਤਾਂ ਕਿਸੇ ਬਬਰ ਜਵਾਨ ਨੇ ਮੋਢੇ

ਤੇ ਗੰਡਾਸੀ ਮਾਰ ਕੇ ਸੱਜੀ ਬਾਂਹ ਵੱਢ ਸੁਟੀ ਤੇ ਸੱਜੀ ਲੱਤ ਜਿਸਦੇ ਨਾਲ ਪੈਂਤੜਾ ਬਦਲਦਾ ਸੀ ਪੱਟ ਤੋਂ ਵੱਢ ਸੁਟੀ । ਪਲੇਟਫਾਰਮ ਤੇ ਫੈਸਲਾ ਪਾਰ ਕੀਤਾ ਤੇ ਖੂਬ ਮਜਾ ਆ ਗਿਆ। ਪੰਥ ਦੀ ਸ਼ਾਂਤਮਈ ਨੇ ਭੇਡਾਂ ਬੂਹੇ ਕਰ ਲਈਆਂ। ਗੁਰੂ ਸਾਹਿਬ ਤੇ ਬੰਦਾ ਬਹਾਦਰ ਤੇ ਹੋਰ ਬੇਅੰਤ ਸਿੰਘਾਂ ਨੇ ਤੇਗ ਬਾਹੀ ਤੇ ਸ਼ਹੀਦ ਆਂ ਪਾਈਆਂ। ਆਜ਼ਾਦੀ ਤਲਵਾਰ ਦੀ ਨੋਕ ਦੇ ਉਤੇ ਹੈ। ਸੱਚੇ ਤੇ ਸੁਚੇ ਸ਼ਹੀਦਾਂ ਦੇ ਸਿਰਾਂ ਦੇ ਆਸਰੇ ਟਿਕਦੀ ਹੈ। ਦੁਸ਼ਮਣ ਬਾਤ ਕਰੇ ਅਣਹੋਣੀਆਂ ਇਸਦੀਆਂ ਚਾਲਾਂ ਦਾ ਟਾਕਰਾ ਬੜਾ ਮੁਸ਼ਕਲ ਹੈ। ਇਸ ਗਲ ਨੂੰ ਸੋਚ ਕੇ ਅਜ ਤਕ ਬਬਰਾਂ ਨੇ ਕੋਈ ਇਲਾਨ ਜਾਂ ਕੋਈ ਇਸ਼ਤਿਹਾਰ ਕਦੇ ਕਿਸੇ ਦੇ ਬਰਖਿਲਾਫ ਨਹੀਂ ਕੱਢਿਆ। ਅਮਰੀਕਾ ਤੇ ਕਨੇਡਾ ਵਾਲਿਆਂ ਦੀ ਅਸਲੀ ਸੱਚੀ ਤੇ ਸੁਚੀ ਲਾਇਨ ਪਰ ਬਬਰਾਂ ਨੇ ਅਮਲ ਕੀਤਾ। ਸੋ ਆਪਣੇ ਸੀਸ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਇਆ। ਜਦੋਂ ਅੰਗਰੇਜ ਨੇ ੧੨ ਸਾਲ ਧੋਖੇ ਕਰਕੇ ਪੰਜਾਬ ਨੂੰ ਗਰਕ ਕਰ ਦਿਤਾ ਤਾਂ ਬਹਾਦਰ ਪੂਰਨ ਸਿੰਘ ਤੇ ਬਾਬਾ ਰਾਮ ਸਿੰਘ ਕੂਕਾ ਸੰਮਤ ਬਿਕਰਮੀ ੧੯੨੯ ਵਿਚ ਤੇ ਈਸਵੀ ੧੮੭੨ ਵਿਚ ਨੇ ਪਹਿਲੇ ਆਪਣੇ ਚੇਲਿਆਂ ਨੂੰ ਨਾਮਦਾਨ ਇਸ਼ਨਾਨ ਦਸਕੇ ਬਾਈ ਜਥੇਦਾਰ ਬਣਾ ਕੇ ਆਖਿਆ ਤੁਸੀਂ ਇਕ ਇਕ ਹਜਾਰ ਆਪਣੇ ਹਮ ਖਿਆਲ ਦਾ ਬੰਦਾ ਕਰਕੇ ਮੇਰੇ ਪਾਸ ਲਿਆਵੋ ਮੈਂ ਆਪਨੂੰ ਕੋਈ ਹੁਕਮ ਦਿਆਂਗਾ। ਇਹਨਾਂ ਨੇ ਕਿਸੇ ਪੰਜ ਕਿਸੇ ਦਸ ਕਿਸੇ ਪੰਦਰਾਂ ਪੈਦਾ ਕਰਕੇ ਤਿੰਨ ਚਾਰ ਸੌ ਕਠਾ ਹੋ ਕੇ ਮਲੇਰ ਕੋਟਲੇ ਤੇ ਹੱਲਾ ਬੋਲ ਦਿਤਾ। ਡਿਪਟੀ ਕਮਿਸ਼ਨਰ ਤੇ ਬੁਚੜ ਮਾਰੇ। ਮਲੌਦ ਵਾਲੇ ਸਰਦਾਰ ਤੇ ਹਲਾ ਬੋਲ ਦਿਤਾ। ਲਾਹੌਰ ਬੁਚੜ ਮਾਰੇ। ਇਹ ਹੱਲਾ ਬਾਈ ਹਜਾਰ ਨੇ ਬੋਲਣਾ ਸੀ। ਜਦੋਂ ਅੰਗਰੇਜ ਨੂੰ ਪਤਾ ਲਗਾ ਤਾਂ ਇਸਦੀ ਛਾਤੀ ਵਿਚ ਬਰਛਾ ਬਜਾ ਤੇ ਕਿਹਾ ਮੈਂ ਤਾਂ ਪੰਜਾਬ ਨੂੰ ਸਦੀਆਂ ਤਕ ਮਾਰ ਚੁਕਾ ਸੀ। ਇਹ ਸਿੰਘ ਕਿਸ ਤਰ੍ਹਾਂ ਜਾਗ ਪਏ। ਹੁਕਮ ਦਿਤਾ ਇਹਨਾਂ ਕੂਕੇ ਸਿੰਘਾਂ ਨੂੰ ਫੜਕੇ ਬਿਨਾ ਮੁਕੱਦਮਾ ਬਿਨਾ ਤਫਤੀਸ਼ ਤੋਪ ਮੂਹਰੇ ਓਡਾ ਦਿਓ। ਸੋ ਇਸ ਤਰ੍ਹਾਂ ਹੀ ਹੋਈ। ਜਦੋਂ ਬਾਬੇ ਰਾਮ ਸਿੰਘ ਨੂੰ ਪਤਾ ਲਗਾ ਤਾਂ ਸਖਤ ਨਰਾਜ ਹੋਇਆ। ਭੈਣੀ ਸਾਹਬ ਦੀਵਾਨ ਲਾ ਕੇ ਆਖਿਆ ਜਿਸ ਜਿਸ ਨੇ ਸਾਜ਼ਸ਼ ਵਿਚ ਹਿੱਸਾ ਲਿਆ ਆਪਣੇ ਆਪ ਗਿਰਫਤਾਰ ਹੋ ਜਾਵੋ। ੬੬ ਗਿਰਫਤਾਰ ਹੋਏ ਜੋ ਤੋਪ ਮੂਹਰੇ ਖੜੇ ਕਰਕੇ ਮਲੇਰ ਕੋਟਲੇ ਉਡਾਏ ਗਏ। ਬਾਬੇ ਰਾਮ ਸਿੰਘ ਨੂੰ ਪਕੜ ਕੇ ਬਰਮਾ ਮੋਰ ਮਈ ਦੀ ਜੇਲ ਵਿਚ ਲੈ ਗਏ। ਮਗਰੋਂ ਜਿਸਨੂੰ ਫੜਿਆਂ ਪੁਛਿਆ ਕਿ ਤੂੰ ਕੂਕਾ ਹੈ। ਉਸ ਨੇ ਕਿਹਾ ਨਹੀਂ ਜੀ ਮੈਂ ਨਾਮਧਾਰੀਆ ਨਾਮ ਦੇ ਜੱਪਣ ਵਾਲਾ। ਕਰਪਾਨ ਲਾਹ ਕੇ ਉਨ ਦੀ ਮਾਲਾ ਫੜ ਲਈ। ਕੂਕੇ ਤੁਅਕ ਛਡਕੇ ਨਾਮਧਾਰੀਏ ਬਣ ਗਏ। ਐਸ ਵਕਤ ਦੇ ਗ਼ਦਾਰਾਂ ਨੇ ਖੇਹ ਖਾਣੀ ਆ ਪਣਾ ਫਰਜ ਮਸਝਿਆ ਹੋਇਆ ਹੈ। ਸੋ ਸਿੰਘੋ ਏਸ ਸ਼ਾਂਤਮਈ ਦੇ ਕੋੜ ਨੂੰ ਮਥਾ ਟੇਕੋ ਤੇ ਆਪਣੀ ਅਸਲ਼ ਲਾਇਨ ਤੇ ਆਓ ਜੇ ਬਚਣਾ ਹੈ।

## ਵਾਕ ਕਵੀ (ਕਬਿੱਤ)

ਚੂੜ੍ਹੇ ਦੀ ਜਵਾਨੀ ਬੁਰੀ, ਚੁਗਲਾਂ ਦੀ ਭਾਨੀ ਬੁਰੀ, ਸੂਰਮੇ ਨੂੰ ਕਾਨੀ ਬੁਰੀ, ਜੋਸ਼ ਨਾ ਸਮਾਂਵਦੇ।
ਰੰਨ ਦੇ ਪਖੰਡ ਬੁਰੇ, ਰਾਜਿਆਂ ਦੇ ਜੰਗ ਬੁਰੇ, ਚੋਰ ਵਾਲੇ ਸੰਦ ਬੁਰੇ, ਲੋਹੇ ਨੂੰ ਕਟਾਂਵਦੇ।
ਬਿਨਤਤੇ ਦਾ ਯਾਰ ਮਾੜਾ, ਹੱਦੋਂ ਪਰੇ ਭਾਰ ਮਾੜਾ, ਰਜਿਆ ਚਮਾਰ ਮਾੜਾ, ਧੌਣ ਨੂੰ ਤੁੜਾਂਵਦੇ।
ਖੇਤ ਵਿਚ ਸੀੜ ਮਾੜੀ, ਵੱਖੀ ਹੁੰਦੀ ਪੀੜ ਮਾੜੀ, ਤੀਵੀ ਆਂ ਨੂੰ ਹੀਰ ਮਾੜੀ, ਘਰੀਂ ਜੋ ਸੁਣਾਂਵਦੇ।

ਸੰਤਾਂ ਨੂੰ ਹਾਸਾ ਮਾੜਾ, ਕਲਿਆਂ ਦਾ ਬਾਸਾ ਮਾੜਾ, ਰੰਡੀ ਨੂੰ ਤੁਮਾਸਾ ਮਾੜਾ, ਪੁਟਕੇ ਬਹਾਂਮਦੇ।
ਤਤੀ ਜੋ ਸ਼ਰਾਬ ਮਾੜੀ, ਰੋਹੀ ਵਿਰ ਰਾਬ ਮਾੜੀ, ਪੁਤਰੀ ਖਰਾਬ ਮਾੜੀ, ਜੜਾਂ ਨੂੰ ਪੁਟਾਂਵਦੇ।
ਰਾਜ ਸੁਲਤਾਨ ਬਿਨਾਂ, ਆਦਮੀ ਗਿਆਨ ਬਿਨਾਂ, ਜੰਗ ਸੁਮਆਨ ਬਿਨਾਂ, ਖ਼ਾਕ ਮੇਂ ਮਲਾਂਵਦੇ

**ਨੋਟ** :—ਸੰਤਾਂ ਨੂੰ ਹਾਸਾ ਜੈਸਾਂਕਿ ਦਰਬਾਸਾ ਰਿਖੀ ਨੂੰ ਜਾਦਵਾਂ ਨੇ ਕੀਤਾ ਸੀ। ਰਜਿਆ ਚੁਮਾਰ ਆਪ ਹਿੰਦੀ ਪੰਜਾਬੀ ਬੋਲੇ ਦੇਖ ਚੁਕੇਹਾਂ। ਜੰਗ ਸੁਮਆਨ ਬਿਨਾਂ ਮਹਾਂ ਰਾਜਾ ਸ਼ੇਰ ਸਿੰਘ ਦੀ ਲੜਾਈ ਚੇਲਿਆਂ ਵਾਲੀ ਸੁਮਆਨ ਤੋਂ ਬਿਨਾਂ ਸੂਰਮੇ ਨੂੰ ਹਾਰਨਾ ਪਿਆ। ਜਦੋਂ ਨਨਕਾਣੇ ਸਾਹਿਬ ਦਾ ਖੂਨੀ ਸਾਕਾ ਹੋ ਗਿਆ ਤਾਂ ਗੌਰਮਿੰਟ ਨੇ ਗੁਰਦੁਵਾਰੇ ਤੇ ਪਾਬੰਦੀ ਲਾ ਦਿਤੀ ਫੌਜ ਤੇ ਪੁਲੀਸ ਦੇ ਪੈਹਰੇ ਬਠਾ ਦਿਤੇ ਕੋਈ ਸਿੰਘ ਅੰਦਰ ਨਾ ਜਾਵੇ। ਤਾਂ ਪੰਥ ਨੇ ਨੋਟਸ ਦਿਤਾ, ਕਿ ਗਿਆਰਾਂ ਤਰੀਕ ਨੂੰ ਅਸਾਂ ਰਿਹ ਰਾਸ ਦਾ ਪਾਠ ਗੁਰਦੁਆਰੇ ਦੇ ਅੰਦਰ ਕਰਨਾ ਹੈ। ਜੋ ਗੌਰਮਿੰਟ ਮਰਜੀ ਹੋਵੇ ਸੋ ਕਰੇ। ਏਸ ਮਜਮੂਨ ਦੀ ਖਬਰ ਬਰਮਾਂ ਵਿਚ ਗਈ, ਮੈਂ ਓਦੋਂ ਬਰਮਾਂ ਸਿਟੀ ਪੁਲੀਸ ਰਾਗੂੰਨ ਵਿਚ ਭਰਤੀ ਸੀ। ਜੋ ਇਕ ਸਿੰਧੀਆਂਦੇ ਭੋਗ ਪਾ ਗਏ ਹੋਏ ਸ਼ਾਮ ਨੂੰ ਛੇ ਬਜੇ ਸ਼ਬਦ ਪੜਦੇ ਸਾਂ ਜਦੋਂ ਤਾਰ ਓਥੇ ਪੁਜੀ ਤਾਰ ਦਾ ਮਤਲਬ ਪੰਥ ਨੇ ਗਿਆਰਾਂ ਤਰੀਕ ਨੂੰ ਅੰਦਰ ਜਾਣਾ। ਤੁਸਾਂ ਬਰਮਾਂ ਡਵੀਜਨ ਕਮੇਟੀ ਪੰਥ ਦੇ ਨਾਲ ਜਾਂਕੇ ਨਹੀਂ ਜਬਾਬ ਦਕੇ ਹੋਰ ਕੰਮ ਕਰਨਾ। ਸਾਰੇ ਗੁਰਦੁਆਰੇ ਕੱਠੇ ਹੋਏ, ਮਸਲਾ ਮੋਰੇ ਰਖਿਆ ਗਿਆ। ਛੇ ਬਜੇ ਤੋਂ ਲੈਕੇ ਰਾਤ ਬਾਰ੍ਹਾਂ ਬਜੇ ਤਕ ਕਮੇਟੀ ਤੋਂ ਕੋਈ ਫੈਸਲਾ ਨ ਹੋਇਆ। ਓਸ ਵਕਤ ਡਾਕਟਰ ਰਘਬੀਰ ਸਿੰਘ ਮਾਲਵੇਦਾ ਕਮੇਟੀ ਦਾ ਮੈਂਬਰ; ਇਸ ਨੂੰ ਕਢਣ ਵਾਸਤੇ ਲਾਨ: ਸਿੰਘ ਮਝੈਲ ਨੇ ਜੋਰ ਦਿਤਾ ਹੋਇਆ ਡਾਕਟਰ ਇਕ ਹਫਤੇ ਤੋਂ ਗੁਰਦੁਆਰੇ ਨਹੀਂ ਸੀ ਆਇਆ, ਜਾਂ ਫੈਸਲਾ ਨਾ ਹੋਇਆ। ਤਾਂ ਅਧੀ ਰਾਤ ਡਾਕਟਰ ਰਘਬੀਰ ਸਿੰਘ ਨੂੰ ਲਿਆ ਕੇ ਤਾਰ ਦਿਖਲਾਈ ਡਾਕਟਰ ਨੇ ਆਖਿਆ ਜਾਓ ਅਰਾਮ ਕਰੋਂ ਮੈਂ ਆਪੇ ਕਲ ਜਵਾਬ ਦੇ ਦਵਾਂਗਾ। ਸੁਕਰ ਕੀਤਾ ਦੂਜੇ ਦਿਨ ਦਸ ਵਜੇ ਪੁਲੀਸ ਦਾ ਕਮਿਸ਼ਨਰ ਨੰਗਲ ਨਾਮੇ ਸਿਖਾਂ ਦਾ ਕਟਰ ਬੈਰੀ ਸੀ ਵੀਹ ੨ ਸਾਲ ਦੇ ਨੌਕਰਾਂ ਤੁਛ ਗਲ ਤੋਂ ਨਾਮ ਕਟ ਦਿਤੇ ਰਘਬੀਰ ਸਿੰਘ ਨੇ ਤਾਰ ਓਦੋਂ ਮੋਰੇ ਰਖਕੇ ਆਖਿਆ ਐ ਦਾ ਜਵਾਬ ਦੇਹ ਅੰਗਰੇਜ਼ ਕਹਿੰਦਾ ਮਿੰਘਾਂ ਨੇ ਮਹੰਤ ਦੇ ਘਰ ਡਾਕਾ ਮਾਰਿਆ ਓਸ ਨੇ ਸਿਖ ਮਾਰ ਸੁਟੇ, ਕਸੂਰ ਸਿਖਾਂ ਦਾ ਹੈ। ਡਾਕਟਰ ਏ ਤਾਂ ਸੁਵਾਲ ਹੀ ਨਹੀਂ ਤੂੰ ਜਵਾਬ ਦੇਹ, ਅਸਾਂ ਕੀ ਕਰੀਏ ਜੇ ਅਸਾਂ ਕੌਮ ਦੇ ਨਾਲ ਆਖੀਏ ਤੂੰ ਸਾਂਨੂੰ ਕੈਦ ਕਰਨਾ, ਜੇ ਟੁਟੀਏ ਤਾਂ ਅਸਾਂ ਬਚ ਨਹੀਂ ਸਕਦੇ। ਅੰਗਰੇਜ਼ ਕਹਿੰਦਾ ਮੈਨੂੰ ਜਵਾਬ ਨਹੀਂ ਔਂਦਾ, ਡਾਕਟਰ ਜੀ ਆਪ ਦਸੋ ਡਾਕਟਰ ਅਸਾਂ ਨੂੰ ਕੌਮ ਦੇ ਨਾਲ ਹੋਣਾ ਪਏਗਾ। ਅੰਗਰੇਜ਼ ਨੇ ਕਿਹਾ ਠੀਕ ਹੈ, ਠੀਕ ਹੈ ਤਾਂ ਸਾਈਨ ਕਰ ਦੇ। ਓਸ ਨੇ ਸਾਈਨ ਕਰ ਦਿਤੇ। ਜਿਓਂ ਤੁਮਾਮ ਮੁਲਕ ਨੂੰ ਤਾਰਾਂ ਖੜਕੀਆਂ ਕੇ ਬਰਮਾਂ ਭਵੀਜਨ ਕੇ ਬਰਮਾਂ ਡਵੀਜਨ ਕਮੇਟੀ ਪੰਥ ਦੇ ਨਾਲ ਹੈ। ਜੇ ਪੰਥ ਗਿਆਰਾਂ ਤਰੀਕ ਨੂੰ ਜਾਏਗਾ, ਬਰਮਾਂ ਡੀਵਜਨ ਕਮੇਟੀ ਨੌ ਤਰੀਕ ਨੂੰ ਅੰਦਰ ਜਾਣ ਵਾਸਤੇ ਤਿਆਰ ਹੈ। ਜੋ ਇਕ ਤਾਰ ਲਾਹੌਰ ਦੇ ਲਾਟ ਨੂੰ ਭੇਜੀ ਗਈ। ਸੁਣ ਕੇ ਲਾਟ ਦੇ ਛਕੇ ਛੁਟ ਗਏ, ਘੇਰਾ ਓਠਾ ਲੈਣ ਦਾ ਹੁਕਮ ਦੇ ਦਿਤਾ। ਸੋ ਖਾਲਸਾ ਜੀ ਐਸੇ ੨ ਦੀਮਾਗ ਵਾਲੇ ਪੁਰਸ਼ ਕਮੇਟੀ ਵਿਚ ਹੋਣੇ ਚਾਹੀਦੇ ਹਨ। ਨਾ ਕਿ ਗੰਦੀ ਜ਼ਮੀਰ ਵਾਲੇ, ਬਬਰਾਂ ਪਰ ਦੂਸ਼ਨ, ਕਨੇਡਾ ਵਾਲਿਆਂ ਪਰ ਦੂਸ਼ਨ

ਕਾਮਾਂ ਗਟਾ ਮਾਰੂ ਜਹਾਜ਼ ਵਾਂਲਿਆ ਪਰ ਦੂਸ਼ਨ, ਪੰਥ ਨੂੰ ਨੁਕਸਾਨ ਪਚੌਣ ਵਾਲੇ ਏਹ ਹਨ। ਜਦੋਂ ਆਪਨੇ ਫਤਵਾ ਲਾਕੇ ਬਬਰ ਮੌਤ ਦੇ ਮੂੰਹ ਵਿਚ ਧਕ ਦਿਤੇ, ਤਾਂ ਬਹਾਦੂਰ ਅਮਰੀਕਾ ਤੇ ਕਨੇਡਾ ਵਾਲਿਆ ਨੇ ਬੱਬਰਾਂ ਦੀ ਅਪੀਲ ਹਾਈਕੋਟ ਵਿਚ ਕਰ ਦਿਤੀ। ਜਿਸਦੇ ਵਿਚ ਬਬਰਾਂ ਦੀਆਂ ਸਜਾਵਾਂ ਵਧ ਗਈਆ। ਦਲੀਪ ਸਿੰਘ ਭੁਝੰਗੀ ਮੌਜਾਂ ਧਾਮੀਆਂ ਵਾਲੇ ਲੜਕੇ ਦੀ ਤਸਵੀਰ ਚੇਹਰਾ ਬਹੁਤ ਹੀ ਸੋਹਣਾ ਸੀ। ਜੋ ਕੋਠੀ ਲਗਾ ਸਭ ਅਪੀਲ ਖਾਰਜ ਹੋ ਗਏ। ਜਦੋਂ ਅਪੀਲ ਮੁਕ ਜਾਵੇ, ਤਾਂ ਇਕ ਹਫਤੇ ਦੇ ਅੰਦਰ ੨ ਫਾਂਸੀ ਟੰਗ ਦੇਂਦੇ ਸਨ, ਜੋ ਭੁਝੰਗੀ ਨੂੰ ਦੇਖਕੇ ਦਰੋਗੇ ਦਾ ਦਿਲ ਥਮਿਆਂ ਨਾ ਗਿਆ। ਭੁਝੰਗੀ ਨੂੰ ਕਹਿਣ ਲਗਾ ਤੂੰ ਰਹਿਮ ਦਿਲੀ ਦੇ ਕਾਗਜ਼ ਤੇ ਅੰਗੂਠਾ ਲਾਂਦੇ ਮੱਤੇ ਮੇਜਰ ਸਾਹਿਬ ਲਾਟ ਦੇ ਕੋਲ ਜਾਵਾਂਗੇ ਆਪ ਨੂੰ ਲਾਟ ਰਿਹਾ ਕਰ ਦੇਵੇਗਾ, ਓਸ ਹੋਵਾਲ ਨੂੰ ਪੜ੍ਹੋ।

ਥੋੜਾ ਹਵਾਲ ਬਰਿਆਮ ਸਿੰਘ ਧੈਨੋਂ ਆਲੀਏ ਦਾ ਪਹਿਲੇ ਪੜੋ।

ਏਹ ਬਰਿਆਮ ਸਿੰਘ ਮੌਜਾਂ ਧੈਨੂੰ ਆਲੀ ਤਾਸੀਲ ਜਿਲਾ ਜਲੰਧਰ। ਏਸ ਜ਼ੁਆਨਦਾ ਬਿਟਾ ਜਿਹੜਾ ਰਾਮ ਮੂਰਤੀ ਵਾਂਗ ਛਾਤੀ ਪੁਰ ਰਖਾਕੇ ਸਿਟਦਾ ਹੈ, ਓਦਾ ਵਜਨ ਇਕ ਸੌ ਪਚੀ ਮਣ ਹੈ. ਅੰਗ ਜੋ ਓਦੇ ਬਟੇ ਪਰ ਹੈ ੧੨੪) ਜੜਾ ਬਸਰਾਮ ਪੁਰ ਭੋਜੋਆਲ ਤੇ ਚਾਂਦ ਪੁਰ ਦੇ ਬਚਾਲੇ ਕਨੂਨੀਬਾਲਾ ਥੇਓ ਜਿਥੇ ਬਾਬੇ ਬੰਦੇ ਦਾ ਗੁਰਦੁਆਰਾ ਓਥੇ ਪਿਆ ਜਿਸਨੂੰ ਛਕ ਹੋਵੇ ਦੇਖ ਸਕਦਾ ਹੈ। ੩੫ ਮਣ ਦਾ ਖਰਾਸ ਦਾ ਪੁੜ ਪਿਪਲ ਨਾਲ ਸੰਗਲ ਨਾਲ ਲਟਕਦਾ ਹੈ ਜੋ ਚੜਾਇਆ ਕਲੇ ਨੇ ਹੋਇਆ ਹੈ। ੫੫ ਮਣ ਕਚੇ ਦੀ ਮੁੰਗਲੀ ਜਿਸਨੂੰ ਗਾਡਰ ਲਗੇ ਹੋਏ ਸਨ। ਅਸਾਂ ਓਦੇ ਨਾਲ ਦੋ ੨ ਘੰਟੇ ਦੋਬਾਰਾਂ ਗਲਾਂ ਕੀਤਿਆਂ ਅਸਾਂ ਆਖਿਆ ਕੋਈ ਜਾਦੂ ਜਾਂ ਕੋਈ ਕਲਾਮ ਹੈ। ਓਸਨੇ ਆਖਿਆ ਮੈਂ ਬਾਣੀ ਤੋਂ ਬਿਨਾਂ ਕੁਛ ਨਹੀਂ ਪੜਦਾ ਇਹ ਮੇਰੀ ਪਰੈਕਟੀਸ ਹੈ। ਮੇਲੇ ਵਿਚੋਂ ਜਿਸ ਲੜਕੇ ਨੂੰ ਮੈਂ ਆਖਾਂ ਮੈਨੂੰ ਸਤ ਸਾਲ ਵਾਸਤੇ ਦੇ ਦਿਓ। ਇਹ ਬਟਾ ਓਸਤੇ ਚੁਕਾ ਦਿਆਂਗਾ। ਪੰਥ ਵਿਚ ਐਡੇਰ ਸਿੰਘ ਬਲੀ ਤੇ ਮਜੂਦ ਹੈ। ਫੇਰ ਪਿਠਤੇ ਗੁਰੂ ਦਾ ਹਥ ਫੇਰ ਜੀਓਂਦੇ ਮੁਰਦੇ ਬਨਣ ਦੀ ਕੀ ਲੋੜ ਹੈ। ਰਹਿਮ ਦਿਲੀ ਦਾ ਮਤਲਬ ਮੁਆਫੀ ਮੰਗਣੀ ਹੁੰਦੀ ਹੈ।

## ਆਖਣਾ ਦਲੀਪ ਸਿੰਘ ਨੂੰ ਦਰੋਗੇ ਦਾ

(ਬੈਂਤ)

ਹਾਈਕੋਟ ਅਪੀਲ ਹੋ ਗਈ ਖਾਰਜ, ਫੈਲ ਗਈ ਇਹ ਸਾਰੇ ਉਫਵਾ ਬੀਬਾ।
ਹਫਤੇ ਵਿਚ ਜਾਣਾ ਮੁੰਡਾ ਮਾਰਿਆ ਏ, ਗੰਮ ਲਿਆ ਦਰੋਗੇ ਨੇ ਖਾ।
ਰਹਿਮ ਦਿਲੀ ਦੇ ਵਾਸਤੇ ਲੈ ਕਗਜ਼, ਪੁਜਾ ਕੋਲ ਭੁਝੰਗੀ ਦੇ ਜਾ ਬੀਬਾ।
ਹੇਰ ਫੇਰ ਕਰਕੇ ਗਲਾਂ ਬਹੁਤੀਆਂ ਏਹ, ਆਖੇ ਏਸ ਤੇ ਅੰਗੂਠਾਲਗਾ ਬੀਬਾ।
ਲਾਟ ਸਾਹਿਬ ਦੇ ਕੋਲ ਮੈਂ ਆਪ ਜਾਵਾਂ ਲਵਾਂ ਸਾਹਿਬ ਨੂੰ ਨਾਲ ਰਲਾ ਬੀਬਾ।
ਸਾਡੇ ਗਿਆਂ ਤੇ ਮੈਨੂੰ ਜਕੀਨ ਪੱਕਾ ਕਰਾਂ ਦੇਵਾਂਗਾ ਤੈਨੂੰ ਰਿਹਾ ਬੀਬਾ।
ਭਾੜੇ ਭੰਗ ਦੇ ਜਾਨ ਗਵਾਉਂਦਾ ਤੂੰ ਸੋਚ ਸਮਝ ਲੈ ਅਕਲ ਦੂੜਾ ਬੀਬਾ।
ਸੁੰਦਰ ਪੁਤ ਹੈ ਤੂੰ ਜਿਨਾਂ ਮਾਪਿਆਂ ਦਾ ਠੰਡ ਉਹਨਾਂ ਦੇ ਕਾਲਜੇ ਪਾ ਬੀਬਾ।
ਪੁਤ ਸੋਹਣਾ ਜਿਨਾਂ ਦਾ ਚੰਦ ਵਰਗਾ ਪੈ ਜਾਊ ਵਿਚ ਕਲੇਜੇ ਦੇ ਘਾ ਬੀਬਾ।

ਤੇਰੀ ਉਮਰ ਹੈ ਖਾਂਵਣੇ ਪਹਿਨਣੇ ਦੀ ਭਾੜੇ ਭੰਗ ਨਾਂ ਜਾਨ ਗਵਾ ਬੀਬਾ।
ਕਿਦਾਂ ਜਰਗੇ ਸੁਣ ਕੇ ਮੌਤ ਤੇਰੀ ਮਰ ਜਾਣਗੇ ਜਹਿਰ ਨੂੰ ਖਾ ਬੀਬਾ।
ਪਿਟ ਪਿਟ ਕੇ ਮਰੇਗੀ ਮਾਂ ਤੇਰੀ ਲਗੂ ਜਿਸ ਦੇ ਕਾਲਜੇ ਦਾਹ ਬੀਬਾ।
ਸੁਣ ਕੇ ਬੋਲ ਦਰੋਗੇ ਦੇ ਲਾਭ ਸਿੰਘਾ ਮੁੰਡਾ ਆਖਦਾ ਕੰਨ ਟਕਾ ਬੀਬਾ।

## ਕੋਰੜਾ ਛੰਦ

ਆਖਦਾ ਦਲੀਪ ਸਿੰਘ ਹੋਜਾ ਦੂਰ ਜੀ, ਤੇਰੀ ਗਲ ਉਕੀ ਨਹੀਂ ਮਨਜੂਰ ਜੀ,
ਅਜ ਮਰ ਜਾਵਾਂ ਮਰਨਾ ਜੇ ਸਾਲ ਨੂੰ, ਤੂੰ ਨਹੀਂ ਖਾਨਾਂ ਜਾਣਦਾ ਸਿੰਘਾਂ ਦੇ ਹਾਲ ਨੂੰ।
ਸਾਡੇ ਜੋ ਬਜੁਰਗਾਂ ਨੇ ਰੀਤਾਂ ਤੋਰੀਆਂ, ਮਾਫੀ ਨਾਂ ਮੈਂ ਮੰਗਾਂ ਕੱਟ ਹੋਣ ਪੋਰੀਆਂ,
ਸਗੋਂ ਵਾਜਾਂ ਮਾਰ ਕੇ ਬੁਲਾਵਾਂ ਕਾਲ ਨੂੰ, ਤੂੰ ਨਹੀਂ ਖਾਨਾਂ ਜਾਣਦਾ ਸਿੰਘਾਂ ਦੇ ਹਾਲ ਨੂੰ।
ਏਸ ਅੰਗਰੇਜ ਵਾਲਾ ਫਾਹਾ ਵੱਢੀਏ, ਮਾਰ ਮਾਰ ਖੌਂਸੜੇ ਨਕਾਲ ਛੱਡੀਏ,
ਜੁਲਮ ਤੰਦੂਰ ਵਿਚ ਮਾਰਾਂ ਛਾਲ ਨੂੰ, ਤੂੰ ਨਹੀਂ ਖਾਨਾਂ ਜਾਣਦਾ ਸਿੰਘਾਂ ਦੇ ਹਾਲ ਨੂੰ।
ਭੁਲ ਗਏ ਡੈਣ ਤਾਈਂ ਘਰ ਵਾੜ ਕੇ, ਖਾ ਲਿਆ ਟਬਰ ਏਸ ਪਾੜ ਪਾੜ ਕੇ,
ਅਸੀਂ ਭੇਤ ਪਾਇਆ ਜਿਹੜੀ ਚੱਲੇ ਚਾਲ ਨੂੰ, ਤੂੰ ਨਹੀਂ ਖਾਨਾਂ ਜਾਣਦਾ ਸਿੰਘਾਂ ਦੇ ਹਾਲ ਨੂੰ
ਮਾਰ ਦਿਤੇ ਏਸ ਜੇਲਾਂ ਵਿਚ ਸਾੜ ਕੇ, ਸੈਂਕੜੇ ਹਜਾਰਾਂ ਫਾਸੀਆਂ ਤੇ ਚਾੜ ਕੇ,
ਸਾਡੇ ਕੰਨ ਪਾਵੇਂ ਨਾਂ ਗੰਦੇ ਸਵਾਲ ਨੂੰ, ਤੂੰ ਨਹੀਂ ਖਾਨਾਂ ਜਾਣਦਾ ਸਿੰਘਾਂ ਦੇ ਹਾਲ ਨੂੰ।
ਮਹਾਂਰਾਣੀ ਜਿੰਦਾ ਤਾਈਂ ਜੇਲ ਡਾਲਿਆ, ਬੰਨ ਕੇ ਦਲੀਪ ਪ੍ਰਦੇਸ਼ ਮਾਰਿਆ,
ਸਾਡਾ ਕਰੇ ਖਾਤਮਾ ਜੇ ਕਰੇ ਖਿਆਲ ਨੂੰ, ਤੂੰ ਨਹੀਂ ਖਾਨਾ ਜਾਣਦਾ ਸਿੰਘਾਂ ਦੇ ਹਾਲ ਨੂੰ।
ਜ਼ਹਿਰ ਭਰੀ ਜੀਭ ਇਹਦੀ ਛੁਰੀ ਵਗਦੀ, ਬੁਲਾਂ ਦੀ ਮਿਠਾਸ ਐਵੇਂ ਸੋਹਣੀ ਲਗਦੀ,
ਪਲੋਸ ਦੀ ਹੈ ਉਤੋਂ ਸੀਨੇ ਮਾਰ ਫਾਲ ਨੂੰ, ਤੂੰ ਨਹੀਂ ਖਾਨਾਂ ਜਾਣਦਾ ਸਿੰਘਾਂ ਦੇ ਹਾਲ ਨੂੰ।
ਜਿਸ ਦੇ ਮੁਕਾਬਲੇ 'ਚ ਚੁਕੀ ਤੇਗ ਸੀ, ਤੂੰ ਉਸਦਿਆਂ ਪੈਰਾਂ ਪੁਰ ਰਿਹਾ ਡੇਗ ਜੀ,
ਘਟੇ ਵਿਚ ਰੋਲਦਾ ਹੈ ਘਾਲੀ ਘਾਲ ਨੂੰ, ਤੂੰ ਨਹੀਂ ਖਾਨਾਂ ਜਾਣਦਾ ਸਿੰਘਾਂ ਦੇ ਹਾਲ ਨੂੰ।

**ਨੋਟ :...** ਏਸ ਭੁਝੰਗੀ ਦਲੀਪ ਸਿੰਘ ਬਬਰ ਦੀ ਬਹੁਤ ਹੀ ਬਹਾਦਰੀ ਹੈ। ਜਦੋਂ ਸਾਰੀਆਂ ਅਪੀਲਾਂ ਖਾਰਜ ਹੋ ਗਏ ਤਾਂ ਅੱਠਾਂ ਦਿਨਾਂ ਦੇ ਅੰਦਰ ਅੰਦਰ ਫਾਂਸੀ ਲਟਕਾ ਦੇਣਾ ਸੀ। ਇਸ ਭੁਝੰਗੀ ਦਾ ਸੱਤਾਂ ਦਿਨਾਂ ਵਿਚ ਸਤ ਪਾਊਂਡ ਭਾਰ ਵਧ ਗਿਆ। ਦਰੋਗਾ ਹੈਰਾਨ ਹੋ ਕੇ ਪੁਛਦਾ ਹੈ ਕੇ ਬੀਬਾ ਆਪਨੂੰ ਕਾਹਦਾ ਹੌਸਲਾ ਹੈ ਜੋ ਆਪ ਦਾ ਰੋਜ ਵਜਨ ਵਧ ਜਾਂਦਾ ਹੈ। ਜੁਵਾਬ ਜਿਸ ਕੰਮ ਨੂੰ ਚੁਕਿਆ ਸੀ ਪੂਰਾ ਸਿਰੇ ਚੜ੍ਹ ਗਿਆ ਹੈ। ਕੋਈ ਕਮਜੋਰੀ ਨਹੀਂ ਹੋਈ। ਇਸ ਨਾਲੋਂ ਹੋਰ ਚੰਗਾ ਹੌਸਲਾ ਹੋਰ ਕੀ ਹੋਣਾ ਹੈ। ਇਹ ਸੂਰਮਾ ਬਹਾਦਰ ਬਬਰ ਜਦੋਂ ੨੭--੨--੧੯੨੬ ਨੂੰ ਫਾਂਸੀ ਦੇ ਤਖਤੇ ਪਰ ਚੜ੍ਹਨ ਨੂੰ ਚਲਿਆ ਤਾਂ ਇਹ ਬੈਂਤ ਪੜ੍ਹਿਆ।

## (ਬੈਂਤ)

ਭੁਲ ਚੁਕ ਵੀਰੋ ਸਾਨੂੰ ਮਾਫ ਕਰਨਾ ਅਸੀਂ ਜਗ ਤੋਂ ਵਿਦਿਆ ਹੋ ਚਲੇ।
ਮੱਥਾ ਦੇਸ਼ ਦੁਆਬੇ ਦਾ ਖਾਲਸਾ ਜੀ ਨਾਲ ਆਪਣੇ ਖੂਨ ਦੇ ਧੋ ਚਲੇ।
ਆਨ ਸ਼ਾਨ ਜਿਸ ਦੇਸ਼ ਫੂਕ ਛੱਡੀ ਗੋਰੀ ਡੈਣ ਦੀ ਜਾਨ ਨੂੰ ਰੋ ਚਲੇ।
ਵਸੋ ਸ਼ੀਸ਼ ਮਹਿਲਾਂ ਵਿਚ ਕਰੋ ਮੌਜਾਂ ਅਸਾਂ ਆਪਣੀ ਕੁਲੀ ਨੂੰ ਖੋਹ ਚਲੇ।
ਜਾਂਦੀ ਵਾਰ ਦੀ ਫਤਹਿ ਮਨਜ਼ੂਰ ਕਰ ਲਓ ਅਸੀਂ ਸਦਾ ਦੇ ਵਾਸਤੇ ਸੌ ਚਲੇ।
ਝੋਲੀ ਚੁਕ ਹਰਾਮੀਆਂ ਰੰਗੜਾਂ ਦੀ ਸੋਹਣੀ ਕਢ ਰੰਗੜਊ ਦੀ ਬੋ ਚਲੇ।

## ਕੋਰੜਾ ਛੰਦ

ਜੁਗਾਂ ਤੀਕ ਜੀਵੇ ਇਹ ਪੰਥ ਖਾਲਸਾ, ਪੜ੍ਹਿਓ ਜਰੂਰ ਕਿਸਾ ਸਾਡੇ ਹਾਲਦਾ,
ਰਖਿਓ ਦਲੀਲ ਤੁਸਾਂ ਪਿਛੇ ਆਉਣ ਨੂੰ, ਚਲੇ ਵੀਰ ਤੁਸਾਂ ਦੇ ਸ਼ਹੀਦੀ ਪਾਉਣ ਨੂੰ।
ਜ਼ਾਲਮ ਅੰਗਰੇਜ ਦੇਸ਼ ਨੂੰ ਸਤਾਂਵਦਾ, ਅਸਾਂ ਕੋਲੋਂ ਦੁਖ ਝਲਿਆ ਨਾ ਜਾਂਵਦਾ,
ਮੌਤ ਤਲਵਾਰ ਹੇਠ ਧੌਣ ਡਾਹੁਣ ਨੂੰ, ਚਲੇ ਵੀਰ ਤੁਸਾਂ ਦੇ ਸ਼ਹੀਦੀ ਪਾਉਣ ਨੂੰ।
ਸਿੰਘਾਂ ਵਾਲਾ ਕੌਮ ਮੋਈ ਜਾਂਕੇ ਮੋਈ ਜੀ, ਭੇਡ ਵਾਂਗ ਧੌਣ ਹੈ ਲਫਾਈ ਹੋਈ ਜੀ,
ਛਡ ਚਲੇ ਤੁਸਾਂ ਤਾਂਈ ਵਾਰਾਂ ਗਾਉਣ ਨੂੰ, ਚਲੇ ਵੀਰ ਤੁਸਾਂ ਦੇ ਸ਼ਹੀਦੀ ਪਾਉਣ ਨੂੰ।
ਸੂਰਮੇ ਸਦਾਵੋ ਵਾਹੋ ਤਲਵਾਰ ਜੀ, ਖਲਾਂ ਵਿਚ ਮੌਤ ਨੇ ਵੀ ਲੈਣੇ ਮਾਰ ਜੀ,
ਵੈਰੀਆਂ ਦੀ ਲੋਥ ਖੇਤਮੇਂ ਵਛਾਉਣ ਨੂੰ, ਚਲੇ ਵੀਰ ਤੁਸਾਂ ਦੇ ਸ਼ਹੀਦੀ ਪਾਉਣ ਨੂੰ।
ਜੇ ਤੁਸਾਂ ਸਿੰਘ ਗੁਰੂ ਦਸਮੇਂ ਦੇ, ਘੇਰਕੇ ਮੈਦਾਨ ਟੋਟੇ ਕਰੋ ਏਸਦੇ,
ਆਪਣੀ ਆਜ਼ਾਦੀ ਵਾਲਾ ਬੂਟਾ ਲਾਉਣ ਨੂੰ, ਚਲੇ ਵੀਰ ਤੁਸਾਂ ਦੇ ਸ਼ਹੀਦੀ ਪਾਉਣ ਨੂੰ।
ਧਾਰੋ ਸਿੰਘੋ ਸੂਰਓ ਸਿੰਘਾਂ ਦਾ ਬਲ ਜੀ, ਜਿਵੇਂ ਚੰਦੂ ਗੰਗੂ ਦੀ ਉਤਾਰੀ ਖਲ ਸੀ,
ਉਠੋ ਤਲਵਾਰ ਵਾਲੀ ਗੰਗਾ ਨ੍ਹਾਉਣ ਨੂੰ, ਚਲੇ ਵੀਰ ਤੁਸਾਂ ਦੇ ਸ਼ਹੀਦੀ ਪਾਉਣ ਨੂੰ।

## ਬੈਂਤ

ਇਨਾਂ ਸੀ ਆਈ ਡੀ ਦਿਆਂ ਅਫਸਰਾਂ ਨੇ, ਪਾਇਆ ਦੇਸ਼ ਦੇ ਵਿਚ ਭੁਚਾਲ ਵੀਰੋ।
ਕੋਤਵਾਲੀ ਵਿਚ ਬਬਰ ਆਕਾਲੀਆਂ ਨੂੰ, ਮਾਰ ੨ ਕੇ ਕੀਤਾ ਹਲਾਲ ਵੀਰੋ।
ਮੁਸਲਮਾਨਾਂ ਤਅਸਬੀ ਜੋਸ਼ ਦੇ ਵਿਚ, ਦਿਤਾ ਸਾਡੇ ਤੇ ਜੁਲਮ ਉਠਾਲ ਵੀਰੋ।
ਖਲ੍ਹ ਲਾਹ ਦਿਤੀ ਵਾਂਗ ਬਕਰੇ ਦੇ, ਬੰਨ੍ਹ ੨ ਕੇ ਰੁਖਾਂ ਦੇ ਨਾਲ ਵੀਰੋ।
ਢਿਡ ਪਾੜਕੇ ਦਸੀਏ ਹਾਲ ਕਿਸਨੂੰ, ਜੇੜੀ ਗੁਜਰੀ ਅਸਾਂ ਦੇ ਨਾਲ ਵੀਰੋ।
ਰੜਕ ਛਡੀ ਨਾ ਮੁਸਲਿਆਂ ਹਿੰਦੂਆਂ ਨੇ, ਮਾਰਨ ਜੁਤੀਆਂ ਰੜੇ ਬਾਠਾਲ ਵੀਰੋ।
ਕੱਠੀ ਦੋਹਾਂ ਚਡਾਲਾਂ ਦੀ ਚੌਂਕੜੀ ਸੀ, ਹੋਇਆ ਬਚਣਾ ਫੇਰ ਮੁਹਾਲ ਵੀਰੋ।
ਕੋਤਵਾਲੀ ਦੇ ਵਾੜਕੇ ਵਿਚ ਸਾਨੂੰ, ਕੁਟਣ ਡੰਡਿਆਂ ਨਾਲ ਚੰਡਾਲ ਵੀਰੋ।
ਬਬਰ ਬਸ ਪੈ ਗਏ ਇਨ੍ਹਾਂ ਬੁਚੜਾਂ ਦੇ, ਕੈਹਰ ਮਾਰਦੇ ਰਹੇ ਕੰਗਾਲ ਵੀਰੋ।
ਮੁਖ ਅਡਕੇ ਹਲਕੀ ਹੋਈ ਡੈਣ ਵਾਂਗੂ, ਪੈਂਦੇ ਖਾਣ ਦੇ ਲਈ ਬੁਕਰਾਲ ਵੀਰੋ।
ਇਨ੍ਹਾਂ ਦੋਹਾਂ ਨੇ ਕਸਰਾਂ ਕਢ ਲਈਆਂ, ਸੋਨੇ ਵਾਂਗ ਕੁਠਾਲੀ ਵਿਚ ਢਾਲ ਵੀਰੋ।
ਸਮਾਂ ਪਾਕੇ ਜੰਮੇਗੀ ਲਾਭ ਸਿੰਘਾਂ ਇਨ੍ਹਾਂ ਬਬਰਾਂ ਦੀ ਘਾਲੀ ਹੋਈ ਘਾਲ ਵੀਰੋ।

## ਨੋਟ

ਸਰਦਾਰ ਕਿਸ਼ਨ ਸਿੰਘ,ਬਾਬੂ ਸੰਤਾ ਸਿੰਘ ਤੇ ਭੁਜੰਗੀ ਦਲੀਪ ਸਿੰਘ ਇਹ ਤਿਨ ਇਕੁ ਤਖਤੇ ਤੇ ਫਾਂਸੀ ਦਿਤੇ। ਕਰਮ ਸਿੰਘ, ਨੰਦ ਸਿੰਘ ਦੂਜੇ ਤਖਤੇ ਤੇ ਲਗੇ, ੨੭/੨/੨੬ ਨੂੰ) ਬਬਰ ਬਹਾਦਰਾਂ ਦਾ ਜੇ ਪੂਰਾ ੨ ਹੋਵਾਲ ਲਿਖਣਾ ਹੋਵੇ ਤਾਂ ਕਲੇ ੨ ਦਾ ਗਰੰਥ ਬਣ ਸਕਦਾ ਹੈ। ਸਰਦਾਰ ਕਿਸ਼ਨ ਸਿੰਘ ੩੫ ਨੰਬਰ ਪਲਟਣ ਨੂੰ ਫਾਲਮ ਕਰੀ ਬੈਠੇ ਸੀ। ਜਿਸ ਦਿਨ ਸ੍ਰੀ ਰਣਧੀਰ ਸਿੰਘ ਦਾ ਜਥਾ ਲੁਧਿਹਾਣੇ ਤੋਂ ਫਰੋਜਪੁਰ ਨੂੰ ਤੁਰਿਆ ਸੀ। ਬਦੇਸ਼ੀ ਫੜਿਆ ਗਿਆ। ਸ੍ਰੀ ਗੁਰੂ ਨਾਨਕ ਮਹਾਰਾਜ ਪੰਜ ਪਾਤਸ਼ਾਹੀ ਤਕ ਸ਼ਾਂਤਮਈ ਰਖੀ। ਦਸਮੇ ਜਾਮੇਂ ਮੁਕੰਮਲ ਤਲਵਾਰ ਚਲਾਈ, ਮਗਰੋਂ ਬਾਬਾ ਬੰਦਾ ਬਹਾਦਰ ਤੇ ਬਾਬਾ ਦੀਪ

ਸਿੰਘ, ਬਾਬਾ ਗੁਰਬਕਸ਼ ਸਿੰਘ, ਮਤਾਬ ਸਿੰਘ ਤੇ ਸੁਖਾ ਸਿੰਘ ਅਤੇ ਹੋਰ ਬੇਅੰਤ ਸਿੰਘਾਂ ਨੇ ਤਲਵਾਰ ਚਲਾਈ। ਦਿਲੀ ਤੇ ਕਾਬਲ ਵੱਢ ਵੱਢ ਕੇ ਮੁਕਾ ਦਿਤੇ ਤਾਂ ਸਿੰਘਾਂ ਨੇ ਅਜਾਦੀ ਲਈ। ਪੰਥ ਦੀ ਬੀਬੀ ਰਾਣੀ ਸ੍ਰਿਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਛਾਂਤਮਈ ਨਾਲ ਸੁਨ ਹੋ ਗਈ। ਕਿਥੋਂ ਹਕੀਮ ਲਿਆਵੀਏ ਜਿਹੜਾ ਇਸਦੇ ਗੰਠੀਏ, ਦਾ ਇਲਾਜ ਕਰੇ।

ਜਦੋਂ ਅਚਾਨਕ ਚਾਰ ਬਬਰ ਬਬੇਲੀ ਸ਼ਹੀਦ ਹੋ ਗਏ ਤਾਂ ਵੱਡੀ ਲੱਲੀ ਵਾਲਾ ਬਬਰ ਗੁਰਦਾਸ ਸਿੰਘ ਨਾਮੇ ਜੋ ਬਾਬੂ ਸੰਤਾ ਸਿੰਘ ਦਾ ਪਕਾ ਦੋਸਤ ਸੀ ਕਲਕੱਤੇ ਵਲ ਚਲਾ ਗਿਆ। ਇਹ ਆਪਣੀ ਵਲੋਂ ਕੈਦ ਤੋਂ ਬਚ ਗਿਆ। ਪਰ ਜਦੋਂ ਆਇਆ ਤਾਂ ਆਪਣੇ ਪਿੰਡ ਇਹਦੇ ਭਰਾਵਾਂ ਦੀ ਲੜਾਈ ਹੋ ਗਈ ਜਿਸ ਵਿਚ ਖੂਨ ਹੋ ਗਿਆ। ਉਸ ਲੜਾਈ ਵਿਚ ਇਸਨੂੰ ਦਸ ਸਾਲ ਸਜਾ ਕਟਣੀ ਪਈ। ਇਹ ਜਵਾਨ ਜਬਾਨ ਦਾ ਬਹੁਤ ਪਕਾ ਮਰਦ ਸੀ।

## ਵਾਕ ਕਵੀ (ਬੈਂਤ)

ਸੋਚੋ ਆਪ ਤੇ ਫੈਸਲਾ ਕਰੋ ਇਸਦਾ ਗੰਦੇ ਕੌਣ ਤੇ ਮਰਦ ਬਲਵਾਨ ਕਿਹੜੇ।
ਲਹੂ ਦੇਸ਼ ਤੇ ਕੌਮ ਦਾ ਕੌਣ ਪੀਂਦਾ ਰਖਣ ਵਾਲੜੇ ਆਂਨ ਤੇ ਸ਼ਾਂਨ ਕਿਹੜੇ।
ਮੱਥਾ ਜੋੜ ਵਿਦੇਸ਼ੀ ਵਿਓਪਾਰੀਆਂ ਨੂੰ ਬੰਬ ਮਾਰਕੇ ਖੇਤ ਉਡਾਨ ਕਿਹੜੇ।
ਏਸ ਜੁਲਮ ਤੰਦੂਰ ਦੇ ਭਠ ਅੰਦਰ ਹੂਤੀ ਆਪਣੇ ਆਪ ਦੀ ਪਾਣ ਕਿਹੜੇ।
ਸੰਗਲ ਕੋੜ ਗੁਲਾਮੀ ਦਾ ਤੋੜਨੇ ਨੂੰ ਵਿਚ ਛਾਤੀ ਦੇ ਗੋਲੀਆਂ ਖਾਣ ਕਿਹੜੇ।
ਕੌਣ ਬੂਟ ਜਾ ਝਾੜਦਾ ਹਾਕਮਾਂ ਦੇ ਝੋਲੀ ਚੁਕਾਂ ਨੂੰ ਮਾਰ ਮੁਕਾਣ ਕਿਹੜੇ।
ਸਫਲ ਕਰਕੇ ਗੁਰੂ ਦੇ ਵਾਕ ਤਾਈਂ ਪੁਰਜਾ ਪੁਰਜਾ ਮੈਦਾਨ ਕਟਾਣ ਕਿਹੜੇ।
ਖੂਨਣ ਮੌਤ ਜਿਹੜੀ ਕੋਲੋਂ ਲੋਕ ਡਰਦੇ ਮਾਸੀ ਆਖਕੇ ਉਹਨੂੰ ਬੁਲਾਣ ਕਿਹੜੇ।
ਖੜਕੇ ਸੂਰਮੇ ਫਾਂਸੀ ਦੇ ਤਖਤੇ ਤੇ ਰਸੇ ਗਲਾਂ ਦੇ ਵਿਚ ਫਸਾਣ ਕਿਹੜੇ।
ਕਿਸਦੇ ਕੋਲ ਹੈ ਪਟੇ ਮੁਰੱਬਿਆਂ ਦੇ ਖੇਤ ਦੇ ਗਏ ਸੂਰਮੇ ਜਾਨ ਕਿਹੜੇ।
ਬਹਿੰਦੇ ਕੌਣ ਸੀ ਕੁਰਸੀਆਂ ਡਾਹ ਕੇ ਤੇ ਜਾ ਕੇ ਚੱਕੀਆਂ ਜੇਲ ਚਲਾਣ ਕਿਹੜੇ।
ਸੱਟਾਂ ਖਾਦੀਆਂ ਕਿਸ ਮੈਦਾਨ ਅੰਦਰ ਮਣ ਮਣ ਦੇ ਢਿਡ ਵਧਾਣ ਕਿਹੜੇ।
ਕੌਣ ਤਾਣ ਕੇ ਲੰਮੀਆਂ ਪਏ ਮੁਰਦੇ ਸਾਹ ਬੰਗਲੇ ਵਿਚ ਸੁਕਾਣ ਕਿਹੜੇ।
ਛੱਡ ਮਹਿਲ ਤੇ ਮਾੜੀਆਂ ਕੁਰਸੀਆਂ ਵੀ ਰਾਤਾਂ ਜੰਗਲਾਂ ਵਿਚ ਲੰਘਾਣ ਕਿਹੜੇ।
ਲੱਖਾਂ ਹੋਏ ਤੇ ਅੱਗੇ ਨੂੰ ਹੋਣਗੇ ਵੀ ਲੰਡਣ ਵਾਂਗ ਭੁਚਾਲ ਕੰਬਾਣ ਕਿਹੜੇ।
ਜੜ੍ਹ ਦੇਸ਼ ਤੇ ਕੌਮ ਦੀ ਰੇਕਦੇ ਜੋ ਉਸਦੀ ਵੱਢ ਕੇ ਧੌਣ ਦਿਖਾਣ ਕਿਹੜੇ।
ਜਿਹੜੀ ਸਦੀਆਂ ਤੋਂ ਖੁੰਡੀ ਤਲਵਾਰ ਹੋਈ ਉਹਨੂੰ ਸਾਣਤੇ ਚਾੜ੍ਹ ਚਮਕਾਣ ਕਿਹੜੇ।
ਆਕੜ ਆਕੜ ਕੇ ਤੁਰਦੇ ਗਦਾਰ ਜਿਹੜੇ ਧੌਣ ਭੰਨ ਕੇ ਵਟ ਚੜ੍ਹਾਣ ਕਿਹੜੇ।
ਛਾਂਤਮਈ ਦੇ ਕੋੜ ਨੂੰ ਟੇਕ ਮੱਥਾ ਖੰਡਾ ਮਰਦਾਂ ਦੇ ਵਾਂਗ ਖੜਕਾਣ ਕਿਹੜੇ।
ਸਾਗਰ ਜੇਡੀ ਅੰਗਰੇਜ ਦੀ ਬਾਦਸ਼ਾਹੀ ਬੁਰੇ ਦਿਨਾਂ ਦੇ ਵਾਂਗ ਓਡਾਣ ਕਿਹੜੇ।
ਕੌਣ ਖੱਲਾਂ ਵਿਚ ਵੜ ਗਿਆ ਲਾਭ ਸਿੰਘਾ ਆ ਕੇ ਨਿਤਰੇ ਸ਼ੇਰ ਮੈਦਾਨ ਕਿਹੜੇ।

## ਜਮਾਨੇ ਦੀ ਚਾਲ (ਬੈਂਤ)

ਸਮਾ ਹੋਰਦਾ ਹੋਰ ਹੀ ਪਰਤ ਗਿਆ ਕਿਹੋ ਜਿਹੀ ਜਮਾਨੇ ਦੀ ਚਾਲ ਹੋਈ।

ਤੇਗਾਂ ਮਾਰੀਆਂ ਪੰਥ ਨੇ ਖੇਤ ਅੰਦਰ ਭਾਵੀ ਕਿਓਂ ਗੁਸੇ ਇਸਦੇ ਨਾਲ ਹੋਈ ।
ਸਿੰਘ ਮਰਨ ਤੇ ਫਾਂਸੀ ਤੇ ਚੜ੍ਹਨ ਜਾ ਜਾ ਮੌਤ ਪੀ ਕੇ ਰਤ ਨਿਹਾਲ ਹੋਈ ।
ਜਿਹੜੀ ਕੌਮ ਡਰਦੀ ਰਾਤ ਬਿਲੀਆਂ ਤੋਂ ਯਾਰੋ ਸਿੰਘਾਂ ਦੇ ਉਤੇ ਬਹਾਲ ਹੋਈ ।
ਸਿੰਘ ਖਾਣ ਧਕੇ ਜਣੇ ਖਣੇ ਕੋਲੋਂ ਅਜ ਲੂੰਬੜੀ ਮਾਰਦੀ ਡਾਲ ਹੋਈ ।
ਬੂਥੇ ਬਲੀ ਦੇ ਦੇਣ ਨੂੰ ਸਿੰਘ ਮੂਹਰੇ ਡੈਣ ਖਾਣ ਨੂੰ ਮਾਰਕੇ ਛਾਲ ਹੋਈ ।
ਪੜਦਾ ਅਸਾਂ ਦੀ ਅਕਲ ਤੇ ਪੈ ਗਿਆ ਸਾਗਰ ਭੇਟ ਘਾਲੀਓ ਹੋਈ ਘਾਲ ਹੋਈ ।
ਖਸਮ ਮਰ ਗਿਆ ਰੋਟੀਆਂ ਸੁਕੀਆਂ ਨੂੰ ਰੰਨ ਲਾਉਂਦੀ ਮੇਜ਼ ਤੇ ਥਾਲ ਹੋਈ ।
ਗੰਗਾ ਉਲਟੀ ਵਗ ਗਈ ਲਾਭ ਸਿੰਘਾ ਲੋਕੀ ਪਈ ਕਰਦੀ ਹਾਲ ਹਾਲ ਹੋਈ ।

## ਵਾਕ ਕਵੀ (ਬੈਂਤ)

ਧਰ ਲੈ ਆਪਣੀ ਜਿੰਦ ਨੂੰ ਤਲੀ ਉਤੇ ਮਨਾ ਛੱਡ ਕੇ ਸਾਰਿਆਂ ਝੇੜਿਆਂ ਨੂੰ ।
ਰਾਂਝੇ ਵਾਂਗ ਕਿਨ ਪੁਛਣੀ ਬਾਤ ਤੈਰੀ ਹੀਰ ਚੜ੍ਹ ਡੋਲੀ ਚਲੀ ਖੇੜਿਆਂ ਨੂੰ ।
ਧੌਣ ਸੁਟ ਫਰੰਗੀ ਦੀ ਤੋੜ ਕੇ ਤੇ ਦੇ ਦੇ ਕੇ ਪੁੱਠਿਆਂ ਗੇੜਿਆਂ ਨੂੰ ।
ਇਹ ਨਾਂ ਅੰਬ ਸ਼ਹਿਤੂਤ ਅੰਗੂਰ ਬਣਨੇ ਪੁੱਠਾਂ ਦੇਵੀਏ ਔਲੇ ਬਾਹੇੜਿਆਂ ਨੂੰ ।
ਰੋ ਲੈ ਆਪਣੇ ਮੱਥੇ ਤੇ ਮਾਰ ਕੇ ਤੇ ਹੱਥ ਲਹੂ ਦੇ ਨਾਲ ਲਬੇੜਿਆਂ ਨੂੰ ।
ਤੂੰ ਆਪਣੀ ਆਈ ਤੇ ਆਪ ਆ ਜਾ ਲੋਕੀ ਖਾ ਲਵੇ ਖੋਏ ਦੇ ਪੇੜਿਆਂ ਨੂੰ ।
ਚਲੇ ਆਉਂਣ ਵਲੈਤੋਂ ਠਾਣਿਆਂ ਨੂੰ ਕਚੇ ਭੂਤਨੇ ਸਿੰਘ ਚੰਬੇੜਿਆਂ ਨੂੰ ।
ਦੇਰ ਸ਼ੇਰ ਦੀ ਘੁਰੇ ਤੋਂ ਉਠਣੇ ਦੀ ਖਬਰ ਲਗ ਜਾਊ ਦੂਰ ਤੇ ਨੇੜਿਆਂ ਨੂੰ ।
ਬੰਨਣ ਪੱਟੀਆਂ ਨਾਲ ਪਰੇਮ ਮੇਮਾਂ ਇਹਨਾਂ ਸਜਰੇ ਜਖਮ ਉਧੇੜਿਆਂ ਨੂੰ ।
ਬੰਦੇ ਵਾਂਗ ਸੁਹਾਗੇ ਨੂੰ ਜੋੜ ਦੇਵੋ ਗਿਟੇ ਭੰਨੋਂਗੇ ਕਿਹੜਿਆਂ ਕਿਹੜਿਆਂ ਨੂੰ ।
ਹੱਥ ਛਾਤੀ ਪੁਰ ਮਾਰ ਕੇ ਖੋਲ ਦੇਵੋ ਬੂਹੇ ਸਬਰ ਸੰਤੋਖ ਦੇ ਭੇੜਿਆਂ ਨੂੰ ।
ਮਚਕੋੜ ਧੌਣ ਦੀ ਨਿਕਲ ਜਾਏ ਲਾਭ ਸਿੰਘਾ ਜਦੋਂ ਚਾੜ੍ਹੀਏ ਪੁਠੇ ਕਰੇੜਿਆਂ ਨੂੰ ।

## ਕੋਰੜਾ ਛੰਦ

ਪੈ ਗਿਆ ਬਬਰਸ਼ੇਰ ਜਦੋਂ ਖਾਣ ਸੀ, ਰੋਂਦਿਓਂ ਖੱਟੀ ਨੂੰ ਸੁਖ ਲੋੜੋ ਜਾਨ ਦੀ,
ਕੱਢ ਕੇ ਤੇ ਘਰੋਂ ਜਿਹੜਾ ਬੂਹਾ ਢੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ ।
ਉਵੇਂ ਅੰਗਰੇਜ ਦੇਸ਼ ਗਿਆ ਛੱਡ ਜੀ. ਲੈ ਗਿਆ ਮੁਲਕ ਵਾਲੀ ਜਾਨ ਕੱਢ ਜੀ,
ਰਹਿੰਦੇ ਖੂੰਹਦੇ ਘਾਟ ਕੂਲੇ ਸਾਰੇ ਖੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ
ਗੁੱਤਾਂ ਕਰ ਨੰਗੀਆਂ ਕਰਨ ਸੈਰ ਜੀ, ਫੈਸ਼ਨ ਵਲੈਤ ਸਾਰੇ ਗਿਆ ਫੈਲ ਜੀ,
ਹਿੰਦ ਦਾ ਨਸੀਬ ਹਿੰਦ ਤਾਈਂ ਰੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ ।
ਜਿਨਾਂ ਨੇ ਮੈਦਾਨ ਵਿਚ ਖਾਧੀ ਸਟ ਜੀ, ਉਹਨਾਂ ਦੇ ਕਲੇਜ਼ੇ ਵਿਚ ਖੋਲੇ ਫਟ ਜੀ,
ਧੋਖਾ ਦੇ ਕੇ ਛੁਰੇ ਕਾਲਜੇ ਘਬੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ ।
ਰੜਕਦੇ ਨੇ ਅੱਖਾਂ ਵਿਚ ਸਿਖ ਜਟ ਜੀ, ਇਹ ਤਾਂ ਭੂਰੀ ਸਾਧ ਦੀ ਤੇ ਹੋਇਆ ਕੱਠ ਜੀ,
ਫੁਟ ਚੰਦਰੀ ਦਾ ਗੋਰਾ ਬੀਜ ਬੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ ।
ਅੰਨਾਂ ਵੰਡੇ ਸੀਰਨੀ ਤੇ ਦੇਵੇ ਘਰ ਨੂੰ, ਹੋ ਗਈ ਕਿਸੇ ਦੀ ਤੇ ਜੁਵਾਬ ਵਰ ਨੂੰ,
ਲੁਟ ਲੈ ਗਏ ਲੋਕ ਤੇ ਖਸਮ ਸੌ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ ।
ਬਬਰਾਂ ਬਗੈਰ ਫਤਹਿ ਨਹੀਂ ਹੋਊਗੀ, ਬੀਤ ਜਾਣਾ ਸਮਾਂ ਦੁਨੀਆਈ ਰੋਊਗੀ ।

ਕੰਢੇ ਲਗੀ ਬੇੜੀ ਮੌੜ ਕੇ ਡਬੋ ਗਿਆ, ਹੋਰ ਦਾ ਜਮਾਨਾ ਵੀਰੋ ਹੋਰ ਹੋ ਗਿਆ ।

# ਅਜ ਕਲ ਦੇ ਨੌਜਵਾਨ ਮੁੰਡੇ

ਵਾਕ ਕਵੀ (ਬੈਂਤ)

ਕਰਨਾ ਹੈ ਤੇ ਕੀ ਨੇ ਕਰੀ ਫਿਰਦੇ ਅਜ ਪੰਥ ਦੇ ਨੌਜਵਾਨ ਮੁੰਡੇ ।
ਮੁਛ ਫੁਟਦੀ ਚੜ੍ਹਦੀ ਬਰੇਸ ਦੇ ਜੋ ਗੋਲੇ ਬਟ ਕੇ ਫੀਮ ਦੇ ਖਾਣ ਮੁੰਡੇ
ਪੀਂਦੇ ਸਿਗਰਟਾਂ ਬਤੀਆਂ ਦੇਖ ਲਵੋ ਉਵੇਂ ਸਿਰ ਤੇ ਕੇਸ ਰਖਾਣ ਮੁੰਡੇ ।
ਡੋਡੇ ਸੁਟ ਕੇ ਮਿੱਟੀ ਦੇ ਦੌਰ ਅੰਦਰ ਮਲ ਮਲ ਕੇ ਚੀਪ ਕਢਾਣ ਮੁੰਡੇ ।
ਨਾੜਾਂ ਗਿਣ ਲਵੋ ਸਾਰੰਗੀ ਵਾਂਗ ਵਿਚੋਂ ਉਵੇਂ ਨਜਰ ਆਉਂਦੇ ਪਹਿਲਵਾਨ ਮੁੰਡੇ ।
ਹੱਥ ਪਾ ਕੇ ਉਠਦੇ ਗੋਡਿਆਂ ਤੇ ਤੁਰਨ ਬਾਟ ਤੇ ਲਕ ਬਨ੍ਹਾਨ ਮੁੰਡੇ ।
ਜਦੋਂ ਲੱਤਾਂ ਪਸਾਰ ਕੇ ਬੈਠਦੇ ਨੇ ਢਾਹ ਢਾਹ ਪਹਾੜ ਸੁਟਾਨ ਮੁੰਡੇ ।
ਉਹਨਾਂ ਮਾਰਨੀ ਤੇਗ ਮੈਦਾਨ ਅੰਦਰ ਉਠ ਗੋਹਾ ਵੀ ਨਹੀਂ ਹਟਾਣ ਮੁੰਡੇ
ਜਟਾਂ ਖੁਲੀਆਂ ਬੁਲੀਆਂ ਸੁਕੀਆਂ ਨੇ ਖੇਹ ਕੰਜਰਾਂ ਦੀ ਘਰੀਂ ਖਾਣ ਮੁੰਡੇ ।
ਨਾਂ ਦੇਸ਼ ਨਾਂ ਕੌਮ ਨਾਂ ਪੰਥ ਪੂਜਾ ਚੁਟਕੀ ਸਿਗਰਟਾਂ ਪੀ ਬਜਾਣ ਮੁੰਡੇ ।
ਚਲਦੀ ਦੇਖ ਜਮਾਨੇ ਦੀ ਹਵਾ ਤਿਖੀ ਨਾਂ ਕੋਈ ਸੋਚ ਦਲੀਲ ਦੁੜਾਣ ਮੁੰਡੇ ।
ਵੈਰੀ ਸੀਸ ਪਰ ਦੇਖਕੇ ਗਜਦੇ ਨੂੰ ਕਬਜੇ ਹਥ ਨਾਂ ਤੇਗ ਦੇ ਪਾਣ ਮੁੰਡੇ ।
ਹਥ ਆਪਣੀ ਜਾਨ ਤੋਂ ਧੋ ਕੇ ਤੇ ਬਬਰਾਂ ਵਾਂਗ ਨਾਂ ਆਉਂਣ ਮੈਦਾਨ ਮੁੰਡੇ ।
ਕੋਈ ਥਾਂ ਨਾਂ ਮਿਲੂ ਨਥਾਵਿਆਂ ਨੂੰ ਹੋਏ ਪੰਥ ਵਲੋਂ ਬੇਈਮਾਨ ਮੁੰਡੇ ।
ਵਾਂਗ ਖੋਤਿਆਂ ਪਿੱਠ ਤੇ ਪੈਣ ਡੰਡ ਨੀਵੀਂ ਧੌਣ ਕਰ ਜੁੱਤੀਆਂ ਖਾਣ ਮੁੰਡੇ ।
ਮਾਰੇ ਅਮਲ ਦੇ ਸੜ ਦੀਮਾਗ ਗਿਆ ਉਵੇਂ ਧੌਣ ਨਾਂ ਜਰਾ ਲਫਾਣ ਮੁੰਡੇ ।
ਐਵੇਂ ਰੈਹ ਗਈਆਂ ਦੰਦੀਆਂ ਅੱਡੀਆਂ ਈ ਕਿਤੇ ਹਡਾਂ ਵਿਚ ਫਸੇ ਪਰਾਣ ਮੁੰਡੇ ।
ਉਹਨਾਂ ਜਾ ਕੇ ਕਿਲੇ ਕੀ ਤੋੜ ਦੇਣੇ ਮੀਲ ਤੁਰਨ ਤੇ ਗਿਟੇ ਖੜਕਾਣ ਮੁੰਡੇ ।
ਮਿੱਟੀ ਮੇਲ ਦਿਤੇ ਅਮਲਾਂ ਗੰਦਿਆਂ ਨੇ ਜਿਹੜੇ ਲਾਉਂਦੇ ਸੀ ਵੈਰੀ ਦੇ ਘਾਣ ਮੁੰਡੇ ।
ਅੰਸ ਹੋ ਕੇ ਸਿੰਘ ਬਹਾਦਰਾਂ ਦੀ ਮੁਰਦੇ ਮੁਰਦਿਆਂ ਦੇ ਸਦਾਣ ਮੁੰਡੇ ।
ਕੁੰਬੀ ਨਰਕ ਵਿਚ ਪੈਣਗੇ ਲਾਭ ਸਿੰਘਾ ਦੇਸ਼ ਕੌਮ ਦੇ ਲਹੂ ਜੋ ਨਹਾਂਣ ਮੁੰਡੇ ।

# ਪੰਜਾਬ ਦੀਆਂ ਕੁੜੀਆਂ

(ਬੈਂਤ)

ਨਿਗ੍ਹਾ ਮਾਰ ਚੜੇਲਾਂ ਦੇ ਵਲ ਦੇਖੋ ਕਿਓਂ ਨਾਂ ਜੰਮ ਕੇ ਨੰਗ ਗੁਆਣ ਕੁੜੀਆਂ ।
ਓਸ ਵਕਤ ਨੂੰ ਛਿਕੇ ਤੇ ਟੰਗਦੀਆਂ ਨੇ ਜਦੋਂ ਬੈਠ ਵਿਆਹ ਕਰਾਣ ਕੁੜੀਆਂ ।
ਦੋਨੋਂ ਤਰਫ ਪੰਚਾਇਤ ਦੇ ਵਿਚ ਬੈਹਕੇ ਮੁੰਡੇ ਨਾਲ ਵਿਆਹੀਆਂ ਜਾਣ ਕੁੜੀਆਂ ।
ਲਖ ਤੀਰਥਾਂ ਦੇਵੀਆਂ ਦੇਓਤਿਆਂ ਤੋਂ ਤੇਰਾ ਪਤੀ ਹੈ ਰੂਪ ਭਗਵਾਨ ਕੁੜੀਆਂ ।
ਦੁਖ ਸੁਖ ਵਿਚ ਇਸ ਦੇ ਨਾਲ ਰਹਿਣਾ ਇਹਨਾਂ ਗੱਲਾਂ ਦਾ ਪਰਣ ਕਰਾਣ ਕੁੜੀਆਂ ।
ਜਿਹੜੀ ਸੀਬੋ ਨੇ ਪਤੀ ਦੇ ਨਾਲ ਕੀਤੀ ਹਡ ਨਰਕ ਦੇ ਵਿਚ ਸੜਾਣ ਕੁੜੀਆਂ ।
ਪਤੀ ਜਾਂਦਾ ਈ ਫਾਂਸੀ ਤੇ ਲਟਕ ਜਾਵੇ ਜਾਨ ਆਪਣੀ ਆਪ ਬਚਾਣ ਕੁੜੀਆਂ ।
ਕਿਥੇ ਗਏ ਉਹ ਸਾਹਮਣੇ ਪਰਣ ਕੀਤੇ ਦਾਵੇ ਉਮਰ ਦੇ ਜਿਹੜੇ ਬਨਾਣ ਕੁੜੀਆਂ ।

ਸ਼ਰਮ ਲਾਹ ਕੇ ਸੌਹਰਿਆਂ ਮਾਪਿਆਂ ਦੀ ਬੂਟ ਉਚੀ ਹੀ ਅੱਡੀ ਦੇ ਪਾਣ ਕੁੜੀਆਂ ।
ਕੰਘੀ ਪੱਟੀ ਸਵਾਰ ਕੇ ਬੈਗ ਫੜ ਫੜ ਸੈਰ ਕਰਨ ਬਜਾਰ ਨੂੰ ਜਾਣ ਕੁੜੀਆਂ ।
ਲਾ ਕੇ ਅਤਰ ਫੁਲੇਲ ਤੇ ਤੇਲ ਕਿਉੜਾ ਘੱਟਾ ਪਟੀਆਂ ਉਤੇ ਫਰਾਣ ਕੁੜੀਆਂ ।
ਅਖ ਫੇਰ ਕੇ ਬਿਜਲੀ ਦੀ ਤਾਰ ਵਾਂਗੂ ਮੁੰਡੇ ਸੈਂਕੜੇ ਘਾਇਲ ਕਰਾਣ ਕੁੜੀਆਂ ।
ਦਿਤਾ ਜੋਰ ਵਲੇਤ ਦਿਆਂ ਫੈਸ਼ਨਾਂ ਤੇ ਹੋਰ ਕੰਮ ਤੇ ਕਾਰ ਭੁਲੌਣ ਕੁੜੀਆਂ ।
ਡਾਹ ਕੇ ਮੇਜ ਤੇ ਕੁਰਸੀਆਂ ਵਿਚ ਬੰਗਲੇ ਖਾਣੇ ਬੈਠ ਬਰੋਬਰੇ ਖਾਣ ਕੁੜੀਆਂ ।
ਖਸਮ ਆਖੇ ਜੇ ਰੋਟੀ ਪਕਾਉਂਣੀ ਸੀ ਤਿੰਨ ਤੀਓੜੀਆਂ ਮੱਥੇ ਤੇ ਪਾਣ ਕੁੜੀਆਂ ।
ਕੰਘੀ ਪੱਟੀ ਬਿਨ ਕੰਮ ਨਾਂ ਹੋਰ ਕੋਈ ਭਾਂਤ ਭਾਂਤ ਦੇ ਸ਼ੀਸ਼ੇ ਮੰਗਵਾਣ ਕੁੜੀਆਂ ।
ਗੁਰੂ ਕੌਣ ਤੇ ਬਾਣੀ ਵੀ ਕੌਣ ਹੁੰਦੀ ਰਬ ਤਾਈਂ ਵੀ ਅਜ ਭੁਲਾਨ ਕੁੜੀਆਂ ।
ਦੇਸ਼ ਕੌਮ ਤੇ ਪੰਥ ਵੀ ਗਿਆ ਕਿਧਰੇ ਮਨ ਭਾਉਂਦੀ ਮੌਜ ਉਡਾਣ ਕੁੜੀਆਂ ।
ਮਾਈ ਭਾਗੋ ਬੀਬੀ ਦੀਪ ਕੌਰ ਹੋਰੀ ਜ਼ੈਹਰ ਇਹਨਾਂ ਦੀ ਨਿਗ੍ਹਾ ਵਿਚ ਆਣ ਕੁੜੀਆਂ ।
ਜਦੋਂ ਬਹਿੰਦੀਆਂ ਵਿਚ ਤਰਿਵਣਾਂ ਦੇ ਭਾਂਤ ਭਾਂਤ ਦੇ ਸੂਟ ਪਰਖਾਣ ਕੁੜੀਆਂ ।
ਬਾਬੂ ਆਣੀ ਜਹਾਨ ਸਦਾਵਣੇ ਨੂੰ ਉਤੇ ਅੱਖਾਂ ਦੇ ਐਨਕਾਂ ਲਾਣ ਕੁੜੀਆਂ ।
ਦੇ ਕੇ ਜੋਰ ਵਲੈਤ ਦਿਆਂ ਫੈਸ਼ਨਾਂ ਤੇ ਕੂਹਣੀ ਕੂਹਣੀ ਦੇ ਵਿਚ ਪਸਾਣ ਕੁੜੀਆਂ ।
ਗੁਤਾਂ ਦੋ ਦੋ ਪਿਛੇ ਲਟਕਾ ਕੇ ਤੇ ਸਾਇਕਲ ਹਵਾ ਦੇ ਵਾਂਗ ਉਡਾਣ ਕੁੜੀਆਂ ।
ਚਰਖਾ ਡਾਹ ਕੇ ਮਾਰਨੀ ਲੱਤ ਉਹਦੇ ਪੁਠੀ ਕਤਣੀ ਪੀੜੀ ਮੁਰਵਾਣ ਕੁੜੀਆਂ ।
ਸੂਰਜ ਚੜ੍ਹੇ ਬਿਨ ਮੰਜੇ ਤੋਂ ਉਠਣਾ ਨਹੀਂ ਜੇ ਕੋਈ ਆਖੇ ਤਾਂ ਝਿੜਕ ਹਟਾਣ ਕੁੜੀਆਂ ।
ਜੀਮੀਂ ਕੋਲ ਹੀ ਸ਼ਾਹਾਂ ਦੇ ਧਰੀ ਜਾਵੇ ਸੁਚੇ ਸੂਟ ਜਰੂਰ ਸਵਾਣ ਕੁੜੀਆਂ ।
ਇਥੇ ਠਨ ਚੁਮਾਉਂਦੀਆਂ ਮਾਪਿਆਂ ਨੂੰ ਸੌਹਰੇ ਜਾ ਕੇ ਚੰਦ ਚੜ੍ਹਾਣ ਕੁੜੀਆਂ ।
ਮਾਰ ਮਾਰ ਕੇ ਅੱਡੀਆਂ ਲਾਭ ਸਿੰਘਾ ਮੰਜੇ ਰੋਜ ਦੇ ਰੋਜ ਭਨਾਣ ਕੁੜੀਆਂ ।

**ਨੋਟ :—** ਅਮਰੀਕਾ ਕਨੇਡਾ ਵਾਲੇ ਬਹਾਦਰ ਦੇਸ਼ ਭਗਤਾਂ ਵਰਗੀ ਬਹਾਦਰੀ ਦੁਨੀਆਂ ਪਰ ਨਹੀਂ ਮਿਲਦੀ। ਇਹਨਾਂ ਦੀ ਕਮੇਟੀ ਦੇ ਹਜਾਰਾਂ ਸਕੂਲ ਚਲਦੇ ਹਨ। ਜਿਥੇ ਗਰੀਬ ਵਿਦਿਆ ਪੜ੍ਹਕੇ ਰੋਟੀ ਕਮਾਉਂਦੇ ਹਨ ॥ ਤੇ ਲਖ ਲਖ ਰੁਪਏ ਦੇ ਕਾਰੋਬਾਰ ਛਡ ਕੇ ਦੇਸ਼ ਕੌਮ ਦੇ ਵਾਸਤੇ ਫਾਂਸੀ ਤੇ ਚੜ੍ਹ ਗਏ। ਸਰਦਾਰ ਅਜੀਤ ਸਿੰਘ ਤੇ ਭਗਤ ਸਿੰਘ ਵਰਗੇ ਸਚੇ ਦੇਸ਼ ਭਗਤ ਤੇ ਬਬਰ ਬਹਾਦਰ ਜੋ ਆਪਣਾ ਆਪ ਕੁਰਬਾਨ ਕਰ ਗਏ। ਇਹਨਾਂ ਬਹਾਦਰਾਂ ਦੇ ਚਰਨਾਂ ਦੀ ਧੂੜ ਮਥੇ ਨੂੰ ਲਾਈਏ ਜਿਹੜੇ ਅਜ ਧਰਤੀ ਤੇ ਜੀਉਂਦੇ ਸ਼ਹੀਦ ਹੋਏ ਹਨ। ਜਦੋਂ ਬਬਰ ਮੈਦਾਨ ਵਿਚ ਨਿਕਲੇ ਤਾਂ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਇਕ ਤਾਹਨਾ ਮਾਰਿਆ।

## (ਬੈਂਤ)

ਸ਼ਿਰੋਮਣੀ ਕਮੇਟੀਏ ਸਿਰ ਸਾਡੇ ਛਾਣ ਛਾਣ ਕੇ ਖਾਕ ਕਿਉਂ ਪਾਉਂਦੀ ਨੀ।
ਬਚੇ ਤੇਰੀ ਹੀ ਗੋਦ ਦੇ ਵਿਚ ਪਲੇ ਹੋਏ ਹੱਥੀਂ ਆਪ ਤੂੰ ਜਹਰ ਖਲਾਉਂਦੀ ਨੀ ।
ਹਥ ਪੈਰ ਜਵਾਨਾਂ ਦੇ ਬੰਨ ਕੇ ਤੈਂ ਕੇਸ ਜਾਲਮਾਂ ਕੋਲੋਂ ਪਟਾਉਂਦੀ ਨੀ ।
ਛਾਂਤਮਈ ਅਸੂਲ ਫੜ ਮੁਰਦਿਆਂ ਦਾ ਮੁਰਦਾ ਕਾਸਨੂੰ ਪੰਥ ਬਨਾਉਂਦੀ ਨੀ ।
ਗੰਦੇ ਪੇਟ ਨੂੰ ਕਿਸੇ ਨੇ ਪੁਛਣਾ ਨਹੀਂ ਕਾਹਨੂੰ ਖੂੰਨ ਸ਼ਹੀਦਾਂ ਦੇ ਨਹਾਉਂਦੀ ਨੀ ।

ਇਹ ਤਾਂ ਮਥ ਪੁਰ ਟਿਕਾ ਹੈ ਕਾਲਖਾਂ ਦਾ ਜਿਹੜੇ ਲੋਕਾਂ ਦੇ ਪੁਤ ਮਰਵਾਉਂਦੀ ਨੀ।
ਬਬਰ ਖੇਤ ਦੇ ਵਿਚ ਸ਼ਹੀਦ ਹੋ ਗਏ ਤੂੰ ਤਾਰਾਂ ਦੇ ਮੰਜੇ ਘਸਾਉਂਦੀ ਨੀ।
ਛਾਂਤ ਮਈ ਦੇ ਕੋੜ ਨੂੰ ਲਾ ਕੇ ਤੇ ਮਿਟੀ ਪੰਥ ਦੀ ਕਾਹਨੂੰ ਪਟਾਉਂਦੀ ਨੀ।
ਮਰਦਾਂ ਵਾਸਤੇ ਸੁਞਾ ਮੈਦਾਨ ਖੁਲ੍ਹਾ ਖੱਲਾਂ ਵਿਚ ਕਿਉਂ ਜਾਨ ਲਕਾਉਂਦੀ ਨੀ।
ਡੰਕਾ ਪੰਥ ਦਾ ਦੇਸ਼ ਤੇ ਵਜਦਾ ਸ ਜਿਹਨੂੰ ਆਟੇ ਦਾ ਦੀਵਾ ਬਨਾਉਂਦੀ ਨੀ।
ਸੋਚ ਸਮਝ ਲੈ ਰੂਪ ਤੂੰ ਸ਼ਰਨੀ ਦਾ ਵਾਂਗ ਬੱਕਰੀ ਦਿਲ ਕਿਉਂ ਢਾਉਂਦੀ ਨੀ।
ਮਾਰ ਭਬਕ ਪਹਾੜ ਦੀ ਕੰਦਰਾਂ ਤੋਂ ਲੋਕੀ ਤੇਰੇ ਵਲ ਨਿਗ੍ਹਾ ਟਕਾਉਂਦੀ ਨੀ।
ਦਿਨ ਸਿਖਰ ਦਪੈਹਰ ਤੋਂ ਢਲ ਗਿਆ ਸੁਤੀ ਤੂੰ ਨਾਂ ਕੰਨ ਹਲਾਉਂਦੀ ਨੀ।
ਹਥ ਤੇਰੇ ਵਿਚ ਸੰਹਵਦੀ ਤੇਗ ਸੋਹਣੀ ਗੈਰਾਂ ਮੂਹਰੇ ਕਿਉਂ ਧੌਣ ਨਿਵਾਉਂਦੀ ਨੀ।
ਵਾਜੇ ਤੇਰੇ ਵਿਆਹ ਦੇ ਵਜਦੇ ਨੇ ਤੂੰ ਲੋਕਾਂ ਦੀਆਂ ਘੋੜੀਆਂ ਗਾਉਂਦੀ ਨੀ।
ਬੀਬੀ ਛੱਡ ਦੇ ਖੇਲਣਾ ਗੁਡੀਆਂ ਦਾ ਜੰਜ ਤੇਰ ਵਿਆਹ ਦੀ ਆਉਂਦੀ ਨੀ।
ਮਿਟੀ ਤਕਤ ਲਾਹੌਰ ਦਾ ਮੇਲ ਦਿਤਾ ਜਿਥੇ ਬੈਠ ਤੂੰ ਹੁਕਮ ਚਲਾਉਂਦੀ ਨੀ।
ਕਿਥੇ ਝੂਲਦੇ ਝੰਡੇ ਅਕਾਲ ਤੇਰੇ ਲੋਕੀ ਪੈਰਾਂ ਪੁਰ ਸੀਸ ਨਵਾਉਂਦੀ ਨੀ।
ਤੂੰ ਚੜ੍ਹਦੀ ਸੀ ਮਾਰਕੇ ਧੌਂਸਿਆਂ ਨੂੰ ਕਾਬਲ ਗਜ਼ਨੀ ਕੰਧਾਰ ਕੰਬਾਉਂਦੀ ਨੀ।
ਮੂੰਧਾ ਮਾਰ ਅਸੂਲ ਨੂੰ ਲਾਭ ਸਿਘਾ ਲਾਜ ਸੂਰਮੇ ਪੰਥ ਨੂੰ ਲਾਉਂਦੀ ਨੀ।

## ਵਾਕ ਕਵੀ (ਬੈਂਤ)

ਗਿਦੜ ਚਾਂਗਰਾਂ ਮਾਰਕੇ ਗੰਦ ਖਾਣੇ ਬਬਰ ਸ਼ੇਰ ਤਾਈਂ ਲਗੇ ਢਾਣ ਇਥੇ।
ਜਿਹੜਾ ਮਾਣ ਹੈ ਬਹੁਤਿਆਂ ਥੋੜਿਆਂ ਦਾ ਸਿੰਘ ਬਾਘ੍ਹ ਭੇਡਾਂ ਪਾੜੀ ਜਾਣ ਇਥੇ।
ਗੱਲਾਂ ਬੈਠ ਚੁਲ੍ਹੇ ਮੂਹਰੇ ਮਾਰ ਲਈਆਂ ਪਤਾ ਲਗੂ ਜਾਂ ਪੈਣ ਘੁੰਮਸਾਨ ਇਥੇ।
ਪੁਤ ਖਤਰੀ ਦਾ ਖੜਾ ਕੰਧ ਉਤੇ ਛਾਲ ਮਾਰਕੇ ਲਗਾ ਡਰਾਣ ਇਥੇ।
ਸ਼ਾਂਘਾ ਜ਼ੱਟ ਨੇ ਉਦੋਂ ਸ਼ਿੰਗਾਰ ਲਿਆ ਲਗਾ ਹੇਠ ਤੋਂ ਉਤੇ ਲੰਘਾਣ ਇਥੇ।
ਕੀ ਕੰਮ ਹੈ ਗੈਰਾਂ ਗਦਿਆਂ ਦਾ ਦਖਲ ਪੰਥ ਦੇ ਵਿਚ ਦਆਣ ਇਥੇ।
ਬਾਰ ਫੇਰ ਨਾ ਆਊਗਾ ਪੈਂਦੀਆਂ ਨੂੰ ਝੂਲਣ ਪੰਥ ਦੇ ਸਦਾ ਨਿਸ਼ਾਨ ਇਥੇ।
ਅਜ ਹਾਰ ਸ਼ਿੰਗਾਰ ਲਗਾਉਂਦੀਆਂ ਜੇ ਕਲ ਕੀਰਨੇ ਪਾ ਕੁਰਲਾਣ ਇਥੇ।
ਰਹੂ ਨੱਥ ਸੁਹਾਗ ਦੀ ਵਿਚ ਡੱਬੇ ਗੁਤ ਰੰਡੀਆਂ ਵਾਂਗ ਗੁੰਦਾਣ ਇਥੇ।
ਬੰਨ ਬੰਨ ਕੇ ਜੋੜੀਆਂ ਰੋਣ ਰੰਨਾਂ ਜਾਣ ਸਿਵੇ ਦੇ ਵਲ ਬੁਲਾਣ ਇਥੇ।
ਜ਼ਰਾ ਗਰਮ ਤੰਦੂਰ ਨੂੰ ਹੋਣ ਦੇ ਤੂੰ ਦੇਖ ਭੁਜਦੇ ਭਠੀ ਵਿਚ ਧਾਨ ਇਥੇ।
ਜਿਹੜੇ ਮਰਨ ਵਿਚ ਝਾੜੀਆਂ ਸਿਰ ਦੇ ਦੇ ਚਢੇ ਲਗੇ ਹੈ ਭਠ ਨੂੰ ਢਾਣ ਇਥੇ।
ਜਿਹੜਾ ਅੜੇ ਸ ਝੜੇਗਾ ਲਾਭ ਸਿੰਘਾ ਝੂਲਣ ਪੰਥ ਦੇ ਸਦਾ ਨਿਸ਼ਾਨ ਇਥੇ।

## ~~(ਕਬਿੱਤ)~~ ਬੈਂਤ

ਲਖਾਂ ਕਰ ਕੁਰਬਾਨੀਆਂ ਨੂੰ ਫਲ ਅਜੀਬ ਲਗਾ ਘਟੇ ਵਿਚ ਓਸ ਤਾਈਂ ਗੁਆਣ ਸਿਖ।
ਮੰਗ ਖਾਣੀ ਜਾਤ ਗਿਰੇ ਹੋਏ ਸੀ ਜਾਮੀਰ ਦੇ ਜੋ ਵੱਡੇ ਔਹਦੇ ਦਰਬਾਰ ਵਿਚ ਪਾਨ ਸਿਖ।
ਜਿਨਾਂ ਦੇ ਬਡਾਰੂ ਦਰੀ ਗੜਵੀ ਨੂੰ ਫੇਰਦੇ ਸੀ ਰਾਜੇ ਥੇ ਬਜੀਰ ਕਈ ਨਾਟ ਬਣ ਜਾਣ ਸਿਖ।
ਰਜ ਕੇ ਪਦਾਰਥਾਂ ਦੇ ਨਾਲ ਬੇਈਮਾਨ ਕੁਤੇ ਫੇਰ ਚਕੀ ਚਟਣੇ ਨੂੰ ਜੀਭ ਲਮਕਾਣ ਸਿਖ।

ਜਿਹੜੇ ਦਰਬਾਰ ਦਾ ਸੀ ਲੂਣ ਖਾਦਾ ਪਾਪੀਆਂ ਨੇ ਪੁਟ ਜੜ੍ਹਾਂ ਨੂੰ ਨਾਮ ਵੀ ਮਟਾਣ ਸਿਖ ।
ਪੁਤ ਅਤੇ ਪੋਤਰੇ ਜੋ ਵਡੇ ਵਡੇ ਸੂਰਮੇ ਸੀ ਆਪੋ ਵਿਚ ਸਾਰਿਆਂ ਨੂੰ ਭੇੜ ਮਰਵਾਨ ਸਿਖ ।
ਮਹਾਂਰਾਣੀ ਜਿੰਦ ਕੌਰ ਪੂਜਦੀ ਪੰਜਾਬ ਸਾਰੀ ਕਰਕੇ ਕੈਦ ਵਿਚ ਜੇਲ ਦੇ ਸੁਟਾਣ ਸਿਖ ।
ਬੱਚਾ ਚਾਰ ਸਾਲ ਦਾ ਦਲੀਪ ਸਿੰਘ ਬੰਨ ਲਿਆ ਕਰਕੇ ਕੈਦ ਪ੍ਰਦੇਸ਼'ਚ ਰੁਲਾਣ ਸਿਖ ।
ਗੰਦੇ ਪੇਟ ਵਿਚ ਹੋਰ ਪਾ ਕੇ ਤੇ ਗੰਦਗੀ ਨੂੰ ਪਾਪੀਆਂ ਨੇ ਗਾਲ ਦਿਤੇ ਭੇਜ ਕੇ ਮੈਦਾਨ ਸਿਖ ।
ਜਿਨਾਂ ਕੋਲੋਂ ਰੂਮ, ਸ਼ਾਮ,ਕਾਬਲ, ਕੰਧਾਰ ਕੰਬੇ ਸੁਤੇ ਪਏ ਕਰਦੇ ਨੇ ਯਾਦ ਜੋ ਪਠਾਣ ਸਿਖ ।
ਜਿਨਾਂ ਦਿਆਂ ਕਦਮਾਂ ਤੇ ਬਾਦਸ਼ਾਹ ਵੀ ਝੁਕਦੇ ਸੀ ਗਲ ਪਾ ਕੇ ਝੋਲੀਆਂ ਭੀਖ ਨੂੰ ਮਗਾਣ ਸਿਖ।
ਜਿਹਦੇ ਤਾਈਂ ਆਖਦੇ ਸੀ ਬੱਕਰੀ ਵਲੈਤ ਵਾਲੀ ਉਸ ਮੂਹਰੇ ਧੌਣ ਵਾਂਗ ਭੇਡਦੇ ਲਫਾਨ ਸਿਖ ।
ਲਗਦੇ ਹੀ ਸਾਰ ਜਿਹੜਾ ਕਾਲਜੇ ਨੂੰ ਚੀਰ ਦੇਵੇ ਗਲ ਓਹਦੇ ਬਾਹਾਂ ਪੌਣ ਤਾਣ ੨ ਸਿਖ ।
ਫਿਰਦੇ ਹੈ ਭੱਜੇ ਜੋ ਵਜੀਰੀਆਂ ਨੂੰ ਦਿਨੇ ਰਾਤ ਮਣ ਮਣ ਗੰਦਗੀ ਨੂੰ ਪੇਟ ਵਿਚ ਪਾਣ ਸਿਖ ।
ਸਾਡਾ ਪਟ ਭਰੀ ਜਾਵੇ ਦੇਸ਼ ਕੌਮ ਮਰੀ ਜਾਵੇ ਕੋੜ ਸ਼ਾਂਤਮਈ ਦਾ ਪੰਥ ਨੂੰ ਲਗਾਣ ਸਿਖ ।
ਛਤੀ ਜਿਲੇ ਸੁੰਦਰ ਪੰਜਾਬ ਦੇਸ਼ ਸੋਹਣੇ ਦੇ ਕਰ ਦਸਖਤ ਉਹਦੇ ਟੁਕੜੇ ਬਨਾਣ ਸਿਖ ।
੪੦ ਸਾਲ ਹੋਏ ਘੜਮਸ ਇਥੇ ਪਈ ਹੋਈ ਕਿਹੜਾ ਕਿਲਾ ਤੋੜਦੇ ਹੈ ਚੀਨ ਤੇ ਜਪਾਨ ਸਿਖ ।
ਪੇਟ ਪਿਛੇ ਬੂਟ ਜਾ ਜਾ ਪੂੰਝਦੇ ਸੀ ਹੋਰਨਾਂ ਦੇ ਗਲ ਪਾ ਕੇ ਪਲੇ ਨਕ ਜੀਮੀਂ ਤੇ ਘਸਾਣ ਸਿਖ ।
ਜਿਨਾਂ ਕੋਲੋਂ ਫਰਸ਼ ਜਮੀਨ ਦਾ ਵੀ ਕੰਬਦਾ ਸੀ ਅਜ ਕਿਹੜੀ ਗਿਣਤੀ ਦੇ ਵਿਚ ਗਿਣੇ ਜਾਣ ਸਿਖ।
ਦਾੜ੍ਹਾ ਕੇਸ ਦੇਖੀਏ ਤੇ ਸਿਖ ਹੀ ਮਲੂਮ ਹੁੰਦੇ ਪੀ ਕੇ ਸਿਗਰਟ ਚੁਟਕੀ ਬਜਾਣ ਸਿਖ ।
ਕੁਤੇ ਵਾਲੀ ਬੁਰਕੀ ਦਖਾਵੋ ਜਰਾ ਕਿਸੇ ਤਾਈਂ ਹਿਲੂ ਸਾਗ ਤਿਗ ਜਦੋ ਪੂਛ ਨੂੰ ਹਲਾਨ ਸਿਖ ।
ਸਿਰ ਦੇ ਲਕਾਉਂਣ ਜੋਗਾ ਥਾਂ ਨਾਂ ਨਥਾਵਿਆਂ ਨੂੰ ਗੰਨੇ ਵਾਂਗ ਬੇਲਣ'ਚ ਪੀੜੇ ਜਾਣ ਸਿਖ।
ਭੰਗ ਦੇ ਹੀ ਭਾੜੇ ਮਰਵਾ ਦਿਤੇ ਪਾਪੀਆਂ ਨੇ ਕਿਥੋਂ ਅਜ ਲਭਣੇ ਹੈ ਬਬਰ ਜਵਾਨ ਸਿਖ ।
ਜੰਮੇ ਕੋਈ ਮਾਈ ਪੁਤ ਸੂਰਮਾ ਪੰਜਾਬ ਵਿਚੋਂ ਭੇਜੇ ਗੌਰਮਿੰਟ ਤਾਈਂ ਕੱਢਕੇ ਇਲਾਨ ਸਿਖ ।
ਚੱਪਾ ਚੱਪਾ ਸੁੰਦਰ ਜਮੀਨ ਇਹ ਪੰਜਾਬ ਦੀ ਤੇ ਡੋਲ ਖੂਨ ਆਪਣਾ ਅਜਾਦੀ ਨੂੰ ਲਿਆਣ ਸਿਖ।
ਪੁਲਸ ਅਤੇ ਮਿਲਟਰੀ ਰਸਾਲੇ ਪਏ ਘੁਮਦੇਸੀ ਵਿਚ ਅਸਮਾਨ ਦੇ ਜਹਾਨ ਨੂੰ ਉਡਾਣ ਸਿਖ।
ਸੁੰਦਰ ਜਵਾਨੀ ਜਿਨਾਂ ਜੇਲ ਵਿਚ ਗਾਲ ਦਿਤੀ ਫਾਂਸੀ ਵਾਲੇ ਰਸੇ ਜਿਹੜੇ ਆਪ ਗਲ ਪਾਣ ਸਿਖ।
ਉਹਨਾਂ ਦਿਆਂ ਕਦਮਾਂ ਤੇ ਚਲਣੇ ਦੀ ਆਸ ਰਖੋ ਰਖ ਗਏ ਪੰਥ ਵਾਲੀ ਜਿਹੜੇ ਆਂਣਸ਼ਾਨ ਸਿਖ ।
ਔੜ ਦਿਆਂ ਬਦਲਾਂ ਦੀ ਆਸ ਛਡੋ ਖਾਲਸਾ ਜੀ ਆਪਣੇ ਹੀ ਜੋਰ ਨਾਲ ਆਪ ਫਤਹਿ ਪਾਣ ਸਿਖ।
ਚੁਲ੍ਹੇ ਮੂਹਰੇ ਬੈਠ ਦੇਣ ਖਬਰਾਂ ਵਲੈਤ ਦੀਆਂ ਰਾਤ ਕੂੰਡਾ ਦੇਣ ਨੂੰ ਜੋ ਸਿਘਣੀ ਘਲਾਣ ਸਿਖ ।
ਸੂਰਮੇ ਦਾ ਕੰਮ ਸਿਰ ਦੇਵਣਾ ਮੈਦਾਨ ਵਿਚ ਵੜ ਕੇ ਤੇ ਖੱਲਾਂ ਵਿਚ ਝਟ ਨੂੰ ਲੰਘਾਣ ਸਿਖ ।
ਫਾਂਸੀਆਂ ਤੇ ਜਿਨਾਂ ਚੜ੍ਹਾਂਇਆ ਦੇਸ਼ ਭਗਤਾਂ ਨੂੰ ਉਹ ਹੀ ਮੂਹਰੇ ਅਜ ਜਰਨੈਲ ਕਪਤਾਨ ਸਿਖ।
ਭੇਜ ਜੇਲ ਖਾਨੇ ਮਰਵਾਏ ਨੇ ਬਿਗਾਨੇ ਪੁਤ ਲੈ ਕੇ ਮੁਰੱਬੇ ਅਜ ਘੋੜੀਆਂ ਦੁੜਾਣ ਸਿਖ ।
ਉਹਨਾਂ ਤਾਈਂ ਮਿਲਦੇ ਇਨਾਮ ਤੇ ਖਤਾਬ ਵਡੇ ਜਿਹੜੇ ਦੇਸ਼ ਭਗਤਾਂ ਦੇ ਖੂਨ ਨਾਲ ਨ੍ਹਾਣ ਸਿਖ
ਭੂਤਨੀ ਮਸਾਣ ਦੀ ਤੋਂ ਥਰ ਥਰ ਕੰਬਦੇ ਨੇ ਕਿਕਰ ਸਿਘ ਵਾਂਗ ਜਿਹੜੇ ਵੱਡੇ ਪਹਿਲਵਾਨ ਸਿਖ।
ਜਿਹੜੇ ਢਗਾਂ ਬੱਧੀਆਂ ਉਹ ਜਾਂਦੀਆਂ ਛੁਡਾਵਦੇ ਸੀ ਅਜ ਧੀਆਂ ਭੈਣਾਂ ਤਾਈਂ ਇਜਤਾਂ ਲਹਾਣ
ਜਦੋਂ ਸਿਰ ਇਹਨਾਂ ਦੇ ਬਜ਼ਾਰ ਮੁਲ ਵਿਕਦੇ ਸੀਦਿਲੀ ਲਾਹੌਰ ਵਢ ਵਢ ਕੇ ਮੁਕਾਣ ਸਿਖ ।
ਸ ਠ ਲਖ ਗਿਣਤੀ ਹੈ ਜਿਨਾਂ ਦੀ ਹਿਸਾਬ ਵਿਚ ਮੁਰਦੇ ਦੇ ਵਾਂਗ ਪਏ ਅੰਗ ਨਾਂ ਹਿਲਾਣ ਸਿਖ ।
ਤਿੰਨ ਤਿੰਨ ਵਾਰੀ ਦੌਰ ਡੋ ਡਿਆਂ ਦੇ ਪੀ ਕੇ ਤੇ ਵਟ ੨ ਗੋਲੇ ਜਿਹੜੇ ਅਫੀਮ ਦੇ ਲੰਘਾਣ ਸਿਖ
ਕਕੜੀ ਤੇ ਬੱਕਰੀ ਵੀ ਕਾਗਜਾਂ ਤੇ ਲਿਖੀ ਗਈ ਬੇਲਣੇ ਤੇ ਗੱਡੇ ਵੀ ਕਰਾਏ ਤੇ ਚਲਾਨ ਸਿਖ ।

ਮਾਲਕ ਪੰਜਾਬ ਦੇ ਅਦਾਲਤਾਂ 'ਚ ਬੈਠਦੇ ਸੀ ਅਜ ਫੜ ਝੋਲੀਆਂ ਜੋ ਭੀਖ ਨੂੰ ਮੰਗਾਣ ਸਿਖ।
ਲਾਹ ਕਿਰਪਾਨ ਉਹਨੂੰ ਕਿਲੀ ਉਤੇ ਟੰਗ ਦਿਤਾ ਮਾਲਾ ਫੜ ਉਨਦੀ ਨੂੰ ਬੈਠਕੇ ਘੁਮਾਣ ਸਿਖ।
ਬਾਣੀ ਨਹੀਂ ਗੁਰੂ ਨਹੀਂ ਰਬ ਨਹੀਂ ਚੀਜ ਕੋਈ ਬਣ ਕੇ ਤੇ ਬੈਠ ਗਏ ਆਪ ਫਨੇਖਾਨ ਸਿਖ।
ਪੈਣਗੇ ਨਰਕ ਕੀਵੇ ਖਾਣਗੇ ਉਹ ਮਾਸ ਤਾਈਂ ਹੋਗਏ ਪੰਥ ਵਲੋਂ ਜਿਹੜੇ ਬੇਈਮਾਨ ਸਿਖ।
ਉਦੋਂ ਤਕ ਇਹਨਾਂ ਤੇ ਤੂਫਾਨ ਪਏ ਆਂਵਗੇ ਜਦੋਂ ਤੀਕ ਬਣਦੇ ਨਾਂ ਆਪ ਇਹ ਤੂਫਾਨ ਸਿਖ।
ਧਰਤੀ ਦਾ ਤਖਤਾ ਬਣਾ ਕੇ ਸਾਫ ਦਸਦੇਣ ਆਪੋ ਵਿਚ ਖੈਹਕੇ ਜੇ ਅਗ ਨਾ ਮਚਾਣ ਸਿਖ।
ਫੜ ਸੁਚਾ ਨੰਦ ਦੀ ਉਧੇੜ ਦਿਤੀ ਖਲ ਉਤੋਂ ਪਾ ਕੇ ਨਕੇਲ ਵਾਂਗ ਰਿਛ ਦੇ ਨਚਾਣ ਸਿਖ।
ਆਪਣੀ ਜੇ ਦਾੜੀ ਹਥ ਦੂਜੇ ਦੇ ਫੜਾਂਵਦੇ ਨਾਂ ਕਦੇ ਵੀ ਨਾਂ ਹੋਂਵਦੇ ਇਤਨੇ ਵੀਰਾਨ ਸਿਖ।
ਫੇਰ ਇਨਸਾਫ ਦੀ ਨਾਂ ਲੋੜ ਰਹੀ ਖਾਲਸਾ ਜੀ ਬਾਂਦਰਾਂ ਦੇ ਹੱਥ ਜਦੋਂ ਤਕੜੀ ਫੜਾਣ ਸਿਖ।
ਸੱਪਾਂ ਤੇ ਸਪੋਲੀਆਂ ਨੂੰ ਲੈ ਕੇ ਬੁਕਲ ਵਿਚ ਤੇਹਨਾਂ ਤਾਈਂ ਦੁਧ ਕਾੜ੍ਹ ਕਾੜ੍ਹ ਕੇ ਪਲਾਣ ਸਿਖ।
ਮਾਰਿਆ ਜਾਂ ਡੰਗ ਤੇ ਭੁਅੰਗ ਅੰਗ ਫੂਕ ਸੁਟੇ ਮੱਥੇ ਹਥ ਮਾਰਕੇ ਤੇ ਰੋਣ ਕੁਰਲਾਣ ਸਿਖ।
ਢਾ ਕੇ ਪਹਾੜ ਇਹ ਸਮੁੰਦਰਾਂ ਨੂੰ ਪੂਰ ਦੇਣ ਪੱਕੇ ਕਿਲੇ ਤੋੜਦੇ ਸੀ ਠੋਸ ਮੁਲਤਾਨ ਸਿਖ।
ਗਿਦੜੀ ਦੇ ਦੰਦ ਦੇਖ ਕੰਬਦੇ ਸੁਆਸ ਪਏ ਸ਼ੇਰ ਅਤੇ ਹਾਥੀਆਂ ਦੇ ਮੂੰਹ ਜੋ ਭੁਆਨ ਸਿਖ।
ਬੰਦੇ ਵਾਂਗ ਲੋਹੇ ਦਾ ਸੁਹਾਗਾ ਭਾਰਾ ਜੋੜ ਕੇ ਤੇ ਕਰ ਦੇਣ ਸਾਫ ਸਭ ਨੀਮ ਤੇ ਉਚਾਨ ਸਿਖ।
ਲੁਟੇ ਗਏ ਬਜਾਰ ਲੈ ਗਈ ਲੂੰਬੜੀ ਮੈਦਾਨ ਮਾਰ ਸੁਥਰੇ ਦੇ ਵਾਂਗ ਹੁਣ ਡੰਡੇ ਹੀ ਬਜਾਣ ਸਿਖ।
ਹੋ ਕੇ ਸ਼ਿਕਾਰ ਫੁਟ ਚੰਦਰੀ ਦਾ ਲਾਭ ਸਿੰਘਾ ਰਾਜ ਤਾਜ ਭਾਗ ਸਾਜ ਸਭ ਹੀ ਗੁਆਣ ਸਿਖ।

## ਦੁਨੀਆਂ ਮਕਾਨ ਫਨਾਹ ਦਾ

### ਤਰਜ ਗੱਡੀ

ਜਿਹੜਾ ਇਸ ਭਈ ਜਿਹੜਾ ਇਸ ਭਈ ਜਹਾਨ ਵਿਚ ਆ ਗਿਆ, ਮੇਰੀ ਮੇਰੀ ਗਿਆ ਕਰਦਾ
ਕਈਆਂ ਜਾਲਮਾਂ ਕਈਆਂ ਜਾਲਮਾਂ ਨੇ ਜੁਲਮ ਗੁਜਾਰੇ, ਖੂਨ ਦੀਆਂ ਤੋਰ ਨਦੀਆਂ।
ਰਬ ਆਪ ਨੂੰ ਰਬ ਆਪ ਨੂੰ ਸਦਾਇਆ ਹਰਨਾਕਸ਼, ਦੁਨੀਆਂ ਨੂੰ ਮਾਰ ਮਾਰ ਕੇ।
ਪੁਤ ਬੰਨ ਕੇ ਪੁਤ ਬੰਨ ਕੇ ਥੰਮਾਂ ਨਾਲ ਲਾਇਆ, ਸੁਟ ਕੇ ਪਹਾੜੀਆਂ ਤੋਂ।
ਰਾਜੇ ਕੰਸ਼ ਨੇ ਰਾਜੇ ਕੰਸ਼ ਨੇ ਭਾਣਜੇ ਮਾਰੇ, ਭੈਣ ਤਾਈਂ ਕੈਦ ਰਖਿਆ।
ਕਹਿੰਦੇ ਕਾਲ ਕਹਿੰਦੇ ਕਾਲ ਪਾਵੇ ਨਾਲ ਬੰਨਿਆ, ਰੌਵਾਣ ਜਿਹੇ ਰਾਜਿਆਂ ਨੇ।
ਲਖ ਪੁਤ ਭਈ ਲਖ ਪੁਤ ਸਵਾ ਲਖ ਪੋਤਰਾ, ਨਾਮ ਨਾਂ ਨਿਸ਼ਾਨ ਰਿਹਾ।
ਕਹਿੰਦੇ ਖਕ ਖਾਕ ਬਣਕੇ ਬਰੋਲੇ ਉਡ ਗਈ, ਸੋਨੇ ਦਿਆਂ ਮੰਦਰਾਂ ਦੀ।
ਕਾਰੂ ਬਾਦਸ਼ਾਹ ਕਾਰੂ ਬਾਦਸ਼ਾਹ ਖਜਾਨੇ ਜੋੜੇ, ਕਬਰਾਂ ਪੁਟਾ ਸੁਟੀਆਂ।
ਜਿਨ੍ਹਾਂ ਤੀਰ ਭਈ ਜਿਨ੍ਹਾਂ ਤੀਰ ਭਈ ਖੁਦਾ ਨੂੰ ਮਾਰੇ, ਲਦ ਲੁਕਮਾਣ ਗਿਆ।
ਹਦ ਕੈਰਵਾਂ ਹਦ ਕੈਰਵਾਂ ਜੁਲਮ ਦੀ ਤੋੜੀ, ਛਡ ਕੇ ਤੇ ਰਾਜ ਨੀਤ ਨੂੰ।
ਫੜ ਕੇਸਾਂ ਤੋਂ ਫੜ ਕੇਸਾਂ ਤੋਂ ਦਰੋਪਤਾਂ ਰਾਣੀ, ਸਭਾ ਵਿਚ ਨਗਨ ਕਰੀ।
ਕਹਿੰਦੇ ਦੇਹੀ ਨਾਂ ਕਹਿੰਦੇ ਦੇਹੀ ਨਾਂ ਗਿਰਝਾਂ ਨੇ ਖਾਣੀ, ਦੋਜਕਾਂ ਵਿਚ ਛਿਤਰ ਫਿਰੇ।
ਜਿਸਦੇ ਦਿਨ ਨਾਂ ਜਿਸ ਦੇ ਦਿਨ ਨਾਂ ਰਾਜ ਵਿਚ ਡੁਬਦਾ, ਉਡ ਅੰਗਰੇਜ ਗਿਆ।
ਪਾੜ ਪਾੜ ਕੇ ਪਾੜ ਪਾੜ ਕੇ ਪੰਜਾਬ ਦੇ ਸੂਰਮੇ, ਤਖਤ ਲਾਹੌਰ ਲੈ ਗਿਆ।
ਜਿਹਨੂੰ ਕਹਿੰਦੇ ਸੀ ਜਿਹਨੂੰ ਕਹਿੰਦੇ ਸੀ ਵਲੈਤ ਦੀ ਬੱਕਰੀ, ਉਸ ਦੇ ਗੁਲਾਮ ਬਣ ਗਏ।

ਵਾਂਗ ਬਬਰਾਂ ਵਾਂਗ ਬਬਰਾਂ ਮੈਦਾਨ ਵਿਚ ਨਿਤਰੋ, ਖੱਲਾਂ ਵਾਲੀ ਮੌਤ ਨਾਂ ਮਰੋ ।
ਮੱਥਾ ਜੋੜ ਕੇ ਮੱਥਾ ਜੋੜ ਕੇ ਫਰੰਗੀਆਂ ਤਾਈਂ, ਦੇਸ਼ ਵਿਚੋਂ ਕੱਢ ਛੱਡੀਏ ।
ਮੇਮਾਂ ਰੋਣ ਭਈ ਮੇਮਾਂ ਰੋਣ ਭਈ ਪੰਜਾਬਣਾਂ ਵਾਂਗੂ, ਗਿੱਧੇ ਦਾ ਖਿਆਲ ਭੁਲ ਕੇ।
ਗੋਰੇ ਵੱਢ ਕੇ ਗੋਰੇ ਵੱਢ ਕੇ ਕਬਰ ਨੂੰ ਤੋਰੀਏ, ਖੂਨ ਸਾਡਾ ਚੂਸ ਲਿਆ ।

**ਨੋਟ :**—ਪ੍ਰਸੰਗ ਮੌਜਾ ਡਮੁੰਡਾ ਕੰਦੋਲੇ ਦਾ ਜੋ ਮੈਂ ਕਿਸੇ ਦੀ ਜਬਾਨੀ ਸੁਣ ਕੇ ਲਿਖਿਆ ਹੈ ।ਜਿਲਾ ਜਲੰਧਰ ਤਹਿਸੀਲ ਜਲੰਧਰ ਇਸ ਡਮੁੰਡੇ ਕਧੋਲੇ ਦਾ ਦਿਵਾਨ ਸਿੰਘ ਨਾਮੇ ਜਾਤ ਸੁਨਿਆਰਾਂ, ਇਹ ਚੰਗੇ ਪੈਸੇ ਵਾਲਾ ਤੇ ਇਸ ਨੂੰ ਬੰਦੂਕ ਪਸਤੌਲ ਮਿਲੇ ਹੋਏ ਸਨ । ਇਹ ਵੀ ਡੈਰੀ ਦੇਂਦਾ ਹੁੰਦਾ ਸੀ। ਇਸ ਦਾ ਘਰ ਕਿਲੇ ਵਰਗਾ ਪਕਾ ਕਿਸੇ ਸੀ ਤੇ ਇਤਬਾਰ ਨਹੀਂ ਸੀ ਕਰਦਾ। ਜਦੋਂ ਚਾਰ ਬਬਰ ਬਬੇਲੀ ਸ਼ਹੀਦ ਹ ਗਏ ਤਾਂ ਖੁਲਾ ਡੈਰੀ ਦੇਣ ਤੇ ਹੋ ਗਿਆ । ਬਬਰ ਕੁਝ ਸ਼ਹੀਦ ਹੋ ਗਏ । ਬਾਕੀ ਬਬਰ ਜੇਲਾਂ ਵਿਕ ਸੁਟ ਦਿਤੇ । ਇਹ ਗਦਾਰ ਫੇਰ ਗਜ ਪਿਆ।

ਇਕ ਮੌਜਾ ਰਾਜੂ ਚਕ ਦਾ ਲੜਕਾ ਨਾਮ ਸ਼ੰਕਰ ਸਿੰਘ। ਇਹ ਡਮੁੰਡੇ ਕਧੋਲੇ ਨਾਨਕੇ ਘਰ ਰਹਿੰਦਾ ਸੀ। ਉਮਰ ਪੰਦਰਾਂ ਸਾਲ ੀ ਅਜੇ ਹਲਕਾ ਬੱਚਾ ਸੀ। ਏਸ ਨੇ ਆਖਿਆ ਕਿ ਠਿਕ ਸੁਨਿਆਰਾ ਜੁਲਮ ਕਰਦਾ ਹੈ। ਬਬਰ ਜੇਲਾਂ ਵਿਚ ਚਲੇ ਗਏ ਸੁਨਿਆ ਸ਼ਿਕਾਰ ਖੇਡਦਾ ਹੁੰਦਾ ਸੀ । ਸੂਰਜ ਹੁੰਦੇ ਨਾਲ ਅੰਦਰ ਵੜ ਜਾਣਾ ਤੇ ਸ਼ਾਹਵੇਲੇ ਨਿਕਲਦਾ ਹੁੰਦਾ ਸੀ। ਬੰਦੂਕ ਲੈ ਕੇ ਸ਼ੰਕਰ ਸਿੰਘ ਭੁਜੰਗੀ ਇਸ ਨਾਲ ਕਾਮਾਂ ਪਸ਼ੂਆਂ ਨੂੰ ਪੱਠੇ ਪੌਣ ਲਈ ਰਹਿ ਪਿਆ। ਸੁਨਿਆਰੇ ਦੀ ਬਹੁਤ ਸੇਵਾ ਕੀਤੀ। ਜਦੋਂ ਸ਼ਿਕਾਰ ਜਾਂਦਾ ਤਾਂ ਬੰਦੂਕ ਪਸਤੌਲ ਲੜਕੇ ਕੋਲ ਫੜਾ ਦੇਣੇ। ਇਕ ਦਿਨ ਕੋਈ ਸ਼ਿਕਾਰ ਨਾਂ ਲਭਾ ਸ਼ਾਮ ਨੂੰ ਮੁੜੇ ਤਾਂ ਲੜਕੇ ਨੇ ਇਕ ਮਲੇ ਦਾ ਝਾੜ ਦੇਖ ਕੇ ਦੀਵਾਨ ਸਿੰਘ ਨੂੰ ਆਖਿਆ ਇਸ ਵਿਚ ਸੈਹਾ ਬੈਠਾ ਹੈ। ਜਦ ਸੁਨਿਆਰਾ ਨੀਵਾਂ ਹ ਕੇ ਵਖਣ ਲਗਾ ਤਾਂ ਲੜਕੇ ਨੇ ਉਸਦੇ ਗਾਤਰੇ ਵਾਲੀ ਤਲਵਾਰ ਨੀਵੇਂ ਹੋਏ ਦੀ ਧੌਣ ਤੇ ਮਾਰੀ। ਧੌਣ ਧੜ ਤੋਂ ਅਲੱਗ ਕਰ ਦਿਤੀ। ਲੜਕਾ ਸਾਰਾ ਸਮਾਨ ਲੈ ਕੇ ਕਮਾਦ ਵਿਚ ਵੜ ਗਿਆ ਤੇ ੨ ਦਿਨ ਭੁਖਾ ਹੀ ਬੈਠਾ ਰਿਹਾ। ਇਹ ਕਿਸੇ ਨੂੰ ਨਹੀਂ ਸੀ ਜਾਣਦਾ। ਤੀਜੇ ਦਿਨ ਸਭ ਕੁਝ ਸੁਟ ਕੇ ਆਪ ਗਿਰਫਤਾਰ ਹੋ ਗਿਆ। ਮੁਕੱਦਮੇ ਵਿਚ ੨੦ ਸਾਲ ਕੈਦ ਹੋ ਕੇ ਸੈਂਟਰਲ ਜੇਲ ਮੁਲਤਾਲ ਵਿਚ ਸਾਡੇ ਕੋਲ ਚਲਾ ਗਿਆ ਉਥੇ ਹੀ ਦਾਸ ਨੂੰ ਮਿਲਿਆ ਤਾਂ ਇਸ ਨੇ ਇਹ ਕਹਾਣੀ ਦਸੀ ਸੀ। ਐਸੇ ਸਿਖਾਂ ਦੇ ਪੁਤ ਨੌਜਵਾਨ ਦੇਸ਼ ਭਗਤਾਂ ਦੇ ਵਾਰੇ ਵਾਰੇ ਜਾਈਏ। ਖਾਲਸਾ ਜੀ ਇਸ ਗਰੰਥ ਵਿਚ ਉਹਨਾਂ ਬਬਰਾਂ ਦਾ ਹਵਾਲ ਲਿਖਿਆ ਜਿਹੜੇ ਸ਼ਿਸ਼ਨ ਲਗ ਗਏ ਸੀ ਮਗਰ ਇਸ ਦੁਆਬੇ ਵਿਚ ਐਸੇ ੨ ਬਬਰ ਬਹਾਦਰ ਸਨ । ਜਿਨਾਂ ਦਾ ਨਾਮ ਇਸ ਗਰੰਥ ਵਿਚ ਨਹੀ ਆਇਆ ।

## ਦਾਸ ਦਾ ਪਤਾ

### ਕਬਿਤ

ਜਗ੍ਹਾ ਤੇ ਮਕਾਨ ਸਾਰਾ ਲਿਖ ਦੇਵਾਂ ਖਾਲਸਾ ਜੀ ਸੁੰਦਰ ਕਬਿਤ ਇਕ ਮੁਖ ਤੋਂ ਉਚਾਰ ਜੀ।
ਜਿਲਾ ਹੁਸ਼ਿਆਰ ਪੁਰ ਉਘਾ ਹੈ ਪੰਜਾਬ ਵਿਚ ਵੇਖਣੇ ਦੇ ਲਾਇਕ ਜਿਹਦੇ ਸੋਹਣੇ ਕਾਰੋਬਾਰ ਜੀ।
ਠਾਣਾ ਤੇ ਤਹਿਸੀਲ ਗੜ੍ਹਸ਼ੰਕਰ ਤਮਾਮ ਜਾਣੋਂ ਬਬਰਾਂ ਦੇ ਵੇਲੇ ਧਾਂਕ ਪਈ ਸੰਸਾਰ ਜੀ ।
ਉਘਾ ਹੈ ਪੰਜਾਬ ਵਿਚ ਜਾਣਦੇ ਤੁਮਾਮ ਲੋਕੀ ਜਸੋਵਾਲ ਨਾਮ ਵਸਦੇ ਹਨ ਸਰਦਾਰ ਜੀ ।

ਇਕ ਹੈ ਨਕਾਲ ਸਾਰੇ ਪਿੰਡ ਦਾ ਜੋ ਇਕ ਪਾਸੇ ਦੇਖਣੇ ਦੇ ਲਾਇਕ ਮੂਹਰੇ ਚੀਜਾਂ ਇਹਦੇ ਚਾਰਜੀ ।
ਵੱਡਾ ਭਾਰਾ ਬੋਹੜ ਜਿਥੇ ਬੈਠਦੇ ਜਵਾਨ ਆ ਕੇ ਦੋ ਕਨਾਲ ਵਿਚ ਇਹਦਾ ਵਡਾ ਵਿਸਥਾਰ ਜੀ
ਕੋਲ ਹੈ ਛਪੜ ਪਾਣੀ ਪਸ਼ੂਆਂ ਦੇ ਪੀਣ ਲਈ ਉਤੇ ਜਾਂਦਾ ਰਸਤਾ ਜੋ ਬੰਨੀ ਰਫਤਾਰ ਜੀ ।
ਖੁਲੇ ਦਰਬਾਰ ਕਥਾ ਵਾਰਤਾ ਹਮੇਸ਼ ਹੋਵੇ ਗੁਰੂ ਦਾ ਦਵਾਰਾ ਇਕ ਅਪਰ ਅਪਾਰ ਜੀ ।
ਖੂਹ ਪਾਣੀ ਪੀਣ ਦਾ ਹੈ ਏਸਦੇ ਨਜਦੀਕ ਸੋਹਣਾ ਗੰਗਾ ਜਲ ਨਾਲੋਂ ਇਹਦੀ ਮਿਠੀ੨ ਧਾਰ ਜੀ ।
ਸਿਘਾਂ ਦਾ ਹੈ ਪਿੰਡ ਇਥ ਸੂਰਮੇ ਜਵਾਨ ਸੋਹਣੇ ਜਿਹੜੇ ਪਾਸੇ ਪੈਣ ਧੂੜ ਛਡਦੇ ਉਭਾਰ ਜੀ ।
ਇਸ ਲਈ ਬਬਰਾਂ ਨੇ ਹਾਈ ਕੋਟ ਥਾਪ ਲਿਆ ਚਾਲੀ ੨ ਰੈਹਕੇ ਇਥੇ ਖੇਲਿਆ ਸ਼ਿਕਾਰ ਜੀ ।
ਤਿੰਨ ਚਾਰ ਸਾਲ ।ਇਥੇ ਸੌਂਚੀ ਪਕੀ ਖੇਲ ਹੋਈ ਹਾਕਮਾਂ ਨੇ ਆਂਣ ਇਥੇ ਚੌਕੀ ਦਿਤੀ ਡਾਰ ਜੀ ।
ਭੇਤ ਛੇਤ ਲੈਣ ਲਈ ਹਾਕਮਾਂ ਨੇ ਜੋਰ ਲਾਇਆ ਭੇਸ ਨੂੰ ਬਦਲ ਕਈ ਬਾਰ ਠਾਣੇਦਾਰ ਜੀ ।
ਹੱਦੋਂ ਪਰੇ ਦੁਖ ਦਿਤਾ ਹਾਕਮਾਂ ਨੇ ਪਿੰਡ ਤਾਈਂ ਜੁਲਮ ਫਰੰਗੀਆਂ ਦਾ ਲਿਆ ਸੀ ਸਹਾਰ ਜੀ ।
ਨਾਂ ਵਾਇਦਾ ਮੁਆਫ ਨਾਂ ਗਵਾਹ ਕੋਈ ਇਥੋਂ ਦਾ ਹੈ ਚੌਕੀ ਦਾ ਤੁਵਾਨ ਦਿਤਾ ਕਈ ਸੀ ਹਜਾਰ ਜੀ
ਆਪੋ ਵਿਚ ਗੁਸਾ ਭਾਵੇਂ ਹੋਵੇ ਕਿੰਨਾਂ ਕਿਸੇ ਨਾਲ ਬੈਠਣਾ ਹੈ ਸ਼ਾਮ ਕਠੇ ਬੰਨਕੇ ਕਤਾਰ ਜੀ।
ਕਦੇ ੨ ਡਾਂਗ ਸੋਟਾ ਬਜ ਪਵੇ ਖਾਲਸੇ ਦਾ ਕਰਨਾ ਨਾ ਦਾਹਵਾ ਜਾ ਕੇ ਵਿਚ ਸਰਕਾਰ ਜੀ ।
੧੯੩੯ ਵਿਚ ਹੋ ਪਈ ਲੜਾਈ ਇਥੇ ਉਹਦੇ ਵਿਚ ਚਲ ਪਈ ਖੂਨੀ ਤਲਵਾਰ ਜੀ ।
ਮਾਰੀ ਇਕ ਸੂਰਮੇ ਨੇ ਦੂਸਰੇ ਦੀ ਧੌਣ ਉਤੇ ਬਚ ਗਈ ਧੌਣ ਬਾਂਹ ਕੀਤੀ ਵੱਢ ਪਾਰ ਜੀ ।
ਨਾਮ ਸੀ ਵਤਨ ਸਿੰਘ ਮੁੰਡਾ ਦੁਦਆਲ ਵਾਲਾ ਲੋਹੜੀ ਵਾਲੇ ਦਿਨ ਦਿਤਾ ਕੁਟ ਕੁਟ ਮਾਰ ਜੀ।
ਦੂਸਰੇ ਦੇ ਨਾਲ ਜੇ ਮੁਕਾਬਲੇ ਦਾ ਜੰਗ ਹੋਵੇ ਸਾਰਾ ਪਿੰਡ ਪਊ ਉਹਨੂੰ ਹੋ ਕੇ ਪਬਾਂ ਭਾਰ ਜੀ
ਜ ਕੁਝ ਹੋ ਗਿਆ ਸੋ ਹੋ ਗਿਆ ਮੈਦਾਨ ਵਿਚ ਫੇਰ ਦਿਲਾਂ ਵਿਚ ਕੋਈ ਰਖਣੀ ਨਾਂ ਖਾਰ ਜੀ ।
ਸਾਰੇ ਪਿੰਡ ਵਾਸਤੇ ਜੋ ਕੱਲਾ ਹਾਮੀ ਬਨ ਆਵੇ ਓਸ ਦੇ ਹੁਕਮ ਵਿਚ ਸਾਰੇ ਹੀ ਤਿਆਰ ਜੀ
ਟਾਪੂਆਂ ਦੇ ਵਿਚ ਪਿੰਡ ਉਘਾ ਹੈ ਵਲੈਤ ਤਾਈਂ ਜਜ ਦੀ ਮਿਸਲ 'ਵਿਚ ਲਿਖਿਆ ਸੁਮਾਰ ਜੀ
ਜਦੋਂ ਪਿੰਡ ਬਬਰਾਂ ਦਾ ਹਾਈਕੋਟ ਬਣ ਗਿਆ ਖੜਕੀ ਵਲੈਤ ਵੰਨੀ ਤਾਰ ਪੁਰ ਤਾਰ ਜੀ
ਜਾਲ ਦੇ ਫਸਾਉਂਣ ਲਈ ਮੁੰਡਿਆਂ ਨੂੰ ਹਾਕਮਾਂ ਨੇ ਕੱਲੇ ਕੱਲੇ ਨਾਲ ਪਾ ਕੇ ਦੇਖਿਆ ਪਿਆਰਜੀ।
ਰੋਹ ਕੁ ਲਓ ਰੁਪਈਏ ਨਾਲੇ ਦੇਵਾਂਗੇ ਮੁਰੱਬਿਆਂ ਨੂੰ ਸੁਣ ਕੇ ਜਵਾਨਾਂ ਓਹਦੇ ਉਤੇ ਮਾਰੀ ਧਾਰ ਜੀ
ਕੰਬਦਾ ਸੀ ਜਿਲਾ ਨਾਮ ਬਬਰਾਂ ਦਾ ਸੁਣ ਕੇ ਤੇ ਠਾਣਿਆਂ ਤੋਂ ਬਾਹਰ ਹੁੰਦੇ ਨਹੀਂ ਠਾਣੇਦਾਰ ਜੀ
ਚਾਰ ਪੰਜ ਸਾਲ ਇਥੇ ਬਬਰਾਂ ਦਾ ਰਾਜ ਰਿਹਾ ਕਿਸੇ ਦੀ ਮਜਾਲ ਕੀ ਜੋ ਦਮ ਸਕੇ ਮਾਰ ਜੀ
ਕੱਢ ਕੇ ਇਲਾਨ ਉਸ ਵੇਲੇ ਕੁਝ ਗੰਦਿਆਂ ਨੇ ਬਬਰਾਂ ਦੇ ਕਾਲਜੇ 'ਚ ਫੇਰ ਦਿਤੀ ਕਟਾਰ ਜੀ
ਮਣ ਮਣ ਗੰਦਗੀ ਭਰ ਗੰਦੇ ਪੇਟ ਵਿਚ ਬਬਰਾਂ ਦੇ ਉਤੇ ਦਿਤਾ ਜੁਲਮ ਗੁਜਾਰ ਜੀ
ਬਿਜਲੀ ਦੇ ਆਂਡੇ ਪੱਖੇ ਕਨ ਕੋਲ ਚਲਦੇ ਸੀ ਬੈਠੇ ਰਤ ਪੀਣ ਇਹ ਸ਼ਹੀਦਾਂ ਦੀ ਨਤਾਰ ਜੀ
ਹਥ ਪੈਰ ਬੰਨਕੇ ਪੁਟਾਏ ਕੇਸ ਜਾਲਮਾਂ ਤੋਂ ਨੰਗ ਤੇ ਨਮੂਮ ਦਿਤੇ ਧੀਆਂ ਦੇ ਓਤਾਰ ਜੀ
ਮੋਮਨਾਂ ਦੀ ਸ਼ਕਲ ਅਤੇ ਕੰਮ ਸਾਰੇ ਕਾਫਰਾਂ ਦੇ ਪੱਕੇ ਬੇਈਮਾਨ ਜੋ ਗਦਾਰਾਂ ਦੇ ਗਦਾਰ ਜੀ
ਦੇਸ ਤੇ ਮੁਲਕ ਭਾਵੇਂ ਸੁਣੋ ਜਾਕੇ ਲਾਭ ਸਿੰਘਾ ਫਿਟਕਾਂ ਤੇ ਲਾਣਤਾਂ ਦੇ ਪੈਂਦੇ ਗਲ ਹਾਰ ਜੀ

**ਸਮਾਪਤ**